੧ ਓ ਸਤਿਗੁਰ ਪ੍ਰਸਾਦਿ ॥

ਵਾਰਾਂ

# ਭਾਈ ਗੁਰਦਾਸ ਜੀ

ਕਠਿਨ ਪਦਾਂ ਦੀ ਟਿੱਪਣੀ ਤੇ ਪ੍ਰਯਾਵਾਂ ਸਹਿਤ

ਪ੍ਰਕਾਸ਼ਕ -

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਅੰਮ੍ਰਿਤਸਰ

ਜਿਲਦ ਸਾਦਾ ੩-੫੦

ਭੇਟਾ ਜਿਲਦ ਕਪੜਾ ੪-੦੦

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Presented by:-
Sikh Students' Federation.

(S' FEDERATION

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

# ਵਾਰਾਂ
# ਭਾਈ ਗੁਰਦਾਸ ਜੀ

## ਕਠਿਨ ਪਦਾਂ ਦੀ ਟਿੱਪਣੀ ਤੇ ਪ੍ਰਯਾਵਾਂ ਸਹਿਤ

ਪ੍ਰਕਾਸ਼ਕ –
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਅੰਮ੍ਰਿਤਸਰ।

ਭੇਟਾ—ਜਿਲਦ ਸਾਦਾ ੩–੫੦ ਜਿਲਦ ਕਪੜਾ ੪–੦੦

Digitized by Panjab Digital Library | www.panjabdigilib.org

ਪ੍ਰਕਾਸ਼ਕ :
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ।

| | | |
|---|---|---|
| ਪਹਿਲੀ ਵਾਰ | ਫਰਵਰੀ ੧੯੫੨ | ੨੫੦੦ |
| ਦੂਜੀ ਵਾਰ | ਜੂਨ ੧੯੬੪ | ੪੦੦੦ |

ਛਾਪਣ ਵਾਲੇ :
ਗੁਰਦੁਆਰਾ ਪ੍ਰਿੰਟਿੰਗ ਪ੍ਰੈਸ, (ਰਾਮਸਰ ਰੋਡ)
ਸ੍ਰੀ ਅੰਮ੍ਰਿਤਸਰ ।

Digitized by Panjab Digital Library | www.panjabdigilib.org

# ਇਸ ਰਚਨਾ ਬਾਰੇ
# ਦੋ ਸ਼ਬਦ

ਗੁਰਮਤ ਪ੍ਰੇਮੀ ਪਾਠਕਾਂ ਦੇ ਲਾਭ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਹ ਗ੍ਰੰਥ 'ਵਾਰਾਂ ਭਾਈ ਗੁਰਦਾਸ ਜੀ' ਟਿੱਪਣੀ ਸਹਿਤ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਅਰਥ ਕਰਦਿਆਂ, ਬਾਣੀ ਦਾ ਭਾਵ ਚੰਗੀ ਤਰਾਂ ਪਾਠਕਾਂ ਦੀ ਸਮਝ ਗੋਚਰਾ ਕਰਨ ਦਾ ਪੂਰਾ ਪੂਰਾ ਉਪਰਾਲਾ ਕੀਤਾ ਗਿਆ ਹੈ। ਭਾਵੇਂ ਇਸ ਤਰਾਂ ਕਰਨ ਨਾਲ ਗ੍ਰੰਥ ਦਾ ਆਕਾਰ ਤਾਂ ਕੁਝ ਵਧ ਗਿਆ ਹੈ, ਪਰ ਇਸ ਡਰ ਤੋਂ ਲੋੜੀਂਦੀ ਵਿਆਖਿਆ ਕਰਨ ਵਿਚ ਕਿਸੇ ਤਰਾਂ ਦਾ ਕੋਈ ਸੰਕੋਚ ਨਹੀਂ ਕੀਤਾ ਗਿਆ। ਇਸੇ ਤਰਾਂ ਹੀ ਮੂਲ ਪਾਠ ਅਤੇ ਅਰਥਾਂ ਦੀ ਸੁਧਾਈ ਦੀ ਭੀ ਆਪਣੇ ਵਲੋਂ ਪੂਰੀ ਕੋਸ਼ਿਸ਼ ਕੀਤੀ ਗਈ ਹੈ, ਪਰ ਮਨੁਖ ਭੁਲਣਹਾਰ ਹੈ, ਇਸ ਲਈ ਜੇਕਰ ਸਾਡੇ ਇਸ ਮਨੁਖੀ ਜਤਨ ਵਿਚ ਕੋਈ ਭੁਲ ਰਹਿ ਗਈ ਹੋਵੇ ਤਾਂ ਵਿਦਵਾਨ ਪਾਠਕ ਉਸ ਸੰਬੰਧੀ ਸ਼੍ਰੋਮਣੀਕਮੇਟੀ ਨੂੰ ਲਿਖਣ ਦੀ ਕਿਰਪਾ ਕਰਨ, ਤਾਂ ਜੁ ਅਗਲੀ ਐਡੀਸ਼ਨ ਦੀ ਛਪਾਈ ਸਮੇਂ ਉਸ ਦੀ ਸੁਧਾਈ ਦਾ ਯੋਗ ਪ੍ਰਬੰਧ ਕੀਤਾ ਜਾ ਸਕੇ।

ਅਰਥ ਵੇਖਣ ਦਾ ਨਿਯਮ ਸਾਦਾ ਜਿਹਾ ਹੀ ਰਖਿਆ ਗਿਆ ਹੈ। ਔਖੇ ਪਦਾਂ ਅਤੇ ਔਖੇ ਵਾਕਾਂ ਜਾਂ ਪੰਗਤੀਆਂ ਪੁਰ ਨੰਬਰ ਦਿਤੇ ਗਏ ਹਨ ਤੇ ਹੇਠਾਂ ਉਹੀ ਨੰਬਰ ਦੇ ਕੇ ਅਰਥ ਲਿਖਿਆ ਗਿਆ ਹੈ। ਜੇ ਕਿਸੇ ਇਕੋ ਔਖੇ ਪਦ ਦਾ ਅਰਥ ਕਰਨਾ ਜ਼ਰੂਰੀ ਸਮਝਿਆ ਹੈ ਤਾਂ ਉਸ ਪਦ ਦੇ 'ਪਿਛੇ ਨੰਬਰ' ਦਿਤਾ ਹੈ, ਪਰ ਜੇ ਕਰ ਦੋ ਚਾਰ ਪਦਾਂ, ਵਾਕ ਅੰਸ ਜਾਂ ਪੂਰੀ ਪੰਗਤੀ ਦਾ ਅਰਥ ਕਰਨਾ ਪਿਆ ਹੈ ਤਾਂ ਨੰਬਰ ਉਸ ਦੇ ਸ਼ੁਰੂ ਵਿਚ ਹੀ ਦੇ ਦਿਤਾ ਗਿਆ ਹੈ।

ਗ੍ਰੰਥ ਦੇ ਕਰਤਾ ਭਾਈ ਗੁਰਦਾਸ ਜੀ ਸਿਖ ਇਤਿਹਾਸ ਦੀ ਇਕ ਮਹਾਨ ਸ਼ਖਸੀਅਤ ਹਨ। ਆਪ ਗੁਰਬਾਣੀ ਦੇ ਪਰਸਿਧ ਵਿਆਖਿਆਕਾਰ ਅਤੇ ਗੁਰਮਤ ਦੇ ਅਨੰਨ ਸ਼ਰਧਾਲੂ ਗੁਰਸਿਖ ਸਨ। ਆਪ ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਸਨ। ਆਪ ਦੇ ਪਿਤਾ ਸ੍ਰੀ ਗੁਰੂ ਅਮਰਦਾਸ ਜੀ ਦੇ ਛੋਟੇ ਭਰਾ ਸਨ।

## ਸਿਖ ਇਤਿਹਾਸ ਵਿਚ ਭਾਈ ਗੁਰਦਾਸ ਜੀ

ਸਿਖ ਇਤਿਹਾਸ ਵਿਚ ਭਾਈ ਗੁਰਦਾਸ ਤਿੰਨ ਚਾਰ ਹੋਏ ਹਨ। ਸਭ ਤੋਂ ਪਹਿਲੇ ਭਾਈ ਗੁਰਦਾਸ 'ਭੱਲਾ' ਸਨ। ਜਿਨ੍ਹਾਂ ਦੀ ਰਚਨਾ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ' ਕਹਿਕੇ ਨਿਵਾਜਿਆ ਸੀ। ਆਪ ਨੇ ਤੀਜੀ ਪਾਤਿਸ਼ਾਹੀ ਤੋਂ ਲੈ ਕੇ ਛੇਵੀਂ ਪਾਤਿਸ਼ਾਹੀ ਤਕ ਸਤਿਗੁਰੂਆਂ ਦੀ ਹਜ਼ੂਰੀ ਦਾ ਰਸ ਮਾਣਿਆ ਸੀ।

ਆਪ ਨੇ ਆਪਣੀ ਰਚਨਾ ਵਿਚ ਗੁਰਬਾਣੀ ਦੀ ਅਤਿ ਸੁੰਦਰ ਵਿਆਖਿਆ ਕੀਤੀ ਹੈ, ਇਸ ਨੂੰ ਪੜ੍ਹਨ ਨਾਲ ਗੁਰਮਤ ਤੇ ਗੁਰਬਾਣੀ ਦੇ ਕਈ ਗੁਝੇ ਭਾਵ ਆਪਣੇ ਆਪ ਪਾਠਕਾਂ ਦੇ ਹਿਰਦੇ ਵਿਚ ਬਹਿ ਜਾਂਦੇ ਹਨ। ਆਪ ਦੀ ਰਚਨਾ ਪੰਜਾਬੀ ਤੇ ਹਿੰਦੀ ਦੋਹਾਂ ਵਿਚ ਹੈ। ਵਾਰਾਂ ਭਾਈ ਗੁਰਦਾਸ ਜੀ ਪੰਜਾਬੀ ਵਿਚ ਅਤੇ ਕਬਿਤ ਸਵਈਏ ਹਿੰਦੀ ਵਿਚ, ਇਹ ਦੋਵੇਂ ਗਰੰਥ ਛਪੇ ਹੋਏ ਹਨ। ਵਾਰਾਂ ਦੀ ਬੋਲੀ ਅਤਿ ਮਿਠੀ ਪੰਜਾਬੀ ਹੈ ਅਤੇ ਕਬਿਤ ਸਵਈਆਂ ਦੀ ਭਾਸ਼ਾ ਸੁੰਦਰ ਤੇ ਮੁਹਾਵਰੇਦਾਰ ਹਿੰਦੀ ਹੈ। ਕਾਵਿ ਦ੍ਰਿਸ਼ਟੀ ਤੋਂ ਇਹ ਦੋਵੇਂ ਗ੍ਰੰਥ ਹਿੰਦੁਸਤਾਨ ਦਾ ਇਕ ਅਮੋਲ ਸਾਹਿਤਕ ਖਜ਼ਾਨਾ ਹਨ।

Digitized by Panjab Digital Library | www.panjabdigilib.org

ਦੂਜੇ ਭਾਈ ਗੁਰਦਾਸ ਜੀ ਨੌਵੇਂ ਪਾਤਿਸ਼ਾਹ ਜੀ ਦੇ ਸਿਖ ਸਨ, ਜੋ ਦਸਮੇਸ਼ ਜੀ ਦੇ ਚੋਰ ਬਰਦਾਰ ਭਾਈ ਕੀਰਤੀਆ ਜੀ ਦੇ ਪਿਤਾ ਸਨ।

ਤੀਜੇ ਭਾਈ ਗੁਰਦਾਸ ਇਤਿਹਾਸ ਪ੍ਰਸਿਧ ਭਾਈ ਬਹਿਲੋ ਜੀ ਦੀ ਕੁਲ ਵਿਚੋਂ ਸਨ। ਜੋ ਪਹਿਲਾਂ ਬਾਬਾ ਰਾਮ ਰਾਇ ਜੀ ਤੇ ਉਹਨਾਂ ਦੀ ਧਰਮ ਪਤਨੀ ਮਾਤਾ ਪੰਜਾਬ ਕੌਰ ਜੀ ਪਾਸ ਮਸੰਦ ਸਨ। ਮਸੰਦਾਂ ਨੂੰ ਦੰਡ ਦੇਣ ਸਮੇਂ ਦਸਮੇਸ਼ ਸਤਿਗੁਰੂ ਜੀ ਨੇ ਇਹਨਾਂ ਨੂੰ ਮੁਆਫੀ ਬਖਸ਼ ਕੇ ਆਪਣੀ ਸੇਵਾ ਵਿਚ ਪਰਵਾਨ ਕਰ ਲਿਆ ਸੀ।

ਚੌਥੇ ਭਾਈ ਗੁਰਦਾਸ ਸਿੰਘ ਜੀ ਵੀ ਇਕ ਕਵੀ ਸਨ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਢੇਰ ਚਿਰ ਬਾਅਦ ਹੋਏ ਹਨ।

## ਚਾਲ੍ਹਵੀਂ ਤੇ ਇਕਤਾਲ੍ਹਵੀਂ ਵਾਰ

ਇਨ੍ਹਾਂ ਵਾਰਾਂ ਵਿਚੋਂ ੪੧ਵੀਂ ਵਾਰ ਚੌਥੇ ਭਾਈ ਗੁਰਦਾਸ ਸਿੰਘ ਜੀ ਦੀ ਰਚਨਾ ਹੈ। ਇਹ ਵਾਰ ਕੁਝ ਕੁ ਸਰਬ ਲੋਹ ਗ੍ਰੰਥ ਦੇ ਪ੍ਰਾਚੀਨ ਨੁਸਖਿਆਂ ਵਿਚ ਭੀ ਦਰਜ ਹੋਈ ਮਿਲਦੀ ਹੈ, ਉਥੇ ਇਸ ਦੇ ਅੰਤ ਵਿਚ ਇਕ ਦੋਹਰਾ ਇਸ ਪਰਕਾਰ ਲਿਖਿਆ ਹੈ:–

ਸੰਬਤ ਸਤਰਾਂ ਸੈ ਭਏ ਬਰਖ ਸਤਵੰਜਾ ਜਾਨ।
ਗੁਰਦਾਸ ਸਿੰਘ ਪੂਰਨ ਕੀਓ ਸ੍ਰੀ ਮੁਖ ਗ੍ਰੰਥ ਪ੍ਰਮਾਣ।

ਇਸ ਦੋਹਰੇ ਅਨੁਸਾਰ ਭਾਵੇਂ ਇਸ ਦੀ ਰਚਨਾ ਦਾ ਸਮਾਂ ੧੭੫੭ ਬਿਕ੍ਰਮੀ ਸਿਧ ਹੁੰਦਾ ਹੈ, ਪਰ ਜ਼ਰਾ ਹੋਰ ਵਧੇਰੇ ਖੋਜ ਕੀਤਿਆਂ ਇਹ ਇਸ ਤੋਂ ਭੀ ਪਿਛੋਂ ਦੀ ਰਚਨਾ ਸਾਬਤ ਹੁੰਦੀ ਹੈ। ਕਿਉਂ ਜੁ ਇਸੇ ਵਾਰ ਵਿਚ ਹੀ ਇਕ ਥਾਂ ਲਿਖਿਆ ਹੈ–

ਯਹ ਬਾਰਾਂ ਸਦੀ ਨਬੇੜ ਕਰ ਗੁਰ ਫਤਹ ਬੁਲਾਏ॥

ਇਸ ਤੁਕ ਤੋਂ ਸਾਫ ਪਰਗਟ ਹੁੰਦਾ ਹੈ ਕਿ ਇਹ ਵਾਰ ਬਾਹਰਵੀਂ ਸਦੀ ਹਿਜਰੀ ਦੇ ਨਿੰਬੜ ਜਾਣ ਪੁਰ ਹੀ ਲਿਖੀ ਗਈ ਹੈ ਤੇ ਇਸ ਦਾ ਸਮਾਂ ਬਿਕ੍ਰਮੀ ਸੰਮਤ ੧੮੪੪ ਦੇ ਲਗਪਗ ਹੀ ਠੀਕ ਬੈਠਦਾ ਹੈ।

ਕੁਝ ਕੁ ਪ੍ਰਾਚੀਨ ਹਥ ਲਿਖਤ 'ਵਾਰਾਂ ਭਾਈ ਗੁਰਦਾਸ ਜੀ' ਗ੍ਰੰਥ ਨੂੰ ਦੇਖਣ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਵਿਚ ਪਹਿਲਾਂ ੩੯ ਵਾਰਾਂ ਹੀ ਲਿਖੀਆਂ ਸਨ। ਇਹਨਾਂ ਵਿਚ ਚਾਲ੍ਹੀਵੀਂ ਵਾਰ ਨਹੀਂ ਲਿਖੀ ਹੋਈ। ਉਕਤ ੪੧ਵੀਂ ਵਾਰ ਬਾਅਦ ਵਿਚ ਲਿਖ ਕੇ ਕਿਸੇ ਨੇ ਨਾਲ ਲਗਾਈ ਹੈ।

ਇਕ ਹੋਰ ਪ੍ਰਾਚੀਨ ਜਿਲਦ ਵਿਚ ਇਹ ਦੋਵੇਂ ਵਾਰਾਂ ਪਿਛੋਂ ਲਿਖ ਕੇ ਨਾਲ ਜੋੜੀਆਂ ਗਈਆਂ ਹਨ। ਰਚਨਾ ਤੇ ਬੋਲੀ ਦੀ ਵਿਚਾਰ ਤੋਂ ੪੦ਵੀਂ ਵਾਰ ਦਾ ਪਹਿਲੀਆਂ ੩੯ ਵਾਰਾਂ ਨਾਲੋਂ ਕੋਈ ਖਾਸ ਫਰਕ ਮਾਲੂਮ ਨਹੀਂ ਹੁੰਦਾ। ਛੇਵੀਂ ਪਾਤਿਸ਼ਾਹੀ ਜੀ ਦੇ ਗੁਰਬਿਲਾਸ ਦੇ ਪੜ੍ਹਨ ਤੋਂ ਤਾਂ ਇਹ ਭੀ ਸਿਧ ਹੁੰਦਾ ਹੈ ਕਿ ੪੦ਵੀਂ ਵਾਰ ਭੀ ਪਹਿਲੇ ਭਾਈ ਗੁਰਦਾਸ ਜੀ ਦੀ ਹੀ ਰਚਨਾ ਹੈ, ਕਿਉਂਕਿ ਉਸ ਵਿਚ ਇਕ ਥਾਂ ਲਿਖਿਆ ਮਿਲਦਾ ਹੈ–

ਗੁਰ ਅਰਜਨ ਮਮ ਆਗਿਆ ਕਰੀ।
ਵਾਰ ਚਾਲੀਸ ਰਚੋਂ ਸੁਖ ਪਰੀ।

੪੧ਵੀਂ ਵਾਰ ਬਾਰੇ ਇਕ ਵਿਚਾਰ ਹੋਰ ਭੀ ਜ਼ਰੂਰੀ ਹੈ। ਇਸ ਵਿਚ ਭਾਈ ਗੁਰਦਾਸ ਸਿੰਘ ਜੀ ਨੇ ਅਤਿ ਸ਼ਰਧਾ ਭਰਪੂਰ ਹਿਰਦੇ ਨਾਲ ਦਸਵੇਂ ਪਾਤਿਸ਼ਾਹ ਜੀ ਦੀ ਉਪਮਾ ਲਿਖੀ ਹੈ। ਇਸ ਲਈ ਪੁਰਾਣੇ ਸਮੇਂ ਤੋਂ ਹੀ ਗੁਰ ਸਿਖਾਂ ਨੇ ਪ੍ਰਥਮ ਭਾਈ ਗੁਰਦਾਸ ਜੀ ਦੀਆਂ ਵਾਰਾਂ ਨਾਲ ਇਕੋ ਜਿਲਦ

Digitized by Panjab Digital Library | www.panjabdigilib.org

ਵਿਚ ਹੀ ਇਸ ਨੂੰ ਭੀ ਥਾਂ ਦੇਣੀ ਸ਼ੁਰੂ ਕਰ ਦਿਤੀ ਸੀ, ਤਾਂ ਜੁ ਇਸ ਰਚਨਾ ਦੀ ਚੰਗੀ ਤਰਾਂ ਸੰਭਾਲੀ ਤੇ ਰਾਖੀ ਹੋ ਸਕੇ। ਪਿਛੋਂ ਅਜਿਹੇ ਜਤਨ ਭੀ ਕੀਤੇ ਗਏ ਮਾਲੂਮ ਹੁੰਦੇ ਹਨ ਕਿ ਇਸ ਵਾਰ ਨੂੰ ਪਹਿਲੇ ਭਾਈ ਗੁਰਦਾਸ ਭਲਾ ਦੀ ਰਚਨਾ ਸਿਧ ਕੀਤੀ ਜਾਵੇ। ਸੋ ਕਈ ਨੁਸਖ਼ਿਆਂ ਅੰਦਰ ਇਸ ਦੇ ਆਰੰਭ ਵਿਚ ਇਸ ਪ੍ਰਕਾਰ ਲਿਖਿਆ ਮਿਲਦਾ ਹੈ—

'ਰਾਮਕਲੀ ਵਾਰ" ਪਾਤਸ਼ਾਹੀਦਸਵੇਂ ਕੀ ੧੦। ਬੋਲਣਾ ਗੁਰਦਾਸ ਭਲੇ ਕਾ।'

ਇਕ ਪੁਰਾਣੀ ਹਥ ਲਿਖਤ ਪੋਥੀ ਵਿਚ ੪੦ ਵਾਰਾਂ ਦੇ ਆਰੰਭ ਵਿਚ 'ਭਾਈ ਗੁਰਦਾਸ ਭਲੇ ਕਾ ਬੋਲਣਾ' ਅਤੇ ੪੧ਵੀਂ ਵਾਰ ਦੇ ਆਰੰਭ ਵਿਚ 'ਬੋਲਣਾ ਭਾਈ ਗੁਰਦਾਸ ਜੀ ਦਾ' ਲਿਖਿਆ ਮਿਲਦਾ ਹੈ। ਪਰ ਉਹਨਾਂ ਲਿਖਤਾਂ ਦੇ ਅੰਤ ਦੇ ਇਸ ਦੋਹਰੇ ਤੋਂ ਹੀ ਪ੍ਰਗਟ ਹੋ ਜਾਂਦਾ ਹੈ ਕਿ ਇਹ ਰਚਨਾ ਪ੍ਰਥਮ ਭਾਈ ਗੁਰਦਾਸ ਜੀ ਦੀ ਨਹੀਂ, ਸਗੋਂ ਕਵੀ ਭਾਈ ਗੁਰਦਾਸ ਸਿੰਘ ਜੀ ਦੀ ਹੈ।

ਯਥਾ—ਗੁਰਦਾਸ ਸਿੰਘ ਪੂਰਨ ਕੀਓ ਸ੍ਰੀ ਮੁਖ ਗ੍ਰੰਥ ਪਰਮਾਣ।

ਸੋ ਪਾਠਕਾਂ ਦੀ ਸੇਵਾ ਵਿਖੇ ਬੇਨਤੀ ਹੈ ਕਿ ਉਹ ਪਾਠ ਕਰਦੇ ਹੋਏ ਇਸ ਭੇਦ ਨੂੰ ਜ਼ਰੂਰ ਸਾਹਮਣੇ ਰਖਣ ਕਿ ੪੧ਵੀਂ ਵਾਰ ਪ੍ਰਥਮ ਭਾਈ ਗੁਰਦਾਸ ਜੀ ਦੀ ਨਹੀਂ, ਜਿਨ੍ਹਾਂ ਦੀ ਰਚਨਾ ਨੂੰ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਹੋਣ ਦਾ ਵਰ ਦਿਤਾ ਹੈ।

## ਇਕ ਭੁਲੇਖੇ ਦੀ ਸੰਭਾਵਨਾ

੪੧ਵੀਂ ਵਾਰ ਦੇ ਅਰੰਭ ਵਿਚ ਇਕ ਤੁਕ ਹੈ—"ਗੁਰ ਦਾਸ ਮਨਾਈ ਕਾਲਕਾ ਖੰਡੇ ਕੀ ਵੇਲਾ।"। ਇਸ ਤੋਂ ਕਈ ਅਨਜਾਣ ਪਾਠਕ ਭੁਲੇਖਾ ਖਾ ਸਕਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਾਲਕਾ ਦੇਵੀ ਦੀ ਆਰਾਧਨਾ ਕੀਤੀ ਹੈ, ਪਰ ਜਿਨ੍ਹਾਂ ਨੇ ਭਾਈ ਗੁਰਦਾਸ ਜੀ ਦੀਆਂ ਪਹਿਲੀਆਂ ਵਾਰਾਂ ਪੜ੍ਹ ਲਈਆਂ ਹੋਣ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸਮੇਸ਼ ਜੀ ਦੀ ਬਾਣੀ ਨੂੰ ਚੰਗੀ ਤਰ੍ਹਾਂ ਵਿਚਾਰਿਆ ਹੋਵੇ, ਉਹ ਇਸ ਵਹਿਮ ਵਿਚ ਨਹੀਂ ਫਸ ਸਕਦੇ। ਕਿਉਂ ਜੁ ਗੁਰਬਾਣੀ ਵਿਚ ਥਾਂ ਥਾਂ ਤੇ ਦੇਵੀ-ਦੇਵਤਿਆਂ ਦੀ ਪੂਜਾ ਦਾ ਸ਼ਪੱਸ਼ਟ ਖੰਡਣ ਮੌਜੂਦ ਹੈ।

ਗੁਰੂ ਘਰ ਵਿਚ ਇਕ ਓਅੰਕਾਰ ਤੋਂ ਸਿਵਾ, ਹੋਰ ਕੋਈ ਸ਼ਕਤੀ ਪੂਜਾ ਯੋਗ ਨਹੀਂ ਮੰਨੀ ਗਈ। ਕੇਵਲ ਇਕੋ ਕਰਤਾ ਪੁਰਖ ਨੂੰ ਹੀ ਆਰਾਧਨ ਯੋਗ ਕਿਹਾ ਗਿਆ ਹੈ।

ਨਿਰਗੁਣ ਆਪਿ ਸਰਗੁਣ ਭੀ ਓਹੀ।
ਕਲਾ ਧਾਰਿ ਜਿਨਿ ਸਗਲੀ ਮੋਹੀ।

ਉਹੀ ਇਕੋ ਨਿਰਗੁਣ ਸਰੂਪ ਵਾਹਿਗੁਰੂ ਆਪਣੇ ਆਪ ਤੋਂ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ ਤੇ ਫੇਰ ਜਦ ਚਾਹੇ ਆਪਣੇ ਅੰਦਰ ਹੀ ਉਸ ਨੂੰ ਲੈਅ ਭੀ ਕਰ ਲੈਂਦਾ ਹੈ।

ਆਪਨ ਖੇਲੁ ਆਪਿ ਕਰਿ ਦੇਖੈ।
ਖੇਲੁ ਸੰਕੋਚੈ ਤਉ ਨਾਨਕ ਏਕੈ।

ਦੇਵੀ ਪੂਜਾ ਬਾਰੇ ਤਾਂ ਸਪੱਸ਼ਟ ਲਿਖਿਆ ਹੈ:—

ਤੂ ਕਹੀਅਤ ਹੀ ਆਦਿ ਭਵਾਨੀ।
ਮੁਕਤਿ ਕੀ ਬਰੀਆ ਕਹਾ ਛਪਾਨੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਾਹਿਗੁਰੂ ਦੀ ਸ਼ਕਤੀ ਨੂੰ ਹੀ ਕਈ ਥਾਂਈਂ ਭਵਾਨੀ, ਕਾਲਕਾ ਆਦਿ ਦੇ ਨਾਮ ਦਿਤੇ ਹਨ, ਯਥਾ:—

ਪ੍ਰਥਮ ਕਾਲ ਸਭ ਜਗ ਕੋ ਤਾਤਾ।
ਤਾਂ ਤੇ ਭਯੋ ਤੇਜ ਬਿਖਿਆਤਾ।

Digitized by Panjab Digital Library | www.panjabdigilib.org

ਸੋਈ ਭਵਾਨੀ ਨਾਮ ਕਹਾਈ।
ਜਿਨ ਸਗਰੀ ਯਹ ਸ੍ਰਿਸਟਿ ਉਪਾਈ।

ਸੋ ਇਹ ਕੋਈ ਵੱਖਰੀ ਵਿਅਕਤੀ ਨਹੀਂ। ਉਸ ਜੋਤਿ ਦਾ ਨਾਮ ਹੀ ਭਵਾਨੀ ਹੈ, ਜਿਸ ਤੋਂ ਸਾਰੀ ਸ੍ਰਿਸ਼ਟੀ ਦੀ ਰਚਣਾ ਹੋਈ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭਵਾਨੀ ਦੀ ਕਲਾ ਬਾਰੇ ਰਾਮਾ ਅਵਤਾਰ ਵਿਚ ਇਕ ਥਾਂ ਫੁਰਮਾਉਂਦੇ ਹਨ—

ਜਾਗਤ ਜਾਕੀ ਜੋਤਿ ਜਗ ਜਲ ਥਲ ਰਹੀ ਸਮਾਇ।
ਬ੍ਰਹਮ ਬਿਸ਼ਨ ਹਰ ਰੂਪ ਮਹਿ ਤ੍ਰਿਗੁਣ ਰਹੀ ਠਹਿਰਾਇ।

ਸ੍ਵੈਯਾ

ਜਾ ਕੀ ਕਲਾ ਬਰਤਹਿ ਜਗ ਮਹਿ ਅਰੁ ਜਾ ਕੀ ਕਲਾ ਸਭ ਰੂਪਨ ਮੈਂ।
ਫੁਨ ਜਾ ਕੀ ਕਲਾ ਬਿਮਲਾ ਹਰਿ ਕੇ ਕਮਲਾਪਤਿ ਕੇ ਕਮਲਾ ਮਨ ਮੈਂ।
ਫੁਨ ਜਾ ਕੀ ਕਲਾ ਗਿਰਿ ਰੂਖਣ ਮੈਂ, ਸਸਿ ਪੂਖਣ ਮੈਂ ਮਘਵਾ ਘਣ ਮੈਂ।
ਤੁਮ ਹੀ ਨਹੀਂ ਜਾਣੀ ਭਵਾਨੀ ਕਲਾ ਜਗ ਮਾਨੀ ਕੋ ਧਿਆਨ ਕਰੋ ਮਨ ਮੈਂ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਚਿਤ੍ਰ ਨਾਟਕ ਵਿਚ ਇਕ ਥਾਂ ਲਿਖਿਆ ਹੈ :—

ਤਹ ਹਮ ਅਧਕ ਤਪੱਸਯਾ ਸਾਧੀ।
ਮਹਾ ਕਾਲ ਕਾਲਕਾ ਅਰਾਧੀ ॥੧॥
ਇਹਿ ਬਿਧਿ ਕਰਤ ਤਪੱਸਯਾ ਭਯੋ।
ਦ੍ਵੈ ਤੇ ਏਕ ਰੂਪ ਹ੍ਵੈ ਗਯੋ।

ਉਪਰੋਕਤ ਵਾਕਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਮਹਾ ਕਾਲ ਤੇ ਕਾਲਕਾ ਦੋਵੇਂ ਪਦ ਇਕੋ ਅਕਾਲ ਪੁਰਖ ਵਾਹਿਗੁਰੂ ਦੇ ਹੀ ਵਾਚਕ ਹਨ। ਜੇਕਰ ਮਹਾਕਾਲ ਤੇ ਕਾਲਕਾ ਇਕੋ ਵਾਹਿਗੁਰੂ ਦੇ ਵਾਚਕ ਨ ਹੁੰਦੇ ਤਾਂ ਸਤਿਗੁਰੂ ਜੀ 'ਦੋ ਤੋਂ ਇਕ ਰੂਪ ਹੋ ਗਿਆ' ਇਹ ਨ ਕਹਿੰਦੇ, ਸਗੋਂ ਮਹਾ ਕਾਲ, ਕਾਲਕਾ ਅਤੇ ਮੈਂ, ਤਿੰਨੇ ਇਕ ਰੂਪ ਹੋ ਗਏ, ਕਹਿੰਦੇ।

ਇਸੇ ਤਰ੍ਹਾਂ ਹੀ ਭਾਈ ਗੁਰਦਾਸ ਸਿੰਘ ਜੀ ਨੇ ਕਾਲਕਾ ਸ਼ਬਦ ਵਾਹਿਗੁਰੂ ਅਰਥ ਵਿਚ ਵਰਤਿਆ ਹੈ। ਵਾਹਿਗੁਰੂ ਵਾਚਕ ਸ਼ਬਦਾਂ ਵਿਚ ਪੁਲਿੰਗ ਇਸਤ੍ਰੀ ਲਿੰਗ ਦਾ ਭੇਦ ਨਹੀਂ ਹੋ ਸਕਦਾ।

ਇਸ ਭੇਦ ਨੂੰ ਬਚਿਤ੍ਰ ਨਾਟਕ ਵਿਚ ਦਸਮੇਸ਼ ਸਤਿਗੁਰੂ ਜੀ ਨੇ ਇਕ ਥਾਂ ਇਸ ਪ੍ਰਕਾਰ ਖੋਲ੍ਹਿਆ ਹੈ—

ਸਰਬ ਕਾਲ ਹੈ ਪਿਤਾ ਹਮਾਰਾ।
ਦੇਬਿ ਕਾਲਕਾ ਮਾਤ ਹਮਾਰਾ।

ਉਕਤ ਦੋਵੇਂ ਪਦ ਇਕੋ ਵਾਹਿਗੁਰੂ ਦੇ ਹੀ ਲਖਾਇਕ ਹਨ। 'ਦੇਬਿ ਕਾਲਕਾ' ਇਸਤ੍ਰੀ-ਲਿੰਗ ਪਦ ਹੈ, ਪਰ ਇਸ ਦੇ ਨਾਲ 'ਹਮਾਰਾ' ਸ਼ਬਦ ਰੱਖ ਕੇ ਗੁਰੂ ਜੀ ਨੇ ਇਸ ਨੂੰ ਪਲਿੰਗ ਕਰਕੇ ਵਰਤਿਆ ਹੈ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਭੀ ਅਕਾਲ ਪੁਰਖ ਲਈ ਪੁਲਿੰਗ ਅਤੇ ਇਸਤ੍ਰੀ ਲਿੰਗ ਦੋਵੇਂ ਤਰ੍ਹਾਂ ਦੇ ਸ਼ਬਦਾਂ ਦੀ ਵਰਤੋਂ ਪੁਲਿੰਗ ਰੂਪ ਵਿਚ ਹੀ ਕੀਤੀ ਗਈ ਹੈ—

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ
ਤੂੰ ਮੇਰਾ ਬੰਧਪ ਤੂੰ ਮੇਰਾ ਭ੍ਰਾਤਾ।

[ਅਮਰ ਸਿੰਘ 'ਚਾਕਰ'

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

# ਵਾਰਾਂ ਭਾਈ ਗੁਰਦਾਸ ਜੀ

## ਵਾਰ ੧.

### ਪਉੜੀ ੧ [ਮੂਲ ਮੰਗਲਾਚਰਣ]

ਨਮਸਕਾਰ ਗੁਰਦੇਵ ਕੋ ਸਤਿਨਾਮੁ ਜਿਸ ਮੰਤ੍ਰ ਸੁਣਾਇਆ ।
ਭਵਜਲ[੧] ਵਿਚੋਂ ਕਢਿਕੇ ਮੁਕਤਿ ਪਦਾਰਥ ਮਾਹਿ ਸਮਾਇਆ ।
ਜਨਮ ਮਰਣ ਭਉ ਕਟਿਆ ਸੰਸਾ[੨] ਰੋਗ ਵਿਯੋਗ[੩] ਮਿਟਾਇਆ ।
ਸੰਸਾ ਇਹੁ ਸੰਸਾਰੁ ਹੈ ਜਨਮ ਮਰਣ ਵਿਚਿ ਦੁਖ ਸਬਾਇਆ[੪] ।
ਜਮਦੰਡ[੫] ਸਿਰੋਂ ਨਾ ਉਤਰੈ ਸਾਕਤ[੬] ਦੁਰਜਨ ਜਨਮੁ ਗਵਾਇਆ।
ਚਰਨ ਗਹੇ ਗੁਰਦੇਵ ਦੇ ਸਤਿ[੭] ਸਬਦ ਦੇ ਮੁਕਤ ਕਰਾਇਆ ।
[੮]ਭਾਉ ਭਗਤਿ ਗੁਰਪੁਰਬ ਕਰਿ ਨਾਮ ਦਾਨ ਇਸਨਾਨਦ੍ਰਿੜ੍ਹਾਇਆ
ਜੇਹਾ ਬੀਉ[੯] ਤੇਹਾ ਫਲੁ ਪਾਇਆ ॥ ੧ ॥

### ਪਉੜੀ ੨ [ਜਗਤ ਉਤਪੱਤੀ]

ਪ੍ਰਿਥਮੈ ਸਾਸ ਨ ਮਾਸ[੧੦] ਸਨ [੧੧]ਅੰਧ ਧੁੰਧ ਕਛੂ ਖਬਰ ਨ ਪਾਈ ।
[੧੨]ਰਕਤਬਿੰਦ ਕੀ ਦੇਹਿ ਰਚਿ [੧੩]ਪਾਂਚ ਤਤ ਕੀ ਜੜਤ ਜੜਾਈ ।
ਪਉਣ ਪਾਣੀ ਬੈਸੰਤਰੋ[੧੪] ਚਉਥੀ ਧਰਤੀ ਸੰਗਿ ਮਿਲਾਈ ।
ਪੰਚਮਿ ਵਿਚਿ ਆਕਾਸ ਕਰਿ ਕਰਤਾ ਛਟਮੁ[੧੫] ਅਦਿਸਟੁ[੧੬] ਸਮਾਈ।
ਪੰਚ ਤਤ ਪੰਚੀਸਿ ਗੁਨਿ ਸਤ੍ਰ[੧੭] ਮਿਤ੍ਰ ਮਿਲਿ ਦੇਹਿ ਬਣਾਈ ।
ਖਾਣੀ[੧੮] ਬਾਣੀ[੧੯] ਚਲਿਤੁ ਕਰਿ ਆਵਾਗਉਣੁ[੨੦] ਚਰਿਤ੍ਰ[੨੧] ਦਿਖਾਈ।
ਚਉਰਾਸੀਹ ਲਖ ਜੋਨਿ ਉਪਾਈ ॥ ੨ ॥

---

੧ ਸੰਸਾਰ ਸਮੁੰਦ੍ਰ । ੨ ਭਰਮ । ੩ ਵਿਛੋੜਾ । ੪ ਬਹੁਤਾ । ੫ ਸਜ਼ਾ । ੬ ਸ਼ਕਤੀ ਦਾ ਪੁਜਾਰੀ ਮਨਮੁਖ । ੭ ਸੱਚ । ੮ ਪ੍ਰੇਮਾ ਭਗਤੀ । ੯ ਬੀਜ । ੧੦ ਸਰੀਰ । ੧੧ ਅੰਧੇਰਾ । ੧੨ ਲਹੂ,ਬੀਰਜ । ੧੩ ਪਉਣ ਪਾਣੀ,ਅਗਨੀ,ਧਰਤੀ, ਅਕਾਸ਼ । ੧੪ ਅੱਗ । ੧੫ ਛੇਵਾਂ । ੧੬ ਗੁਪਤ । ੧੭ਗੁਪਤ । ੧੭ ਵੈਰੀ । ੧੮ ਅੰਡਜ, ਜੇਰਜ, ਸੇਤਜ, ਉਤਭੁਜ । ੧੯ ਪਰਾ, ਪਸੰਤੀ, ਮੱਧਮਾ, ਬੈਖਰੀ । ੨੦ ਜਨਮ, ਮਰਨ । ੨੧ ਤਮਾਸ਼ਾ ।

Digitized by Panjab Digital Library | www.panjabdigilib.org

## ਪਉੜੀ ੩

[ਮਨੁਖ ਜਨਮ ਦੀ ਉੱਤਮਤਾ]

ਚਉਰਾਸੀਹ ਲਖ ਜੋਨਿ[੧] ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ।
ਅਖੀ ਵੇਖਣੁ ਕਰਨਿ[੨] ਸੁਣਿ ਮੁਖਿ ਸੁਭ[੩] ਬੋਲਣੁ ਬਚਨ ਸਨੇਹੀ[੪]।
ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗਿ ਮਿਲੇਹੀ।
ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਭਾਇ ਕਰੇਹੀ।
ਗੁਰਮੁਖਿ ਜਨਮੁ ਸਕਾਰਥਾ[੫] ਗੁਰਬਾਣੀ ਪੜਿ ਸਮਝਿ ਸੁਣੇਹੀ।
ਗੁਰ ਭਾਈ ਸੰਤੁਸਟਿ[੬] ਕਰਿ ਚਰਣਾਮ੍ਰਿਤੁ ਲੈ ਮੁਖਿ ਪਿਵੇਹੀ।
ਪੈਰੀ ਪਵਣੁ ਨ ਛੋਡੀਐ [੭]ਕਲੀ ਕਾਲਿ ਰਹਰਾਸਿ ਕਰੇਹੀ।
ਆਪਿ ਤਰੇ ਗੁਰ ਸਿਖ ਤਰੇਹੀ ॥ ੩ ॥

## ਪਉੜੀ ੪

[ਜਗਤ ਉਤਪੱਤੀ ਕਾਰਣ]

ਓਅੰਕਾਰੁ[੮] ਆਕਾਰੁ[੯] ਕਰਿ ਏਕ ਕਵਾਉ[੧੦] ਪਸਾਉ[੧੧] ਪਸਾਰਾ।
ਪੰਜ ਤਤ ਪਰਵਾਣੁ ਕਰਿ ਘਟਿ ਘਟਿ ਅੰਦਰਿ ਤ੍ਰਿਭਵਣੁ[੧੨] ਸਾਰਾ।
ਕਾਦਰੁ[੧੩] ਕਿਨੇ ਨ ਲਖਿਆ ਕੁਦਰਤਿ ਸਾਜਿ ਕੀਆ ਅਵਤਾਰਾ।
ਇਕ ਦੂ ਕੁਦਰਤਿ[੧੪] ਲਖ ਕਰਿ ਲਖ ਬਿਅੰਤ ਅਸੰਖ ਅਪਾਰਾ।
ਰੋਮ ਰੋਮ ਵਿਚਿ ਰਖਿਓਨਿ ਕਰਿ ਬ੍ਰਹਮੰਡਿ ਕਰੋੜਿ ਸੁਮਾਰਾ।
[੧੫]ਇਕਸ ਇਕਸ ਬ੍ਰਹਮੰਡਿ ਵਿਚਿ ਦਸ ਦਸ ਕਰਿ ਅਵਤਾਰ ਉਤਾਰਾ
ਕੇਤੇ ਬੇਦ ਬਿਆਸ ਕਰਿ ਕਈ ਕਤੇਬ [੧੬]ਮੁਹੰਮਦ ਯਾਰਾ।
ਕੁਦਰਤਿ ਇਕੁ ਏਤਾ ਪਾਸਾਰਾ ॥ ੪ ॥

---

੧ ਜੂਨ। ੨ ਕੰਨ। ੩ ਸ੍ਰੇਸ਼ਟ। ੪ ਪ੍ਰੇਮ ਵਾਲੇ। ੫ ਸਫਲਾ। ੬ ਪ੍ਰਸੰਨ। ੭ ਕਲਜੁਗ। ੮ ਪਰਮਾਤਮਾ। ੯ ਰੂਪਵਾਨ। ੧੦ ਬਚਨ। ੧੧ ਪਸਾਰਾ। ੧੨ ਤਿੰਨਲੋਕ, ਦੁਨੀਆ। ੧੩ ਰਬ। ੧੪ ਸ੍ਰਿਸ਼ਟੀ। ੧੫ ਇਕ, ਇਕ। ੧੬ ਮੁਹੰਮਦ ਦੇ ਚਾਰ ਖਲੀਫੇ ਜਾਂ ਯਾਰ।

Digitized by Panjab Digital Library | www.panjabdigilib.org

## ਪਉੜੀ ੫

[ਜੁਗ ਆਦਿਕ]

ਚਾਰਿ ਜੁਗਿ ਕਰਿ ਥਾਪਨਾ[੧] ਸਤਿਜੁਗ ਤ੍ਰੇਤਾ ਦੁਆਪੁਰੁ ਸਾਜੇ ।
ਚਉਥਾ ਕਲਿਜੁਗੁ ਥਾਪਿਆ[੨] ਚਾਰਿ ਵਰਨਿ ਚਾਰੋਂ ਕੇ ਰਾਜੇ ।
ਬ੍ਰਹਮਣ, ਛਤ੍ਰੀ, ਵੈਸ, ਸੂਦ੍ਰ, ਜੁਗੁ ਜੁਗੁ ਏਕੋ ਵਰਨ ਬਿਰਾਜੇ ।
ਸਤਿਜੁਗਿ ਹੰਸ ਅਉਤਾਰੁ ਧਰ [੩]ਸੋਹੰ ਬ੍ਰਹਮੁ ਨ ਦੂਜਾ ਪਾਜੇ[੪] ।
ਏਕੋ ਬ੍ਰਹਮੁ ਵਖਾਣੀਐ ਮੋਹ ਮਾਇਆ ਤੇ ਬੇਮੁਹਤਾਜੇ[੫] ।
ਕਰਨਿ ਤਪਸਿਆ ਬਨ ਵਿਖੈ ਵਖਤ ਗੁਜਾਰਨਿ ਪਿੰਨੀ ਸਾਗੇ[੬] ।
ਲਖ ਵਰ੍ਹਿਆ ਦੀ ਆਰਜਾ[੭] ਕੋਠੇ ਕੋਟਿ ਨ ਮੰਦਿਰ ਸਾਜੇ ।
ਇਕ ਬਿਨਸੈ ਇਕ [੮]ਅਸਥਿਰੁ ਗਾਜੇ ॥ ੫ ॥

## ਪਉੜੀ ੬

[ਤਬਾਚ]

ਤ੍ਰੇਤੇ [੯]ਛਤ੍ਰੀ ਰੂਪ ਧਰਿ ਸੂਰਜ ਬੰਸੀ ਵਡਿ ਅਵਤਾਰਾ ।
ਨਉ ਹਿਸੇ ਗਈ ਆਰਜਾ ਮਾਇਆ ਮੋਹੁ ਅਹੰਕਾਰੁ ਪਸਾਰਾ ।
ਦੁਆਪੁਰਿ ਜਾਦਵ[੧੦] ਵੇਸ ਕਰਿ ਜੁਗਿ ਜੁਗਿ ਅਉਧ ਘਟੈ ਆਚਾਰਾ।
ਰਿਗ ਬੇਦ ਮਹਿ ਬ੍ਰਹਮ ਕ੍ਰਿਤਿ ਪੂਰਬ ਮੁਖਿ ਸੁਭ ਕਰਮ ਬਿਚਾਰਾ ।
ਖਤ੍ਰੀ ਥਾਪੇ ਜੁਜਰੁ ਵੇਦਿ ਦਖਣ ਮੁਖਿ ਬਹੁ ਦਾਨ ਦਾਤਾਰਾ ।
ਵੈਸੋਂ[੧੧] ਥਾਪਿਆ ਸਿਆਮ ਵੇਦੁ ਪਛਮ ਮੁਖਿ ਕਰਿ ਸੀਸੁ ਨਿਵਾਰਾ।
ਰਿਗਿਨੀਲੰਬਰਿ[੧੨] ਜੁਜਰਪੀਤ[੧੩] ਸ੍ਵੇਤੰਬਰਿ[੧੪] ਕਰਿਸਿਆਮ ਸੁਧਾਰਾ।
ਤ੍ਰਿਹੁ ਜੁਗੀ ਤ੍ਰੈ ਧਰਮ ਉਚਾਰਾ ॥ ੬ ॥

---

੧ ਬਣਾਉਂਦਾ । ੨ ਬਣਾਇਆ । ੩ ਮੈਂ ਬ੍ਰਹਮ ਹਾਂ । ੪ ਪਖੰਡ । ੫ ਬੇਪ੍ਰਵਾਹ । ੬ ਕੰਦ ਮੂਲ ਜਾਂ ਸਾਗ ਪਾਤ । ੭ ਉਮਰ । ੮ ਅਚੱਲ । ੯ ਰਾਮ ਚੰਦਰ । ੧੦ ਕਿਸ਼ਨ । ੧੧ ਵੈਸ਼ । ੧੨ ਨੀਲੇ ਕੱਪੜੇ । ੧੩ ਪੀਲੇ । ੧੪ ਚਿਟੇ ਕੱਪੜੇ ।

Digitized by Panjab Digital Library | www.panjabdigilib.org

## ਪਉੜੀ ੭

[ਤਬਾਚ]

ਕਲਿਜੁਗੁ ਚਉਥਾ ਥਾਪਿਆ ਸੂਦ੍ਰ ਬਿਰਤਿ ਜਗ ਮਹਿ ਵਰਤਾਈ ।
ਕਰਮਸੁ ਰਿਗਿ ਜੁਜਰਸਿਆਮ ਕੇਕਰੇ ਜਗਤੁ ਰਿਦਿਬਹੁ ਸੁਕਚਾਈ[੧]
ਮਾਇਆ ਮੋਹੀ ਮੇਦਨੀ[੨] ਕਲਿ ਕਲਿਵਾਲੀ ਸਭਿ ਭਰਮਾਈ ।
ਉਠੀ ਗਿਲਾਨਿ[੩] ਜਗਤ ਵਿਚਿ ਹਉਮੈ ਅੰਦਰਿ ਜਲੈ ਲੁਕਾਈ[੪] ।
ਕੋਇ ਨ ਕਿਸੈ ਪੂਜਦਾ ਊਚ ਨੀਚ ਸਭਿ ਗਤਿ ਬਿਸਰਾਈ ।
ਭਏ ਬਿਅਦਲੀ[੫] ਪਾਤਸਾਹ ਕਲਿ ਕਾਤੀ[੬] ਉਮਰਾਇ[੭] ਕਸਾਈ ।
ਰਹਿਆ ਤਪਾਵਸੁ[੮] ਤ੍ਰਿਹੁ ਜੁਗੀ ਚਉਥੇ ਜੁਗਿ ਜੋ ਦੇਇ ਸੁ ਪਾਈ ।
ਕਰਮ ਭ੍ਰਿਸਟਿ ਸਭਿ ਭਈ ਲੋਕਾਈ ॥ ੭ ॥

## ਪਉੜੀ ੮

[ਖਟ ਸ਼ਾਸਤ੍ਰ]

ਚਹੁ ਬੇਦਾ ਕੇ ਧਰਮ ਮਥਿ[੯] ਖਟਿ ਸਾਸਤ੍ਰ[੧੦] ਮਥਿ ਰਿਖਿ ਸੁਣਾਵੈ ।
ਬ੍ਰਹਮਾਦਿਕ[੧੧] ਸਨਕਾਦਿਕ[੧੨] ਜਿਉ ਤਿਹਿ ਕਹਾ ਤਿਵੈ ਜਗੁ ਗਾਵੈ ।
ਗਾਵਨਿ ਪੜਨਿ ਬਿਚਾਰਿ ਬਹੁ ਕੋਟਿ[੧੩] ਮਧੇ ਵਿਰਲਾ ਗਤਿ ਪਾਵੈ ।
ਇਹਿ ਅਚਰਜੁ ਮਨ ਆਵਦੀ ਪੜਤਿ ਗੁਣਤਿ ਕਛੁ ਭੇਦੁ ਨ ਪਾਵੈ ।
ਜੁਗ ਜੁਗ ਇਕੋ ਵਰਨ ਹੈ ਕਲਿਜੁਗਿ ਕਿਉ ਬਹੁਤੇ ਦਿਖਲਾਵੈ ।
ਜੇਦੇ੍ ਵਜੇ ਤ੍ਰਿਹੁ ਜੁਗੀ ਕਥਿ ਪੜਿ ਰਹੈ ਭਰਮ ਨਹਿ ਜਾਵੈ ।
ਜਿਉ ਕਰਿ ਕਥਿਆ[੧੪] ਚਾਰਿਬੇਦਿ ਖਟਿਸਾਸਤ੍ਰਿ ਸੰਗਿਸਾਖ ਸੁਣਾਵੈ
ਆਪੋ ਆਪਣੇ ਮਤ ਸਭਿ ਗਾਵੈ ॥ ੮ ॥

---

੧ ਸੰਕੋਚ ਨਾਲ । ੨ ਸ੍ਰਿਸ਼ਟੀ । ੩ ਨਫਰਤ । ੪ ਲੋਕ । ੫ ਅਨਿਆਈ । ੬ ਕੈਂਚੀ ੭ ਅਫਸਰ ਜਾਂ ਮੁਸਾਹਿਬ । ੮ ਧਰਮ । ੯ ਵਿਚਾਰ । ੧੦ ਛੇ ਸ਼ਾਸਤ੍ਰ । ੧੧ ਬ੍ਰਹਮਾ ਤੇ ਹੋਰ ਦੇਵਤੇ । ੧੨ ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ । ੧੩ ਕਰੋੜ । ੧੪ ਵਰਣਨ ਕੀਤਾ ।

Digitized by Panjab Digital Library | www.panjabdigilib.org

## ਪਉੜੀ ੯

(ਨਿਆਇ)

ਗੋਤਮ ਤਪੇ ਬਿਚਾਰਿਕੈ ਰਿਗਿ ਵੇਦ ਕੀ ਕਥਾ ਸੁਣਾਈ।
ਨਿਆਇ ਸਾਸਤ੍ਰ ਕੋ ਮਥਿ ਕਰਿ ਸਭਿ ਬਿਧਿ ਕਰਤੇ ਹਥਿ ਜਣਾਈ।
ਸਭ ਕਛੁ ਕਰਤੇ ਵਸਿ ਹੈ ਹੋਰ ਬਾਤ ਵਿਚਿ ਚਲੈ ਨ ਕਾਈ[੧]।
ਦੂਹੀ ਸਿਰੀ ਕਰਤਾਰ ਹੈ ਆਪਿ ਨਿਆਰਾ ਕਰਿ ਦਿਖਲਾਈ।
ਕਰਤਾ ਕਿਨੈ ਨ ਦੇਖਿਆ ਕੁਦਰਤਿ[੨] ਅੰਦਰਿ ਭਰਮਿ ਭੁਲਾਈ।
ਸੋਹੰ ਬ੍ਰਹਮੁ ਛਪਾਇਕੈ ਪੜਦਾ ਭਰਮੁ ਕਰਤਾਰੁ ਸੁਣਾਈ।
ਰਿਗੁ ਕਹੈ ਸੁਣਿ ਗੁਰਮੁਖਹੁ ਆਪੇ ਆਪਿ ਨ ਦੂਜੀ ਰਾਈ।
ਸਤਿਗੁਰ ਬਿਨਾ ਨ ਸੋਝੀ ਪਾਈ ॥ ੯ ॥

## ਪਉੜੀ ੧੦

(ਮੀਮਾਂਸਾ)

ਫਿਰਿ ਜੈਮਨਿ ਰਿਖੁ ਬੋਲਿਆ ਜੁਜਰ ਵੇਦਿ ਮਥਿ ਕਥਾ ਸੁਣਾਵੈ।
ਕਰਮਾ ਉਤੇ ਨਿਬੜੈ ਦੇਹੀ ਮਧਿ[੩] ਕਰੇ ਸੋ ਪਾਵੈ।
ਥਾਪਸਿ[੪] ਕਰਮ ਸੰਸਾਰ ਵਿਚਿ ਕਰਮ ਵਾਸ ਕਰਿ ਆਵੈ ਜਾਵੈ।
ਸਹਸਾ[੫] ਮਨਹੁ ਨ ਚੁਕਈ ਕਰਮਾ ਅੰਦਰਿ ਭਰਮਿ ਭੁਲਾਵੈ।
ਕਰਮਿ ਵਰਤਣਿ ਜਗਤਿ ਕੀ ਇਕੋ ਮਾਇਆ ਬ੍ਰਹਮ ਕਹਾਵੈ।
ਜੁਜਰ ਵੇਦ ਕੋ ਮਥਨਿ[੬] ਕਰਿ ਤਤ ਬ੍ਰਹਮ ਵਿਚਿ ਭਰਮਿ ਮਿਲਾਵੈ।
ਕਰਮ ਦ੍ਰਿੜਾਇ ਜਗਤ ਵਿਚਿ ਕਰਮ ਬੰਧਿ[੭] ਕਰਿ ਆਵੈ ਜਾਵੈ।
ਸਤਿਗੁਰ ਬਿਨਾ ਨ ਸਹਸਾ ਜਾਵੈ ॥ ੧੦ ॥

---

੧ ਕੋਈ। ੨ ਸ੍ਰਿਸ਼ਟੀ। ੩ ਵਿਚ। ੪ ਕਾਇਮ ਕੀਤਾ। ੫ ਭਰਮ। ੬ ਵਿਚਾਰ ਕੇ। ੭ ਬੱਝ ਕੇ।

Digitized by Panjab Digital Library | www.panjabdigilib.org

## ਪਉੜੀ ੧੧

(ਵੇਦਾਂਤ)

ਸਿਆਮ ਵੇਦਕਉ ਸੋਧਿ[1] ਕਰਿ ਮਥਿ ਵੇਦਾਂਤੁ ਬਿਆਸਿ ਸੁਣਾਇਆ।
ਕਥਨੀ ਬਦਨੀ[2] ਬਾਹਰਾ ਆਪੇ ਆਪਣ ਬ੍ਰਹਮੁ ਜਣਾਇਆ।
ਨਦਰੀ ਕਿਸੈ ਨ ਲਿਆਵਈ ਹਉਮੈ ਅੰਦਰਿ ਭਰਮਿ ਭੁਲਾਇਆ।
ਆਪੁ ਪੁਜਾਇ ਜਗਤ ਵਿਚਿ ਭਾਉਭਗਤਿ ਦਾ ਮਰਮੁ[3] ਨ ਪਾਇਆ
ਤ੍ਰਿਪਤਿ[4] ਨ ਆਵੀ ਵੇਦਿ ਮਥਿ ਅਗਨੀ ਅੰਦਰਿ ਤਪਤਿ ਤਪਾਇਆ
ਮਾਇਆ ਡੰਡ[5] ਨ ਉਤਰੇ ਜਮਡੰਡੇ ਬਹੁ ਦੁਖਿ ਰੂਆਇਆ[6]।
ਨਾਰਦਿ ਮੁਨਿ ਉਪਦੇਸਿਆ ਮਥਿ ਭਾਗਵਤ ਗੁਨਿ ਗੀਤ ਕਰਾਇਆ।
ਬਿਨੁ ਸਰਨੀ ਨਹਿ ਕੋਇ ਤਰਾਇਆ ॥ ੧੧ ॥

## ਪਉੜੀ ੧੨

(ਸਾਂਖ)

ਦੁਆਪਰਿ ਜੁਗਿ ਬੀਤਤ ਭਏ ਕਲਜੁਗਿ ਕੇ ਸਿਰਿ ਛਤ੍ਰ ਫਿਰਾਈ।
ਵੇਦ ਅਥਰਬਣਿ ਥਾਪਿਆ[7] ਉਤਰਿ ਮੁਖਿ ਗੁਰਮੁਖਿ ਗੁਨ ਗਾਈ।
ਕਪਲ ਰਿਖੀਸੁਰਿ ਸਾਂਖ ਮਥਿ ਅਥਰਬਣਿ ਵੇਦ ਕੀ ਰਿਚਾ[8] ਸੁਣਾਈ।
ਗਿਆਨ ਮਹਾ ਰਸ ਪੀਅਕੈ ਸਿਮਰੇ ਨਿਤ ਅਨਿਤ ਨਿਆਈ।
ਗਿਆਨ ਬਿਨਾ ਨਹਿ ਪਾਈਐ ਜੇ ਕੋਈ ਕੋਟਿ ਜਤਨ ਕਰਿ ਧਾਈ।
ਕਰਮ ਜੋਗ ਦੇਹੀ ਕਰੇ ਸੋ ਅਨਿਤ ਖਿਨ ਟਿਕੇ ਨ ਰਾਈ।
ਗਿਆਨ ਮਤੇ[10] ਸੁਖੁ ਊਪਜੈ ਜਨਮ ਮਰਨ ਕਾ ਭਰਮੁ ਚੁਕਾਈ।
ਗੁਰਮੁਖਿ ਗਿਆਨੀ ਸਹਜਿ[11] ਸਮਾਈ ॥੧੨॥

---

੧ ਵਿਚਾਰ ਕੇ। ੨ ਕਵੀਸ਼ਰੀ। ੩ ਭੇਦ। ੪ ਸ਼ਾਂਤ। ੫ ਸਜ਼ਾ। ੬ ਰੋਇਆ। ੭ ਬਣਾਇਆ। ੮ ਸੁਰਤੀ। ੯ ਨਿਰਣੈ ਕਰਨਾ। ੧੦ ਮਤਿ। ੧੧ ਸ੍ਵੈ ਸਰੂਪ।

Digitized by Panjab Digital Library | www.panjabdigilib.org

## ਪਉੜੀ ੧੩

[ਵੈਸ਼ੇਖਕ]

ਬੇਦ ਅਥਰਬਣ ਮਥਨ ਕਰਿ ਗੁਰਮੁਖਿ ਬਾਸੇਖਕ[੧] ਗੁਨ ਗਾਵੈ।
ਜੇਹਾ ਬੀਜੈ ਸੋ ਲੁਣੈ[੨] ਸਮੇ ਬਿਨਾ ਫਲੁ ਹਥਿ ਨ ਆਵੈ।
ਹੁਕਮੈ ਅੰਦਰਿ ਸਭੁ ਕੋ ਮੰਨੈ ਹੁਕਮੁ ਸੋ ਸਹਜਿ ਸਮਾਵੈ।
ਆਪੋ ਕਛੂ ਨ ਹੋਵਈ ਬੁਰਾ ਭਲਾ ਨਹਿ ਮੰਨਿ ਵਸਾਵੈ।
ਜੈਸਾ ਕਰਿ ਤੈਸਾ ਲਹੈ ਰਿਖਿ ਕਨਾਦਿਕ ਭਾਖਿ ਸੁਣਾਵੈ।
ਸਤਿਜੁਗਿ ਕਾ ਅਨਿਆਇ[੩] ਸੁਣਿ ਇਕ ਫੇੜੈ[੪] ਸਭੁ ਜਗਤ ਮਰਾਵੈ।
ਤ੍ਰੇਤੇ ਨਗਰੀ ਪੀੜੀਐ, ਦੁਆਪਰਿ ਵੰਸੁ ਕੁਵੰਸ[੫] ਕੁਹਾਵੈ।
ਕਲਿਜੁਗ ਜੋ ਫੇੜੇ ਸੋ ਪਾਵੈ ॥ ੧੩ ॥

## ਪਉੜੀ ੧੪

[ਨਾਗ—ਸ਼ੇਸ਼ਨਾਗ, ਪਾਤੰਜਲ]

ਸੇਖਨਾਗ ਪਾਤੰਜਲ ਮਥਿਆ ਗੁਰਮੁਖਿ ਸਾਸਤ੍ਰ ਨਾਗਿ ਸੁਣਾਈ।
ਵੇਦ ਅਥਰਬਣ ਬੋਲਿਆ ਜੋਗ ਬਿਨਾ ਨਹਿ ਭਰਮੁ ਚੁਕਾਈ।
ਜਿਉ ਕਰਿ ਮੈਲੀ ਆਰਸੀ[੬] ਸਿਕਲ ਬਿਨਾ ਨਹਿ ਮੁਖਿ ਦਿਖਾਈ।
ਜੋਗੁ ਪਦਾਰਥ ਨਿਰਮਲਾ ਅਨਹਦ[੭] ਧੁਨਿ ਅੰਦਰਿ ਲਿਵਲਾਈ।
ਅਸਟਦਸ[੮] ਸਿਧਿ ਨਉ ਨਿਧੀ ਗੁਰਮੁਖਿ ਜੋਗੀ ਚਰਨ ਲਗਾਈ।
ਤ੍ਰਿਹੁ ਜੁਗਾ ਕੀ ਬਾਸਨਾ ਕਲਿਜੁਗ ਵਿਚਿ ਪਾਤੰਜਲਿ ਪਾਈ।
ਹਥੋ ਹਥੀ ਪਾਈਐ ਭਗਤਿ ਜੋਗ ਕੀ ਪੂਰ[੯] ਕਮਾਈ।
ਨਾਮ ਦਾਨ ਇਸਨਾਨੁ ਸੁਭਾਈ[੧੦] ॥੧੪॥

---

੧ ਇਕ ਸ਼ਾਸਤ੍ਰ ਦਾ ਨਾਉਂ ਹੈ। ੨ ਵੱਢਣਾ। ੩ ਬੇ-ਇਨਸਾਫ਼ੀ। ੪ ਕਰੇ। ੫ ਖੋਟਾ ਵੰਸ਼। ੬ ਸ਼ੀਸ਼ਾ। ੭ ਇਕ ਰਸ। ੮ ਅਠਾਰਾ। ੯ ਪੂਰੀ। ੧੦ ਚੰਗੀ।

Digitized by Panjab Digital Library | www.panjabdigilib.org

## ਪਉੜੀ ੧੫

[ਜੁਗਾਂ ਬਾਬਤ ਪਰਚਲਿਤ ਖਿਆਲ]

ਜੁਗਿ ਜੁਗਿ ਮੇਰੁ[੧] ਸਰੀਰ ਕਾ ਬਾਸਨਾ ਬਧਾ ਆਵੈ ਜਾਵੈ।
ਫਿਰਿ ਫਿਰਿ ਫੇਰਿ ਵਟਾਈਐ ਗਿਆਨੀ ਹੋਇ ਮਰਮੁ[੨] ਕਉ ਪਾਵੈ।
ਸਤਿਜੁਗਿ ਦੂਜਾ[੩] ਭਰਮੁ ਕਰਿ ਤ੍ਰੇਤੇ ਵਿਚਿ ਜੋਨੀ ਫਿਰਿ ਆਵੈ।
ਤ੍ਰੇਤੇ ਕਰਮਾ ਬਾਧਤੇ ਦੁਆਪਰਿ ਫਿਰਿ ਅਵਤਾਰ ਕਰਾਵੈ।
ਦੁਆਪਰਿ ਮਮਤਾ ਅਹੰਕਾਰ ਹਉਮੈ ਅੰਦਰਿ ਗਰਬਿ ਗਲਾਵੈ[੪]।
ਤ੍ਰਿਹੁ ਜੁਗਾ ਕੇ ਕਰਮ ਕਰਿ ਜਨਮ ਮਰਨ ਸੰਸਾ ਨ ਚੁਕਾਵੈ।
ਫਿਰਿ ਕਲਿਜੁਗ ਅੰਦਰਿ ਦੇਹਿ ਧਰਿ ਕਰਮਾਂ ਅੰਦਰਿ ਫੇਰ ਫਸਾਵੈ।
ਅਉਸਰੁ[੫] ਚੁਕਾ ਹਥ ਨ ਆਵੈ ॥੧੫॥

## ਪਉੜੀ ੧੬

[ਕਲਿਜੁਗ ਤੇ ਨਾਮ]

ਕਲਿਜੁਗ ਕੀ ਸੁਣ ਸਾਧਨਾ ਕਰਮ ਕਿਰਤ ਕੀ ਚਲੈ ਨ ਕਾਈ।
ਬਿਨਾ ਭਜਨ ਭਗਵਾਨ ਕੇ ਭਾਉ ਭਗਤਿ ਬਿਨੁ ਠੌਰ ਨ ਥਾਈ।
[੬]ਲਹੇ ਕਮਾਣਾ ਏਤ ਜੁਗਿ ਪਿਛਲੀ ਜੁੱਗੀਂ ਕਰੀ ਕਮਾਈ।
ਪਾਇਆ ਮਾਨਸ ਦੇਹਿ ਕਉ ਐਥੋ ਚੁਕਿਆ ਠੌਰ ਨ ਠਾਈ[੭]।
ਕਲਿਜੁਗ ਕੇ ਉਪਕਾਰ ਸੁਣਿ ਜੈਸੇ ਬੇਦ ਅਥਰਬਣ ਗਾਈ।
[੮]ਭਾਉ ਭਗਤਿ ਪਰਵਾਣ ਹੈ ਜਗ ਹੋਮ ਤੇ ਪੁਰਬ[੯] ਕਮਾਈ।
ਕਰਿਕੇ ਨੀਚ ਸਦਾਵਣਾ ਤਾ ਪ੍ਰਭੁ ਲੇਖੈ ਅੰਦਰਿ ਪਾਈ।
ਕਲਿਜੁਗਿ ਨਾਵੈ ਕੀ ਵਡਿਆਈ ॥੧੬॥

---

੧ ਜੀਵ ਆਤਮਾ। ੨ ਭੇਦ। ੩ ਦਵੈਤ। ੪ ਗਲਣਾ। ੫ ਸਮਾਂ। ੬ ਕੀਤੇ ਹੋਏ ਕਰਮ ਲਹਿ ਜਾਂਦੇ ਹਨ। ੭ ਟਿਕਾਣਾ। ੮ ਪ੍ਰੇਮਾ ਭਗਤੀ। ੯ ਦਿਨ ਦਿਹਾਰ,ਪੁਰਬਾ ਦੀ ਕਮਾਈ ਹੈ।

Digitized by Panjab Digital Library | www.panjabdigilib.org

## ਪਉੜੀ ੧੭

[ਜੁੱਗ ਗਰਦੀ]

ਜੁਗ ਗਰਦੀ[੧] ਜਬ ਹੋਵਹੇ ਉਲਟੇ ਜੁਗੁ ਕਿਆ ਹੋਇ ਵਰਤਾਰਾ।
ਉਠੇ ਗਿਲਾਨਿ[੨] ਜਗਤਿ ਵਿਚਿ ਵਰਤੇ ਪਾਪ ਭ੍ਰਿਸਟਿ ਸੰਸਾਰਾ।
ਵਰਨਾ ਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ।
ਨਿੰਦਿਆ ਚਲੇ ਵੇਂਦ[੩] ਕੀ ਸਮਝਨਿ ਨਹਿ ਅਗਿਆਨਿ ਗੁਬਾਰਾ[੪]।
ਬੇਦ ਗਿਰੰਥ ਗੁਰ ਹਟਿ ਹੈ ਜਿਸੁ ਲਗਿ ਭਵਜਲ[੫] ਪਾਰਿ ਉਤਾਰਾ।
ਸਤਿਗੁਰ ਬਾਝੁ ਨ ਬੁਝੀਐ ਜਿਚਰੁ ਧਰੇ ਨ ਪ੍ਰਭੁ ਅਵਤਾਰਾ।
ਗੁਰ ਪਰਮੇਸਰੁ ਇਕੁ ਹੈ ਸਚਾ ਸਾਹੁ ਜਗਤੁ ਬਣਜਾਰਾ।
ਚੜੇ ਸੂਰ[੬] ਮਿਟਿ ਜਾਇ ਅੰਧਾਰਾ ॥ ੧੭ ॥

## ਪਉੜੀ ੧੮

[ਬੋਧ ਮਤ]

ਕਲਿਜੁਗਿ ਬੋਧੁ[੭] ਅਉਤਾਰੁ ਹੈ ਬੋਧ[੮] ਅਬੋਧੁ[੯] ਨ ਦ੍ਰਿਸਟੀ ਆਵੈ।
ਕੋਇ ਨ ਕਿਸੈ ਵਰਜਈ ਸੋਈ ਕਰੇ ਜੋਈ ਮਨਿ ਭਾਵੈ।
ਕਿਸੇ ਪੂਜਾਈ ਸਿਲਾ[੧੦] ਸੁੰਨਿ ਕੋਈ ਗੋਰੀ ਮੜੀ ਪੁਜਾਵੈ।
ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ[੧੧] ਕ੍ਰੋਧੁ ਬਹੁ ਵਾਦਿ ਵਧਾਵੈ।
ਆਪੋ ਧਾਪੀ ਹੋਇਕੈ ਨਿਆਰੇ ਨਿਆਰੇ ਧਰਮ ਚਲਾਵੈ।
ਕੋਈ ਪੂਜੈ ਚੰਦੁ ਸੂਰੁ ਕੋਈ ਧਰਤਿ ਅਕਾਸੁ ਮਨਾਵੈ।
ਪਉਣੁ ਪਾਣੀ ਬੈਸੰਤਰੋ ਧਰਮਰਾਜ ਕੋਈ ਤ੍ਰਿਪਤਾਵੈ[੧੨]।
ਫੋਕਟਿ[੧੩] ਧਰਮੀ ਭਰਮਿ ਭੁਲਾਵੈ ॥ ੧੮ ॥

---

੧ ਬਦਲੀ। ੨ ਨਫਰਤ। ੩ ਗਿਆਨ। ੪ ਅੰਧੇਰਾ। ੫ ਸੰਸਾਰ। ੬ ਸੂਰਜ। ੭ ਮਹਾਤਮਾ ਬੁਧ। ੮ ਗਿਆਨ। ੯ ਅਗਿਆਨ। ੧੦ ਬੇਜਾਨ ਪੱਥਰ। ੧੧ ਝਗੜਾ। ੧੨ ਪ੍ਰਸੰਨ। ੧੩ ਬਿਅਰਥ।

Digitized by Panjab Digital Library | www.panjabdigilib.org

## ਪਉੜੀ ੧੯

[ਭਿੱਖੂ ਨਿਰਣਯ]

ਭਈ ਗਿਲਾਨਿ[1] ਜਗਤ ਵਿਚਿ ਚਾਰਿ ਵਰਨ[2] ਆਸ੍ਰਮ[3] ਉਪਾਏ।
ਦਸ ਨਾਮਿ ਸੰਨਿਆਸੀਆ[4] ਜੋਗੀ ਬਾਰਹ ਪੰਥਿ ਚਲਾਏ।
ਜੰਗਮ ਅਤੇ ਸਰੇਵੜੇ ਦਗੇ ਦਗੰਬਰਿ[5] ਵਾਦਿ[6] ਕਰਾਏ।
ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।
ਖਟਿ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ।
ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ[7]।
ਇਕਸਿ ਤੇ ਬਹੁ ਰੂਪਿ ਕਰਿ ਰੂਪ ਕਰੂਪੀ ਘਣੇ ਦਿਖਾਏ।
ਕਲਿਜੁਗਿ ਅੰਦਰਿ ਭਰਮਿ ਭੁਲਾਏ ॥ ੧੯ ॥

## ਪਉੜੀ ੨੦

[ਮੁਸਲਮਾਨੀ ਮਤ]

ਬਹੁ ਵਾਟੀ[8] ਜਗਿ ਚਲੀਆ ਤਬ ਹੀ ਭਏ [9]ਮੁਹੰਮਦਿ ਯਾਰਾ।
ਕਉਮਿ ਬਹਤਰਿ ਸੰਗਿ ਕਰਿ ਬਹੁ ਬਿਧਿ ਵੈਰੁ ਵਿਰੋਧੁ ਪਸਾਰਾ।
ਰੋਜੇ ਈਦ ਨਿਮਾਜਿ ਕਰਿ ਕਰਮੀ ਬੰਦਿ ਕੀਆ ਸੰਸਾਰਾ।
ਪੀਰ ਪੈਕੰਬਰ ਅਉਲੀਏ ਗਉਸ ਕੁਤਬ ਬਹੁ ਭੇਖ ਸਵਾਰਾ।
ਠਾਕੁਰ ਦੁਆਰੇ ਢਾਹਿਕੈ ਤਿਹਿ ਠਉੜੀ[10] ਮਾਸੀਤ ਉਸਾਰਾ।
ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ[11]।
ਕਾਫ਼ਰ ਮੁਲਹਦ[12] ਇਰਮਨੀ[13] ਰੂਮੀ ਜੰਗੀ ਦੁਸਮਣਿ ਦਾਰਾ[14]।
ਪਾਪੇ ਦਾ ਵਰਤਿਆ ਵਰਤਾਰਾ ॥ ੨੦ ॥

---

੧ ਨਫਰਤ । ੨ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ । ੩ ਬ੍ਰਹਮਚਰਜ, ਗ੍ਰਿਹਿਸਥ, ਬਾਨ ਪ੍ਰਸਤ, ਸੰਨਿਆਸ। ੪ ਗਿਰੀ, ਪੁਰੀ, ਭਾਰਤੀ, ਸਰੱਸੁਤੀ; ਦੰਡੀ, ਆਰਣਯ ਆਦਿ। ੫ ਨਾਂਗੇ.। ੬ ਝਗੜਾ। ੭ਲਿੱਬੜ ਗਏ। ੮ ਰਸਤੇ, ਸ਼ਾਖਾਂ ਤੁਰ ਪਈਆਂ। ੯ ਅਬੂਬਕਰ ਸਦੀਕ, ਹਜ਼ਰਤ ਉਮਰ, ਹਜ਼ਰਤ ਉਸਮਾਨ ਤੇ ਅਲੀ। ੧੦ ਥਾਈਂ। ੧੧ ਖਿਲਾਰਿਆ। ੧੨ ਧਰਮ ਤੋਂ ਬੇਮੁਖ। ੧੩ ਇਕ ਦੇਸ਼ ਦੇ ਵਸਨੀਕ। ੧੪ ਇਸਤ੍ਰੀ।

Digitized by Panjab Digital Library | www.panjabdigilib.org

## ਪਉੜੀ ੨੧

[ਹਿੰਦੂ ਮੁਸਲਮਾਨ ਦਾ ਟਾਕਰਾ]

ਚਾਰਿ ਵਰਨ ਚਾਰਿ ਮਜਹਬਾ[੧] ਜਗ ਵਿਚਿ ਹਿੰਦੂ ਮੁਸਲਮਾਣੇ ।
ਖੁਦੀ ਬਖੀਲਿ[੨] ਤਕਬਰੀ[੩] ਖਿੰਚੋਤਾਣ ਕਰੇਨਿ ਧਿਙਾਣੇ[੪] ।
ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ ।
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ ।
ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ ।
ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ ।
ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ ।
ਸਿਰੋ ਨ ਮਿਟੇ ਆਵਣ ਜਾਣੇ ॥ ੨੧ ॥

## ਪਉੜੀ ੨੨

[ਵਾਹਿਗੁਰੂ ਜੀ ਦਾ ਨਿਆਉਂ]

ਚਾਰੇ ਜਾਗੇ ਚਹੁ ਜੁਗੀ ਪੰਚਾਇਣੁ[੫] ਪ੍ਰਭੁ ਆਪੇ ਹੋਆ ।
ਆਪੇ ਪਟੀ ਕਲਮਿ ਆਪਿ ਆਪੇ ਲਿਖਣਿਹਾਰਾ ਹੋਆ ।
ਬਾਝੁ ਗੁਰੂ ਅੰਧੇਰੁ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ ।
ਵਰਤਿਆ ਪਾਪੁ ਜਗਤ੍ਰ ਤੇ ਧਉਲ ਉਡੀਣਾ[੬] ਨਿਸਿਦਿਨਿ[੭] ਰੋਆ ।
ਬਾਝੁ ਦਇਆ ਬਲਹੀਣ ਹੋਇ ਨਿਘਰ ਚਲੋ ਰਸਾਤਲਿ[੮] ਟੋਆ ।
ਖੜਾ ਇਕਤੇ ਪੈਰ ਤੇ ਪਾਪ ਸੰਗਿ ਬਹੁ ਭਾਰਾ ਹੋਆ ।
ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗ ਵਿਚਿ ਕੋਆ ।
ਧਰਮ ਧਉਲ ਪੁਕਾਰੇ ਤਲੈ ਖੜੋਆ ॥ ੨੨ ॥

---

੧ ਸ਼ੀਆ, ਸੁੰਨੀ, ਰਾਫਜ਼ੀ, ਅਮਾਮ ਸਾਫੀ । ੨ ਚੁਗਲੀ । ੩ ਅਹੰਕਾਰ । ੪ ਧੱਕਾ ਕਰਨਾ ।
੫ ਪੰਚ । ੬ ਉਦਾਸ । ੭ ਰਾਤ ਦਿਨ । ੮ ਪਾਤਾਲ ।

Digitized by Panjab Digital Library | www.panjabdigilib.org

## ਪਉੜੀ ੨੩

(ਗੁਰ ਅਵਤਾਰ)

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁਨਾਨਕ ਜਗ ਮਾਹਿ ਪਠਾਇਆ[੧]।
ਚਰਨ ਧੋਇ ਰਹਰਾਸਿ[੨] ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰਿ ਇਕ ਦਿਖਾਇਆ।
ਚਾਰੇ ਪੈਰ ਧਰਮ ਦੇ ਚਾਰਿ ਵਰਨ ਇਕ ਵਰਨੁ ਕਰਾਇਆ।
ਰਾਣਾ ਰੰਕ[੩] ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ।
ਉਲਟਾ ਖੇਲੁ ਪਿਰੰਮ ਦਾ ਪੈਰਾ ਉਪਰਿ ਸੀਸੁ ਨਿਵਾਇਆ।
ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ।
ਕਲਿ ਤਾਰਣ ਗੁਰੁ ਨਾਨਕ ਆਇਆ ॥ ੨੩ ॥

## ਪਉੜੀ ੨੪

[ਗੁਰ ਨਾਨਕ ਦੇਵ ਜੀ ਦਾ ਪਹਿਲਾ ਪ੍ਰਸੰਗ]

ਪਹਿਲਾ ਬਾਬੇ ਪਾਯਾ ਬਖਸੁ ਦਰਿ[੪] ਪਿਛੋਦੇ ਫਿਰਿਘਾਲਿ[੫] ਕਮਾਈ।
ਰੇਤੁ ਅਕੁ ਆਹਾਰੁ[੬] ਕਰਿ ਰੋੜਾ ਕੀ ਗੁਰ ਕਰੀ ਵਿਛਾਈ।
ਭਾਰੀ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਨਿ ਆਈ।
ਬਾਬਾ ਪੈਧਾ[੭] ਸਚ-ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ।
ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝਹੁ ਗੁਰੂ ਗੁਬਾਰਿ[੮] ਹੈ, ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ ॥ ੨੪ ॥

---

੧ ਭੇਜਿਆ। ੨ ਮਰਯਾਦਾ। ੩ ਕੰਗਾਲ। ੪ ਦਰਵਾਜਾ। ੫ ਮਿਹਨਤ। ੬ ਖੁਰਾਕ।
੭ ਪਹਿਨਾਇਆ ਗਿਆ, ਭਾਵ ਵਡਿਆਇਆ ਗਿਆ। ੮ ਅੰਧੇਰਾ।

Digitized by Panjab Digital Library | www.panjabdigilib.org

## ਪਉੜੀ ੨੫

[ਤੀਰਥਾਂ ਪਰ ਪ੍ਰੇਮ ਦੀ ਸੂੰਢ]

ਬਾਬਾ ਆਇਆ ਤੀਰਥੈ ਤੀਰਥ ਪੁਰਬ[੧] ਸਭੇ ਫਿਰਿ ਦੇਖੈ।
ਪੂਰਬ ਧਰਮ ਬਹੁ ਕਰਮ ਕਰਿ ਭਾਉ ਭਗਤਿ ਬਿਨੁ ਕਿਤੇ ਨ ਲੇਖੈ।
ਭਾਉ ਨ ਬ੍ਰਹਮੈ ਲਿਖਿਆ ਚਾਰਿ ਬੇਦਿ ਸਿੰਮ੍ਰਿਤਿ ਪੜਿ ਪੇਖੈ।
ਢੂੰਡੀ ਸਗਲੀ ਪ੍ਰਿਥਵੀ ਸਤਿਜੁਗਿ ਆਦਿ ਦੁਆਪਰਿ ਤ੍ਰੇਤੈ।
ਕਲਿਜੁਗ ਧੁੰਧੂਕਾਰ[੨] ਹੈ ਭਰਮਿ ਭੁਲਾਈ ਬਹੁ ਬਿਧਿ ਭੇਖੈ।
ਭੇਖੀ ਪ੍ਰਭੂ ਨ ਪਾਈਐ ਆਪੁ ਗਵਾਏ [੩]ਰੂਪ ਨ ਰੇਖੈ।
ਗੁਰਮੁਖਿ[੪] ਵਰਨੁ ਅਵਰਨ ਹੋਇ ਨਿਵਚਲਣਾ ਗੁਰ ਸਿਖਿ ਵਿਸੇਖੈ[੫]।
ਤਾ ਕਛੁ ਘਾਲਿ ਪਵੈ ਦਰਿ ਲੇਖੈ ॥ ੨੫ ॥

## ਪਉੜੀ ੨੬

[ਉਸ ਸਮੇਂ ਦੀ ਹਾਲਤ]

ਜਤੀ ਸਤੀ ਚਿਰੁਜੀਵਣੇ ਸਾਧਿਕ[੬] ਸਿਧ ਨਾਥ ਗੁਰੁ ਚੇਲੇ।
ਦੇਵੀ ਦੇਵ ਰਿਖੀਸੁਰਾ ਭੈਰਉ ਖੇਤ੍ਰਪਾਲਿ ਬਹੁ ਮੇਲੇ।
ਗਣ[੭] ਗੰਧਰਬ[੮] ਅਪਸਰਾਂ[੯] ਕਿੰਨਰ ਜਖ ਚਲਿਤਿ ਬਹੁ ਖੇਲੇ।
ਰਾਕਸਿ ਦਾਨੋ ਦੈਤ ਲਖ ਅੰਦਰਿ ਦੂਜਾ ਭਾਉ ਦੁਹੇਲੇ[੧੦]।
ਹਉਮੈ ਅੰਦਰਿ ਸਭਿ ਕੋ ਡੁਬੇ ਗੁਰੂ ਸਣੇ ਬਹੁ ਚੇਲੇ।
ਗੁਰਮੁਖਿ ਕੋਇ ਨ ਦਿਸਈ ਢੂੰਡੇ ਤੀਰਥਿ ਜਾਤ੍ਰੀ ਮੇਲੇ।
ਡਿਠੇ ਹਿੰਦੂ ਤੁਰਕਿ ਸਭਿ ਪੀਰ ਪੈਕੰਬਰਿ ਕਉਮਿ ਕਤੇਲੇ[੧੧]।
ਅੰਧੀ ਅੰਧੇ ਖੂਹੇ ਠੇਲੇ ॥ ੨੬ ॥

---

੧ ਦਿਨ ਦਿਹਾਰ। ੨ ਅੰਧੇਰਾ। ੩ ਚਿਹਨ ਚੱਕਰ। ੪ ਊਚ ਨੀਚ। ੫ ਵੱਡਾ। ੬ ਸਾਧਨਾ ਕਰਨ ਵਾਲੇ। ੭ ਸ਼ਿਵ ਜੀ ਦੇ ਗਣ। ੮ ਸੁਰਗ ਦੇ ਹਾਮੀ। ੯ ਪਰੀਆ। ੧੦ ਦੁਖੀ ਹੋਣਾ। ੧੧ ਕਈ ਕੌਮਾਂ।

Digitized by Panjab Digital Library | www.panjabdigilib.org

## ਪਉੜੀ ੨੭

[ਗੁਰੂ ਸੂਰਯੋਦਯ]

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ* ਅੰਧੇਰੁ ਪਲੋਆ[੧] ।
ਸਿੰਘ[੨] ਬੁਕੇ ਮਿਰਗਾਵਲੀ[੩] ਭੰਨੀ[੪] ਜਾਇ ਨ ਧੀਰਿ ਧਰੋਆ ।
ਜਿਥੇ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ ।
ਸਿਧ ਆਸਣਿ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ ।
ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ[੫] ।
ਬਾਬੇ ਤਾਰੇ [੬]ਚਾਰਿ ਚਕਿ ਨਉਖੰਡਿ ਪ੍ਰਿਥਵੀ ਸਚਾ ਢੋਆ[੭] ।
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ ॥ ੨੭ ॥

## ਪਉੜੀ ੨੮

{ਸੁਮੇਰੁ ਜਾਣਾ}

ਬਾਬੇ ਡਿਠੀ ਪਿਰਥਮੀ ਨਵੈ ਖੰਡਿ ਜਿਥੇ ਤਕਿ ਆਹੀ ।
ਫਿਰਿ ਜਾਇ ਚੜ੍ਹਿਆ ਸੁਮੇਰ ਪਰ ਸਿਧ ਮੰਡਲੀ ਦ੍ਰਿਸਟੀ ਆਈ ।
ਚਉਰਾਸੀਹ ਸਿਧ ਗੋਰਖਾਦਿ ਮਨ ਅੰਦਰਿ ਗਣਤੀ[੮] ਵਰਤਾਈ ।
ਸਿਧ ਪੁਛਣਿ ਸੁਣਿ ਬਾਲਿਆ[੯] ਕਉਣੁ ਸਕਤਿ ਤੁਹਿ ਏਥੇ ਲਿਆਈ ।
ਹਉ ਜਪਿਆ ਪਰਮੇਸਰੋ ਭਾਉ ਭਗਤਿ ਸੰਗਿ ਤਾੜੀ ਲਾਈ ।
ਆਖਣਿ ਸਿਧ ਸੁਣਿ ਬਾਲਿਆ! ਅਪਨਾ ਨਾਉ ਤੁਮ ਦੇਹੁ ਬਤਾਈ?
ਬਾਬਾ ਆਖੇ ਨਾਥ ਜੀ ! ਨਾਨਕ ਨਾਮ ਜਪੇ ਗਤਿ ਪਾਈ ।
ਨੀਚੁ ਕਹਾਇ ਊਚ ਘਰਿ ਆਈ ॥ ੨੮ ॥

---

੧ ਨਾਸ ਹੋਇਆ । ੨ ਸ਼ੇਰ । ੩ ਹਰਨਾਂ ਦੀ ਕਤਾਰ । ੪ ਦੌੜਦੀ । ੫ ਵਿਸਾਖੀ । ੬ ਚਾਰੇ ਕੂੰਟਾਂ । ੭ ਮੇਲ । ੮ ਸੋਚ । ੯ ਹੇ ਬਾਲਕ ! *ਪਾਠਾਂਤਰ-ਛਪਿ ।

Digitized by Panjab Digital Library | www.panjabdigilib.org

## ਪਉੜੀ ੨੯

[ਸਿੱਧਾਂ ਨਾਲ ਪ੍ਰਸ਼ਨੋਤ੍ਰ]

ਫਿਰਿ ਪੁਛਣਿ ਸਿਧ ਨਾਨਕਾ! ਮਾਤਲੋਕ[1] ਵਿਚਿ ਕਿਆ ਵਰਤਾਰਾ?
ਸਭ ਸਿਧੀ ਇਹ ਬੁਝਿਆ[2] ਕਲਿ ਤਾਰਣਿ ਨਾਨਕ ਅਵਤਾਰਾ।
ਬਾਬੇ ਆਖਿਆ ਨਾਥ ਜੀ! ਸਚੁ ਚੰਦ੍ਰਮਾਂ ਕੂੜੁ ਅੰਧਾਰਾ।
ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ।
ਪਾਪ ਗਿਰਾਸੀ[3] ਪਿਰਥਮੀ ਧਉਲੁ[4] ਖੜਾ ਧਰਿ ਹੇਠ ਪੁਕਾਰਾ।
ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ।
ਜੋਗੀ ਗਿਆਨ ਵਿਹੂਣਿਆ ਨਿਸਦਿਨਿ[5] ਅੰਗਿ ਲਗਾਇਨਿ ਛਾਰਾ।
ਬਾਝੁ ਗੁਰੂ ਡੁਬਾ ਜਗੁ ਸਾਰਾ॥ ੨੯ ॥

## ਪਉੜੀ ੩੦

[ਭਾਰਤ ਦੀ ਦੁਰਦਸ਼ਾ]

ਕਲਿ ਆਈ [6]ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ[7] ਮੁਖਹੁ ਆਲਾਈ।
ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।
ਸੇਵਕ ਬੈਠਨਿ ਘਰਾ ਵਿਚਿ ਗੁਰ ਉਠਿ ਘਰੀ ਤਿਨਾੜੇ[8] ਜਾਈ।
ਕਾਜੀ ਹੋਏ ਰਿਸਵਤੀ ਵਢੀ ਲੈਕੇ ਹਕ ਗਵਾਈ।
ਇਸਤ੍ਰੀ ਪੁਰਖੈ ਦਾਮ[9] ਹਿਤੁ ਭਾਵੈ ਆਇ ਕਿਥਾਊ ਜਾਈ।
ਵਰਤਿਆ ਪਾਪ ਸਭਸ ਜਗ ਮਾਂਹੀ॥ ੩੦ ॥

---

੧ ਭਾਰਤ ਵਰਸ਼। ੨ ਜਾਣਿਆ। ੩ ਕਾਬੂ ਕਰ ਲਈ। ੪ ਧਰਮ ਰੂਪੀ ਬੈਲ। ੫ ਰਾਤ।
੬ ਕੁਤੇ ਦੇ ਮੂੰਹ ਵਾਲੀ। ੭ ਕੁਧਰਮ। ੮ ਤਿਨ੍ਹਾਂ ਦੇ। ੯ ਮਾਇਆ।

Digitized by Panjab Digital Library | www.panjabdigilib.org

## ਪਉੜੀ ੩੧

[ਗੁਰੂ ਪ੍ਰੀਖਿਆ]

ਸਿਧੀ ਮਨੇ ਬੀਚਾਰਿਆ ਕਿਵੈਂ ਦਰਸਨ[੧] ਏ ਲੇਵੈ ਬਾਲਾ।
ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ।
ਖਪਰ[੨] ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ।
ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।
ਸਤਿਗੁਰ[੩] ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ।
ਫਿਰਿ ਆਇਆ ਗੁਰ ਨਾਥ ਜੀ ਪਾਣੀ ਠਉੜ ਨਹੀ ਉਸਿ ਤਾਲਾ।
ਸਬਦਿ[੪] ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ[੫]।
ਕਲਿਜੁਗਿ ਨਾਨਕ ਨਾਮੁ ਸੁਖਾਲਾ ॥ ੩੧ ॥

## ਪਉੜੀ ੩੨

{ਮੱਕੇ ਦੀ ਯਾਤ੍ਰਾ}

ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ[੬]।
ਆਸਾ[੭] ਹਥਿ ਕਿਤਾਬ ਕਛਿ ਕੂਜਾ[੮] ਬਾਂਗ ਮੁਸਲਾ[੯] ਧਾਰੀ।
ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹਜਿ ਗੁਜਾਰੀ।
ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਰਾਬੇ[੧੦] ਪਾਇ ਪਸਾਰੀ।
ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ[੧੧] ਕੁਫਾਰੀ[੧੨]?
ਲਤਾ ਵਲਿ ਖੁਦਾਇਦੇ ਕਿਉ ਕਰਿ ਪਇਆ ਹੋਇ ਬਜਿਗਾਰੀ[੧੩]।
ਟੰਗੋ ਪਕੜਿ ਘਸੀਟਿਆ ਫਿਰਿਆ ਮਕਾ ਕਲਾ ਦਿਖਾਰੀ।
ਹੋਇ ਹੈਰਾਨੁ ਕਰੇਨਿ ਜੁਹਾਰੀ[੧੪] ॥ ੩੨ ॥

---

੧ ਭੇਖ। ੨ ਚਿੱਪੀ। ੩ ਪੂਰਨ ਪੁਰਖ। ੪ ਗੱਲਾਂ ਬਾਤਾਂ ਨਾਲ। ੫ ਅੱਡ। ੬ ਸੰਸਾਰ ਬਨ ਦੇ ਮਾਲਕ। ੭ ਸੋਟਾ। ੮ ਲੋਟਾ। ੯ ਫੂੜ੍ਹੀ। ੧੦ ਮੱਕਾ। ੧੧ ਝੂਠ। ੧੨ ਮੁਨਕਰ। ੧੩ ਪਾਪੀ, ਢੀਠ। ੧੪ ਨਮਸਕਾਰ।

Digitized by Panjab Digital Library | www.panjabdigilib.org

## ਪਉੜੀ ੩੩

[ਕਾਜ਼ੀਆਂ ਮੁੱਲਾਂ ਨਾਲ ਪ੍ਰਸ਼ਨੋਤਰ]

ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ।
ਵਡਾ ਸਾਂਗ ਵਰਤਾਇਆ ਲਖਿ[੧] ਨ ਸਕੈ ਕੁਦਰਤਿ ਕੋਈ।
ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ ?
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।
ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ।
ਕਚਾ ਰੰਗੁ ਕਸੁੰਭ ਦਾ ਪਾਣੀ ਧੋਤੈ ਥਿਰੁ ਨ ਰਹੋਈ।
ਕਰਨਿ ਬਖੀਲੀ[੨] ਆਪਿ ਵਿਚਿ ਰਾਮ ਰਹੀਮ ਇਕ ਥਾਇ ਖਲੋਈ।
ਰਾਹਿ ਸੈਤਾਨੀ ਦੁਨੀਆ ਗੋਈ ॥ ੩੩ ॥

## ਪਉੜੀ ੩੪

[ਮੱਕੇ ਦੀ ਦਿਗ ਬਿਜਯ]

ਧਰੀ ਨੀਸਾਣੀ [੩]ਕਉਸ ਦੀ ਮਕੇ ਅੰਦਰਿ ਪੂਜ ਕਰਾਈ।
ਜਿਥੈ ਜਾਇ ਜਗਤ ਵਿਚਿ ਬਾਬੇ ਬਾਝੁ ਨ ਖਾਲੀ ਜਾਈ।
ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ*।
ਛਪੇ ਨਾਹਿ ਛਪਾਇਆ ਚੜਿਆ ਸੂਰਜੁ ਜਗੁ ਰੁਸਨਾਈ।
ਬੁਕਿਆ ਸਿੰਘ ਉਜਾੜ ਵਿਚਿ ਸਭਿ ਮਿਰਗਾਵਲਿ ਭੰਨੀ ਜਾਈ।
ਚੜਿਆ ਚੰਦੁ ਨ ਲੁਕਈ ਕਢਿ ਕੁਨਾਲੀ[੪] ਜੋਤਿ ਛਪਾਈ।
ਉਗਵਣਿ[੫] ਤੇ ਆਥਵਣੋ[੬] ਨਉਖੰਡ ਪ੍ਰਿਥਮੀ ਸਭਾ ਝੁਕਾਈ।
ਜਗ ਅੰਦਰਿ ਕੁਦਰਤਿ ਵਰਤਾਈ ॥ ੩੪ ॥

---

੧ ਜਾਣ। ੨ ਚੁਗਲੀ, ਈਰਖਾ। ੩ ਖੜਾਵ। ੪ ਸਾਨਕ, ਮਿੱਟੀ ਦੀ ਪ੍ਰਾਤ। ੫ ਚੜ੍ਹਦਾ।
੬ ਛਿਪਦਾ। *ਪਾਠਾਂਤਰ-ਗਵਾਹੀ।

Digitized by Panjab Digital Library | www.panjabdigilib.org

## ਪਉੜੀ ੩੫

[ਬਗ਼ਦਾਦ ਗਮਨ]

ਫਿਰਿਬਾਬਾਗਇਆਬਗਦਾਦਨੋ ਬਾਹਰਿਜਾਇਕੀਆਅਸਥਾਨਾ[੧]।
ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।
ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ।
ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।
ਵੇਖੈ ਧਿਆਨੁ ਲਗਾਇ ਕਰਿ ਇਕੁ ਫਕੀਰੁ ਵਡਾ ਮਸਤਾਨਾ।
ਪੁਛਿਆਫਿਰਿਕੈ ਦਸਤਗੀਰ[੨] ਕਉਣ ਫਕੀਰੁਕਿਸਕਾਘਰਿਹਾਨਾ[੩] ?
ਨਾਨਕ ਕਲਿ ਵਿਚਿ ਆਇਆ ਰਬੁ ਫਕੀਰੁ ਇਕੋ ਪਹਿਚਾਨਾ।
ਧਰਤਿ ਆਕਾਸ ਚਹੁਦਿਸ ਜਾਨਾ ॥ ੩੫ ॥

## ਪਉੜੀ ੩੬

[ਜ਼ਾਹਰੀ ਕਲਾ]

ਪੁਛੇ ਪੀਰ ਤਕਰਾਰ[੪] ਕਰਿ ਏਹ ਫਕੀਰ ਵਡਾ ਅਤਾਈ[੫]।
ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ।
ਪਾਤਾਲਾ ਆਕਾਸ ਲਖ ਓੜਕਿ ਭਾਲੀ ਖਬਰੁ ਸੁਣਾਈ।
ਫੇਰਿ ਦੁਰਾਇਣ[੬] ਦਸਤਗੀਰ ਅਸੀ ਭਿ ਵੇਖਾ ਜੋ ਤੁਹਿ ਪਾਈ।
ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਵਾਈ[੭]।
ਲਖ ਆਕਾਸ ਪਤਾਲ ਲਖ ਅਖਿ ਫੁਰਕ ਵਿਚਿ ਸਭਿ ਦਿਖਲਾਈ।
ਭਰਿ ਕਚਕੋਲ[੮] ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ।
ਜ਼ਾਹਰ ਕਲਾ ਨ ਛਪੈ ਛਪਾਈ ॥ ੩੬ ॥

---

੧ ਡੇਰਾ। ੨ ਬਗਦਾਦ ਦਾ ਪੀਰ। ੩ ਪ੍ਰਣਾਲੀ। ੪ ਝਗੜਾ। ੫ ਸ਼ਕਤੀਮਾਨ। ੬ ਦੁਹਰਾ ਕੇ। ੭ ਆਕਾਸ਼। ੮ ਚਿੱਪੀ।

Digitized by Panjab Digital Library | www.panjabdigilib.org

## ਪਉੜੀ ੩੭

[ਸਤਿਨਾਮੁ ਚੱਕਰ]

ਗੜ[੧] ਬਗਦਾਦੁ ਨਿਵਾਇਕੈ ਮਕਾ ਮਦੀਨਾ ਸਭੇ ਨਿਵਾਇਆ।
ਸਿਧਚਉਰਾਸੀਹ ਮੰਡਲੀ[੨] ਖਟਿ ਦਰਸਨਿ ਪਾਖੰਡਿ ਜਿਣਾਇਆ[੩]।
ਪਾਤਾਲਾ ਆਕਾਸ ਲਖ ਜੀਤੀ ਧਰਤੀ ਜਗਤੁ ਸਬਾਇਆ।
ਜੀਤੀ ਨਉਖੰਡ ਮੇਦਨੀ[੪] ਸਤਿਨਾਮੁ ਦਾ ਚਕ੍ਰ ਫਿਰਾਇਆ।
ਦੇਵਦਾਨੋ ਰਾਕਸਿ ਦੈਤ ਸਭ ਚਿਤਿਗੁਪਤਿਸਭਿਚਰਨੀ ਲਾਇਆ।
ਇੰਦ੍ਰਾਸਣਿ ਅਪਛਰਾ ਰਾਗ ਰਾਗਣੀ ਮੰਗਲੁ ਗਾਇਆ।
ਭਇਆਅਨੰਦ ਜਗਤੁਵਿਚਿ ਕਲਿਤਾਰਨ ਗੁਰਨਾਨਕ ਆਇਆ।
ਹਿੰਦੂ ਮੁਸਲਮਾਨਿ ਨਿਵਾਇਆ ॥ ੩੭ ॥

## ਪਉੜੀ ੩੮

[ਕਰਤਾਰਪੁਰ ਆਗਮਨ]

ਫਿਰਿਬਾਬਾਆਇਆ ਕਰਤਾਰਪੁਰਿਭੇਖੁ ਉਦਾਸੀ ਸਗਲਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।
ਉਲਟੀ[੫] ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ।
ਪੁਤਰੀ ਕਉਲੁ[੬] ਨ ਪਾਲਿਆ ਮਨਿ ਖੋਟੇ ਆਕੀ ਨਿਸਿਆਰਾ[੭]।
ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਿਆਰਾ।
ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇਧੁਨਕਾਰਾ।
ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।
ਗੁਰਮੁਖਿ ਭਾਰ ਅਥਰਬਣਿ ਤਾਰਾ ॥ ੩੮ ॥

---

੧ ਕਿਲ੍ਹਾ। ੨ ਛੇ ਦਰਸ਼ਨ। ੩ ਜਿਤਿਆ। ੪ ਸ੍ਰਿਸ਼ਟੀ। ੫ ਗੰਗਾ ਵਗਾਈ। ੬ ਵਚਨ।
੭ ਨੱਸਣ ਵਾਲੇ।

Digitized by Panjab Digital Library | www.panjabdigilib.org

## ਪਉੜੀ ੩੯

{ਸ਼ਿਵਰਾਤ੍ਰੀ}

ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ।
ਦਰਸਨੁ ਵੇਖਣਿ ਕਾਰਨੇ ਸਗਲੀ ਉਲਟਿ ਪਈ ਲੋਕਾਈ।
ਲਗੀ ਬਰਸਣਿ ਲਛਮੀ ਰਿਧਿ ਸਿਧਿ ਨਉ ਨਿਧਿ ਸਵਾਈ।
ਜੋਗੀ ਦੇਖਿ ਚਲਿਤ੍ਰ ਨੋ ਮਨ ਵਿਚਿ ਰਿਸਕਿ[1] ਘਨੇਰੀ ਖਾਈ।
ਭਗਤੀਆ[2] ਪਾਈ ਭਗਤਿ ਆਣਿ ਲੋਟਾ ਜੋਗੀ ਲਇਆ ਛਪਾਈ।
ਭਗਤੀਆ ਗਈ ਭਗਤਿ[3] ਭੁਲਿ ਲੋਟੇ ਅੰਦਰਿ ਸੁਰਤਿ ਭੁਲਾਈ।
ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾ ਲੁਕਾਈ।
ਵੇਖਿ ਚਲਿਤ੍ਰਿ ਜੋਗੀ ਖੁਣਿਸਾਈ[4] ॥ ੩੯ ॥

## ਪਉੜੀ ੪੦

[ਸਿੱਧਾਂ ਨਾਲ ਗੋਸ਼ਟਿ]

ਖਾਧੀ ਖੁਣਸਿ ਜੁਗੀਸਰਾ ਗੋਸਟਿ ਕਰਨਿ ਸਭੇ ਉਠਿ ਆਈ।
ਪੁਛੇ ਜੋਗੀ ਭੰਗਰ ਨਾਥੁ ਤੁਹਿ ਦੁਧ ਵਿਚਿ ਕਿਉ ਕਾਂਜੀ ਪਾਈ।
ਫਿਟਿਆ ਚਾਟਾ ਦੁਧ ਦਾ ਰਿੜਕਿਆ ਮਖਣੁ ਹਥਿ ਨ ਆਈ।
ਭੇਖੁ ਉਤਾਰਿ ਉਦਾਸਿ ਦਾ ਵਤਿ ਕਿਉ ਸੰਸਾਰੀ ਰੀਤਿ ਚਲਾਈ।
ਨਾਨਕ ਆਖੇ ਭੰਗਰਨਾਥ ਤੇਰੀ ਮਾਉ ਕੁਚਜੀ ਆਹੀ।
ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ[5] ਸੜਾਈ।
ਹੋਇ ਅਤੀਤੁ[6] ਗ੍ਰਿਹਸਤਿ ਤਜਿਫਿਰਿ ਉਨਕੇਘਰਿ ਮੰਗਣਿਜਾਈ।
ਬਿਨੁ ਦਿਤੇ ਕਛੁ ਹਥਿ ਨ ਆਈ ॥ ੪੦ ॥

---

੧ ਈਰਖਾ। ੨ ਰਾਸਧਾਰੀਏ। ੩ ਰਾਸ। ੪ ਗੁੱਸਾ ਖਾਧਾ। ੫ ਭੇਖ ਰੂਪੀ ਫੁੱਲ।
੬ ਵਿਰਕਤ।

Digitized by Panjab Digital Library | www.panjabdigilib.org

## ਪਉੜੀ ੪੧

[ਸਿਧ ਕਰਾਮਾਤ]

ਇਹਿ ਸੁਣਿ ਬਚਨ ਜੋਗੀਸਰਾਮਾਰਿਕਿਲਕ[1] ਬਹੁ ਰੂਇ ਉਠਾਈ[2] ।
ਖਟਿ ਦਰਸਨ ਕਉ ਖੇਦਿਆ[3] ਕਲਿਜੁਗਿ ਨਾਨਕ ਬੇਦੀ ਆਈ ।
ਸਿਧਿ ਬੋਲਨਿ ਸਭਿ ਅਵਖਧੀਆ[4] ਤੰਤ੍ਰ ਮੰਤ੍ਰ ਕੀ ਧੁਨੋ[5] ਚੜ੍ਹਾਈ ।
ਰੂਪ ਵਟਾਏ ਜੋਗੀਆ ਸਿੰਘ ਬਾਘਿ ਬਹੁ ਚਲਿਤਿ ਦਿਖਾਈ ।
ਇਕਿ ਪਰਿ ਕਰਿਕੈ ਉਡਰਨਿ ਪੰਖੀ ਜਿਵੈ ਰਹੈ ਲੀਲਾਈ[6] ।
ਇਕਨਾਨਾਗਹੋਇਪਉਣਛੋੜਿਆਇਕਨਾਵਰਖਾਅਗਨਿਵਸਾਈ ।
ਤਾਰੇ ਤੋੜੇ ਭੰਗਰਿਨਾਥ ਇਕਚੜਿ ਮਿਰਗਾਨੀ[7] ਜਲੁ ਤਰਿ ਜਾਈ ।
ਸਿਧਾ ਅਗਨਿ ਨ ਬੁਝੈ ਬੁਝਾਈ ॥ ੪੧ ॥

## ਪਉੜੀ ੪੨

[ਸਿੱਧ ਪ੍ਰਸ਼ਨੋਤਰ]

ਸਿਧਿਬੋਲਨਿਸੁਣਿਨਾਨਕਾਤੁਹਿਜਗਨੋਕਿਆਕਰਾਮਾਤਿਦਿਖਾਈ ।
ਕੁਝ ਵਿਖਾਲੇਂ ਅਸਾਂ ਨੋ ਤੁਹਿ ਕਿਉ ਢਿਲ ਅਵੇਹੀ ਲਾਈ ।
ਬਾਬਾ ਬੋਲੇ ਨਾਥ ਜੀ! ਅਸਾਂ ਤੇ ਵੇਖਣਿ* ਜੋਗੀ ਵਸਤੁ ਨ ਕਾਈ ।
ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹਹਿ ਰਾਈ ।
ਸਿਵ ਰੂਪੀ ਕਰਤਾ ਪੁਰਖੁ ਚਲੇ ਨਾਹੀ ਧਰਤਿ ਚਲਾਈ ।
ਸਿਧ ਤੰਤ੍ਰ ਮੰਤ੍ਰਿ ਕਰਿ ਝੜਿਪਏ ਸਬਦਿ ਗੁਰੂ ਕੇ ਕਲਾ[8] ਛਪਾਈ ।
ਦਦੇ ਦਾਤਾ ਗੁਰੂ ਹੈ ਕਕੇ ਕੀਮਤ ਕਿਨੇ ਨ ਪਾਈ ।
ਸੋ ਦੀਨ ਨਾਨਕ ਸਤਿਗੁਰ ਸਰਣਾਈ ॥ ੪੨ ॥

---

੧ ਭਬਕ । ੨ ਰੂਹਾਂ ਉਡੀਆਂ । ੩ ਰੱਦ ਕੀਤਾ । ੪ ਦਵਾਈਆਂ । ੫ ਆਵਾਜ਼ । ੬ ਤਾਰੀ ਲਾਉਣੀ । ੭ ਮ੍ਰਿਗਸ਼ਾਲਾ । ੮ ਕਰਾਮਾਤ । *ਪਾਠਾਂਤਰ-ਅਸਾਂ ਵੇਖੇ ।

Digitized by Panjab Digital Library | www.panjabdigilib.org

## ਪਉੜੀ ੪੩

[ਸਤਿਨਾਮੁ ਦਾ ਪਰਤਾਪ]

ਬਾਬਾ ਬੋਲੇ ਨਾਥ ਜੀ ! ਸਬਦੁ ਸੁਨਹੁ ਸਚੁ ਮੁਖਹੁ [1]ਅਲਾਈ ।
ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ ।
ਬਸਤਰਿ ਪਹਿਰੋ ਅਗਨਿ ਕੈ ਬਰਫ ਹਿਮਾਲੇ ਮੰਦਰੁ [2]ਛਾਈ
ਕਰੋ ਰਸੋਈ ਸਾਰ[3] ਦੀ ਸਗਲੀ ਧਰਤੀ ਨਥਿ ਚਲਾਈ ।
ਏਵਡੁ ਕਰੀ ਵਿਥਾਰ ਕਉ ਸਗਲੀ ਧਰਤੀ ਹਕੀ ਜਾਈ ।
ਤੋਲੀ ਧਰਤਿ ਅਕਾਸਿ ਦੁਇ ਪਿਛੈ ਛਾਬੇ ਟੰਕੁ[4] ਚੜਾਈ ।
ਇਹ ਬਲੁ ਰਖਾ ਆਪਿ ਵਿਚਿ ਜਿਸੁ ਆਖਾ ਤਿਸੁ ਪਾਸਿ ਕਰਾਈ ।
ਸਤਿਨਾਮੁ ਬਿਨੁ ਬਾਦਰਿ ਛਾਈ ॥ ੪੩ ॥

## ਪਉੜੀ ੪੪

{ਸਿਧ ਗੋਸ਼ਟ ਮੁਲਤਾਨ}

ਬਾਬੇ ਕੀਤੀ ਸਿਧਿ ਗੋਸਟਿ[5] ਸਬਦਿ ਸਾਂਤਿ ਸਿਧੀ ਵਿਚਿ ਆਈ ।
ਜਿਣਿ[6] ਮੇਲਾ ਸਿਵਰਾਤਿ ਦਾ ਖਟ ਦਰਸਨ ਆਦੇਸਿ[7] ਕਰਾਈ ।
ਸਿਧਿ ਬੋਲਨਿ ਸੁਭ ਬਚਨਿ ਧਨੁ ਨਾਨਕ ਤੇਰੀ ਵਡੀ ਕਮਾਈ ।
ਵਡਾ ਪੁਰਖੁ ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ ।
ਮੇਲਿਓ ਬਾਬਾ ਉਠਿਆ ਮੁਲਤਾਨੇ ਦੀ ਜਾਰਤਿ[8] ਜਾਈ ।
ਅਗੋਂ ਪੀਰ ਮੁਲਤਾਨ ਦੇ ਦੁਧਿ ਕਟੋਰਾ ਭਰਿ ਲੈ ਆਈ ।
ਬਾਬੇ ਕਢਿ ਕਰਿ ਬਗਲ ਤੇ ਚੰਬੇਲੀ ਦੁਧ ਵਿਚਿ ਮਿਲਾਈ ।
ਜਿਉ ਸਾਗਰ ਵਿਚਿ ਗੰਗ ਸਮਾਈ ॥ ੪੪ ॥

---

੧ ਕਿਹਾ । ੨ ਬਣਾਉਣੇ । ੩ ਲੋਹਾ । ੪ ਚਾਰ ਮਾਸ਼ੇ ਦੇ ਕਰੀਬ ਟੰਕ ਹੁੰਦਾ ਹੈ । ੫ ਵਿਚਾਰ ।
੬ ਜਿਤ ਕੇ । ੭ ਨਮਸਕਾਰ । ੮ ਯਾਤ੍ਰਾ ।

Digitized by Panjab Digital Library | www.panjabdigilib.org

## ਪਉੜੀ ੪੫

{ਗੁਰੂ ਅੰਗਦ}

ਜਾਰਤਿ ਕਰਿ ਮੁਲਤਾਨ ਦੀ ਫਿਰਿ ਕਰਤਾਰ ਪੁਰੇ ਨੋ ਆਇਆ।
ਚੜ੍ਹੇਸਵਾਈ [1]ਦਿਹਿਦਿਹੀ ਕਲਿਜੁਗਿ ਨਾਨਕ ਨਾਮੁ ਧਿਆਇਆ।
ਵਿਣੁ ਨਾਵੈ ਹੋਰੁ ਮੰਗਣਾ ਸਿਰਿ ਦੁਖਾ ਦੇ ਦੁਖ ਸਬਾਇਆ।
ਮਾਰਿਆ ਸਿਕਾ ਜਗਤ੍ਰਿਵਿਚਿ ਨਾਨਕਨਿਰਮਲ ਪੰਥਚਲਾਇਆ।
ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।
ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ।
ਲਖਿ ਨ ਕੋਈ ਸਕਈ ਆਚਰਜੇ ਆਚਰਜ ਦਿਖਾਇਆ।
ਕਾਇਆ ਪਲਟਿ ਸਰੂਪ ਬਣਾਇਆ ॥ ੪੫ ॥

## ਪਉੜੀ ੪੬

{ਗੁਰ ਅਮਰਦਾਸ ਜੀ}

ਸੋ [2]ਟਿਕਾ ਸੋ ਛਤ੍ਰ ਸਿਰਿ ਸੋਈ ਸਚਾ ਤਖਤੁ ਟਿਕਾਈ।
ਗੁਰ ਨਾਨਕ [3]ਹੰਦੀ ਮੁਹਰ ਹਥਿ ਗੁਰ ਅੰਗਦ ਦੀ ਦੋਹੀ[4] ਫਿਰਾਈ।
ਦਿਤਾ ਛੋੜਿ ਕਰਤਾਰਪੁਰੁ ਬੈਠਿ ਖਡੂਰੇ ਜੋਤਿ ਜਗਾਈ।
ਜੰਮੇ[5] ਪੂਰਬਿ ਬੀਜਿਆ ਵਿਚਿ ਵਿਚਿ ਹੋਰੁ ਕੂੜੀ ਚਤੁਰਾਈ।
ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।
ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਤਿ ਇਲਾਹੀ[6]।
ਫੇਰਿਵਸਾਇਆ ਗੋਇੰਦਵਾਲੁਅਚਰਜੁ[7] ਖੇਲੁ ਨਲਖਿਆ ਜਾਈ।
ਦਾਤਿ ਜੋਤਿ ਖਸਮੈ ਵਡਿਆਈ ॥ ੪੬ ॥

---

੧ ਦਸਾਂ ਦਿਸ਼ਾਵਾਂ ਵਿਚ। ੨ ਤਿਲਕ। ੩ ਦੀ। ੪ ਦੁਹਾਈ। ੫ ਉੱਗੇ। ੬ ਰੱਬੀ। ੭ ਹੈਰਾਨੀ ਵਾਲਾ।

Digitized by Panjab Digital Library | www.panjabdigilib.org

## ਪਉੜੀ ੪੭

[ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ]

ਦਿਚੈ[੧] ਪੂਰਬਿ ਦੇਵਣਾ ਜਿਸਦੀ ਵਸਤੁ ਤਿਸੈ ਘਰਿ ਆਵੈ।
ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।
ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ।
ਉਲਟਾ ਖੇਲ ਖਸੰਮ ਦਾ ਉਲਟੀ ਗੰਗ ਸਮੁੰਦ੍ਰਿ ਸਮਾਵੈ।
ਦਿਤਾ ਲਈਐ ਆਪਣਾ ਅਣਦਿਤਾ ਕੁਛ ਹਥਿ ਨ ਆਵੈ।
ਫਿਰਿ ਆਈ ਘਰਿ ਅਰਜਣੇ ਪੁਤ ਸੰਸਾਰੀ ਗੁਰੂ ਕਹਾਵੈ।
ਜਾਣਿ ਨ ਦੇਸਾਂ ਸੋਢੀਓਂ ਹੋਰਸਿ ਅਜਰੁ[੨] ਨ ਜਰਿਆ ਜਾਵੈ।
ਘਰ ਹੀ ਕੀ ਵਥੁ ਘਰੇ ਰਹਾਵੈ ॥ ੪੭ ॥

## ਪਉੜੀ ੪੮

(ਗੁਰੂ ਹਰਿਗੋਬਿੰਦ)

ਪੰਜਿ[੩] ਪਿਆਲੇ[੪] ਪੰਜ ਪੀਰ[੫] ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨ ਕਾਇਆ ਪਲਟਿਕੈ ਮੂਰਤਿ ਹਰਿਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।
ਦਲਭੰਜਨ[੬] ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।
ਪੁਛਨਿਸਿਖਅਰਦਾਸਿਕਰਿ ਛਿਅਮਹਿਲਾਂਤਕਿਦਰਸੁ ਨਿਹਾਰੀ[੭]।
[੮]ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ।
ਕਲਿਜੁਗਿ ਪੀੜੀ ਸੋਢੀਆਂ ਨਿਹਚਲ[੯] ਨੀਵ[੧੦] ਉਸਾਰਿ ਖਲਾਰੀ।
ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ ॥ ੪੮ ॥

---

੧ ਦੇਣਾ। ੨ ਜੋ ਜਰਿਆ ਨ ਜਾਵੇ। ੩ ਸਤਿ, ਸੰਤੋਖ, ਦਇਆ, ਧਰਮ, ਧੀਰਜ। ੪ ਗੁਰੂ ਨਾਨਕ ਤੋਂ ਗੁਰੂ ਅਰਜਨ ਤਕ। ੫ ਛੇਵਾਂ। ੬ ਤੋੜਨ ਵਾਲਾ। ੭ ਦੇਖਿਆ। ੮ ਮਨ ਬਾਣੀ ਤੋਂ ਪਰੇ। ੯ ਅਹਿੱਲ। ੧੦ ਨੀਂਹ।

Digitized by Panjab Digital Library | www.panjabdigilib.org

# ਪਉੜੀ ੩੯

[ਵਾਹਿਗੁਰੂ ਮੰਤ੍ਰ]

ਸਤਿਜੁਗਿ ਸਤਿਗੁਰ ਵਾਸਦੇਵ ਵਵਾ ਵਿਸਨਾ[1] ਨਾਮੁ ਜਪਾਵੈ।
ਦੁਆਪੁਰਿ ਸਤਿਗੁਰ ਹਰੀ ਕ੍ਰਿਸ਼ਨ ਹਾਹਾ ਹਰਿਹਰਿਨਾਮੁ ਜਪਾਵੈ।
ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੇ ਸੁਖੁ ਪਾਵੈ।
ਕਲਿਜੁਗਿ ਨਾਨਕ ਗੁਰ ਗੋਬਿੰਦ ਗਗਾ ਗੋਬਿੰਦ ਨਾਮੁ ਅਲਾਵੈ।
ਚਾਰੇ ਜਾਗੇ ਚਹੁ ਜੁਗੀ ਪੰਚਾਇਣ[2] ਵਿਚਿ ਜਾਇ ਸਮਾਵੈ।
ਚਾਰੋ ਅਛਰ ਇਕੁ ਕਰਿ ਵਾਹਿਗੁਰੂ ਜਪੁ ਮੰਤ੍ਰ ਜਪਾਵੈ।
ਜਹਾ ਤੇ ਉਪਜਿਆ ਫਿਰਿ ਤਹਾ ਸਮਾਵੈ ॥ ੪੯ ॥ ੧ ॥

* *

—

* *

---

੧ ਵਿਸ਼ਨੂੰ। ੨ ਵਾਹਿਗੁਰੂ।

Digitized by Panjab Digital Library | www.panjabdigilib.org

# ਵਾਰ ੨.

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਵਸਤੂ ਨਿਰਦੇਸ਼ ਮੰਗਲਾਚਰਣ]

ਆਪਨੜੈ ਹਥਿ ਆਰਸੀ[੧] ਆਪੇ ਹੀ ਦੇਖੈ।
ਆਪੇ ਦੇਖਿ ਦਿਖਾਇਦਾ ਛਿਅ ਦਰਸਨਿ ਭੇਖੈ।
ਜੇਹਾ ਮੂੰਹ ਕਰਿ ਭਾਲਿਦਾ ਤੇਵੇਹੈ ਲੇਖੈ।
ਹਸਦੇ ਹਸਦਾ ਦੇਖੀਐ ਸੋ ਰੂਪ ਸਰੇਖੈ[੨]।
ਰੋਂਦੇ ਦਿਸੈ ਰੋਵਦਾ ਹੋਇ [੩]ਨਿਮਖ ਨਿਮੇਖੈ।
ਆਪੇ ਆਪਿ ਵਰਤਦਾ ਸਤਿਸੰਗਿ ਵਿਸੇਖੈ ॥ ੧ ॥

## ਪਉੜੀ ੨

{ਵਜੰਤ੍ਰੀ ਦਾ ਦ੍ਰਿਸ਼ਟਾਂਤ}

ਜਿਉ ਜੰਤ੍ਰੀ[੫] ਹਥਿ ਜੰਤ੍ਰ[੬] ਲੈ ਸਭਿ ਰਾਗ ਵਜਾਏ।
ਆਪੇ ਸੁਣਿ ਸੁਣਿ ਮਗਨੁ ਹੋਇ ਆਪੇ ਗੁਣ ਗਾਏ।
ਸਬਦੁ ਸੁਰਤਿ ਲਿਵਲੀਣੁ ਹੋਇ ਆਪਿ ਰੀਝਿ ਰੀਝਾਏ[੭]।
ਕਥਤਾ ਬਕਤਾ[੮] ਆਪਿ ਹੈ ਸੁਰਤਾ ਲਿਵ ਲਾਏ।
ਆਪੇ ਆਪਿ ਵਿਸਮਾਦੁ[੯] ਹੋਇ ਸਰਬੰਗਿ ਸਮਾਏ।
ਆਪੇ ਆਪਿ ਵਰਤਦਾ ਗੁਰਮੁਖਿ ਪਤੀਆਏ[੧੦] ॥ ੨ ॥

---

੧ ਸ਼ੀਸ਼ਾ। ੨ ਵਰਗਾ। ੩ ਅੱਖ ਦੇ ਫੋਰ ਵਿਚ। ੪ ਵਿਸ਼ੇਸ਼ ਕਰਕੇ। ੫ ਵਾਜਾ ਵਜਾਉਣ ਵਾਲਾ। ੬ ਵਾਜਾ। ੭ ਖੁਸ਼ ਹੋਣਾ। ੮ ਕਹਿੰਦਾ। ੯ ਅਸਚਰਜ। ੧੦ ਪਤੀਜਦੇ ਹਨ।

Digitized by Panjab Digital Library | www.panjabdigilib.org

## ਪਉੜੀ ੩

[ਆਪੇ ਰਸੀਆ ਆਪਿ ਰਸੁ]

ਆਪੇ ਭੁਖਾ ਹੋਇਕੈ ਆਪਿ ਜਾਇ ਰਸੋਈ।
ਭੋਜਨ ਆਪਿ ਬਣਾਇਦਾ ਰਸ ਵਿਚਿ ਰਸ ਗੋਈ[੧]।
ਆਪੇ ਖਾਇ ਸਲਾਹਿਕੈ ਹੋਇ ਤ੍ਰਿਪਤਿ ਸਮੋਈ[੨]।
ਆਪੇ ਰਸੀਆ[੩] ਆਪਿ ਰਸੁ ਰਸੁ ਰਸਨਾ ਭੋਈ[੪]।
ਦਾਤਾ ਭੁਗਤਾ ਆਪਿ ਹੈ ਸਰਬੰਗ ਸਮੋਈ।
ਆਪੇ ਆਪਿ ਵਰਤਦਾ ਗੁਰਮੁਖਿ ਸੁਖੁ ਹੋਈ॥ ੩ ॥

## ਪਉੜੀ ੪

[ਉਹ ਹੀ]

ਆਪੇ ਪਲੰਘੁ ਵਿਛਾਇਕੈ ਆਪਿ ਅੰਦਰਿ ਸਉਂਦਾ।
ਸੁਹਣੇ* ਅੰਦਰਿ ਜਾਇਕੈ ਦੇਸੰਤਰ[੫] ਭਉਂਦਾ।
ਰੰਕੁ[੬] ਰਾਉ[੭] ਰਾਉ ਰੰਕੁ ਹੋਇ ਦੁਖ ਸੁਖ ਵਿਚਿ ਪਉਂਦਾ।
ਤਤਾ ਸੀਅਰਾ[੮] ਹੋਇ ਜਲੁ ਆਵਟਣੁ[੯] ਖਉਂਦਾ।
ਹਰਖ ਸੋਗ ਵਿਚਿ ਧਾਵਦਾ[੧੦] [੧੧]ਚਾਵਾਇ ਚਉਂਦਾ।
ਆਪੇ ਆਪਿ ਵਰਤਦਾ ਗੁਰਮੁਖਿ ਸੁਖੁ ਰਉਂਦਾ[੧੨] ॥ ੪ ॥

## ਪਉੜੀ ੫

[ਅਧਿਕਾਰੀ ਭੇਦ]

ਸਮਸਰਿ[੧੩] ਵਰਸੈ ਸ੍ਵਾਂਤ ਬੂੰਦ ਜਿਉ ਸਭਨੀ ਥਾਈ।
ਜਲ ਅੰਦਰਿ ਜਲੁ ਹੋਇ ਮਿਲੈ ਧਰਤੀ ਬਹੁ ਭਾਈ[੧੪]।

---

੧ ਮਿਲਾਉਂਦਾ ਹੈ। ੨ ਸਮਾਉਣਾ। ੩ ਰਸ ਲੈਣ ਵਾਲਾ। ੪ ਮਿਲਦਾ ਹੈ। ੫ ਕਈ ਦੇਸ਼ਾਂ ਵਿਚ। ੬ ਕੰਗਾਲ। ੭ ਰਾਜਾ। ੮ ਠੰਡਾ। ੯ ਉਬਾਲੇ। ੧੦ ਦੌੜਦਾ ਹੈ। ੧੧ ਜਿਵੇਂ ਬੁਲਾਏ ਤਿਵੇਂ ਬੋਲਦਾ ਹੈ। ੧੨ ਮਾਣਦਾ ਹੈ। ੧੩ ਇਕੋ ਜਿਹਾ। ੧੪ ਭਾਂਤਾਂ। *ਸੁਪਨੇ।

Digitized by Panjab Digital Library | www.panjabdigilib.org

ਕਿਰਖ[1] ਬਿਰਖ[2] ਰਸ ਕਸ[3] ਘਣੇ ਫਲੁ ਫੁਲੁ ਸੁਹਾਈ।
ਕੇਲੇ ਵਿਚਿ ਕਪੂਰੁ ਹੋਇ ਸੀਤਲੁ ਸੁਖਦਾਈ।
ਮੋਤੀ ਹੋਵੈ ਸਿਪ ਮੁਹਿ ਬਹੁ ਮੋਲ ਮੁਲਾਈ।
ਬਿਸੀਅਰ[4] ਦੇ ਮੁਹਿ ਕਾਲਕੂਟ[5] ਚਿਤਵੇ ਬੁਰਿਆਈ।
ਆਪੇ ਆਪਿ ਵਰਤਦਾ ਸਤਿਸੰਗਿ ਸੁਭਾਈ ॥ ੫ ॥

## ਪਉੜੀ ੬

[ਸੰਗਤ ਦਾ ਅਸਰ]

ਸੋਈ ਤਾਂਬਾ ਰੰਗ[6] ਸੰਗਿ ਜਿਉ ਕੈਹਾ ਹੋਈ।
ਸੋਈ ਤਾਂਬਾ ਜਸਤ ਮਿਲਿ ਪਿਤਲ ਅਵਲੋਈ[7]।
ਸੋਈ ਸੀਸੇ* ਸੰਗਤੀ ਭੰਗਾਰੰ† ਭੁਲੋਈ।
ਤਾਂਬਾ ਪਾਰਸਿ ਪਰਸਿਆ[8] ਹੋਇ ਕੰਚਨ[9] ਸੋਈ।
ਸੋਈ ਤਾਂਬਾ ਭਸਮ ਹੋਇ ਅਉਖਧ[10] ਕਰਿ ਭੋਈ।
ਆਪੇ ਆਪਿ ਵਰਤਦਾ ਸੰਗਤਿ ਗੁਣ ਗੋਈ ॥ ੬ ॥

## ਪਉੜੀ ੭

[ਜਲ ਦਾ ਦ੍ਰਿਸ਼ਟਾਂਤ]

ਪਾਣੀ ਕਾਲੇ ਰੰਗ ਵਿਚ ਜਿਉ ਕਾਲਾ ਦਿਸੈ।
ਰਤਾ[11] ਰਤੇ ਰੰਗ ਵਿਚਿ ਮਿਲਿ ਮੇਲਿ ਸਲਿਸੈ[12]।
ਪੀਲੈ ਪੀਲਾ ਹੋਇ ਮਿਲੈ ਹਿਤੁ ਜੇਹੀ ਵਿਸੈ[13]।
ਸਾਵਾ[14] ਸਾਵੇ ਰੰਗ ਮਿਲਿ ਸਭਿ ਰੰਗ ਸਰਿਸੈ[15]।
ਤਤਾ ਠੰਢਾ ਹੋਇਕੈ ਹਿਤ[illegible] ਜਿਸੈ ਤਿਸੈ।
ਆਪੇ ਆਪਿ ਵਰਤਦਾ ਗੁਰਮੁਖਿ ਸੁਖ ਜਿਸੈ ॥ ੭ ॥

---

੧ ਖੇਤੀ। ੨ ਦਰੱਖਤ। ੩ ਕੌੜੇ। ੪ ਸੱਪ। ੫ ਜ਼ਹਿਰ। ੬ ਕਲੀ। ੭ ਦਿਖਾਈ ਦੇਂਦਾ ਹੈ। ੮ ਛੋਹਿਆ। ੯ ਸੋਨਾ। ੧੦ ਦਵਾਈ। ੧੧ ਲਾਲ। ੧੨ ਸਮਾਨ। ੧੩ ਵੈਸਾ। ੧੪ ਹਰਿਆ (ਸਬਜ਼)। ੧੫ ਵਰਗਾ। *ਸਿੱਕਾ। †ਭਰਤ ਧਾਤੂ।

Digitized by Panjab Digital Library | www.panjabdigilib.org

## ਪਉੜੀ ੮

[ਹੋਰ ਦ੍ਰਿਸ਼ਟਾਂਤ]

ਦੀਵਾ ਬਲੈ ਬੈਸੰਤਰਹੁ ਚਾਨਣ ਅਨ੍ਹੇਰੇ।
ਦੀਪਕ ਵਿਚਹੁੰ ਮਸੁ[1] ਹੋਇ ਕੰਮ ਆਇ[2] ਲਿਖੇਰੇ।
ਕਜਲੁ[3] ਹੋਵੈ ਕਾਮਣੀ[4] ਸੰਗਿ ਭਲੇ ਭਲੇਰੇ।
ਮਸਵਾਣੀ[5] ਹਰਿ ਜਸੁ ਲਿਖੈ ਦਫਤਰ ਅਗਲੇਰੇ[6]।
ਆਪੇ ਆਪਿ ਵਰਤਦਾ ਗੁਰਮੁਖਿ ਚਉਫੇਰੇ॥ ੮॥

## ਪਉੜੀ ੯

[ਅਨੇਕਤਾ ਵਿਚ ਏਕਤਾ]

ਬਿਰਖੁ[7] ਹੋਵੈ ਬੀਉ ਬੀਜੀਐ ਕਰਦਾ ਪਸਾਰਾ[8]।
ਜੜ ਅੰਦਰਿ ਪੇਡ[9] ਬਾਹਰਾ ਬਹੁ ਡਾਲ ਬਿਸਥਾਰਾ[10]।
ਪਤ ਫੁਲ ਫਲ ਫਲੀ ਦਾ ਰਸ ਰੰਗ ਸਵਾਰਾ।
ਵਾਸੁ ਨਿਵਾਸੁ ਉਲਾਸੁ[11] ਕਰਿ ਹੋਇ ਵਡ ਪਰਵਾਰਾ।
ਫਲ ਵਿਚਿ ਬੀਉ ਸੰਜੀਉ[12] ਹੋਇ ਫਲ ਫਲੇ ਹਜਾਰਾ।
ਆਪੇ ਆਪਿ ਵਰਤਦਾ ਗੁਰਮੁਖਿ ਨਿਸਤਾਰਾ॥ ੯॥

## ਪਉੜੀ ੧੦

[ਸੂਤ ਦਾ ਦ੍ਰਿਸ਼ਟਾਂਤ]

ਹੋਵੈ ਸੂਤ ਕਪਾਹ ਦਾ ਕਰਿ ਤਾਣਾ ਵਾਣਾ[13]।
ਸੂਤਹੁ ਕਪੜੁ ਜਾਣੀਐ ਆਖਾਣ[14] ਵਖਾਣਾ।
ਚਉਸੀ ਤੈ ਚਉਤਾਰ ਹੋਇ ਗੰਗਾ ਜਲੁ ਜਾਣਾ।
ਖਾਸਾ ਮਲਮਲ ਸਿਰੀਸਾਫੁ ਤਨਸੁਖ ਮਨਿ ਭਾਣਾ।
ਪਗ ਦੁਪਟਾ ਚੋਲਣਾ[15] ਪਟਕਾ[16] ਪਰਵਾਣਾ।

---

੧ ਸ਼ਾਹੀ। ੨ ਲਿਖਣ ਦੇ। ੩ ਸੁਰਮਾ। ੪ ਇਸਤ੍ਰੀ। ੫ ਦਵਾਤ। ੬ ਬਹੁਤੇ। ੭ ਰੁੱਖ। ੮ ਫੈਲਦਾ ਹੈ। ੯ ਦਰੱਖਤ। ੧੦ ਖਿਲਾਰਾ। ੧੧ ਪ੍ਰਕਾਸ਼। ੧੨ ਪੱਕਣਾ। ੧੩ ਪੇਟਾ। ੧੪ ਕਈ ਨਾਂ। ੧੫ ਚੋਲਾ। ੧੬ ਕਮਰ ਬੰਦ।

Digitized by Panjab Digital Library | www.panjabdigilib.org

ਆਪੇ ਆਪਿ ਵਰਤਦਾ ਗੁਰਮੁਖਿ ਰੰਗ ਮਾਣਾ ॥ ੧੦ ॥

## ਪਉੜੀ ੧੧

[ਸੋਨੇ ਦਾ ਦ੍ਰਿਸ਼ਟਾਂਤ]

ਸੁਨਿਆਰਾ ਸੁਇਨਾ ਘੜੈ ਗਹਣੇ ਸਾਂਵਾਰੇ।
ਪਿਪਲ ਵਤਰੇ[੧] ਵਾਲੀਆ ਤਾਨਉੜੇ[੨] ਤਾਰੇ।
ਵੇਸਰਿ[੩] ਨਥਿ ਵਖਾਣੀਐ ਕੰਠ ਮਾਲਾ ਧਾਰੇ।
[੪]ਟੀਕਤਿ ਮਣੀਆ ਮੋਤਿਸਰ[੫] ਗਜਰੇ[੬] [੭]ਪਾਸਾਰੇ।
ਦੂਰਾ[੮] ਬੁਹਟਾ[੯] ਗੋਲ ਛਾਪ ਕਰਿ ਬਹੁ ਪਰਕਾਰੇ।
ਆਪੇ ਆਪਿ ਵਰਤਦਾ ਗੁਰਮੁਖਿ ਵੀਚਾਰੇ ॥ ੧੧ ॥

## ਪਉੜੀ ੧੨

(ਗੰਨੇ ਦਾ ਦ੍ਰਿਸ਼ਟਾਂਤ)

ਗੰਨਾ ਕੋਲੂ ਪੀੜੀਐ ਰਸੁ ਦੇ [੧੦]ਦਰਹਾਲਾ।
ਕੋਈ ਕਰੇ ਗੁੜੁ ਭੇਲੀਆਂ ਕੋ ਸਕਰ ਵਾਲਾ।
ਕੋਈ ਖੰਡ ਸਵਾਰਦਾ [੧੧]ਮਖਣ ਮਸਾਲਾ।
ਹੋਵੈ ਮਿਸਰੀ ਕਲੀਕੰਦ ਮਿਠਿਆਈ ਢਾਲਾ।
ਖਾਵੈ ਰਾਜਾ ਰੰਕੁ ਕਰਿ ਰਸ ਭੋਗ ਸੁਖਾਲਾ।
ਆਪੇ ਆਪਿ ਵਰਤਦਾ ਗੁਰਮੁਖਿ ਸੁਖਾਲਾ ॥ ੧੨ ॥

## ਪਉੜੀ ੧੩

[ਗਾਂ ਦੇ ਦੁਧ ਦਾ ਦ੍ਰਿਸ਼ਟਾਂਤ]

ਗਾਈ ਰੰਗ ਬਿਰੰਗ ਬਹੁ ਦੁਧੁ ਊਜਲੁ ਵਰਣਾ।
ਦੁਧਹੁ ਦਹੀ ਜਮਾਈਐ ਕਰਿ ਨਿਹਚਲੁ[੧੨] ਧਰਣਾ।
ਦਹੀ ਵਿਲੋਇ[੧੩] ਅਲੋਈਐ[੧੪] ਛਾਹਿ[੧੫] ਮਖਣ ਤਰਣਾ।

---

੧ ਵਰਗੇ। ੨ ਮੁਰਕੀਆਂ (ਕੰਨਾਂ ਦੇ ਸਤਾਰੇ) । ੩ ਬਲਾਕ । ੪ ਟਿੱਕਾ ਮਣੀਆਂ । ੫ ਮੋਤੀਆਂ ਦੀ ਮਾਲਾ । ੬ ਗੋਖੜੂ । ੭ ਫੈਲਾਓ । ੮ ਨੱਤੀਆਂ । ੯ ਟਾਂਡਾ । ੧੦ ਛੇਤੀ। ੧੧ ਮਖਾਣੇ, ਲਾਚੀਆਂ। ੧੨ ਅਡੋਲ। ੧੩ ਰਿੜਕਣਾ। ੧੪ ਦੇਖਣਾ। ੧੫ ਲੱਸੀ।

Digitized by Panjab Digital Library | www.panjabdigilib.org

ਮਖਣੁ ਤਾਇਆ ਉਟਾਇਕੈ[੧] ਘਿਉ ਨਿਰਮਲ ਕਰਣਾ।
ਹੋਮ ਜਗ ਨਈਵੇਦ[੨] ਕਰਿ ਸਭ ਕਾਰਜ ਸਰਣਾ।
ਆਪੇ ਆਪਿ ਵਰਤਦਾ ਗੁਰਮੁਖਿ ਹੋਇ ਜਰਣਾ ॥ ੧੩ ॥

## ਪਉੜੀ ੧੪

[ਸੂਰਜ ਦਾ ਦ੍ਰਿਸ਼ਟਾਂਤ]

ਪਲ ਘੜੀਆ ਮੂਰਤ ਪਹਰ ਥਿਤ ਵਾਰ ਗਣਾਏ।
[੩]ਦੁਇ ਪਖ ਬਾਰਹਮਾਹ ਕਰਿ ਸੰਜੋਗ ਬਣਾਏ।
ਛਿਅ ਰੁਤੀ ਵਰਤਾਈਆ ਬਹੁ ਚਲਿਤ[੪] ਬਣਾਏ।
ਸੂਰਜੁ ਇਕੁ ਵਰਤਦਾ ਲੋਕੁ ਵੇਦ [੫]ਅਲਾਏ।
ਚਾਰਿ ਵਰਨ ਛਿਅ ਦਰਸਨਾ ਬਹੁ ਪੰਥ ਚਲਾਏ।
ਆਪੇ ਆਪਿ ਵਰਤਦਾ ਗੁਰਮੁਖਿ ਸਮਝਾਏ ॥ ੧੪ ॥

## ਪਉੜੀ ੧੫

[ਉਹੀ ਭਾਵ, ਬੈਸੰਤਰ ਦਾ ਦ੍ਰਿਸ਼ਟਾਂਤ}

ਇਕੁ ਪਾਣੀ ਇਕ ਧਰਤਿ ਹੈ ਬਹੁ ਬਿਰਖ ਉਪਾਏ।
[੬]ਅਫਲ [੭]ਸਫਲ ਪਰਕਾਰ ਬਹੁ ਫਲ ਫੁਲ ਸੁਹਾਏ।
ਬਹੁ ਰਸ ਰੰਗ ਸੁਵਾਸਨਾ[੮] ਪਰਕਿਰਤਿ[੯] ਸੁਭਾਏ।
ਬੈਸੰਤਰੁ ਇਕੁ ਵਰਨ ਹੋਇ ਸਭ ਤਰਵਰ[੧੦] ਛਾਏ।
ਗੁਪਤਹੁ ਪਰਗਟ ਹੋਇਕੈ ਭਸਮੰਤ[੧੧] ਕਰਾਏ।
ਆਪੇ ਆਪਿ ਵਰਤਦਾ ਗੁਰਮੁਖਿ ਸੁਖ ਪਾਏ ॥ ੧੫ ॥

## ਪਉੜੀ ੧੬

[ਬਿਰਦ ਪਾਲਨ]

ਚੰਦਨ ਵਾਸ ਵਣਾਸਪਤਿ ਸਭ ਚੰਦਨ ਹੋਵੈ।

---

੧ ਕਾੜ੍ਹਕੇ। ੨ ਪੂਜਾ। ੩ ਅਨ੍ਹੇਰਾ, ਚਾਨਣਾ। ੪ ਚਲਿਤ੍ਰ। ੫ ਕਹੇ ਜਾਂਦੇ ਹਨ। ੬ ਬਿਨਾਂ ਫਲ ਤੋਂ। ੭ ਫਲ ਸਹਿਤ। ੮ ਸੁਗੰਧੀ। ੯ ਮਾਦਾ। ੧੦ ਦਰੱਖਤ। ੧੧ ਸੁਆਹ।

Digitized by Panjab Digital Library | www.panjabdigilib.org

ਅਸਟ ਧਾਤੁ ਇਕ ਧਾਤੁ ਹੋਇ ਸੰਗਿ ਪਾਰਸਿ ਢੋਵੈ[੧]।
ਨਦੀਆ ਨਾਲੇ ਵਾਹੜੇ[੨] ਮਿਲਿ ਗੰਗ ਗੰਗੋਵੈ[੩]।
ਪਤਿਤ ਉਧਾਰਣੁ ਸਾਧ ਸੰਗ ਪਾਪਾ ਮਲੁ ਧੋਵੈ।
ਨਰਕ ਨਿਵਾਰ ਅਸੰਖ ਹੋਇ ਲਖ ਪਤਿਤ ਸੰਗੋਵੈ[੪]।
ਆਪੇ ਆਪਿ ਵਰਤਦਾ ਗੁਰਮੁਖਿ ਅਲੋਵੈ[੫] ॥੧੬॥

## ਪਉੜੀ ੧੭

[ਪ੍ਰੇਮ]

ਦੀਪਕ ਹੇਤੁ[੬] ਪਤੰਗ ਦਾ ਜਲ ਮੀਨ ਤਰੰਦਾ।
ਮਿਰਗੁ ਨਾਦ ਵਿਸਮਾਦੁ[੭] ਹੈ ਭਵਰ ਕਵਲਿ ਵਸੰਦਾ।
ਚੰਦ ਚਕੋਰ ਪਰੀਤਿ ਹੈ ਦੇਖਿ ਧਿਆਨੁ ਧਰੰਦਾ।
ਚਕਵੀ ਸੂਰਜ ਹੇਤੁ ਹੈ ਸੰਜੋਗੁ ਬਣੰਦਾ।
ਨਾਰਿ ਭਤਾਰ[੮] ਪਿਆਰੁ ਹੈ ਮਾਂ ਪੁਤੁ ਮਿਲੰਦਾ।
ਆਪੇ ਆਪਿ ਵਰਤਦਾ ਗੁਰਮੁਖਿ ਪਰਚੰਦਾ[੯] ॥੧੭॥

## ਪਉੜੀ ੧੮

[ਅੰਗਾਂ ਦਾ ਦ੍ਰਿਸ਼ਟਾਂਤ]

ਅਖੀ ਅੰਦਰਿ ਦੇਖਦਾ ਸਭ ਚੋਜ ਵਿਡਾਣਾ[੧੦]।
ਕੰਨੀ ਸੁਣਦਾ ਸੁਰਤਿ ਕਰਿ ਆਖਾਣਿ ਵਖਾਣਾ।
ਜੀਭੈ ਅੰਦਰਿ ਬੋਲਦਾ ਬਹੁ ਸਾਦ ਲੁਭਾਣਾ।
ਹਥੀਂ ਕਿਰਤਿ ਕਮਾਵਦਾ ਪਗਿ[੧੧] ਚਲੈ ਸੁਜਾਣਾ।
ਦੇਹੀ ਅੰਦਰਿ ਇਕੁ ਮਨੁ ਇੰਦ੍ਰੀ[੧੨] ਪਰਵਾਣਾ।
ਆਪੇ ਆਪਿ ਵਰਤਦਾ ਗੁਰਮੁਖਿ ਸੁਖੁ ਮਾਣਾ ॥੧੮॥

---

੧ ਮਿਲਕੇ। ੨ ਨਿਕੇ ਨਾਲੇ। ੩ ਗੰਗਾ ਹੋ ਜਾਂਦੇ ਹਨ। ੪ ਸੰਗ। ੫ ਦੇਖਣਾ। ੬ ਪ੍ਰੇਮ। ੭ ਮਸਤ। ੮ ਪਤੀ। ੯ ਪਰਚਦਾ ਹੈ। ੧੦ ਅਸਚਰਜ। ੧੧ ਪੈਰ! ੧੨ ਦਸ ਇੰਦਰੇ।

Digitized by Panjab Digital Library | www.panjabdigilib.org

## ਪਉੜੀ ੧੯

[ਸ੍ਰਿਸ਼ਟੀ ਤੇ ਸ੍ਰਿਸ਼ਟੇ ਦਾ ਪ੍ਰਬੰਧ]

ਪਵਣ ਗੁਰੂ ਗੁਰ ਸਬਦੁ ਹੈ ਰਾਗ ਨਾਦ[1] ਵੀਚਾਰਾ।
ਮਾਤ ਪਿਤਾ ਜਲੁ ਧਰਤਿ ਹੈ, ਉਤਪਤ ਸੰਸਾਰਾ।
ਦਾਈ ਦਾਇਆ ਰਾਤਿ ਦਿਹੁ ਵਰਤੇ ਵਰਤਾਰਾ।
ਸਿਵ[2] ਸਕਤੀ[3] ਦਾ ਖੇਲੁ ਮੇਲੁ ਪਰਕਿਰਤਿ[4] ਪਸਾਰਾ।
ਪਾਰਬ੍ਰਹਮ ਪੂਰਨ ਬ੍ਰਹਮ ਘਟਿ[5] ਚੰਦ੍ਰ ਅਕਾਰਾ।
ਆਪੇ ਆਪਿ ਵਰਤਦਾ ਗੁਰਮੁਖਿ ਨਿਰਧਾਰਾ ॥ ੧੯ ॥

## ਪਉੜੀ ੨੦

[ਆਪ ਹੀ ਆਪ]

ਫੁਲਾਂ ਅੰਦਰਿ ਵਾਸੁ[6] ਹੈ ਹੋਇ ਭਵਰੁ ਲੁਭਾਣਾ।
ਅੰਬਾਂ ਅੰਦਰਿ ਰਸ ਧਰੇ, ਕੋਇਲ ਰਸ ਮਾਣਾ।
ਮੋਰ ਬਬੀਹਾ ਸੋਇਕੈ ਘਣ[7] ਵਰਸ ਸਿਵਾਣਾ।
ਖੀਰ[8] ਨੀਰ ਸੰਜੋਗ ਹੋਇ ਕਲੀਕੰਦ ਵਖਾਣਾ।
ਓਅੰਕਾਰੁ ਅਕਾਰੁ ਕਰਿ, ਹੋਇ ਪਿੰਡ ਪਰਾਣਾ।
ਆਪੇ ਆਪਿ ਵਰਤਦਾ ਗੁਰਮੁਖਿ ਪਰਵਾਣਾ ॥੨੦॥੨॥

---

੧ ਸ਼ਬਦ । ੨ ਚੇਤਨ । ੩ ਮਾਇਆ । ੪ ਮਾਦਾ । ੫ ਘੜਾ । ੬ ਸੁਗੰਧ । ੭ ਬੱਦਲ । ੮ ਦੁੱਧ ।

Digitized by Panjab Digital Library | www.panjabdigilib.org

# ਵਾਰ ੩.

੧ ੴ ਸਤਿਗੁਰ ਪ੍ਰਸਾਦਿ ॥

## ਪਉੜੀ ੧ [ਨਮਸਕਾਰਾਤਮਕ ਮੰਗਲਾਚਰਣ]

ਆਦਿ ਪੁਰਖ ਆਦੇਸ[1], ਆਦਿ ਵਖਾਨਿਆ।
ਸੋ ਸਤਿਗੁਰੁ ਸਚਾ ਵੇਸੁ[2], ਸਬਦਿ ਸਿਵਾਨਿਆ।
ਸਬਦਿ ਸੁਰਤਿ ਉਪਦੇਸੁ, ਸਚਿ ਸਮਾਨਿਆ।
ਸਾਧ ਸੰਗਤਿ ਸਚੁ ਦੇਸੁ, ਘਰ ਪਰਵਾਨਿਆ।
ਪ੍ਰੇਮ ਭਗਤਿ ਆਵੇਸੁ ਸਹਜਿ ਸੁਖਾਨਿਆ।
ਭਗਤਿ ਵਛਲੁ ਪਰਵੇਸੁ[3] ਮਾਨੁ ਨਿਮਾਨਿਆ।
ਬ੍ਰਹਮਾ ਬਿਸਨੁ ਮਹੇਸੁ ਅੰਤੁ ਨ ਜਾਨਿਆ।
ਸਿਮਰਿ ਸਹਸਿ [4]ਫਣ ਸੇਸੁ ਤਿਲੁ ਨ ਪਛਾਨਿਆ।
ਗੁਰਮੁਖਿ ਦਰ ਦਰਵੇਸੁ ਸਚੁ ਸੁਹਾਨਿਆ ॥ ੧ ॥

## ਪਉੜੀ ੨ [ ਗੁਰ ਚੇਲਾ ]

ਗੁਰੁ ਚੇਲੇ ਰਹਰਾਸਿ[5] ਅਲਖੁ ਅਭੇਉ ਹੈ।
ਗੁਰੁ ਚੇਲੇ ਸਾਬਾਸਿ ਨਾਨਕ ਦੇਉ ਹੈ।
ਰੁ ਰਮਤਿ ਸਹਜਿ ਨਿਵਾਸੁ ਸਿਫਤਿ ਸਮੇਉ ਹੈ।
ਸਬਦਿ ਸੁਰਤਿ ਪਰਗਾਸ ਅਛਲ ਅਛੇਉ ਹੈ।
ਗੁਰਮੁਖਿ ਆਸ ਨਿਰਾਸ ਮਤਿ ਅਰਖੇਉ[6] ਹੈ।
ਕਾਮ ਕਰੋਧ ਵਿਨਾਸੁ ਸਿਫਤਿ ਸਮੇਉ[7] ਹੈ।
ਸਤਿ ਸੰਤੋਖ ਉਲਾਸ[8] ਸਕਤਿ ਨ ਸੇਉ ਹੈ।
ਘਰ ਹੀ ਵਿਚਿ ਉਦਾਸੁ ਸਚੁ [9]ਸੁਚੇਉ ਹੈ।
ਵੀਹ ਇਕੀਹ ਅਭਿਆਸ ਗੁਰ ਸਿਖ ਦੇਉ ਹੈ ॥ ੨ ॥

---

੧ ਨਮਸਕਾਰ। ੨ ਰੂਪ। ੩ ਪ੍ਰਵੇਸ਼। ੪ ਸ਼ੇਸ਼ ਨਾਗ ਦਾ ਮੂੰਹ। ੫ ਮਰਯਾਦਾ। ੬ ਉੱਚੀ ਮਤਿ। ੭ ਸਮਾਇਆ। ੮ ਅਨੰਦ। ੯ ਸੁੱਚਾ ਹੋਣਾ।

Digitized by Panjab Digital Library | www.panjabdigilib.org

## ਪਉੜੀ ੩

[ ਗੁਰੁ ਚੇਲਾ ]

ਗੁਰ ਚੇਲਾ ਪਰਵਾਨੁ ਗੁਰਮੁਖਿ ਜਾਣੀਐ।
ਗੁਰਮੁਖਿ ਚੋਜਿ ਵਿਡਾਨੁ[੧] ਅਕਥ[੨] ਕਥਾਣੀਐ।
ਕੁਦਰਤਿ ਨੋ ਕੁਰਬਾਨੁ ਕਾਦਰ ਜਾਣੀਐ।
ਗੁਰਮੁਖਿ ਜਗਿ ਮਿਹਮਾਨੁ[੩] ਜਗੁ ਮਿਹਮਾਣੀਐ।
ਸਤਿਗੁਰ ਸਤਿ ਸੁਹਾਨੁ[੪] ਆਖਿ ਵਖਾਣੀਐ।
ਦਰ ਢਾਢੀ ਦਰਵਾਨੁ ਚਵੈ[੫] ਗੁਰਬਾਣੀਐ।
ਅੰਤਰਿਜਾਮੀ ਜਾਣੁ ਹੇਤੁ ਪਛਾਣੀਐ।
ਸਚੁ ਸਬਦੁ ਨੀਸਾਣੁ ਸੁਰਤਿ ਸਮਾਣੀਐ।
ਇਕੋ ਦਰਿ ਦੀਬਾਣੁ[੬] ਸਬਦਿ[੭] ਸਿਞਾਣੀਐ ॥ ੩ ॥

## ਪਉੜੀ ੪

[ ਗੁਰ ਚੇਲਾ ]

ਸਬਦੁ ਗੁਰੂ ਗੁਰ ਵਾਹੁ ਗੁਰਮੁਖਿ ਪਾਇਆ।
ਚੇਲਾ ਸੁਰਤਿ ਸਮਾਹੁ ਅਲਖੁ ਲਖਾਇਆ।
ਗੁਰ ਚੇਲੇ ਵੀਵਾਹੁ ਤੁਰੀ[੮] ਚੜਾਇਆ।
ਗਹਿਰ ਗੰਭੀਰ ਅਥਾਹੁ ਅਜਰੁ ਜਰਾਇਆ।
ਸਚਾ ਬੇਪਰਵਾਹੁ ਸਚਿ ਸਮਾਇਆ।
ਪਾਤਿਸਾਹਾ ਪਾਤਿਸਾਹੁ ਹੁਕਮੁ ਚਲਾਇਆ।
ਲਉਬਾਲੀ[੯] ਦਰਗਹ ਭਾਣਾ ਭਾਇਆ।
ਸਚੀ ਸਿਫਤਿ ਸਲਾਹਿ ਅਪਿਉ[੧੦] ਪੀਆਇਆ।
ਸਬਦੁ ਸੁਰਤਿ ਅਸਗਾਹ[੧੧] ਅਘੜ ਘੜਾਇਆ ॥ ੪ ॥

---

੧ ਅਸਚਰਜ। ੨ ਜੋ ਕਹੀ ਨਾ ਜਾ ਸਕੇ। ੩ ਪਰਾਹੁਣਾ। ੪ ਸੁਹਾਉਂਦਾ। ੫ ਕਹਿੰਦਾ ਹੈ। ੬ ਬਾਣੀ। ੭ ਬ੍ਰਹਮ। ੮ ਘੋੜੀ। ੯ ਬੇਪਰਵਾਹ। ੧੦ਅੰਮ੍ਰਿਤ। ੧੧ ਸਮੁੰਦਰ, ਅਰਥਾਤ ਬਾਹਲਾ।

Digitized by Panjab Digital Library | www.panjabdigilib.org

## ਪਉੜੀ ੫

[ਗੁਰਮੁਖ ਪੰਥੀ]

ਮੁਲਿ ਨ ਮਿਲੈ ਅਮੋਲੁ ਨ ਕੀਮਤਿ ਪਾਈਐ।
ਪਾਇ ਤਰਾਜੂ[੧] ਤੋਲੁ ਨ ਅਤੁਲੁ[੨] ਤੁਲਾਈਐ।
ਨਿਜ ਘਰਿ ਤਖਤੁ ਅਡੋਲੁ ਨ ਡੋਲੁ ਡੋਲਾਈਐ।
ਗੁਰਮੁਖਿ ਪੰਥ ਨਿਰੋਲੁ ਨ ਰਲੇ ਰਲਾਈਐ।
ਕਥਾ ਅਕਥ[੩] ਅਬੋਲ ਨ ਬੋਲ ਬੁਲਾਈਐ।
ਸਦਾ ਅਭੁਲੁ ਅਭੋਲੁ[੪] ਨ ਭੋਲਿ ਭੁਲਾਈਐ।
ਗੁਰਮੁਖਿ ਪੰਥੁ ਅਲੋਲੁ[੫] ਸਹਜਿ ਸਮਾਈਐ।
ਅਮਿਉ[੬] ਸਰੋਵਰ ਝੋਲੁ[੭] ਗੁਰਮੁਖਿ ਪਾਈਐ।
ਲਖ ਟੋਲੀ ਇਕੁ ਟੋਲੁ[੮] ਨ ਆਪੁ ਗਣਾਈਐ ॥ ੫ ॥

## ਪਉੜੀ ੬

[ਗੁਰ ਸਿਖੀ ਦਾ ਸੌਦਾ]

ਸਉਦਾ ਇਕਤੁ ਹਟਿ ਸਬਦਿ ਵਿਸਾਹੀਐ[੯]।
ਪੂਰਾ ਪੂਰੇ ਵਟਿ ਕਿ ਆਖਿ ਸਲਾਹੀਐ।
ਕਦੇ ਨ ਹੋਵੈ ਘਟਿ ਸਚੀ ਪਤਿਸਾਹੀਐ।
ਪੂਰੇ ਸਤਿਗੁਰ ਖਟਿ ਅਖੁਟੁ[੧੦] ਸਮਾਹੀਐ।
ਸਾਧ ਸੰਗਤਿ ਪਰਗਟਿ ਸਦਾ ਨਿਬਾਹੀਐ।
ਚਾਵਲ ਇਕਤੇ ਸਟਿ ਨ ਦੂਜੀ ਵਾਹੀਐ।
ਜਮ ਦੀ ਫਾਹੀ ਕਟਿ ਦਾਦਿ[੧੧] ਇਲਾਹੀਐ[੧੨]।
ਪੰਜੇ ਦੂਤ ਸੰਘਟਿ[੧੩] ਢੇਰੀ ਢਾਹੀਐ।
ਪਾਣੀ ਜਿਉ ਹਰਿਹਟਿ[੧੪] ਸੁ ਖੇਤ ਉਮਾਹੀਐ ॥ ੬ ॥

---

੧ ਤਕੜੀ । ੨ ਨਾ ਤੋਲਿਆ ਜਾਵੇ । ੩ ਕਥਨ ਤੋਂ ਰਹਿਤ । ੪ ਗ਼ਲਤੀ ਰਹਿਤ । ੫ ਅਸਥਿਰ । ੬ ਅੰਮ੍ਰਿਤ । ੭ ਨਿਤਾਰਨਾ । ੮ ਪਦਾਰਥ । ੯ ਖਰੀਦਣਾ । ੧੦ ਨਾ ਮੁਕਣ ਵਾਲਾ । ੧੧ ਮੱਦਦ । ੧੨ ਈਸ਼ਵਰ । ੧੩ ਇਕੱਠ । ੧੪ ਹਲਟ (ਟਿੰਡਾਂ ਵਾਲਾ) ।

Digitized by Panjab Digital Library | www.panjabdigilib.org

## ਪਉੜੀ ੭

[ਸਤਿਗੁਰੂ]

ਪੂਰਾ ਸਤਿਗੁਰੁ ਆਪਿ ਨ ਅਲਖੁ ਲਖਾਵਈ[1] ।
ਦੇਖੈ ਥਾਪਿ[2] ਉਥਾਪਿ[3] ਜਿਉ ਤਿਸੁ ਭਾਵਈ ।
ਲੇਪੁ ਨ ਪੁੰਨਿ ਨ ਪਾਪਿ ਉਪਾਇ ਸਮਾਵਈ ।
ਲਾਗੂ ਵਰ ਨ ਸਰਾਪ ਨ ਆਪ ਜਣਾਵਈ ।
ਗਾਵੈ ਸਬਦੁ ਅਲਾਪਿ[4] ਅਕਥੁ ਸੁਣਾਵਈ ।
ਅਕਥ ਕਥਾ ਜਪੁ ਜਾਪਿ ਨ ਜਗਤੁ ਕਮਾਵਈ ।
ਪੂਰੈ ਗੁਰ ਪਰਤਾਪਿ ਆਪੁ ਗਵਾਵਈ ।
ਲਾਹੇ ਤਿੰਨੇ ਤਾਪ[5] ਸੰਤਾਪ ਘਟਾਵਈ ।
ਗੁਰਬਾਣੀ ਮਨ ਧ੍ਰਾਪਿ[6] ਨਿਜ[7] ਘਰਿ ਆਵਈ ॥ ੭ ॥

## ਪਉੜੀ ੮

[ਗੁਰਸਿਖਾਂ ਲਈ ਸਾਧਨ, ਦਸ਼ਾ ਤੇ ਵਰਤਨ]

ਪੂਰਾ ਸਤਿਗੁਰ ਸਤਿ ਗੁਰਮੁਖਿ ਭਾਲੀਐ ।
ਪੂਰੀ ਸਤਿਗੁਰ ਮਤਿ ਸਬਦ ਸਮ੍ਹਾਲੀਐ[8] ।
ਦਰਗਹ ਧੋਈਐ ਪਤਿ[9] ਹਉਮੈ ਜਾਲੀਐ ।
ਘਰ ਹੀ ਜੋਗ ਜੁਗਤਿ ਬੈਸਣਿ ਧ੍ਰਮਸਾਲੀਐ ।
ਪਾਵਨ ਮੋਖ ਮੁਕਤਿ ਗੁਰ ਸਿਖਿ ਪਾਲੀਐ ।
ਅੰਤਰਿ ਪ੍ਰੇਮ ਭਗਤਿ ਨਦਰਿ ਨਿਹਾਲੀਐ ।
ਪਤਿਸਾਹੀ ਇਕ ਛਤ[10] ਖਰੀ ਸੁਖਾਲੀਐ ।
ਪਾਣੀ ਪੀਹਣ ਘਤਿ ਸੇਵਾ ਘਾਲੀਐ ।
ਮਸਕੀਨੀ[11] ਵਿਚ ਵਤਿ ਚਾਲ ਨਿਰਾਲੀਐ ॥ ੮ ॥

---

੧ ਜਣਾਉਣਾ । ੨ ਬਣਾਉਣਾ । ੩ ਢਾਉਣਾ । ੪ ਗਾਉਣਾ । ੫ ਆਧੀ, ਬਿਆਧੀ, ਉਪਾਧੀ । ੬ ਤ੍ਰਿਪਤ ਹੋਣਾ । ੭ ਆਪਣਾ । ੮ ਸੰਭਾਲ । ੯ ਇਜ਼ਤ । ੧੦ ਸੁਤੰਤ੍ਰ ਪਾਤਿਸ਼ਾਹੀ । ੧੧ ਗਰੀਬੀ ।

Digitized by Panjab Digital Library | www.panjabdigilib.org

## ਪਉੜੀ ੯

[ਗੁਰਮੁਖਾਂ ਦੇ ਲੱਛਣ]

ਗੁਰਮੁਖਿ ਸਚਾ ਖੇਲੁ ਗੁਰ ਉਪਦੇਸਿਆ।
ਸਾਧ ਸੰਗਤਿ ਦਾ ਮੇਲ ਸਬਦ ਅਵੇਸਿਆ[1]।
ਫੁਲੀਂ ਤਿਲੀਂ ਫੁਲੇਲ[2] ਸੰਗਿ ਸਲੇਸਿਆ[3]।
ਗੁਰ ਸਿਖ ਨਕ ਨਕੇਲ ਮਿਟੈ ਅੰਦੇਸਿਆ[4]।
ਨ੍ਹਾਵਣ ਅੰਮ੍ਰਿਤ ਵੇਲ ਵਸਨ ਸੁਦੇਸਿਆ[5]।
ਗੁਰ ਜਪ ਰਿਦੈ ਸੁਹੇਲ[6] ਗੁਰ ਪਰਵੇਸਿਆ।
ਭਾਉ ਭਗਤਿ ਭਉ ਭੇਲ[7] ਸਾਧ ਸਰੇਸਿਆ[8]।
ਨਿਤ ਨਿਤ [9]ਨਵਲ ਨਵੇਲ ਗੁਰਮੁਖਿ ਭੇਸਿਆ।
ਖੈਰ[10] ਦਲਾਲ ਦਲੇਲ[11] ਸੇਵ ਸਹੇਸਿਆ[12] ॥ ੯ ॥

## ਪਉੜੀ ੧੦ [ਚਰਨ ਧੂੜ]

ਗੁਰ ਮੂਰਤਿ ਕਰਿ ਧਿਆਨ ਸਦਾ ਹਜੂਰ[13] ਹੈ।
ਗੁਰਮੁਖਿ ਸਬਦ ਗਿਆਨ ਨੇੜ ਨ ਦੂਰ ਹੈ।
ਪੂਰਬ ਲਿਖਤ ਨਿਸਾਨ[14] ਕਰਮ ਅੰਕੂਰ[15] ਹੈ।
ਗੁਰ ਸੇਵਾ ਪਰਧਾਨ ਸੇਵਕ ਸੂਰ ਹੈ।
ਪੂਰਨ ਪਰਮ[16] ਨਿਧਾਨ ਸਦ ਭਰਪੂਰ ਹੈ।
ਸਾਧ ਸੰਗਤਿ ਅਸਥਾਨ ਜਗਮਗ ਨੂਰ[17] ਹੈ।
ਲਖ ਲਖ ਸਸੀਅਰ[18] ਭਾਉ[19] ਕਿਰਨ ਠਰੂਰ[20] ਹੈ।
ਲਖ ਲਖ ਬੇਦ ਪੁਰਾਣਿ ਕੀਰਤਨ ਚੂਰ[21] ਹੈ।
ਭਗਤਿ ਵਛਲ ਪਰਵਾਣੁ ਚਰਣਾ ਧੂਰ ਹੈ ॥੧੦॥

---

੧ ਪ੍ਰਵੇਸ਼। ੨ ਖੁਸ਼ਬੂਦਾਰ ਤੇਲ। ੩ ਸ੍ਰੇਸ਼ਟ। ੪ ਡਰ। ਸੇਸ਼ਟ ਦੇਸ (ਸਤਿਸੰਗ)। ੬ ਸੁਖੀ। ੭ ਮਿਲਣਾ। ੮ ਸ੍ਰੇਸ਼ਟ। ੯ ਨਵੇਂ ਤੋਂ ਨਵਾਂ। ੧੦ ਭਿਖਿਆ। ੧੧ ਦਲੇਰ। ੧੨ ਈਸ਼ਵਰ ਦੇ ਨਾਲ ਮਿਲੇ ਹੋਏ। ੧੩ ਨੇੜੇ। ੧੪ ਪਰਗਟ। ੧੫ ਅੰਗੂਰ। ੧੬ ਵਡਾ। ੧੭ ਪ੍ਰਕਾਸ਼। ੧੮ ਚੰਦ੍ਰਮਾ। ੧੯ ਸੂਰਜ। ੨੦ ਸੀਤਲ। ੨੧ ਮਾਤ, ਹੇਚ।

Digitized by Panjab Digital Library | www.panjabdigilib.org

## ਪਉੜੀ ੧੧

[ਗੁਰਸਿਖ ਅਭੇਦ]

ਗੁਰ ਸਿਖੁ ਸਿਖੁ ਗੁਰ ਸੋਇ ਅਲਖੁ ਲਖਾਇਆ।
ਗੁਰ ਦੀਖਿਆ[੧] ਲੈ ਸਿਖ ਸਿਖੁ ਸਦਾਇਆ।
ਗੁਰ ਸਿਖ ਇੱਕੋ ਹੋਇ ਜੋ ਗੁਰ ਭਾਇਆ।
ਹੀਰਾ ਕਣੀ ਪਰੋਇ ਹੀਰੁ ਬਿਧਾਇਆ[੨]।
ਜਲ ਤਰੰਗੁ[੩] ਅਵਲੋਇ[੪] ਸਲਿਲ[੫] ਸਮਾਇਆ।
ਜੋਤੀ ਜੋਤਿ ਸਮੋਇ[੬] ਦੀਪੁ ਦੀਪਾਇਆ[੭]।
ਅਚਰਜ ਅਚਰਜੁ ਢੋਇ[੮] ਚਲਿਤੁ ਬਣਾਇਆ।
ਦੁਧਹੁ ਦਹੀ ਵਿਲੋਇ[੯] ਘਿਉ ਕਢਾਇਆ।
ਇਕ ਚਾਨਣੁ ਤ੍ਰਿਹੁ ਲੋਇ ਪ੍ਰਗਟੀ ਆਇਆ ॥ ੧੧ ॥

## ਪਉੜੀ ੧੨

[ਉਪਰਲੇ ਭਾਵ ਪਰ ਹੈ]

ਸਤਿਗੁਰ ਨਾਨਕ ਦੇਉ ਗੁਰਾ ਗੁਰੁ ਹੋਇਆ।
ਅੰਗਦੁ ਅਲਖੁ ਅਭੇਉ[੧੦] ਸਹਜਿ ਸਮੋਇਆ।
ਅਮਰਹੁ ਅਮਰ ਸਮੇਉ[੧੧] ਅਲਖੁ ਅਲੋਇਆ[੧੨]।
ਰਾਮ ਨਾਮ ਅਰਿਖੇਉ[੧੩] ਅੰਮ੍ਰਿਤੁ ਚੋਇਆ।
ਗੁਰ ਅਰਜਨ ਕਰਿ ਸੇਉ ਢੋਐ[੧੪] ਢੋਇਆ[੧੫]।
ਗੁਰ ਹਰਿਗੋਬਿੰਦੁਅਮੇਉ[੧੬] ਅਮਿਉ ਵਿਲੋਇਆ[੧੭]।
ਸਚਾ ਸਚਿ ਸੁਚੇਉ[੧੮] ਸਚਿ ਖਲੋਇਆ।
ਆਤਮ ਅਗਹ ਅਗਹੇਉ[੧੯] ਸਬਦੁ ਪਰੋਇਆ।
ਗੁਰਮੁਖ ਅਭਰ[੨੦] ਭਰੇਉ[੨੧] ਭਰਮ ਭਉ ਖੋਇਆ ॥੧੨॥

---

੧ ਉਪਦੇਸ਼। ੨ ਵਿੰਨ੍ਹਿਆ ਗਿਆ। ੩ ਲਹਿਰ। ੪ ਵੇਖੇ। ੫ ਪਾਣੀ। ੬ ਮਿਲਕੇ। ੭ ਜਗਾਇਆ। ੮ ਮਿਲ ਕੇ। ੯ ਰਿੜਕ ਕੇ। ੧੦ ਮਿਲ ਕੇ। ੧੧ ਸਮਾ ਕੇ। ੧੨ ਵਿਖਾ ਦਿਤਾ। ੧੩ ਪ੍ਰੇਮ। ੧੪ ਦਾਤ। ੧੫ ਦਿੱਤੀ। ੧੬ ਅਗਾਧ। ੧੭ ਰਿੜਕਿਆ। ੧੮ ਸਚੇ। ੧੯ ਚੰਗੀ ਤਰ੍ਹਾਂ ਪਕੜਕੇ। ੨੦ ਖਾਲੀ। ੨੧ ਭਰਿਆ।

Digitized by Panjab Digital Library | www.panjabdigilib.org

## ਪਉੜੀ ੧੩

[ਗੁਰਮੁਖ]

ਸਾਧ ਸੰਗਤਿ ਭਉ ਭਾਉ ਸਹਜੁ ਬੈਰਾਗ ਹੈ।
ਗੁਰਮੁਖਿ ਸਹਜਿ ਸੁਭਾਉ ਸੁਰਤਿ ਸੁ ਜਾਗੁ ਹੈ।
ਮਧੁਰ[੧] ਬਚਨ ਆਲਾਉ ਹਉਮੈ ਤਿਆਗੁ ਹੈ।
ਸਤਿਗੁਰ ਮਤਿ ਪਰਥਾਉ[੨] ਸਦਾ ਅਨੁਰਾਗੁ[੩] ਹੈ।
ਪਿਰਮ ਪਿਆਲੇ ਸਾਉ[੪] ਮਸਤਕਿ ਭਾਗ ਹੈ।
ਬ੍ਰਹਮ ਜੋਤਿ ਬ੍ਰਹਮਾਉ[੫] ਗਿਆਨੁ ਚਰਾਗੁ ਹੈ।
ਅੰਤਰਿ ਗੁਰਮਤਿ ਚਾਉ ਅਲਿਪਤੁ[੬] ਅਦਾਗੁ ਹੈ।
ਵੀਹ ਇਕੀਹ ਚੜ੍ਹਾਉ ਸਦਾ ਸੁਹਾਗੁ ਹੈ॥ ੧੩ ॥

## ਪਉੜੀ ੧੪

[ਉਪਰਲੇ ਭਾਵ]

ਗੁਰਮੁਖਿ ਸਬਦ ਸਮ੍ਹਾਲ[੭] ਸੁਰਤਿ ਸਮਾਲੀਐ।
ਗੁਰਮੁਖਿ ਨਦਰਿ ਨਿਹਾਲ ਨੇਹ[੮] ਨਿਹਾਲੀਐ[੯]।
ਗੁਰਮੁਖਿ ਸੇਵਾ ਘਾਲਿ ਵਿਰਲੇ ਘਾਲੀਐ।
ਗੁਰਮੁਖਿ ਦੀਨ ਦਇਆਲ ਹੇਤੁ ਹਿਆਲੀਐ[੧੦]।
ਗੁਰਮੁਖਿ ਨਿਬਹੈ ਨਾਲਿ ਗੁਰ ਸਿਖ ਪਾਲੀਐ।
ਰਤਨ ਪਦਾਰਥ ਲਾਲ ਗੁਰਮੁਖਿ ਭਾਲੀਐ।
ਗੁਰਮੁਖਿ ਅਕਲ[੧੧] ਅਕਾਲ ਭਗਤਿ ਸੁਖਾਲੀਐ।
ਗੁਰਮੁਖਿ ਹੰਸਾ ਢਾਲਿ[੧੨] ਰਸਿਕ ਰਸਾਲੀਐ॥ ੧੪ ॥

---

੧ ਮਿੱਠੇ। ੨ ਆਸਰਾ। ੩ ਰਾਗ, ਪ੍ਰੇਮ। ੪ ਸੁਆਦ। ੫ ਬ੍ਰਹਮਾ ਆਦਿਕ। ੬ ਲੇਪ ਰਹਿਤ। ੭ ਯਾਦ ਕਰਨਾ। ੮ ਪ੍ਰੇਮ। ੯ ਦੇਖਣਾ। ੧੦ ਹਿਰਦੇ ਵਿਚ। ੧੧ ਕਲਪਣਾ ਤੋਂ ਰਹਿਤ। ੧੨ ਹੰਸਾਂ ਵਾਂਗ।

Digitized by Panjab Digital Library | www.panjabdigilib.org

## ਪਉੜੀ ੧੫

[ਮੂਲ ਮੰਤ੍ਰ ਦਾ ਗੁਹਝ ਭੇਦ]

ਏਕਾ ਏਕੰਕਾਰੁ ਲਿਖਿ ਦੇਖਾਲਿਆ ।
ਊੜਾ ਓਅੰਕਾਰੁ ਪਾਸਿ ਬਹਾਲਿਆ ।
ਸਤਿਨਾਮੁ ਕਰਤਾਰ ਨਿਰਭਉ ਭਾਲਿਆ ।
ਨਿਰਵੈਰਹੁ ਜੈਕਾਰੁ ਅਜੂਨਿ[੧] ਅਕਾਲਿਆ ।
ਸਚੁ ਨੀਸਾਣੁ[੨] ਅਪਾਰੁ ਜੋਤਿ ਉਜਾਲਿਆ ।
ਪੰਜ[੩] ਅਖਰ ਉਪਕਾਰ ਨਾਮੁ ਸਮਾਲਿਆ ।
ਪਰਮੇਸੁਰ ਸੁਖੁ ਸਾਰੁ ਨਦਰਿ ਨਿਹਾਲਿਆ ।
ਨਉ ਅੰਗਿ ਸੁੰਨ[੪] ਸੁਮਾਰੁ ਸੰਗਿ ਨਿਰਾਲਿਆ ।
ਨੀਲ ਅਨੀਲ[੫] ਵੀਚਾਰਿ ਪਿਰਮ ਪਿਆਲਿਆ ॥ ੧੫ ।

## ਪਉੜੀ ੧੬

[ਚਾਰ ਵਰਨ ਦੇ ਏਕੋ ਭਾਈ]

ਚਾਰ ਵਰਨ ਸਤਿਸੰਗੁ ਗੁਰਮੁਖਿ ਮੇਲਿਆ ।
ਜਾਣ ਤੰਬੋਲਹੁ[੬] ਰੰਗੁ ਗੁਰਮੁਖਿ ਚੇਲਿਆ ।
ਪੰਜੇ ਸਬਦ ਅਭੰਗ[੭] ਅਨਹਦ [੮]ਕੇਲਿਆ ।
ਸਤਿਗੁਰ ਸਬਦਿ ਤਰੰਗ ਸਦਾ ਸੁਹੇਲਿਆ ।
ਸਬਦ ਸੁਰਤਿ ਪਰਸੰਗ ਗਿਆਨ ਸੰਗ ਮੇਲਿਆ ।
ਰਾਗ ਨਾਦ ਸਰਬੰਗ[੯] ਅਹਿਨਿਸਿ[੧੦] ਭੇਲਿਆ[੧੧] ।
ਸਬਦ ਅਨਾਹਦੁ ਰੰਗ ਸੁਝ ਇਕੇਲਿਆ ।
ਗੁਰਮੁਖਿ ਪੰਥੁ ਨਿਪੰਗੁ[੧੨] ਬਾਰਹ[੧੩] ਖੇਲਿਆ[੧੪] ॥ ੧੬ ॥

---

੧ ਜੂਨੀ ਰਹਿਤ । ੨ ਨਿਸ਼ਾਨ । ੩ ਪੰਜ ਅੱਖਰਾਂ ਤੋਂ, ਭਾਵ ਗੁਰਪ੍ਰਸਾਦਿ । ੪ ਬਿੰਦੀ । ੫ ਗਿਣਤੀ ਤੋਂ ਰਹਿਤ । ੬ ਪਾਨ । ੭ ਨਾਸ਼ ਰਹਿਤ । ੮ ਅਨੰਦ ਮਾਣਿਆ । ੯ ਸਾਰ ਅੰਗਾਂ ਕਰ ਕੇ । ੧੦ ਰਾਤ ਦਿਨ । ੧੧ ਮਿਲਿਆ । ੧੨ ਚਿੱਕੜ ਰਹਿਤ । ੧੩ ਪੰਜ ਗਿਆਨ-ਇੰਦਰੇ, ਪੰਜ ਕਰਮ ਇੰਦਰੇ, ਮਨ, ਬੁੱਧੀ । ੧੪ ਪੁੱਗ ਜਾਂਦੇ ਹਨ ।

Digitized by Panjab Digital Library | www.panjabdigilib.org

## ਪਉੜੀ ੧੭

[ਗੁਰਮੁਖ ਅੰਜਨ]

ਹੋਈ ਆਗਿਆ ਆਦਿ ਆਦਿ ਨਿਰੰਜਨੋ[੧] ।
ਨਾਦੈ[੨] ਮਿਲਿਆ ਨਾਦੁ ਹਉਮੈ ਭੰਜਨੋ ।
ਬਿਸਮਾਦੇ[੩] ਬਿਸਮਾਦੁ ਗੁਰਮੁਖਿ ਅੰਜਨੋ[੪] ।
ਗੁਰਮਤਿ ਗੁਰਪਰਸਾਦਿ ਭਰਮੁ ਨਿਖੰਜਨੋ[੫] ।
ਆਦਿ ਪੁਰਖ ਪਰਮਾਦਿ ਅਕਾਲ ਅਗੰਜਨੋ[੬] ।
ਸੇਵਕ ਸਿਵ ਸਨਕਾਦਿ ਕ੍ਰਿਪਾ ਕਰੰਜਨੋ[੭] ।
ਜਪੀਐ ਜੁਗਹੁ ਜੁਗਾਦਿ ਗੁਰ ਸਿਖ ਮੰਜਨੋ[੮] ।
ਪਿਰਮ ਪਿਆਲੇ ਸਾਦੁ ਪਰਮ ਪੁਰੰਜਨੋ[੯] ।
ਆਦਿ ਜੁਗਾਦਿ ਅਨਾਦਿ ਸਰਬ ਸੁਰੰਜਨੋ[੧੦] ॥ ੧੭ ॥

## ਪਉੜੀ ੧੮

[ਮੁਰੀਦ]

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ ।
ਸਾਬਰੁ[੧੧] ਸਿਦਕਿ ਸਹੀਦੁ ਭਰਮ ਭਉ ਖੋਵਣਾ ।
ਗੋਲਾ[੧੨] ਮੁਲ ਖਰੀਦੁ ਕਾਰੇ ਜੋਵਣਾ ।
ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ ।
ਪੀਹਣਿ ਹੋਇ [੧੩]ਜਦੀਦ* ਪਾਣੀ ਢੋਵਣਾ ।
ਪਖੇ ਦੀ ਤਾਗੀਦ ਪਗ[੧੪] ਮਲਿ ਧੋਵਣਾ ।
ਸੇਵਕ ਹੋਇ ਸੰਜੀਦੁ[੧੫] ਨ ਹਸਣ ਰੋਵਣਾ ।
ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ[੧੬] ।
ਚੰਦ ਮੁਮਾਰਖ[੧੭] ਈਦ ਪੁਗ ਖਲੋਵਣਾ ॥ ੧੮ ॥

---

੧ ਮਾਇਆ ਤੋਂ ਰਹਿਤ । ੨ ਸ਼ਬਦ । ੩ ਅਸਚਰਜ । ੪ ਸੁਰਮਾ । ੫ ਨਾਸ਼ । ੬ ਨਾ ਟੁੱਟਣ ਵਾਲਾ । ੭ ਕਰਦਾ ਹੈ । ੮ ਇਸ਼ਨਾਨ । ੯ ਈਸ਼ਵਰ । ੧੦ ਪ੍ਰਕਾਸ਼ਕ । ੧੧ ਸੰਤੋਖੀ । ੧੨ ਨੌਕਰ । ੧੩ ਨਵਾਂ । ੧੪ ਪੈਰ । ੧੫ ਧੀਰਜ ਵਾਲਾ (ਗੰਭੀਰ) । ੧੬ ਭਿੱਜਣਾ । ੧੭ ਵਧਾਈਆਂ ।
* ਜਹੀਦੁ ।

Digitized by Panjab Digital Library | www.panjabdigilib.org

## ਪਉੜੀ ੧੯

[ਮੁਰੀਦ ਕੀ ਕਰੇ ?]

ਪੈਰੀ ਪੈ ਪਾਖਾਕੁ[੧] ਮੁਰੀਦੈ ਥੀਵਣਾ[੨]।
ਗੁਰ ਮੂਰਤਿ ਮੁਸਤਾਕੁ[੩] ਮਰਿ ਮਰਿ ਜੀਵਣਾ।
ਪਰਹਰਿ ਸਭੇ ਸਾਕ ਸੁਰੰਗ [੪]ਰੰਗੀਵਣਾ।
ਹੋਰ ਨ ਝਖਣੁ ਝਾਕ ਸਰਣਿ ਮਨੁ ਸੀਵਣਾ।
ਪਿਰਮ ਪਿਆਲਾ ਪਾਕ ਅਮਿਅ ਰਸੁ ਪੀਵਣਾ।
ਮਸਕੀਨੀ[੫] ਅਉਤਾਕ[੬] ਅਸਥਿਰੁ ਥੀਵਣਾ।
ਦਸ ਅਉਰਾਤਿ[੭] ਤਲਾਕ[੮] ਸਹਜਿ ਅਲੀਵਣਾ[੯]।
ਸਾਵਧਾਨ ਗੁਰ ਵਾਕ ਨ ਮਨ ਭਰਮੀਵਣਾ।
ਸਬਦ ਸੁਰਤਿ ਹੁਸਨਾਕ[੧੦] ਪਾਰਿ ਪਰੀਵਣਾ ॥ ੧੯ ॥

## ਪਉੜੀ ੨੦

[ਸਫਲ ਸਿਖ ਕੌਣ ਹੈ ?]

ਸਤਿਗੁਰ ਸਰਣੀ ਜਾਇ ਸੀਸੁ ਨਿਵਾਇਆ।
ਗੁਰ ਚਰਣੀ ਚਿਤੁ ਲਾਇ ਮਥਾ ਲਾਇਆ।
ਗੁਰਮਤਿ ਰਿਦੈ ਵਸਾਇ ਆਪੁ ਗਵਾਇਆ।
ਗੁਰਮੁਖਿ ਸਹਜਿ ਸੁਭਾਇ ਭਾਣਾ ਭਾਇਆ।
ਸਬਦ ਸੁਰਤਿ ਲਿਵਲਾਇ ਹੁਕਮੁ ਕਮਾਇਆ।
ਸਾਧ ਸੰਗਤਿ ਭੈ ਭਾਇ ਨਿਜ ਘਰਿ ਪਾਇਆ।
ਚਰਣ ਕਵਲ ਪਤੀਆਇ[੧੧] ਭਵਰੁ ਲੁਭਾਇਆ।
ਸੁਖ ਸੰਪਟ[੧੨] ਪਰਚਾਇ ਅਮਿਓ[੧੩] ਪੀਆਇਆ।
ਧੰਨ ਜਣੇਦੀ ਮਾਇ ਸਹਿਲਾ[੧੪] ਆਇਆ ॥੨੦॥੩॥

---

੧ ਚਰਨ ਧੂੜ। ੨ ਹੋਵਣਾ। ੩ ਪ੍ਰੇਮ। ੪ ਰੰਗਿਆ ਜਾਣਾ। ੫ ਗਰੀਬੀ। ੬ ਰਿਹਾਇਸ਼। ੭ ਇੰਦਰੀਆਂ ਰੂਪੀ ਇਸਤ੍ਰੀਆਂ। ੮ ਛੱਡ ਦੇਣਾ। ੯ ਮਿਲ ਜਾਣਾ। ੧੦ ਹੁਸ਼ਿਆਰ। ੧੧ ਪਤੀਜਕੇ। ੧੨ ਡੱਬਾ। ੧੩ ਅੰਮ੍ਰਿਤ। ੧੪ ਸੁਖਾਲਾ।

Digitized by Panjab Digital Library | www.panjabdigilib.org

# ਵਾਰ ੪.

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਵਸਤੂ ਨ੍ਰਿਦੇਸ਼ ਮੰਗਲ—ਮਨੁੱਖਾ ਦੇਹ ਸਫਲ ਕਿਵੇਂ ਹੈ ?]

ਓਅੰਕਾਰਿ [1]ਅਕਾਰੁ ਕਰਿ ਪਉਣੁ ਪਾਣੀ ਬੈਸੰਤਰੁ ਧਾਰੇ ।
ਧਰਤਿ ਅਕਾਸ ਵਿਛੋੜਿਅਨੁ ਚੰਦੁ ਸੂਰੁ ਦੁਇ ਜੋਤਿ ਸਵਾਰੇ ।
ਖਾਣੀ[2] ਚਾਰਿ ਬੰਧਾਨ[3] ਕਰਿ ਲਖ ਚਉਰਾਸੀਹ ਜੂਨਿ ਦੁਆਰੇ ।
ਇਕਸ ਇਕਸ ਜੂਨਿ ਵਿਚਿ ਜੀਅ ਜੰਤੁ ਅਣਗਣਤ ਅਪਾਰੇ ।
ਮਾਣਸ ਜਨਮੁ ਦੁਲੰਭੁ ਹੈ ਸਫਲ ਜਨਮੁ ਗੁਰ ਸਰਣਿ ਉਧਾਰੇ ।
ਸਾਧ ਸੰਗਤਿ ਗੁਰ ਸਬਦਿ ਲਿਵ ਭਾਇ ਭਗਤਿ ਗੁਰ ਗਿਆਨ ਵੀਚਾਰੇ ।
ਪਰਉਪਕਾਰੀ ਗੁਰੂ ਪਿਆਰੇ ॥ ੧ ॥

## ਪਉੜੀ ੨

[ਨਿੰਮ੍ਰਤਾ]

ਸਭਦੂੰ ਨੀਵੀ ਧਰਤਿ ਹੈ ਆਪੁ ਗਵਾਇ ਹੋਈ ਓਡੀਣੀ[4] ।
ਧੀਰਜੁ ਧਰਮੁ ਸੰਤੋਖੁ ਦ੍ਰਿੜੁ ਪੈਰਾ ਹੇਠਿ ਰਹੈ ਲਿਵਲੀਣੀ[5] ।
ਸਾਧ ਜਨਾ ਦੇ ਚਰਣ ਛੁਹਿ [6]ਆਢੀਣੀ ਹੋਈ [7]ਲਾਖੀਣੀ ।
ਅੰਮ੍ਰਿਤ ਬੂੰਦ ਸੁਹਾਵਣੀ [8]ਛਹਬਰ ਛਲਕ ਰੇਣ[9] ਹੋਇ ਰੀਣੀ[10] ।
ਮਿਲਿਆ ਮਾਣੁ ਨਿਮਾਣੀਐ ਪਿਰਮ ਪਿਆਲਾ ਪੀਇ ਪਤੀਣੀ[11] ।
ਜੋ ਬੀਜੈ ਸੋਈ ਲੁਣੈ[12] ਸਭ ਰਸ ਕਸ ਬਹੁ ਰੰਗ ਰੰਗੀਣੀ ।
ਗੁਰਮੁਖਿ ਸੁਖ ਫਲੁ ਹੈ ਮਸਕੀਣੀ ॥ ੨ ॥

---

੧ ਸ੍ਰਿਸ਼ਟੀ । ੨ ਅੰਡਜ, ਜੇਰਜ, ਸੇਤਜ, ਉਤਭੁਜ । ੩ ਨਿਯਮ ਕਰਕੇ । ੪ ਨਿਮਾਣੀ । ੫ ਪ੍ਰੀਤ ਰਖਦੀ ਹੈ । ੬ ਅੱਧੀ ਕੌਡੀ ਦੀ । ੭ ਲੱਖਾਂ ਦੀ । ੮ ਇਕ ਰਸ ਝੜੀ । ੯ ਧਰਤੀ । ੧੦ ਰੱਜਦੀ ਹੈ । ੧੧ ਪਤੀਜਣਾ । ੧੨ ਵੱਢਣਾ ।

Digitized by Panjab Digital Library | www.panjabdigilib.org

## ਪਉੜੀ ੩

[ਚਰਨਾਂ ਦਾ ਦ੍ਰਿਸ਼ਟਾਂਤ]

ਮਾਣਸ ਦੇਹ ਸੁ ਖੇਹ ਹੈ ਤਿਸੁ ਵਿਚਿ ਜੀਭੈ ਲਈ ਨਕੀਬੀ[੧] ।
ਅਖੀ ਦੇਖਿਨਿ ਰੂਪ ਰੰਗ ਰਾਗ ਨਾਦ[੨] ਕੰਨ ਕਰਨਿ ਰਕੀਬੀ[੩] ।
ਨਕਿ ਸੁਵਾਸੁ ਨਿਵਾਸੁ ਹੈ ਪੰਜੇ ਦੂਤ ਬੁਰੀ ਤਰਤੀਬੀ[੪] ।
ਸਭਦੂੰ ਨੀਵੇ ਚਰਨ ਹੋਇ ਆਪ ਗਵਾਇ ਨਸੀਬੁ ਨਸੀਬੀ ।
ਹਉਮੈ ਰੋਗੁ ਮਿਟਾਇਦਾ ਸਤਿਗੁਰ ਪੂਰਾ ਕਰੈ ਤਬੀਬੀ[੫] ।
ਪੈਰੀ ਪੈ ਰਹਰਾਸਿ ਕਰਿ ਗੁਰ ਸਿਖ ਸੁਣਿ ਗੁਰ ਸਿਖ ਮਨੀਬੀ[੬] ।
ਮੁਰਦਾ ਹੋਇ ਮੁਰੀਦੁ ਗਰੀਬੀ ॥ ੩ ॥

## ਪਉੜੀ ੪

[ਚੀਚੀ ਅੰਗੁਲੀ ਆਦਿ ਦਾ ਦ੍ਰਿਸ਼ਟਾਂਤ]

ਲਹੁੜੀ[੭] ਹੋਇ ਚੀਚੁੰਗਲੀ ਪੈਧੀ ਛਾਪਿ ਮਿਲੀ ਵਡਿਆਈ ।
ਲਹੁੜੀ [੮]ਘਨਹਰ ਬੂੰਦ ਹੁਇ ਪਰਗਟੁ ਮੋਤੀ ਸਿਪ ਸਮਾਈ ।
ਲਹੁੜੀ ਬੂਟੀ ਕੇਸਰੈ ਮਥੈ ਟਿਕਾ ਸੋਭਾ ਪਾਈ ।
ਲਹੁੜੀ ਪਾਰਸ ਪਥਰੀ ਅਸਟ ਧਾਤੁ ਕੰਚਨ ਕਰਵਾਈ ।
ਜਿਉ ਮਣਿ ਲਹੁੜੇ ਸਪ ਸਿਰਿ ਦੇਖੈ ਲੁਕਿ ਲੁਕਿ ਲੋਕ ਲੁਕਾਈ ।
ਜਾਣਿ ਰਸਾਇਣੁ ਪਾਰਿਅਹੁ ਰਤੀ ਮੁਲਿ ਨ ਜਾਇ ਮੁਲਾਈ ।
ਆਪੁ ਗਵਾਇ ਨ ਆਪੁ ਗਣਾਈ ॥ ੪ ॥

## ਪਉੜੀ ੫

[ਅੱਗ ਅਤੇ ਜਲ ਤੋਂ ਨਿੰਮ੍ਰਤਾ]

ਅਗ ਤਤੀ ਜਲੁ ਸੀਅਰਾ[੯] ਕਿਤੁ ਅਵਗੁਣਿ ਕਿਤੁ ਗੁਣ ਵੀਚਾਰਾ ।
ਅਗੀ ਧੂਆ ਧਉਲਹਰ[੧੦] ਜਲੁ ਨਿਰਮਲ ਗੁਰ ਗਿਆਨ ਸੁਚਾਰਾ ।

---

੧ ਵਡਿਆਈ । ੨ ਆਵਾਜ਼ । ੩ ਪਹਿਚਾਨ । ੪ ਤਰੀਕਾ । ੫ ਹਿਕਮਤ । ੬ ਮੰਨਣ ਵਾਲਾ । ੭ ਨਿੱਕੀ । ੮ ਬੱਦਲ । ੯ ਠੰਡਾ । ੧੦ ਮੰਦਰ ।

Digitized by Panjab Digital Library | www.panjabdigilib.org

ਕੁਲ ਦੀਪਕੁ ਬੈਸੰਤਰਹੁ ਜਲ ਕੁਲ ਕਵਲ ਵਡੇ ਪਰਵਾਰਾ।
ਦੀਪਕ ਹੇਤ ਪਤੰਗ ਦਾ ਕਵਲ ਭਵਰ ਪਰਗਟੁ ਪਾਹਾਰਾ[1]।
ਅਗੀ ਲਾਟ ਉਚਾਟ[2] ਹੈ ਸਿਰੁ ਉਚਾ ਕਰਿ ਕਰੈ ਕੁਚਾਰਾ[3]।
ਸਿਰੁ ਨੀਵਾ ਨੀਵਾਣ ਵਾਸੁ ਪਾਣੀ ਅੰਦਰਿ ਪਰਉਪਕਾਰਾ।
ਨਿਵ ਚਲੈ ਸੋ ਗੁਰੂ ਪਿਆਰਾ ॥ ੫ ॥

## ਪਉੜੀ ੬

[ਮਜੀਠ–ਕਸੁੰਭੇ ਤੋਂ ਉਪਦੇਸ਼]

ਰੰਗੁ ਮਜੀਠ ਕਸੁੰਭ ਦਾ ਕਚਾ ਪਕਾ ਕਿਤੁ ਵੀਚਾਰੇ।
ਧਰਤੀ ਉਖਣਿ[4] ਕਢੀਐ ਮੂਲ ਮਜੀਠ ਜੜੀ ਜੜਤਾਰੇ।
ਉਖਲ[5] ਮੁਹਲੇ ਕੁਟੀਐ ਪੀਹਣਿ ਪੀਸੈ ਚਕੀ ਭਾਰੇ।
ਸਹੈ ਅਵਟਣੁ[6] ਅਗਿ ਦਾ ਹੋਇ ਪਿਆਰੀ ਮਿਲੈ ਪਿਆਰੇ।
ਪੋਹਲੀਅਹੁ[7] ਸਿਰੁ ਕਢਿਕੈ ਫੁਲੁ ਕਸੁੰਭ ਚਲੁੰਭ[8] ਖਿਲਾਰੇ।
ਖਟ[9] ਤੁਰਸੀ ਦੇ ਰੰਗੀਐ ਕਪਟ ਸਨੇਹੁ ਰਹੈ ਦਿਹ ਚਾਰੇ।
ਨੀਵਾ ਜਿਣੈ ਉਚੇਰਾ ਹਾਰੇ ॥ ੬ ॥

## ਪਉੜੀ ੭

[ਕੀੜੀ–ਮਕੜੀ ਆਦਿ]

ਕੀੜੀ ਨਿਕੜੀ ਚਲਤ ਕਰ ਭ੍ਰਿੰਗੀ[10] ਨੋ ਮਿਲਿ ਭ੍ਰਿੰਗੀ ਹੋਵੈ।
ਨਿਕੜੀ ਦਿਸੈ ਮਕੜੀ ਸੂਤੁ[11] ਮੁਹਹੁ ਕਢਿ ਫਿਰਿ ਸੰਗੋਵੈ[12]।
ਨਿਕੜੀ ਮਖਿ ਵਖਾਣੀਐ ਮਾਖਿਓ ਮਿਠਾ ਭਾਗਠੁ[13] ਹੋਵੈ।
ਨਿਕੜਾ ਕੀੜਾ ਆਖੀਐ ਪਟ ਪਟੋਲੇ ਕਰਿ [14]ਢੰਗ ਢੋਵੈ।
ਗੁਟਕਾ[15] ਮੁਹ ਵਿਚਿ ਪਾਇਕੈ ਦੇਸ ਦਿਸੰਤਰਿ ਜਾਇ ਖੜੋਵੈ।

---

੧ ਸੰਸਾਰ। ੨ ਘਬਰਾਹਟ। ੩ ਬੁਰਿਆਈਆਂ। ੪ ਪੁੱਟ ਕੇ। ੫ ਉੱਖਲੀ। ੬ ਉਬਾਲੇ। ੭ ਪੋਹਲੀ ਦੀਆਂ ਡੋਡੀਆਂ। ੮ ਗੂੜ੍ਹਾ ਰੰਗ। ੯ ਖਟੇ ਦੀ ਖਟਿਆਈ ਪਾਕੇ ਰੰਗੀ ਦਾ ਹੈ। ੧੦ ਘਰੈਣ। ੧੧ ਤਾਰਾਂ। ੧੨ ਨਿਗਲ ਲੈਂਦੀ ਹੈ। ੧੩ ਧਨ ਪਾਤ੍ਰਾਂ ਦੇ। ੧੪ ਸ਼ਾਦੀ ਦੇ ਮੌਕੇ ਤੇ ਢੋਇਆ ਜਾਂਦਾ ਹੈ। ੧੫ ਸੱਪ ਦਾ ਮਣਕਾ।

Digitized by Panjab Digital Library | www.panjabdigilib.org

ਮੋਤੀ ਮਾਣਕ ਹੀਰਿਆ ਪਾਤਿਸਾਹੁ ਲੈ ਹਾਰੁ ਪਰੋਵੈ।
ਪਾਇ ਸਮਾਇਨੁ[੧] ਦਹੀ ਬਿਲੋਵੈ ॥ ੭ ॥

## ਪਉੜੀ ੮

[ਘਾਹ]

ਲਤਾ ਹੇਠਿ ਲਤਾੜੀਐ ਘਾਹੁ ਨ ਕਢੈ ਸਾਹੁ ਵਿਚਾਰਾ।
ਗੋਰਸੁ[੨] ਦੇ ਖੜੁ[੩] ਖਾਇਕੈ ਗਾਇ ਗਰੀਬੀ ਪਰਉਪਕਾਰਾ।
ਦੁਧਹੁ ਦਹੀ ਜਮਾਈਐ ਦਹੀਅਹੁ ਮਖਣੁ ਛਾਹਿ[੪] ਪਿਆਰਾ।
ਘਿਅ ਤੇ ਹੋਵਨਿ ਹੋਮ ਜਗ ਢੰਗ ਸੁਆਰਥ ਚਜ ਅਚਾਰਾ।
ਧਰਮ ਧਉਲੁ[੫] ਪਰਗਟੁ ਹੋਇ ਧੀਰਜਿ ਵਹੈ ਸਹੈ ਸਿਰਿ ਭਾਰਾ।
ਇਕੁ ਇਕੁ ਜਾਉ ਜਣੇਦਿਆਂ ਚਹੁ ਚਕਾ ਵਿਚਿ ਵਗ ਹਜਾਰਾ।
ਤ੍ਰਿਣ[੬] ਅੰਦਰਿ ਵਡਾ ਪਾਸਾਰਾ ॥ ੮ ॥

## ਪਉੜੀ ੯

[ਤਿਲ]

ਲਹੁੜਾ ਤਿਲੁ ਹੋਇ ਜੰਮਿਆ ਨੀਚਹੁ ਨੀਚੁ ਨ ਆਪੁ ਗਣਾਇਆ।
ਫੁਲਾ ਸੰਗਤਿ ਵਸਿਆ ਹੋਇ ਨਿਰਗੰਧੁ ਸੁਗੰਧੁ ਸੁਹਾਇਆ।
ਕੋਲੂ ਪਾਇ ਪੀੜਾਇਆ ਹੋਇ ਫੁਲੇਲੁ[੭] ਖੇਲੁ ਵਰਤਾਇਆ।
ਪਤਿਤੁ ਪਵਿਤ੍ਰ ਚਲਿਤ੍ਰ ਕਰਿ ਪਤਿਸਾਹ ਸਿਰਿ ਧਰਿ ਸੁਖੁ ਪਾਇਆ।
ਦੀਵੈ ਪਾਇ ਜਲਾਇਆ ਕੁਲ ਦੀਪਕੁ ਜਗਿ ਬਿਰਦੁ[੮] ਸਦਾਇਆ।
ਕਜਲੁ[੯] ਹੋਆ ਦੀਵਿਅਹੁ ਅਖੀ ਅੰਦਰਿ ਜਾਇ ਸਮਾਇਆ।
ਬਾਲਾ[੧੦] ਹੋਇ ਨ ਵਡਾ ਕਹਾਇਆ ॥ ੯ ॥

---

੧ ਜਾਗ ਲਾ ਕੇ। ੨ ਦੁੱਧ। ੩ ਘਾਹ। ੪ ਲੱਸੀ। ੫ ਬਲਦ। ੬ ਘਾਹ ਦਾ ਤੀਲਾ। ੭ ਖੁਸ਼ਬੂ। ੮ ਆਸਰਾ। ੯ ਸੁਰਮਾ। ੧੦ ਉੱਚਾ।

Digitized by Panjab Digital Library | www.panjabdigilib.org

## ਪਉੜੀ ੧੦

[ਵੜੇਵਾਂ]

ਹੋਇ ਵੜੇਵਾਂ ਜਗ ਵਿਚਿ ਬੀਜੇ ਤਨੁ ਖੇਹ ਨਾਲਿ ਰਲਾਇਆ।
ਬੂਟੀ ਹੋਇ ਕਪਾਹ ਦੀ ਟੀਂਡੇ ਹਸਿ ਹਸਿ ਆਪ ਖਿੜਾਇਆ।
ਦੁਹੁ ਮਿਲਿ ਵੇਲਣੁ ਵੇਲਿਆ ਲੂੰਲੂੰ ਕਰਿ ਕਰਿ ਤੁੰਬੁ[1] ਤੁੰਬਾਇਆ।
ਪਿੰਵਨਿ[2] ਪਿੰਵ ਉਡਾਇਆ ਕਰਿ ਕਰਿ ਗੋੜੀ[3] ਸੂਤ ਕਤਾਇਆ।
ਤਣਿ ਵੁਣਿ ਖੁੰਬਿ ਚੜਾਇਕੈ ਦੇ ਦੇ ਦੁਖੁ ਧੁਆਇ ਰੰਗਾਇਆ।
ਕੈਚੀ ਕਟਣਿ ਕਟਿਆ ਸੂਈ ਧਾਗੇ ਜੋੜਿ ਸੀਵਾਇਆ।
ਲਜਣੁ[4] ਕਜਣੁ ਹੋਇ ਕਜਾਇਆ ॥ ੧੦ ॥

## ਪਉੜੀ ੧੧

[ਅਨਾਰਦਾਨਾ]

ਦਾਣਾ ਹੋਇ ਅਨਾਰ ਦਾ ਹੋਇ ਧੂੜਿ ਧੂੜੀ ਵਿਚਿ ਧਸੈ[5]।
ਹੋਇ ਬਿਰਖੁ ਹਰੀਆਵਲਾ ਲਾਲ ਗੁਲਾਲਾ[6] ਫੁਲ ਵਿਗਸੈ[7]।
ਇਕਤੁ ਬਿਰਖ ਸਹਸ[8] ਫੁਲ, ਫੁਲ ਫਲ ਇਕਦੂ ਇਕ[9] ਸਰਸੈ।
ਇਕਦੂ ਦਾਣੇ ਲਖ ਹੋਇ ਫਲ ਫਲ ਦੇ ਮਨ ਅੰਦਰ ਵਸੈ।
ਤਿਸੁ ਫਲ ਤੋਟਿ ਨ ਆਵਈ ਗੁਰਮੁਖਿ ਸੁਖੁ ਫਲੁ ਅੰਮ੍ਰਿਤ ਰਸੈ।
ਜਿਉਜਿਉ ਲਯਨਿਤੋੜਿਫਲਿ ਤਿਉਤਿਉਫਿਰਿਫਿਰਫਲੀਐ ਹਸੈ।
ਨਿਵ ਚਲਣੁ ਗੁਰ ਮਾਰਗੁ ਦਸੈ ॥ ੧੧ ॥

## ਪਉੜੀ ੧੨

[ਸ਼ੁਧ ਮੋਹਰ]

ਰੇਣਿ[10] ਰਸਾਇਣ ਸਿਝੀਐ[11] ਰੇਤੁ ਹੇਤੁ ਕਰਿ ਕੰਚਨੁ ਵਸੈ।
ਧੋਇ ਧੋਇ ਕਣੁ ਕਢੀਐ ਰਤੀ ਮਾਸਾ ਤੋਲਾ ਹਸੈ।

---

੧ ਝੁੰਬਕੇ । ੨ ਪੇਂਜਾ । ੩ ਪੂਣੀਆਂ । ੪ ਸ਼ਰਮ । ੫ ਖੁਭਣਾਂ । ੬ ਗੂੜ੍ਹਾ ਲਾਲ।
੭ ਖਿੜਨਾ। ੮ ਹਜ਼ਾਰਾਂ। ੯ ਵਧੀਆ ।੧੦ ਧੂੜੀ। ੧੧ ਸਵਾਰੀਏ।

Digitized by Panjab Digital Library | www.panjabdigilib.org

ਪਾਇ ਕੁਠਾਲੀ ਗਾਲੀਐ ਰੈਣੀ[੧] ਕਰਿ ਸੁਨਿਆਰਿ ਵਿਗਸੈ।
ਘੜਿ ਘੜਿ ਪਤ੍ਰ ਪਖਾਲੀਅਨਿ[੨] ਲੂਣੀ[੩] ਲਾਇ ਜਲਾਇ ਰਹਸੈ[੪]।
ਬਾਰਹ ਵੰਨੀ ਹੋਇਕੈ ਲਗੈ ਲਵੈ ਕਸਉਟੀ ਕਸੈ।
ਟਕਸਾਲੈ ਸਿਕਾ ਪਵੈ ਘਣ[੫] ਅਹਰਣਿ ਵਿਚਿ ਅਚਲੁ ਸਰਸੈ।
ਸਾਲੁ[੬] ਸੁਨਈਆ[੭] ਪੋਤੈ[੮] ਪਸੈ[੯] ॥ ੧੨ ॥

## ਪਉੜੀ ੧੩

[ਖ਼ਸ਼ਖ਼ਾਸ਼ ਦਾਣਾ]

ਖਸਖਸ ਦਾਣਾ ਹੋਇਕੈ ਖਾਕ ਅੰਦਰਿ ਹੋਇ ਖਾਕ ਸਮਾਵੈ।
ਦੋਸਤੁ ਪੋਸਤ ਬੂਟ ਹੋਇ ਰੰਗ ਬਿਰੰਗੀ ਫੁਲ ਖਿੜਾਵੈ।
ਹੋਡਾ[੧੦] ਹੋਡੀ ਡੋਡੀਆ ਇਕਦੂੰ ਇਕ ਚੜਾਉ ਚੜਾਵੈ।
ਸੂਲੀ[੧੧] ਉਪਰਿ ਖੇਲਣਾ ਪਿਛੋਂ ਦੇ ਸਿਰਿ ਛਤ੍ਰ ਧਰਾਵੈ।
ਚੁਖੁ[੧੨] ਚੁਖੁ ਹੋਇ ਮਲਾਇਕੈ ਲੋਹੂ ਪਾਣੀ ਰੰਗਿ ਰੰਗਾਵੈ।
ਪਿਰਮ ਪਿਆਲਾ ਮਜਲਸੀ ਜੋਗ ਭੋਗ ਸੰਜੋਗ ਬਣਾਵੈ।
ਅਮਲੀ ਹੋਇ ਸੁ ਮਜਲਸ ਆਵੈ ॥ ੧੩ ॥

## ਪਉੜੀ ੧੪

[ਕਮਾਦ]

ਰਸ[੧੩] ਭਰਿਆ ਰਸੁ ਰਖਦਾ ਬੋਲਣ ਅਣਬੋਲਣ ਅਭਰਿਠਾ[੧੪]।
ਸੁਣਿਆ ਅਣਸੁਣਿਆ ਕਰੈ ਕਰੇ ਵੀਚਾਰਿ ਡਿਠਾ ਅਣਡਿਠਾ।
ਅਖੀ[੧੫] ਧੂੜਿ ਅਟਾਈਆ[੧੬] ਅਖੀ ਵਿਚਿ ਅੰਗੂਰ ਬਹਿਠਾ।
ਇਕਦੂ ਬਾਹਲੇ ਬੂਟ ਹੋਇ ਸਿਰ ਤਲਵਾਇਆ ਇਠਹੁ[੧੭] ਇਠਾ।
ਦੁਹੁ ਖੁੰਢਾ[੧੮] ਵਿਚਿ ਪੀੜੀਐ ਟੋਟੇ ਲਾਹੇ ਇਤੁ ਗੁਣਿ ਮਿਠਾ।

---

੧ ਡਲੀ। ੨ ਧੋਣਾ। ੩ ਮਸਾਲੇ। ੪ ਖੁਸ਼ ਹੋਣਾ। ੫ ਹਥੌੜਾ। ੬ ਸ਼ੁਧ। ੭ ਮੋਹਰ। ੮ ਖਜ਼ਾਨੇ। ੯ ਪੈਂਦੀ ਹੈ। ੧੦ ਜ਼ਿਦੋ ਜ਼ਿਦੀ। ੧੧ ਡੰਡੀ। ੧੨ ਟੁਕੜੇ ਟੁਕੜੇ। ੧੩ ਗੰਨਾ, ਕਮਾਦ। ੧੪ ਪਿਆਰਾ। ੧੫ ਗੰਢਾਂ। ੧੬ ਮਿੱਟੀ ਵਿਚ ਦਬਿਆਂ ਜਾ ਕੇ। ੧੭ ਪਿਆਰੇ ਤੋਂ ਪਿਆਰਾ। ੧੮ ਵੇਲਣਾ।

Digitized by Panjab Digital Library | www.panjabdigilib.org

ਵੀਹ ਇਕੀਹ ਵਰਤਦਾ ਅਵਗੁਣਿਆਰੇ ਪਾਪ ਪਣਿਠਾ[1]।
ਮੰਨੈ ਗੰਨੈ ਵਾਂਗੁ ਸੁਧਿਠਾ[2] ॥ ੧੪ ॥

## ਪਉੜੀ ੧੫

[ਸ੍ਵਾਂਤੀ ਬੂੰਦ ਤੇ ਸਿੱਪ]

ਘਣਹਰ ਬੂੰਦ ਸੁਹਾਵਣੀ ਨੀਵੀ ਹੋਇ ਅਗਾਸਹੁ ਆਵੈ।
ਆਪੁ ਗਵਾਇ ਸਮੁੰਦੁ ਵੇਖਿ ਸਿਪੈ ਦੇ ਮੁਹ ਵਿਚਿ ਸਮਾਵੈ।
ਲੈਦੋ ਹੀ ਮੁਹਿ ਬੂੰਦ ਸਿਪੁ ਚੁੰਭੀ ਮਾਰਿ ਪਤਾਲਿ ਲੁਕਾਵੈ।
ਫੜਿ ਕਢੈ ਮਰੁਜੀਵੜਾ[3] ਪਰ ਕਾਰਜ ਨੋ ਆਪੁ ਫੜਾਵੈ।
ਪਰਵਸਿ ਪਰਉਪਕਾਰ ਨੋ ਪਰ ਹਥਿ ਪਥਰ ਦੰਦ ਭਨਾਵੈ।
[4]ਭੁਲਿ ਅਭੁਲਿ ਅਮੁਲੁ ਦੇ ਮੋਤੀ ਦਾਨ ਨ ਪਛੋਤਾਵੈ।
ਸਫਲ ਜਨਮੁ ਕੋਈ ਵਰੁਸਾਵੈ ॥ ੧੫ ॥

## ਪਉੜੀ ੧੬

[ਹੀਰਾ ਕਣੀ ਤੇ ਸਿਖ ਗੁਰੂ ਦਾ ਮੇਲ]

ਹੀਰੇ ਹੀਰਾ ਬੇਧੀਐ[5] [6]ਬਰਮੇ ਕਣੀ ਅਣੀ ਹੋਇ ਧੀਰੈ।
ਧਾਗਾ ਹੋਇ ਪਰੋਈਐ ਹੀਰੇ ਮਾਲ ਰਸਾਲ[7] ਗਹੀਰੈ[8]।
ਸਾਧ ਸੰਗਤਿ ਗੁਰੁ ਸਬਦ ਲਿਵ ਹਉਮੈ ਮਾਰਿ ਮਰੈ ਮਨੁ ਧੀਰੈ।
ਮਨਜਿਣਿ[9] ਮਨੁ[10] ਦੇ ਲਏ ਮਨੁ ਗੁਣਿ ਵਿਚਿ ਗੁਣ ਗੁਰਮੁਖਿ ਸਰੀਰੈ।
ਪੈਰੀ ਪੈ ਪਾਖਾਕੁ[11] ਹੋਇ ਕਾਮਧੇਨੁ ਸੰਤਰੇਣੁ[12] ਨ ਨੀਰੈ।
ਸਿਲਾ ਅਲੂਣੀ ਚਟਣੀ ਲਖ ਅੰਮ੍ਰਿਤ ਰਸ ਤਰਸਨ [13]ਸੀਰੈ।
ਵਿਰਲਾ ਸਿਖ ਸੁਣੈ ਗੁਰ ਪੀਰੈ ॥ ੧੬ ॥

---

੧ ਨਾਸ ਹੋਣਾ। ੨ ਸ਼ੁੱਧ, ਮੁਕਤ। ੩ ਸਮੁੰਦਰ ਵਿਚ ਟੁੱਭੀ ਲਾਉਣ ਵਾਲਾ। ੪ ਜਾਣ ਕੇ ਜਾਂ ਅਨਜਾਣ-ਪੁਣੇ ਵਿਚ। ੫ ਵਿੰਨ੍ਹਣਾ। ੬ ਵਰਮੇ ਅਗੇ ਹੀਰੇ ਦੀ ਕਣੀ ਲਾ ਕੇ। ੭ ਸੁੰਦਰ। ੮ ਵੱਡਾ। ੯ ਜਿੱਤ ਕੇ। ੧੦ ਮੰਤਰ। ੧੧ ਪੈਰਾਂ ਦੀ ਮਿੱਟੀ। ੧੨ ਬਰਾਬਰੀ ਨਹੀਂ ਕਰ ਸਕਦੀ। ੧੩ ਮਿੱਠਾ।

Digitized by Panjab Digital Library | www.panjabdigilib.org

## ਪਉੜੀ ੧੭

[ਜੀਵਨ ਮੁਕਤਿ ਦੀ ਕਰਨੀ]

ਗੁਰ ਸਿਖੀ ਗੁਰ ਸਿਖ ਸੁਣ ਅੰਦਰਿ ਸਿਆਣਾ ਬਾਹਰਿ ਭੋਲਾ[1] ।
ਸਬਦ ਸੁਰਤਿ ਸਾਵਧਾਨ ਹੋਇ ਵਿਣੁ ਗੁਰਸਬਦ ਨ ਸੁਣਈ ਬੋਲਾ।
ਸਤਿਗੁਰ ਦਰਸਨੁ ਦੇਖਣਾ ਸਾਧ ਸੰਗਤਿ ਵਿਣੁ ਅੰਨ੍ਹਾ ਖੋਲਾ[2] ।
ਵਾਹਿਗੁਰੂ ਗੁਰੁ ਸਬਦੁ ਲੈ ਪਿਰਮ ਪਿਆਲਾ ਚੁਪਿ ਚਬੋਲਾ[3] ।
ਪੈਰੀ ਪੈ ਪਾਖਾਕ ਹੋਇ ਚਰਨਿ ਧੋਇ ਚਰਣੋਦਕ[4] ਝੋਲਾ[5] ।
ਚਰਣ ਕਵਲ ਚਿਤੁ ਭਵਰੁ ਕਰਿ ਭਵਜਲ ਅੰਦਰਿ ਰਹੈ ਨਿਰੋਲਾ ।
ਜੀਵਣਿ ਮੁਕਤਿ ਸਚਾਵਾ ਚੋਲਾ[6] ॥ ੧੭ ॥

## ਪਉੜੀ ੧੮

[ਵਾਲ਼ ਦਾ ਦ੍ਰਿਸ਼ਟਾਂਤ]

ਸਿਰਿ ਵਿਚਿ ਨਿਕੇਵਾਲ ਹੋਇ ਸਾਧ ਚਰਣ ਚਵਰ ਕਰਿ ਢਾਲੈ ।
ਗੁਰਸਰ ਤੀਰਥ ਨਾਇਕੈ ਅੰਝੂ ਭਰਿ ਭਰਿ ਪੈਰ ਪਖਾਲੈ[7] ।
ਕਾਲੀ ਹੂੰ ਧਉਲੇ ਕਰੇ ਚਲਣਾ ਜਾਣਿ ਨੀਸਾਣੁ[8] ਸਮ੍ਹਾਲੈ ।
ਪੈਰੀ ਪੈ ਪਾਖਾਕ ਹੋਇ ਪੂਰਾ ਸਤਿਗੁਰੁ ਨਦਰਿ ਨਿਹਾਲੈ ।
ਕਾਗ ਕੁਮੰਤਹੁ[9] ਪਰਮ ਹੰਸੁ ਉਜਲ ਮੋਤੀ ਖਾਇ ਖਵਾਲੈ ।
ਵਾਲਹੁ ਨਿਕੀ ਆਖੀਐ ਗੁਰ ਸਿਖੀ ਸੁਣਿ ਗੁਰ ਸਿਖ ਪਾਲੈ ।
ਗੁਰ ਸਿਖੁ ਲੰਘੈ ਪਿਰਮ ਪਿਆਲੈ ॥ ੧੮ ॥

## ਪਉੜੀ ੧੯

[ਗੁਲਰ ਦਾ ਦ੍ਰਿਸ਼ਟਾਂਤ]

ਗੁਲਰ[10] ਅੰਦਰਿ ਭੁਣਹਣਾ[11] ਗੁਲਰ ਨੋਂ ਬ੍ਰਹਮੰਡ ਵਖਾਣੈ ।
ਗੁਲਰ ਲਗਣਿ ਲਖ ਫਲ ਇਕਦੂ ਲਖ ਅਲਖ ਨ ਜਾਣੈ ।

---

੧ ਸਿੱਧਾ ਸਾਦਾ । ੨ ਅੰਨ੍ਹਾ ਕਾਣਾ । ੩ ਪੀਂਦਾ ਹੈ । ੪ ਚਰਨਾਂ ਦਾ ਪਾਣੀ । ੫ ਲੀਤਾ, ਲਿਆ । ੬ ਸਰੀਰ । ੭ ਧੋਣਾ । ੮ ਪਰਵਾਨਾ । ੯ ਖੋਟਾ ਵਜ਼ੀਰ । ੧੦ ਇਕ ਫ਼ਲ ਦਾ ਨਾਂ । ੧੧ ਮੱਛਰ, ਕੀੜਾ ।

Digitized by Panjab Digital Library | www.panjabdigilib.org

ਲਖ ਲਖ ਬਿਰਖ ਬਗੀਚਿਅਹੁ ਲਖ ਬਗੀਚੇ ਬਾਗ ਵਖਾਣੈ।
ਲਖ ਬਾਗ ਬ੍ਰਹਮੰਡ ਵਿਚਿ ਲਖ ਬ੍ਰਹਮੰਡ ਲੂਅ[੧] ਵਿਚਿ ਆਣੈ।
ਮਿਹਰਿ ਕਰੇ ਜੇ ਮਿਹਰਵਾਨੁ ਗੁਰਮੁਖਿ ਸਾਧਸੰਗਤਿ ਰੰਗੁ ਮਾਣੈ।
ਪੈਰੀ ਪੈ ਪਾਖਾਕੁ ਹੋਇ ਸਾਹਿਬੁ ਦੇ ਚਲੈ ਓਹੁ ਭਾਣੈ।
ਹਉਮੈ ਜਾਇ ਤ ਜਾਇ ਸਿਞਾਣੈ[੨] ॥ ੧੯ ॥

## ਪਉੜੀ ੨੦

[ਦੂਜ ਦੇ ਚੰਦ ਤੋਂ ਉਪਦੇਸ਼]

ਦੁਇ ਦਿਹਿ ਚੰਦੁ ਅਲੋਪੁ ਹੋਇ ਤੀਐ ਦਿਹ ਚੜਦਾ ਹੋਇ ਨਿਕਾ।
ਉਠਿ ਉਠਿ ਜਗਤੁ ਜੁਹਾਰਦਾ[੩] ਗਗਨ ਮਹੇਸੁਰ[੪] ਮਸਤਕਿ ਟਿਕਾ।
ਸੋਲਹ ਕਲਾ ਸੰਘਾਰੀਐ[੫] ਸਫਲ ਜਨਮੁ ਸੋਹੈ ਕਲ ਇਕਾ।
ਅੰਮ੍ਰਿਤ ਕਿਰਣਿ ਸੁਹਾਵਣੀ ਨਿਝਰੁ[੬] ਝਰੈ ਸਿੰਜੈ [੭]ਸਹ ਸਿਕਾ।
ਸੀਤਲ ਸਾਂਤਿ ਸੰਤੋਖੁ ਦੇ ਸਹਜ ਸੰਜੋਗੀ ਰਤਨ ਅਮਿਕਾ[੮]।
ਕਰੇ ਅਨੇਰਹੁ ਚਾਨਣਾ ਡੋਰ ਚਕੋਰ ਧਿਆਨੁ ਧਰਿ ਛਿਕਾ[੯]।
ਆਪੁ ਗਵਾਇ ਅਮੋਲ ਮਣਿਕਾ ॥ ੨੦ ॥

## ਪਉੜੀ ੨੧

ਹੋਇ ਨਿਮਾਣਾ ਭਗਤਿ ਕਰਿ ਗੁਰਮੁਖਿ ਧ੍ਰੂ ਹਰਿ ਦਰਸਨੁ ਪਾਇਆ।
ਭਗਤਿ ਵਛਲੁ[੧੦] ਹੋਇ ਭੇਟਿਆ ਮਾਣੁ ਨਿਮਾਣੇ ਆਪੁ ਦਿਵਾਇਆ।
ਮਾਤਲੋਕਵਿਚਿ ਮੁਕਤਿਕਰਿਨਿਹਚਲੁ ਵਾਸੁ ਅਗਾਸਿ ਚੜਾਇਆ।
ਚੰਦ ਸੂਰਜ ਤੇਤਿਸ ਕਰੋੜਿ ਪਰਦਖਣਾ ਚਉਫੇਰਿ ਫਿਰਾਇਆ।
ਵੇਦ ਪੁਰਾਣ ਵਖਾਣਦੇ ਪਰਗਟੁ ਕਰਿ ਪਰਤਾਪੁ ਜਣਾਇਆ।
[੧੧]ਅਬਿਗਤਿਗਤਿ ਅਤਿਅਗਮਹੈ ਅਕਥਕਥਾਵੀਚਾਰੁਨਆਇਆ।
ਗੁਰਮੁਖਿ ਸੁਖ ਫਲੁ ਅਲਖ ਲਖਾਇਆ ॥ ੨੧ ॥ ੪ ॥

---

੧ ਰੋਮ। ੨ ਸਿਆਣਦਾ। ੩ ਮੱਥੇ ਟੇਕਦਾ। ੪ ਸ਼ਿਵ। ੫ ਗ੍ਰਹਿਣ ਲਗਦਾ, ਘਟ ਜਾਂਦਾ ਹੈ। ੬ ਇਕ ਰਸ। ੭ ਸੈਂਕੜੇ ਬ੍ਰਿਛ। ੮ ਬੇਕੀਮਤਾ। ੯ ਖਿੱਚਣਾ। ੧੦ ਪਿਆਰਾ। ੧੧ ਨਾ ਜਾਣੀ ਜਾਣ ਵਾਲੀ ਗਤੀ।

Digitized by Panjab Digital Library | www.panjabdigilib.org

# ਵਾਰ ੫

ੴ ਸਤਿਗੁਰਪ੍ਰਸਾਦਿ ॥

## ਪਉੜੀ ੧

[ਗੁਰਮੁਖਾਂ ਦੇ ਲੱਛਣ]

ਗੁਰਮੁਖਿ ਹੋਵੈ ਸਾਧ ਸੰਗੁ ਹੋਰਤੁ ਸੰਗਿ ਕੁਸੰਗਿ ਨ ਰਚੈ[1] ।
ਗੁਰਮੁਖਿ ਪੰਥੁ ਸੁਹੇਲੜਾ[2] ਬਾਰਹ ਪੰਥ ਨ ਖੇਚਲ ਖਚੈ[3] ।
ਗੁਰਮੁਖਿ ਵਰਨ ਅਵਰਨ ਹੋਇ ਰੰਗ ਸੁਰੰਗੁ [4]ਤੰਬੋਲ ਪਰਚੈ[5] ।
ਗੁਰਮੁਖਿ ਦਰਸਨੁ ਦੇਖਣਾ ਛਿਆ ਦਰਸਨ ਪਰਸਣ ਨ ਸਰਚੈ[6] ।
ਗੁਰਮੁਖਿ ਨਿਹਚਲ ਮਤਿ ਹੈ ਦੂਜੈ ਭਾਇ ਲੁਭਾਇ ਨ ਪਚੈ[7] ।
ਗੁਰਮੁਖਿ ਸਬਦੁ ਕਮਾਵਣਾ ਪੈਰੀ ਪੈ ਰਹਰਾਸਿ ਨ ਹਚੈ[8] ।
ਗੁਰਮੁਖਿ ਭਾਇ ਭਗਤਿ[9] ਚਹਮਚੈ ॥ ੧ ॥

## ਪਉੜੀ ੨

[ਗੁਰਮੁਖਾਂ ਦੇ ਲੱਛਣ]

ਗੁਰਮੁਖਿ ਇਕੁ ਅਰਾਧਣਾ ਇਕੁ ਮਨ ਹੋਇ ਨ ਹੋਇ ਦੁਚਿਤਾ ।
ਗੁਰਮੁਖਿ ਆਪੁ ਗਵਾਇਆ ਜੀਵਨੁ ਮੁਕਤਿ ਨ [10]ਤਾਮਸ ਪਿਤਾ[11] ।
ਗੁਰ ਉਪਦੇਸ ਅਵੇਸ[12] ਕਰਿ ਸਣੁ ਦੂਤਾ ਵਿਖੜਾ ਗੜੁ ਜਿਤਾ ।
ਪੈਰੀ ਪੈ ਪਾਖਾਕੁ ਹੋਇ ਪਾਹੁਨੜਾ[13] ਜਗਿ ਹੋਇ ਅਥਿਤਾ[14] ।
ਗੁਰਮੁਖਿ ਸੇਵਾ ਗੁਰ ਸਿਖਾ ਗੁਰ ਸਿਖ ਮਾ ਪਿਉ ਭਾਈ ਮਿਤਾ ।
ਦੁਰਮਤਿਦੁਬਿਧਾ ਦੂਰਿ ਕਰਿਗੁਰਮਤਿ ਸਬਦ ਸੁਰਤਿ ਮਨੁ ਸਿਤਾ[15] ।
ਛਡਿ ਕੁਫਕੜੁ ਕੂੜੁ ਕੁਧਿਤਾ[16] ॥ ੨ ॥

---

੧ਰਚਦਾ । ੨ ਸੌਖਾ । ੩ ਖਚਤ ਹੁੰਦਾ । ੪ ਪਾਨ । ੫ ਅਭੇਦ ਹੋਣਾ, ਪਰਚਣਾ । ੬ ਫਸਣਾ । ੭ ਸੜਦੇ । ੮ ਹਟਦੇ । ੯ ਖੁਸ਼ੀ ਵਿਚ ਮਸਤ । ੧੦ ਕ੍ਰੋਧ, ਗੁੱਸਾ । ੧੧ ਦਿਲ । ੧੨ ਪ੍ਰਵੇਸ਼ । ੧੩ ਪ੍ਰਾਹੁਣਾ । ੧੪ ਪੂਜਨੀਕ । ੧੫ ਸੀਊਂਦੇ । ੧੬ ਕੁਬੁੱਧੀ ।

Digitized by Panjab Digital Library | www.panjabdigilib.org

## ਪਉੜੀ ੩

[ਗੁਰ ਸਿਖ ਸਹਿਚਾਰੀਆਂ ਦਾ ਦ੍ਰਿਸ਼ਟਾਂਤ]

ਅਪਣੇ ਅਪਣੇ ਵਰਨ ਵਿਚਿ ਚਾਰਿ ਵਰਨ ਕੁਲ ਧਰਮ ਧਰੰਦੇ।
ਛਿਅ ਦਰਸਨ ਛਿਅ ਸਾਸਤ੍ਰਾ ਗੁਰ ਗੁਰਮਤਿ ਖਟੁ ਕਰਮ ਕਰੰਦੇ।
ਅਪਣੇ ਅਪਣੇ ਸਾਹਿਬੈ ਚਾਕਰ ਜਾਇ ਜੁਹਾਰ[੧] ਜੁੜੰਦੇ।
ਅਪਣੇ ਅਪਣੇ ਵਣਜ ਵਿਚਿ ਵਾਪਾਰੀ ਵਾਪਾਰ ਮਚੰਦੇ[੨]।
ਅਪਣੇ ਅਪਣੇ ਖੇਤ ਵਿਚਿ ਬੀਉ ਸਭੇ ਕਿਰਸਾਣਿ ਬੀਜੰਦੇ।
ਕਾਰੀਗਰਿ ਕਾਰੀਗਰਾ ਕਾਰਿਖਾਨੇ ਵਿਚਿ ਜਾਇ ਮਿਲੰਦੇ।
ਸਾਧ ਸੰਗਤਿ ਗੁਰ ਸਿਖ ਪੂਜੰਦੇ ॥ ੩ ॥

## ਪਉੜੀ ੪

[ਸਹਿਚਾਰੀਆਂ ਦਾ ਦ੍ਰਿਸ਼ਟਾਂਤ]

ਅਮਲੀ ਰਚਨਿ ਅਮਲੀਆ ਸੋਫੀ ਸੋਫੀ ਮੇਲੁ ਕਰੰਦੇ।
ਜੂਆਰੀ ਜੂਆਰੀਆ ਵੇਕਰਮੀ ਵੇਕਰਮ ਰਚੰਦੇ।
ਚੋਰਾ ਚੋਰਾ ਪਿਰਹੜੀ ਠਗ ਠਗ ਮਿਲਿ ਦੇਸ ਠਗੰਦੇ।
ਮਸਕਰਿਆ ਮਿਲਿ ਮਸਕਰੇ ਚੁਗਲਾ ਚੁਗਲ ਉਮਾਹਿ ਮਿਲੰਦੇ।
ਮਨਤਾਰੂ[੩] ਮਨਤਾਰੂਆ ਤਾਰੂ ਤਾਰੂ ਤਾਰ ਤਰੰਦੇ।
ਦੁਖਿਆਰੇ ਦੁਖਿਆਰਿਆਂ ਮਿਲਿ ਮਿਲਿ ਅਪਣੇ ਦੁਖ ਰੁਵੰਦੇ।
ਸਾਧ ਸੰਗਤਿ ਗੁਰ ਸਿਖੁ ਵਸੰਦੇ ॥ ੪ ॥

## ਪਉੜੀ ੫

[ਹੋਰ ਸ੍ਰਿਸ਼ਟੀ ਤੇ ਗੁਰਮੁਖਾਂ ਦਾ ਫਰਕ]

ਕੋਈ ਪੰਡਿਤੁ ਜੋਤਿਕੀ ਕੋ ਪਾਧਾ ਕੋ ਵੈਦੁ ਸਦਾਏ।
ਕੋਈ ਰਾਜਾ ਰਾਉ ਕੋ ਕੋ ਮਹਤਾ[੪] ਚਉਧਰੀ ਅਖਾਏ।
ਕੋਈ ਬਜਾਜੁ ਸਰਾਫੁ ਕੋ ਕੋ ਜਉਹਰੀ[੫] ਜੜਾਉ ਜੜਾਏ।

---

੧ ਨਮਸਕਾਰ। ੨ ਰਚਦੇ ਜਾਂ ਲਗਦੇ। ੩ ਅਨਤਾਰੂ। ੪ ਪਟਵਾਰੀ। ੫ ਹੀਰਿਆਂ ਦਾ ਵਣਜ ਕਰਨ ਵਾਲਾ।

Digitized by Panjab Digital Library | www.panjabdigilib.org

ਪਾਸਾਰੀ ਪਰਚੂਨੀਆ ਕੋਈ ਦਲਾਲੀ ਕਿਰਸਿ ਕਮਾਏ।
ਜਾਤਿ ਸਨਾਤ[1] ਸਹੰਸ ਲਖ ਕਿਰਤ ਵਿਰਤਿ ਕਰਿ ਨਾਉ ਗਣਾਏ।
ਸਾਧ ਸੰਗਤਿ ਗੁਰ ਸਿਖਿ ਮਿਲਿ ਆਸਾ ਵਿਚਿ ਨਿਰਾਸੁ ਵਲਾਏ।
ਸਬਦੁ ਸੁਰਤਿ ਲਿਵ[2] ਅਲਖੁ ਲਖਾਏ॥ ੫॥

## ਪਉੜੀ ੬

[ਹੋਰ ਸ੍ਰਿਸ਼ਟੀ ਤੇ ਗੁਰਮੁਖਾਂ ਦਾ ਫਰਕ]

ਜਤੀ ਸਤੀ ਚਿਰੁ ਜੀਵਣੇ ਸਾਧਿਕ[3] ਸਿਧ ਨਾਥ ਗੁਰ ਚੇਲੇ।
ਦੇਵੀ ਦੇਵ ਰਿਖੀਸੁਰਾ ਭੈਰਉ ਖੇਤ੍ਰਪਾਲ[4] ਬਹੁ ਮੇਲੇ।
ਗਣ ਗੰਧਰਬ[5] ਅਪਛਰਾ ਕਿੰਨਰ ਜਛ ਚਲਤ ਬਹੁ ਖੇਲੇ।
ਰਾਖਸ ਦਾਨੋਂ ਦੈਤ ਲਖ ਅੰਦਰਿ ਦੂਜਾ ਭਾਉ ਦੁਹੇਲੇ[6]।
ਹਉਮੈ ਅੰਦਰਿ ਸਭ ਕੋ ਗੁਰਮੁਖਿ ਸਾਧ ਸੰਗਤਿ ਰਸ ਕੇਲੇ[7]।
ਇਕ ਮਨ ਇਕੁ ਅਰਾਧਣਾ ਗੁਰਮਤਿ ਆਪੁ ਗਵਾਇ ਸੁਹੇਲੇ।
ਚਲਣੁ ਜਾਣ ਪਏ ਸਿਰਿ ਤੇਲੇ॥ ੬॥

## ਪਉੜੀ ੭

[ਜਗਤ ਦੇ ਰੁਝੇਵੇਂ ਤੇ ਗੁਰ ਸ਼ਬਦ]

ਜਤ ਸਤ ਸੰਜਮ ਹੋਮ ਜਗ ਜਪੁ ਤਪੁ ਦਾਨ ਪੁੰਨ ਬਹੁਤੇਰੇ।
ਰਿਧਿ ਸਿਧਿ ਨਿਧਿ[8] ਪਾਖੰਡ ਬਹੁ ਤੰਤ੍ਰ ਮੰਤ੍ਰ ਨਾਟਕ ਅਗਲੇਰੇ[9]।
ਵੀਰਾਰਾਧਣ ਜੋਗਣੀ ਮੜ੍ਹੀ ਮਸਾਣ ਵਿਡਾਣ[10] ਘਨੇਰੇ।
ਪੂਰਕ[11] ਕੁੰਭਕ[12] ਰੇਚਕਾ[13] ਨਿਵਲੀ[14] ਕਰਮ ਭੁਇਅੰਗਮ[15] ਘੇਰੇ।
ਸਿਧਾਸਣ ਪਰਚੇ ਘਣੇ ਹਠ ਨਿਗ੍ਰਹ ਕਉਤਕ ਲਖ ਹੇਰੇ।
ਪਾਰਸ ਮਣੀ ਰਸਾਇਣਾ ਕਰਾਮਾਤ ਕਾਲਖ ਆਨ੍ਹੇਰੇ।

---

੧ਨੀਚ। ੨ ਪ੍ਰੀਤੀ। ੩ ਸਾਧਨਾ ਕਰਨ ਵਾਲਾ। ੪ ਭੂਤ ਜਾਤੀ। ੫ ਸਵਰਗ ਦੇ ਰਾਗੀ। ੬ ਦੁਖੀ। ੭ ਅਨੰਦ ਮਾਣਦੇ। ੮ ਨੌ ਨਿਧੀਆਂ। ੯ ਬਹੁਤ। ੧੦ ਅਸਚਰਜ। ੧੧ ਸਵਾਸ ਚਾੜਨਾ। ੧੨ ਰੋਕਣਾ। ੧੩ ਉਤਾਰਨਾ। ੧੪ ਨੇਤੀ, ਧੋਤੀ ਆਦਿ ਕਰਮ। ੧੫ ਘੁੰਮਣ ਘੇਰ, ਅਥਵਾ ਕੰਗਰੋੜ ਨਾੜੀ ਦ੍ਵਾਰਾ ਸਵਾਸ ਉਤਾਰੇ ਜਾਂਦੇ ਹਨ।

Digitized by Panjab Digital Library | www.panjabdigilib.org

ਪੂਜਾ ਵਰਤ ਉਪਾਰਣੇ ਵਰ ਸਰਾਪ ਸਿਵ ਸਕਤਿ ਲਵੇਰੇ[1]।
ਸਾਧ ਸੰਗਤਿ ਗੁਰ ਸਬਦ ਵਿਣੁ ਥਾਉ ਨ ਪਾਇਨਿ ਭਲੇ ਭਲੇਰੇ।
ਕੂੜ ਇਕ ਗੰਢੀ ਸਉ ਫੇਰੇ ॥ ੭ ॥

## ਪਉੜੀ ੮

[ਸਉਣ ਸ਼ਗਨ ਤੇ ਗੁਰਮੁਖਤਾ]

ਸਉਣ[2] ਸਗੁਨ[3] ਵੀਚਾਰਣੇ ਨਉ ਗ੍ਰਿਹ[4] ਬਾਰਹ ਰਾਸਿ[5] ਵੀਚਾਰਾ।
ਕਾਮਣ[6] ਟੂਣੇ ਅਉਸੀਆ ਕਣਸੋਈ[7] ਪਾਸਾਰ ਪਸਾਰਾ।
ਗਦਹੁ[8] ਕੁਤੇ ਬਿਲੀਆ ਇਲ [9]ਮਲਾਲੀ [10]ਗਿਦੜ ਛਾਰਾ।
ਨਾਰਿ ਪੁਰਖੁ ਪਾਣੀ ਅਗਨਿ ਛਿਕ ਪਦ ਹਿਡਕੀ ਵਰਤਾਰਾ।
ਥਿਤਿ ਵਾਰ ਭਦ੍ਰਾ[11] ਭਰਮ ਦਿਸਾਸੂਲ ਸਹਸਾ ਸੈਸਾਰਾ।
ਵਲਛਲ ਕਰਿ ਵਿਸਵਾਸ ਲਖ ਬਹੁ ਚੁਖੀ[12] ਕਿਉ ਰਵੈ ਭਤਾਰਾ।
ਗੁਰਮੁਖਿ ਸੁਖ ਫਲ ਪਾਰ ਉਤਾਰਾ ॥ ੮ ॥

## ਪਉੜੀ ੯

[ਗੁਰਮੁਖ ਮਾਰਗ ਦੀ ਪਾਵਨਤਾ]

ਨਦੀਆ ਨਾਲੇ ਵਾਹੜੇ[13] ਗੰਗਿ ਸੰਗਿ ਗੰਗੋਦਕ ਹੋਈ।
ਅਸਟ ਧਾਤੁ ਇਕ ਧਾਤ ਹੋਇ ਪਾਰਸ ਪਰਸੈ ਕੰਚਨੁ ਸੋਈ।
ਚੰਦਨ ਵਾਸੁ ਵਣਾਸਪਤਿ ਅਫਲ ਸਫਲ ਕਰ ਚੰਦਨੁ ਗੋਈ।
ਛਿਅ ਰੁਤਿ ਬਾਰਹ ਮਾਹ ਕਰਿ ਸੁਝੈ ਸੁਝ[14] ਨ ਦੂਜਾ ਕੋਈ।
ਚਾਰਿ ਵਰਨਿ ਛਿਅ ਦਰਸਨਾ ਬਾਰਹ ਵਾਟ ਭਵੈ ਸਭੁ ਲੋਈ।
ਗੁਰਮੁਖਿ ਦਰਸਨੁ ਸਾਧ ਸੰਗੁ ਗੁਰਮੁਖਿ ਮਾਰਗਿ ਦੁਬਿਧਾ ਖੋਈ।
ਇਕ ਮਨਿ ਇਕ ਅਰਾਧਨਿ ਓਈ ॥ ੯ ॥

---

੧ ਲਗਦੇ ਹਨ। ੨ ਸ਼ਾਸਤਰ। ੩ ਜੋਤਸ਼। ੪ ਚੰਦ, ਸੂਰਜ, ਸਨਿਚਰ; ਸ਼ੁੱਕਰ, ਬ੍ਰਹਸਪਤਿ, ਮੰਗਲ, ਬੁੱਧ, ਰਾਹੂ ਕੇਤੂ। ੫ ਮੇਖ, ਬ੍ਰਿਖ, ਮਿਥਨ, ਕਰਕ, ਸਿੰਘ,ਕੰਨਿਆ, ਤੁਲਾ, ਬ੍ਰਿਸਚਕ, ਧਨ, ਮਕਰ, ਕੁੰਭ, ਮੀਨ। ੬ ਇਸਤ੍ਰੀ। ੭ ਸੂੰਧਕ। ੮ ਖੋਤੇ। ੯ ਮੈਨਾ, ਸੋਨਚਿੜੀ। ੧੦ ਵਾ ਵਰੋਲਾ। ੧੧ ਇਕ ਗ੍ਰਹਿ। ੧੨ ਵੇਸਵਾ। ੧੩ ਬਰਸਾਤੀ ਨਾਲੇ। ੧੪ ਸੂਰਜ।

Digitized by Panjab Digital Library | www.panjabdigilib.org

## ਪਉੜੀ ੧੦

[ਕੁਲਾਧਰਮ ਤੇ ਗੁਰਮੁਖ ਮਾਰਗ]

ਨਾਨਕ ਦਾਦਕ ਸਾਹੁਰੈ ਵਿਰਤੀਸੁਰ[1] ਲਗਾਇਤ[2] ਹੋਏ।
ਜੰਮਣਿ ਭਦਣਿ[3] ਮੰਗਣੈ ਮਰਣੈ ਪਰਣੇ[4] ਕਰਦੇ ਢੋਏ।
[5]ਰੀਤੀ ਰੂੜੀ ਕੁਲ ਧਰਮ ਚਜ ਅਚਾਰ ਵੀਚਾਰ ਵਿਖੋਏ।
ਕਰਿ ਕਰਤੂਤਿ ਕਸੂਤ[6] ਵਿਚਿ ਪਾਇ ਦੁਲੀਚੇ ਗੈਣ ਚੰਦੋਏ।
ਜੋਧ ਜਠੇਰੇ ਮੰਨੀਅਨਿ ਸਤੀਆ ਸਉਤ[7] ਟੋਭੜੀ[8] ਟੋਏ।
ਸਾਧ ਸੰਗਤਿ ਗੁਰ ਸਬਦ ਵਿਣੁ ਮਰਿਮਰਿ ਜੰਮਨਿ [9]ਦਈ ਵਿਗੋਏ।
ਗੁਰਮੁਖਿ ਹੀਰੇ ਹਾਰਿ ਪਰੋਏ ॥ ੧੦ ॥

## ਪਉੜੀ ੧੧

[ਸ਼ਾਹਜ਼ਾਦੇ ਰਾਜ ਕੰਵਰ]

ਲਸਕਰ ਅੰਦਰਿ ਲਾਡੁਲੇ ਪਤਿਸਾਹਾ ਜਾਏ ਸਾਹਜਾਦੇ[10]।
ਪਾਤਸਾਹ ਅਗੈ ਚੜਨਿ ਪਿਛੈ ਸਭ ਉਮਰਾਉ ਪਿਆਦੇ[11]।
ਬਣਿ ਬਣਿ ਆਵਨਿ ਤਾਇਫੇ[12] ਓਇ ਸਾਹਜਾਦੇ ਸਾਦ ਮੁਰਾਦੇ।
ਖਿਜਮਤਿਗਾਰ ਵਡੀਰੀਅਨਿ[13] ਦਰਗਹ ਹੋਨਿ ਖੁਆਰ ਕੁਵਾਦੇ[14]।
ਅੱਗੈ ਢੋਈ ਸੇ ਲਹਨਿ ਸੇਵਾ ਅੰਦਰਿ ਕਾਰ ਕੁਸਾਦੇ[15]।
ਪਾਤਿਸਾਹਾਂ ਪਤਿਸਾਹੁ ਸੇ ਗੁਰਮੁਖਿ ਵਰਤੈ ਗੁਰ ਪਰਸਾਦੇ।
ਸਾਹ ਸੁਹੇਲੇ ਆਦਿ ਜੁਗਾਦਿ ॥ ੧੧ ॥

## ਪਉੜੀ ੧੨

[ਹੋਰ ਦ੍ਰਿਸ਼ਟਾਂਤ]

ਤਾਰੇ ਲਖ ਅਨ੍ਹੇਰ ਵਿਚਿ ਚੜ੍ਹਿਐ ਸੁਝਿ ਨ ਸੁਝੈ ਕੋਈ।
ਸੀਹਿ[16] ਬੁਕੇ ਮਿਰਗਾਵਲੀ ਭੰਨੀ ਜਾਇ ਨ ਆਇ ਖੜੋਈ।

---

੧ ਪ੍ਰੋਹਤ। ੨ ਲਾਗੀ। ੩ ਸਿਰ ਮੁੰਡਨ। ੪ ਵਿਵਾਹ। ੫ ਰੀਤਾਂ, ਰਸਮਾਂ। ੬ ਜਨੇਊ। ੭ ਸੌਕਣ। ੮ ਛੋਟੀ ਛੱਪੜੀ। ੯ ਪਰਮਾਤਮਾ ਦੁਆਰਾ ਖੱਜਲ ਕੀਤੇ ਹੋਏ। ੧੦ ਪਾਤਸ਼ਾਹਾਂ ਦੇ ਲੜਕੇ। ੧੧ ਸਿਪਾਹੀ। ੧੨ ਮੁਜਰੇ। ੧੩ ਵਡਿਆਏ ਜਾਂਦੇ ਹਨ। ੧੪ ਉੱਤਰ ਦੇਣ ਵਾਲੇ। ੧੫ ਖੁਲ੍ਹੀ, ਚੰਗੀ, ੧੬ ਸ਼ੇਰ।

Digitized by Panjab Digital Library | www.panjabdigilib.org

ਬਿਸੀਅਰ ਗਰੜੈ ਡਿਠਿਆ ਖੁਡੀ ਵੜਿਦੇ ਲਖ ਪਲੋਈ[੧]।
ਪੰਖੇਰੂ ਸਾਹਬਾਜ ਦੇਖਿ ਢੁਕਿ ਨ ਹੰਘਨਿ ਮਿਲੈ ਨ ਢੋਈ।
ਚਾਰ ਵੀਚਾਰ ਸੰਸਾਰ ਵਿਚਿ ਸਾਧ ਸੰਗਤਿ ਮਿਲਿ ਦੁਰਮਤਿ ਖੋਈ।
ਸਤਿਗੁਰ ਸਚਾ ਪਾਤਿਸਾਹੁ ਦੁਬਿਧਾ ਮਾਰਿ ਮਵਾਸਾ[੨] ਗੋਈ।
ਗੁਰਮੁਖਿ ਜਾਤਾ ਜਾਣੁ ਜਣੋਈ[੩] ॥ ੧੨ ॥

## ਪਉੜੀ ੧੩

[ਗਾਡੀ ਰਾਹ ਗੁਰਮੁਖ ਮਾਰਗ]

ਸਤਿਗੁਰ ਸਚਾ ਪਾਤਿਸਾਹੁ ਗੁਰਮੁਖਿ ਗਾਡੀ ਰਾਹੁ ਚਲਾਇਆ।
ਪੰਜਿ ਦੂਤਿ ਕਰਿ ਭੂਤ ਵਸਿ ਦੁਰਮਤਿ ਦੂਜਾ ਭਾਉ ਮਿਟਾਇਆ।
ਸਬਦ ਸੁਰਤਿ ਲਿਵ ਚਲਣਾ ਜਮੁ ਜਾਗਾਤੀ[੪] ਨੇੜਿ ਨ ਆਇਆ।
ਬੇਮੁਖ [੫]ਬਾਰਹ ਵਾਟ ਕਰਿ ਸਾਧ ਸੰਗਤਿ ਸਚੁ ਖੰਡੁ ਵਸਾਇਆ।
ਭਾਉ ਭਗਤਿ ਭਉ ਮੰਤ੍ਰ ਦੇ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।
ਜਿਉ ਜਲਅੰਦਰਿ ਕਮਲੁ ਹੈ ਮਾਇਆ ਵਿਚਿ ਉਦਾਸੁ ਰਹਾਇਆ।
ਆਪੁ ਗਵਾਇ ਨ ਆਪੁ ਗਣਾਇਆ ॥ ੧੩ ॥

## ਪਉੜੀ ੧੪

[ਸਚਾ ਸੋਹਿਲਾ]

ਰਾਜਾ ਪਰਜਾ ਹੋਇਕੈ ਚਾਕਰ ਕੂਕਰ ਦੇਸਿ ਦੁਹਾਈ।
ਜੰਮਦਿਆ ਰਣਿਝੁੰਝਣਾ[੬] ਨਾਨਕ ਦਾਦਕ ਹੋਇ ਵਧਾਂਈ।
ਵੀਵਾਹਾ ਨੋ ਸਿਠਣੀਆ ਦੁਹੀ ਵਲੀ ਦੁਇ ਤੂਰ ਵਜਾਈ।
ਰੋਵਣੁ ਪਿਟਣੁ ਮੁਇਆ ਨੋ ਵੈਣੁ ਅਲਾਹਣਿ ਧੁਮ ਧੁਮਾਈ।
ਸਾਧਸੰਗਤਿ ਸਚੁ ਸੋਹਿਲਾ ਗੁਰਮੁਖਿ ਸਾਧ ਸੰਗਤਿ ਲਿਵ ਲਾਈ।
ਬੇਦ ਕਤੇਬਹ ਬਾਹਰਾ ਜੰਮਣਿ ਮਰਣਿ ਅਲਿਪਤੁ[੭] ਰਹਾਈ।
ਆਸਾ ਵਿਚਿ ਨਿਰਾਸੁ ਵਲਾਈ ॥ ੧੪ ॥

---

੧ ਨੱਸ ਕੇ। ੨ ਆਕੀ। ੩ ਜੀਉਂਦੇ। ੪ ਮਸੂਲੀਆਂ। ੫ ਜੋਗੀਆਂ ਦੇ ਬਾਰਾਂ ਰਸਤੇ।
੬ ਆਨੰਦ ਮੰਗਲਾਚਾਰ ਦੇ ਵਾਜੇ। ੭ ਜਿਸ ਨੂੰ ਲੇਪ ਨ ਲੱਗੇ।

Digitized by Panjab Digital Library | www.panjabdigilib.org

## ਪਉੜੀ ੧੫

[ਗੁਰਮੁਖ ਮਨਮੁਖ]

ਗੁਰਮੁਖਿ ਪੰਥੁ ਸੁਹੇਲੜਾ[੧] ਮਨਮੁਖ ਬਾਰਹ ਵਾਟ ਫਿਰੰਦੇ।
ਗੁਰਮੁਖਿ ਪਾਰਿ ਲੰਘਾਇਦਾ ਮਨਮੁਖ ਭਵਜਲ ਵਿਚਿ ਡੁਬੰਦੇ।
ਗੁਰਮੁਖਿ ਜੀਵਨਮੁਕਤਿ ਕਰਿਮਨਮੁਖਫਿਰਿਫਿਰਿਜਨਮ ਮਰੰਦੇ।
ਗੁਰਮੁਖਿ ਸੁਖਫਲੁ ਪਾਇਦੇ ਮਨਮੁਖਿ ਦੁਖ ਫਲੁ ਦੁਖ ਲਹੰਦੇ।
ਗੁਰਮੁਖਿ ਦਰਗਹ ਸਰਖੁਰੂ[੨] ਮਨਮੁਖਿ ਜਮਪਰਿ ਡੰਡੁ ਸਹੰਦੇ।
ਗੁਰਮੁਖਿ ਆਪੁ ਗਵਾਇਆ ਮਨਮੁਖਿ ਹਉਮੈ ਅਗਨਿ ਜਲੰਦੇ।
ਬੰਦੀ ਅੰਦਰਿ ਵਿਰਲੇ ਬੰਦੇ ॥ ੧੫ ॥

## ਪਉੜੀ ੧੬

[ਸੁਹਾਗਣ ਦੇ ਰੂਪਕ ਵਿਚ ਗੁਰਸਿਖ]

ਪੇਵਕੜੈ ਘਰਿ ਲਾਡੁਲੀ ਮਾਊ ਪੀਊ ਖਰੀ ਪਿਆਰੀ।
ਵਿਚਿ ਭਿਰਾਵਾਂ ਭੈਨੜੀ ਨਾਨਕ ਦਾਦਕ ਸਪਰਵਾਰੀ।
ਲਖ ਖਰਚ ਵਿਆਹੀਐ ਗਹਣੇ ਦਾਜੁ ਸਾਜੁ ਅਤਿ ਭਾਰੀ।
ਸਾਹੁਰੜੈ ਘਰਿ ਮੰਨੀਐ ਸਣਖਤੀ[੩] ਪਰਵਾਰ ਸਧਾਰੀ।
ਸੁਖ ਮਾਣੈ ਪਿਰੁ ਸੇਜੜੀ ਛਤੀਹ ਭੋਜਨ ਸਦਾ ਸੀਗਾਰੀ।
ਲੋਕ ਵੇਦ ਗੁਣੁ ਗਿਆਨ ਵਿਚਿ [੪]ਅਰਧ ਸਰੀਰੀ ਮੋਖ ਦੁਆਰੀ।
ਗੁਰਮੁਖਿ ਸੁਖ ਫਲ [੫]ਨਿਹਚਉ ਨਾਰੀ ॥ ੧੬ ॥

## ਪਉੜੀ ੧੭

[ਵੇਸ਼ਵਾ ਦੇ ਰੂਪਕ ਵਿਚ ਮਨਮੁਖ]

ਜਿਉ [੬]ਬਹੁ ਮਿਤੀ ਵੇਸਿਆ ਸਭਿ ਕੁਲਖਣ ਪਾਪ ਕਮਾਵੈ।
ਲੋਕਹੁ ਦੇਸਹੁ ਬਾਹਰੀ ਤਿਹੁ ਪਖਾਂ ਕਾਲੰਕ[੭] ਲਗਾਵੈ।
ਡੁਬੀ ਡੋਬੈ ਹੋਰਨਾ ਮਹੁਰਾ ਮਿਠਾ ਹੋਇ ਪਚਾਵੈ।

---

੧ ਸੌਖਾ । ੨ ਲਾਲ ਚਿਹਰਾ [ਮੁਖ ਉੱਜਲਾ] ! ੩ ਸੁਹਾਗਣ । ੪ ਅਰਧੰਗੀ।
੫ ਪਤਿਬ੍ਰਤਾ ਇਸਤ੍ਰੀ। ੬ ਬਹੁ ਮਿੱਤਰਾਂ ਵਾਲੀ। ੭ ਕਾਲਖ।

Digitized by Panjab Digital Library | www.panjabdigilib.org

ਘੰਡਾ ਹੇੜਾ ਮਿਰਗ ਜਿਉ ਦੀਪਕ ਹੋਇ ਪਤੰਗ ਜਲਾਵੈ।
ਦੂਹੀ ਸਰਾਈ ਜਰਦਰੂ[1] ਪਥਰ ਬੇੜੀ ਪੂਰ ਡੁਬਾਵੈ।
ਮਨਮੁਖ ਮਨੁ ਅਠ ਖੰਡ ਹੋਇ ਦੁਸਟਾ ਸੰਗਤਿ ਭਰਮਿ ਭੁਲਾਵੈ।
ਵੇਸੁਆ ਪੁਤੁ ਨਿਨਾਉ ਸਦਾਵੈ ॥ ੧੭ ॥

## ਪਉੜੀ ੧੮

{ਬਾਲਕ, ਜਵਾਨ, ਬਿਰਧ ਅਵਸਥਾ}

ਸੁਧਿ[2] ਨ ਹੋਵੈ ਬਾਲ ਬੁਧਿ ਬਾਲਕ ਲੀਲਾ ਵਿਚਿ ਵਿਹਾਵੈ।
ਭਰ ਜੋਬਨਿ ਭਰਮਾਈਐ ਪਰ ਤਨ ਧਨ ਪਰ ਨਿੰਦ ਲੁਭਾਵੈ।
ਬਿਰਧਿ ਹੋਆ ਜੰਜਾਲ ਵਿਚਿ ਮਹਾ ਜਾਲੁ ਪਰਵਾਰੁ ਫਹਾਵੈ।
ਬਲ ਹੀਣਾ ਮਤਿ ਹੀਣੁ ਹੋਇ ਨਾਉ ਬਹਤਰਿਆ ਬਰੜਾਵੈ[3]।
ਅੰਨ੍ਹਾ ਬੋਲਾ ਪਿੰਗਲਾ ਤਨੁ ਥਕਾ ਮਨ ਦਹਦਿਸੁ ਧਾਵੈ।
ਸਾਧ ਸੰਗਤਿ ਗੁਰ ਸਬਦ ਵਿਣੁ ਲਖ ਚਉਰਾਸੀਹ ਜੂਨਿ ਭਵਾਵੈ।
ਅਉਸਰੁ[4] ਚੁਕਾ ਹਥਿ ਨ ਆਵੈ ॥ ੧੮ ॥

## ਪਉੜੀ ੧੯

{ਹੰਸ, ਬਗੁਲਾ, ਗੁਰਮੁਖ, ਮਨਮੁਖ}

ਹੰਸੁ ਨ ਛਡੈ ਮਾਨਸਰ ਬਗੁਲਾ ਬਹੁ ਛਪੜ ਫਿਰਿ ਆਵੈ।
ਕੋਇਲ ਬੋਲੈ ਅੰਬ ਵਣਿ ਵਣ ਵਣਿ ਕਾਉ ਕੁਥਾਉ ਸੁਖਾਵੈ।
ਵਗ ਨ ਹੋਵਨਿ ਕੁਤੀਆ ਗਾਈ ਗੋਰਸੁ[5] ਵੰਸੁ ਵਧਾਵੈ।
ਸਫਲ ਬਿਰਖ[6] ਨਿਹਚਲ ਮਤੀ ਨਿਹਫਲ ਮਾਣਸ ਦਹਦਿਸ ਧਾਵੈ।
ਅਗ ਤਤੀ ਜਲੁ ਸੀਅਲਾ[7] ਸਿਰੁ ਉਚਾ ਨੀਵਾਂ ਦਿਖਲਾਵੈ।
ਗੁਰਮੁਖਿ ਆਪੁ ਗਵਾਇਆ ਮਨਮੁਖੁ ਮੂਰਖਿ ਆਪੁ ਗਣਾਵੈ।
ਦੂਜਾ ਭਾਉ ਕੁਦਾਉ[8] ਹਰਾਵੈ ॥ ੧੯ ॥

---

੧ ਪੀਲਾ ਮੁਖ (ਮੂੰਹ ਕਾਲਾ)। ੨ ਗਿਆਨ। ੩ ਨੀਂਦ ਵਿਚ ਬਕਣਾ। ੪ ਸਮਾਂ, ਵੇਲਾ। ੫ ਦੁਧ, ਮਖਣ, ਘਿਉ। ੬ ਸਥਿਰ ਮਤਿਵਾਲਾ। ੭ ਠੰਡਾ। ੮ ਖੋਟਾ ਦਾਉ।

Digitized by Panjab Digital Library | www.panjabdigilib.org

## ਪਉੜੀ ੨੦

{ਪੰਜ ਜੰਤੂਆਂ ਦੁਆਰਾ ਮਨਮੁਖ}

ਗਜ[੧] ਮ੍ਰਿਗ[੨] ਮੀਨ ਪਤੰਗ ਅਲਿ[੩] ਇਕਤੁ ਇਕਤੁ ਰੋਗਿ ਪਚੰਦੇ।
ਮਾਣਸ ਦੇਹੀ ਪੰਜਿ ਰੋਗ ਪੰਜੇ ਦੂਤ ਕੁਸੂਤੁ ਕਰੰਦੇ।
ਆਸਾ ਮਨਸਾ ਡਾਇਣੀ ਹਰਖ ਸੋਗ ਬਹੁ ਰੋਗ ਵਧੰਦੇ।
ਮਨਮੁਖ ਦੂਜੈ ਭਾਇ ਲਗਿ ਭੰਭਲਭੂਸੇ[੪] ਖਾਇ ਭਵੰਦੇ।
ਸਤਿਗੁਰ ਸਚਾ ਪਾਤਸਾਹ ਗੁਰਮੁਖਿ ਗਾਡੀ ਰਾਹੁ ਚਲੰਦੇ।
ਸਾਧ ਸੰਗਤਿ ਮਿਲਿ ਚਲਣਾ ਭਜਿ ਗਏ ਠਗ ਚੋਰ ਡਰੰਦੇ।
ਲੈ ਲਾਹਾ ਨਿਜਿ ਘਰਿ ਨਿਬਹੰਦੇ॥ ੨੦॥

## ਪਉੜੀ ੨੧

[ਸਤਿਗੁਰ ਸੱਚਾ ਪਾਤਸ਼ਾਹ]

ਬੇੜੀ ਚਾੜਿ ਲੰਘਾਇਦਾ ਬਾਹਲੇ ਪੂਰ ਮਾਣਸ ਮੋਹਾਣਾ[੫]।
ਆਗੂ ਇਕੁ ਨਿਬਾਹਿਦਾ ਲਸਕਰ ਸੰਗ ਸਾਹ ਸੁਲਤਾਨਾ।
ਫਿਰੈ ਮਹਲੈ ਪਾਹਰੂ[੬] ਹੋਇ ਨਿਚਿੰਦ ਸਵਨਿ ਪਰਧਾਨਾ।
ਲਾੜਾ ਇਕੁ ਵੀਵਾਹੀਐ ਬਾਹਲੇ ਜਾਞੀਂ ਕਰਿ ਮਿਹਮਾਣਾ।
ਪਾਤਿਸਾਹੁ ਇਕੁ ਮੁਲਕ ਵਿਚਿ ਹੋਰੁ ਪ੍ਰਜਾ ਹਿੰਦੂ ਮੁਸਲਮਾਣਾ।
ਸਤਿਗੁਰੁ ਸਚਾ ਪਾਤਿਸਾਹੁ ਸਾਧ ਸੰਗਤਿ ਗੁਰੁ ਸਬਦੁ ਨੀਸਾਣਾ[੭]।
ਸਤਿਗੁਰ ਪਰਣੈ ਤਿਨ ਕੁਰਬਾਣਾ॥ ੨੧॥ ੫॥

* *

—

* *

੧ ਹਾਥੀ। ੨ ਮੱਛੀ। ੩ ਭੌਰਾ। ੪ ਭਟਕਣਾ। ੫ ਮਲਾਹ। ੬ ਚੌਕੀਦਾਰ। ੭ ਪਰਵਾਨਾ।

Digitized by Panjab Digital Library | www.panjabdigilib.org

# ਵਾਰ ੬

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਮੰਗਲਾਚਰਣ ਵਸਤੂ ਨਿਰਦੇਸ਼]

ਪੂਰਾ ਸਤਿਗੁਰੁ ਜਾਣੀਐ ਪੂਰੇ ਪੂਰਾ ਥਾਟੁ[1] ਬਣਾਇਆ।
ਪੂਰੇ ਪੂਰਾ ਸਾਧਸੰਗੁ ਪੂਰੇ ਪੂਰਾ ਮੰਤ੍ਰ ਦ੍ਰਿੜਾਇਆ।
ਪੂਰੇ ਪੂਰਾ ਪਿਰਮ[2] ਰਸੁ ਪੂਰਾ ਗੁਰਮੁਖਿ ਪੰਥੁ ਚਲਾਇਆ।
ਪੂਰੇ ਪੂਰਾ ਦਰਸਣੋਂ ਪੂਰੇ ਪੂਰਾ ਸਬਦੁ ਸੁਣਾਇਆ।
ਪੂਰੇ ਪੂਰਾ ਬੈਹਿਣਾ[4] ਪੂਰੇ ਪੂਰਾ ਤਖਤੁ ਰਚਾਇਆ।
ਸਾਧ ਸੰਗਤਿ ਸਚੁਖੰਡੁਹੈ [5]ਭਗਤਿਵਛਲਹੁਇ ਵਸਗਤਿ ਆਇਆ।
ਸਾਧਸੰਗਤਿਸਚੁਨਾਉ ਗੁਰਗਿਆਨੁਧਿਆਨੁ ਸਿਖਾਸਮਝਾਇਆ।
ਗੁਰ ਚੇਲੇ ਪਰਚਾ[6] ਪਰਚਾਇਆ ॥ ੧ ॥

## ਪਉੜੀ ੨

[ਉਹੋ ਹੀ]

ਕਰਣ ਕਾਰਣ ਸਮਰਥੁ ਹੈ ਸਾਧ ਸੰਗਤਿ ਦਾ ਕਰੈ ਕਰਾਇਆ।
ਭਰੇ ਭੰਡਾਰ ਦਾਤਾਰੁ ਹੈ ਸਾਧ ਸੰਗਤਿ ਦਾ ਦੇਇ ਦਿਵਾਇਆ।
ਪਾਰਬ੍ਰਹਮ ਗੁਰ ਰੂਪੁ ਹੋਇ ਸਾਧ ਸੰਗਤਿ ਗੁਰ ਸਬਦਿ ਸਮਾਇਆ।
ਜਗ ਭੋਗ ਜੋਗ ਧਿਆਨੁ ਕਰਿ ਪੂਜਾ ਪਰੈ ਨ ਦਰਸਨੁ ਪਾਇਆ।
ਸਾਧ ਸੰਗਤਿ ਪਿਉ ਪੁਤੁ ਹੋਇ ਦਿਤਾ ਖਾਇ ਪੈਨ੍ਹੈ ਪੈਨ੍ਹਾਇਆ।
ਘਰਬਾਰੀ ਹੋਇ ਵਰਤਿਆ ਘਰਬਾਰੀ ਸਿਖ ਪੈਰੀ ਪਾਇਆ।
ਮਾਇਆ ਵਿਚਿ ਉਦਾਸੁ ਰਖਾਇਆ ॥ ੨ ॥

---

੧ ਸਜਾਵਟ। ੨ ਪ੍ਰੇਮ ਰਸ। ੩ ਮਤ। ੪ ਆਸਣ। ੫ ਭਗਤੀ ਨੂੰ ਪਿਆਰ ਕਰਨ ਵਾਲਾ। ੬ ਪ੍ਰੇਮ।

Digitized by Panjab Digital Library | www.panjabdigilib.org

## ਪਉੜੀ ੩

[ਗੁਰਮੁਖਾਂ ਦੀ ਨਿੱਤ ਕ੍ਰਿਯਾ]

ਅੰਮ੍ਰਿਤ ਵੇਲੇ ਉਠਿਕੈ ਜਾਇ ਅੰਦਰਿ ਦਰੀਆਇ ਨ੍ਹਵੰਦੇ।
[੧]ਸਹਜਿ ਸਮਾਧਿ ਅਗਾਧਿ ਵਿਚਿ ਇਕ ਮਨਿ ਹੋਇ ਗੁਰ ਜਾਪੁ ਜਪੰਦੇ।
ਮਥੈ ਟਿਕੇ ਲਾਲ ਲਾਇ ਸਾਧ ਸੰਗਤਿ ਚਲਿ ਜਾਇ ਬਹੰਦੇ।
ਸਬਦੁ ਸੁਰਤਿ ਲਿਵ ਲੀਣੁ ਹੋਇ ਸਤਿਗੁਰ ਬਾਣੀ ਗਾਵਿ ਸੁਣੰਦੇ।
[੨]ਭਾਇ ਭਗਤਿ ਭੈ ਵਰਤਮਾਨ ਗੁਰ ਸੇਵਾ ਗੁਰਪੁਰਬ ਕਰੰਦੇ।
ਸੰਝੈ[੩] ਸੋਦਰੁ ਗਾਵਣਾ ਮਨ ਮੇਲੀ ਕਰਿ ਮੇਲਿ ਮਿਲੰਦੇ।
ਰਾਤੀ ਕੀਰਤਿ ਸੋਹਿਲਾ ਕਰਿ ਆਰਤੀ ਪਰਸਾਦੁ ਵੰਡੰਦੇ।
ਗੁਰਮੁਖਿ ਸੁਖ ਫਲੁ ਪਿਰਮ[੪] ਚਖੰਦੇ ॥ ੩ ॥

## ਪਉੜੀ ੪

[ਸਾਧ ਸੰਗਤਿ—ਸਚਖੰਡ]

ਇਕ ਕਵਾਉ[੫] ਪਸਾਉ ਕਰਿ ਓਅੰਕਾਰਿ ਅਕਾਰੁ ਪਸਾਰਾ।
ਪਉਣ ਪਾਣੀ ਬੈਸੰਤਰੋ ਧਰਤਿ ਅਗਾਸੁ ਧਰੇ [੬]ਨਿਰਧਾਰਾ।
ਰੋਮ ਰੋਮ ਵਿਚਿ ਰਖਿਓਨੁ ਕਰਿ ਵਰਭੰਡ ਕਰੋੜਿ ਅਕਾਰਾ।
ਪਾਰਬ੍ਰਹਮੁ ਪੂਰਨ ਬ੍ਰਹਮ ਅਗਮ ਅਗੋਚਰੁ ਅਲਖ ਅਪਾਰਾ।
ਪਿਰਮ ਪਿਆਲੈ ਵਸਿ ਹੋਇ ਭਗਤਿ ਵਛਲ ਹੋਇ ਸਿਰਜਣਹਾਰਾ।
ਬੀਉ ਬੀਜਿ ਅਤਿ ਸੂਖਮੋ ਤਿਦੂ ਹੋਇ ਵਡ ਬਿਰਖ ਵਿਥਾਰਾ।
ਫਲ ਵਿਚਿ ਬੀਉ ਸਮਾਇਕੈ ਇਕਦੂ ਬੀਅਹੁ ਲਖ ਹਜਾਰਾ।
ਗੁਰਮੁਖਿ ਸੁਖ ਫਲ ਪਿਰਮ ਰਸੁ ਗੁਰਸਿਖਾਂ ਸਤਿਗੁਰੂ ਪਿਆਰਾ।
ਸਾਧ ਸੰਗਤਿ ਸਚੁਖੰਡ ਵਿਚਿ ਸਤਿਗੁਰ ਪੁਰਖੁ ਵਸੈ ਨਿਰੰਕਾਰਾ।
ਭਾਇ ਭਗਤਿ ਗੁਰਮੁਖਿ ਨਿਸਤਾਰਾ ॥ ੪ ॥

---

੧ ਸ਼ਾਂਤ ਸਰੂਪ ਸਮਾਧੀ। ੨ ਪ੍ਰੇਮਾ ਭਗਤੀ। ੩ ਸ਼ਾਮ। ੪ ਪ੍ਰੇਮ। ੫ ਵਾਕ। ੬ ਅਕਾਸ਼ ਨੂੰ ਕੇਵਲ ਆਪਣੇ ਹੁਕਮ ਦੇ ਆਸਰੇ ਵਿਚ ਰਖਿਆ।

Digitized by Panjab Digital Library | www.panjabdigilib.org

## ਪਉੜੀ ੫

{੩੮ਵੇਂ ਸਲੋਕ 'ਪਵਣ ਗੁਰੂ' ਦਾ ਅਰਥ}

ਪਉਣੁ ਗੁਰੂ ਗੁਰ ਸਬਦੁ ਹੈ ਵਾਹਿਗੁਰੂ ਗੁਰ ਸਬਦੁ ਸੁਣਾਇਆ।
ਪਾਣੀ ਪਿਤਾ ਪਵਿਤ੍ਰ ਕਰਿ ਗੁਰਮੁਖਿ ਪੰਥ ਨਿਵਾਣ[੧] ਚਲਾਇਆ।
ਧਰਤੀ ਮਾਤ ਮਹਤ ਕਰਿ [੨]ਓਤਿਪੋਤਿ ਸੰਜੋਗੁ ਬਣਾਇਆ।
ਦਾਈ ਦਾਇਆ ਰਾਤਿ ਦਿਹੁ [੩]ਬਾਲ ਸੁਭਾਇ ਜਗਤ੍ਰ ਖਿਲਾਇਆ।
ਗੁਰਮੁਖਿ ਜਨਮੁ ਸਕਾਰਥਾ[੪] ਸਾਧਸੰਗਤਿ ਵਸਿਆਪੁ ਗਵਾਇਆ।
ਜੰਮਣ ਮਰਣਹੁ ਬਾਹਰੇ ਜੀਵਨ ਮੁਕਤਿ ਜੁਗਤਿ ਵਰਤਾਇਆ।
ਗੁਰਮਤਿ ਮਾਤਾ ਮਤਿ ਹੈ ਪਿਤਾ ਸੰਤੋਖ ਮੋਖ[੫] ਪਦੁ ਪਾਇਆ।
ਧੀਰਜੁ ਧਰਮੁ ਭਿਰਾਵ ਦੁਇ ਜਪੁ ਤਪੁ ਜਤੁ ਸਤੁ ਪੁਤ ਜਣਾਇਆ।
ਗੁਰ ਚੇਲਾ ਚੇਲਾ ਗੁਰੂ ਪੁਰਖਹੁ ਪੁਰਖ ਚਲਤੁ ਵਰਤਾਇਆ।
ਗੁਰਮੁਖਿ ਸੁਖ ਫਲੁ ਅਲਖੁ ਲਖਾਇਆ॥ ੫ ॥

## ਪਉੜੀ ੬

{ਨਿਰਲੇਪਤਾ ਪੁਰ ਦ੍ਰਿਸ਼ਟਿ}

ਪਰ ਘਰ ਜਾਇ ਪਰਾਹੁਣਾ ਆਸਾ ਵਿਚਿ ਨਿਰਾਸੁ ਵਲਾਏ[੬]।
ਪਾਣੀ ਅੰਦਰਿ ਕਵਲ ਜਿਉ ਸੂਰਜ ਧਿਆਨੁ ਅਲਿਪਤੁ[੭] ਰਹਾਏ।
ਸਬਦ ਸੁਰਤਿ ਸਤਿਸੰਗਿ ਮਿਲਿ ਗੁਰ ਚੇਲੇ ਦੀ ਸੰਧਿ[੮] ਮਿਲਾਏ।
ਚਾਰ ਵਰਨ ਗੁਰ ਸਿਖ ਹੋਇ ਸਾਧ ਸੰਗਤਿ ਸਚਖੰਡ ਵਸਾਏ।
ਆਪੁ ਗਵਾਇ ਤੰਬੋਲ ਰਸੁ ਖਾਇ ਚਬਾਇ ਸੁ ਰੰਗ ਚੜ੍ਹਾਏ।
ਛਿਅ ਦਰਸਨ ਤਰਸਨ ਖੜੇ[੯] ਬਾਰਹ ਪੰਥਿ ਗਿਰੰਥ ਸੁਣਾਏ।
ਛਿਅ ਰੁਤਿ ਬਾਰਹ ਮਾਸ ਕਰਿ ਇਕੁ ਇਕੁ ਸੂਰਜੁ ਚੰਦ ਦਿਖਾਏ।
ਬਾਰਹ ਸੋਲਹ ਮੇਲਿਕੈ ਸਸੀਅਰ[੧੦] ਅੰਦਰਿ ਸੂਰ ਸਮਾਏ।

---

੧ ਨੀਵਾਂ। ੨ ਤਾਣਾ-ਪੇਟਾ। ੩ ਬਾਲਕ ਸੁਭਾ। ੪ ਸਫਲ। ੫ ਮੁਕਤੀ। ੬ ਬਤੀਤ ਕਰਨਾ। ੭ ਅਲੇਪ ਰਹਿਣਾ। ੮ ਮਿਲੌਣੀ। ੯ ਭਾਵ ਜੋਗੀਆਂ ਦੇ ਬਾਰਾਂ ਪੰਥ। ੧੦ ਚੰਦਰਮਾ।

Digitized by Panjab Digital Library | www.panjabdigilib.org

ਸਿਵ[੧] ਸਕਤੀ[੨] ਨੂੰ ਲੰਘਿਕੈ ਗੁਰਮੁਖਿ ਇਕ ਮਨਿ ਇਕੁ ਧਿਆਏ।
ਪੈਰੀ ਪੈ ਜਗੁ ਪੈਰੀ ਪਾਏ ॥ ੬ ॥

## ਪਉੜੀ ੭

[ਗੁਰਮੁਖ ਰਹਿਣੀ]

ਗੁਰ ਉਪਦੇਸ ਅਵੇਸੁ[੩] ਕਰਿ ਪੈਰੀ ਪੈ ਰਹਿਰਾਸਿ[੪] ਕਰੰਦੇ।
ਚਰਣ ਸਰਣਿ ਮਸਤਕੁ ਧਰਨਿ ਚਰਨ ਰੇਣ ਮੁਖਿ ਤਿਲਕ ਸੁਹੰਦੇ।
ਭਰਮ ਕਰਮ ਦਾ ਲੇਖੁ ਮੇਟਿ ਲੇਖੁ ਅਲੇਖ ਵਿਸੇਖ[੫] ਬਣੰਦੇ।
ਜਗਮਗ ਜੋਤਿ ਉਦੋਤ[੬] ਕਰਿ ਸੂਰਜ ਚੰਦ ਨ ਲਖ ਪੁਜੰਦੇ।
ਹਉਮੈ ਗਰਬੁ ਨਿਵਾਰਿਕੈ ਸਾਧ ਸੰਗਤਿ ਸਚ ਮੇਲਿ ਮਿਲੰਦੇ।
ਸਾਧ ਸੰਗਤਿ ਪੂਰਨ ਬ੍ਰਹਮੁ ਚਰਣ ਕਵਲ ਪੂਜਾ ਪਰਚੰਦੇ[੭]।
ਸੁਖ ਸੰਪਟ ਹੋਇ ਭਵਰ ਵਸੰਦੇ ॥ ੭ ॥

## ਪਉੜੀ ੮

[ਗਿਆਨੀ ਲੱਛਨ]

ਗੁਰਦਰਸਨੁਪਰਸਣ ਸਫਲਛਿਅ ਦਰਸਨੁ ਇਕ ਦਰਸਨੁ ਜਾਣੈ।
ਦਿਬ[੮] ਦਿਸਟਿ ਪਰਗਾਸੁ ਕਰਿ ਲੋਕਵੇਦ ਗੁਰ ਗਿਆਨੁ ਪਛਾਣੈ।
ਏਕਾ ਨਾਰੀ ਜਤੀ ਹੋਇ ਪਰਨਾਰੀ ਧੀ ਭੈਣ ਵਖਾਣੈ।
ਪਰ ਧਨੁ ਸੂਅਰ ਗਾਇ ਜਿਉ ਮਕਰੂਹ[੯] ਹਿੰਦੂ ਮੁਸਲਮਾਣੈ।
ਘਰ ਬਾਰੀ ਗੁਰ ਸਿਖੁ ਹੋਇ ਸਿਖਾ[੧੦] ਸੂਤ੍ਰ[੧੧] ਮਲ ਮੂਤ੍ਰ ਵਿਡਾਣੈ[੧੨]।
ਪਾਰਬ੍ਰਹਮ ਪੂਰਨ ਬ੍ਰਹਮ ਗਿਆਨੁ ਧਿਆਨੁ ਗੁਰਸਿਖ ਸਿਵਾਣੈ।
ਸਾਧ ਸੰਗਤਿ ਮਿਲਿ ਪਤਿ ਪਰਵਾਣੈ ॥ ੮ ॥

---

੧ ਸਤ। ੨ ਤਮ। ੩ ਘਰ। ੪ ਰਹੁਰੀਤੀ। ੫ ਵਾਧਾ। ੬ ਪ੍ਰਗਟ। ੭ ਪਰਚਦੇ ਹਨ। ੮ ਗਿਆਨ ਦ੍ਰਿਸ਼ਟੀ। ੯ ਨਿੰਦਤ (ਅਖ਼ਾਜ)। ੧੦ ਬੋਦੀ। ੧੧ ਜਨੇਊ। ੧੨ ਤ੍ਰਿਸਕਾਰ।

Digitized by Panjab Digital Library | www.panjabdigilib.org

## ਪਉੜੀ ੯

[ਈਸ਼੍ਵਰੀਯ ਸ਼ਕਤੀ]

ਗਾਈ ਬਾਹਲੇ ਰੰਗ ਜਿਉ ਖੜੁ[੧] ਚਰਿ ਦੁਧੁ ਦੇਨਿ ਇਕ ਰੰਗੀ।
ਬਾਹਲੇ ਬਿਰਖ ਵਣਾਸਪਤਿ ਅਗਨੀ ਅੰਦਰਿ ਹੈ ਬਹੁ ਰੰਗੀ।
ਰਤਨਾ ਵੇਖੈ ਸਭੁ ਕੋ ਰਤਨ ਪਾਰਖੂ ਵਿਰਲਾ ਸੰਗੀ।
ਹੀਰੇ ਹੀਰਾ ਬੇਧਿਆ ਰਤਨ ਨਾਲ ਸਤਿਸੰਗਤਿ ਚੰਗੀ।
ਅੰਮ੍ਰਿਤੁ ਨਦਰਿ ਨਿਹਾਲਿਓਨੁ ਹੋਇ ਨਿਹਾਲੁ ਨ ਹੋਰ ਸੁਮੰਗੀ।
[੨]ਦਿਬ ਦੇਹ ਦਿਬ ਦਿਸਟਿ ਹੋਇ ਪੂਰਨ ਬ੍ਰਹਮ ਜੋਤਿ ਅੰਗ ਅੰਗੀ।
ਸਾਧ ਸੰਗਤਿ ਸਤਿਗੁਰ ਸਹਲੰਗੀ[੩] ॥ ੯ ॥

## ਪਉੜੀ ੧੦

[ਗੁਰਮੁਖ ਧਾਰਨਾ]

ਸਬਦ ਸੁਰਤਿ ਲਿਵ ਸਾਧ ਸੰਗਿ [੪]ਪੰਚ ਸਬਦ ਇਕਸਬਦਮਿਲਾਏ।
ਰਾਗ ਨਾਦ ਸੰਬਾਦ[੫] ਲਖਿ ਭਾਖਿਆ ਭਾਉ ਸੁਭਾਉ ਅਲਾਏ[੬]।
ਗੁਰਮੁਖਿ ਬ੍ਰਹਮ ਧਿਆਨੁ ਧੁਨਿ ਜਾਣੈ ਜੰਤ੍ਰੀ[੭] ਜੰਤ੍ਰ[੮] ਵਜਾਏ।
ਅਕਥ ਕਥਾ ਵੀਚਾਰਿਕੈ ਉਸਤਤਿ ਨਿੰਦਾ ਵਰਜਿ ਰਹਾਏ।
ਗੁਰ ਉਪਦੇਸੁ ਅਵੇਸੁ ਕਰਿ ਮਿਠਾ ਬੋਲਣੁ ਮਨ ਪਰਚਾਏ।
ਜਾਇ ਮਿਲਨਿ ਗੁੜ ਕੀੜਿਆਂ ਰਖੈ ਰਖਣਹਾਰੁ ਲੁਕਾਏ।
ਗੰਨਾ ਹੋਇ ਕੋਲੂ ਪੀੜਾਏ ॥ ੧੦ ॥

## ਪਉੜੀ ੧੧

[ਗੁਰਮੁਖ ਧਾਰਨਾ]

ਚਰਣ ਕਮਲ ਮਕਰੰਦੁ[੯] ਰਸਿ ਹੋਇ ਭਵਰ ਲੈ ਵਾਸੁ ਲੁਭਾਵੈ।
[੧੦]ਇੜਾ ਪਿੰਗੁਲਾ ਸੁਖਮਨਾ ਲੰਘਿ ਤ੍ਰਿਬੇਣੀ ਨਿਜ ਘਰਿ ਆਵੈ।

---

੧ ਘਾਹ। ੨ ਉੱਤਮ ਦੇਹੀ। ੩ ਸੰਬੰਧੀ। ੪ ਤੱਤ, ਬਿਤ,ਘਨ, ਨਾਦ, ਸੁਰਖ। ੫ ਝਗੜੇ ੬ ਅਲਾਪਦੇ ਹਨ। ੭ ਵਜਾਉਣ ਵਾਲਾ। ੮ ਵਾਜਾ। ੯ ਧੂੜੀ। ੧੦ ਤਿੰਨ ਨਾੜੀਆਂ।

Digitized by Panjab Digital Library | www.panjabdigilib.org

ਸਾਹਿ ਸਾਹਿ ਮਨ ਪਵਣ ਲਿਵ ਸੋਹੰ ਹੰਸਾ ਜਪੈ ਜਪਾਵੈ।
ਅਚਰਜ ਰੂਪ ਅਨੂਪ ਲਿਵ ਗੰਧ ਸੁਗੰਧਿ ਅਵੇਸ[1] ਮਚਾਵੈ[2]।
ਸੁਖਸਾਗਰ [3]ਚਰਣਾਰਬਿੰਦ ਸੁਖ ਸੰਪਟ[4] ਵਿਚਿ ਸਹਜਿ ਸਮਾਵੈ।
ਗੁਰਮੁਖਿ ਸੁਖਫਲ ਪਿਰਮ ਰਸੁ ਦੇਹ ਬਿਦੇਹ ਪਰਮ ਪਦੁ ਪਾਵੈ।
ਸਾਧ ਸੰਗਤਿ ਮਿਲਿ ਅਲਖੁ ਲਖਾਵੈ ॥ ੧੧ ॥

## ਪਉੜੀ ੧੨

[ਹੱਥਾਂ ਦੀ ਸਫਲਤਾ]

ਗੁਰਮੁਖਿ ਹਥਿ ਸਕਥ[5] ਹਨਿ ਸਾਧ ਸੰਗਤਿ ਗੁਰ ਕਾਰ ਕਮਾਵੈ।
ਪਾਣੀ ਪਖਾ ਪੀਹਣਾ ਪੈਰ ਧੋਇ ਚਰਣਾਮ੍ਰਿਤੁ[6] ਪਾਵੈ।
ਗੁਰਬਾਣੀ ਲਿਖਿ ਪੋਥੀਆ ਤਾਲ ਮ੍ਰਿਦੰਗ ਰਬਾਬ ਵਜਾਵੈ।
ਨਮਸਕਾਰ ਡੰਡਉਤ[7] ਕਰਿ ਗੁਰਭਾਈ ਗਲਿ ਮਿਲਿ ਗਲਿ ਲਾਵੈ।
ਕਿਰਤਿ ਵਿਰਤਿ[8] ਕਰਿ ਧਰਮ ਦੀ ਹਥਹੁ ਦੇਕੈ ਭਲਾ ਮਨਾਵੈ।
ਪਾਰਸੁ ਪਰਸਿ ਅਪਰਸਿ ਹੋਇ ਪਰ ਤਨ ਪਰ ਧਨ ਹਥੁ ਨ ਲਾਵੈ।
ਗੁਰ ਸਿਖ ਗੁਰ ਸਿਖ ਪੂਜਕੈ ਭਾਇ ਭਗਤਿ ਭੈ ਭਾਣਾ ਭਾਵੈ।
ਆਪੁ ਗਵਾਇ ਨ ਆਪ ਗਣਾਵੈ ॥ ੧੨ ॥

## ਪਉੜੀ ੧੩

[ਚਰਣ ਸਫਲਤਾ]

ਗੁਰਮੁਖਿ ਪੈਰ ਸਕਾਰਥੇ[9] ਗੁਰਮੁਖਿ ਮਾਰਗਿ ਚਾਲ ਚਲੰਦੇ।
ਗੁਰੂ ਦੁਆਰੈ ਜਾਨਿ ਚਲਿ ਸਾਧ ਸੰਗਤਿ ਚਲਿ ਜਾਇ ਬਹੰਦੇ।
ਧਾਵਨ ਪਰਉਪਕਾਰ ਨੋ ਗੁਰ ਸਿਖਾ ਨੋ ਖੋਜਿ ਲਹੰਦੇ।
ਦੁਬਿਧਾ[10] ਪੰਥਿ ਨ ਧਾਵਨੀ ਮਾਇਆ ਵਿਚਿ ਉਦਾਸੁ ਰਹੰਦੇ।
ਬੰਦਿ ਖਲਾਸੀ ਬੰਦਗੀ ਵਿਰਲੇ ਕੇਈ ਹੁਕਮੀ ਬੰਦੇ।

---

੧ ਪਰਵੇਸ਼। ੨ ਸਮਾਉਣਾ। ੩ ਚਰਨ ਕਮਲ। ੪ ਡੱਬਾ। ੫ ਸਫਲ। ੬ ਚਰਨਾ ਦਾ ਅੰਮ੍ਰਿਤ। ੭ ਅਸ਼ਟਾਂਗ ਪ੍ਰਣਾਮ। ੮ ਉਪਜੀਵਕਾ। ੯ ਸਫਲ। ੧੦ ਦੁਚਿੱਤੀ (ਦਵੈਤ)।

Digitized by Panjab Digital Library | www.panjabdigilib.org

ਗੁਰ ਸਿਖਾ ਪਰਦਖਣਾਂ ਪੈਰੀ ਪੈ ਰਹਰਾਸਿ ਕਰੰਦੇ।
ਗੁਰ ਚੇਲੇ ਪਰਚੈ[1] ਪਰਚੰਦੇ ॥ ੧੩ ॥

## ਪਉੜੀ ੧੪

[ਗੁਰਮੁਖ ਪਰੋਪਕਾਰੀ]

ਗੁਰਸਿਖ ਮਨਿ ਪਰਗਾਸੁ ਹੈ [2]ਪਿਰਮ ਪਿਆਲਾ ਅਜਰੁ[3] ਜਰੰਦੇ[4]।
ਪਾਰਬ੍ਰਹਮੁ ਪੂਰਨ ਬ੍ਰਹਮੁ ਬ੍ਰਹਮੁ ਬਿਬੇਕੀ ਧਿਆਨੁ ਧਰੰਦੇ।
ਸਬਦ ਸੁਰਤਿ ਲਿਵਲੀਣ ਹੋਇ ਅਕਥ ਕਥਾ ਗੁਰ ਸਬਦ ਸੁਣੰਦੇ।
ਭੂਤ ਭਵਿਖਹੁੰ ਵਰਤਮਾਨ [5]ਅਬਿਗਤਿ ਗਤਿਅਤਿ ਅਲਖ ਲਖੰਦੇ।
ਗੁਰਮੁਖਿਸੁਖਫਲੁ ਅਛਲੁਛਲੁ ਭਗਤਿਵਛਲੁ ਕਰਿਅਛਲੁ ਛਲੰਦੇ।
ਭਵਜਲ ਅੰਦਰਿ ਬੋਹਿਥੈ ਇਕਸ ਪਿਛੈ ਲਖ ਤਰੰਦੇ।
ਪਰਉਪਕਾਰੀ ਮਿਲਨਿ ਹਸੰਦੇ ॥ ੧੪ ॥

## ਪਉੜੀ ੧੫

[ਘਰ ਬਾਰੀ ਸਿੱਖ ਦੀ ਰਹਿਣੀ]

ਬਾਵਨ ਚੰਦਨ ਆਖੀਐ ਬਹਲੇ[6] ਬਿਸੀਅਰੁ[7] ਤਿਸੁ ਲਪਟਾਹੀ।
ਪਾਰਸੁ ਅੰਦਰਿ ਪਥਰਾ ਪਥਰ ਪਾਰਸ ਹੋਇ ਨ ਜਾਹੀ।
ਮਣੀ ਜਿਨ੍ਹਾਂ ਸਪਾ ਸਿਰੀਂ ਓਇ ਭਿ ਸਪਾ ਵਿਚਿ ਫਿਰਾਹੀ।
ਲਹਰੀ ਅੰਦਰਿ ਹੰਸੁਲੇ ਮਾਣਕ ਮੋਤੀ ਚੁਗਿ ਚੁਗਿ ਖਾਹੀ।
ਜਿਉਂ ਜਲ ਕਵਲ ਅਲਿਪਤੁ ਹੈ ਘਰਿਬਾਰੀ ਗੁਰਸਿਖ ਤਿਵਾਹੀ।
ਆਸਾ ਵਿਚਿ ਨਿਰਾਸ ਹੋਇ ਜੀਵਨੁ ਮੁਕਤਿ ਜੁਗਤਿ ਜੀਵਾਹੀ[8]।
ਸਾਧ ਸੰਗਤਿ ਕਿਤੁ ਮੁਖਿ ਸਾਲਾਹੀ ॥ ੧੫ ॥

---

੧ ਪ੍ਰੇਮ। ੨ ਪ੍ਰੇਮ ਦਾ ਪਿਆਲਾ। ੩ ਜੋ ਜਰੀ ਨਾ ਜਾਵੇ। ੪ ਜਰਦੇ। ੫ ਜਿਸ ਦੀ ਗਤੀ ਕੋਈ ਨਾ ਜਾਣੇ। ੬ ਬਹੁਤ। ੭ ਸੱਪ। ੮ ਜੀਊਂਦੇ ਹਨ।

Digitized by Panjab Digital Library | www.panjabdigilib.org

## ਪਉੜੀ ੧੬

[ਸਤਿਗੁਰ ਅਤੇ ਸਿੱਖ ਉਸਤੁਤਿ]

ਧੰਨੁ ਧੰਨੁ ਸਤਿਗੁਰ ਪੁਰਖੁ ਨਿਰੰਕਾਰਿ ਆਕਾਰੁ[1] ਬਣਾਇਆ।
ਧੰਨੁ ਧੰਨੁ ਸਤਿਗੁਰਸਿਖਸੁਣਿਚਰਣਿਸਰਣਿਗੁਰਸਿਖਜੁਆਇਆ।
ਗੁਰਮੁਖਿ ਮਾਰਗੁ[2] ਧੰਨੁ ਹੈ ਸਾਧਸੰਗਤਿ ਮਿਲਿ ਸੰਗੁ ਚਲਾਇਆ।
ਧੰਨੁਧੰਨੁ ਸਤਿਗੁਰ ਚਰਣ ਧੰਨੁ ਮਸਤਕੁ ਗੁਰ ਚਰਣੀ ਲਾਇਆ।
ਸਤਿਗੁਰਦਰਸਨੁ ਧੰਨੁਹੈ ਧੰਨੁਧੰਨੁ ਗੁਰ ਸਿਖ ਪਰਸਣਿ[3] ਆਇਆ।
ਭਾਉਭਗਤਿ ਗੁਰਸਿਖ ਵਿਚਿਹੋਇ ਦਇਆਲੁਗੁਰੂਮੁਹਿ ਲਾਇਆ।
ਦੁਰਮਤਿ ਦੂਜਾ ਭਾਉ ਮਿਟਾਇਆ ॥ ੧੬ ॥

## ਪਉੜੀ ੧੭

[ਸਫਲ ਸਮੇਂ]

ਧੰਨੁ ਪਲੁ[4] ਚਸਾ ਘੜੀ ਪਹਰ ਧੰਨੁ ਧੰਨੁ ਥਿਤਿ ਸੁ ਵਾਰ ਸਭਾਗੇ[5]।
ਧੰਨੁ ਧੰਨੁ ਦਿਹੁ ਰਾਤਿ ਹੈ ਪਖੁ ਮਾਹ ਰੁਤਿ ਸੰਮਤਿ ਜਾਗੇ।
ਧੰਨੁ ਅਭੀਚੁ[6] ਨਿਛਤ੍ਰ ਹੈ ਕਾਮੁ ਕ੍ਰੋਧ ਅਹੰਕਾਰੁ ਤਿਆਗੇ।
ਧੰਨੁ ਧੰਨੁ ਸੰਜੋਗੁ ਹੈ ਅਠਸਠਿ ਤੀਰਥ ਰਾਜ ਪਿਰਾਗੇ[7]।
ਗੁਰੂ ਦੁਆਰੇ ਆਇਕੈ ਚਰਣ ਕਵਲ ਰਸ ਅੰਮ੍ਰਿਤੁ ਪਾਗੇ[8]।
ਗੁਰ ਉਪਦੇਸੁ ਅਵੇਸੁ[9] ਕਰਿ ਅਨਭੈ[10] ਪਿਰਮ[11] ਪਿਰੀ ਅਨੁਰਾਗੇ।
ਸਬਦ ਸੁਰਤਿ ਲਿਵ ਸਾਧ ਸੰਗਿ ਅੰਗਿਅੰਗਿ ਇਕ ਰੰਗਿ ਸਮਾਗੇ[12]।
ਰਤਨ ਮਾਲ ਕਰਿ ਕਚੇ ਧਾਗੇ ॥ ੧੭ ॥

---

੧ ਸਰੂਪ। ੨ ਰਸਤਾ। ੩ ਛੁਹਣਾ ਭਾਵ ਮੇਲ ਕਰਨਾ। ੪ ਛੇਆਂ ਸਵਾਸਾਂ ਦਾ ਇਕ ਪਲ। ੫ ਸ੍ਰੇਸ਼ਟ। ੬ ਇਕ ਨਛੱਤ੍ਰ ਦਾ ਨਾਮ ਹੈ। ੭ ਪਿਰਾਗਰਾਜ ਤੀਰਥ। ੮ ਪ੍ਰਾਪਤ। ੯ ਪ੍ਰਵੇਸ਼। ੧੦ ਜਾਨਣਾ। ੧੧ ਪਿਆਰੇ ਦਾ ਪ੍ਰੇਮ। ੧੨ ਸਮਾ ਗਏ।

Digitized by Panjab Digital Library | www.panjabdigilib.org

## ਪਉੜੀ ੧੮

[ਘਰਬਾਰੀ ਜੀਵਨ ਮੁਕਤ]

ਗੁਰਮੁਖਿ ਮਿਠਾ ਬੋਲਣਾ ਜੋ ਬੋਲੈ ਸੋਈ ਜਪੁ ਜਾਪੈ।
ਗੁਰਮੁਖਿ ਅਖੀ ਦੇਖਣਾ ਬ੍ਰਹਮ ਧਿਆਨੁ ਧਰੈ ਆਪੁ ਆਪੈ।
ਗੁਰਮੁਖਿ ਸੁਨਣਾ ਸੁਰਤਿ ਕਰਿ ਪੰਚਸਬਦੁ ਗੁਰਸਬਦਿ ਅਲਾਪੈ।
ਗੁਰਮੁਖਿ ਕਿਰਤਿ ਕਮਾਵਣੀ ਨਮਸਕਾਰੁ ਡੰਡਉਤਿ ਸਿਞਾਪੈ।
ਗੁਰਮੁਖਿ ਮਾਰਗਿ ਚਲਣਾ ਪਰਦਖਣਾ ਪੂਰਨ ਪਰਤਾਪੈ।
ਗੁਰਮੁਖਿ ਖਾਣਾ ਪੈਨਣਾ ਜੋਗ ਭੋਗ ਸੰਜੋਗ ਪਛਾਪੈ[1]।
ਗੁਰਮੁਖਿ ਸਵਣੁ ਸਮਾਧਿ ਹੈ ਆਪੇ ਆਪਿ ਨ ਥਾਪਿ ਉਥਾਪੈ।
ਘਰਬਾਰੀ[2] ਜੀਵਨ ਮੁਕਤਿ ਲਹਿਰ ਨਹੀਂ ਭਵ ਲੋਭ ਬਿਆਪੈ।
ਪਾਰਿ ਪਏ ਲੰਘਿ ਵਰੈ ਸਰਾਪੈ॥ ੧੮॥

## ਪਉੜੀ ੧੯

[ਗੁਰਮੁਖ ਦੀ ਧਾਰਨਾ]

ਸਤਿਗੁਰੁ ਸਤਿ ਸਰੂਪੁ ਹੈ ਧਿਆਨ ਮੂਲੁ ਗੁਰ ਮੂਰਤਿ ਜਾਣੈ।
ਸਤਿਨਾਮੁ ਕਰਤਾ ਪੁਰਖੁ ਮੂਲ ਮੰਤ੍ਰ ਸਿਮਰਣ ਪਰਵਾਣੈ।
ਚਰਣ ਕਵਲ ਮਕਰੰਦ[3] ਰਸੁ ਪੂਜਾ ਮੂਲ [4]ਪਿਰਮ ਰਸ ਮਾਣੈ।
ਸਬਦ ਸੁਰਤਿ ਲਿਵ ਸਾਧ ਸੰਗਿ ਗੁਰ ਕਿਰਪਾ ਤੇ ਅੰਦਰਿ ਆਣੈ।
ਗੁਰਮੁਖਿ ਪੰਥੁ ਅਗੰਮੁ[5] ਹੈ ਗੁਰਮਤਿ ਨਿਹਚਲੁ ਚਲਣੁ ਭਾਣੈ।
ਵੇਦ ਕਤੇਬਹੁੰ ਬਾਹਰੀ ਅਕਥ ਕਥਾ ਕਉਣ ਆਖਿ ਵਖਾਣੈ।
ਵੀਹ ਇਕੀਹ ਉਲੰਘਿ ਸਿਵਾਣੈ॥ ੧੯॥

---

੧ ਪਛਾਣਦੇ। ੨ ਗ੍ਰਿਹਸਥੀ। ੩ ਧੂੜੀ। ੪ ਪ੍ਰੇਮ ਰਸ। ੫ ਮਨ ਬਾਣੀ ਦੀ ਪਹੁੰਚ ਤੋਂ ਪਰੇ।

Digitized by Panjab Digital Library | www.panjabdigilib.org

## ਪਉੜੀ ੨੦

[ਮਨਮੁਖ ਗਤੀ]

ਸੀਸੁ ਨਿਵਾਏ ਢੀਂਗੁਲੀ[1] ਗਲਿ ਬੰਧੇ ਜਲੁ ਉਚਾ ਆਵੈ।
ਘੁਘੂ[2] ਸੁਝ[3] ਨ ਸੁਝਈ ਚਕਈ ਚੰਦੁ ਨ ਡਿਠਾ ਭਾਵੈ।
ਸਿੰਮਲ ਬਿਰਖੁ ਨ ਸਫਲੁ ਹੋਇ ਚੰਦਨ ਵਾਸੁ ਨ ਵਾਂਸਿ ਸਮਾਵੈ।
ਸਪੈ ਦੁਧੁ ਪੀਆਲੀਐ ਤੁਮੇ ਦਾ ਕਉੜਤੁ ਨ ਜਾਵੈ।
ਜਿਉ ਥਣਿ ਚੰਬੜਿ ਚਿਚੁੜੀ ਲੋਹੂ ਪੀਐ ਦੁਧੁ ਨ ਖਾਵੈ।
ਸਭ ਅਵਗੁਣ ਮੈ ਤਨਿ ਵਸਨਿ ਗੁਣ ਕੀਤੇ ਅਵਗੁਣ ਨੋ ਧਾਵੈ।
ਥੋਮ ਨ ਵਾਸੁ ਕਥੂਰੀ ਆਵੈ ॥ ੨੦ ॥ ੬ ॥

---

੧ ਪਾਣੀ ਕੱਢਣ ਵਾਲੀ ਢੀਂਗਲੀ। ੨ ਉੱਲੂ। ੩ ਸੂਰਜ।

Digitized by Panjab Digital Library | www.panjabdigilib.org

# ਵਾਰ ੧.

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਮੰਗਲਾਚਰਣ]

ਸਤਿਗੁਰੁ ਸਚਾ ਪਤਿਸਾਹੁ ਸਾਧ ਸੰਗਤਿ ਸਚੁ ਖੰਡੁ ਵਸਾਇਆ।
ਗੁਰਸਿਖਲੈ ਗੁਰਸਿਖ ਹੋਇਆਪੁ ਗਵਾਇ ਨ ਆਪੁ ਗਣਾਇਆ।
ਗੁਰ ਸਿਖ ਸਭੇ ਸਾਧਨਾ ਸਾਧਿ[1] ਸਧਾਇ[2] ਸਾਧੁ ਸਦਵਾਇਆ।
ਚਹੁ ਵਰਨਾ ਉਪਦੇਸ ਦੇ ਮਾਇਆ ਵਿਚਿ ਉਦਾਸੁ ਰਹਾਇਆ।
ਸਚਹੁ ਓਰੈ ਸਭ ਕਿਹੁ ਸਚੁ ਨਾਉ ਗੁਰਮੰਤੁ ਦਿੜਾਇਆ।
ਹੁਕਮੈ ਅੰਦਰਿ ਸਭ ਕੋ ਮੰਨੈ ਹੁਕਮੁ ਸੁ ਸਚਿ ਸਮਾਇਆ।
ਸਬਦ ਸੁਰਤਿ ਲਿਵ ਅਲਖੁ ਲਖਾਇਆ[3] ॥ ੧ ॥

## ਪਉੜੀ ੨

[ਦੋ ਦੀ ਗਿਣਤੀ, ਗੁਰਮੁਖ ਮਹਿਮਾਂ]

ਸਿਵ ਸਕਤੀ ਨੋ ਸਾਧਿਕੈ ਚੰਦੁ ਸੂਰਜੁ ਦਿਹੁੰ ਰਾਤਿ ਸਧਾਏ।
ਸੁਖ ਦੁਖ ਸਾਧੇ ਹਰਖ ਸੋਗ ਨਰਕ ਸੁਰਗ ਪੁੰਨ ਪਾਪ ਲੰਘਾਏ।
ਜਨਮ ਮਰਣ ਜੀਵਨੁ ਮੁਕਤਿ ਭਲਾ ਬੁਰਾ ਮਿਤ੍ਰ ਸਤ੍ਰ ਨਿਵਾਏ।
ਰਾਜ ਜੋਗ ਜਿਣਿ ਵਸਿ ਕਰਿ ਸਾਧਿ ਸੰਜੋਗ ਵਿਜੋਗ ਰਹਾਏ।
ਵਸਗਤਿ[4] ਕੀਤੀ ਨੀਂਦ ਭੂਖ ਆਸਾ ਮਨਸਾ ਜਿਣਿ ਘਰਿ ਆਏ।
ਉਸਤੁਤਿ ਨਿੰਦਾ ਸਾਧਿਕੈ ਹਿੰਦੂ ਮੁਸਲਮਾਣ ਸਬਾਏ।
ਪੈਰੀ ਪੈ ਪਾਖਾਕ[5] ਸਦਾਏ ॥ ੨ ॥

---

੧ ਸਿੱਧੀ। ੨ ਸਾਧ ਕੇ। ੩ ਜਾਣਨਾ। ੪ ਵੱਸ ਕਰਨਾ। ੫ ਪੈਰਾਂ ਦੀ ਮਿੱਟੀ।

Digitized by Panjab Digital Library | www.panjabdigilib.org

## ਪਉੜੀ ੩

[ਤਿੰਨ ਦੀ ਗਿਣਤੀ ਗੁਰਮੁਖ]

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਲੋਕ ਵੇਦ ਗੁਣ ਗਿਆਨ ਲੰਘਾਏ।
ਭੂਤ ਭਵਿਖਹੁ ਵਰਤਮਾਨੁ ਆਦਿ ਮਧਿ ਜਿਣਿ ਅੰਤਿ ਸਿਧਾਏ।
ਮਨ ਬਚ ਕਰਮ ਇਕੱਤ੍ਰ ਕਰਿ ਜੰਮਣਮਰਣ ਜੀਵਣ ਜਿਣਿ ਆਏ[੧]।
ਆਧਿ[੨] ਬਿਆਧਿ ਉਪਾਧਿ ਸਾਧਿ ਸੁਰਗਮਿਰਤ ਪਾਤਾਲ ਨਿਵਾਏ।
ਉਤਮੁ ਮਧਮ ਨੀਚ ਸਾਧਿ ਬਾਲਕ ਜੋਬਨ ਬਿਰਧਿ ਜਿਣਾਏ।
ਇੜਾ[੩] ਪਿੰਗੁਲਾ ਸੁਖਮਨਾ ਤ੍ਰਿਕੁਟੀ ਲੰਘਿ ਤ੍ਰਿਬੇਣੀ[੪] ਨਾਏ।
ਗੁਰਮੁਖਿ ਇਕੁ ਮਨਿ ਇਕ ਧਿਆਏ ॥ ੩ ॥

## ਪਉੜੀ ੪

[ਚੌਕੜੀ ਦਾ ਵਰਣਨ, ਗੁਰਮੁਖ]

ਅੰਡਜ ਜੇਰਜ ਸਾਧਿਕੈ ਸੇਤਜ ਉਤਭੁਜ ਖਾਣੀ ਬਾਣੀ।
ਚਾਰੇ[੫] ਕੁੰਡਾ ਚਾਰਿ ਜੁਗ ਚਾਰਿ ਵਰਨ ਚਾਰਿ ਵੇਦ ਵਖਾਣੀ।
ਧਰਮ ਅਰਥੁ ਕਾਮੁ ਮੋਖੁ ਜਿਣਿ ਰਜ ਤਮ ਸਤ ਗੁਣ ਤੁਰੀਆ[੬] ਰਾਣੀ।
ਸਨਕਾਦਿਕ[੭] ਆਸ੍ਰਮ ਉਲੰਘਿ ਚਾਰਿ ਵੀਰ[੮] ਵਸਗਤਿ[੯] ਕਰਿਆਣੀ।
ਚਉਪੜਿ ਜਿਉ ਚਉਸਾਰ[੧੦] ਮਾਰਿ ਜੋੜਾ ਹੋਇ ਨ ਕੋਇ ਰਵਾਣੀ[੧੧]।
ਰੰਗ ਬਿਰੰਗ ਤੰਬੋਲ ਰਸ ਬਹੁ ਰੰਗੀ ਇਕੁ ਰੰਗੁ ਨੀਸਾਣੀ।
ਗੁਰਮੁਖਿ ਸਾਧ ਸੰਗਤਿ ਨਿਰਬਾਣੀ ॥ ੪ ॥

## ਪਉੜੀ ੫

[ਪੰਚ ਹਰ ਸੰਖਜਾ ਗੁਰਮੁਖ]

ਪਉਣੁ ਪਾਣੀ ਬੈਸੰਤਰੋ ਧਰਤਿ ਅਕਾਸੁ ਉਲੰਘਿ ਪਇਆਣਾ।
ਕਾਮ ਕਰੋਧੁ ਵਿਰੋਧੁ ਲੰਘਿ ਲੋਭੁ ਮੋਹੁ ਅਹੰਕਾਰ ਵਿਹਾਣਾ[੧੨]।

---

੧ ਜਿੱਤ ਕੇ ਆਏ। ੨ ਤਿੰਨ ਪਰਕਾਰ ਦੇ ਰੋਗ। ੩ ਯੋਗਾਭਿਆਸ ਦੀਆਂ ਤਿੰਨ ਨਾੜੀਆਂ ਦੀ ਤ੍ਰਿਕੁਟੀ। ੪ ਸਹਜ ਅਵਸਥਾ। ੫ ਤਰਫਾਂ। ੬ ਚੌਥੀ ਅਵਸਥਾ। ੭ ਚਾਰ ਆਸ਼ਰਮ। ੮ ਹਣੂਵੰਤ, ਨਰ ਸਿੰਘ, ਭੈਰੋਂ, ਲੰਕੁੜਾ। ੯ ਵਸ ਕਰ ਲਿਆ। ੧੦ ਚਾਰੇ ਪਾਸੇ ਚੌਪੜ ਦੇ। ੧੧ ਮਾਰਦਾ। ੧੨ ਲੰਘ ਗਿਆ।

Digitized by Panjab Digital Library | www.panjabdigilib.org

ਸਤਿ ਸੰਤੋਖ ਦਇਆ ਧਰਮੁ[1] ਅਰਥੁ ਸੁ ਗ੍ਰੰਥ ਪੰਚ ਪਰਵਾਨਾ।
ਖੇਚਰ[2] ਭੂਚਰ[3] ਚਾਚਰੀ[4] ਉਨਮਨ[5] ਲੰਘਿ ਅਗੋਚਰ ਬਾਨਾ[6]।
ਪੰਚਾਇਣ[7] ਪਰਮੇਸਰੋ ਪੰਚ ਸਬਦ ਘਨਘੋਰ ਨੀਸਾਨਾ।
ਗੁਰਮੁਖਿ ਪੰਚ ਭੂਆਤਮਾ[8] ਸਾਧ ਸੰਗਤਿ ਮਿਲਿ ਸਾਧ ਸੁਹਾਨਾ।
ਸਹਜ ਸਮਾਧਿ ਨ ਆਵਣ ਜਾਣਾ ॥ ੫ ॥

## ਪਉੜੀ ੬

[ਛੇ ਦੀ ਗਿਣਤੀ ਗੁਰਮੁਖ]

ਛਿਅ ਰੁਤੀ ਕਰਿ ਸਾਧਨਾਂ[9] ਛਿਅ ਦਰਸਨ ਸਾਧੇ ਗੁਰਮਤੀ।
ਛਿਅ[10] ਰਸ ਰਸਨਾ ਸਾਧਿਕੈ ਰਾਗ ਰਾਗਣੀ ਭਾਇ ਭਗਤੀ।
ਛਿਅ[11] ਚਿਰਜੀਵੀ[12] ਛਿਅਜਤੀ[13] ਚੱਕ੍ਰਵਰਤਿਛਿਅਸਾਥਿਜੁਗਤੀ।
ਛਿਅਸਾਸਤ੍ਰ[14] ਛਿਅਕਰਮ[15] ਜਿਣਿਛਿਆਗੁਰਾਂਗੁਰਸੁਰਤਿਨਿਰਤੀ[16]
ਛਿਅ ਵਰਤਾਰੇ[17] ਸਾਧਿਕੈ[18] ਛਿਆ ਛਕ ਛਤੀ ਪਵਣ ਪਰਤੀ।
ਸਾਧ ਸੰਗਤਿ ਗੁਰ ਸਬਦ ਸੁਰਤੀ ॥ ੬ ॥

## ਪਉੜੀ ੭

[ਸਪਤ ਸੰਖਯਾ ਗੁਰਮੁਖ]

ਸਤ ਸਮੁੰਦ ਉਲੰਘਿਆ ਦੀਪ[19] ਸਤ ਇਕ ਦੀਪਕ[20] ਬਲਿਆ।
ਸਤ[21] ਸੂਤ ਇਕ ਸੂਤਿ ਕਰਿ[22] ਸਤੇ ਪੁਰੀਆ ਲੰਘਿ ਉਛਲਿਆ।

---

੧ ਸੁੰਦਰ ਅਰਥ, ਭਾਵ ਧੀਰਜ। ੨ ਸਵਾਸਾਂ ਦਾ ਚੜ੍ਹਾਉ। ੩ ਸਵਾਸਾਂ ਦਾ ਠਹਿਰਾਉ। ੪ ਸਵਾਸਾਂ ਦਾ ਉਤਾਰਾ।੫ ਤੁਰੀਆ ਪਦ। ੬ ਭੇਖ। ੭ ਸੰਤ,ਹੀ ਜਿਸਦਾ ਘਰ ਹਨ। ੮ ਅੰਤਕਖਰਣ। ੯ ਸਾਂਖ, ਨਿਆਇ, ਯੋਗ, ਪੂਰਵ, ਮੀਮਾਂਸਾ, ਵੇਦਾਂਤ। ੧੦ ਖੱਟਾ, ਮਿੱਠਾ, ਕਸੈਲਾ ਕੌੜਾ, ਤਿੱਖਾ, ਸਲੂਣਾ। ੧੧ ਕਾਕ-ਭੁਸੁੰਡ, ਲੋਮਸ ਆਦਿ ਰਿਖੀ। ੧੨ ਹਨੂਮਾਨ, ਲਛਮਣ ਆਦਿ। ੧੩ ਸਰੀਰ ਦੇ ਛੇ ਵਰਤਣਹਾਰੇ ਚੱਕਰਾਂ ਦਾ ਸਾਥ ਭੀ ਤਿਆਗਿਆ। ੧੪ ਜਪ ਹੋਮ, ਸੰਧਿਆ, ਇਸ਼ਨਾਨ, ਅਤਿਥਿ ਪੂਜਾ, ਦੇਵ ਅਰਚਾ। ੧੫ ਜਿੱਤ ਕੇ। ੧੬ ਇਕ ਰਸ ਪ੍ਰੀਤ। ੧੭ ਭਾਵ ਛੇ ਉਰਮੀਆਂ (ਜਾਯਤੇ, ਸਥੀਯਤੇ, ਵਰਧਤੇ, ਪ੍ਰਣਮਤੇ, ਖੀਯਤੇ ਵਿਨਸ਼ਜਤੇ)। ੧੮ ਛੱਤੀ ਪਖੰਡਾਂ ਵਲੋਂ। ੧੯ ਜੰਬੂ ਦੀਪ, ਕੁਸ਼ਦੀਪ, ਲਖਣ ਦੀਪ, ਸਵੇਤ ਦੀਪ, ਕਟੋਚ ਦੀਪ, ਸਾਨ ਦੀਪ, ਪੁਸ਼ਕਰ, ਦੀਪ। ੨੦ ਗਿਆਨ ਰੂਪੀ ਦੀਵਾ। ੨੧ ਪੰਜ ਗਿਆਨ ਇੰਦਰੇ, ਮਨ ਤੇ ਬੁਧੀ। ੨੨ ਅਯੁਧਿਆ, ਮਥਰਾ, ਮਾਇਆ, ਕਾਂਸ਼ੀ, ਕਾਂਚੀ ਆਵੰਤਕ, ਦੁਾਰਾਵਤੀ, ਜਾਂ ਧਰੂ, ਸ਼ਿਵਪੁਰੀ, ਇੰਦ੍ਰ ਪੁਰੀ-ਆਦਿ।

Digitized by Panjab Digital Library | www.panjabdigilib.org

ਸਤਸਤੀ ਜਿਨਿਸਪਤਰਿਖਿ[1] [2]ਸਤਿਸੁਰਾਜਿਣਿਅਟਲੁਨਟਲਿਆ।
[3]ਸਤੇ ਸੀਵਾ ਸਾਧਿਕੈ ਸਤੀ ਸੀਵੀ ਸੁਫਲਿਓ ਫਲਿਆ।
[4]ਸਤ ਅਕਾਸ ਪਤਾਲ ਸਤ ਵਸਿ ਗਤਿ ਕਰਿ ਉਪਰੇਰੈ ਚਲਿਆ।
[5]ਸਤੇ ਧਾਰੀ ਲੰਘਿਕੈ ਭੈਰਉ ਖੇਤ੍ਰਪਾਲ[6] ਦਲਮਲਿਆ।
ਸਤੇ ਰੋਹਣਿ[7] ਸਤਿ ਵਾਰ ਸਤਿ ਸੁਹਾਗਣਿ ਸਾਧ ਨ ਢਲਿਆ।
ਗੁਰਮੁਖਿ ਸਾਧ ਸੰਗਤਿ ਵਿਚਿ ਖਲਿਆ ॥ ੭ ॥

## ਪਉੜੀ ੮

[ਅਸ਼ਟ ਸੰਖਯਾ ਗੁਰਮੁਖ]

ਅਠੈ ਸਿਧੀ ਸਾਧਿਕੈ ਸਾਧਿਕ[8] ਸਿਧ ਸਮਾਧਿ ਫਲਾਈ।
[9]ਅਸਟਕੁਲੀ ਬਿਖੁ ਸਾਧਨਾ ਸਿਮਰਣਿ ਸੇਖ ਨ ਕੀਮਤਿ ਪਾਈ।
ਮਣੁ ਹੁਇ ਅਠ ਪੈਸੇਰੀਆ ਪੰਜੂ ਅਠੇ ਚਾਲੀਹ ਭਾਈ।
ਜਿਉ ਚਰਖਾ ਅਠ ਖੰਭੀਆ ਇਕਤੁ ਸੂਤਿ ਰਹੈ ਲਿਵਲਾਈ।
ਅੱਠ ਪਹਿਰ ਅਸਟਾਂਗੁ[10] ਜੋਗੁ ਚਾਵਲ ਰਤੀ ਮਾਸਾ ਰਾਈ।
[11]ਅਠ ਕਾਠਾ ਮਨੁ ਵਸ ਕਰਿ ਅਸਟ ਧਾਤੁ ਇਕੁ ਧਾਤੁ ਕਰਾਈ।
ਸਾਧ ਸੰਗਤਿ ਵਡੀ ਵਡਿਆਈ ॥ ੮ ॥

## ਪਉੜੀ ੯

[ਨਵ ਸੰਖਯਾ—ਗੁਰਮੁਖ]

ਨਥਿ[12] ਚਲਾਏ [13]ਨਵੈ ਨਾਥਿ ਨਾਥਾ ਨਾਥ ਅਨਾਥ ਸਹਾਈ।
[14]ਨਉਨਿਧਾਨਫੁਰਮਾਨਵਿਚਿਪਰਮ ਨਿਧਾਨਗਿਆਨਗੁਰਭਾਈ।

---

੧ ਵਸਿਸ਼ਟ, ਅੱਤਰੀ, ਅੰਗਰਿ, ਭ੍ਰਿਗੂ, ਪੁਲਸਤ, ਕ੍ਰਤੂ, ਪੁਲਹ । ੨ ਸੱਤ ਸੁਰਾਂ । ੩ ਗਿਆਨ ਦੀਆਂ ਸੱਤ ਭੂਮਿਕਾਂ । ੪ (ਭੂਰ, ਸੂਰ, ਸਹਿਰ ਮਹਰ, ਜਨ, ਤਪ ਸਤ) । ੫ ਭਾਵ ਪਹਾੜ ਦੀਆਂ ਸੱਤ ਧਾਰਾਂ ਤੋਂ ਹੈ । ੬. ੪੯ ਖੇਤਰ ਪਾਲਾਂ ਦਾ ਦਲ । ੭ ਰੋਹਣੀ ਆਦਿ ਨਛੱਤਰ । ੮ ਜਗਿਆਸੂ । ੯ ਸ਼ੇਸ਼ਨਾਗ ਦੀਆਂ ਅੱਠ ਕੁਲਾਂ । ੧੦ ਜੋਗ ਦੇ ਅੱਠ ਸਾਧਨ (ਯਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਿਹਾਰ, ਧਾਰਨਾ, ਧਿਆਨ, ਸਮਾਧੀ) । ੧੧ ਅੱਠ ਲੱਕੜੀਆਂ ਵਾਂਗ ਕਠੋਰ ਮਨ । ੧੨ ਕਾਬੂ ਕਰਕੇ । ੧੩ ਨੌਂ ਨਾਥ,ਗੋਰਖ ਨਾਥ ਮਛੰਦਰ ਨਾਥ ਆਦਿ । ੧੪ ਨੌਂ ਖਜ਼ਾਨੇ ਪਦਮ, ਮਹਾ ਪਦਮ, ਮਕਰ, ਕੱਛਪ, ਮਕੰਦ, ਕੰਦ, ਨੀਲ, ਸੰਖ, ਖਰਬ)

Digitized by Panjab Digital Library | www.panjabdigilib.org

[1]ਨਉਭਗਤੀ ਨਉ ਭਗਤਿਕਰਿ ਗੁਰਮੁਖਿ ਪ੍ਰੇਮਭਗਤਿ ਲਿਵਲਾਈ।
[2]ਨਉਗ੍ਰਿਹ ਸਾਧਗ੍ਰਿਹਸਤ ਵਿਚਿ ਪੂਰੇ ਸਤਿਗੁਰ ਦੀ ਵਡਿਆਈ।
ਨਉਖੰਡਸਾਧਅਖੰਡ ਹੋਇਨਉ ਦੁਆਰਿਲੰਘਿ ਨਿਜ ਘਰਿ ਜਾਈ।
ਨਉਅੰਗਨੀਲ[3]ਅਨੀਲ[4] ਹੋਇਨਉਕੁਲ ਨਿਗ੍ਰਹ ਸਹਜਿ ਸਮਾਈ।
ਗੁਰਮੁਖਿ ਸੁਖ ਫਲੁ ਅਲਖੁ ਲਖਾਈ ॥ ੯ ॥

## ਪਉੜੀ ੧੦

[ਦਸ ਸੰਖਯਾ—ਗੁਰਮੁਖ]

[5]ਸੰਨਿਆਸੀ ਦਸ ਨਾਵ ਧਰਿ ਸਚ ਨਾਵ ਵਿਣੁ ਨਾਵ ਗਣਾਇਆ।
[6]ਦਸ ਅਵਤਾਰ ਅਕਾਰੁ ਕਰਿ ਏਕੰਕਾਰੁ ਨ ਅਲਖੁ ਲਖਾਇਆ।
[7]ਤੀਰਥ ਪੁਰਬ ਸੰਜੋਗ ਵਿਚਿ ਦਸਪੁਰਬੀਂ ਗੁਰਪੁਰਬਿ ਨ ਪਾਇਆ।
ਇਕਮਨ ਇਕ ਨ ਚੇਤਿਓਸਾਧਸੰਗਤਿ ਵਿਣੁਦਹਦਿਸਿ ਧਾਇਆ।
ਦਸਦਹਿਆਂ [8]ਦਸ ਅਸੁਮੇਧ ਖਾਇ ਅਮੇਧ ਨਿਖੇਧਿ ਕਰਾਇਆ।
ਇੰਦਰੀਆ ਦਸ ਵਸਿ ਕਰਿ ਬਾਹਰਿ ਜਾਂਦਾ ਵਰਜਿ ਰਹਾਇਆ
ਪੈਰੀ ਪੈ ਜਗੁ ਪੈਰੀ ਪਾਇਆ ॥ ੧੦ ॥

## ਪਉੜੀ ੧੧

[ਏਕਾਦਸ਼ ਸੰਖਯਾ—ਗੁਰਮੁਖ]

ਇਕਮਨਿਹੋਇ ਇਕਾਦਸੀ ਗੁਰਮੁਖਿ ਵਰਤੁ ਪਤਿਬ੍ਰਤਿ ਭਾਇਆ।
ਗਿਆਰਹਰੁਦ੍ਰ[9] ਸਮੁਦ੍ਰਵਿਚਿ ਪਲ ਦਾ ਪਾਰਾਵਾਰੁ ਨ ਪਾਇਆ।
[10]ਗਿਆਰਹਕਸ[11]ਗਿਆਰਹਕਸੇਕਸਿ[12]ਕਸਵੱਟੀ[13]ਕਸਕਸਾਇਆ

---

੧ ਸ੍ਰਵਣ, ਕੀਰਤਨ, ਸਿਮਰਨ ਆਦਿ ਨੌ ਪ੍ਰਕਾਰ ਦੀ ਭਗਤੀ। ੨ ਨੌਂ ਇੰਦਰੇ (ਨੱਕ, ਕੰਨਿ ਮੂੰਹ ਆਦਿ)। ੩ ਗਿਣਤੀ। ੪ ਗਿਣਤੀ ਤੋਂ ਰਹਿਤ। ੫ ਦਸ ਸੰਨਿਆਸੀ (ਤੀਰਥੀ, ਆਸ਼ਰਮੀ ਬਨੀ, ਅਰੰਨਯੀ, ਗਿਰੀ, ਪਰਬਤੀ, ਸਾਗਰ, ਸਰਸਵਤੀ. ਪੁਰੀ, ਭਾਰਤੀ)। ੬ ਦਸ ਅਵਤਾਰ (ਮੱਛ ਕੱਛ, ਵਰਾਹ ਆਦਿ)। ੭ ਦਸ ਪੁਰਬ (ਵਿਸਾਖੀ, ਮਾਘੀ, ਦੀਵਾਲੀ, ਦੁਸਹਿਰਾ ਆਦਿ)। ੮ ਦਸ ਦਿਸ਼ਾਂ। ੯ ਸ਼ਿਵ। ੧੦ ਗਿਆਰਾਂ ਕਾਬੂ ਕੀਤੇ (ਦਸ ਇੰਦਰੇ ਯਾਰ੍ਹਵਾਂ ਮਨ)। ਗਿਆਰਾਂ ਕਾਬੂ ਕੀਤੇ, (ਦਸ ਪ੍ਰਾਣ ਤੇ ਚਿੱਤ)। ੧੨ ਰੋਕ ਕੇ। ੧੩ ਭਗਤੀ ਰੂਪ ਕਸੌਟੀ।

Digitized by Panjab Digital Library | www.panjabdigilib.org

ਗਿਆਰਹਗੁਣ [੧]ਫੈਲਾਉਕਰਿਕਚ ਪਕਾਈ ਅਘੜ [੨]ਘੜਾਇਆ।
[੩]ਗਿਆਰਹ ਦਾਉ ਚੜ੍ਹਾਉ ਕਰਿ ਦੂਜਾ ਭਾਉ ਕੁਦਾਉ ਰਹਾਇਆ।
ਗਿਆਰਹਗੇੜ੍ਹਾ[੪] ਸਿਖੁ ਸੁਣਿ ਗੁਰਸਿਖੁ ਲੈ ਗੁਰਸਿਖੁ ਸਦਾਇਆ।
ਸਾਧ ਸੰਗਤਿ ਗੁਰ ਸਬਦੁ ਵਸਾਇਆ ॥ ੧੧ ॥

## ਪਉੜੀ ੧੨

[ਦ੍ਵਾਦਸ਼ ਸੰਖਯਾ—ਗੁਰਮੁਖ]

[੫]ਬਾਰਹ ਪੰਥ ਸਧਾਇਕੈ[੬] ਗੁਰਮੁਖਿ ਗਾਡੀ ਰਾਹ ਚਲਾਇਆ।
ਸੂਰਜ ਬਾਰਹ ਮਾਹ ਵਿਚਿ ਸਸੀਅਰੁ[੭] ਇਕਤੁ ਮਾਹਿ ਫਿਰਾਇਆ।
ਬਾਰਹ[੮] ਸੋਲਹ[੯] ਮੇਲਿ ਕਰਿ ਸਸੀਅਰ ਅੰਦਰਿ ਸੂਰ ਸਮਾਇਆ।
[੧੦]ਬਾਰਹਤਿਲਕਮਿਟਾਇਕੈਗੁਰਮੁਖਿਤਿਲਕੁਨੀਸਾਣੁ[੧੧] ਚੜ੍ਹਾਇਆ।
[੧੨]ਬਾਰਹ ਰਾਸੀ ਸਾਧਿਕੈ ਸਚਿ ਰਾਸਿ ਰਹਰਾਸਿ ਲੁਭਾਇਆ।
[੧੩]ਬਾਰਹ ਵੰਨੀ ਹੋਇਕੈ ਬਾਰਹ ਮਾਸੇ ਤੋਲਿ ਤੁਲਾਇਆ।
ਪਾਰਸ ਪਾਰਸਿ ਪਰਸਿ ਕਰਾਇਆ ॥ ੧੨ ॥

## ਪਉੜੀ ੧੩

[ਤ੍ਰਯੋਦਸ਼ ਸੰਖਯਾ—ਗੁਰਮੁਖ]

[੧੪]ਤੇਰਹ ਤਾਲ ਅਊਰਿਆ[੧੫] ਗੁਰਮੁਖ ਸੁਖ ਤਪ ਤਾਲ ਪੁਰਾਇਆ।
[੧੬]ਤੇਰਹ ਰਤਨ ਅਕਾਰਥੇ[੧੭] ਗੁਰ ਉਪਦੇਸੁ ਰਤਨੁ ਧਨੁ ਪਾਇਆ।
[੧੮]ਤੇਰਹਪਦਕਰਿਜਗ ਵਿਚਿ ਪਿਤਰਕਰਮਕਰਿਭਰਮਿ ਭੁਲਾਇਆ।
ਲਖ ਲਖ ਜਗ ਨ ਪੁਜਨੀ ਗੁਰ ਸਿਖ ਚਰਣੋਦਕ ਪੀਆਇਆ।

---

੧ ਗਿਆਰਾਂ ਗੁਣਾ। ੨ ਜੋ ਘੜਿਆ ਨਾ ਜਾਵੇ। ੩ ਗਿਆਰਾਂ ਦਾਉ(ਸਤਿ,ਸੰਤੋਖ,ਦਇਆ, ਧਰਮ, ਧੀਰਜ ਸਮ. ਦਮ, ਉਪਰਤਿ, ਤਤਿੱਖਿਆ, ਸ਼ਰਧਾ, ਸਮਾਧਾਨਤਾ)। ੪ ਗਿਆਰਾਂ ਵਾਰੀ। ੫ ਜੋਗੀਆਂ ਦੇ ਬਾਰਾਂ ਪੰਥ। ੬ ਜਿੱਤਕੇ। ੭ ਚੰਦਰਮਾ। ੮ ਦਸ ਇੰਦਰੇ, ਮਨ, ਬੁੱਧ। ੯ ਦਸ ਪ੍ਰਾਣ ਪੰਜ ਤੱਤ, ਮਨ। ੧੦ ਵੈਸ਼ਨਵਾਂ ਦੇ ਬਾਰਾਂ ਤਿਲਕ। ੧੧ ਪ੍ਰਗਟ। ੧੨ ਬ੍ਰਿਖ, ਮੇਖ, ਮਿਥਨ ਆਦਿਕ। ੧੩ ਸ਼ੁੱਧ ਸੋਨਾ। ੧੪ ਰਾਗ ਦੇ ਤੇਰਾਂ ਤਾਲ। ੧੫ ਅਧੂਰੇ। ੧੬ ਤੇਰਾਂ ਰਤਨ (ਲੱਛਮੀ, ਰੰਭਾ ਵੈਦ, ਬਿਖ, ਸੁਰਾ, ਸੁਧਾ, ਦਰੁਮ, ਬਾਜ, ਸੰਖ, ਧਨੁਖ, ਗਊ, ਗਜ, ਮਣਿ, ਦ੍ਵਿਜਰਾਜ)ਨੋਟ—ਚੌਦਾਂ ਰਤਨਾਂ ਵਿਚੋਂ ਬਿਖ ਨੂੰ ਨਹੀਂ ਗਿਣਿਆ ਗਿਆ। ੧੭ ਵਿਅਰਥ।੧੮ ਪਿਤਰ ਕਰਮ ਦੇ ਤੇਰਾਂ ਪਦ।

Digitized by Panjab Digital Library | www.panjabdigilib.org

ਜਗ ਭੋਗ ਨਈਵੇਦ ਲਖ ਗੁਰਮੁਖਿ ਮੁਖਿ ਇਕੁ ਦਾਣਾ ਪਾਇਆ ।
ਗੁਰ ਭਾਈ ਸੰਤੁਸਟੁ ਕਰਿ ਗੁਰਮੁਖਿ ਸੁਖ ਫਲੁ ਪਿਰਮ ਚਖਾਇਆ।
ਭਗਤਿ ਵਛਲੁ ਹੋਇ ਅਛਲ ਛਲਾਇਆ ॥ ੧੩ ॥

## ਪਉੜੀ ੧੪

[੧੪–੧੫–੧੬ ਦੀ ਗਿਣਤੀ–ਗੁਰਮੁਖ]

[੧]ਚਉਦਹਵਿਦਿਆਸਾਧਿਕੈ ਗੁਰਮਤਿਅਬਿਗਤਿ[੨] ਅਕਥ ਕਹਾਣੀ।
ਚਉਦਹ ਭਵਣ ਉਲੰਘਿਕੈ ਨਿਜ ਘਰਿ ਵਾਸੁ ਨੇਹੁ ਨਿਰਬਾਣੀ ।
ਪੰਦ੍ਰਹ ਥਿਤੀ ਪਖੁ ਇਕੁ ਕ੍ਰਿਸਨ[੩] ਸੁਕਲ[੪] ਦੁਇ ਪੱਖ ਨੀਸਾਣੀ ।
[੫]ਸੋਲਹ ਸਾਰ ਸੰਘਾਰੁ ਕਰਿ ਜੋੜਾ ਜੁੜਿਆ ਨਿਰਭਉ ਜਾਣੀ ।
ਸੋਲਹ ਕਲਾ ਸੰਪੂਰਣੋ ਸਸਿ ਘਰਿ ਸੂਰਜੁ ਵਿਰਤੀ ਹਾਣੀ ।
ਨਾਰਿ ਸੋਲਹ ਸੀਂਗਾਰ ਕਰਿ ਸੇਜ ਭਤਾਰ[੬] ਪਿਰਮ ਰਸੁ ਮਾਣੀ ।
[੭]ਸਿਵ ਤੈ ਸਕਤਿ ਸਤਿਰਹ ਵਾਣੀ ॥ ੧੪ ॥

## ਪਉੜੀ ੧੫

[੧੮ ਤੋਂ ੩੪ ਤਕ ਸੰਖਯਾ]

[੮]ਗੋਤ ਅਠਾਰਹ ਸੋਧਿਕੈ ਪੜੈ ਪੁਰਾਣ ਅਠਾਰਹ ਭਾਈ ।
[੯]ਉਨੀ ਵੀਹ[੧੦] ਇਕੀਹ[੧੧] ਲੰਘਿ ਬਾਈ ਉਮਰੇ[੧੨] ਸਾਧਿ ਨਿਵਾਈ।
ਸੰਖ[੧੩] ਅਸੰਖ[੧੪] ਲੁਟਾਇਕੈ ਤੇਈ[੧੫] ਚੋਵੀ[੧੬] ਪੰਜੀਹ[੧੭] ਪਾਈ।

---

੧ ਚਾਰ ਵੇਦ, ਛੇ ਵੇਦਾਂ ਦੇ ਅੰਗ, (ਸਿਖਸ਼ਾ, ਕਲਪ, ਵਿਆਕਰਣ, ਨਿਰੁਕਤ, ਜਯੋਤਿਸ਼ । (ਛੰਦ) ਮੀਮਾਂਸਾ, ਨਿਆਇ, ਧਰਮ ਸ਼ਾਸਤਰ, ਪੁਰਾਣ । ੨ ਪਰਮਾਤਮਾ । ੩ ਅਨੇਰਾ ਪੱਖ , ੪ ਚਾਨਣਾ ਪੱਖ । ੫ ਚੋਪੜ ਦੇ ਸੋਲਾਂ ਘਰ । ੬ ਪਤੀ । ੭ ਸ਼ਿਵ ਤੇ ਸ਼ਕਤੀ ਦੀਆਂ ਸੋਲਾਂ ਕਲਾਂ, ਭਾਵ ਦਸ ਪ੍ਰਾਣ, ਪੰਜ ਤੱਤ, ਮਨ, ਬੁਧੀ । ੮ ਅਠਾਰਾਂ ਗੋਤ । ੯ ਅਠਾਰਾਂ ਵਰਣ ਤੇ ਉਨ੍ਹੀਹਾਂ ਮਨਮੁਖ। ੧੦ ਤਿੰਨ ਬੀਸੀਆਂ । ੧੧ ਇਕੀ ਪੁਰੀਆਂ । ੧੨ ਪ੍ਰਗਣਿਆਂ ਦੇ ਉਮਰਾਉ (ਹਾਕਮ) । ੧੩ ਗਿਣਤੀ ਵਿਚ । ੧੪ ਗਿਣਤੀ ਤੋਂ ਬਾਹਰ । ੧੫ ਅਠਾਰਾਂ ਸਿੱਧੀਆਂ, ਪੰਜ ਸਤਿ, ਸੰਤੋਖ ਆਦਿ । ੧੬ ਚੋਵੀ ਅਵਤਾਰ । ੧੭ ਪੰਝੀ ਪਰਕਿਰਤੀਆਂ ।

Digitized by Panjab Digital Library | www.panjabdigilib.org

ਛਬੀ[੧] ਜੋੜਿ ਸਤਾਈਹਾ[੨] [੩]ਆਇ ਅਠਾਈਹ ਮੇਲਿ ਮਿਲਾਈ।
ਉਲੰਘਿ ਉਣਤੀਹ[੪] [੫]ਤੀਹਸਾਧਿਲੰਘਿਇਕਤੀਹ[੬] ਵਜੀ ਵਧਾਈ।
[੭]ਸਾਧ ਸੁਲਖਣ ਬਤੀਹੇ ਤੇਤੀਹ[੮] ਧ੍ਰੂ ਚਉਫੇਰਿ ਫਿਰਾਈ।
ਚਉਤੀਹ[੯] ਲੇਖ ਅਲੇਖ ਲਖਾਈ ॥ ੧੫ ॥

## ਪਉੜੀ ੧੬

[ਈਸ਼੍ਵਰੋਪਮਾ]

ਵੇਦ ਕਤੇਬਹੁ ਬਾਹਰਾ ਲੇਖ ਅਲੇਖ ਨ ਲਖਿਆ ਜਾਈ।
ਰੂਪ ਅਨੂਪੁ ਅਚਰਜੁ ਹੈ ਦਰਸਨ ਦ੍ਰਿਸਟਿ ਅਗੋਚਰ[੧੦] ਭਾਈ।
ਇਕੁ ਕਵਾਉ ਪਸਾਉ ਕਰਿ ਤੋਲਨ ਤੁਲਾਧਾਰ[੧੧] ਨ ਸਮਾਈ।
ਕਥਨੀ ਬਦਨੀ ਬਾਹਰਾ ਥਕੈ ਸਬਦੁ ਸੁਰਤਿ ਲਿਵਲਾਈ।
ਮਨ ਬਚ ਕਰਮ ਅਗੋਚਰਾ ਮਤਿ ਬੁਧਿ ਸਾਧਿ ਸੋਝੀ ਥਕਿ ਪਾਈ।
ਅਛਲ[੧੨] ਅਛੇਦ[੧੩] ਅਭੇਦਹੈ ਭਗਤਿ ਵਛਲੁ ਸਾਧਿ ਸੰਗਤਿ ਕਾਈ[੧੪]।
ਵਡਾ ਆਪਿ ਵਡੀ ਵਡਿਆਈ ॥ ੧੬ ॥

## ਪਉੜੀ ੧੭

[ਗੁਰਮੁਖ ਸੁਖਫਲ]

ਵਣਵਣ ਵਿਚਿ ਵਣਾਸਪਤਿ ਰਹੈ ਉਜਾੜਿ ਅੰਦਰਿ ਅਵਸਾਰੀ[੧੫]।
ਚੁਣਿਚੁਣਿਆਂਜਨਿ[੧੬] ਬੂਟੀਆ ਪਤਿਸਾਹੀ ਬਾਗ ਲਾਇਸਵਾਰੀ।
ਸਿੰਜਿਸਿੰਜਿਬਿਰਖ ਵਡੀਰੀਅਨਿਸਾਰਿਸਮ੍ਹਾਲਿਕਰਨ ਵੀਚਾਰੀ।
ਹੋਇ ਸਫਲ ਰੁਤਿ ਆਈਐ ਅੰਮ੍ਰਿਤੁ ਫਲ ਅੰਮ੍ਰਿਤ ਰਸੁ ਭਾਰੀ।

---

੧ਛੱਬੀ (ਅਠਾਰਾਂ ਮਹਾ ਭਾਰਤ ਦੇ ਪਰਬ, ਅੱਠ ਵਿਆਕਰਣ)। ੨ ਸਤਾਈ (ਸਿਮ੍ਰਿਤੀਆਂ ਜਾਂ ਨਛੱਤਰ)। ੩ ਅਨਰਾਧਾ ਨਛੱਤਰ। ੪ ਉਨੱਤੀ ਦਿਨਾਂ ਦਾ ਲੌਂਦ ਦਾ ਮਹੀਨਾ ਹੁੰਦਾ ਹੈ। ੫ ਤੀਹ ਰੋਜ਼ੇ। ੬ ਇਕੱਤੀ ਸਿਮ੍ਰਿਤੀਆਂ। ੭ ਬੱਤੀ ਲਛਣਾਂ ਵਾਲ ਸੰਤ। ੮ ਤੇਤੀ ਕਰੋੜ ਦੇਵਤਾ। ੯ ਚੌਤੀ ਅੱਖਰਾਂ ਦੇ ਲੇਖ ਲਿਖਣ ਤੋਂ ਅਲੇਖ ਹੈ। ੧੦ ਇੰਦਰੀਆਂ ਦੀ ਪਹੁੰਚ ਤੋਂ ਪਰੇ। ੧੧ ਤੱਕੜੀ। ੧੨ ਨਾ ਛਲਿਆ ਜਾਣ ਵਾਲਾ। ੧੩ ਨਾ ਛੇਦਿਆ ਜਾਣ ਵਾਲਾ। ੧੪ ਸਥਿਤ। ੧੫ ਗੁਪਤ (ਗ਼ੈਮਾਲੂਮ)। ੧੬ ਲਿਆਉਂਦੇ ਹਨ।

Digitized by Panjab Digital Library | www.panjabdigilib.org

ਬਿਰਖਹੁ ਸਾਉ[੧] ਨ ਆਵਈ ਫਲ ਵਿਚਿ ਸਾਉ ਸੁਗੰਧਿ ਸੰਜਾਰੀ।
ਪੂਰਨ ਬ੍ਰਹਮ ਜਗਤ੍ਰ ਵਿਚਿ ਗੁਰਮੁਖਿ ਸਾਧ ਸੰਗਤਿ ਨਿਰੰਕਾਰੀ।
ਗੁਰਮੁਖਿ ਸੁਖ ਫਲੁ ਅਪਰ ਅਪਾਰੀ ॥ ੧੭ ॥

## ਪਉੜੀ ੧੮

[ਅੰਬਰ ਵਰਣਨ]

ਅੰਬਰੁ[੨] ਨਦਰੀ ਆਂਵਦਾ ਕੇਵਡੁ ਵਡਾ ਕੋਇ ਨ ਜਾਣੈ।
ਉਚਾ ਕੇਵਡੁ ਆਖੀਐ ਸੁੰਨ ਸਰੂਪ ਨ ਆਖਿ ਵਖਾਣੈ।
ਲੈਨਿ ਉਡਾਰੀ ਪੰਖਣੂ[੩] ਅਨਲ[੪] ਮਨਲ ਉਡਿ ਖਬਰਿ ਨ ਆਣੈ।
ਓੜਕੁ ਮੂਲਿ ਨ ਲਭਈ ਸਭੇ ਹੋਇ ਫਿਰਨਿ ਹੈਰਾਣੈ।
ਲਖ ਅਗਾਸ ਨ ਅਪੜਨਿ ਕੁਦਰਤਿ ਕਾਦਰ ਨੋ ਕੁਰਬਾਣੈ।
ਪਾਰਬ੍ਰਹਮ ਸਤਿਗੁਰ ਪੁਰਖੁ ਸਾਧ ਸੰਗਤਿ ਵਾਸਾ ਨਿਰਬਾਣੈ।
ਮੁਰਦਾ ਹੋਇ ਮੁਰੀਦ ਸਿਵਾਣੈ ॥ ੧੮ ॥

## ਪਉੜੀ ੧੯

[ਗੁਰ ਮਹਿਮਾ]

ਗੁਰ ਮੂਰਤਿ ਪੂਰਨ ਬ੍ਰਹਮ ਘਟਿ ਘਟਿ ਅੰਦਰਿ ਸੂਰਜ ਸੁਝੈ[੫]।
ਸੂਰਜ ਕਵਲੁ ਪਰੀਤ ਹੈ ਗੁਰਮੁਖਿ ਪ੍ਰੇਮ ਭਗਤਿ ਕਰਿ ਬੁਝੈ।
ਪਾਰਬ੍ਰਹਮ ਗੁਰ ਸਬਦੁ ਹੈ [੬]ਨਿਝਰ ਧਾਰ ਵਹੈ ਗੁਣ ਗੁਝੈ।
ਕਿਰਖਿ[੭] ਬਿਰਖੁ ਹੋਇ ਸਫਲੁ ਫਲ ਚੰਦਨ ਵਾਸ ਨਿਵਾਸ ਨ ਖੁਝੈ[੮]।
ਅਫਲ ਸਫਲ ਸਮਦਰਸ ਹੋਇ ਮੋਹੁ ਨ ਧੋਹ ਨ ਦੁਬਿਧਾ ਲੁਝੈ।
ਗੁਰਮੁਖਿ ਸੁਖ ਫਲੁ ਪਿਰਮ ਰਸੁ ਜੀਵਨ ਮੁਕਤਿ ਭੁਗਤਿ ਕਰਿ ਦੁਝੈ[੯]।
ਸਾਧ ਸੰਗਤਿ ਮਿਲਿ ਸਹਜਿ ਸਮੁਝੈ[੧੦] ॥ ੧੯ ॥

---

੧ ਸੁਆਦ। ੨ ਆਕਾਸ਼। ੩ ਪੰਛੀ। ੪ ਆਕਾਸ਼। ੫ ਪ੍ਰਕਾਸ਼ ਰਹੇ। ੬ ਇਕ ਰਸ। ੭ ਖੇਤੀ। ੮ ਪ੍ਰਵੇਸ਼। ੯ ਚੋਂਦਾ ਹੈ। ੧੦ ਸਮਝਣਾ।

Digitized by Panjab Digital Library | www.panjabdigilib.org

## ਪਉੜੀ ੨੦

[ਗੁਰ ਸਬਦ]

ਸਬਦੁ ਗੁਰੂ ਗੁਰੁ ਜਾਣੀਐ ਗੁਰਮੁਖਿ ਹੋਇ ਸੁਰਤਿ ਧੁਨ ਚੇਲਾ।
ਸਾਧ ਸੰਗਤਿ ਸਚਖੰਡ ਵਿਚਿ ਪ੍ਰੇਮ ਭਗਤਿ ਪਰਚੈ ਹੋਇ ਮੇਲਾ।
ਗਿਆਨੁਧਿਆਨੁ ਸਿਮਰਣਜੁਗਤਿ ਕੂੰਜਕੁਰਮ[੧] ਹੰਸਵੰਸੁ ਨਵੇਲਾ[੨]।
ਬਿਰਖਹੁੰ ਫਲ ਫਲਤੇ ਬਿਰਖੁ ਗੁਰਸਿਖ ਸਿਖਗੁਰ ਮੰਤਸੁਹੇਲਾ।
ਵੀਹਾ ਅੰਦਰਿ ਵਰਤਮਾਨ ਹੋਇ ਇਕੀਹ ਅਗੋਚਰੁ ਖੇਲਾ।
ਆਦਿ ਪੁਰਖੁ ਆਦੇਸੁ ਕਰਿ ਆਦਿ ਪੁਰਖ ਆਦੇਸ ਵਹੇਲਾ[੩]।
ਸਿਫਤਿ ਸਲਾਹਣੁ ਅੰਮ੍ਰਿਤੁ ਵੇਲਾ ॥ ੨੦ ॥ ੭ ॥

---

੧ਕਛੂ ਕੂੰਮਾ। ੨ ਨਵਾਂ। ੩ ਮਿਲਦਾ।

Digitized by Panjab Digital Library | www.panjabdigilib.org

# ਵਾਰ ੮.

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਵਸਤੂ ਨਿਰਦੇਸ਼ ਮੰਗਲਾਚਰਣ]

ਇਕ ਕਵਾਉ[1] ਪਸਾਉ ਕਰਿ ਕੁਦਰਤਿ ਅੰਦਰਿ ਕੀਆ ਪਸਾਰਾ।
ਪੰਜਿ ਤਤ ਪਰਵਾਣੁ ਕਰਿ ਚਹੁ ਖਾਣੀ ਵਿਚਿ ਸਭ ਵਰਤਾਰਾ।
ਕੇਵਡੁ[2] ਧਰਤੀ ਆਖੀਐ ਕੇਵਡੁ ਤੋਲੁ ਅਗਾਸ ਅਕਾਰਾ।
ਕੇਵਡੁ ਪਵਣੁ ਵਖਾਣੀਐ ਕੇਵਡੁ ਪਾਣੀ ਤੋਲੁ ਵਿਥਾਰਾ।
ਕੇਵਡੁ ਅਗਨੀ ਭਾਰੁ ਹੈ ਤੁਲਿ ਨ ਤੋਲਿ ਅਤੋਲੁ ਭੰਡਾਰਾ।
ਕੇਵਡੁ ਆਖਾ ਸਿਰਜਣਹਾਰਾ ॥ ੧ ॥

## ਪਉੜੀ ੨

[ਦੈਵੀ ਅਤੇ ਆਸੁਰੀ ਸੰਪਦਾ]

ਕੇਵਡੁ ਸਤੁ ਸੰਤੋਖੁ ਹੈ ਦਯਾ ਧਰਮ ਤੇ ਅਰਥੁ ਵੀਚਾਰਾ।
ਕੇਵਡੁ ਕਾਮੁ ਕਰੋਧੁ ਹੈ ਕੇਵਡੁ ਲੋਭ ਮੋਹੁ ਅਹੰਕਾਰਾ।
ਕੇਵਡੁ ਦ੍ਰਿਸਟਿ[3] ਵਖਾਣੀਐ ਕੇਵਡੁ ਰੂਪ ਰੰਗੁ ਪਰਕਾਰਾ।
ਕੇਵਡੁ ਸੁਰਤਿ[4] ਸਲਾਹੀਐ ਕੇਵਡੁ ਸਬਦੁ ਵਿਥਾਰੁ ਪਸਾਰਾ।
ਕੇਵਡੁ ਵਾਸੁ ਨਿਵਾਸੁ ਹੈ ਕੇਵਡੁ ਗੰਧ ਸੁਗੰਧਿ ਅਚਾਰਾ।
ਕੇਵਡੁ ਰਸ ਕਸ ਆਖੀਅਨਿ ਕੇਵਡੁ ਸਾਦ ਨਾਦ ਓਅੰਕਾਰਾ।
ਅੰਤੁ ਬਿਅੰਤੁ ਨ ਪਾਰਾਵਾਰਾ ॥ ੨ ॥

---

੧ ਫੁਰਨਾ। ੨ ਕਿੰਨੀ ਵਡੀ। ੩ ਨਜ਼ਰ। ੪ ਬਿਰਤੀ, ਗਿਆਤ।

Digitized by Panjab Digital Library | www.panjabdigilib.org

## ਪਉੜੀ ੩

[ਓਹ ਹੀ]

ਚਉਰਾਸੀਹਲਖ ਜੋਨਿਵਿਚਿਜਲ ਥਲਮਹੀਅਲੁ[੧] ਤ੍ਰਿਭਵਣਸਾਰਾ।
ਇਕਸਿ ਇਕਸਿ ਜੋਨਿ ਵਿਚਿ ਜੀਅ ਜੰਤ ਅਗਣਤ ਅਪਾਰਾ।
ਸਾਸਿ ਗਿਰਾਸਿ ਸਮਾਲਦਾ ਕਰਿ ਬ੍ਰਹਮੰਡ ਕਰੋੜਿ ਸੁਮਾਰਾ।
ਰੋਮ ਰੋਮ ਵਿਚਿ ਰਖਿਓਨੁ ਓਅੰਕਾਰ ਅਕਾਰੁ ਵਿਥਾਰਾ।
ਸਿਰਿ ਸਿਰਿ ਲੇਖ ਅਲੇਖੁ ਦਾ ਲੇਖ ਅਲੇਖੰ ਉਪਾਵਣ ਹਾਰਾ।
ਕੁਦਰਤਿ ਕਵਣੁ ਕਰੈ ਵੀਚਾਰਾ ॥੩ ॥

## ਪਉੜੀ ੪

[ ਤਥਾਚ ]

ਕੇਵਡੁ ਦੁਖ ਸੁਖੁ ਆਖੀਐ ਕੇਵਡ ਹਰਖ[੨] ਸੋਗ ਵਿਸਥਾਰਾ।
ਕੇਵਡੁ ਸਚੁ ਵਖਾਣੀਐ ਕੇਵਡੁ ਕੂੜੁ ਕਮਾਵਣ ਹਾਰਾ।
ਕੇਵਡੁ ਰੁਤੀ ਮਾਹ ਕਰਿ ਦਿਹ ਰਾਤੀ ਵਿਸਮਾਦੁ[੩] ਵੀਚਾਰਾ।
ਆਸਾ ਮਨਸਾ ਕੇਵਡੀ ਕੇਵਡੁ ਨੀਦ ਭੁਖ ਆਹਾਰਾ।
ਕੇਵਡੁ ਆਖਾਂ ਭਾਉ ਭਉ ਸਾਂਤਿ ਸਹਜਿ ਉਪਕਾਰ ਵਿਕਾਰਾ।
ਤੋਲ ਅਤੋਲੁ ਨ ਤੋਲਣ ਹਾਰਾ ॥ ੪ ॥

## ਪਉੜੀ ੫

[ ਤਥਾਚ ]

ਕੇਵਡੁ ਤੋਲੁ ਸੰਜੋਗ[੪] ਦਾ ਕੇਵਡੁ ਤੋਲੁ ਵਿਜੋਗੁ[੫] ਵੀਚਾਰਾ।
ਕੇਵਡੁ ਹਸਣੁ ਆਖੀਐ ਕੇਵਡੁ ਰੋਵਣ ਦਾ ਬਿਸਥਾਰਾ।
ਕੇਵਡੁ ਹੈ ਨਿਰਵਿਰਤਿ[੬] ਪਖੁ ਕੇਵਡੁ ਹੈ ਪਰਵਿਰਤਿ[੭] ਪਸਾਰਾ।
ਕੇਵਡੁ ਆਖਾ ਪੁੰਨ ਪਾਪੁ ਕੇਵਡੁ ਆਖਾ ਮੋਖੁ ਦੁਆਰਾ।

---

੧ ਪ੍ਰਿਥਵੀ ਆਕਾਸ਼। ੨ ਖੁਸ਼ੀ। ੩ ਅਸਚਰਜ। ੪ ਮੇਲ। ੫ ਵਿਛੋੜਾ। ੬ ਤਿਆਗ। ੭ ਗ੍ਰਿਹਣ।

Digitized by Panjab Digital Library | www.panjabdigilib.org

ਕੇਵਡੁ ਕੁਦਰਤਿ ਆਖੀਐ ਇਕਦੂੰ ਕੁਦਰਤਿ ਲਖ ਅਪਾਰਾ।
ਦਾਨੈ[੧] ਕੀਮਤਿ ਨਾ ਪਵੈ ਕੇਵਡੁ ਦਾਤਾ ਦੇਵਣਹਾਰਾ।
ਅਕਥ ਕਥਾ ਅਬਿਗਤਿ[੨] ਨਿਰਧਾਰਾ ॥੫॥

## ਪਉੜੀ ੬

[ਸੰਗਤ ਦਾ ਫਲ]

ਲਖ ਚਉਰਾਸੀਹਜੋਨਿ ਵਿਚਿਮਾਣਸ ਜਨਮੁ ਦੁਲੰਭੁ[੩] ਉਪਾਇਆ।
ਚਾਰਿ ਵਰਨ ਚਾਰਿ ਮਜਹਬਾ ਹਿੰਦੂ ਮੁਸਲਮਾਨ ਸਦਾਇਆ।
ਕਿਤੜੇ ਪੁਰਖ ਵਖਾਣੀਅਨਿ ਨਾਰਿ ਸੁਮਾਰਿ ਅਗਣਤ ਗਣਾਇਆ।
ਤ੍ਰੈ ਗੁਣ[੪] ਮਾਇਆ ਚਲਤ ਹੈ ਬ੍ਰਹਮਾ ਬਿਸਨੁ ਮਹੇਸ[੫] ਰਚਾਇਆ।
ਵੇਦ ਕਤੇਬਾ ਵਾਚਦੇ ਇਕੁ ਸਾਹਿਬੁ ਦੁਇ ਰਾਹ ਚਲਾਇਆ।
ਸਿਵ ਸਕਤੀ ਵਿਚਿ ਖੇਲੁ ਕਰਿ ਜੋਗਭੋਗਬਹੁ ਚਲਤ ਬਣਾਇਆ।
ਸਾਧ ਅਸਾਧ ਸੰਗਤਿ ਫਲੁ ਪਾਇਆ ॥ ੬ ॥

## ਪਉੜੀ ੭

[ ਹਿੰਦੂ ਮਤ ]

ਚਾਰ ਵਰਨ ਛਿਅ ਦਰਸਨਾ ਸਾਸਤ੍ਰ ਬੇਦ ਪੁਰਾਣੁ ਸੁਣਾਇਆ।
ਦੇਵੀ ਦੇਵ ਸਰੇਵਣੇ[੬] [੭]ਦੇਵ ਸਥਲ ਤੀਰਥ ਭਰਮਾਇਆ।
ਗਣ ਗੰਧਰਬ ਅਪਛਰਾ ਸੁਰਪਤਿ[੮] ਇੰਦ੍ਰ ਇੰਦ੍ਰਾਸਣ ਛਾਇਆ।
ਜਤੀ ਸਤੀ ਸੰਤੋਖੀਆ ਸਿਧ ਨਾਥ ਅਵਤਾਰ ਬਣਾਇਆ।
ਜਪ ਤਪ ਸੰਜਮ ਹੋਮ ਜਗ ਵਰਤ ਨੇਮ ਨਈਵੇਦ ਪੁਜਾਇਆ।
ਸਿਖਾ[੯] ਸੂਤ੍ਰ[੧੦] ਮਾਲਾਤਿਲਕਪਿਤਰਕਰਮ ਦੇਵ ਕਰਮ ਕਮਾਇਆ।
ਪੁੰਨ ਦਾਨ ਉਪਦੇਸੁ ਦਿੜਾਇਆ ॥ ੭ ॥

---

੧ ਦਾਤਿ। ੨ ਜਿਸ ਦੀ ਗਤਿ ਨ ਜਾਣੀ ਜਾਏ। ੩ ਦੁਰਲਭ। ੪ ਰਜ ਤਮ ਸਤ। ੫ ਸ਼ਿਵਜੀ। ੬ ਆਰਾਧਦੇ। ੭ ਮੰਦਰ। ੮ ਦੇਵਤਿਆਂ ਦਾ ਰਾਜਾ। ੯ ਬੋਦੀ। ੧੦ ਜਨੇਊ।

Digitized by Panjab Digital Library | www.panjabdigilib.org

## ਪਉੜੀ ੮

[ਮੁਹੰਮਦੀ ਮਤ]

ਪੀਰ ਪੈਗੰਬਰ ਅਉਲੀਏ ਗਉਸ ਕੁਤਬ ਵਲੀਉਲਹ[੧] ਜਾਣੇ।
ਸੇਖ ਮਸਾਇਕ[੨] ਆਖੀਅਨਿ ਲਖ ਲਖ ਦਰਿ ਦਰਿਵੇਸ ਵਖਾਣੇ।
ਸੁਹਦੇ[੩] ਲਖ ਸਹੀਦ ਹੋਇ ਲਖ ਅਬਦਾਲ[੪] ਮਲੰਗ ਮਿਲਾਣੇ।
ਸਿੰਧੀ[੫] ਰੁਕਨ ਕਲੰਦਰਾ ਲਖ ਉਲਮਾਉ ਮੁਲਾ ਮਉਲਾਣੇ।
ਸਰੈ ਸਰੀਅਤਿ ਆਖੀਐ [੬]ਤਰਕ ਤਰੀਕਤ ਰਾਹ ਸਿਵਾਣੇ।
ਮਾਰਫਤੀ[੭] ਮਾਰੂਫ[੮] ਲਖ ਹਕ ਹਕੀਕਤਿ ਹੁਕਮਿ ਸਮਾਣੇ।
[੯]ਬੁਜਰਕਵਾਰ ਹਜਾਰ ਮੁਹਾਣੇ[੧੦] ॥ ੮ ॥

## ਪਉੜੀ ੯

[ਬ੍ਰਹਮਣ ਜਾਤਾਂ]

ਕਿਤੜੇ ਬ੍ਰਾਹਮਣ ਸਾਰਸੁਤ ਵਿਰਤੀਸਰ[੧੧] ਲਾਗਾਇਤ[੧੨] ਲੋਏ।
ਕਿਤੜੇ ਗਉੜ[੧੩] ਕਨਉਜੀਏ[੧੪] ਤੀਰਥ ਵਾਸੀ ਕਰਦੇ ਢੋਏ।
ਕਿਤੜੇ ਲਖ ਸਨਉਢੀਏ[੧੫] ਪਾਂਧੇ ਪੰਡਿਤ ਵੈਦ ਖਲੋਏ।
ਕੇਤੜਿਆਂ ਲਖ ਜੋਤਕੀ ਵੇਦ ਵੇਦੁਏ[੧੬] ਲੱਖ ਪਲੋਏ[੧੭]।
ਕਿਤੜੇ ਲਖ ਕਵੀਸਰਾ ਬ੍ਰਹਮ ਭਾਟ ਬ੍ਰਹਮਾਉ ਬਖੋਏ[੧੮]।
ਕੇਤੜਿਆਂ ਅਭਿਆਗਤਾ[੧੯] ਘਰਿ ਘਰਿ ਮੰਗਦੇ ਲੈ ਕਨਸੋਏ।
ਕਿਤੜੇ ਸਉਣ ਸਵਾਣੀ ਹੋਏ ॥ ੯ ॥

---

੧ ਖੁਦਾ ਦਾ ਦੋਸਤ। ੨ ਸ਼ੇਖ ਦਾ ਬਹੁ ਵਚਨ। ੩ ਗਰੀਬ। ੪ ਫਕੀਰੀ ਦਾ ਦਰਜਾ। ੫ ਸਿੰਧ ਵਿਚ ਇਕ ਫਕੀਰਾਂ ਦਾ ਫਿਰਕਾ ਹੈ। ੬ ਤਰੀਕਤ (ਸ਼ਰੱਈ ਕਰਮਾਂ) ਨੂੰ ਤਿਆਗ ਕੇ। ੭ ਇਸਲਾਮੀ, ਸ਼ਰ੍ਹਾ ਅਨੁਸਾਰ ਗਿਆਨ ਦਾ ਆਖਰੀ ਦਰਜਾ। ੮ ਪ੍ਰਸਿਧ ਆਲਮ। ੯ ਹਜ਼ਾਰਾਂ ਹੀ ਬਜ਼ੁਰਗਵਾਰ। ੧੦ ਮੁਹਾਣੇ (ਆਗੂ) ਬਣ ਰਹੇ ਹਨ। ੧੧ ਪ੍ਰੋਹਤ। ੧੨ ਲਾਗੀ। ੧੩ ਬ੍ਰਾਹਮਣਾਂ ਦੀ ਇਕ ਗੋਤ। ੧੪ ਕਨੋਜ ਸ਼ਹਿਰ ਦੇ ਵਸਨੀਕ। ੧੫ ਸਨੌਢ ਦੇਸ ਦੇ ਰਹਿਣ ਵਾਲੇ। ੧੬ ਵੇਦਾਂ ਦੇ ਗਿਆਤਾ। ੧੭ ਨਾਸ਼ ਹੋਏ। ੧੮ ਅਖਵਾਉਂਦੇ ਹਨ। ੧੯ ਮੰਗਤੇ।

Digitized by Panjab Digital Library | www.panjabdigilib.org

## ਪਉੜੀ ੧੦

[ਖੱਤ੍ਰੀ ਜਾਤਾਂ]

ਕਿਤੜੇ ਖਤ੍ਰੀ ਬਾਰਹੀ ਕੇਤੜਿਆਂ ਹੀ ਬਾਵੰਜਾਹੀ।
[1]ਪਾਵਾਧੇ ਪਾਚਾਧਿਆ ਫਲੀਆਂ ਖੋਖਰਾਇਨੁ ਅਵਗਾਹੀ।
ਕੇਤੜਿਆ ਚਉੜੋਤਰੀ ਕੇਤੜਿਆ ਸੇਰੀਨ ਵਿਲਾਹੀ।
ਕੇਤੜਿਆ ਅਵਤਾਰ ਹੋਇ ਚਕ੍ਰਵਰਤਿ ਰਾਜੇ ਦਰਗਾਹੀ[2]।
ਸੂਰਜਵੰਸੀ ਆਖੀਅਨਿ ਸੋਮਵੰਸ ਸੂਰਵੀਰ ਸਿਪਾਹੀ।
ਧਰਮਰਾਇ ਧਰਮਾਤਮਾ ਧਰਮੁ ਵੀਚਾਰੁ ਨ ਬੇਪਰਵਾਹੀ।
ਦਾਨੁ ਖੜਗ ਮੰਤੁ ਭਗਤਿ ਸਲਾਹੀ ॥ ੧੦ ॥

## ਪਉੜੀ ੧੧

[ਵੈਸ਼ ਜਾਤੀ]

ਕਿਤੜੇ ਵੈਸ ਵਖਾਣੀਅਨਿ ਰਾਜਪੂਤ ਰਾਵਤ[3] ਵੀਚਾਰੀ।
ਤੂਅਰ[4] ਗਉੜ ਪਵਾਰ ਲਖ ਮਲਣ ਹਾਸ ਚਉਹਾਣ ਚਿਤਾਰੀ।
ਕਛਵਾਹੇ ਰਾਠਉੜ ਲਖ ਰਾਣੇ ਰਾਇ ਭੂਮੀਏ ਭਾਰੀ।
ਬਾਘ ਬਘੇਲੇ ਕੇਤੜੇ ਬਲਵੰਡ ਲਖ ਬੁੰਦੇਲੇ[5] ਕਾਰੀ।
ਕੇਤੜਿਆ ਹੀ ਭੂਰਟੀਏ ਦਰਬਾਰਾਂ ਅੰਦਰਿ ਦਰਬਾਰੀ।
ਕਿਤੜੇ ਗੁਣੀ ਭਦਉੜੀਏ ਦੇਸਿ ਦੇਸਿ ਵਡੇ ਇਤਬਾਰੀ।
ਹਉਮੈ ਮੁਏ ਨ ਹਉਮੈ ਮਾਰੀ ॥ ੧੧ ॥

## ਪਉੜੀ ੧੨

[ਗੋਤਾਂ ਤੇ ਕਿਰਤ ਦੀਆਂ ਜਾਤਾਂ]

ਕਿਤੜੇ ਸੂਦ[6] ਸਦਾਇਦੇ ਕਿਤੜੇ ਕਾਇਥ[7] ਲਿਖਣ ਹਾਰੇ।
ਕੇਤੜਿਆ ਹੀ ਬਾਣੀਏ ਕਿਤੜੇ ਭਾਭੜਿਆ[8] ਸੁਨਿਆਰੇ।

---

੧ ਖੱਤਰੀ ਜ਼ਾਤੀ ਦੇ ਗੋਤ। ੨ ਦਰਬਾਰਾਂ ਵਾਲੇ। ੩ ਵੈਸ਼ਾਂ ਦੀ ਇਕ ਪਰਸਿੱਧ ਗੋਤ। ੪ ਵੈਸ਼ ਵਰਣ ਦੀ ਗੋਤ। ੫ ਸੂਰਮੇ। ੬ ਇਕ ਜ਼ਾਤੀ ਦਾ ਨਾਂ। ੭ ਮੁਨਸ਼ੀ ਪਟਵਾਰੀ ਆਦਿ। ੮ ਜੈਨ ਮਤ ਨੂੰ ਮੰਨਣ ਵਾਲੇ।

Digitized by Panjab Digital Library | www.panjabdigilib.org

ਕੇਤੜਿਆ ਲਖ ਜਾਟ ਹੋਇ ਕੇਤੜਿਆ ਛੀਂਬੇ ਸੈਸਾਰੇ।
ਕੇਤੜਿਆ ਠਾਠੇਰਿਆ ਕੇਤੜਿਆ ਲੋਹਾਰ ਵਿਚਾਰੇ।
ਕਿਤੜੇ ਤੇਲੀ ਆਖੀਅਨਿ ਕਿਤੜੇ ਹਲਵਾਈ ਬਾਜਾਰੇ।
ਕੇਤੜਿਆ ਲਖ ਪੰਖੀਏ[1] ਕਿਤੜੇ ਨਾਈ ਤੈ ਵਣਜਾਰੇ।
ਚਹੁ ਵਰਨਾ ਦੇ ਗੋਤ ਅਪਾਰੇ ॥ ੧੨ ॥

## ਪਉੜੀ ੧੩

[ਵਰਣ, ਮਤ]

ਕਿਤੜੇ ਗਿਰਹੀ[2] ਆਖੀਅਨਿ ਕੇਤੜਿਆ ਲਖ ਫਿਰਨਿ ਉਦਾਸੀ।
ਕੇਤੜਿਆ ਜੋਗੀਸੁਰਾ ਕੇਤੜਿਆ ਹੋਏ ਸੰਨਿਆਸੀ।
ਸੰਨਿਆਸੀ ਦਸ ਨਾਮ ਧਰਿ ਜੋਗੀ ਬਾਰਹ ਪੰਥ ਨਿਵਾਸੀ।
ਕੇਤੜਿਆ ਲਖ ਪਰਮ ਹੰਸ ਕਿਤੜੇ ਬਾਨਪ੍ਰਸਤ[3] ਬਨਵਾਸੀ।
ਕੇਤੜਿਆ ਹੀ ਡੰਡ ਧਾਰ ਕਿਤੜੇ ਜੈਨੀ ਜੀਅ ਦੈਆਸੀ।
[4]ਛਿਅਘਰਿ [5]ਛਿਅ ਗੁਰਆਖੀਅਨਿ ਛਿਅਉਪਦੇਸਭੇਸਅਭਿਆਸੀ
ਛਿਅ ਰੁਤਿ ਬਾਰਹ ਮਾਹ ਕਰਿ ਸੂਰਜ ਇਕੋ ਬਾਰਹ ਰਾਸੀ।
ਗੁਰਾ ਗੁਰੂ ਸਤਿਗੁਰੁ ਅਬਿਨਾਸੀ ॥ ੧੩ ॥

## ਪਉੜੀ ੧੪

[ਸਾਧ]

ਕਿਤੜੇ ਸਾਧ ਵਖਾਣੀਅਨਿ ਸਾਧ ਸੰਗਤਿ ਵਿਚਿ ਪਰਉਪਕਾਰੀ।
ਕੇਤੜਿਆ ਲਖ ਸੰਤ ਜਨ ਕੇਤੜਿਆ ਨਿਜ ਭਗਤਿ ਭੰਡਾਰੀ।
ਕੇਤੜਿਆ ਜੀਵਨ ਮੁਕਤਿ ਬ੍ਰਹਮ ਗਿਆਨੀ ਬ੍ਰਹਮ ਵੀਚਾਰੀ।
ਕੇਤੜਿਆ ਸਮਦਰਸੀਆ ਕੇਤੜਿਆ ਨਿਰਮਲ ਨਿਰੰਕਾਰੀ।

---

੧ ਸਿਰਕੀ ਬੰਦ। ੨ ਗ੍ਰਿਹਸਥੀ। ੩ ਹਿੰਦੂ ਮਤ ਅਨੁਸਾਰ ਤੀਜਾ ਆਸ਼ਰਮ।
੪ ਛੇ ਸ਼ਾਸਤ੍ਰ। ੫ ਛੇ ਆਚਾਰਜ। ੬ ਸਭ ਨੂੰ ਇਕੋ ਜਿਹਾ ਤੱਕਣ ਵਾਲੇ।

Digitized by Panjab Digital Library | www.panjabdigilib.org

ਕਿਤੜੇ ਲਖ ਬਿਬੇਕੀਆ[੧] ਕਿਤੜੇ ਦੇਹ ਬਿਦੇਹ ਅਕਾਰੀ।
ਭਾਇ ਭਗਤਿ ਭੈ ਵਰਤਣਾ ਸਹਜਿ ਸਮਾਧਿ ਬੈਰਾਗ ਸਵਾਰੀ।
ਗੁਰਮੁਖਿ ਸੁਖ ਫਲ ਗਰਬੁ[੨] ਨਿਵਾਰੀ॥ ੧੪ ॥

## ਪਉੜੀ ੧੫

{ਅਸਾਧ ਜਨ}

ਕਿਤੜੇ ਲਖ ਅਸਾਧ[੩] ਜਗ ਵਿਚਿ ਕਿਤੜੇ ਚੋਰ ਜਾਰ ਜੁਆਰੀ।
ਵਟਵਾੜੇ[੪] ਠਗਿ ਕੇਤੜੇ ਕੇਤੜਿਆ ਨਿੰਦਕ ਅਵੀਚਾਰੀ[੫]।
ਕੇਤੜਿਆ ਅਕਿਰਤਘਣ ਕਿਤੜੇ ਬੇਮੁਖ ਤੇ ਅਣਚਾਰੀ[੬]।
ਸ੍ਵਾਮਿ[੭] ਧ੍ਰੋਹੀ ਵਿਸਵਾਸ ਘਾਤ ਲੂਣ ਹਰਾਮੀ ਮੂਰਖ ਭਾਰੀ।
ਬਿਖਲੀਪਤਿ[੮] ਵੇਸੁਆ ਰਵਤ ਮਦ ਮਤਵਾਲੇ ਵਡੇ ਵਿਕਾਰੀ।
ਵਿਸਟ ਵਿਰੋਧੀ ਕੇਤੜੇ ਕੇਤੜਿਆ ਕੂੜੇ ਕੂੜਿਆਰੀ।
ਗੁਰ ਪੂਰੇ ਬਿਨੁ ਅੰਤਿ ਖੁਆਰੀ ॥ ੧੫ ॥

## ਪਉੜੀ ੧੬

[ਯਵਨ ਮਤਾਂ ਦੇ ਭੇਦ]

ਕਿਤੜੇ ਸੁੰਨੀ[੯] ਆਖੀਅਨਿ ਕਿਤੜੇ ਈਸਾਈ ਮੂਸਾਈ[੧੦]।
ਕੇਤੜਿਆ ਹੀ ਰਾਫਜੀ[੧੧] ਕਿਤੜੇ ਮੁਲਹਿਦ[੧੨] ਗਣਤ ਨ ਆਈ।
ਲਖ ਫਿਰੰਗੀ ਇਰਮਨੀ ਰੂਮੀ ਜੰਗੀ ਦੁਸ਼ਮਨ ਦਾਈ।
ਕਿਤੜੇ ਸਈਯਦ ਆਖੀਅਨਿ ਕਿਤੜੇ ਤੁਰਕਮਾਨ ਦੁਨਿਆਈ।
ਕਿਤੜੇ ਮੁਗਲ ਪਠਾਣ ਹਨਿ ਹਬਸੀ ਤੇ ਕਿਲਮਾਕ[੧੩] ਅਵਾਈ।
ਕੇਤੜਿਆ ਈਮਾਨ ਵਿਚਿ ਕਿਤੜੇ ਬੇਈਮਾਨ ਬਲਾਈ।
ਨੇਕੀ ਬਦੀ ਨ ਲੁਕੈ ਲੁਕਾਈ ॥ ੧੬ ॥

---

੧ ਵਿਚਾਰਵਾਨ । ੨ ਅਹੰਕਾਰ । ੩ ਅਧਰਮੀ ਪੁਰਖ । ੪ ਰਾਹਮਾਰ । ੫ ਮੂਰਖ । ੬ ਖੋਟੇ ਚਾਲਚਲਨ ਵਾਲੇ। ੭ ਮਾਲਕ ਨਾਲ ਧੋਖਾ ਕਰਨ ਵਾਲੇ। ੮ ਕੰਜਰ (ਵਿਸ਼ਿਆਂ ਵਿਚ ਲਿਪਟੇ ਹੋਏ)। ੯ ਮੁਹੰਮਦ ਦੀ ਸੁੰਨਤ (ਰੀਤੀ ਨੂੰ) ਮੰਨਣ ਵਾਲੇ। ੧੦ ਮੂਸਾ ਦੇ ਪੈਰੋਕਾਰ। ੧੧ ਸ਼ੀਆ ਮੁਸਲਮਾਨਾਂ ਦਾ ਇਕ ਫਿਰਕਾ। ੧੨ ਕਿਆਮਤ ਨੂੰ ਨਾ ਮੰਨਣ ਵਾਲੇ। ੧੩ ਸੁਲੇਮਾਨੀ ਮੋਤ ਦਾ ਇਕ ਫ਼ਿਰਕਾ।

Digitized by Panjab Digital Library | www.panjabdigilib.org

## ਪਉੜੀ ੧੭

[ਅੱਡ ਅੱਡ ਹਾਲਤਾਂ]

ਕਿਤੜੇ ਦਾਤੇ ਮੰਗਤੇ ਕਿਤੜੇ ਵੈਦ ਕੇਤੜੇ ਰੋਗੀ।
ਕਿਤੜੇ ਸਹਜਿ ਸੰਜੋਗ ਵਿਚਿ ਕਿਤੜੇ ਵਿਛੁੜਿ ਹੋਇ ਵਿਜੋਗੀ।
ਕੇਤੜਿਆ ਭੁਖੇ ਮਰਨਿ ਕੇਤੜਿਆ ਰਾਜੇ ਰਸ ਭੋਗੀ।
ਕੇਤੜਿਆ ਦੇ ਸੋਹਲੇ ਕੇਤੜਿਆ ਦੁਖੁ ਰੋਵਨਿ ਸੋਗੀ।
ਦੁਨੀਆ ਆਵਣ ਜਾਵਣੀ ਕਿਤੜੀ ਹੋਈ ਕਿਤੜੀ ਹੋਗੀ।
ਕੇਤੜਿਆ ਹੀ ਸਚਿਆਰ ਕੇਤੜਿਆ [1]ਦਗਾਬਾਜ ਦਰੋਗੀ[2]।
ਗੁਰਮੁਖਿ ਕੋ ਜੋਗੀਸਰੁ ਜੋਗੀ ॥੧੭॥

## ਪਉੜੀ ੧੮

[ਸਰੀਰ ਦੀਆਂ ਅੱਡ ਅੱਡ ਹਾਲਤਾਂ]

ਕਿਤੜੇ ਅੰਨ੍ਹੇ ਆਖੀਅਨਿ ਕੇਤੜਿਆਂ ਹੀ ਦਿਸਨਿ ਕਾਣੇ।
ਕੇਤੜਿਆਂ ਚੁੱਗੇ[3] ਫਿਰਨਿ ਕਿਤੜੇ ਰਤੀਆਨੇ[4] ਉਕਤਾਣੇ।
ਕਿਤੜੇ ਨਕਟੇ ਗੁਣਗੁਣੇ ਕਿਤੜੇ ਬੋਲੇ ਬੁਚੇ ਲਾਣੇ।
ਕੇਤੜਿਆ ਗਿਲ੍ਹੜ ਗਲੀਰ ਅੰਗਿ ਰਸਉਲੀ ਵੇਣਿ ਵਿਹਾਣੇ।
ਟੁੰਡੇ ਬਾਂਡੇ[5] ਕੇਤੜੇ ਗੰਜੇ ਲੁੰਜੇ ਕੋੜ੍ਹੀ ਜਾਣੇ।
ਕਿਤੜੇ ਲੂਲੇ ਪਿੰਗੁਲੇ ਕਿਤੜੇ ਕੁੱਬੇ ਹੋਇ ਕੁੜਾਣੇ।
ਕਿਤੜੇ ਖੁਸਰੇ ਹੀਜੜੇ ਕੇਤੜਿਆ ਗੁੰਗੇ ਤੁਤਲਾਣੇ[6]।
ਗੁਰ ਪੂਰੇ ਵਿਣੁ ਆਵਣ ਜਾਣੇ ॥੧੮॥

---

੧ ਧੋਖਾ ਦੇਣ ਵਾਲੇ। ੨ ਝੂਠੇ। ੩ ਟੀਰੇ। ੪ ਅੰਧਰਾਤੇ ਵਾਲੇ। ੫ ਜਿਨ੍ਹਾਂ ਦਾ ਮੋਢਾ ਜਾਂ ਅਰਕ ਤਣ ਗਈ ਹੋਵੇ। ੬ ਥਥਲੇ।

Digitized by Panjab Digital Library | www.panjabdigilib.org

## ਪਉੜੀ ੧੯

[ਗਿਣਤੀ]

ਕੇਤੜਿਆ ਪਤਿਸਾਹ ਜਗਿ ਕਿਤੜੇ ਮਸਲਤਿ[1] ਕਰਨਿ ਵਜੀਰਾ।
ਕੇਤੜਿਆ ਉਮਰਾਉ ਲਖ ਮਨਸਬਦਾਰ[2] ਹਜਾਰ ਵਡੀਰਾ।
ਹਿਕਮਤਿ ਵਿਚਿ ਹਕੀਮ ਲਖ ਕਿਤੜੇ ਤਰਕਸ[3] ਬੰਦ ਅਮੀਰਾ।
ਕਿਤੜੇ ਚਾਕਰ ਚਾਕਰੀ ਭੋਈ[4] ਮੇਠ[5] ਮਹਾਵਤ[6] ਮੀਰਾ।
ਲਖ ਫਰਾਸ਼[7] ਲਖ ਸਾਰਵਾਨ[8] [9]ਮੀਰਾਂ ਖੋਰ ਸਈਸ ਵਹੀਰਾ।
ਕਿਤੜੇ ਲਖ ਜਲੇਬਦਾਰ[10] ਗਾਡੀਵਾਨ ਚਲਾਇ ਗਡੀਰਾ।
ਛੜੀਦਾਰ ਦਰਵਾਨ ਖਲੀਰਾ ॥੧੯॥

## ਪਉੜੀ ੨੦

[ਤਥਾਚ]

ਕਿਤੜੇ ਲਖ ਨਗਾਰਚੀ ਕੇਤੜਿਆ ਢੋਲੀ ਸਹਨਾਈ[11]।
ਕੇਤੜਿਆ ਹੀ ਤਾਇਫੇ[12] ਢਾਢੀ ਬਚੇ ਕਲਾਵਤ[13] ਗਾਈ।
ਕੇਤੜਿਆ ਬਹੁਰੂਪੀਏ ਬਾਜੀਗਰ ਲਖ ਭੰਡ ਅਤਾਈ[14]।
ਕਿਤੜੇ ਲਖ ਮਸਾਲਚੀ ਸਮਾ ਚਰਾਗ ਕਰਨਿ ਰੁਸਨਾਈ।
ਕੇਤੜਿਆ ਹੀ ਕੋਰਚੀ[15] ਆਮਲ[16] ਪੋਸ਼ ਸਿਲਹ[17] ਸੁਖਦਾਈ।
ਕੇਤੜਿਆ ਹੀ ਆਬਦਾਰ[18] ਕਿਤੜੇ ਬਾਵਰਚੀ ਨਾਨਵਾਈ[19]।
ਤੰਬੋਲੀ ਤੋਸਕਚੀ[20] ਸੁਹਾਈ ॥੨੦॥

---

੧ ਮਸ਼ਵਰੇ। ੨ ਔਹਦੇਦਾਰ। ੩ ਧਨੁਖਧਾਰੀ। ੪ ਘਾਹੀ। ੫ ਦਰੋਗੇ। ੬ ਹਾਥੀ ਨੂੰ ਚਲਾਉਣ ਵਾਲਾ। ੭ ਫਰਸ਼ ਵਿਛਾਉਣ ਵਾਲਾ। ੮ ਊਠਾਂ ਨੂੰ ਚਲਾਉਣ ਵਾਲਾ। ੯ ਘੋੜਿਆਂ ਦਾ ਅਫਸਰ। ੧੦ ਪਾਤਸ਼ਾਹੀ ਸਵਾਰੀ ਦਾ ਅਫਸਰ। ੧੧ ਤੂਤੀ। ੧੨ ਗਾਉਣ ਵਾਲੀਆਂ ਦੇ ਟੋਲੇ। ੧੩ ਕਵਾਲੀ ਗਾਉਣ ਵਾਲੇ। ੧੪ ਸ਼ੌਕੀਆ ਗਾਉਣ ਵਾਲੇ। ੧੫ ਫੌਜੀ ਸਮਾਨ ਸਾਂਭਣ ਵਾਲੇ। ੧੬ ਹਾਕਮ। ੧੭ ਸੰਜੋ-ਪਹਿਨਣ ਵਾਲਾ। ੧੮ ਪਾਣੀ ਦੇਣ ਵਾਲਾ। ੧੯ ਨਾਨ ਕੁਲਚੇ ਪਕਾਉਣ ਵਾਲਾ। ੨੦ ਖਜ਼ਾਨਚੀ।

Digitized by Panjab Digital Library | www.panjabdigilib.org

## ਪਉੜੀ ੨੧

[ਤਬਾਚ]

ਕੇਤੜਿਆ ਖੁਸਬੋਇਦਾਰ ਕੇਤੜਿਆ ਰੰਗਰੇਜ[੧] ਰੰਗੋਲੀ।
ਕਿਤੜੇ ਮੇਵੇਦਾਰ ਹਨਿ [੨]ਹੁਡਕ ਹੁਡਕੀਏ ਲੋਲਨਿ[੩] ਲੋਲੀ[੪]।
ਖਿਜਮਤਿਗਾਰ ਖਵਾਸ[੫] ਲਖ ਗੋਲੰਦਾਜ ਤੋਪਕੀ ਤੋਲੀ।
ਕੇਤੜਿਆ ਤਹਵੀਲਦਾਰ[੬] ਮੁਸਰਫਦਾਰ[੭] ਦਰੋਗੇ ਓਲੀ[੮]।
ਕੇਤੜਿਆ ਕਿਰਸਾਣ ਹੋਇ ਕਰਿ ਕਿਰਸਾਣੀ ਅਤੁਲੁ ਅਤੋਲੀ।
ਮੁਸਤੌਫੀ[੯] ਬੂਤਾਤ[੧੦] ਲਖ ਮੀਰਸਾਮੇ[੧੧] ਬਖਸੀ[੧੨] [੧੩]ਕੋਲ ਕੋਲੀ।
ਕੇਤੜਿਆ ਦੀਵਾਨ ਹੋਇ ਕਰਨਿ ਕਰੋੜੀ ਮੁਲਕ ਢੰਢੋਲੀ।
ਰਤਨ ਪਦਾਰਥ ਮੋਲ ਅਮੋਲੀ ॥੨੧॥

## ਪਉੜੀ ੨੨

[ ਤਬਾਚ ]

ਕੇਤੜਿਆ ਹੀ ਜਉਹਰੀ ਲਖ ਸਰਾਫ ਬਜਾਜ ਵਪਾਰੀ।
ਸਉਦਾਗਰ ਸਉਦਾਗਰੀ ਗਾਂਧੀ ਕਾਸੇਰੇ ਪਾਸਾਰੀ।
ਕੇਤੜਿਆ ਪਰਚੂਨੀਏ ਕੇਤੜਿਆ ਦਲਾਲ ਬਜਾਰੀ।
ਕੇਤੜਿਆ ਸਿਕਲੀਗਰਾਂ ਕਿਤੜੇ ਲਖ ਕਮਗਰ[੧੪] ਕਾਰੀ।
[੧੫]ਕੇਤੜਿਆ ਕੁਮ੍ਹਿਆਰ ਲਖ ਕਾਗਦ ਕੁਟ ਘਣੇ ਲੂਣਾਰੀ[੧੬]।
ਕਿਤੜੇ ਦਰਜੀ ਧੋਬੀਆਂ ਕਿਤੜੇ ਜ਼ਰ ਲੋਹੇ ਸਿਰ ਹਾਰੀ[੧੭]।
ਕਿਤੜੇ ਭੜਭੂੰਜੇ ਭਠਿਆਰੀ ॥ ੨੨ ॥

---

੧ ਲਿਲਾਰੀ ।੨ ਸ਼ਟਤਾਂ ਬੰਨ੍ਹਣ ਵਾਲੇ। ੩ ਚੰਚਲ। ੪ ਦਰਬਾਰੀ ਵੇਸਵਾ। ੫ ਰਾਖਵੀਂ ਗੋਲੀ। ੬ ਤਹਿਸੀਲਦਾਰ (ਰੋਕੜੀ ਰਖਣ ਵਾਲਾ)। ੭ ਨਿਗਰਾਨੀ ਰਖਣ ਵਾਲਾ ਅਫ਼ਸਰ। ੮. ਉਲਫਾ ਅਰਥਾਤ ਰਸਦ ਦੇਣ ਵਾਲਾ। ੯ ਹਿਸਾਬ ਦੀ ਪੜਤਾਨ ਕਰਨ ਵਾਲਾ । ੧੦ ਘਰੋਗੀ ਖਰਚਾਂ ਦਾ ਹਿਸਾਬ ਰਖਣ ਵਾਲਾ। ੧੧ ਸੁਗੰਧੀ ਦਾ ਅਫਸਰ। ੧੨ ਸੈਨਾਪਤੀ। ੧੩ ਇਕ ਜੰਗਲੀ ਕੌਮ। ੧੪ ਕਮਾਨਾਂ ਬ਼ਣਾਉਣ ਵਾਲੇ। ੧੫ ਕਿਤਨੇ ਕੁਮ੍ਹਿਆਰ ਹਨ। ੧੬ ਲੂਣ ਮਸਾਲਾ ਵੇਚਣ ਵਾਲੇ ।੧੭ ਦੂਜੀਆਂ ਧਾਤਾਂ ਤੇ ਸੋਨਾ ਚੜ੍ਹਾਉਣ ਵਾਲੇ।

Digitized by Panjab Digital Library | www.panjabdigilib.org

## ਪਉੜੀ ੨੩

[ ਤਬਾਚ ]

ਕੇਤੜਿਆ ਕਾਰੂੰਜੜੇ[1] ਕੇਤੜਿਆ ਦਬਗਰ[2] ਕਾਸਾਈ।
ਕੇਤੜਿਆ ਮੁਨਿਆਰ ਲਖ ਕੇਤੜਿਆ ਚਮਿਆਰ ਅਰਾਈ।
ਭੰਗ ਹੇਰੇ ਹੋਇ ਕੇਤੜੇ ਬਗਨੀਗਰਾ[3] ਕਲਾਲ[4] ਹਵਾਈ।
ਕਿਤੜੇ ਭੰਗੀ ਪੋਸਤੀ ਅਮਲੀ ਸੋਫੀ ਘਣੀ ਲੁਕਾਈ।
ਕੇਤੜਿਆ ਕਹਾਰ ਲਖ ਗੁਜਰ ਲਖ ਅਹੀਰ ਗਣਾਈ।
ਕਿਤੜੇ ਹੀ ਲਖ ਚੂਹੜੇ ਜਾਤਿ ਅਜਾਤਿ ਸਨਾਤ[5] ਅਲਾਈ।
ਨਾਵ ਥਾਵ ਲਖ ਕੀਮ ਨ ਪਾਈ ॥ ੨੩ ॥

## ਪਉੜੀ ੨੪

[ਸਭ ਗੁਰਮੁਖ ਬਣੋਂ]

ਉਤਮ ਮਧਮ ਨੀਚ ਲਖ ਗੁਰਮੁਖਿ ਨੀਚਹੁ ਨੀਚ ਸਦਾਏ।
ਪੈਰੀ ਪੈ ਪਾਖਾਕ ਹੋਇ ਗੁਰਮੁਖਿ ਗੁਰਸਿਖੁ ਆਪੁ ਗਵਾਏ।
ਸਾਧ ਸੰਗਤਿ ਭਉ[6] ਭਾਉ[7] ਕਰਿ ਸੇਵਕ ਸੇਵਾ ਕਾਰ ਕਮਾਏ।
ਮਿਠਾ ਬੋਲਣ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।
ਸਬਦਿ ਸੁਰਤਿ ਲਿਵਲੀਣੁ ਹੋਇ ਦਰਗਹ ਮਾਣ ਨਿਮਾਣਾ ਪਾਏ।
ਚਲਣੁ ਜਾਣਿ ਅਜਾਣੁ ਹੋਇ ਆਸਾ ਵਿਚਿ ਨਿਰਾਸ ਵਲਾਏ।
ਗੁਰਮੁਖਿ ਸੁਖ ਫਲੁ ਅਲਖੁ ਲਖਾਏ ॥੨੪॥੮॥

---

੧ ਸਬਜ਼ੀ ਵੇਚਣ ਵਾਲੇ। ੨ ਕੁਪੇ ਬਣਾਉਣ ਵਾਲੇ। ੩ ਵੰਗਾਂ ਬਣਾਉਣ ਵਾਲੇ। ੪ ਸ਼ਰਾਬ ਵੇਚਣ ਵਾਲੇ। ੫ ਚੰਡਾਲ। ੬ ਡਰ। ੭ ਪ੍ਰੇਮ।

Digitized by Panjab Digital Library | www.panjabdigilib.org

# ਵਾਰ ੯.

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਵਾਹਿਗੁਰੂ, ਗੁਰੂ, ਸ਼ਬਦ, ਸਤਿਸੰਗ]

ਗੁਰ ਮੂਰਤਿ ਪੂਰਨ ਬ੍ਰਹਮੁ ਅਬਿਗਤਿ[੧] ਅਬਿਨਾਸੀ।
ਪਾਰਬ੍ਰਹਮੁ ਗੁਰ ਸਬਦੁ ਹੈ ਸਤਸੰਗਿ ਨਿਵਾਸੀ।
ਸਾਧ ਸੰਗਤਿ ਸਚੁਖੰਡੁ ਹੈ ਭਾਉ ਭਗਤਿ ਅਭਿਆਸੀ।
ਚਹੁ ਵਰਨਾ ਉਪਦੇਸੁ ਕਰਿ ਗੁਰਮਤਿ ਪਰਗਾਸੀ।
ਪੈਰੀ ਪੈ ਪਾਖਾਕ ਹੋਇ ਗੁਰਮੁਖਿ ਰਹਿਰਾਸੀ[੨]।
ਮਾਇਆ ਵਿਚਿ ਉਦਾਸੁ ਗਤਿ ਹੋਇ ਆਸ ਨਿਰਾਸੀ ॥ ੧ ॥

## ਪਉੜੀ ੨

[ਗੁਰ ਸਿੱਖੀ]

ਗੁਰ ਸਿਖੀ ਬਾਰੀਕ ਹੈ [੩]ਸਿਲ ਚਟਣ ਫਿਕੀ।
ਤਿਖੀ ਖੰਡੇ ਧਾਰ ਹੈ ਉਹੁ ਵਾਲਹੁੰ ਨਿਕੀ।
ਭੂਤ[੪] ਭਵਿਖ[੫] ਨ ਵਰਤਮਾਨ[੬] ਸਰਿ[੭] [੮]ਮਿਕਣਿ ਮਿਕੀ।
ਦੁਤੀਆ[੯] ਨਾਸਤਿ ਏਤੁ ਘਰਿ ਹੋਇ [੧੦]ਇਕਾ ਇਕੀ।
ਦੂਆ ਤੀਆ ਵੀਸਰੈ ਸਣ [੧੧]ਕਕਾ ਕਿਕੀ।
ਸਭੇ ਸਿਕਾਂ[੧੨] ਪਰਹਰੈ ਸੁਖੁ ਇਕਤੁ ਸਿਕੀ ॥ ੨ ॥

---

੧ ਗਤੀ ਤੋਂ ਬਾਹਰ । ੨ ਰਾਹੇ-ਰਾਸਤ ਅਰਥਾਤ ਸੱਚੇ ਮਾਰਗ ਤੇ ਤੁਰਨ ਵਾਲੇ। ੩ ਅਲੂਣੀ ਸਿਲ। ੪ ਬੀਤ ਗਿਆ ਸਮਾਂ। ੫ ਆਉਣ ਵਾਲਾ ਸਮਾਂ। ੬ ਵਰਤ ਰਿਹਾ ਸਮਾਂ। ੭ ਬਰਾਬਰ। ੮ ਮਿਣੀਏ ਤੇ ਮਿਣਿਆ ਨਹੀਂ ਜਾਂਦਾ। ੯ ਦਵੈਤ ਭਾਵ। ੧੦ ਇਕ ਪ੍ਰਭੂ ਦੇ ਨਾਲ ਇਕ ਰੂਪ ਹੋ ਜਾਈਦਾ ਹੈ। ੧੧ ਕੱਦ, ਕਾਹਨੂੰ, ਕਿਥੇ, ਕੀ ਆਦਿ। ੧੨ ਆਸਾਂ।

Digitized by Panjab Digital Library | www.panjabdigilib.org

## ਪਉੜੀ ੩ {ਗੁਰਮੁਖਤਾਈ}

ਗੁਰਮੁਖਿ ਮਾਰਗੁ ਆਖੀਐ ਗੁਰਮਤਿ ਹਿਤਕਾਰੀ।
ਹੁਕਮਿ ਰਜਾਈ ਚਲਣਾ ਗੁਰ ਸਬਦ ਵੀਚਾਰੀ।
ਭਾਣਾ ਭਾਵੈ ਖਸਮ ਕਾ ਨਿਹਚਉ ਨਿਰੰਕਾਰੀ।
ਇਸਕ ਮੁਸਕ[੧] ਮਹਕਾਰ ਹੈ ਹੁਇ ਪਰਉਪਕਾਰੀ।
ਸਿਦਕ ਸਬੂਰੀ ਸਾਬਤੇ ਮਸਤੀ ਹੁਸੀਆਰੀ।
ਗੁਰਮੁਖਿ ਆਪੁ ਗਵਾਇਆ ਜਿਣਿ ਹਉਮੈ ਮਾਰੀ ॥ ੩ ॥

## ਪਉੜੀ ੪

[ਸਿੱਖ ਦੀ ਕਰਨੀ]

ਭਾਇ ਭਗਤਿ ਭੈ ਚਲਣਾ ਹੋਇ [੩]ਪਾਹੁਨਿਚਾਰੀ।
ਚਲਣੁ ਜਾਣਿ ਅਜਾਣ ਹੋਇ ਗਹੁ[੪] ਗਰਬੁ ਨਿਵਾਰੀ।
ਗੁਰ ਸਿਖ ਨਿਤ ਪਰਾਹੁਣੇ ਇਹ ਕਰਣੀ ਸਾਰੀ।
ਗੁਰਮੁਖਿ ਸੇਵ ਕਮਾਵਣੀ ਸਤਿਗੁਰੂ ਪਿਆਰੀ।
ਸਬਦਿ ਸੁਰਤਿ ਲਿਵਲੀਣ ਹੋਇ ਪਰਵਾਰ ਸੁਧਾਰੀ।
ਸਾਧ ਸੰਗਤਿ ਜਾਇ ਸਹਜ ਘਰਿ ਨਿਰਮਲਿ ਨਿਰੰਕਾਰੀ ॥ ੪ ॥

## ਪਉੜੀ ੫

[ਗੁਰ ਸਿਖ ਦੀ ਆਤਮ ਖੇਡ]

ਪਰਮ ਜੋਤਿ ਪਰਗਾਸੁ ਕਰਿ ਉਨਮਨਿ ਲਿਵਲਾਈ।
ਪਰਮ ਤਤੁ ਪਰਵਾਣੁ ਕਰਿ ਅਨਹਦਿ ਧੁਨਿ ਵਾਈ।
ਪਰਮਾਰਥ ਪਰਬੋਧ[੫] ਕਰਿ ਪਰਮਾਤਮ ਹਾਈ।
ਗੁਰ ਉਪਦੇਸੁ ਅਵੇਸੁ[੬] ਕਰਿ ਅਨਭਉ ਪਦ ਪਾਈ।
ਸਾਧ ਸੰਗਤਿ ਕਰਿ ਸਾਧਨਾ ਇਕ ਮਨਿ ਇਕੁ ਧਿਆਈ।
ਵੀਹ[੭] ਇਕੀਹ[੮] ਚੜ੍ਹਾਉ ਚੜ੍ਹਿ ਇਉਂ ਨਿਜ ਘਰਿ ਜਾਈ ॥ ੫ ॥

---

੧ ਕਸਤੂਰੀ। ੨ ਜਿੱਤਕੇ। ੩ ਮਿਹਮਾਣੀ, ਪਰਾਹੁਣੇ ਦੀ ਸੇਵਾ। ੪ ਪਕੜ। ੫ ਗਿਆਨ। ੬ ਪ੍ਰਵੇਸ਼। ੭ ਸੰਸਾਰ। ੮ ਪਰਲੋਕ।

Digitized by Panjab Digital Library | www.panjabdigilib.org

## ਪਉੜੀ ੬

[ਵਾਹਿਗੁਰੂ ਵਜਾਪਕਤਾ ਦਾ ਅਨੁਭਵ]

ਦਰਪਣਿ[1] ਵਾਂਗ ਧਿਆਨੁ ਧਰਿ ਆਪੁ ਆਪ ਨਿਹਾਲੈ।
ਘਟਿ ਘਟਿ ਪੂਰਨ ਬ੍ਰਹਮੁ ਹੈ ਚੰਦੁ ਜਲ ਵਿਚਿ ਭਾਲੈ।
ਗੋਰਸੁ[2] ਗਾਈ ਵੇਖਦਾ ਘਿਉ ਦੁਧ ਵਿਚਾਲੈ।
ਫੁਲਾਂ ਅੰਦਰਿ ਵਾਸੁ ਲੈ ਫਲੁ ਸਾਉ[3] ਸਮ੍ਹਾਲੈ।
ਕਾਸਟਿ ਅਗਨਿ ਚਲਿਤੁ ਵੇਖਿ ਜਲ ਧਰਤਿ ਹਿਆਲੈ।
ਘਟਿ ਘਟਿ ਪੂਰਨੁ ਬ੍ਰਹਮੁ ਹੈ ਗੁਰਮੁਖਿ ਵੇਖਾਲੈ॥ ੬॥

## ਪਉੜੀ ੭

[ਐਸੇ ਸਿੱਖ ਦੀ ਰਹਿਣੀ]

ਦਿਬ[4] ਦਿਸਟਿ ਗੁਰ ਧਿਆਨੁ ਧਰਿ ਸਿਖ ਵਿਰਲਾ ਕੋਈ।
ਰਤਨ ਪਾਰਖੂ ਹੋਇਕੈ ਰਤਨਾ ਅਵਲੋਈ।
ਮਨੁ ਮਾਣਕੁ ਨਿਰਮੋਲਕਾ ਸਤਿਸੰਗਿ ਪਰੋਈ।
ਰਤਨਮਾਲ ਗੁਰ ਸਿਖ ਜਗਿ ਗੁਰਮਤਿ ਗੁਣਗੋਈ।
ਜੀਵਦਿਆਂ ਮਰਿ ਅਮਰੁ ਹੋਇ ਸੁਖ ਸਹਜਿ ਸਮੋਈ।
[5]ਓਤਿ ਪੋਤਿ ਜੋਤੀ ਜੋਤਿ ਮਿਲਿ ਜਾਣੈ ਜਾਣੋਈ॥ ੭॥

## ਪਉੜੀ ੮

[ਐਸਾ ਸਿੱਖ ਗੁਰੂ ਨਾਲ ਅਭੇਦ]

ਰਾਗ ਨਾਦ ਵਿਸਮਾਦੁ ਹੋਇ ਗੁਣ ਗਹਿਰ ਗੰਭੀਰਾ।
ਸਬਦ ਸੁਰਤਿ ਲਿਵਲੀਣ ਹੋਇ ਅਨਹਦ ਧੁਨਿ ਧੀਰਾ।
ਜੰਤ੍ਰੀ ਜੰਤ੍ਰ ਵਜਾਇਦਾ ਮਨਿ ਉਨਮਨਿ[8] ਚੀਰਾ।
ਵਜਿ ਵਜਾਇ ਸਮਾਇ ਲੈ ਗੁਰ ਸਬਦ ਵਜੀਰਾ।

---

੧ ਸ਼ੀਸ਼ਾ। ੨ ਦੁੱਧ। ੩ ਸੁਆਦ। ੪ ਗਿਆਨ ਦ੍ਰਿਸ਼ਟੀ। ੫ ਦੇਖਣਾ। ੬ ਤਾਣਾ ਪੇਟਾ। ੭ ਅਨਹਦ ਧੁਨੀ (ਰੱਬੀ ਸ਼ਬਦ) ਵਿਚ ਅਡੋਲ ਰਹਿੰਦਾ ਹੈ। ੮ ਚੌਥੀ ਅਵਸਥਾ (ਤੁਰੀਆ)।

Digitized by Panjab Digital Library | www.panjabdigilib.org

ਅੰਤਰਿਜਾਮੀ ਜਾਣੀਐ ਅੰਤਰਿ ਗਤਿ ਪੀਰਾ।
ਗੁਰ ਚੇਲਾ ਚੇਲਾ ਗੁਰੂ ਬੇਧਿ ਹੀਰੈ ਹੀਰਾ ॥ ੮ ॥

ਪਉੜੀ ੯

[ਤਥਾਚ]

ਪਾਰਸੁ ਹੋਇਆ ਪਾਰਸਹੁੰ ਗੁਰਮੁਖਿ ਵਡਿਆਈ।
ਹੀਰੈ ਹੀਰਾ ਬੇਧਿਆ[1] ਜੋਤੀ ਜੋਤਿ ਮਿਲਾਈ।
ਸਬਦ ਸੁਰਤਿ ਲਿਵ ਲੀਣੁ ਹੋਇ ਜੰਤ੍ਰ ਜੰਤ੍ਰੀ ਵਾਈ।
ਗੁਰ ਚੇਲਾ ਚੇਲਾ ਗੁਰੂ ਪਰਚਾ ਪਰਚਾਈ।
ਪੁਰਖਹੁੰ ਪੁਰਖੁ ਉਪਾਇਆ ਪੁਰਖੋਤਮ ਹਾਈ।
ਵੀਹ ਇਕੀਹ ਉਲੰਘਿ ਕੈ ਹੋਇ ਸਹਜਿ ਸਮਾਈ ॥ ੯ ॥

ਪਉੜੀ ੧੦

{ਸਾਧ ਸੰਗਤ ਸਚਖੰਡ}

ਸਤਿਗੁਰੁ ਦਰਸਨੁ ਦੇਖਦੋ ਪਰਮਾਤਮੁ ਦੇਖੈ।
ਸਬਦ ਸੁਰਤਿ ਲਿਵਲੀਣ ਹੋਇ ਅੰਤਰਿਗਤਿ[2] ਲੇਖੈ।
ਚਰਨ ਕਵਲ ਦੀ ਵਾਸਨਾ ਹੋਇ ਚੰਦਨ ਭੇਖੈ[3]।
ਚਰਣੋਦਕ[4] ਮਕਰੰਦ ਰਸ ਵਿਸਮਾਦੁ ਵਿਸੇਖੈ।
ਗੁਰਮਤਿ ਨਿਹਚਲ ਚਿਤੁ ਕਰਿ ਵਿਚਿ ਰੂਪ ਨ ਰੇਖੈ।
ਸਾਧ ਸੰਗਤਿ ਸਚਖੰਡਿ ਜਾਇ ਹੋਇ ਅਲਖ ਅਲੇਖੈ ॥ ੧੦ ॥

ਪਉੜੀ ੧੧

{ਸਾਖੀ ਅਵਸਥਾ}

ਅਖੀ ਅੰਦਰਿ ਦੇਖਦਾ ਦਰਸਨ ਵਿਚਿ ਦਿਸੈ।
ਸਬਦੈ ਵਿਚਿ ਵਖਾਣੀਐ ਸੁਰਤੀ ਵਿਚਿ ਰਿਸੈ।

---

੧ ਵਿੰਨ੍ਹਕੇ। ੨ ਰਿਦੇ ਅੰਦਰ। ੩ ਸਰੂਪ। ੪ ਚਰਣਾਮ੍ਰਿਤ।

Digitized by Panjab Digital Library | www.panjabdigilib.org

ਚਰਣ ਕਵਲ ਵਿਚਿ ਵਾਸਨਾ ਮਨੁ ਭਵਰੁ ਸਲਿਸੈ[1] ।
ਸਾਧ ਸੰਗਤਿ ਸੰਜੋਗੁ ਮਿਲਿ ਵਿਜੋਗਿ ਨ ਕਿਸੈ ।
ਗੁਰਮਤਿ ਅੰਦਰਿ ਚਿਤੁ ਹੈ ਚਿਤੁ ਗੁਰਮਤਿ ਜਿਸੈ[2] ।
ਪਾਰਬ੍ਰਹਮ ਪੂਰਨ ਬ੍ਰਹਮੁ ਸਤਿਗੁਰ ਹੈ ਤਿਸੈ[3] ॥ ੧੧ ॥

## ਪਉੜੀ ੧੨

[ਈਸ਼੍ਵਰੀਯ ਗੁਣ]

ਅਖੀ ਅੰਦਰਿ ਦ੍ਰਿਸਟਿ ਹੋਇ ਨਕਿ ਸਾਹੁ ਸੰਜੋਈ[4] ।
ਕੰਨਾਂ ਅੰਦਰਿ ਸੁਰਤਿ ਹੋਇ ਜੀਭ ਸਾਦੁ ਸਮੋਈ ।
ਹਥੀ ਕਿਰਤਿ ਕਮਾਵਣੀ ਪੈਰ ਪੰਥੁ ਸਥੋਈ[5] ।
ਗੁਰਮੁਖਿ ਸੁਖ ਫਲੁ ਪਾਇਆ ਮਤਿ ਸਬਦਿ ਵਿਲੋਈ[6] ।
ਪਰਕਿਰਤੀ[7] ਹੂੰ ਬਾਹਰਾ ਗੁਰਮੁਖਿ ਵਿਰਲੋਈ ।
ਸਾਧ ਸੰਗਤਿ ਚੰਨਣ ਬਿਰਖੁ ਮਿਲਿ ਚੰਨਣ ਹੋਈ ॥ ੧੨ ॥

## ਪਉੜੀ ੧੩

[ਵਾਹਿਗੁਰੂ ਮੰਤ੍ਰ]

ਅਬਿਗਤ[8] ਗਤਿ ਅਬਿਗਤ ਦੀ ਕਿਉ ਅਲਖ ਲਖਾਏ ।
ਅਕਥ ਕਥਾ ਹੈ ਅਕਥ ਦੀ ਕਿਉ ਆਖਿ ਸੁਣਾਏ ।
ਅਚਰਜ ਨੋ ਆਚਰਜ ਹੈ ਹੈਰਾਣ ਕਰਾਏ ।
ਵਿਸਮਾਦੇ ਵਿਸਮਾਦੁ ਹੈ ਵਿਸਮਾਦੁ[9] ਸਮਾਏ ।
ਵੇਦੁ ਨ ਜਾਣੈ ਭੇਦੁ ਕਿਹੁ ਸੇਸਨਾਗੁ ਨ ਪਾਏ ।
ਵਾਹਿਗੁਰੂ ਸਾਲਾਹਣਾ ਗੁਰੁ ਸਬਦ ਅਲਾਏ[10] ॥ ੧੩ ॥

---

੧ ਮਾਣਦਾ ਹੈ । ੨ ਜਿਹਾ, ਜੈਸਾ । ੩ ਉਸ ਦੇ । ੪ ਪਾਈ । ੫ ਸਾਥੀ । ੬ ਰਿੜਕਕੇ । ੭ ਮਾਇਆ । ੮ ਜਿਸ ਦੀ ਗਤੀ ਨਾ ਲਖੀ ਜਾਵੇ । ੯ ਅਸਚਰਜ । ੧੦ ਅਭਿਆਸ ਕਰੇ ।

Digitized by Panjab Digital Library | www.panjabdigilib.org

## ਪਉੜੀ ੧੪

[ਗੁਰਮੁਖ ਦੇ ਗੁਣ]

ਲੀਹਾ ਅੰਦਰਿ ਚਲੀਐ ਜਿਉ ਗਾਡੀ ਰਾਹੁ।
ਹੁਕਮਿ ਰਜਾਈ ਚਲਣਾ ਸਾਧ ਸੰਗੁ ਨਿਬਾਹੁ।
ਜਿਉ ਧਨ ਸੋਘਾ[1] ਰਖਦਾ ਘਰਿ ਅੰਦਰਿ ਸਾਹੁ।
ਜਿਉ ਮਿਰਜਾਦ ਨ ਛਡਈ ਸਾਇਰੁ[2] ਅਸਗਾਹੁ[3]।
ਲਤਾ ਹੇਠਿ ਲਤਾੜੀਐ ਅਜਰਾਵਰ[4] ਘਾਹੁ।
ਧਰਮਸਾਲ ਹੈ ਮਾਨਸਰ ਹੰਸ ਗੁਰ ਸਿਖ ਵਾਹੁ।
ਰਤਨ ਪਦਾਰਥ ਗੁਰ ਸਬਦੁ ਕਰਿ ਕੀਰਤਨੁ ਖਾਹੁ ॥੧੪॥

## ਪਉੜੀ ੧੫

[ਚੰਨਣਾਦਿ ਦ੍ਰਿਸ਼ਟਾਂਤ]

ਚੰਨਣੁ ਜਿਉ ਵਣਖੰਡ[5] ਵਿਚਿ ਓਹੁ ਆਪੁ ਲੁਕਾਏ।
ਪਾਰਸੁ ਅੰਦਰਿ ਪਰਬਤਾ ਹੋਇ ਗੁਪਤ ਵਲਾਏ[6]।
ਸਤ ਸਮੁੰਦੀ ਮਾਨਸਰੁ ਨਹਿ ਅਲਖੁ ਲਖਾਏ।
ਜਿਉ ਪਰਛਿੰਨਾ[7] ਪਾਰਜਾਤੁ[8] ਨਹਿ ਪਰਗਟੀ ਆਏ।
ਜਿਉ ਜਗਿ ਅੰਦਰਿ ਕਾਮਧੇਨੁ ਨਹਿ ਆਪ ਜਣਾਏ।
ਸਤਿਗੁਰ ਦਾ ਉਪਦੇਸੁ ਲੈ ਕਿਉ ਆਪੁ ਗਣਾਏ ॥ ੧੫ ॥

## ਪਉੜੀ ੧੬

[ਗੁਰ ਚੇਲਾ, ਚੇਲਾ ਗੁਰੂ]

ਦੁਇ ਦੁਇ ਅਖੀ ਆਖੀਅਨਿ ਇਕ ਦਰਸਨੁ ਦਿਸੈ।
ਦੁਇ ਦੁਇ ਕੰਨ ਵਖਾਣੀਅਨਿ ਇਕ ਸੁਰਤਿ ਸਲਿਸੈ[9]।
ਦੁਇ ਦੁਇ ਨਦੀ ਕਿਨਾਰਿਆਂ ਪਾਰਾਵਾਰੁ ਨ ਤਿਸੈ।

---

੧ ਸੋਘਾ ਹੋ ਕੇ, ਹੁਸ਼ਿਆਰੀ ਨਾਲ। ੨ ਸਮੁੰਦਰ। ੩ ਅਤੀ ਡੂੰਘਾ। ੪ ਜਰਨ ਵਾਲਾ। ੫ ਵਣ ਦੇ ਕਿਸੇ ਹਿਸੇ ਵਿਚ। ੬ (ਸਮਾਂ) ਬਤੀਤ ਕਰਦਾ ਹੈ। ੭ ਲੁਕਿਆ। ੮ ਕਲਪ ਬ੍ਰਿਛ। ੯ ਲੈਂਦੇ ਹਨ।



Digitized by Panjab Digital Library | www.panjabdigilib.org

ਇਕ ਜੋਤਿ ਦੁਇ ਮੂਰਤੀ ਇਕ ਸਬਦ ਸਰਿਸੈ[1] ।
ਗੁਰ ਚੇਲਾ ਚੇਲਾ ਗੁਰੂ ਸਮਝਾਏ ਕਿਸੈ ॥ ੧੬ ॥

## ਪਉੜੀ ੧੭

[ਗੁਰੂ ਚੇਲੇ ਦਾ ਕੰਮ]

ਪਹਿਲੇ ਗੁਰ ਉਪਦੇਸ ਦੇ ਸਿਖ ਪੈਰੀ ਪਾਏ ।
ਸਾਧ ਸੰਗਤਿ ਕਰਿ ਧਰਮਸਾਲ ਸਿਖ ਸੇਵਾ ਲਾਏ ।
[2]ਭਾਇ ਭਗਤਿ ਭੈ ਸੇਵਦੇ ਗੁਰਪੁਰਬ ਕਰਾਏ ।
ਸਬਦ ਸੁਰਤਿ ਲਿਵ ਕੀਰਤਨੁ ਸਚਿ ਮੇਲਿ ਮਲਾਏ ।
ਗੁਰਮੁਖਿ ਮਾਰਗੁ[3] ਸਚ ਦਾ ਸਚੁ ਪਾਰ ਲੰਘਾਏ ।
ਸਚਿ ਮਿਲੈ ਸਚਿਆਰ ਨੋ ਮਿਲਿ ਆਪੁ ਗਵਾਏ ॥ ੧੭ ॥

## ਪਉੜੀ ੧੮

(ਚਰਨਾਂ ਤੋਂ ਨਿੰਮ੍ਰਤਾ ਦਾ ਉਪਦੇਸ਼)

ਸਿਰ ਉਚਾ ਨੀਵੇ ਚਰਣ ਸਿਰਿ ਪੈਰੀ ਪਾਂਦੇ ।
ਮੁਹੁ ਅਖੀ ਨਕ ਕੰਨ ਹਥ ਦੇਹ ਭਾਰ ਉਚਾਂਦੇ[4] ।
ਸਭ ਚਿਹਨ ਛਡਿ ਪੂਜੀਅਨਿ ਕਉਣੁ ਕਰਮ ਕਮਾਂਦੇ ।
ਗੁਰ ਸਰਣੀ ਸਾਧ ਸੰਗਤੀ ਨਿਤ ਚਲਿ ਚਲਿ ਜਾਂਦੇ ।
ਵਤਨਿ[5] ਪਰਉਪਕਾਰ ਨੋ ਕਰਿ ਪਾਰਿ ਵਸਾਂਦੇ ।
ਮੇਰੀ ਖਲਹੁੰ ਮੋਜੜੇ[6] ਗੁਰ ਸਿਖ ਹੰਢਾਂਦੇ ।
ਮਸਤਕ ਲਗੇ ਸਾਧ ਰੇਣੁ[7] ਵਡਭਾਗ ਜਿਨ੍ਹਾ ਦੇ ॥ ੧੮ ॥

---

੧ ਸਮਾਨ । ੨ ਪ੍ਰੇਮਾ ਭਗਤੀ । ੩ ਰਸਤਾ । ੪ ਚੁਕਦੇ ਹਨ । ੫ ਤੁਰਦੇ ਹਨ । ੬ ਜੁਤੀਆਂ । ੭ ਧੂੜੀ ।

Digitized by Panjab Digital Library | www.panjabdigilib.org

## ਪਉੜੀ ੧੯

(ਧਰਤੀ ਤੋਂ ਉਪਦੇਸ਼)

ਜਿਉ ਧਰਤੀ ਧੀਰਜ ਧਰਮਸਾਲ ਮਸਕੀਨੀ ਮੂੜੀ[1] ।
ਸਭਦੂੰ ਨੀਵੀਂ ਹੋਇ ਰਹੀ ਤਿਸ ਮਣੀ[2] ਨ ਕੂੜੀ ।
ਕੋਈ ਹਰਿ ਮੰਦਰੁ ਕਰੈ ਕੋ ਕਰੈ ਅਰੂੜੀ ।
ਜੇਹਾ ਬੀਜੈ ਸੋ ਲੁਣੈ ਫਲ ਅੰਬ ਲਸੂੜੀ ।
ਜੀਵਦਿਆਂ ਮਰਿ ਜੀਵਣਾ ਜੁੜਿ ਗੁਰਮੁਖਿ ਜੂੜੀ ।
ਲਤਾਂ ਹੇਠਿ ਲਤਾੜੀਐ ਗਤਿ ਸਾਧਾਂ ਧੂੜੀ ॥ ੧੯ ॥

## ਪਉੜੀ ੨੦

(ਜਲ ਤੋਂ ਉਪਦੇਸ਼)

ਜਿਉ ਪਾਣੀ ਨਿਵਿ ਚਲਦਾ ਨੀਵਾਣਿ ਚਲਾਇਆ ।
ਸਭਨਾ ਰੰਗਾਂ ਨੋ ਮਿਲੈ ਰਲਿ ਜਾਇ ਰਲਾਇਆ ।
ਪਰਉਪਕਾਰ ਕਮਾਵਦਾ ਉਨ ਆਪ ਗਵਾਇਆ ।
ਕਾਠੁ[3] ਨ ਡੋਬੈ ਪਾਲਿਕੈ ਸੰਗਿ ਲੋਹੁ ਤਰਾਇਆ ।
ਵੁਠੇ[4] ਮੀਹ ਸੁਕਾਲੁ ਹੋਇ ਰਸ ਕਸ ਉਪਜਾਇਆ ।
ਜੀਵਦਿਆ ਮਰਿ ਸਾਧ ਹੋਇ ਸੁਫਲਿਓ ਜਗਿ ਆਇਆ ॥੨੦॥

## ਪਉੜੀ ੨੧

(ਬ੍ਰਿਛ ਤੋਂ ਉਪਦੇਸ਼)

ਸਿਰ ਤਲਵਾਇਆ[5] ਜੰਮਿਆ ਹੋਇ ਅਚਲੁ[6] ਨ ਚਲਿਆ ।
ਪਾਣੀ ਪਾਲਾ ਧੁਪ ਸਹਿ ਉਹ ਤਪਹੁ ਨ ਟਲਿਆ ।
ਸਫਲਿਓ ਬਿਰਖ ਸੁਹਾਵੜਾ ਫਲ ਸੁਫਲੁ ਸੁਫਲਿਆ ।
ਫਲੁ ਦੇਇ ਵੱਟ ਵਗਾਇਐ ਕਰਵਤਿ[7] ਨ ਹਲਿਆ ।

---

੧ ਪੂੰਜੀ । ੨ ਮਨੌਤ । ੩ ਲੱਕੜੀ । ੩ ਦਮਣ ਨਾਲ । ੪ ਸਿਰ ਹੇਠਾਂ ਤੇ ਪੈਰ ਉਤਾਂਹ । ੬ ਚਲਣ ਤੋਂ ਰਹਿਤ । ੭ ਆਰਾ ।

Digitized by Panjab Digital Library | www.panjabdigilib.org

ਬੁਰੇ ਕਰਨਿ ਬੁਰਿਆਈਆ ਭਲਿਆਈ ਭਲਿਆ।
ਅਵਗੁਣ ਕੀਤੇ ਗੁਣ ਕਰਨਿ ਜਗਿ ਸਾਧ ਵਿਰਲਿਆ।
ਅਉਸਰਿ[੧] ਆਪ ਛਲਾਇੰਦਾ ਤਿਨਾ ਅਉਸਰੁ ਛਲਿਆ ॥ ੨੧ ॥

## ਪਉੜੀ ੨੨

(ਮੁਰੀਦ ਲੱਛਣ)

ਮੁਰਦਾ ਹੋਇ ਮੁਰੀਦੁ ਸੋ ਗੁਰ ਗੋਰਿ[੨] ਸਮਾਵੈ।
ਸਬਦ ਸੁਰਤਿ ਲਿਵਲੀਣੁ ਹੋਇ ਓਹੁ ਆਪੁ ਗਵਾਵੈ।
ਤਨ ਧਰਤੀ ਕਰਿ ਧਰਮਸਾਲ ਮਨੁ ਦਭੁ[੩] ਵਿਛਾਵੈ।
ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ।
ਭਾਇ ਭਗਤਿ ਨੀਵਾਣੁ ਹੋਇ ਗੁਰਮਤਿ ਠਹਰਾਵੈ।
ਵਰਸੈ ਨਿਝਰ[੪] ਧਾਰ ਹੋਇ ਸੰਗਤਿ ਚਲਿ ਆਵੈ ॥੨੨॥੯॥

* *
——
* *

---

੧ ਸਮਾਂ। ੨ ਕਬਰ। ੩ ਦੱਭ ਦੀ ਸਫ (ਫੂੜੀ)। ੪ ਇਕ ਰਸ।

Digitized by Panjab Digital Library | www.panjabdigilib.org

# ਵਾਰ ੧੦

ੴ ਸਤਿਗੁਰਪ੍ਰਸਾਦਿ ॥

## ਪਉੜੀ ੧

[ਭਗਤਾਂ ਦੀ ਕਥਾ]

(ਧ੍ਰੂ ਭਗਤ)

ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ।
ਬਾਹਹੁ ਪਕੜਿ ਉਠਾਲਿਆ ਮਨ ਵਿਚਿ ਰੋਸੁ[1] ਮਤੇਈ ਕੀਤਾ।
ਡੁਡਹੁਲਿਕਾ[2] ਮਾਂ ਪੁਛੈ ਤੂੰ ਸਾਵਾਣੀ ਹੈ ਕਿ ਸੁਰੀਤਾ[3]?
ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜ੍ਹੀਤਾ।
ਕਿਸੁ ਉਦਮ ਤੇ ਰਾਜੁ ਮਿਲੈ ਸਤ੍ਰੂ ਤੇ ਸਭ ਹੋਵਨਿ ਮੀਤਾ?
ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।
ਬਾਹਰਿ ਚਲਿਆ ਕਰਣਿ ਤਪੁ ਮਨ ਬੈਰਾਗੀ ਹੋਇ ਅਤੀਤਾ।
ਨਾਰਦ ਮੁਨਿ ਉਪਦੇਸਿਆ ਨਾਮ ਨਿਧਾਨੁ[4] ਅਮਿਓ[5] ਰਸੁ ਪੀਤਾ।
ਪਿਛਹੁ ਰਾਜੇ ਸਦਿਆ ਅਬਿਚਲ[6] ਰਾਜ ਕਰਹੁ ਨਿਤ ਨੀਤਾ।
ਹਾਰਿ ਚਲੇ ਗੁਰਮੁਖਿ ਜਗ ਜੀਤਾ ॥ ੧ ॥

## ਪਉੜੀ ੨

[ਪ੍ਰਹਲਾਦ ਭਗਤ]

ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।
ਪੜ੍ਹਨ ਪਠਾਇਆ ਚਾਟਸਾਲ[7] ਪਾਂਧੇ ਚਿਤਿ ਹੋਆ ਅਹਿਲਾਦ[8]।
ਸਿਮਰੈ ਮਨ ਵਿਚਿ ਰਾਮ ਨਾਮ ਗਾਵੈ ਸਬਦੁ ਅਨਾਹਦ ਨਾਦ।

---

੧ ਗੁੱਸਾ। ੨ ਹਉਕੇ ਲੈਂਦਾ ਹੋਇਆ। ੩ ਟਹਿਲਣ। ੪ ਖਜ਼ਾਨਾ। ੫ ਅੰਮ੍ਰਿਤ। ੬ ਅਟੱਲ ਰਾਜ। ੭ ਪਾਠਸ਼ਾਲਾ। ੮ ਅਨੰਦ।

Digitized by Panjab Digital Library | www.panjabdigilib.org

ਭਗਤਿ ਕਰਨਿ ਸਭ ਚਾਟੜੇ ਪਾਂਧੇ ਹੋਇ ਰਹੇ ਵਿਸਮਾਦੁ।
ਰਾਜੇ ਪਾਸਿ ਰੂਆਇਆ[1] ਦੋਖੀ ਦੈਤਿ ਵਧਾਇਆ ਵਾਦੁ।
ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।
ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ।
ਥੰਮ੍ਹ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ।
ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ।
ਜੈ ਜੈ ਕਾਰ ਕਰਨਿ ਬ੍ਰਹਮਾਦਿ ॥ ੨ ॥

## ਪਉੜੀ ੩

[ਰਾਜਾ ਬਲਿ]

ਬਲਿ ਰਾਜਾ ਘਰਿ ਆਪਣੈ ਅੰਦਰਿ ਬੈਠਾ ਜਗੁ ਕਰਾਵੈ।
[2]ਬਾਵਨ ਰੂਪੀ ਆਇਆ ਚਾਰਿ ਵੇਦ ਮੁਖਿ ਪਾਠ ਸੁਣਾਵੈ।
ਰਾਜੇ ਅੰਦਰਿ ਸਦਿਆ ਮੰਗ ਸੁਆਮੀ ਜੋ ਤੁਧੁ ਭਾਵੈ।
ਅਛਲੁ ਛਲਣਿ ਤੁਧੁ ਆਇਆ ਸੁਕ੍ਰ ਪਰੋਹਿਤੁ ਕਹਿ ਸਮਝਾਵੈ।
ਕਰਉ ਅਢਾਈ ਧਰਤਿ ਮੰਗਿ ਪਿਛਹੁ ਦੇ ਤ੍ਰਿਹੁ ਲੋਅ ਨ ਮਾਵੈ।
ਦੁਇ ਕਰਵਾਂ[6] ਕਰਿ ਤਿੰਨ ਲੋਅ ਬਲਿ ਰਾਜਾ ਲੈ ਮਗਰੁ[7] ਮਿਣਾਵੈ।
ਬਲਿ ਛਲਿ ਆਪੁ ਛਲਾਇਅਨੁ ਹੋਇ ਦਇਆਲੁ ਮਿਲੈ ਗਲਿ ਲਾਵੈ।
ਦਿਤਾ ਰਾਜੁ ਪਤਾਲ ਦਾ ਹੋਇ ਅਧੀਨੁ ਭਗਤਿ ਜਸੁ ਗਾਵੈ।
ਹੋਇ ਦਰਵਾਨ ਮਹਾਂ ਸੁਖੁ ਪਾਵੈ ॥ ੩ ॥

## ਪਉੜੀ ੪

[ਅੰਬਰੀਕ ਭਗਤ]

ਅੰਬਰੀਕ ਮੁਹਿ ਵਰਤੁ ਹੈ ਰਾਤਿ ਪਈ ਦੁਰਬਾਸਾ ਆਇਆ।

---

੧ ਪੁਕਾਰ ਕੀਤੀ। ੨ ਪ੨ ਉਂਗਲਾਂ ਦੇ ਕੱਦ ਵਾਲਾ ਰੂਪ ਧਾਰ ਕੇ। ੩ ਜੋ ਛਲਿਆ ਨਾ ਜਾਵੇ। ੪ ਅਢਾਈ ਕਰਮ ਧਰਤੀ ਦੀ ਮੰਗ ਕੀਤੀ। ੫ ਤਿੰਨਾਂ ਲੋਕਾਂ ਵਿਚ ਭੀ ਨਾ ਸਮਾ ਸਕਿਆ। ੬ ਕਰੋਂ = ਉਲਾਂਘਾਂ, ਕਦਮ। ੭ ਪਿਠ, ਸਰੀਰ।

Digitized by Panjab Digital Library | www.panjabdigilib.org

ਭੀੜਾ[੧] ਓਸੁ ਉਪਾਰਣਾ ਓਹੁ[੨] ਉਠਿ ਨ੍ਹਾਵਣਿ ਨਦੀ ਸਿਧਾਇਆ ।
[੩]ਚਰਣੋਦਕੁ ਲੈ ਪੋਖਿਆ ਓਹੁ ਸਰਾਪੁ ਦੇਵਣ ਨੋ ਧਾਇਆ ।
ਚਕ੍ਰ ਸੁਦਰਸਨੁ ਕਾਲ ਰੂਪ ਹੋਇ ਭੀਹਾਵਲੁ[੪] ਗਰਬੁ ਗਵਾਇਆ ।
ਬਾਮ੍ਹਣੁ ਭੰਨਾ ਜੀਉ ਲੈ [੫]ਰਖਿ ਨ ਹੰਘਨਿ ਦੇਵ ਸਬਾਇਆ ।
ਇੰਦ੍ਰ ਲੋਕੁ ਸਿਵਲੋਕੁ ਤਜਿ ਬ੍ਰਹਮਲੋਕੁ ਬੈਕੁੰਠ ਤਜਾਇਆ ।
ਦੇਵਤਿਆਂ ਭਗਵਾਨੁ ਸਣੁ ਸਿਖਿ ਦੇਇ ਸਭਨਾਂ ਸਮਝਾਇਆ ।
ਆਇ ਪਇਆ ਸਰਣਾਗਤੀ ਮਾਰੀਦਾ ਅੰਬਰੀਕ ਛੁਡਾਇਆ ।
ਭਗਤਿ ਵਛਲੁ ਜਗਿ ਬਿਰਦ ਸਦਾਇਆ ॥ ੪ ॥

## ਪਉੜੀ ੫

[ਰਾਜਾ ਜਨਕ]

ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ ।
ਦੇਵ ਲੋਕ ਨੋ ਚਲਿਆ ਗਣ ਗੰਧਰਬੁ ਸਭਾ ਸੁਖਵਾਸੀ ।
ਜਮਪੁਰਿਗਇਆਪੁਕਾਰਸੁਣਿਵਿਲਲਾਵਨਿ[੬]ਜੀਅਨਰਕਨਿਵਾਸੀ
ਧਰਮਰਾਇ ਨੋ ਆਖਿਓਨੁ ਸਭਨਾ ਦੀ ਕਰਿ ਬੰਦ ਖਲਾਸੀ ।
ਕਰੇ ਬੇਨਤੀ ਧਰਮਰਾਇ ਹਉ ਸੇਵਕ ਠਾਕੁਰੁ ਅਬਿਨਾਸੀ ।
ਗਹਿਣੇ ਧਰਿਅਨੁ ਏਕ ਨਾਉ ਪਾਪਾ ਨਾਲਿ ਕਰੈ ਨਿਰਜਾਸੀ[੭] ।
ਪਾਸੰਗਿ[੮] ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ ।
ਨਰਕਹੁ ਛੁਟੇ ਜੀਅਜੰਤ ਕਟੀ ਗਲਹੁ ਸਿਲਕ ਜਮ ਫਾਸੀ ।
ਮੁਕਤਿ ਜੁਗਤਿ ਨਾਵੈ ਦੀ ਦਾਸੀ ॥ ੫ ॥

---

੧ ਵਰਤ । ੨ ਦੁਰਬਾਸ਼ਾ ਰਿਖੀ । ੩ ਚਰਨਾਮ੍ਰਿਤ ਲੈਕੇ ਵਰਤ ਖੋਲ੍ਹਿਆ । ੪ ਭਿਆਨਕ ।
੫ ਰੱਖ ਨਾ ਸਕਣ । ੬ ਵਿਰਲਾਪ ਕਰਦੇ ਹਨ । ੭ ਤੋਲਦੇ । ੮ ਪਾਸਕੂ । ੯ ਛਾਹੀ ।

Digitized by Panjab Digital Library | www.panjabdigilib.org

## ਪਉੜੀ ੬

[ਹਰੀ ਚੰਦ ਤੇ ਤਾਰਾ ਰਾਣੀ]

ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ[੧]।
ਸਾਧ ਸੰਗਤਿ ਮਿਲਿ ਗਾਵਦੇ ਰਾਤੀ ਜਾਇ ਸੁਣੈ ਗੁਰਬਾਣੀ।
ਪਿਛੈ ਰਾਜਾ ਜਾਗਿਆ ਅਧੀ ਰਾਤਿ ਨਿਖੰਡਿ[੨] ਵਿਹਾਣੀ।
ਰਾਣੀ ਦਿਸਿ ਨ ਆਵਈ ਮਨ ਵਿਚਿ ਵਰਤ ਗਈ ਹੈਰਾਣੀ।
ਹੋਰਤੁ ਰਾਤੀ ਉਠਿਕੈ ਚਲਿਆ ਪਿਛੈ ਤਰਲ[੩] ਜੁਆਣੀ।
ਰਾਣੀ ਪਹੁਤੀ ਸੰਗਤੀ ਰਾਜੇ ਖੜੀ ਖੜਾਉ ਨੀਸਾਣੀ।
ਸਾਧ ਸੰਗਤਿ ਆਰਾਧਿਆ ਜੋੜੀ ਜੁੜੀ ਖੜਾਉ ਪੁਰਾਣੀ।
ਰਾਜੇ ਡਿਠਾ ਚਲਿਤੁ ਇਹੁ ਏਹ ਖੜਾਵ ਹੈ ਚੋਜ ਵਿਡਾਣੀ[੪]।
ਸਾਧ ਸੰਗਤਿ ਵਿਟਹੁ ਕੁਰਬਾਣੀ ॥ ੬ ॥

## ਪਉੜੀ ੭

[ਬਿਦਰ ਅਰ ਦੁਰਜੋਧਨ]

ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।
ਘਰਿ ਅਸਾਡੇ ਛਡਿਕੈ ਗੋਲੇ ਦੇ ਘਰਿ ਜਾਹਿ [੫]ਕਿ ਸੁਖਾ।
ਭੀਖਮੁ ਦੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ।
ਝੁੰਗੀ ਜਾਇ ਵਲਾਇਓਨੁ[੬] ਸਭਨਾ ਦੇ ਜੀਅ ਅੰਦਰਿ ਧੁਖਾ[੭]।
ਹਸਿ ਬੋਲੇ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ।
ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ[੮] ਚੁਖਾ।
ਭਾਉ ਜਿਵੇਹਾ[੯] ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ[੧੦]।
ਗੋਬਿੰਦ ਭਾਉ ਭਗਤਿ ਦਾ ਭੁਖਾ ॥ ੭ ॥

---

੧ ਸੁੰਦਰ ਨੇਤਰ। ੨ ਬਰਾਬਰ। ੩ ਚੰਚਲ। ੪ ਅਸਚਰਜ। ੫ ਕੀ ਸੁਖ ਲਿਆ। ੬ ਗੁਜ਼ਰ ਕੀਤੀ। ੭ ਚਿੰਤਾ। ੮ ਦੁੱਖ, ਤਕਲੀਫ। ੯ ਜਿਸ ਤਰ੍ਹਾਂ ਦਾ। ੧੦ ਰੰਚਕ।

Digitized by Panjab Digital Library | www.panjabdigilib.org

## ਪਉੜੀ ੮

(ਦ੍ਰੋਪਦੀ)

ਅੰਦਰਿ ਸਭਾ ਦੁਸਾਸਣੈ [੧]ਮਥੇਵਾਲ ਦ੍ਰੋਪਤੀ ਆਂਦੀ।
ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ[੨] ਬਾਂਦੀ।
ਪੰਜੇ ਪਾਂਡੋ ਵੇਖਦੇ ਅਉਘਟਿ[੩] ਰੁਧੀ[੪] ਨਾਰਿ ਜਿਨਾ ਦੀ।
ਅਖੀਮੀਟਿ ਧਿਆਨੁਧਰਿ ਹਾਹਾਕ੍ਰਿਸਨਕਰੈ ਬਿਲਲਾਂਦੀ।
ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।
[੫]ਹਥਮਰੋੜਨਿਸਿਰੁ ਧੁਣਨਿਪਛੋਤਾਨਿਕਰਨਿਜਾਹਿਜਾਂਦੀ।
ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ।
ਨਾਥ ਅਨਾਥਾਂ ਬਾਣਿ ਧੁਰਾਂਦੀ ॥ ੮ ॥

## ਪਉੜੀ ੯

(ਸੁਦਾਮਾ ਭਗਤ)

ਬਿਪ[੬] ਸੁਦਾਮਾ ਦਾਲਿਦੀ[੭] [੮]ਬਾਲ ਸਖਾਈ ਮਿਤ੍ਰ ਸਦਾਏ।
ਲਾਗੂ[੯] ਹੋਈ ਬਾਮ੍ਹਣੀ ਮਿਲਿ ਜਗਦੀਸ ਦਲਿਦ੍ਰ ਗਵਾਏ।
ਚਲਿਆਗਣਦਾਗਟੀਆਂ[੧੦] ਕਿਉਕਰਿਜਾਈਐਕਉਣੁਮਿਲਾਏ।
ਪਹੁਤਾ ਨਗਰਿ ਦੁਆਰਕਾ ਸਿੰਘ ਦੁਆਰਿ ਖਲੋਤਾ ਜਾਏ।
ਦੂਰਹੁੰ ਦੇਖਿ ਡੰਡਉਤ ਕਰਿ ਛਡਿ ਸਿੰਘਾਸਣੁ ਹਰਿ ਜੀ ਆਏ।
ਚਰਣੋਦਕੁ ਲੈ ਪੈਰ ਧੋਇ ਸਿੰਘਾਸਣੁ ਉਤੇ ਬੈਠਾਏ।
ਪੁਛੇ ਕੁਸਲੁ[੧੨] ਪਿਆਰੁ ਕਰਿ ਗੁਰ ਸੇਵਾ ਦੀ ਕਥਾ ਸੁਣਾਏ।
ਲੈਕੇ ਤੰਦੁਲ[੧੩] ਚਬਿਓਨੁ ਵਿਦਾ ਕਰੇ ਅਗੈ ਪਹੁਚਾਏ।
ਚਾਰਿ ਪਦਾਰਥ ਸਕੁਚਿ ਪਠਾਏ ॥ ੯ ॥

---

੧ ਸਿਰ ਦੇ ਕੇਸਾਂ ਤੋਂ ਪਕੜਕੇ। ੨ ਪੰਚਾਲ ਦੇਸ਼ ਦੇ ਰਾਜਾ ਦੀ ਪੁਤ੍ਰੀ। ੩ ਔਖੀ ਘੜੀ। ੪ ਫਸੀ। ੫ ਅਫਸੋਸ ਨਾਲ ਸਿਰ ਧੁਣਦੇ ਹਨ। ੬ ਬ੍ਰਾਹਮਣ। ੭ ਦਲਿੱਦਰੀ। ੮ ਬਚਪਨ ਦਾ ਮਿਤਰ। ੯ ਮਗਰ ਪਈ। ੧੦ ਗਿਣਤੀਆਂ (ਭਾਵ ਵਿਚਾਰਾਂ ਕਰਦਾ)। ੧੧ ਰਾਜ ਦੁਆਰ। ੧੨ ਸੁਖ ਸਾਂਦ। ੧੩ ਚਾਵਲ।

Digitized by Panjab Digital Library | www.panjabdigilib.org

## ਪਉੜੀ ੧੦

{ਜੈਦੇਉ ਭਗਤ}

ਪ੍ਰੇਮ ਭਗਤਿ ਜੈਦੇਉ ਕਰਿ [੧] ਗੀਤ ਗੋਵਿੰਦ ਸਹਜ ਧੁਨਿ ਗਾਵੈ।
ਲੀਲਾ ਚਲਿਤ ਵਖਾਣਦਾ ਅੰਤਰਜਾਮੀ ਠਾਕੁਰ ਭਾਵੈ।
ਅਖਰ ਇਕੁ ਨ ਆਵੜੈ ਪੁਸਤਕੁ ਬੰਨ੍ਹਿ ਸੰਧਿਆ ਕਰਿ ਆਵੈ।
ਗੁਣ ਨਿਧਾਨ ਘਰਿ ਆਇਕੈ ਭਗਤ ਰੂਪਿ ਲਿਖਿ ਲੇਖੁ ਬਣਾਵੈ।
ਅਖਰ ਪੜ੍ਹਿ ਪਰਤੀਤਿ [੨] ਕਰਿ ਹੋਇ ਵਿਸਮਾਦੁ ਨ ਅੰਗਿ ਸਮਾਵੈ।
ਵੇਖੈ ਜਾਇ ਉਜਾੜਿ ਵਿਚਿ ਬਿਰਖੁ ਇਕੁ ਆਚਰਜ ਸੁਹਾਵੈ।
ਗੀਤ ਗੋਬਿੰਦ ਸਪੂਰਣੋ ਪਤਿ ਪਤਿ ਲਿਖਿਆ ਅੰਤੁ ਨ ਪਾਵੈ।
ਭਗਤਿ ਹੇਤਿ ਪਰਗਾਸੁ ਕਰਿ ਹੋਇ ਦਇਆਲੁ ਮਿਲੈ ਗਲਿ ਲਾਵੈ।
ਸੰਤ ਅਨੰਤ [੩] ਨ ਭੇਦ ਗਣਾਵੈ ॥੧੦॥

## ਪਉੜੀ ੧੧

{ਨਾਮਦੇਵ}

ਕੰਮ ਕਿਤੇ ਪਿਉ ਚਲਿਆ ਨਾਮਦੇਉ ਨੋ ਆਖਿ ਸਿਧਾਇਆ।
ਠਾਕੁਰ ਦੀ ਸੇਵਾ ਕਰੀ ਦੁਧੁ ਪੀਆਵਣੁ ਕਹਿ ਸਮਝਾਇਆ।
ਨਾਮਦੇਉ ਇਸਨਾਨੁ ਕਰਿ [੪] ਕਪਲ ਗਾਇ ਦੁਹਿਕੈ ਲੈ ਆਇਆ।
ਠਾਕੁਰ ਨੋ ਨ੍ਹਾਵਾਲਿਕੈ ਚਰਣੋਦਕੁ ਲੈ ਤਿਲਕੁ ਚੜ੍ਹਾਇਆ।
ਹਥਿ ਜੋੜਿ ਬਿਨਤੀ ਕਰੈ ਦੁਧੁ ਪੀਅਹੁ ਜੀ ਗੋਬਿੰਦ ਰਾਇਆ।
ਨਿਹਚਉ [੫] ਕਰਿ ਆਰਾਧਿਆ ਹੋਇ ਦਇਆਲੁ ਦਰਸੁ ਦਿਖਲਾਇਆ।
ਭਰੀ ਕਟੋਰੀ ਨਾਮਦੇਵਿ ਲੈ ਠਾਕਰ ਨੋ ਦੂਧ ਪੀਆਇਆ।
ਗਾਇ ਮੁਈ ਜੀਵਾਲੀਓਨੁ ਨਾਮਦੇਵ ਦਾ ਛਪਰ ਛਾਇਆ।
ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰੀ ਪਾਇਆ।
ਭਗਤ ਜਨਾ ਦਾ ਕਰੇ ਕਰਾਇਆ ॥ ੧੧ ॥

---

੧ ਪਰਮੇਸਰ ਦੇ ਗੀਤ। ੨ ਨਿਸਚਾ। ੩ ਪਰਮੇਸ਼ਵਰ। ੪ ਜਿਸ ਗਊ ਦੇ ਥਣ ਕਾਲੇ ਹੋਣ। ੫ ਨਿਸਚਾ।

Digitized by Panjab Digital Library | www.panjabdigilib.org

## ਪਉੜੀ ੧੨

[ਨਾਮਦੇਵ ਅਰ ਤਰਲੋਚਨ]

ਦਰਸਨ ਵੇਖਣ ਨਾਮਦੇਵ ਭਲਕੇ ਉਠਿ ਤ੍ਰਿਲੋਚਨ ਆਵੈ।
ਭਗਤਿ ਕਰਨਿ ਮਿਲਿ ਦੁਇਜਣੇ ਨਾਮਦੇਉ [1]ਹਰਿ ਚਲਿਤੁ ਸੁਣਾਵੈ।
ਮੇਰੀ ਭੀ ਕਰਿ ਬੇਨਤੀ ਦਰਸਨੁ ਦੇਖਾਂ ਜੇ ਤਿਸੁ ਭਾਵੈ।
ਠਾਕੁਰ ਜੀ ਨੋ ਪੁਛਿਓਸੁ ਦਰਸਨੁ ਕਿਵੈ ਤ੍ਰਿਲੋਚਨੁ ਪਾਵੈ।
ਹਸਿਕੈ ਠਾਕੁਰ ਬੋਲਿਆ ਨਾਮਦੇਉ ਨੋ ਕਹਿ ਸਮਝਾਵੈ।
ਹਥਿ ਨ ਆਵੈ [2]ਭੇਟੁ ਸੋ ਤੁਸਿ[3] ਤ੍ਰਿਲੋਚਨ ਮੈ ਮੁਹਿ ਲਾਵੈ।
ਹਉ ਅਧੀਨੁ ਹਾਂ ਭਗਤ ਦੇ ਪਹੁੰਚਿ ਨ ਹੰਘਾ[4] ਭਗਤੀ ਦਾਵੈ।
ਹੋਇ ਵਿਚੋਲਾ ਆਣਿ ਮਿਲਾਵੈ ॥ ੧੨ ॥

## ਪਉੜੀ ੧੩

[ਧੰਨਾ ਅਤੇ ਬ੍ਰਾਹਮਣ]

ਬਾਮ੍ਹਣੁ ਪੂਜੈ ਦੇਵਤੇ ਧੰਨਾ ਗਊ ਚਰਾਵਣ ਆਵੈ।
ਧੰਨੈ ਡਿਠਾ ਚਲਿਤੁ ਏਹੁ ਪੁਛੈ ਬਾਮ੍ਹਣੁ ਆਖਿ ਸੁਣਾਵੈ।
ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।
ਧੰਨਾ ਕਰਦਾ ਜੋਦੜੀ[5] ਮੈ ਭਿ ਦੇਹ ਇਕ ਜੇ ਤੁਧ ਭਾਵੈ।
ਪਥਰੁ ਇਕ ਲਪੇਟਿ ਕਰਿ ਦੇ ਧੰਨੈ ਨੋ ਗੈਲ[6] ਛੁਡਾਵੈ।
ਠਾਕੁਰ ਨੋ ਨ੍ਹਾਵਾਲਿਕੈ ਛਾਹਿ[7] ਰੋਟੀ ਲੈ ਭੋਗੁ ਚੜ੍ਹਾਵੈ।
ਹਥਿ ਜੋੜਿ ਮਿਨਤਾਂ ਕਰੈ ਪੈਰੀ ਪੈ ਪੈ ਬਹੁਤੁ ਮਨਾਵੈ।
ਹਉ ਭੀ ਮੂਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।
ਗੋਸਾਈ ਪਰਤਖਿ ਹੋਇ, ਰੋਟੀ ਖਾਇ ਛਾਹਿ ਮੁਹਿ ਲਾਵੈ।
ਭੋਲਾ ਭਾਉ ਗੋਬਿੰਦੁ ਮਿਲਾਵੈ ॥ ੧੩ ॥

---

੧ ਹਰੀ ਦੇ ਚਰਿਤ੍ਰ। ੨ ਕੇਵਲ ਭੇਟ ਦੇਣ ਨਾਲ। ੩ ਤਰੁੱਠ ਕੇ। ੪ ਸਕਦਾ। ੫ ਮਿੰਨਤ। ੬ ਪਿੱਛਾ। ੭ ਲੱਸੀ। ੮ ਕੁਝ ਭੀ।

Digitized by Panjab Digital Library | www.panjabdigilib.org

## ਪਉੜੀ ੧੪

{ਬੇਣੀ ਭਗਤ}

ਗੁਰਮੁਖਿ ਬੇਣੀ ਭਗਤਿ ਕਰਿ ਜਾਇ ਇਕਾਂਤੁ ਬਹੈ ਲਿਵ ਲਾਵੈ।
ਕਰਮ ਕਰੈ ਅਧਿਆਤਮੀ[1] ਹੋਰਸੁ ਕਿਸੈ ਨ ਅਲਖੁ ਲਖਾਵੈ।
ਘਰਿ ਆਇਆ ਜਾ ਪੁਛੀਐ ਰਾਜੁ ਦੁਆਰਿ ਗਇਆ ਆਲਾਵੈ।
ਘਰਿ ਸਭ ਵਥੂ[2] ਮੰਗੀਅਨਿ ਵਲ ਛਲੁ ਕਰਿਕੈ ਝਟੁ ਲੰਘਾਵੈ।
ਵਡਾ ਸਾਂਗ ਵਰਤਦਾ ਓਹ ਇਕ ਮਨਿ ਪਰਮੇਸਰੁ ਧਿਆਵੈ।
ਪੈਜ ਸਵਾਰੈ ਭਗਤ ਦੀ ਰਾਜਾ ਹੁਇਕੈ ਘਰਿ ਚਲਿ ਆਵੈ।
ਦੇਇ ਦਿਲਾਸਾ ਤੁਸਿਕੈ[3] ਅਨਗਣਤੀ ਖਰਚੀ ਪਹੁੰਚਾਵੈ।
ਓਥਹੁੰ ਆਇਆ ਭਗਤ ਪਾਸਿ ਹੋਇ ਦਇਆਲੁ ਹੇਤੁ ਉਪਜਾਵੈ।
ਭਗਤ ਜਨਾ ਜੈਕਾਰੁ ਕਰਾਵੈ ॥ ੧੪ ॥

## ਪਉੜੀ ੧੫

[ਕਬੀਰ ਅਤੇ ਰਾਮਾਨੰਦ]

ਹੋਇ ਬਿਰਕਤੁ ਬਨਾਰਸੀ ਰਹਿੰਦਾ ਰਾਮਾਨੰਦੁ ਗੁਸਾਈਂ।
ਅੰਮ੍ਰਿਤੁ ਵੇਲੇ ਉਠਿਕੈ ਜਾਂਦਾ ਗੰਗਾ ਨ੍ਹਾਵਣ ਤਾਈਂ।
ਅਗੋ ਹੀ ਦੇ ਜਾਇਕੈ ਲੰਮਾ ਪਿਆ ਕਬੀਰ ਤਿਥਾਈਂ।
ਪੈਰੀ ਟੁੰਬਿ ਉਠਾਲਿਆ 'ਬੋਲਹੁ ਰਾਮ' ਸਿਖ ਸਮਝਾਈ।
ਜਿਉ ਲੋਹਾ ਪਾਰਸੁ ਛੁਹੇ ਚੰਦਨ ਵਾਸੁ ਨਿੰਮੁ ਮਹਿਕਾਈ।
ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ।
ਅਚਰਜ ਨੋ ਅਚਰਜੁ ਮਿਲੈ ਵਿਸਮਾਦੇ ਵਿਸਮਾਦੁ ਮਿਲਾਈ।
ਝਰਣਾ[4] ਝਰਦਾ ਨਿਝਰਹੁ[5] ਗੁਰਮੁਖਿ ਬਾਣੀ ਅਘੜ ਘੜਾਈ।
ਰਾਮ ਕਬੀਰੈ ਭੇਦੁ ਨ ਭਾਈ ॥ ੧੫ ॥

---

੧ ਆਤਮਾ ਦੀ ਵਿਚਾਰ ਸੰਬੰਧੀ। ੨ ਵਸਤਾਂ। ੩ ਖੁਸ਼ ਹੋ ਕੇ। ੪ ਅੰਮ੍ਰਿਤ ਦਾ। ੫ ਆਤਮਾ ਤੋਂ।

Digitized by Panjab Digital Library | www.panjabdigilib.org

## ਪਉੜੀ ੧੬

[ਸੈਨ ਨਾਈ]

ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖ ਹੋਆ ਸੈਣੁ ਨਾਈ।
ਪ੍ਰੇਮਿ ਭਗਤਿ ਰਾਤੀ ਕਰੈ ਭਲਕੈ ਰਾਜ ਦੁਆਰੈ ਜਾਈ।
ਆਏ ਸੰਤ ਪਰਾਹੁਣੇ ਕੀਰਤਨੁ ਹੋਆ [੧]ਰੈਣਿ ਸਬਾਈ।
ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।
ਸੈਣ ਰੂਪਿ ਹਰਿ ਜਾਇਕੈ ਆਇਆ ਰਾਣੈ ਨੋ ਰੀਝਾਈ।
ਸਾਧ ਜਨਾਂ ਨੋ ਵਿਦਾ ਕਰਿ ਰਾਜ ਦੁਆਰਿ ਗਇਆ ਸਰਮਾਈ।
ਰਾਣੈ ਦੂਰਹੁੰ ਸਦਿਕੈ ਗਲਹੁੰ ਕਵਾਇ[੨] ਖੋਲਿ ਪੈਨ੍ਹਾਈ।
ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜਾ ਸੁਣੈ ਲੁਕਾਈ।
ਪਰਗਟੁ ਕਰੈ ਭਗਤਿ ਵਡਿਆਈ ॥ ੧੬ ॥

## ਪਉੜੀ ੧੭

[ਰਵਿਦਾਸ ਭਗਤ]

ਭਗਤੁ ਭਗਤੁ ਜਗਿ ਵਜਿਆ[੩] ਚਹੁੰ ਚਕਾਂ ਦੇ ਵਿਚਿ ਚਮਿਰੇਟਾ।
ਪਾਣ੍ਹਾ[੪] ਗੰਢੈ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ[੪]।
ਜਿਉ ਕਰਿ ਮੈਲੇ ਚੀਥੜੇ[੫] ਹੀਰਾ ਲਾਲ ਅਮੋਲੁ ਪਲੇਟਾ[੬]।
ਚਹੁੰ ਵਰਨਾ ਉਪਦੇਸਦਾ ਗਿਆਨ ਧਿਆਨੁ ਕਰਿ ਭਗਤਿ ਸਹੇਟਾ[੭]।
ਨ੍ਹਾਵਣਿ ਆਇਆ ਸੰਗੁ ਮਿਲਿ ਬਾਨਾਰਸ ਕਰਿ ਗੰਗਾ ਥੇਟਾ[੮]।
ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ।
ਲਗਾ ਪੁਰਬੁ ਅਭੀਚ[੯] ਦਾ ਡਿਠਾ ਚਲਿਤੁ ਅਚਰਜ ਅਮੇਟਾ।
ਲਇਆ ਕਸੀਰਾ[੧੦] ਹਥਿ ਕਢਿ ਸੂਤੁ ਇਕੁ ਜਿਉ ਤਾਣਾ ਪੇਟਾ।
ਭਗਤ ਜਨਾਂ ਹਰਿ ਮਾਂ ਪਿਉ ਬੇਟਾ ॥ ੧੭ ॥

---

੧ ਸਾਰੀ ਰਾਤ। ੨ ਕਬਾਅ (ਪੋਸ਼ਾਕ)। ੩ ਪ੍ਰਸਿਧ ਹੋਇਆ। ੪ ਜੁੱਤੀਆਂ। ੫ ਕਪੜੇ। ੬ ਲਪੇਟਿਆ ਹੋਇਆ। ੭ ਸਮੇਤ। ੮ ਮੇਲੇ ਪੁਰ। ੯ ਅਭਿੱਜ ਨਛੱਤਰ। ੧੦ ਅਧੇਲਾ।

Digitized by Panjab Digital Library | www.panjabdigilib.org

## ਪਉੜੀ ੧੮

[ਅਹਿੱਲਿਆ ਅਤੇ ਗੋਤਮ]

ਗੋਤਮ ਨਾਰਿ ਅਹਿਲਿਆ ਤਿਸਨੋ ਦੇਖਿ ਇੰਦ੍ਰ ਲੋਭਾਣਾ।
ਪਰ ਘਰਿ ਜਾਇ ਸਰਾਪੁ ਲੈ ਹੋਇ ਸਹਸ[੧] ਭਗ ਪਛੋਤਾਣਾ।
ਸੁੰਞਾ[੨] ਹੋਆ ਇੰਦ੍ਰ ਲੋਕੁ ਲੁਕਿਆ ਸਰਵਰ[੩] ਮਨਿ ਸਰਮਾਣਾ।
ਸਹਸ ਭਗਹੁ ਲੋਇਣ[੪] ਸਹਸ ਲੈਂਦੋਈ ਇੰਦ੍ਰ ਪੁਰੀ ਸਿਧਾਣਾ।
ਸਤੀ[੫] ਸਤਹੁ[੬] ਟਲਿ ਸਿਲਾ[੭] ਹੋਇ ਨਦੀ ਕਿਨਾਰੈ[੮] ਬਾਝੁ ਪਰਾਣਾ।
ਰਘੁਪਤਿ ਚਰਨ ਛੁਹੰਦਿਆ ਚਲੀ ਸੁਰਗ ਪੁਰਿ ਬਣੇ ਬਿਬਾਣਾ।
ਭਗਤ ਵਛਲ ਭਲਿਆਈਅਹੁੰ ਪਤਿਤਉਧਾਰਣੁ ਪਾਪ ਕਮਾਣਾ।
ਗੁਣ ਨੋ ਗੁਣ ਸਭ ਕੋ ਕਰੈ ਅਉਗੁਣ ਕੀਤੇ ਗੁਣ ਤਿਸੁ ਜਾਣਾ।
ਅਬਿਗਤਿ[੯] ਗਤਿ ਕਿਆ ਆਖਿ ਵਖਾਣਾ ॥ ੧੮ ॥

## ਪਉੜੀ ੧੯

[ਬਾਲਮੀਕ ਬਟਵਾੜਾ]

ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ[੧੦]।
ਪੂਰਾ ਸਤਿਗੁਰੁ ਭੇਟਿਆ ਮਨ ਵਿਚਿ ਹੋਆ[੧੧] ਖਿੰਜੋ ਤਾੜਾ।
ਮਾਰਨ ਨੋ ਲੋਚੈ ਘਣਾ[੧੨] ਕਢਿ ਨ ਹੰਘ ਹਥੁ ਉਘਾੜਾ[੧੩]।
ਸਤਿਗੁਰ ਮਨੂਆ ਰਾਖਿਆ ਹੋਇ ਨ ਆਵੈ ਉਛੋਹਾੜਾ।
ਅਉਗੁਣੁ ਸਭ ਪਰਗਾਸਿਅਨੁ ਰੋਜਗਾਰੁ ਹੈ ਏਹੁ ਅਸਾੜਾ।
ਘਰਿ ਵਿਚਿ ਪੁਛਣ ਘਲਿਆ ਅੰਤਕਾਲ ਹੈ ਕੋਇ ਅਸਾੜਾ।
ਕੋੜਮੜਾ[੧੪] ਚਉਖੰਨੀਐ[੧੫] ਕੋਇ ਨ ਬੇਲੀ ਕਰਦੇ ਝਾੜਾ।

---

੧ ਹਜ਼ਾਰ। ੨ ਖਾਲੀ। ੩ ਤਲਾਉ। ੪ ਅੱਖਾਂ। ੫ ਅਹਿੱਲਿਆ। ੬ ਪਤੀਬਰਤ ਧਰਮ ਤੋਂ ਗਿਰ ਜਾਣ ਕਰਕੇ। ੭ ਪੱਥਰ। ੮ ਪ੍ਰਾਣਾਂ ਤੋਂ ਬਿਨਾਂ। ੯ ਅਲਖ ਦੀ ਗਤੀ। ੧੦ ਰਾਹ ਮਾਰ (ਧਾੜਵੀ)। ੧੧ ਦੁਚਿੱਤਾ। ੧੨ ਬਹੁਤ। ੧੩ ਉਲਾਰ ਕੇ। ੧੪ ਕੋੜਮਾ। ੧੫ ਚਾਰ ਟੋਟੇ ਹੁੰਦਾ ਹੈ (ਵਾਰਨੇ ਜਾਂਦਾ ਹੈ)।

Digitized by Panjab Digital Library | www.panjabdigilib.org

ਸਚੁ ਦ੍ਰਿੜਾਇ ਉਧਾਰਿਅਨੁ [1]ਟਪਿ ਨਿਕਥਾ ਉਪਰ ਵਾੜਾ।
ਗੁਰਮੁਖਿ ਲੰਘੇ ਪਾਪ ਪਹਾੜਾ ॥ ੧੯ ॥

## ਪਉੜੀ ੨੦

[ਅਜਾਮਲ]

ਪਤਿਤ ਅਜਾਮਲੁ ਪਾਪ ਕਰਿ ਜਾਇ ਕੁਲਾਵਤਣੀ[2] ਦੇ ਰਹਿਆ।
ਗੁਰੁ ਤੇ ਬੇਮੁਖੁ ਹੋਇਕੈ ਪਾਪ ਕਮਾਂਵੈ ਦੁਰਮਤਿ[3] ਦਹਿਆ[4]।
ਬਿਰਥਾ ਜਨਮੁ ਗਵਾਇਆ ਭਵਜਲ ਅੰਦਰਿ ਫਿਰਦਾ ਵਹਿਆ।
ਛਿਅ ਪੁਤ ਜਾਏ ਵੇਸੁਆ ਪਾਪਾ ਦੇ ਫਲ ਇਛੇ ਲਹਿਆ[5]।
ਪੁਤੁ ਉਪੰਨਾਂ ਸਤਵਾਂ ਨਾਉ ਧਰਣ ਨੋ ਚਿਤਿ ਉਮਹਿਆ[6]।
ਗੁਰੂ ਦੁਆਰੈ ਜਾਇਕੈ ਗੁਰਮੁਖਿ ਨਾਉ ਨਰਾਇਣੁ ਕਹਿਆ।
ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ[7]।
ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁਡੰਡੁ ਨ ਸਹਿਆ।
ਨਾਇ ਲਏ ਦੁਖੁ ਡੇਰਾ ਢਹਿਆ ॥ ੨੦ ॥

## ਪਉੜੀ ੨੧

[ਗਣਿਕਾ]

ਗਨਿਕਾ ਪਾਪਣਿ ਹੋਇਕੈ ਪਾਪਾਂ ਦਾ ਗਲਿ ਹਾਰੁ ਪਰੋਤਾ।
ਮਹਾਂ ਪੁਰਖੁ ਆਚਾਣਚਕ ਗਨਿਕਾ ਵਾੜੇ[8] ਆਇ ਖਲੋਤਾ।
ਦੁਰਮਤਿ ਦੇਖਿ ਦਇਆਲ ਹੋਇ ਹਥਹੁੰ ਉਸਨੋ ਦਿਤੋਨੁ ਤੋਤਾ।
ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ ਵਣਜੁ ਸਓਤਾ[9]।
ਲਿਵਲਾਗੀ ਤਿਸੁ ਤੋਤਿਅਹੁੰ ਨਿਤ ਪੜ੍ਹਾਏ ਕਰੈ ਅਸੋਤਾ[10]।
ਪਤਿਤ ਉਧਾਰਣੁ ਰਾਮ ਨਾਮੁ ਦੁਰਮਤਿ ਪਾਪ ਕਲੇਵਰੁ[11] ਧੋਤਾ।
ਅੰਤਕਾਲੁ ਜਮ ਜਾਲੁ ਤੋੜਿ ਨਰਕੈ ਵਿਚਿ ਨ ਖਾਧੁਸੁ ਗੋਤਾ।

---

੧ ਸੰਸਾਰ ਦੀ ਵਾੜੀ ਉਪਰੋਂ ਟੱਪ ਨਿਕਲਿਆ। ੨ ਵੇਸਵਾ। ੩ ਖੋਟੀ ਮਤਿ। ੪ ਸੜਿਆ ਹੋਇਆ। ੫ ਰੁੜ੍ਹਦਾ। ੬ ਉਤਸ਼ਾਹਿਤ ਹੋਇਆ। ੭ ਡਰਦਾ ਹੋਇਆ। ੮ ਵੇਹੜੇ। ੯ ਸੌ ਗੁਣ। ੧੦ ਜਾਗਣਾ। ੧੧ ਸਰੀਰ।

Digitized by Panjab Digital Library | www.panjabdigilib.org

ਗਈ ਬੈਕੁੰਠਿ ਬਿਬਾਣਿ ਚੜ੍ਹਿ ਨਾਉ ਨਰਾਇਣੁ ਛੋਤਿ[੧] ਅਛੋਤਾ।
ਥਾਉ ਨਿਥਾਵੇ ਮਾਣੁ ਮਣੋਤਾ ॥ ੨੧ ॥

### ਪਉੜੀ ੨੨

[ਪੂਤਨਾ]

ਆਈ ਪਾਪਣਿ ਪੂਤਨਾ ਦੁਹੀ ਥਣੀ ਵਿਹੁ ਲਾਇ ਵਹੇਲੀ[੨]।
ਆਇ ਬੈਠੀ ਪਰਵਾਰ ਵਿਚਿ ਨੇਹੁੰ ਲਾਇ [੩]ਨਵਹਾਣਿ ਨਵੇਲੀ।
ਕੁਛੜਿ ਲਏ ਗੋਵਿੰਦ ਰਾਇ ਕਰਿ ਚੇਟਕ[੪] ਚਤੁਰੰਗ[੫] ਮਹੇਲੀ[੬]।
ਮੋਹਨੁ[੭] ਮੰਮੇ ਪਾਇਓਨੁ ਬਾਹਰਿ ਆਈ ਗਰਬ ਗਹੇਲੀ[੮]।
ਦੇਹ ਵਧਾਇ ਉਚਾਇਅਨੁ [੯]ਤਿਹਚਰਿਆਰਿ ਨਾਰਿਅਠਿਖੇਲੀ[੧੦]।
ਤਿਹੁ ਲੋਆਂ ਦਾ ਭਾਰੁ ਦੇ ਚੰਬੜਿਆ ਗਲਿ ਹੋਇ ਦੁਹੇਲੀ[੧੧]।
ਖਾਇ ਪਛਾੜ ਪਹਾੜ ਵਾਂਗਿ ਜਾਇ ਪਈ ਓਜਾੜਿ ਧਕੇਲੀ।
ਕੀਤੀ ਮਾਉ ਤੁਲਿ ਸੁਹੇਲੀ ॥ ੨੨ ॥

### ਪਉੜੀ ੨੩ (ਬੱਧਕ ਦਾ ਪਰਸੰਗ)

ਜਾਇ ਸੁਤਾ ਪਰਭਾਸ[੧੨] ਵਿਚਿ ਗੋਡੇ ਉਤੇ ਪੈਰ ਪਸਾਰੇ।
ਚਰਣ ਕਮਲ ਵਿਚਿ ਪਦਮੁ ਹੈ ਝਿਲਮਿਲ ਝਲਕੇ ਵਾਂਗੀ ਤਾਰੇ।
ਬਧਿਕੁ[੧੩] ਆਇਆ ਭਾਲਦਾ ਮਿਰਗੈ ਜਾਣਿ ਬਾਣੁ ਲੈ ਮਾਰੇ।
ਦਰਸਨ ਡਿਠੋਸੁ ਜਾਇਕੈ ਕਰਣ[੧੪] ਪਲਾਵ ਕਰੇ ਪੂਕਾਰੇ।
ਗਲਿ ਵਿਚਿ ਲੀਤਾ ਕ੍ਰਿਸ਼ਨਜੀ ਅਵਗੁਣੁ ਕੀਤਾ ਹਰਿ ਨ ਚਿਤਾਰੇ।
ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ।
ਭਲੇ ਭਲੇ ਕਰਿ ਮੰਨੀਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ।
ਪਾਪ ਕਰੇਂਦੇ ਪਤਿਤ ਉਧਾਰੇ ॥ ੨੩ ॥ ੧੦ ॥ —੦—

---

੧ ਪਾਪਾਂ ਤੋਂ ਰਹਿਤ। ੨ ਵਿਹੁ ਵਾਲੀ। ੩ ਨਵੀਂ ਜਵਾਨੀ ਵਾਲੀ ਇਸਤ੍ਰੀ। ੪ ਪਿਆਰ। ੫ ਚਰਿੱਤਰਾਂ ਵਿਚ ਪ੍ਰਧਾਨ (ਫੱਫੇ ਕੁੱਟਣੀ)। ੬ ਛਡੀ। ੭ ਕ੍ਰਿਸ਼ਨ। ੮ ਗੁਸੀ ਹੋਈ। ੯ ਤੇਰਾਂ ਤਾਲਣ (ਭਾਵ ਬਹੁਤ ਚਾਲਾਕ)। ੧੦ ਚੰਚਲ। ੧੧ ਦੁਖੀ। ੧੨ ਇਕ ਤੀਰਥ ਦਾ ਨਾਂ। ੧੩ ਸ਼ਿਕਾਰੀ। ੧੪ ਕੀਰਨੇ,ਵਿਰਲਾਪ।

Digitized by Panjab Digital Library | www.panjabdigilib.org

# ਵਾਰ ੧੧

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਸਤਿਗੁਰ ਦਾ ਪਿਰਮ ਪਿਆਲਾ]

ਸਤਿਗੁਰੁ ਸਚਾ ਪਾਤਿਸਾਹੁ ਪਾਤਿਸਾਹਾਂ ਪਾਤਿਸਾਹ ਜੁਹਾਰੀ[੧]।
ਸਾਧ ਸੰਗਤਿ ਸਚਿਖੰਡਿ ਹੈ ਆਇ ਝਰੋਖੈ[੨] ਖੋਲੈ ਬਾਰੀ।
ਅਮਿਉ[੩] ਕਿਰਣਿਨਿਝਰ ਝਰੈਅਨਹਦਨਾਦਵਾਇਨਿ[੪] ਦਰਬਾਰੀ।
ਪਾਤਿਸਾਹਾਂ ਦੀ ਮਜਲਸੈ ਪਿਰਮ ਪਿਆਲਾ ਪੀਵਣ ਭਾਰੀ।
ਸਾਕੀ ਹੋਇ ਪੀਲਾਵਣਾ [੫]ਉਲਸ ਪਿਆਲੈ ਖਰੀ ਖੁਮਾਰੀ।
ਭਾਇ ਭਗਤਿ ਭੈ ਚਲਣਾ ਮਸਤ ਅਲਮਸਤ ਸਦਾ ਹੁਸਿਆਰੀ।
[੬]ਭਗਤ ਵਛਲ ਹੋਇ ਭਗਤ ਭੰਡਾਰੀ ॥ ੧ ॥

## ਪਉੜੀ ੨

[ਗੁਰਮੁਖ ਪਰਮਾਰਥ ਦਾ ਭੇਦ ਜਰਦੇ ਹਨ]

ਇਕਤੁ ਨੁਕਤੈ ਜਾਇ ਮਹਰਮੁ[੭] ਮੁਜਰਮੁ[੮] ਖੈਰ ਖੁਆਰੀ।
ਮਸਤਾਨੀ ਵਿਚਿ ਮਸਲਤੀ[੯] ਗੈਰ ਮਹਲਿ ਜਾਣਾ ਮਨੁ ਮਾਰੀ।
ਗਲ ਨ ਬਾਹਰਿ ਨਿਕਲੈ ਹੁਕਮੀ ਬੰਦੇ ਕਾਰ ਕਰਾਰੀ[੧੦]।
ਗੁਰਮੁਖਿ ਸੁਖ ਫਲੁ ਪਿਰਮ ਰਸੁ ਦੇਹਿ ਬਿਦੇਹ ਵਡੇ ਵੀਚਾਰੀ।
ਗੁਰ ਮੂਰਤਿ ਗੁਰ ਸਬਦੁ ਸੁਣਿ ਸਾਧਸੰਗਤਿ ਆਸਣੁ ਨਿਰੰਕਾਰੀ।
ਆਦਿ ਪੁਰਖੁ ਆਦੇਸੁ ਕਰਿ ਅੰਮ੍ਰਿਤੁ ਵੇਲਾ [੧੧]ਸਬਦੁ ਆਹਾਰੀ।
[੧੨]ਅਵਿਗਤਿਗਤਿ ਅਗਾਧ ਬੋਧਿਅਕਥ ਕਥਾ ਅਸਗਾਹ[੧੩] ਅਪਾਰੀ।
ਸਹਨਿ ਅਵਟਣ[੧੪] ਪਰਉਪਕਾਰੀ ॥ ੨ ॥

---

੧ ਨਮਸਕਾਰ। ੨ ਖਿੜਕੀ। ੩ ਅੰਮ੍ਰਿਤ। ੪ ਵਜਾਉਂਦੇ ਹਨ। ੫ ਆਪਣੇ ਮੂੰਹ ਨਾਲੋਂ ਲਾਹਿਆ (ਜੂਠਾ) ਪਿਆਲਾ। ੬ ਭਗਤਾਂ ਦਾ ਪਿਆਰਾ। ੭ ਜਾਨਣ ਵਾਲਾ। ੮ ਅਪਰਾਧੀ। ੯ ਨੇਕ ਸਲਾਹ। ੧੦ ਕਠਨ, ਔਖੀ। ੧੧ ਸ਼ਬਦ ਦਾ ਭੋਜਨ। ੧੨ ਜਿਸਦੀ ਮਰਯਾਦਾ ਜਾਣੀ ਨਹੀਂ ਜਾ ਸਕਦੀ ਤੇ ਜਿਸ ਦਾ ਗਿਆਨ ਅਤਿ ਡੂੰਘਾ ਹੈ। ੧੩ ਡੂੰਘਾ। ੧੪ ਉਬਾਲਾ, ਭਾਵ ਦੁੱਖ।

Digitized by Panjab Digital Library | www.panjabdigilib.org

## ਪਉੜੀ ੩

[ਗੁਰਸਿਖ ਕਉਣ ਸਦਾਵੈ]

ਗੁਰਮੁਖਿਜਨਮਸਕਾਰਥਾ[੧] ਗੁਰਸਿਖਮਿਲਿਗੁਰਸਰਣੀਆਇਆ ।
[੨]ਆਦਿਪੁਰਖ ਆਦੇਸੁਕਰਿਸਫਲ ਮੂਰਤਿ ਗੁਰਦਰਸਨੁਪਾਇਆ ।
ਪਰਦਖਣਾ ਡੰਡਉਤ ਕਰਿ ਮਸਤਕੁ ਚਰਣ ਕਮਲਗੁਰ ਲਾਇਆ ।
ਸਤਿਗੁਰੁਪੁਰਖ ਦਇਆਲ ਹੋਇਵਾਹਿਗੁਰੂ ਸਚੁਮੰਤ੍ਰ ਸੁਣਾਇਆ ।
[੩]ਸਚ ਰਾਸਿ ਰਹਰਾਸਿ ਦੇ ਪੈਰੀਂ ਪੈ ਜਗੁ ਪੈਰੀ ਪਾਇਆ ।
ਕਾਮੁ ਕਰੋਧੁ ਵਿਰੋਧੁ ਹਰਿ ਲੋਭੁ ਮੋਹੁ ਅਹੰਕਾਰੁ [੪]ਤਜਾਇਆ ।
ਸਤੁਸੰਤੋਖੁ ਦਇਆ ਧਰਮੁ ਨਾਮੁਦਾਨੁ ਇਸਨਾਨੁ [੫]ਦ੍ਰਿੜਾਇਆ ।
[੬]ਗੁਰਸਿਖਿ ਲੈ ਗੁਰਸਿਖੁ ਸਦਾਇਆ ॥ ੩ ॥

## ਪਉੜੀ ੪

[ਗੁਰਮੁਖ]

ਸਬਦਸੁਰਤਿਲਿਵਲੀਣੁ[੭]ਹੋਇਸਾਧਸੰਗਤਿਸਚਿਮੇਲਿਮਿਲਾਇਆ
ਹੁਕਮ ਰਜਾਈ ਚਲਣਾ ਆਪੁ ਗਵਾਇ ਨ ਆਪੁ ਜਣਾਇਆ ।
ਗੁਰਉਪਦੇਸੁ ਆਵੇਸੁ[੮] ਕਰਿਪਰਉਪਕਾਰਿ ਅਚਾਰਿ[੯] ਲੁਭਾਇਆ ।
ਪਿਰਮ ਪਿਆਲਾ ਅਪਿਉ[੧੦] ਪੀਸਹਜ ਸਮਾਈ ਅਜਰੁਜਰਾਇਆ ।
ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇਕੈ ਭਲਾ ਮਨਾਇਆ ।
ਇਕ ਮਨਿ ਇਕੁ ਅਰਾਧਣਾ[੧੧] ਦੁਬਿਧਾ ਦੂਜਾਭਾਉ ਮਿਟਾਇਆ ।
ਗੁਰਮੁਖਿ[੧੨] ਸੁਖ ਫਲ ਨਿਜ ਪਦੁ ਪਾਇਆ ॥ ੪ ॥

---

੧ ਸਫਲ । ੨ ਵਾਹਿਗੁਰੂ ਨੂੰ ਨਮਸਕਾਰ ਕਰਕੇ । ੨ ਸੱਚ ਦੇ ਮਾਰਗ ਦੀ ਸੱਚੀ ਪੂੰਜੀ ਦੇ ਕੇ । ੪ ਤਜ ਦਿਤਾ ਹੈ । ੫ ਮਨ ਵਿਚ ਦ੍ਰਿੜ ਕੀਤਾ ਹੈ । ੬ ਗੁਰੂ ਦੀ ਸਿੱਖਯਾ । ੭ ਏਕਾਂਗਰ ਚਿੱਤ । ੮ ਪ੍ਰਵੇਸ਼ । ੯ ਕੰਮ । ੧੦ ਅੰਮ੍ਰਿਤ (ਵਾਹਿਗੁਰੂ ਗਿਆਨ) । ੧੧ ਦਵੈਤ ਭਾਵ । ੧੨ ਆਪਣਾ ਨਿਜ ਸਰੂਪ ਦਾ ਸੁਖ ਰੂਪ ਫਲ ।

Digitized by Panjab Digital Library | www.panjabdigilib.org

## ਪਉੜੀ ੫

[ਗੁਰ ਸਿੱਖੀ]

ਗੁਰਸਿਖੀ ਬਾਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ।
ਓਥੈ ਟਿਕੈ ਨ ਭੁਣਹਣਾ[੧] ਚਲਿ ਨ ਸਕੈ ਉਪਰਿ ਕੀੜੀ।
ਵਾਲਹੁੰ ਨਿਕੀ ਆਖੀਐ ਤੇਲੁ ਤਿਲਹੁੰ ਲੈ ਕੋਲ੍ਹੂ ਪੀੜੀ।
ਗੁਰਮੁਖਿ ਵੰਸੀ ਪਰਮਹੰਸ [੨]ਖੀਰ ਨੀਰ ਨਿਰਨਉ ਚੁੰਜਿ ਵੀੜੀ।
ਸਿਲਾ ਅਲੂਣੀ ਚਟਣੀ ਮਾਣਕ ਮੋਤੀ ਚੋਗ ਨਿਵੀੜੀ[੩]।
ਗੁਰਮੁਖਿ ਮਾਰਗਿ ਚਲਣਾ ਆਸ ਨਿਰਾਸੀ [੪]ਝੀੜ ਉਝੀੜੀ।
ਸਹਜਿ ਸਰੋਵਰਿ ਸਚਖੰਡਿ ਸਾਧ ਸੰਗਤਿ ਸਚ ਤਖਤਿ ਹਰੀੜੀ[੫]।
ਚੜ੍ਹਿ ਇਕੀਹ ਪਤਿ ਪਉੜੀਆ ਨਿਰੰਕਾਰੁ ਗੁਰ ਸਬਦੁ ਸਹੀੜੀ[੬]।
ਗੁੰਗੈ ਦੀ ਮਠਿਆਈਐ ਅਕਥ ਕਥਾ ਵਿਸਮਾਦੁ ਬਚੀੜੀ[੭]।
ਗੁਰਮੁਖਿ ਸੁਖ ਫਲ ਸਹਜਿ ਅਲੀੜੀ[੮] ॥ ੫ ॥

## ਪਉੜੀ ੬ [ਗੁਰ ਚਰਨ ਕਮਲ]

ਗੁਰਮੁਖਿ ਸੁਖਫਲ ਪਿਰਮਰਸੁ ਚਰਣੋਦਕੁ[੯] ਗੁਰਚਰਣ ਪਖਾਲੇ[੧੦]।
ਮੁਖ ਸੰਪੁਟ[੧੧] ਵਿਚਿ ਰਖਿਕੈ ਚਰਣ ਕਵਲ ਮਕਰੰਦ[੧੨] ਪਿਆਲੇ।
[੧੩]ਕਉਲਾਲੀ ਸੂਰਜ ਮੁਖੀ ਲਖ ਕਵਲ ਖਿੜਦੇ ਰਲੀਆਲੇ।
ਚੰਦ੍ਰ ਮੁਖੀ ਹੁਇ ਕੁਮੁਦਨੀ[੧੪] ਚਰਣ ਕਵਲ ਸੀਤਲ ਅਮੀਆਲੇ[੧੫]।
ਚਰਣ ਕਵਲ ਦੀ ਵਾਸਨਾ ਲਖ ਸੂਰਜ ਹੋਵਨਿ ਅਲਿ ਕਾਲੇ[੧੬]।
ਲਖ ਤਾਰੇ ਸੂਰਜਿ ਚੜ੍ਹੇ ਜਿਉ ਛਪਿ ਜਾਨਿ ਨ ਆਪ ਸਮ੍ਹਾਲੇ।
ਚਰਣਕਵਲ ਦਲਜੋਤਿ ਵਿਚਿਲਖਸੂਰਜਿ ਲੁਕਿਜਾਨਿ ਰਵਾਲੇ[੧੭]।
ਗੁਰਸਿਖ ਲੈ ਗੁਰ ਸਿਖ ਸੁਖਾਲੇ ॥ ੬ ॥

---

੧ ਮੱਛਰ। ੨ ਦੁਧ ਤੇ ਪਾਣੀ ਨਿਤਾਰਣ ਲਈ ਵਿਚਾਰ ਦੀ ਚੁੰਝ। ੩ ਨਵੀਨ। ੪ ਸੂਖਮ ਤੋਂ ਸੂਖਮ। ੫ ਹਰੀ ਦਾ। ੬ ਸਹਾਰਦੇ ਹਨ। ੭ ਵਾਚਦੇ ਹਨ। ੮ ਸ੍ਵਾਦ ਲੈਂਦੇ ਹਨ। ੯ ਚਰਨਾਂਮ੍ਰਿਤ। ੧੦ ਧੋਂਦੇ ਹਨ। ੧੧ ਡੱਬਾ। ੧੨ ਸੁਗੰਧੀ। ੧੩ ਕਉਲਾਂ ਵਾਂਗ ਸੂਰਜ ਦੀ (ਮੁਖੀ) ਟਿੱਕੀ ਨੂੰ ਵੇਖਕੇ ਲੱਖਾਂ (ਜਗਿਆਸੂਆਂ ਦੇ ਹਿਰਦੇ) ਕਮਲ ਖੁਸ਼ੀ ਨਾਲ ਖਿੜ ਜਾਂਦੇ ਹਨ। ੧੪ ਕਵੀਆਂ। ੧੫ ਅੰਮ੍ਰਿਤ ਦਾ ਘਰ। ੧੬ ਕਾਲੇ ਭੌਰ। ੧੭ ਧੂੜ ਵਾਕੁਰ।

Digitized by Panjab Digital Library | www.panjabdigilib.org

## ਪਉੜੀ ੭

[ਏਕਤਾ ਪਰ ਦ੍ਰਿਸਟਾਂਤ]

ਚਾਰਿਵਰਨ ਇਕਵਰਨ ਕਰਿ ਵਰਨਅਵਰਨ ਤਮੋਲ[1] ਗੁਲਾਲੇ[2]।
ਅਸਟ ਧਾਤੁ ਇਕੁ ਧਾਤੁ ਕਰਿ ਵੇਦ ਕਤੇਬ ਨ ਭੇਦੁ ਵਿਚਾਲੇ।
ਚੰਦਨ ਵਾਸੁ ਵਣਾਸੁਪਤਿ ਅਫਲ ਸਫਲ ਵਿਚਿ ਵਾਸੁ ਬਹਾਲੇ[3]।
ਲੋਹਾ ਸੁਇਨਾ ਹੋਇਕੈ ਸੁਇਨਾ ਹੋਇ ਸੁਗੰਧਿ ਵਿਖਾਲੇ।
ਸੁਇਨੇ ਅੰਦਰਿ ਰੰਗ ਰਸ ਚਰਣਾਂਮ੍ਰਿਤ ਅੰਮ੍ਰਿਤੁ ਮਤਵਾਲੇ।
ਮਾਣਕ ਮੋਤੀ ਸੁਇਨਿਅਹੁ ਜਗਮਗ ਜੋਤਿ ਹੀਰੇ ਪਰਵਾਲੇ[4]।
ਦਿਬ ਦੇਹਿ ਦਿਬਦਿਸਟਿ ਹੋਇਸਬਦ ਸੁਰਤਿ[5]ਦਿਬਜੋਤਿ ਉਜਾਲੇ।
ਗੁਰਮੁਖਿ ਸੁਖ ਫਲੁ ਰਸਿਕ[6] ਰਸਾਲੇ[7] ॥ ੭ ॥

## ਪਉੜੀ ੮

[ਗੁਰਮੁਖਾਂ ਦੀ ਪ੍ਰੀਤਿ]

ਪਿਰਮਪਿਆਲਾ ਸਾਧਸੰਗ ਸਬਦਸੁਰਤਿ ਅਨਹਦ[8] ਲਿਵਲਾਈ।
ਧਿਆਨੀ ਚੰਦਚਕੋਰਗਤਿ[9] ਅੰਮ੍ਰਿਤਦ੍ਰਿਸਟਿ ਸ੍ਰਿਸਟਿ ਵਰਸਾਈ।
ਘਨਹਰ[10] ਚਾਤ੍ਰਿਕਮੋਰ ਜਿਉਅਨਹਦਧੁਨਿਸੁਣਿਪਾਇਲ ਪਾਈ॥
ਚਰਣਕਵਲ ਮਕਰੰਦ ਰਸਿ ਸੁਖ ਸੰਪੁਟ ਹੁਇ ਭਵਰੁ ਸਮਾਈ।
ਸੁਖ ਸਾਗਰ ਵਿਚਿਮੀਨ[11] ਹੋਇ ਗੁਰਮੁਖਿਚਾਲਿ ਨ ਖੋਜਖੁਜਾਈ।
ਅਪਿਓਪੀਅਣੁ[12]ਨਿਝਰਝਰਣ ਅਜਰੁਜਰਣਨਾ ਅਲਖੁਲਖਾਈ।
[13]ਵੀਹ ਇਕੀਹ ਉਲੰਘਿਕੈ ਗੁਰਸਿਖ ਗੁਰਮੁਖਿ ਸੁਖਫਲ ਪਾਈ।
ਵਾਹਿਗੁਰੂ ਵਡੀ ਵਡਿਆਈ ॥ ੮ ॥

---

੧ ਪਾਨ। ੨ ਪੋਸਤ ਦੇ ਫੁੱਲ ਵਾਂਗ ਲਾਲ। ੩ ਮਹਿਕਾਉਂਦਾ ਹੈ। ੪ ਮੂੰਗੇ (ਰਤਨ)। ੫ ਨੂਰਾਨੀ ਤੇਜ ਵਾਲਾ ਸਰੀਰ। ੬ ਰਸੀਏ। ੭ ਰਸ ਭਰੇ। ੮ ਇਕ ਰਸ। ੯ ਵਾਂਗ। ੧੦ ਬੱਦਲ। ੧੧ ਮੱਛੀ। ੧੨ ਝਰਨੇ ਵਾਂਗ ਝਰਦੇ ਹਨ। ੧੩ (ਵੀਹ) ਤਿੰਨਾਂ ਗੁਣਾਂ ਅਤੇ (ਇਕੀਹ) ਤੁਰੀਆ ਅਵਸਥਾ ਤੋਂ ਲੰਘ ਕੇ।

Digitized by Panjab Digital Library | www.panjabdigilib.org

## ਪਉੜੀ ੯

[ਗੁਰੂ ਪਰੀਤੀ]

ਕਛੂ ਆਂਡਾ ਧਿਆਨੁ ਧਰਿ ਕਰਿ ਪਰਪਕੁ ਨਦੀ ਵਿਚਿ ਆਣੈ ।
ਕੂੰਜ ਰਿਦੈਸਿਮਰਣੁ ਕਰੈ ਲੈ ਬੱਚਾ ਉਡਦੀ ਅਸਮਾਣੈ ।
ਬਤਕ ਬੱਚਾ ਤੁਰਿਤੁਰਾ ਜਲ ਥਲ ਵਰਤੈ ਸਹਜਿ ਵਿਡਾਣੈ[1] ।
ਕੋਇਲ ਪਾਲੈ ਕਾਵਣੀ ਮਿਲਦਾ ਜਾਇ ਕੁਟੰਬ ਸਿਵਾਣੈ ।
ਹੰਸੁ ਵੰਸੁ ਵਸਿ ਮਾਨਸਰਿ ਮਾਣਕ ਮੋਤੀ ਚੋਗ ਚੁਗਾਣੈ ।
ਗਿਆਨਿਧਿਆਨਿਸਿਮਰਣਿਸਦਾਸਤਿਗੁਰਸਿਖੁ ਰਖੈਨਿਰਬਾਣੈ[2] ।
ਭੂਤ ਭਵਿਖਹੁ ਵਰਤਮਾਨ ਤ੍ਰਿਭਵਣ ਸੋਝੀ ਮਾਣੁ ਨਿਮਾਣੈ ।
ਜਾਤੀ ਸੁੰਦਰ ਲੋਕੁ ਨ ਜਾਣੈ ॥ ੯ ॥

## ਪਉੜੀ ੧੦

[ਗੁਰ ਸਿੱਖ ਦੀ ਵਿਸ਼ੇਸ਼ਤਾ]

ਚੰਦਨ ਵਾਸ ਵਣਾਸਪਤਿ ਬਾਵਨ ਚੰਦਨਿ ਚੰਦਨ ਹੋਈ ।
ਫਲ ਵਿਣੁ ਚੰਦਨੁ ਬਾਵਨਾ [3]ਆਦਿ ਅਨਾਦਿਬਿਅੰਤੁ ਸਦੋਈ ।
ਚੰਦਨੁ ਬਾਵਨ ਚੰਦਨਹੁ ਚੰਦਨ ਵਾਸੁ ਨ ਚੰਦਨੁ ਕੋਈ ।
ਅਸਟੁਧਾਤੁ[4] ਇਕੁ ਧਾਤੁ ਹੋਇ ਪਾਰਸ ਪਰਸੇ ਕੰਚਨ ਜੋਈ ।
ਕੰਚਨ ਹੋਇ ਨ ਕੰਚਨਹੁ ਵਰਤਮਾਨ ਵਰਤੈ ਸਭਿ ਲੋਈ ।
ਨਦੀਆਂ ਨਾਲੇ ਗੰਗ ਸੰਗਿ ਸਾਗਰ ਸੰਜਮਿ ਖਾਰਾ ਸੋਈ ।
ਬਗੁਲਾ ਹੰਸੁ ਨ ਹੋਵਈ ਮਾਨ ਸਰੋਵਰ ਜਾਇ ਖਲੋਈ ।
[5]ਵੀਹਾਂ ਦੈ ਵਰਤਾਰੈ ਓਹੀ[6] ॥੧੦॥

---

੧ ਅਸਚਰਜ । ੨ ਬੰਧਨ ਤੋਂ ਰਹਿਤ । ੩ ਆਦਿ ਕਾਲ ਤੋਂ ਬੇਅੰਤ ਲੋਕ ਕਹਿੰਦੇ ਹਨ । ੪ ਅੱਠ ਧਾਤਾਂ । ੫ ਸ੍ਰਿਸ਼ਟੀ । ੬ ਮਨਮੁਖ ।

Digitized by Panjab Digital Library | www.panjabdigilib.org

## ਪਉੜੀ ੧੧

[ਹੋਰ ਦ੍ਰਿਸ਼ਟਾਂਤ]

ਗੁਰਮੁਖਿ ਇਕੀ ਪੌੜੀਆਂ ਗੁਰਮੁਖਿ ਸੁਖਫਲੁ ਨਿਜ ਘਰਿ ਭੋਈ[੧]।
ਸਾਧ ਸੰਗਤਿ ਹੈ ਸਹਜਘਰਿ ਸਿਮਰਣੁ ਦਰਸਿਪਰਸਿ ਗੁਣਗੋਈ[੨]।
ਲੋਹਾ ਸੁਇਨਾ ਹੋਇਕੈ ਸੁਇਨਿਅਹੁ ਸੁਇਨਾ ਜਿਉਂ ਅਵਿਲੋਈ[੩]।
ਚੰਦਨੁ ਬੋਹੈ ਨਿੰਮੁ ਵਣੁ ਨਿੰਮਹੁ ਚੰਦਨੁ ਬਿਰਖੁ ਪਲੋਈ[੪]।
ਗੰਗੋਦਕ ਚਰਣੋਦਕਹੁ ਗੰਗੋਦਕ ਮਿਲਿ ਗੰਗਾ ਹੋਈ।
ਕਾਗਹੁ ਹੰਸੁ ਸੁਵੰਸੁ ਹੋਇ ਹੰਸਹੁ ਪਰਮ ਹੰਸੁ ਵਿਰਲੋਈ।
ਗੁਰਮੁਖਿ ਵੰਸੀ ਪਰਮਹੰਸੁ ਕੂੜ ਸਚੁ ਨੀਰੁ ਖੀਰੁ ਵਿਲੋਈ[੫]।
ਗੁਰ ਚੇਲਾ ਚੇਲਾ ਗੁਰ ਹੋਈ॥ ੧੧ ॥

## ਪਉੜੀ ੧੨

[ਗੁਰ ਸਿਖ ਸੰਧੀ]

ਕਛੂ ਬੱਚਾ ਨਦੀ ਵਿਚਿ ਗੁਰ ਸਿਖ ਲਹਰਿ ਨ ਭਵਜਲੁ ਬਿਆਪੈ।
ਕੂੰਜ ਬੱਚਾ ਲੈਇ ਉਡਰੈ ਸੁੰਨਿ ਸਮਾਧਿ ਅਗਾਧਿ[੬] ਨ ਜਾਪੈ।
ਹੰਸੁ ਵੰਸੁ ਹੈ ਮਾਨਸਰਿ ਸਹਜ ਸਰੋਵਰਿ ਵਡ ਪਰਤਾਪੈ।
ਬੱਤਕ ਬੱਚਾ ਕੋਇਲੈ ਨੰਦ ਨੰਦਨ ਵਸੁਦੇਮ ਮਿਲਾਪੈ।
[੭]ਰਵਿ ਸਸਿ ਚਕਵੀ ਤੈ ਚਕੋਰ ਸਿਵ ਸਕਤੀ ਲੰਘਿ ਵਰੈ ਸਰਾਪੈ।
ਅਨਲ[੮] ਪੰਖਿ ਬੱਚਾ ਮਿਲੈ ਨਿਰਾਧਾਰ ਹੋਇ ਸਮਝੈ ਆਪੈ।
ਗੁਰ ਸਿਖ ਸੰਧਿ[੯] ਮਿਲਾਵਣੀ ਸਬਦੁ ਸੁਰਤਿ ਪਰਚਾਇ ਪਛਾਪੈ।
ਗੁਰਮੁਖਿ ਸੁਖ ਫਲੁ ਥਾਪਿ ਉਥਾਪੈ॥ ੧੨ ॥

---

੧ ਮਿਲਦੇ ਹਨ। ੨ ਕਹਿੰਦੇ ਹਨ। ੩ ਦਿਸਦਾ ਹੈ। ੪ ਪਲਦਾ ਹੈ। ੫ ਰਿੜਕਦੇ ਹਨ। ੬ ਡੂੰਘਾ। ੭ ਸੂਰਜ ਚੰਦ। ੮ ਆਕਾਸੀ ਪੰਛੀ। ੯ ਮਿਲਾਪ।

Digitized by Panjab Digital Library | www.panjabdigilib.org

## ਪਉੜੀ ੧੩

[ਪਹਿਲੀ ਪਾਤਸ਼ਾਹੀ ਦੇ ਸਿੱਖਾਂ ਦੀ ਨਾਮਾਵਲੀ]

ਤਾਰੂ ਪੋਪਟੂ[੧] ਤਾਰਿਆ ਗੁਰਮੁਖਿ ਬਾਲ ਸੁਭਾਇ ਉਦਾਸੀ।
ਮੂਲਾ ਕੀੜੂ ਵਖਾਣੀਐ ਚਲਿਤੁ ਅਚਰਜ ਲੁਭਤਿ ਗੁਰਦਾਸੀ।
ਪਿਰਥਾ ਖੇਡਾ ਸੋਇਰੀ ਚਰਣ ਸਰਣ ਸੁਖ ਸਹਜਿ ਨਿਵਾਸੀ।
ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ।
ਪਿਰਥੀ ਮਲੁ ਸਹਗਲੁ[੨] ਭਲਾ ਰਾਮਾ ਡਿਡੀ[੩] ਭਗਤਿ ਅਭਿਆਸੀ।
ਦਉਲਤ ਖਾਂ ਲੋਦੀ ਭਲਾ ਹੋਆ ਜਿੰਦ ਪੀਰੁ ਅਬਿਨਾਸੀ।
ਮਾਲੋ ਮਾਂਗਾ ਸਿਖ ਦੁਇ ਗੁਰਬਾਣੀ ਰਸਿ[੪] ਰਸਿਕ ਬਿਲਾਸੀ।
ਸਨਮੁਖਿ ਕਾਲੂ ਆਸ ਧਾਰ ਗੁਰਬਾਣੀ ਦਰਗਹ ਸਾਬਾਸੀ।
ਗੁਰਮਤਿ ਭਾਉ ਭਗਤਿ ਪਰਗਾਸੀ ॥ ੧੩ ॥

## ਪਉੜੀ ੧੪

[ਸਿਖ ਨਾਮ ਮਾਲਾ]

ਭਗਤੁ ਜੋ ਭਗਤਾ ਓਹਰੀ ਜਾਪੂਵੰਸੀ ਸੇਵ ਕਮਾਵੈ।
ਸੀਹਾਂ ਉਪਲੁ ਜਾਣੀਐ ਗਜਣੁ ਉਪਲੁ ਸਤਿਗੁਰ ਭਾਵੈ।
ਮੇਲਸੀਹਾਂ ਵਿਚਿ ਆਖੀਐ ਭਾਗੀਰਥੁ ਕਾਲੀ[੫] ਗੁਣਗਾਵੈ।
ਜਿਤਾ ਰੰਧਾਵਾ ਭਲਾਹੈ ਬੂੜਾ ਬੁਢਾ ਇਕ ਮਨਿਧਿਆਵੈ।
ਫਿਰਣਾ ਖਹਿਰਾ ਜੋਧੁਸਿਖੁ ਜੀਵਾਈ ਗੁਰੁ ਸੇਵ ਸਮਾਵੈ।
ਗੁਜਰੁ ਜਾਤਿ ਲੁਹਾਰੁ ਹੈ ਗੁਰ ਸਿਖੀ ਗੁਰਸਿਖ ਸੁਣਾਵੈ।
ਨਾਈ ਧਿੰਙ ਵਖਾਣੀਐ ਸਤਿਗੁਰ ਸੇਵਿ ਕੁਟੰਬੁ ਤਰਾਵੈ।
ਗੁਰਮੁਖਿ ਸੁਖ ਫਲ ਅਲਖ[੬] ਲਖਾਵੈ ॥ ੧੪ ॥

---

੧ ਪੋਪਟ ਜਾਤੀ ਦਾ। ੨ ਖਤਰੀਆਂ ਦਾ ਇਕ ਗੋਤ। ੩ ਜਾਤਿ ਦਾ ਨਾਉਂ। ੪ ਆਨੰਦ ਦੇ ਰਸੀਏ। ੫ ਦੇਵੀ। ੬ ਜੋ ਜਾਣਿਆ ਨਾ ਜਾ ਸਕੇ।

Digitized by Panjab Digital Library | www.panjabdigilib.org

## ਪਉੜੀ ੧੫

[ਦੂਸਰੀ ਪਾਤਸ਼ਾਹੀ ਦੇ ਸਿੱਖ]

ਪਾਰੋ ਜੁਲਕਾ ਪਰਮਹੰਸੁ ਪੂਰੈ ਸਤਿਗੁਰ ਕਿਰਪਾ ਧਾਰੀ।
ਮਲੂਸਾਹੀ ਸੂਰਮਾ ਵਡਾ ਭਗਤੁ ਭਾਈ ਕਦਾਰੀ।
ਦੀਪਾ ਦੇਊ ਨਰਾਇਣਦਾਸੁ ਬੂਲੇ ਦੇ ਜਾਈਐ ਬਲਿਹਾਰੀ।
ਲਾਲ ਸੁ ਲਾਲੂ ਬੁਧਿਵਾਨ ਦੁਰਗਾ ਜੀਵੰਧੁ ਪਰਉਪਕਾਰੀ।
ਜਗਾ ਧਰਣੀ ਜਾਣੀਐ ਸੰਸਾਰੂ ਨਾਲੇ ਨਿਰੰਕਾਰੀ।
ਖਾਨੂ ਮਾਈਆ ਪਿਉ ਪੁਤੁਹੈ ਗੁਣ ਗਾਹਕ ਗੋਵਿੰਦ ਭੰਡਾਰੀ।
ਜੋਧੁ ਰਸੋਈਆ ਦੇਵਤਾ ਗੁਰ ਸੇਵਾ ਕਰਿ ਦੁਤਰ[1] ਤਾਰੀ।
ਪੂਰੈ ਸਤਿਗੁਰ ਪੈਜ ਸਵਾਰੀ ॥ ੧੫ ॥

## ਪਉੜੀ ੧੬

[ਤੀਸਰੀ ਪਾਤਸ਼ਾਹੀ ਦੇ ਸਿਖਾਂ ਦੀ ਡੱਲੇ ਵਾਸੀ ਸੰਗਤ]

ਪਿਰਥੀ ਮਲ ਤੁਲਸਾ ਭਲਾ ਮਲਣ ਗੁਰ ਸੇਵਾ ਹਿਤਕਾਰੀ[2]।
ਰਾਮੂ ਦੀਪਾ ਉਗ੍ਰਸੈਣੁ ਨਾਗਉਰੀ ਗੁਰ ਸਬਦ ਵੀਚਾਰੀ।
ਮੋਹਣੁ ਰਾਮੂ ਮਹਤਿਆ ਅਮਰੂ ਗੋਪੀ ਹਉਮੈ ਮਾਰੀ।
ਸਾਹਾਰੂ ਗੰਗੂ ਭਲੇ ਭਾਗੂ ਭਗਤੁ ਭਗਤਿ ਹੈ ਪਿਆਰੀ।
ਖਾਨੂ ਛੁਰਾ ਤਾਰੂ ਤਰੇ ਵੇਗਾ ਪਾਸੀ ਕਰਣੀ ਸਾਰੀ।
ਉਗਰੂ ਨੰਦੂ ਸੂਦਨਾ ਪੂਰੋ ਝੰਟਾ ਪਾਰਿ ਉਤਾਰੀ।
ਮਲੀਆ ਸਹਾਰੂ ਭਲੇ ਛੀਂਬੇ ਗੁਰ ਦਰਗਹ ਦਰਬਾਰੀ।
ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣੁ ਲੇਖਾਰੀ।
ਡੱਲੇ ਵਾਸੀ ਸੰਗਤਿ ਭਾਰੀ ॥ ੧੬ ॥

---

੧ ਕਠਿਨਤਾ ਨਾਲ ਤਰਿਆ ਜਾਣ ਵਾਲਾ। ੨ ਪ੍ਰੇਮ ਕਰਨ ਵਾਲਾ ਸੰਸਾਰ। ੩ ਸਰੇਸ਼ਟ ਕਰਨੀ ਵਾਲਾ।

Digitized by Panjab Digital Library | www.panjabdigilib.org

## ਪਉੜੀ ੧੭

[ਚਉਥੀ ਪਾਤਸ਼ਾਹੀ ਦੇ ਸੱਭਰਵਾਲ ਦੇ ਸਿਖ]

ਸਨਮੁਖ ਭਾਈ ਤੀਰਥਾ ਸਭਰਵਾਲ ਸਭੇ ਸਿਰਦਾਰਾ।
ਪੂਰੋ ਮਾਣਕ ਚੰਦੁ ਹੈ ਬਿਸਨਦਾਸੁ ਪਰਵਾਰ ਸਧਾਰਾ।
[1]ਪੁਰਖੁ ਪਦਾਰਥ ਜਾਣੀਐ ਤਾਰੂ ਭਾਰੂ ਦਾਸੁ ਦੁਆਰਾ।
ਮਹਾਂ ਪੁਰਖੁਹੈ ਮਹਾਨੰਦੁ ਬਿਧੀਚੰਦ ਬੁਧਿਬਿਮਲ[2] ਵੀਚਾਰਾ।
ਬਰ੍ਹਮ ਦਾਸੁ ਹੈ ਖੋਟੜਾ ਡੂੰਗਰੁ ਦਾਸੁ ਭਲੇ ਤਕਿਆਰਾ।
ਦੀਪਾ ਜੇਠਾ ਤੀਰਥਾ ਸੈਸਾਰੂ ਬੂਲਾ ਸਚਿਆਰਾ।
ਮਾਈਆ ਜਾਪਾ ਜਾਣੀਅਨਿ ਨਈਆ ਖੁਲਰ ਗੁਰੂ ਪਿਆਰਾ।
ਤੁਲਸਾ ਵਹੁਰਾ ਜਾਣੀਐ ਗੁਰ ਉਪਦੇਸ ਅਵੇਸ ਅਚਾਰਾ।
ਸਤਿਗੁਰ ਸਚੁ ਸਵਾਰਣਹਾਰਾ ॥ ੧੭ ॥

## ਪਉੜੀ ੧੮

[ਪੰਜਵੀਂ ਪਾਤਿਸ਼ਾਹੀ ਦੇ ਪਿਆਰੇ ਸਿਖ]

ਪੁਰੀਆ ਚੂਹੜੁ ਚਉਧਰੀ ਪੈੜਾ ਦਰਗਹ ਦਾਤਾ ਭਾਰਾ।
ਬਾਲਾ ਕਿਸਨਾ [3]ਝਿੰਗਰਨਿ ਪੰਡਿਤ ਰਾਇ [4]ਸਭਾ ਸੀਗਾਰਾ।
ਸੁਹੜੁ ਤਿਲੋਕਾ ਸੂਰਮਾ ਸਿਖੁ ਸਮੁੰਦਾ ਸਨਮੁਖੁ ਸਾਰਾ।
ਕੁਲਾ ਭੁਲਾ ਝੰਝੀਆ ਭਾਗੀਰਥੁ ਸੁਇਨੀ ਸਚਿਆਰਾ।
ਲਾਲੂ ਬਾਲੂ ਵਿਜ ਹਨਿ ਹਰਖਵੰਤੁ ਹਰਿਦਾਸ ਪਿਆਰਾ।
ਧੀਰੁ ਨਿਹਾਲੂ ਤੁਲਸੀਆ ਬੂਲਾ ਚੰਡੀਆ ਬਹੁ ਗੁਣਿਆਰਾ।
ਗੋਖੂ ਟੋਡਾ ਮਹਤਿਆ ਤੇਤਾ ਮਦੂ ਸਬਦ ਵੀਚਾਰਾ।
ਝਾਂਝੂ ਅਤੇ ਮੁਕੰਦੁ ਹੈ ਕੀਰਤਨੁ ਕਰੈ ਹਜੂਰ ਕਿਦਾਰਾ।
ਸਾਧ ਸੰਗਤਿ ਪਰਗਟੁ ਪਾਹਾਰਾ[5] ॥ ੧੮ ॥

---

੧ ਭਾਈ ਤਾਹੂ ਤੇ ਭਾਹੂ ਨੇ ਦਾਸ ਬਣ ਕੇ ਪੁਰਖ (ਪਰਮਾਤਮਾ) ਤੇ ਪਦਾਰਥ (ਮਾਇਆ) ਨੂੰ ਜਾਣ ਲਿਆ। ੨ ਮੈਲ ਤੋਂ ਰਹਿਤ, ਨਿਰਮਲ। ੩ ਜਾਤੀ ਦਾ ਨਾਉਂ। ੪ ਸਭਾ ਦਾ ਸ਼ਿੰਗਾਰ। ੫ ਪਰਤਾਪ।

Digitized by Panjab Digital Library | www.panjabdigilib.org

## ਪਉੜੀ ੧੯

[ਪੰਜਵੀਂ ਪਾਤਸ਼ਾਹੀ ਦੇ ਹੋਰ ਸਿਖਾਂ ਦੇ ਨਾਮ]

ਗੰਗੂ ਨਾਊ ਸਹਗਲਾ ਰਾਮਾ ਧਰਮਾ ਊਦਾ ਭਾਈ।
ਜਟੂ ਭਟੂ ਵੇਤਿਆ[1] ਫਿਰਣਾ ਸੂਦੁ ਵਡਾ ਸਤ ਭਾਈ।
ਝੋਲੂ ਭਟੂ ਜਾਣੀਅਨਿ ਸਨਮੁਖ ਤੇਵਾੜੀ ਸੁਖਦਾਈ।
ਡਲਾ ਭਾਗੀ ਭਗਤੁ ਹੈ ਜਾਪੂ ਨਿਵਲਾ ਗੁਰ ਸਰਣਾਈ।
ਮੂਲਾ ਸੂਜਾ ਧਾਵਣੇ ਚੰਦੂ ਚਉਝੜ ਸੇਵ ਕਮਾਈ।
ਰਾਮਦਾਸੁ ਭੰਡਾਰੀਆ ਬਾਲਾ ਸਾਈਂਦਾਸੁ ਧਿਆਈ।
ਗੁਰਮੁਖਿਬਿਸਨੂ ਬੀਬੜਾਮਾਛੀਸੁੰਦਰਿ ਗੁਰਮਤਿਪਾਈ।
ਸਾਧ ਸੰਗਤਿ ਵਡੀ ਵਡਿਆਈ ॥ ੧੯ ॥

## ਪਉੜੀ ੨੦

[ਸਿਖ ਨਾਮਾਵਲੀ]

ਜਟੂ ਭਾਨੂ ਤੀਰਥਾ [2]ਚਾਇ ਚਈਲੇ ਚਢੇ ਚਾਰੇ।
ਸਣੇ ਨਿਹਾਲੇ ਜਾਣੀਅਨਿ ਸਨਮੁਖ ਸੇਵਕ ਗੁਰੂ ਪਿਆਰੇ।
ਸੇਖੜ ਸਾਧ ਵਖਾਣੀਅਹਿ ਨਾਉ ਭੁਲੂ ਸਿਖ ਸੁਚਾਰੇ।
ਜਟੂ ਭੀਵਾ ਜਾਣੀਅਨਿ ਮਹਾਂ ਪੁਰਖੁ ਮੂਲਾ ਪਰਵਾਰੇ।
ਚਤੁਰਦਾਸੁ ਮੂਲਾ ਕਪੂਰੁ ਹਾਡੂ ਗਾਡੂ ਵਿਜ ਵਿਚਾਰੇ।
ਫਿਰਣਾ ਬਹਿਲੁ ਵਖਾਣੀਐ ਜੇਠਾ ਚੰਗਾ ਕੁਲ ਨਿਸਤਾਰੇ।
ਵਿਸਾ ਗੋਪੀ ਤੁਲਸੀਆ ਭਾਰਦੁਆਜੀ ਸਨਮੁਖ ਸਾਰੇ
ਵਡਾ ਭਗਤੁ ਹੈ ਭਾਈਅੜਾ ਗੋਇੰਦੁ ਘੇਈ ਗੁਰੂ ਦੁਆਰੇ।
ਸਤਿਗੁਰਿ ਪੂਰੇ ਪਾਰਿ ਉਤਾਰੇ ॥ ੨੦ ॥

---

੧ ਤੱਤਵੇਤਾ, ਗਿਆਨੀ। ੨ ਬਹੁਤ ਪ੍ਰੇਮੀ। ੩ ਚੰਗੇ ਆਚਰਣ ਵਾਲੇ।

Digitized by Panjab Digital Library | www.panjabdigilib.org

## ਪਉੜੀ ੨੧

[ਸੁਲਤਾਨ ਪੁਰੀਏ ਸਿਖ]

ਕਾਲੂ ਚਾਊ ਬੰਮੀਆ ਮੂਲੇ ਨੋ ਗੁਰ ਸਬਦੁ ਪਿਆਰਾ।
ਹੇਮਾ ਵਿਚਿ ਕਪਾਹੀਆ[੧] ਗੋਬਿੰਦੁ ਘੇਈ[੨] ਗੁਰ ਨਿਸਤਾਰਾ।
ਭਿਖਾ ਟੋਡਾ ਭਟ ਦੁਇ ਧਾਰੂ ਸੂਦ ਮਹੇਲ ਤਿਸੁ ਭਾਰਾ।
ਗੁਰਮੁਖਿ ਰਾਮੂ ਕੋਹਲੀ ਨਾਲਿ ਨਿਹਾਲੂ ਸੇਵਕੁ ਸਾਰਾ।
ਛਜੂ ਭਲਾ ਜਾਣੀਐ ਮਾਈ ਦਿਤਾ ਸਾਧੂ ਵਿਚਾਰਾ।
ਤੁਲਸਾ ਵਹੁਰਾ ਭਗਤ ਹੈ ਦਾਮੋਦਰੁ ਆਕੁਲ ਬਲਿਹਾਰਾ।
ਭਾਨਾ ਆਵਲ ਵਿਗਹਮਲੁ ਬੁਧੂ ਛੀਬਾ ਗੁਰ ਦਰਬਾਰਾ।
ਸੁਲਤਾਨ ਪੁਰਿ ਭਗਤਿ ਭੰਡਾਰਾ ॥ ੨੧ ॥

## ਪਉੜੀ ੨੨

[ਮਸੰਦ ਸਿਖ]

ਦੀਪਕੁ ਦੀਪਾ ਕਾਸਰਾ[੩] ਗੁਰੂ ਦੁਆਰੈ ਹੁਕਮੀ ਬੰਦਾ।
ਪਟੀ ਅੰਦਰਿ ਚਉਧਰੀ ਢਿਲੋ ਲਾਲੁ ਲੰਗਾਹੁ ਸੁਹੰਦਾ।
ਅਜਬੁ ਅਜਾਇਬੁ ਸੰਙਿਆ ਉਮਰਸਾਹੁ ਗੁਰ ਸੇਵ ਕਰੰਦਾ।
ਪੈੜਾ ਛਜਲੁ ਜਾਣੀਐ ਕੰਦੂ ਸੰਘਰੁ ਮਿਲੈ ਹਸੰਦਾ।
ਪੁਤੁ ਸਪਤੁ ਕਪੂਰਿ ਦੇਉ ਸਿਖੈ ਮਿਲਿਆਂ ਮਨਿ ਵਿਗਸੰਦਾ[੪]।
ਸੰਮਣੁ ਹੈ ਸਾਹਬਾਜ ਪੁਰਿ ਗੁਰ ਸਿਖਾਂ ਦੀ ਸਾਰ ਲਹੰਦਾ।
ਜੋਧਾ ਜਲੋ ਤੁਲਸ ਪੁਰਿ ਮੋਹਣ ਆਲਮੁ ਗੰਜਿ ਰਹੰਦਾ।
ਗੁਰਮੁਖਿ ਵਡਿਆ ਵਡੇ ਮਸੰਦਾ ॥ ੨੨ ॥

---

੧ ਕਪਾਹ ਵੇਚਣ ਵਾਲਾ। ੨ ਘਿਉ ਵੇਚਣ ਵਾਲਾ। ੩ ਜਾਤਿ ਦਾ ਨਾਉ। ੪ ਪ੍ਰਸੰਨ ਹੁੰਦਾ ਹੈ।

Digitized by Panjab Digital Library | www.panjabdigilib.org

## ਪਉੜੀ ੨੩

[ਅਤਿ ਸਨਮੁਖ ਸਿਖ]

ਢੇਸੀ ਜੋਧੁ ਹੁਸੰਗੁ ਹੈ ਗੋਇੰਦੁ ਗੋਲਾ ਹਸਿ ਮਿਲੰਦਾ॥
ਮੋਹਣੁ ਕੁਕੁ ਵਖਾਣੀਐ ਧੁਟੇ ਜੋਧੇ ਜਾਮੁ ਸੁਹੰਦਾ।
ਮੰਝੂ ਪੰਨੂ ਪਰਵਾਣੁ ਹੈ ਪੀਰਾਣਾ [੧]ਗੁਰ ਭਾਇ ਚਲੰਦਾ।
ਹਮਜਾ ਜਜਾ ਜਾਣੀਐ ਬਾਲਾ ਮਰਵਾਹਾ ਵਿਗਸੰਦਾ।
ਨਿਰਮਲ ਨਾਨੋ ਓਹਰੀ ਨਾਲਿ ਸੂਰੀ ਚਉਧਰੀ ਰਹੰਦਾ।
ਪਰਬਤਿ ਕਾਲਾ ਮੇਹਰਾ ਨਾਲਿ ਨਿਹਾਲੂ ਸੇਵ ਕਰੰਦਾ।
ਕਕਾ[੨] ਕਾਲਉ [੩]ਸੂਰਮਾ ਕਦੁ ਰਾਮਦਾਸ ਬਚਨ ਮਨੰਦਾ।
ਸੇਠ ਸਭਾਗਾ ਚੂਹਣੀਅਹੁ ਆਰੋੜੇ ਭਾਗ ਉਗਵੰਦਾ।
ਸਨਮੁਖ ਇਕਦੂ ਇਕ ਚੜ੍ਹੰਦਾ ॥ ੨੩ ॥

## ਪਉੜੀ ੨੪

[ਪੰਜਾਬ ਦੇ ਹੀ ਸਿਖ]

ਪੈੜਾ ਜਾਤਿ ਚੰਡਾਲੀਆ ਜੇਠੇ ਸੇਠੀ ਕਾਰ ਕਮਾਈ।
ਲਟਕਣੁ ਘੂਰਾ ਜਾਣੀਐ ਗੁਰਦਿਤਾ ਗੁਰਮਤਿ ਗੁਰਭਾਈ।
ਕਾਟਾ ਰਾਉ ਸਰਾਫ ਹੈ ਭਗਤ ਵਡਾ ਭਗਵਾਨ ਸੁਭਾਈ।
ਸਿਖ ਭਲਾ ਰਵਿਦਾਸ ਵਿਚਿ ਧਉਣਮੁਰਾਰੀ ਗੁਰ ਸਰਣਾਈ।
ਆਡਿਤ ਸੁਇਨੀ ਸੂਰਮਾ ਚਰਣ ਸਰਣਿ ਚੂਹੜੁ ਜੇ ਸਾਈ।
ਲਾਲਾ ਸੇਠੀ ਜਾਣੀਐ ਜਾਣੁ ਨਿਹਾਲੂ ਸਬਦਿ ਲਿਵਲਾਈ।
ਰਾਮਾ ਝੰਝੀ ਆਖੀਐ ਹੇਮੂ ਸੋਈ ਗੁਰਮਤਿ[੪] ਪਾਈ।
ਜਟੂ ਭੰਡਾਰੀ ਭਲਾ ਸਾਹਦਰੈ ਸੰਗਤਿ ਸੁਖਦਾਈ[੫]।
ਪੰਜਾਬੈ ਗੁਰ ਦੀ ਵਡਿਆਈ ॥ ੨੪ ॥

---

੧ ਗੁਰੂ ਦੇ ਭਾਣੇ ਅਨੁਸਾਰ ਚਲਦਾ ਹੈ। ੨ ਭੂਰੇ ਰੰਗ ਦਾ। ੩ ਵੱਡੀ ਡੀਲ ਡੌਲ ਵਾਲਾ। ੪ ਗੁਰੂ ਜੀ ਦੀ ਸਿੱਖਯਾਂ। ੫ ਸੁਖ ਦੇਣ ਵਾਗੀ।

Digitized by Panjab Digital Library | www.panjabdigilib.org

## ਪਉੜੀ ੨੫

[ਲਾਹੌਰ ਮੁਜੰਗੀ ਸੰਗਤ]

ਸਨਮੁਖਿ ਸਿਖ ਲਾਹੌਰਵਿਚਿ ਸੋਢੀ ਆਇਨੁ[1] ਤਾਇਆ ਸੰਹਾਰੀ
ਸਾਈਂ ਦਿਤਾ ਝੁੰਝੀਆ ਸੈਦੋ ਜਟੁ ਸਬਦੁ ਵੀਚਾਰੀ।
ਬੁਧੂ ਮਹਿਤਾ ਜਾਣੀਅਹਿ ਕੁਲ ਕੁਮ੍ਹਿਆਰ ਭਗਤਿ ਨਿਰੰਕਾਰੀ।
ਲਖੂ ਵਿਚਿ ਪਟੋਲੀਆ ਭਾਈ ਲਧਾ ਪਰਉਪਕਾਰੀ।
ਕਾਲੂ ਨਾਨੋ ਰਾਜ ਦੁਇ ਹਾੜੀ ਕੋਹਲੀਆ ਵਿਚਿ ਭਾਰੀ
ਸੂਦੁ ਕਲਿਆਣਾ ਸੂਰਮਾ ਭਾਨੂ ਭਗਤੁ ਸਬਦੁ ਵੀਚਾਰੀ।
ਮੂਲਾ ਬੇਰੀ ਜਾਣੀਐ ਤੀਰਥੁ ਅਤੈ ਮੁਕੰਦੁ ਅਪਾਰੀ।
ਕਹੁ ਕਿਸਨਾ ਮੁਹਜੰਗੀਆ ਸੇਠ ਮੰਗੀਣੇ ਨੋ ਬਲਿਹਾਰੀ।
ਸਨਮੁਖੁ ਸੁਨਿਆਰਾ ਭਲਾ ਨਾਉ ਨਿਹਾਲੂ ਸਪਰਵਾਰੀ[2]।
ਗੁਰਮੁਖਿ ਸੁਖ ਫਲ ਕਰਣੀ [3]ਸਾਰੀ॥ ੨੫॥

## ਪਉੜੀ ੨੬

[ਦੇਸ਼ਾਂਤਰੀ ਸੰਗਤ]

ਭਾਨਾ ਮਲਣੁ ਜਾਣੀਐ ਕਾਬਲਿ ਰੇਖਰਾਉ ਗੁਰਭਾਈ।
ਮਾਧੋ ਸੋਢੀ ਕਾਸਮੀਰ ਗੁਰ ਸਿਖੀ ਦੀ ਚਾਲ ਚਲਾਈ।
ਭਾਈ ਭੀਵਾ ਸੀਹਰੰਦਿ ਰੂਪਚੰਦੁ ਸਨਮੁਖ ਸਤ ਭਾਈ।
ਪਰਤਾਪੂ ਸਿਖੁ ਸੂਰਮਾ ਨੰਦੈ ਵਿਠੜਿ[4] ਸੇਵ ਕਮਾਈ।
ਸਾਮੀਦਾਸ ਵਛੇਰੁ ਹੈ ਥਾਨੇਸੁਰ ਸੰਗਤਿ ਬਹਲਾਈ[5]।
ਗੋਪੀ ਮਹਤਾ ਜਾਣੀਐ ਤੀਰਥੁ ਨਥਾ ਗੁਰ ਸਰਣਾਈ।
ਭਾਊ ਮੋਕਲੁ ਆਖੀਅਹਿ ਢਿਲੀ ਮੰਡਲਿ ਗੁਰਮਤਿ ਪਾਈ।
ਜੀਵੰਦੁ ਜਗਸੀ ਫਤੇ ਪਰਿ ਸੇਠਿ ਤਲੋਕੇ ਸੇਵ ਕਮਾਈ।
ਸਤਿਗੁਰ ਦੀ ਵਡੀ ਵਡਿਆਈ॥ ੨੬॥

---

੧ ਘਰਾਣਾ। ੨ ਸਣੇ ਪਰਵਾਰ ਦੇ। ੩ ਸੰਵਾਰ (ਕੀਤੀ)। ੪ ਜਾਤੀ ਨਾ ਨਾਉਂ। ੫ ਗੁਰੂ ਵਲ ਪਰੇਰਕੇ ਲਿਆਂਦੀ।

Digitized by Panjab Digital Library | www.panjabdigilib.org

## ਪਉੜੀ ੨੭

[ਆਗਰੇ ਦੀ ਸੰਗਤ]

ਮਹਤਾ ਸਕਤੂ ਆਗਰੈ ਚਢਾ ਹੋਆ ਨਿਹਾਲੁ ਨਿਹਾਲਾ।
ਗੜ੍ਹੀਅਲੁ ਮਥਰਾ ਦਾਸੁ ਹੈ ਸਪਰਵਾਰਾ[1] ਲਾਲ ਗੁਲਾਲਾ।
ਗੰਗਾ ਸਹਗਲੁ ਸੂਰਮਾ ਹਰਵੰਸ ਤਪੇ ਟਹਲ ਧਰਮਸਾਲਾ।
ਅਣਦੁ ਮੁਰਾਰੀ ਮਹਾਂਪੁਰਖੁ ਕਲਿਆਣਾ ਕੁਲਿ ਕਵਲੁ ਰਸਾਲਾ[2]।
ਨਾਨੋ ਲਟਕਣੁ ਬਿੰਦਰਾਉ ਸੇਵਾ ਸੰਗਤਿ [3]ਪੂਰਣ ਘਾਲਾ।
ਹਾਂਡਾ ਆਲਮਚੰਦੁ ਹੈ ਸੈਸਾਰਾ ਤਲਵਾੜੁ ਸੁਖਾਲਾ।
ਜਗਨਾ ਨੰਦਾ ਸਾਧ ਹੈ ਭਾਨੂ ਸੁਹੜੁ ਹੰਸਾਂ ਦੀ ਢਾਲਾ[4]।
ਗੁਰ ਭਾਈ ਰਤਨਾਂ ਦੀ ਮਾਲਾ ॥੨੭॥

## ਪਉੜੀ ੨੮

[ਹਜ਼ੂਰੀ ਸਿਖ]

ਸੀਗਾਰੂ ਜੈਤਾ ਭਲਾ ਸੂਰਬੀਰ ਮਨਿ ਪਰਉਪਕਾਰਾ।
ਜੈਤਾ ਨੰਦਾ ਜਾਣੀਐ ਪੁਰਖ ਪਿਰਾਗਾ ਸਬਦਿ ਅਧਾਰਾ।
ਤਿਲਕੁ[5] ਤਿਲੋਕਾ ਪਾਠਕਾ ਸਾਧੁ ਸੰਗਤਿ ਸੇਵਾ ਹਿਤਕਾਰਾ।
ਤੋਤਾ ਮਹਤਾ ਮਹਾਂ ਪੁਰਖੁ ਗੁਰਮੁਖਿ ਸੁਖਫਲ ਸਬਦੁ ਪਿਆਰਾ।
ਜੜੀਆ ਸਾਈਂਦਾਸੁ ਹੈ ਸਭ ਕੁਲੁ ਹੀਰੇ ਲਾਲ ਅਪਾਰਾ।
ਮਲਕ ਪੈੜਾ ਹੈ ਕੋਹਲੀ ਦਰਗਹੁ ਭੰਡਾਰੀ ਅਤਿ ਭਾਰਾ।
ਮੀਆਂ ਜਮਾਲੁ ਨਿਹਾਲੁ ਹੈ ਭਗਤੂ ਭਗਤ ਕਮਾਵੈ ਕਾਰਾ।
ਪੂਰਾ ਗੁਰ ਪੂਰਾ ਵਰਤਾਰਾ ॥ ੨੮ ॥

---

੧ ਪਰਵਾਰ ਸਮੇਤ। ੨ ਰਸ ਦਾ ਘਰ, ਰਸ ਭਰਿਆ। ੩ ਪੂਰੀ ਕਮਾਈ ਕੀਤੀ। ੪ ਤਰ੍ਹਾਂ। ੫ ਟਿੱਕਾ, ਭਾਵ ਸ਼ਰੋਮਣੀ।

Digitized by Panjab Digital Library | www.panjabdigilib.org

## ਪਉੜੀ ੨੯

[ਛੇਵੇਂ ਗੁਰੂ ਜੀ ਦੇ ਸਿਖਾਂ ਦੇ ਨਾਮ]

ਆਨੰਤਾ ਕੁਕੋ ਭਲੇ ਸੋਭ ਵਧਾਵਣ ਹਨਿ ਸਿਰਦਾਰਾ।
ਇਟਾ ਰੋੜਾ ਜਾਣੀਐ ਨਵਲ ਨਿਹਾਲੂ ਸਬਦ ਵੀਚਾਰਾ।
ਤਖਤੂ ਧੀਰ ਗੰਭੀਰੁ ਹੈ ਦਰਗਹੁ ਤੁਲੀ ਜਪੈ ਨਿਰੰਕਾਰਾ।
ਮਨਸਾ ਧਾਰੁ ਅਥਾਹੁ ਹੈ ਤੀਰਥੁ ਉਪਲੁ ਸੇਵਕ ਸਾਰਾ।
ਕਿਸਨਾ ਝੰਝੀ ਆਖੀਐ ਪੰਮੂ ਪੁਰੀ ਗੁਰੂ ਕਾ ਪਿਆਰਾ।
ਧਿੰਗੜ੍ਹ ਮੱਦੂ ਜਾਣੀਅਨਿ ਵਡੇ ਸੁਜਾਨ ਤਖਾਣ ਅਪਾਰਾ।
ਬਨਵਾਲੀ ਤੇ ਪਰਸਰਾਮ ਬਾਲ ਵੈਦ ਹਉ ਤਿਨਿ ਬਲਿਹਾਰਾ।
ਸਤਿਗੁਰ ਪੁਰਖੁ ਸਵਾਰਨ ਹਾਰਾ ॥ ੨੯ ॥

## ਪਉੜੀ ੩੦

[ਛੇਵੇਂ ਗੁਰੂ ਜੀ ਦੇ ਹੋਰ ਸਿਖ]

ਲਸ਼ਕਰ ਭਾਈ ਤੀਰਥਾ ਗੁਆਲੀਏਰ ਸੁਇਨੀ ਹਰਿਦਾਸੁ।
ਭਾਵਾ ਧੀਰੁ ਉਜੈਨ ਵਿਚਿ ਸਾਧ ਸੰਗਤਿ ਗੁਰੁ ਸਬਦਿ ਨਿਵਾਸ।
ਮੇਲ ਵਡਾ ਬੁਰਹਾਨ ਪੁਰਿ ਸਨਮੁਖ ਸਿਖ ਸਹਜ ਪਰਗਾਸ।
ਭਗਤ ਭਈਆ ਭਗਵਾਨ ਦਾਸ ਨਾਲਿ ਬੋਦਲਾ ਘਰੇ ਉਦਾਸ।
ਮਲਕ ਕਟਾਰੂ ਜਾਨੀਐ ਪਿਰਥੀਮਲ [1]ਜਰਾਹੀ ਖਾਸ।
ਭਗਤੂ ਛੁਰਾ ਵਖਾਣੀਐ ਡਲੂ ਰੀਹਾਣੈ ਸਾਬਾਸ।
ਸੁੰਦਰ ਸੁਆਮੀ ਦਾਸ ਦੁਇ ਵੰਸ ਵਧਾਵਣ [2]ਕਵਲ ਵਿਗਾਸ।
ਗੁਜਰਾਤੇ ਵਿਚਿ ਜਾਣੀਐ ਭੇਖਾਰੀ ਭਾਬੜਾ ਸੁਲਾਸ।
ਗੁਰਮੁਖਿ ਭਾਉ ਭਗਤਿ ਰਹਿਰਾਸੁ ॥ ੩੦ ॥

---

੧ ਜੋ ਮਲ੍ਹਮ ਪੱਟੀ ਕਰੇ । ੨ ਕੰਵਲ ਵਾਂਗ ਖਿੜੇ ਰਹਿਣ ਵਾਲੇ ।

Digitized by Panjab Digital Library | www.panjabdigilib.org

## ਪਉੜੀ ੩੧

[ਛੇਵੇਂ ਗੁਰੂ ਜੀ ਦੇ ਸਿਖ]

ਸੁਹੰਡੇ ਮਾਈਆ ਲੰਬ[੧] ਹੈ ਸਾਧ ਸੰਗਤਿ ਗਾਵੈ ਗੁਰਬਾਨੀ।
ਚੂਹੜ ਚਉਝੜੁ ਲਖਨਊ ਗੁਰਮੁਖਿ ਅਨਦਿਨੁ ਨਾਮ ਵਖਾਨੀ।
ਸਨਮੁਖ ਸਿਖੁ ਪਿਰਾਗ ਵਿਚ ਭਾਈ ਭਾਨਾ [੨]ਵਿਰਤੀ. ਹਾਨੀ।
ਜਟੂ ਤਪਾ ਸੁ ਜੋਨਪੁਰਿ ਗੁਰਮਤਿ ਨਿਹਚਲ ਸੇਵ ਕਮਾਨੀ।
ਪਟਣੈ ਸਭਰਵਾਲ ਹੈ ਨਵਲੁ ਨਿਹਾਲਾ [੩]ਸੁਧ ਪਰਾਣੀ।
ਜੈਤਾ ਸੇਠ ਵਖਾਣੀਐ ਵਿਣੁ ਗੁਰ ਸੇਵਾ ਹੋਰੁ ਨ ਜਾਣੀ।
[੪]ਰਾਜ ਮਹਿਲ ਭਾਨੂ ਬਹਿਲੁ ਭਾਉ ਭਗਤਿ ਗੁਰਮਤਿ ਮਨਿਭਾਣੀ।
ਸਨਮੁਖੁ ਸੋਢੀ ਬਦਲੀ ਸੇਠਿ ਗੁਪਾਲੈ ਗੁਰਮਤਿ ਜਾਣੀ।
ਸੁੰਦਰੁ ਚਢਾ ਆਗਰੇ ਢਾਕੈ ਮੋਹਣਿ ਸੇਵ ਕਮਾਣੀ।
ਸਾਧ ਸੰਗਤਿ ਵਿਟਹੁ [੫]ਕੁਰਬਾਣੀ ॥ ੩੧ ॥ ੧੧ ॥

* *

—

* *

੧ ਜਾਤੀ ਦਾ ਨਾਉਂ। ੨ ਸੰਸਾਰਕ ਰੋਜ਼ੀ ਦਾ ਨੁਕਸਾਨ ਕੀਤਾ ਹੈ। ੩ ਖਰਾ ਆਦਮੀ। ੪ ਸ਼ਹਿਰ ਦਾ ਨਾਉਂ। ੫ ਉੱਪਰੋਂ।

Digitized by Panjab Digital Library | www.panjabdigilib.org

# ਵਾਰ ੧੨.

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਗੁਰ ਸਿਖਾਂ ਦੀ ਕਰਨੀ]

ਬਲਿਹਾਰੀ ਤਿਨ੍ਹਾਂ ਗੁਰ ਸਿਖਾਂ ਜਾਇ ਜਿਨਾ ਗੁਰ ਦਰਸਨੁ ਡਿਠਾ ।
ਬਲਿਹਾਰੀ ਤਿਨ੍ਹਾਂ ਗੁਰ ਸਿਖਾਂ ਪੈਰੀ ਪੈ ਗੁਰ ਸਭਾ ਬਹਿਠਾ[੧] ।
ਬਲਿਹਾਰੀ ਤਿਨ੍ਹਾਂ ਗੁਰ ਸਿਖਾਂ ਗੁਰਮਤਿ ਬੋਲ ਬੋਲਦੇ ਮਿਠਾ ।
ਬਲਿਹਾਰੀ ਤਿਨ੍ਹਾਂ ਗੁਰ ਸਿਖਾਂ ਪੁਤ੍ਰ ਮਿਤ੍ਰ ਗੁਰਭਾਈ ਇਠਾ[੨] ।
ਬਲਿਹਾਰੀ ਤਿਨ੍ਹਾਂ ਗੁਰ ਸਿਖਾਂ ਗੁਰ ਸੇਵਾ ਜਾਣਨਿ ਅਭਿਰਿਠਾ[੩] ।
ਬਲਿਹਾਰੀ ਤਿਨ੍ਹਾਂ ਗੁਰ ਸਿਖਾਂ ਆਪਿ ਤਾਰੇਨਿ ਸਰਿਠਾ[੪] ।
ਗੁਰਸਿਖ ਮਿਲਿਆ ਪਾਪ ਪਣਿਠਾ[੫] ॥ ੧ ॥

## ਪਉੜੀ ੨

[ਗੁਰ ਸਿਖਾਂ ਦਾ ਨਿਤਨੇਮ]

ਕੁਰਬਾਣੀ ਤਿਨਾ ਗੁਰ ਸਿਖਾ[੬] ਪਿਛਲੀ ਰਾਤੀ ਉਠਿ ਬਹੰਦੇ ।
ਕੁਰਬਾਣੀ ਤਿਨਾ ਗੁਰ ਸਿਖਾ ਅੰਮ੍ਰਿਤੁ ਵੇਲੇ ਸਰਿ[੭] ਨਾਵੰਦੇ ।
ਕੁਰਬਾਣੀ ਤਿਨਾ ਗੁਰ ਸਿਖਾ ਹੋਇ ਇਕ ਮਨਿ ਗੁਰ ਜਾਪੁ ਜਪੰਦੇ ।
ਕੁਰਬਾਣੀ ਤਿਨਾ ਗੁਰ ਸਿਖਾ ਸਾਧ ਸੰਗਤਿ ਚਲਿ ਜਾਇ ਜੁੜੰਦੇ ।
ਕੁਰਬਾਣੀ ਤਿਨਾ ਗੁਰ ਸਿਖਾ ਗੁਰਬਾਣੀ ਨਿਤਿ ਗਾਇ ਸੁਣੰਦੇ ।
ਕੁਰਬਾਣੀ ਤਿਨਾ ਗੁਰ ਸਿਖਾ ਮਨ ਮੇਲੀ ਕਰਿ ਮੇਲਿ ਮਿਲੰਦੇ ।
ਕੁਰਬਾਣੀ ਤਿਨਾ ਗੁਰ ਸਿਖਾ ਭਾਇ ਭਗਤਿ ਗੁਰਪੁਰਬ ਕਰੰਦੇ ।
ਗੁਰ ਸੇਵਾ ਫਲੁ ਸੁਫਲੁ ਫਲੰਦੇ ॥ ੨ ॥

---

੧ ਬੈਠਦੇ ਹਨ । ੨ ਇਸ਼ਟ ਅਰਥਾਤ ਮਨ ਭਾਉਂਦੇ ਪਦਾਰਥ । ੩ ਪਿਆਰੀ । ੪ ਸ੍ਰਿਸ਼ਟੀ । ੫ ਦੂਰ ਹੋਣਾ । ੬ ਅੰਮ੍ਰਿਤ ਵੇਲੇ । ੭ ਤਲਾ, ਨਦੀ, ਛੰਭ ਆਦਿ ।

Digitized by Panjab Digital Library | www.panjabdigilib.org

## ਪਉੜੀ ੩

[ਗੁਰ ਸਿਖ ਦਾ ਹਿਰਦਾ]

ਹਉ ਤਿਸੁ ਵਿਟਹੁ[੧] ਵਾਰਿਆ ਹੋਦੈ ਤਾਣਿ[੨] ਜੁ ਹੋਇ ਨਿਤਾਣਾ।
ਹਉ ਤਿਸੁ ਵਿਟਹੁ ਵਾਰਿਆ ਹੋਦੈ ਮਾਣਿ ਜੁ ਰਹੈ ਨਿਮਾਣਾ।
ਹਉ ਤਿਸੁ ਵਿਟਹੁ ਵਾਰਿਆ ਛੋਡਿ ਸਿਆਣਪ ਹੋਇ ਇਆਣਾ।
ਹਉ ਤਿਸੁ ਵਿਟਹੁ ਵਾਰਿਆ ਖਸਮੈ ਦਾ ਭਾਵੈ ਜਿਸੁ ਭਾਣਾ।
ਹਉ ਤਿਸੁ ਵਿਟਹੁ ਵਾਰਿਆ ਗੁਰਮੁਖੁ ਮਾਰਗੁ ਦੇਖਿ ਲੁਭਾਣਾ।
ਹਉ ਤਿਸੁ ਵਿਟਹੁ ਵਾਰਿਆ ਚਲਣ ਜਾਣਿ [੩]ਜੁਗਤਿਮਿਹਮਾਣਾ।
ਦੀਨ ਦੁਨੀ ਦਰਗਹ ਪਰਵਾਣਾ ॥ ੩ ॥

## ਪਉੜੀ ੪

[ਗੁਰ ਸਿੱਖ ਅਪਰਸ ਹੈ]

ਹਉ ਤਿਸੁ [੪]ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ।
ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ।
ਹਉ ਤਿਸੁ ਘੋਲਿ ਘੁਮਾਇਆ ਪਰਦਰਬੈ[੫] ਨੋ ਹਥੁ ਨ ਲਾਵੈ।
ਹਉ ਤਿਸੁ ਘੋਲਿ ਘੁਮਾਇਆ ਪਰਨਿੰਦਾ ਸੁਣਿ ਆਪੁ ਹਟਾਵੈ।
ਹਉ ਤਿਸੁ ਘੋਲਿ ਘੁਮਾਇਆ ਸਤਿਗੁਰ ਦਾ ਉਪਦੇਸੁ ਕਮਾਵੈ।
ਹਉ ਤਿਸੁ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ।
ਗੁਰਮੁਖਿ ਸੋਈ ਸਹਜਿ ਸਮਾਵੈ ॥ ੪ ॥

## ਪਉੜੀ ੫

[ਗੁਰ ਸਿਖ ਗਿਆਨੀ ਹੈ]

ਹਉ ਤਿਸਦੈ ਚਉਖੰਨੀਐ[੬] ਗੁਰ ਪਰਮੇਸਰੁ ਏਕੋ ਜਾਣੈ।
ਹਉ ਤਿਸਦੈ ਚਉਖੰਨੀਐ ਦੂਜਾ ਭਾਉ ਨ ਅੰਦਰ ਆਣੈ।

---

੧ ਉਪਰੋਂ। ੨ ਬਲ। ੩ ਮਹਿਮਾਣਾਂ ਵਾਂਗ। ੪ ਵਾਰਨੇ ਜਾਂਦਾ ਹਾਂ। ੫ ਪਰਾਇਆ ਧਨ।
੬ ਚਾਰ ਟੋਟੇ ਹੋ ਜਾਵਾਂ, ਅਰਥਾਤ ਕੁਰਬਾਨ ਜਾਂਦਾ ਹਾਂ।

Digitized by Panjab Digital Library | www.panjabdigilib.org

ਹਉ ਤਿਸਦੈ ਚਉਖੰਨੀਐ ਅਉਗਣ ਕੀਤੇ ਗੁਣ ਪਰਵਾਣੈ।
ਹਉ ਤਿਸਦੈ ਚਉਖੰਨੀਐ ਮੰਦਾ ਕਿਸੈ ਨ ਆਖਿ ਵਖਾਣੈ।
ਹਉ ਤਿਸਦੈ ਚਉਖੰਨੀਐ ਆਪੁ [1]ਠਗਾਏ* ਲੋਕਾ ਭਾਣੈ।
ਹਉ ਤਿਸਦੈ ਚਉਖੰਨੀਐ ਪਰਉਪਕਾਰ ਕਰੇ ਰੰਗ ਮਾਣੈ।
ਲਉਬਾਲੀ[2] ਦਰਗਹ ਵਿਚਿ ਮਾਣੁ ਨਿਮਾਣਾ ਮਾਣੁ ਨਿਮਾਣੈ।
ਗੁਰ ਪੂਰਾ ਸਬਦਿ ਸਿਞਾਣੈ ॥ ੫ ॥

## ਪਉੜੀ ੬

[ਸਿਖ ਦੀ ਨਿਸ਼ਕਾਮ ਅਵਸਥਾ]

ਹਉ ਸਦਕੇ ਤਿਨਾ ਗੁਰਸਿਖਾ ਸਤਿਗੁਰ ਨੋ ਮਿਲਿ ਆਪੁ ਗਵਾਇਆ।
ਹਉ ਸਦਕੇ ਤਿਨਾ ਗੁਰਸਿਖਾ ਕਰਨ ਉਦਾਸੀ ਅੰਦਰਿ ਮਾਇਆ।
ਹਉ ਸਦਕੇ ਤਿਨਾ ਗੁਰਸਿਖਾ ਗੁਰਮਤਿ ਗੁਰਚਰਣੀ ਚਿਤੁ ਲਾਇਆ।
ਹਉ ਸਦਕੇ ਤਿਨਾ ਗੁਰਸਿਖਾ ਗੁਰਸਿਖ ਦੇ ਗੁਰਸਿਖ ਮਿਲਾਇਆ।
ਹਉ ਸਦਕੇ ਤਿਨਾ ਗੁਰਸਿਖਾ ਬਾਹਰਿ ਜਾਂਦਾ ਵਰਜਿ ਰਹਾਇਆ।
ਹਉ ਸਦਕੇ ਤਿਨਾ ਗੁਰਸਿਖਾ ਆਸਾ ਵਿਚਿ ਨਿਰਾਸੁ ਵਲਾਇਆ।
ਸਤਿਗੁਰ ਦਾ ਉਪਦੇਸ ਦਿੜਾਇਆ ॥ ੬ ॥

## ਪਉੜੀ ੭

[ਬ੍ਰਹਮਾ ਦੀ ਕਰਤੂਤ]

ਬ੍ਰਹਮਾ ਵਡਾ ਅਖਾਇਦਾ ਨਾਭਿ ਕਵਲ ਦੀ [3]ਨਾਲਿ ਸਮਾਣਾ।
ਆਵਾ ਗਵਣੁ ਅਨੇਕ ਜੁਗ ਓੜਕ ਵਿਚਿ ਹੋਆ ਹੈਰਾਣਾ।
ਓੜਕੁ ਕੀਤੁਸੁ ਆਪਣਾ ਆਪ ਗਣਾਇਐ ਭਰਮਿ ਭੁਲਾਣਾ।
ਚਾਰੇ ਬੇਦ ਵਖਾਣਦਾ ਚਤੁਰਮੁਖੀ[4] ਹੋਇ ਖਰਾ ਸਿਆਣਾ।
ਲੋਕਾਂ ਨੋ ਸਮਝਾਇਦਾ ਦੇਖਿ ਸੁਰਸਤੀ ਰੂਪ ਲੋਭਾਣਾ।

---

੧ ਲੋਕਾਂ ਦੀ ਖਾਤਰ ਆਪਣਾ ਹਰਜ ਕਰਾ ਲੈਂਦਾ ਹੈ। ੨ ਬੇਪਰਵਾਹ (ਵਾਹਿਗੁਰੂ)। ੩ ਕੰਵਲ ਫੁੱਲ ਦੀ ਡੰਡੀ ਵਿਚ। ੪ ਚਾਰ ਮੁਖਾਂ ਤੋਂ ਚਾਰੇ ਵੇਦ ਕਥਨ ਕਰਦਾ ਹੈ। *ਪਾ: ਗਵਾਏ।

Digitized by Panjab Digital Library | www.panjabdigilib.org

ਚਾਰੇ ਬੇਦ ਗਵਾਇਕੈ [੧]ਗਰਬੁ ਗਰੂਰੀ ਕਰਿ ਪਛੁਤਾਣਾ।
ਅਕਥ ਕਥਾ ਨੇਤ ਨੇਤ ਵਖਾਣਾ ॥ ੭ ॥

## ਪਉੜੀ ੮

[ਦਸ ਅਵਤਾਰਾਂ ਦੇ ਕਰਤਵ੍ਯ]

ਬਿਸਨ ਲਏ ਅਵਤਾਰ ਦਸ ਵੈਰ ਵਿਰੋਧ ਜੋਧ[੨] ਸੰਘਾਰੈ[੩]।
ਮਛ ਕਛ ਵੈਰਾਹ[੪] ਰੂਪ ਹੋਇ ਨਰਸਿੰਘ ਬਾਵਨ[੫] ਬਉਧਾਰੇ[੬]।
ਪਰਸਰਾਮੁ ਰਾਮੁ ਕਿਸਨੁ ਹੋਇ [੭]ਕਿਲੁਕਿ ਕਲੰਕੀ ਅਤਿ ਅਹੰਕਾਰੇ।
ਖਤ੍ਰੀ ਮਾਰਿ ਇਕੀਹ ਵਾਰ ਰਾਮਾਇਣ ਕਰਿ ਭਾਰਥ[੮] ਭਾਰੇ।
ਕਾਮ ਕਰੋਧੁ ਨ ਸਾਧਿਓ ਲੋਭੁ ਮੋਹ ਅਹੰਕਾਰੁ ਨ ਮਾਰੇ।
ਸਤਿਗੁਰ ਪੁਰਖੁ ਨ ਭੇਟਿਆ [੯]ਸਾਧ ਸੰਗਤਿ ਸਹਲੰਗ ਨ ਸਾਰੇ।
ਹਉਮੈ ਅੰਦਰਿ ਕਾਰਿ ਵਿਕਾਰੇ[੧੦] ॥ ੮ ॥

## ਪਉੜੀ ੯

[ਮਹਾ ਦੇਵ, ਸ਼ਿਵ]

ਮਹਾਦੇਉ ਅਉਧੂਤ[੧੧] ਹੋਇ ਤਾਮਸ[੧੨] ਅੰਦਰਿ ਜੋਗੁ ਨ ਜਾਣੈ।
ਭੈਰੋ ਭੂਤ ਕੁਸੂਤ[੧੩] ਵਿਚਿ ਖੇਤ੍ਰਪਾਲ[੧੪] ਬੇਤਾਲ[੧੫] ਧਿਙਾਣੈ।
ਅਕ ਧਤੂਰਾ ਖਾਵਣਾ ਰਾਤੀ ਵਾਸਾ ਮੜੀ ਮਸਾਣੈ।
ਪੈਨੈ ਹਾਥੀ ਸੀਹ ਖਲ ਡਉਰੂ ਵਾਇ[੧੬] ਕਰੈ ਹੈਰਾਣੈ[੧੭]।
ਨਾਥਾ ਨਾਥ ਸਦਾਇਦਾ ਹੋਇ ਅਨਾਥੁ ਨ ਹਰਿ ਰੰਗੁ ਮਾਣੈ।
ਸਿਰਠਿ ਸੰਘਾਰੈ ਤਾਮਸੀ ਜੋਗੁ ਨ ਭੋਗੁ ਨ ਜੁਗਤਿ ਪਛਾਣੈ।
ਗੁਰਮੁਖਿ ਸੁਖ ਫਲੁ ਸਾਧ ਸੰਗਾਣੈ ॥ ੯ ॥

---

੧ ਹੰਕਾਰ ਦੀ ਮਸਤੀ। ੨ ਲੜਾਕੇ। ੩ ਮਾਰੇ। ੪ ਸੂਰ ਅਵਤਾਰ (ਵਿਸ਼ਨੂੰ ਦੇ ਦਸਾਂ ਅਵਤਾਰਾਂ ਵਿਚੋਂ ਇਕ)। ੫ ਬਵੰਜਾ ਉਂਗਲੀਆਂ ਦੇ ਕੱਦ ਵਾਲਾ ਬਾਵਨ ਅਵਤਾਰ। ੬ ਬੁਧ ਅਵਤਾਰ। ੭ ਕਿਲਕਾਰੀ (ਗਰਜ) ਮਾਰ ਕੇ ਪਰਗਟ ਹੋਣ ਵਾਲਾ ਕਲਕੀ ਅਵਤਾਰ। ੮ ਭਾਰੀ ਯੁਧ। ੯ ਨਾਹੀਂ ਸਾਧ ਸੰਗਤ ਦੇ (ਸਹਲੰਗ) ਮੇਲ ਤੋਂ ਸਾਰ ਪਰਾਪਤ ਕੀਤਾ। ੧੦ ਵਿਅਰਥ। ੧੧ ਸਰੀਰ ਪੁਰ ਵਿਭੂਤੀ ਰਮਾਉਣ ਵਾਲਾ, ਜੋਗੀ। ੧੨ ਤਮੋ ਗੁਣੀ। ੧੩ ਮਾੜੇ ਕੰਮ। ੧੪ ਭੂਤ ਦਾ ਨਾਉਂ। ੧੫ ਭੂਤਨਾ ਧਕਾ ਕਰਦਾ ਹੈ। ੧੬ ਵਜਾ ਕੇ। ੧੭ ਦੁਨੀਆ ਦੀ ਮੌਤ ਕਰਦਾ ਹੈ।

Digitized by Panjab Digital Library | www.panjabdigilib.org

## ਪਉੜੀ ੧੦

(ਇੰਦ੍ਰ ਤੇ ਬ੍ਰਹਮਾ)

ਵਡੀ ਆਰਜਾ ਇੰਦ੍ਰ ਦੀ ਇੰਦ੍ਰ ਪੁਰੀ[1] ਵਿਚ ਰਾਜੁ ਕਮਾਵੈ।
ਚਉਦਹ ਇੰਦ੍ਰ [2]ਵਿਣਾਸੁਕਾਲਿਬ੍ਰਹਮੇ ਦਾ ਇਕੁ ਦਿਵਸੁਵਿਹਾਵੈ।
ਧੰਧੇ ਹੀ ਬ੍ਰਹਮਾ ਮਰੈ [3]ਲੋਮਸ ਦਾ ਇਕੁ ਰੋਮ ਛਿਜਾਵੈ।
[4]ਸੇਸ ਮਹੇਸ ਵਖਾਣੀਅਨਿ ਚਿਰੰਜੀਵ ਹੋਇ ਸਾਂਤਿ ਨ ਆਵੈ।
ਜੋਗ ਭੋਗ ਜਪ ਤਪ ਘਣੇ ਲੋਕ ਵੇਦ ਸਿਮਰਣੁ ਨ ਸੁਹਾਵੈ।
ਆਪੁ ਜਣਾਇ ਨ ਸਹਜਿ ਸਮਾਵੈ ॥ ੧੦ ॥

## ਪਉੜੀ ੧੧

[ਨਾਰਦਾਦਿਕ ਰਿਖੀ]

ਨਾਰਦੁ ਮੁਨੀ ਅਖਾਇਦਾ ਅਗਮੁ[5] ਜਾਣਿ ਨ ਧੀਰਜੁ ਆਣੈ।
ਸੁਣਿਸੁਣਿ ਮਸਲਤਿ ਮਜਲਸੈ ਕਰਿਕਰਿ ਚੁਗਲੀ ਆਖਿਵਖਾਣੈ।
ਬਾਲ ਬੁਧਿ ਸਨਕਾਦਿਕਾਂ[6] ਬਾਲ ਸੁਭਾਇ [7]ਨਵਿਰਤੀ ਹਾਣੈ।
ਜਾਇ ਬੈਕੁੰਠਿ ਕਰੋਧੁ ਕਰਿ ਦੇਇ ਸਰਾਪੁ[8] ਜੈ ਬਿਜੈ ਧਿਙਾਣੈ।
ਅਹੰਮੇਉ[9] ਸੁਕਦੇਉ ਕਰ ਗਰਭ ਵਾਸਿ ਹਉਮੈ ਹੈਰਾਣੈ।
ਚੰਦੁ ਸੂਰਜੁ ਅਉਲੰਗ[10] ਭਰੇ [11]ਉਦੈ ਅਸਤ ਵਿਚਿ ਆਵਣ ਜਾਣੈ।
ਸਿਵ ਸਕਤੀ ਵਿਚਿ ਗਰਬੁ ਗੁਮਾਣੈ ॥ ੧੧ ॥

## ਪਉੜੀ ੧੨

[ਜਤੀ ਸਤੀ ਆਦਿਕ]

ਜਤੀ ਸਤੀ ਸੰਤੋਖੀਆ ਜਤ ਸਤ ਜੁਗਤਿ ਸੰਤੋਖ ਨ ਜਾਤੀ।

---

੧ ਸਵਰਗ ਪੁਰੀ। ੨ ਮੌਤ ਦੇ ਸਮਿਆ ਦਾ। ੩ ਇਕ ਰਿਖੀ ਦਾ ਨਾਉਂ, ਚੌਦਾਂ ਇੰਦਰਾਂ ਦੇ ਰਾਸ ਕਰਕੇ ਮਰ ਜਾਣ ਪੁਰ ਜਿਸ ਬ੍ਰਹਮਾ ਦਾ ਇਕ ਦਿਨ ਹੁੰਦਾ ਹੈ, ਉਸ ਦੇ ਆਪਣੀ ਉਮਰ ਭੋਗ ਕੇ ਬਾਰ ਬਾਰ ਮਰ ਜਾਣ ਪੁਰ ਉਸ ਦਾ ਪੁਤਰ ਲੋਮਸ ਦਾਹੜੀ ਦਾ ਇਕ ਵਾਲ ਖੋਹਕੇ ਸੁਟ ਦੇਂਦਾ ਹੈ ਕਿ ਪਿਤਾ ਬ੍ਰਹਮਾਂ ਨੇ ਤਾਂ ਰੋਜ਼ ਰੋਜ਼ ਮਰਨਾ ਹੈ, ਰੋਜ਼ ਭਦਣ ਕੌਣ ਪਿਆ ਕਰਾਇ। ੪ ਸ਼ੇਸ਼ਨਾਗ ਤੇ ਸ਼ਿਵਜੀ। ੫ ਸ਼ਾਸਤ੍ਰ। ੬ ਸਨਕ, ਸਨੰਦਨ, ਸਨਤ ਕੁਮਾਰ ਆਦਿ। ੭ ਤਿਆਗ ਤੋਂ ਰਹਿਤ। ੮ ਜੈ ਵਿਜੈ ਨੂੰ ਰਾਕਸ਼ ਹੋਣ ਦਾ ਸ਼ਰਾਪ ਦੇ ਕੇ ਧੱਕਾ ਕੀਤਾ। ੧੦ ਕਲੰਕ। ੧੧ ਚੜ੍ਹਨ ਉਤਰਨ ਵਿਚ ਆਉਂਦੇ ਤੇ ਜਾਂਦੇ ਹਨ। ੧੨ ਸ਼ਿਵਾਂ ਦੀ ਸ਼ਕਤੀ (ਮਾਇਆ)।

Digitized by Panjab Digital Library | www.panjabdigilib.org

ਸਿਧ ਨਾਥੁ ਪੰਥ ਕਰਿ ਹਉਮੈ ਵਿਚਿ ਕਰਨਿ ਕਰਮਾਤੀ।
ਚਾਰਿ ਵਰਨ ਸੰਸਾਰ ਵਿਚਿ ਖਹਿ ਖਹਿ ਮਰਦੇ [੧]ਭਰਮਿ ਭਰਾਤੀ।
ਛਿਅ ਦਰਸਨ ਹੋਇ ਵਰਤਿਆ [੨]ਬਾਰਹ ਵਾਟ ਉਚਾਟ ਜਮਾਤੀ।
ਗੁਰਮੁਖਿ ਵਰਨ ਅਵਰਨ ਹੋਇ ਰੰਗ ਸੁਰੰਗ ਤੰਬੋਲ ਸੁਹਾਤੀ[੩]।
ਛਿਅ ਰੁਤਿ ਬਾਰਹ ਮਾਹ ਵਿਚਿ ਗੁਰਮੁਖਿ ਦਰਸਨੁ [੪]ਸੁਝ ਸੁਝਾਤੀ।
ਗੁਰਮੁਖਿ ਸੁਖ ਫਲੁ [੫]ਪਿਰਮ ਪਰਾਤੀ ॥ ੧੨ ॥

## ਪਉੜੀ ੧੩

[ਧਰਤੀ ਤੇ ਬ੍ਰਿਛ]

ਪੰਜ ਤਤ ਪਰਵਾਣੁ[੬] ਕਰਿ ਧਰਮਸਾਲ[੭] ਧਰਤੀ ਮਨਿ ਭਾਣੀ।
ਪਾਣੀ ਅੰਦਰਿ ਧਰਤਿ ਧਰਿ ਧਰਤੀ ਅੰਦਰਿ ਧਰਿਆ ਪਾਣੀ।
[੮]ਸਿਰ ਤਲਵਾਏ ਰੁਖ ਹੋਇ ਨਿਹਚਲੁ ਚਿਤ ਨਿਵਾਸੁ ਬਿਬਾਣੀ[੯]।
ਪਰਉਪਕਾਰੀ ਸੁਫਲ ਫਲਿ ਵਟ ਵਗਾਇ[੧੦] ਸਿਰਠਿ ਵਰੁਸਾਣੀ।
ਚੰਦਨ ਵਾਸੁ ਵਣਾਸਪਤ[੧੧] ਚੰਦਨੁ ਹੋਇ ਵਾਸੁ ਮਹਿਕਾਣੀ।
ਸਬਦ ਸੁਰਤਿ ਲਿਵ ਸਾਧਸੰਗਿ ਗੁਰਮੁਖਿ ਸੁਖਫਲ ਅੰਮ੍ਰਿਤ ਵਾਣੀ।
[੧੨]ਅਬਿਗਤਿ ਗਤਿ ਅਤਿ ਅਕਥ ਕਹਾਣੀ ॥ ੧੩ ॥

## ਪਉੜੀ ੧੪

[ਧ੍ਰੂ ਆਦਿਕ ਸਕਾਮ ਭਗਤ]

ਧ੍ਰੂ ਪ੍ਰਹਿਲਾਦੁ ਭਭੀਖਣੋ ਅੰਬਰੀਕੁ ਬਲਿ ਜਨਕ ਵਖਾਣਾ।
ਰਾਜ ਕੁਆਰ[੧੩] ਹੋਇ ਰਾਜਸੀ ਆਸਾ ਬੰਧੀ ਚੋਜ ਵਿਡਾਣਾ[੧੪]।
ਧ੍ਰੂ ਮਤਰੇਈ ਚੰਡਿਆ ਪੀਉ ਫੜਿ ਪ੍ਰਹਿਲਾਦੁ ਰਵਾਣਾ[੧੫]।
ਭੇਦ ਭਭੀਖਣੁ ਲੰਕ ਲੈ ਅੰਬਰੀਕੁ ਲੈ ਚਕ੍ਰ ਲੁਭਾਣਾ।

---

੧ ਭਰਮ ਵਿਚ ਭੁਲੇ ਹੋਏ ਹੋਏ। ੨ ਜੋਗੀਆਂ ਦੇ ਬਾਰਾਂ ਮਾਰਗ। ੩ ਸ਼ੋਭਨੀਕ। ੪ ਸੂਰਜ ਦਾ ਪਰਕਾਸ਼। ੫ ਪਿਆਰੇ ਦਾ ਪਰੇਮ। ੬ ਤੋਲ, ਮਿਣਤੀ। ੭ ਧਰਮ ਕਮਾਉਣ ਦੀ ਜਗਾ। ੮ ਸਿਰ ਭਾਰ। ੯ ਜੰਗਲ। ੧੦ ਵੱਟਾ ਮਾਰਿਆ। ੧੧ ਬਿਰਛ, ਬੂਟੇ। ੧੨ ਗੁਰਮੁਖਾਂ ਦੀ ਗਤੀ ਅਵਗਤਿ ਹੈ ਤੇ ਕਹਾਣੀ ਅਕਥ ਹੈ। ੧੩ ਰਾਜ ਪੁਤਰ। ੧੪ ਅਸਚਰਜ ਕੌਤਕ। ੧੫ ਦੁਖੀ ਕੀਤਾ।

Digitized by Panjab Digital Library | www.panjabdigilib.org

ਪੈਰੁ ਕੜਾਹੈ ਜਨਕ ਦਾ ਕਰਿ ਪਾਖੰਡ [1]ਧਰਮ ਧਿਙਾਣਾ।
ਆਪੁ ਗਣਾਇ ਵਿਗੁਚਨਾ[2] ਦਰਗਹ ਪਾਏ ਮਾਣੁ ਨਿਮਾਣਾ।
ਗੁਰਮੁਖਿ ਸੁਖ ਫਲੁ ਪਤਿ ਪਰਵਾਣਾ ॥ ੧੪ ॥

## ਪਉੜੀ ੧੫

[ਨੀਚੁ ਕੁਲ ਨਿਸ਼ਕਾਮ ਭਗਤ]

ਕਲਜੁਗ ਨਾਮਾ ਭਗਤੁ ਹੋਇ ਫੇਰਿ ਦੇਹੁਰਾ[3] ਗਾਇ ਜਿਵਾਈ।
ਭਗਤੁ ਕਬੀਰ ਵਖਾਣੀਐ ਬੰਦੀ ਖਾਨੇ ਤੇ ਉਠਿ ਜਾਈ।
ਧੰਨਾ ਜਟੁ ਉਧਾਰਿਆ ਸਧਨਾ ਜਾਤਿ ਅਜਾਤਿ ਕਸਾਈ।
ਜਨੁ ਰਵਿਦਾਸੁ ਚਮਾਰੁ ਹੋਇ ਚਹੁ ਵਰਨਾ ਵਿਚਿ ਕਰਿ ਵਡਿਆਈ।
ਬੇਣਿ ਹੋਆ ਅਧਿਆਤਮੀ[4] ਸੈਣੁ ਨੀਚ ਕੁਲੁ ਅੰਦਰਿ ਨਾਈ।
ਪੈਰੀ ਪੈ ਪਾਖਾਕ ਹੋਇ ਗੁਰ ਸਿਖਾਂ ਵਿਚਿ ਵਡੀ ਸਮਾਈ[5]।
[6]ਅਲਖ ਲਖਾਇ ਨ ਅਲਖੁ ਲਖਾਈ ॥ ੧੫ ॥

## ਪਉੜੀ ੧੬

{ਕਲਜੁਗ ਦੀ ਉੱਤਮਤਾਈ}

ਸਤਿਜੁਗੁ ਉਤਮੁ ਆਖੀਐ ਇਕੁ ਫੇੜੈ[7] ਸਭ ਦੇਸੁ ਦੁਹੇਲਾ[8]।
ਤ੍ਰੇਤੈ ਨਗਰੀ ਪੀੜੀਐ ਦੁਆਪੁਰਿ ਵੰਸੁ ਵਿਧੁੰਸੁ[9] ਕੁਵੇਲਾ।
ਕਲਿਜੁਗਿ ਸਚੁ ਨਿਆਉ ਹੈ ਜੋ ਬੀਜੈ ਸੋ ਲੁਣੈ[10] ਇਕੇਲਾ।
ਪਾਰਬ੍ਰਹਮ ਪੂਰਨ ਬ੍ਰਹਮੁ ਸਬਦਿ ਸੁਰਤਿ ਸਤਿਗੁਰ ਗੁਰ ਚੇਲਾ।
ਨਾਮਦਾਨੁ ਇਸਨਾਨੁ ਦ੍ਰਿੜ ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ।
ਮਿੱਠਾ ਬੋਲਣ ਨਿਵ ਚਲਣ ਹਥਹੁੰ ਦੇਣਾ ਸਹਿਜ ਸੁਹੇਲਾ[11]।
ਗੁਰਮੁਖ ਸੁਖ ਫਲ ਨੇਹੁੰ ਨਵੇਲਾ ॥੧੬॥

---

੧ ਧਕੇ ਦਾ ਧਰਮ। ੨ ਖਰਾਬ ਹੋਣਾ। ੩ ਮੰਦਰ। ੪ ਭਗਤ। ੫ ਸਹਿਨਸੀਲਤਾ। ੬ (ਅਲਖ) ਪਰਮਾਤਮਾ ਨੂੰ ਜਾਣ ਕੇ ਭੀ ਆਪਣੇ ਆਪ ਨੂੰ ਅਲਖ (ਅਨਜਾਣ) ਦਸਦੇ ਹਨ। ੭ ਕਸਰ ਕਰੇ। ੮ ਦੁਖੀ। ੯ ਨਾਸ਼। ੧੦ ਵਢੇ। ੧੧ ਸੁਖੀ।

Digitized by Panjab Digital Library | www.panjabdigilib.org

## ਪਉੜੀ ੧੭

[ਵਾਹਿਗੁਰੂ ਮੰਤਰ]

ਨਿਰੰਕਾਰ[੧] ਆਕਾਰੁ ਕਰਿ ਜੋਤਿ ਸਰੂਪ ਅਨੂਪ[੨] ਦਿਖਾਇਆ।
ਬੇਦ ਕਤੇਬ ਅਗੋਚਰਾ[੩] ਵਾਹਿਗੁਰੂ ਗੁਰ ਸਬਦੁ ਸੁਣਾਇਆ।
ਚਾਰਿ ਵਰਨ ਚਾਰ ਮਜਹਬਾ ਚਰਣ ਕਵਲ ਸਰਣਾਗਤਿ ਆਇਆ।
[੪]ਪਾਰਸ ਪਰਸਿ ਅਪਰਸ ਜਗਿ ਅਸਟਧਾਤੁ ਇਕੁ ਧਾਤੁ ਕਰਾਇਆ।
ਪੈਰੀ ਪਾਇ ਨਿਵਾਇਕੈ ਹਉਮੈ ਰੋਗੁ ਅਸਾਧੁ ਮਿਟਾਇਆ।
ਹੁਕਮਿ ਰਜਾਈ ਚਲਣਾ ਗੁਰਮੁਖਿ ਗਾਡੀ ਰਾਹੁ ਚਲਾਇਆ।
ਪੂਰੈ ਪੂਰਾ ਥਾਟੁ[੫] ਬਣਾਇਆ ॥ ੧੭ ॥

## ਪਉੜੀ ੧੮

[ਗੁਰਮੁਖ ਵਰਨਣ]

ਜੰਮਣ ਮਰਣਹੁ ਬਾਹਰੇ ਪਰਉਪਕਾਰੀ ਜਗ ਵਿਚਿ ਆਏ।
[੬]ਭਾਉ ਭਗਤਿ ਉਪਦੇਸੁ ਕਰਿ ਸਾਧ ਸੰਗਤਿ ਸਚਖੰਡ ਵਸਾਏ।
ਮਾਨ ਸਰੋਵਰਿ ਪਰਮਹੰਸ ਗੁਰਮੁਖਿ ਸਬਦ ਸੁਰਤਿ ਲਿਵ ਲਾਏ।
ਚੰਦਨ ਵਾਸ ਵਣਾਸਪਤਿ ਅਫਲ[੭] ਸਫਲ[੮] ਚੰਦਨ ਮਹਿਕਾਏ।
ਭਵਜਲ ਅੰਦਰਿ ਬੋਹਥੈ ਹੋਇ ਪਰਵਾਰ ਸੁ ਪਾਰ ਲੰਘਾਏ।
ਲਹਰਿ ਤਰੰਗੁ ਨ ਵਿਆਪਈ ਮਾਇਆ ਵਿਚਿ ਉਦਾਸੁ ਰਹਾਏ।
[੯]ਗੁਰਮੁਖਿ ਸੁਖ ਫਲੁ ਸਹਿਜ ਸਮਾਏ ॥ ੧੮ ॥

---

੧ ਨਿਰਗੁਣ ਬ੍ਰਹਮ। ੨ ਉਪਮਾ ਤੋਂ ਰਹਿਤ। ੩ ਇੰਦਰਿਆਂ ਦਵਾਰਾ ਨ ਜਾਣਿਆ ਜਾਣ ਵਾਲਾ। ੪ (ਗੁਰੂ ਰੂਪ) ਪਾਰਸ ਨੂੰ ਪਰਸ (ਛੁਹ ਕੇ) ਮਾਇਆ ਤੋਂ ਅਪਰਸ (ਅਲਿਪਤ) ਅਤੇ ਅੱਠਾਂ ਧਾਂਤਾਂ (ਵਾਂਗ ਬਹੁ ਵਰਨਾਂ) ਤੋਂ ਇਕ ਧਾਤ ਹੋ ਗਏ ਹਨ। ੫ ਬਨਾਉ। ੬ ਪ੍ਰੇਮਾ ਭਗਤੀ। ੭ ਫਲ ਰਹਿਤ। ੮ ਫਲ ਸਹਿਤ। ੯ ਗੁਰਮੁਖ ਸਹਿਜ (ਗਿਆਨ) ਅਵਸਥਾ ਵਿਚ ਸਮਾ ਕੇ ਸੁਖਾਂ ਦਾ ਫਲ ਪ੍ਰਾਪਤ ਕਰ ਲੈਂਦੇ ਹਨ।

Digitized by Panjab Digital Library | www.panjabdigilib.org

## ਪਉੜੀ ੧੯

[ਅਜਰ ਜਰਣਾ]

ਧੰਨੁ ਗੁਰੂ ਗੁਰ ਸਿਖ ਧੰਨ ਆਦਿ ਪੁਰਖੁ ਆਦੇਸੁ[1] ਕਰਾਇਆ ।
ਸਤਿਗੁਰ ਦਰਸਨ ਧੰਨੁ ਹੈ ਧੰਨ ਦਿਸਟਿਗੁਰ ਧਿਆਨੁ ਧਰਾਇਆ।
ਧੰਨੁਧੰਨੁ ਸਤਿਗੁਰ ਸਬਦੁਧੰਨੁ ਸੁਰਤਿ ਗੁਰ ਗਿਆਨੁ ਸੁਣਾਇਆ ।
ਚਰਣ ਕਵਲ ਗੁਰ ਧੰਨੁਧੰਨੁਧੰਨੁ ਮਸਤਕੁ ਗੁਰਚਰਣੀ ਲਾਇਆ ।
ਧੰਨੁ ਧੰਨੁ ਗੁਰ ਉਪਦੇਸੁ ਹੈ ਧੰਨੁ ਰਿਦਾ ਗੁਰਮੰਤ੍ਰ ਵਸਾਇਆ ।
ਧੰਨੁਧੰਨੁ ਗੁਰੁਚਰਣਾਮਤੋ[2] ਧੰਨੁ ਮੁਹਤੁ ਜਿਤੁ ਅਪਿਓ[3] ਪੀਆਇਆ ।
ਗੁਰਮੁਖਿ [4]ਸੁਖੁ ਫਲੁ ਅਜਰੁ ਜਰਾਇਆ ॥ ੧੯ ॥

## ਪਉੜੀ ੨੦

[ਸਾਧ ਸੰਗ ਮਹਿਮਾ]

ਸੁਖ ਸਾਗਰੁ ਹੈ ਸਾਧਸੰਗੁ ਸੋਭਾ ਲਹਰਿ ਤਰੰਗ ਅਤੋਲੇ[5] ।
ਮਾਣਕ ਮੋਤੀ ਹੀਰਿਆ ਗੁਰ ਉਪਦੇਸੁ ਅਵੇਸੁ[6] ਅਮੋਲੇ ।
ਰਾਗਰਤਨ ਅਨਹਦ ਧੁਨੀਸਬਦਿ ਸੁਰਤਿਲਿਵ ਅਗਮਅਲੋਲੇ[7] ।
ਰਿਧਿਸਿਧਿ ਨਿਧਿਸਭ ਗੋਲੀਆਂ ਚਾਰਿ ਪਦਾਰਥ [8]ਗੋਇਲਗੋਲੇ ।
ਲਖ ਲਖ ਚੰਦ ਚਰਾਗਚੀ ਲਖਲਖ ਅੰਮ੍ਰਿਤ [9]ਪੀਚਨਿ ਝੋਲੇ ।
ਕਾਮਧੇਨੁ ਲਖ ਪਾਰਜਾਤ ਜੰਗਲ ਅੰਦਰਿ ਚਰਨਿ ਅਡੋਲੇ ।
ਗੁਰਮੁਖੁ ਸੁਖ ਫਲੁ [10]ਬੋਲ ਅਬੋਲੇ ॥ ੨੦ ॥ ੧੨ ॥

---

੧ ਨਮਸਕਾਰ । ੨ ਚਰਨਾਂ ਦਾ ਅੰਮ੍ਰਿਤ, ਜਲ । ੩ ਅੰਮ੍ਰਿਤ । ੪ ਅਜਰ ਸੁਖ ਫਲ ਨੂੰ ਜਰ ਲਿਆ । ੫ ਅਨਗਿਣਤ । ੬ ਪ੍ਰਵੇਸ਼ । ੭ ਚੰਚਲਤਾ ਤੋਂ ਰਹਿਤ । ੮ ਦਾਸੀਆਂ ਤੇ ਦਾਸ । ੯ ਰਿੜਕ ਕੇ, ਭਾਵ ਵਿਚਾਰ ਕੇ ਪੀਂਦੇ ਹਨ । ੧੦ ਬੋਲਣ ਤੋਂ ਅਬੋਲ, ਭਾਵ ਅਕਥਨੀਯ ।

Digitized by Panjab Digital Library | www.panjabdigilib.org

# ਵਾਰ ੧੩

੧ ਓ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਗੁਰ ਚੇਲਾ]

ਪੀਰ ਮੁਰੀਦੀ[1] ਗਾਖੜੀ[2] ਕੋ ਵਿਰਲਾ ਜਾਣੈ।
ਪੀਰਾ ਪੀਰੁ ਵਖਾਣੀਐ ਗੁਰ ਗੁਰਾ ਵਖਾਣੈ।
ਗੁਰੁਚੇਲਾ ਚੇਲਾ ਗੁਰੂ ਕਰਿ [3]ਚੋਜ ਵਿਡਾਣੈ।
ਸੋ ਗੁਰੁ ਸੋਈ ਸਿਖ ਹੈ ਜੋਤੀ ਜੋਤਿ ਸਮਾਣੈ।
ਇਕੁ ਗੁਰੂ ਇਕੁ ਸਿਖੁ ਹੈ ਗੁਰ ਸ਼ਬਦਿ ਸਿਵਾਣੈ।
ਮਿਹਰ ਮੁਹਬਤਿ ਮੇਲਿ ਕਰਿ ਭਉ ਭਾਉ ਸੁ ਭਾਣੈ ॥ ੧ ॥

## ਪਉੜੀ ੨

[ਪੀਰ ਤੋਂ ਪੀਰ ਹੋਣਾ]

ਗੁਰ ਸਿਖਹੁ ਗੁਰ ਸਿਖੁ ਹੈ ਪੀਰ ਪੀਰਹੁ ਕੋਈ।
ਸਬਦਿ ਸੁਰਤਿ ਚੇਲਾ ਗੁਰੂ ਪਰਮੇਸਰੁ ਸੋਈ।
ਦਰਸਨਿ ਦਿਸਟਿ ਧਿਆਨੁ ਧਰਿ ਗੁਰ ਮੂਰਤਿ ਹੋਈ।
ਸਬਦ ਸੁਰਤਿ ਕਰਿ ਕੀਰਤਨੁ ਸਤਿਸੰਗਿ ਵਿਲੋਈ[4]।
ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।
ਆਪੁ ਗਵਾਏ ਆਪਿ ਹੈ ਗੁਣ ਗੁਣੀ ਪਰੋਈ[5] ॥ ੨ ॥

---

੧ ਗੁਰੂ ਦੀ ਸਿੱਖੀ। ੨ ਔਖੀ। ੩ ਅਸਚਰਜ ਕੌਤਕ। ੪ ਰਿੜਕੇ, ਭਾਵ ਵਿਚਾਰ ਕਰੇ। ੫ ਪਰੋਇਆ ਜਾਂਦਾ ਹੈ।

Digitized by Panjab Digital Library | www.panjabdigilib.org

## ਪਉੜੀ ੩

[ਸੰਜੋਗੀ ਆਦਿ ਵਰਨਣ]

ਦਰਸਨ ਦਿਸਟਿ ਸੰਜੋਗ[1] ਹੈ [2]ਭੈ ਭਾਇ ਸੰਜੋਗੀ ।
ਸਬਦ ਸੁਰਤਿ ਬੈਰਾਗੁ ਹੈ ਸੁਖ ਸਹਜ ਅਰੋਗੀ[3] ।
ਮਨ ਬਚ ਕਰਮ ਨ ਭਰਮ ਹੈ ਜੋਗੀਸਰੁ ਜੋਗੀ[4] ।
ਪਿਰਮ ਪਿਆਲਾ ਪੀਵਣਾ ਅੰਮ੍ਰਿਤ ਰਸ ਭੋਗੀ[5] ।
ਗਿਆਨੁ ਧਿਆਨੁ ਸਿਮਰਣੁ ਮਿਲੈ ਪੀ ਅਪਿਓ ਅਸੋਗੀ[6] ॥ ੩ ॥

## ਪਉੜੀ ੪

[ਪਿਰਮ ਰਸ]

ਗੁਰਮੁਖਿ ਸੁਖ ਫਲੁ [7]ਪਿਰਮ ਰਸੁ ਕਿਉ ਆਖਿ ਵਖਾਣੈ ।
ਸੁਣਿ ਸੁਣਿ ਆਖਣੁ ਆਖਣਾ ਓਹੁ ਸਾਉ[8] ਨ ਜਾਣੈ ।
ਬ੍ਰਹਮਾ ਬਿਸਨੁ ਮਹੇਸੁ ਮਿਲਿ ਕਥਿ ਵੇਦ ਪੁਰਾਣੈ ।
ਚਾਰਿ ਕਤੇਬਾ ਆਖੀਅਨਿ ਦੀਨ ਮੁਸਲਮਾਣੈ ।
ਸੇਖਨਾਗੁ ਸਿਮਰਣੁ ਕਰੈ ਸਾਗੀਤ[9] ਸੁਹਾਣੈ[10] ।
ਅਨਹਦ ਨਾਦ ਅਸੰਖ ਸੁਣਿ ਹੋਏ ਹੈਰਾਣੈ ।
ਅਕਥ ਕਥਾ ਕਰਿ ਨੇਤ ਨੇਤ ਪੀਲਾਏ ਭਾਣੈ ॥ ੪ ॥

## ਪਉੜੀ ੫

[ਤਥਾ ਪਿਰਮ ਰਸ]

ਗੁਰਮੁਖਿ ਸੁਖ ਫਲੁ ਪਿਰਮ ਰਸੁ ਛਿਅ ਰਸ ਹੈਰਾਣਾ ।
ਛਤੀਹ ਅੰਮ੍ਰਿਤ ਤਰਸਦੇ [11]ਵਿਸਮਾਦ ਵਿਡਾਣਾ ।
[12]ਨਿਝਰ ਧਾਰ ਹਜਾਰ ਹੋਇ ਭੈ ਚਕਿਤ ਲੁਭਾਣਾ ।

---

੧ ਮਿਲਾਪ । ੨ ਭੈ ਤੇ ਪ੍ਰੇਮ ਦਾ ਮੇਲੀ ਹੈ । ੩ ਰੋਗ ਰਹਿਤ । ੪ ਜੁੜਿਆ ਹੋਇਆ । ੫ ਪੀਣ ਵਾਲਾ । ੬ ਸੋਗ ਰਹਿਤ । ੭ ਪ੍ਰੇਮ ਦਾ ਆਨੰਦ । ੮ ਸੁਆਦ । ੯ ਰਾਗ । ੧੦ ਸ਼ੋਭਨੀਕ । ੧੧ ਅਸਚਰਜ ਤੇ ਅਨੋਖਾ । ੧੨ ਜੋਗੀਆਂ ਦੇ ਮਤ ਅਨੁਸਾਰ ਦਸਮ ਦੁਆਰ ਵਿਚੋਂ ਵਗਣ ਵਾਲੀ ਇਕ ਰਸ ਧਾਰ ।

Digitized by Panjab Digital Library | www.panjabdigilib.org

[੧]ਇੜਾ ਪਿੰਗੁਲਾ ਸੁਖਮਨਾ ਸੋਹੰ ਨ ਸਮਾਣਾ।
ਵੀਹ ਇਕੀਹ ਚੜ੍ਹਾਉ ਚੜ੍ਹਿ ਪਰਚਾ ਪਰਵਾਣਾ।
[੨]ਪੀਤੈ ਬੋਲਿ ਨ ਹੰਘਈ ਆਖਾਣ ਵਖਾਣਾ ॥ ੫ ॥

## ਪਉੜੀ ੬

[ਅਲਮਸਤ ਦਾ ਵਰਣਨ]

ਗਲੀ ਸਾਦੁ ਨ ਆਵਈ ਜਿਚਰੁ ਮੁਹੁ ਖਾਲੀ।
ਮੁਹੁ ਭਰਿਐ ਕਿਉਂ ਬੋਲੀਐ ਰਸ ਜੀਭ ਰਸਾਲੀ।
ਸਬਦੁਸੁਰਤਿ ਸਿਮਰਣਉਲੰਘਿ ਨਹਿ ਨਦਰਿ ਨਿਹਾਲੀ।
ਪੰਥੁ ਕੁਪੰਥੁ ਨ ਸੁਝਈ ਅਲਮਸਤ[੩] ਖਿਆਲੀ।
ਡਗਮਗ ਚਾਲ ਸੁਢਾਲ ਹੈ ਗੁਰਮਤਿ ਨਿਰਾਲੀ।
ਚੜ੍ਹਿਆ ਚੰਦੁ ਨ ਲੁਕਈ ਢਕਿ ਜੋਤਿ ਕੁਨਾਲੀ[੪] ॥ ੬ ॥

## ਪਉੜੀ ੭

[ਪਿਰਮ ਰਸ]

ਲਖ ਲਖ ਬਾਵਨ ਚੰਦਨਾ ਲਖ ਅਗਰ ਮਿਲੰਦੇ।
ਲਖ ਕਪੂਰ ਕਥੂਰੀਆ[੫] ਅੰਬਰ ਮਹਿਕੰਦੇ।
ਲਖ ਲਖ ਗਉੜੇ[੬] ਮੇਦ[੭] ਮਿਲਿ ਕੇਸਰ ਚਮਕੰਦੇ।
ਸਭ ਸੁਗੰਧ ਰਲਾਇਕੈ ਅਰਗਜਾ[੮] ਕਰੰਦੇ।
ਲਖ ਅਰਗਜੇ ਫੁਲੇਲ ਫੁਲ ਫੁਲਵਾੜੀ ਸੰਦੇ।
ਗੁਰਮੁਖਿ ਸੁਖ ਫਲ ਪਿਰਮ ਰਸੁ ਵਾਸੂ[੯] ਨ ਲਹੰਦੇ ॥ ੭ ॥

---

੧ ਤਿੰਨਾਂ ਨਾੜੀਆਂ ਦਵਾਰਾ ਸੋਹੰ ਮੰਤ੍ਰ ਦਾ ਜਾਪ ਗੁਰਮੁਖਾਂ ਦੇ ਸੁਖ ਫਲ ਰਸ ਦੀ ਬਰਾਬਰੀ ਨਹੀਂ ਕਰ ਸਕਦਾ। ੨ "ਪੀਣ ਪੁਰ ਬੋਲ ਨਹੀਂ ਸਕੀਦਾ" ਇਹ ਅਖਾਣ ਪ੍ਰਚਲਿਤ ਹੈ। ੩ ਪੂਰਨ ਮਿਸਤੀ। ੪ ਮਿੱਟੀ ਦਾ ਕੂੰਡਾ। ੫ ਕਸਤੂਰੀਆਂ (ਹਿਰਣ ਦੇ ਨਾਫ਼ੇ)। ੬ ਗਊ ਦੇ ਮੱਥੇ ਵਿਚੋਂ ਨਿਕਲਣ ਵਾਲੀ ਸੁਗੰਧੀ। ੭ ਮੁਸ਼ਕ ਬਿਲਾਈ (ਜੰਗਲੀ ਬਿੱਲੇ ਦੇ ਸਰੀਰ ਦੀ ਇਕ ਗਿਲ੍ਹਟੀ ਵਿਚੋਂ ਨਿਕਲਣ ਵਾਲੀ ਸੁਗੰਧੀ। ੮ ਬਾਈ ਸੁਗੰਧੀਆਂ ਦਾ ਮੇਲ। ੯ ਸੁਗੰਧੀ।

Digitized by Panjab Digital Library | www.panjabdigilib.org

## ਪਉੜੀ ੮

[ਪਿਰਮ ਰਸ]

ਰੂਪ ਸਰੂਪ ਅਨੂਪ ਲਖ ਇੰਦ੍ਰ ਪੁਰੀ ਵਸੰਦੇ।
[1]ਰੰਗ ਬਿਰੰਗ ਸੁਰੰਗ ਲਖ ਬੈਕੁੰਠ ਰਹੰਦੇ।
ਲਖ ਜੋਬਨ ਸੀਗਾਰ ਲਖ ਲਖ ਵੇਸ ਕਰੰਦੇ।
ਲਖ ਦੀਵੇ ਲਖ ਤਾਰਿਆਂ ਜੋਤਿ ਸੂਰਜ ਚੰਦੇ।
ਰਤਨ ਜਵਾਹਰ ਲਖਮਣੀ ਜਗ ਮਗ ਟਹਕੰਦੇ[2]।
ਗੁਰਮੁਖਿ ਸੁਖ ਫਲੁ ਪਿਰਮ ਰਸ ਜੋਤੀ ਨ ਪੁਜੰਦੇ ॥ ੮ ॥

## ਪਉੜੀ ੯

[ਪਿਰਮ ਰਸ]

ਚਾਰਿ ਪਦਾਰਥ ਰਿਧਿ ਸਿਧਿ ਨਿਧਿ ਲਖ ਕਰੋੜੀ।
ਲਖ ਪਾਰਸ ਲਖ ਪਾਰਜਾਤ ਲਖ ਲਖਮੀ ਜੋੜੀ।
ਲਖ ਚਿੰਤਾਮਣਿ ਕਾਮਧੇਨੁ ਚਤੁਰੰਗ ਚਮੋੜੀ[3]।
ਮਾਣਕ ਮੋਤੀ ਹੀਰਿਆ ਨਿਰਮੋਲ ਮਹੋੜੀ[4]।
ਲਖ ਕਵਿਲਾਸ[5] ਸੁਮੇਰੁ ਲਖ ਲਖ ਰਾਜ ਬਹੋੜੀ[6]।
ਗੁਰਮੁਖਿ ਸੁਖ ਫਲੁ ਪਿਰਮ ਰਸੁ ਮੁਲੁ ਅਮੁਲੁ ਸੁਥੋੜੀ ॥ ੯ ॥

## ਪਉੜੀ ੧੦

[ਪ੍ਰੇਮ ਪਿਆਲੇ ਦੀ ਬੂੰਦ]

[7]ਗੁਰਮੁਖਿ ਸੁਖ ਫਲ ਲਖ ਲਖ ਲਖ ਲਹਿਰ ਤਰੰਗਾ।
ਲਖ ਦਰੀਆਉ ਸਮਾਉ ਕਰਿ ਲਖ ਲਹਰੀ ਅੰਗਾ[8]।
ਲਖ ਦਰੀਆਉ ਸਮੁੰਦ ਵਿਚਿ ਲਖ ਤੀਰਥ ਗੰਗਾ।

---

੧ ਤਰ੍ਹਾਂ ਤਰ੍ਹਾਂ ਦੇ ਸ੍ਰੇਸ਼ਟ ਰੰਗ। ੨ ਚਮਕਦੇ । ੩ ਨਾਲ ਮਿਲਾਕੇ ਰੱਖੀਆਂ ਜਾਣ । ੪ ਮਹਾ ਵਡੀ। ੫ ਕੈਲਾਸ਼ ਪਰਬਤ। ੬ ਫੇਰ। ੭ ਗੁਰਮੁਖ ਲੱਖਾਂ ਲਹਿਰਾਂ ਤੇ ਤਰੰਗਾਂ ਵਿਚ ਭੀ ਸੁਖ ਫਲ ਦੇ ਨਿਸ਼ਾਨੇ ਨੂੰ ਲਖ (ਜਾਣ ਲੈਂਦੇ) ਹਨ। ੮ ਸ਼ਰੀਰ।

Digitized by Panjab Digital Library | www.panjabdigilib.org

ਲਖ ਸਮੁੰਦ ਗੜਾੜ[੧] ਵਿਚਿ ਬਹੁ ਰੰਗ ਬਿਰੰਗਾ।
ਲਖ ਗੜਾੜ ਤਰੰਗ ਵਿਚਿ ਲਖ [੨]ਅੱਝੂ ਕਿਣੰਗਾ।
[੩]ਪਿਰਮ ਪਿਆਲਾ ਪੀਵਣਾ ਕੋ ਬੁਰਾ ਨ ਚੰਗਾ ॥ ੧੦ ॥

## ਪਉੜੀ ੧੧

[ਬੇਅੰਤਤਾ]

ਇਕ ਕਵਾਉ ਪਸਾਉ ਕਰਿ ਓਅੰਕਾਰੁ ਸੁਣਾਇਆ।
ਓਅੰਕਾਰ ਅਕਾਰ ਲਖ ਬ੍ਰਹਮੰਡ ਬਣਾਇਆ।
ਪੰਜ ਤਤ ਉਤਪਤਿ ਲਖ ਤ੍ਰੈ ਲੋਅ ਸੁਹਾਇਆ।
ਜਲਿਥਲਿ ਗਿਰਿ[੪] ਤਰਵਰ[੫] ਸਫਲਦਰੀਆਵਚਲਾਇਆ।
ਲਖਦਰੀਆਉ ਸਮਾਉ ਕਰਿਤਿਲ ਤੁਲ ਨ ਤੁਲਾਇਆ।
ਕੁਦਰਤਿ ਇਕ ਅਤੋਲਵੀ ਲੇਖਾ ਨ ਲਿਖਾਇਆ॥
ਕੁਦਰਤਿ ਕੀਮ ਨ ਜਾਣੀਐ ਕਾਦਰੁ ਕਿਨਿ ਪਾਇਆ ॥ ੧੧ ॥

## ਪਉੜੀ ੧੨

[ਪ੍ਰੇਮ ਪਿਆਲੇ ਦੀ ਇਕ ਬੂੰਦ]

ਗੁਰਮੁਖਿ ਸੁਖਫਲੁ ਪ੍ਰੇਮ ਰਸੁ ਅਬਿਗਤਿ[੬] ਗਤਿ ਭਾਈ।
ਪਾਰਾਵਾਰੁ ਅਪਾਰੁ ਹੈ ਕੋ ਆਇ ਨ ਜਾਈ।
ਆਦਿ ਅੰਤਿ ਪਰਜੰਤ ਨਾਹਿ ਪਰਮਾਦਿ ਵਡਾਈ।
ਹਾਥ ਨ ਪਾਇ ਅਥਾਹ[੭] ਦੀ ਅਸਗਾਹ ਸਮਾਈ।
ਪਿਰਮ ਪਿਆਲੇ ਬੂੰਦ ਇਕ ਕਿਨਿ ਕੀਮਤਿ ਪਾਈ।
ਅਗਮਹੁ ਅਗਮ ਅਗਾਧਿ ਬੋਧ ਗੁਰ ਅਲਖੁ ਲਖਾਈ ॥ ੧੨ ॥

---

੧ ਮਹਾ ਸਾਗਰ। ੨ ਹੰਝੂ ਦਾ ਇਕ ਤੁਪਕਾ। ੩ ਪ੍ਰੇਮ ਰਸ ਦਾ ਪਿਆਲਾ। ੪ ਪਹਾੜ। ੫ ਰੁੱਖ, ਬੂਟੇ। ੬ ਜਾਨਣ ਤੋਂ ਰਹਿਤ। ੭ ਅਤਿ ਡੂੰਘਾ।

Digitized by Panjab Digital Library | www.panjabdigilib.org

## ਪਉੜੀ ੧੩

{ਪ੍ਰੇਮ ਰਸ ਦੀ ਇਕ ਨਿਮਖ}

ਗੁਰਮੁਖਿ ਸੁਖ ਫਲੁ ਪਿਰਮ ਰਸੁ ਤਿਲੁ[੧] ਅਲਖੁ ਅਲੇਖੈ[੨]।
ਲਖ ਚਉਰਾਸੀਹ ਜੂਨਿ ਵਿਚਿ ਜੀਅ ਜੰਤ ਵਿਸੇਖੈ।
ਸਭਨਾ ਦੀ ਰੋਮਾਵਲੀ ਬਹੁ ਬਿਧਿ ਬਹੁ ਭੇਖੈ।
ਰੋਮਿ ਰੋਮਿ ਲਖ ਲਖ ਸਿਰ ਮੁਹੁ ਲਖ ਸਰੇਖੈ[੩]।
ਲਖ ਲਖ ਮੁਹਿ ਮੁਹਿ ਜੀਭੁ ਕਰਿ ਸੁਣਿ ਬੋਲੈ ਦੇਖੈ।
ਸੰਖ ਅਸੰਖ ਇਕੀਹ ਵੀਹ ਸਮਸਰ ਨ ਨਿਮੇਖੈ[੪] ॥ ੧੩ ॥

## ਪਉੜੀ ੧੪

{ਪ੍ਰੇਮ ਰਸ ਕਿਕੂੰ ਮਿਲਦਾ ਹੈ ?}

ਗੁਰਮੁਖਿ ਸੁਖ ਫਲ ਪਿਰਮ ਰਸ ਹੁਇ ਗੁਰੁ ਸਿਖ ਮੇਲਾ।
ਸਬਦ ਸੁਰਤਿ ਪਰਚਾਇਕੈ ਨਿਤ ਨੇਹ ਨਵੇਲਾ[੫]।
ਵੀਹ ਇਕੀਹ ਚੜਾਉ ਚੜਿ ਸਿਖ ਗੁਰੁ ਗੁਰੁ ਚੇਲਾ।
ਅਪਿਉ ਪੀਐ ਅਜਰੁ ਜਰੈ ਗੁਰ ਸੇਵ ਸੁਹੇਲਾ।
ਜੀਵਦਿਆ ਮਰਿ ਚਲਣਾ ਹਾਰਿ ਜਿਣੈ ਵਹੇਲਾ।
[੬]ਸਿਲ ਆਲੂਣੀ ਚਟਣੀ ਲਖ ਅੰਮ੍ਰਿਤ ਪੇਲਾ[੭] ॥ ੧੪ ॥

## ਪਉੜੀ ੧੫

{ਬਿਰਦ ਦੀ ਲਾਜ}

ਪਾਣੀ ਕਾਠ ਨ ਡੋਬਈ ਪਾਲੇ ਦੀ ਲਜੈ[੮]।
ਸਿਰਿ ਕਲਵਤੁ[੯] ਧਰਾਇਕੈ ਸਿਰਿ ਚੜਿਆ ਭਜੈ।
ਲੋਹੇ ਜੜੀਐ ਬੋਹਿਥਾ[੧੦] ਭਾਰਿ ਭਰੇ ਨ ਤਜੈ।
ਪੇਟੈ ਅੰਦਰਿ ਅਗਿ ਰਖਿ ਤਿਸੁ ਪੜਦਾ ਕਜੈ।

---

੧ ਜ਼ਰਾ ਭੀ। ੨ ਲੇਖੇ ਤੋਂ ਰਹਿਤ। ੩ ਰਚਨਾਂ। ੪ ਪਲਕ। ੫ ਨਵਾਂ। ੬ ਔਖੀ ਕਰਨੀ। ੭ ਪਰੇ ਸੁਟ ਦੇਂਦਾ ਹੈ। ੮ ਸ਼ਰਮ। ੯ ਆਰਾ। ੧੦ ਜਹਾਜ਼।

Digitized by Panjab Digital Library | www.panjabdigilib.org

ਅਗਰੈ ਡੋਬੈ ਜਾਣਿਕੈ [1]ਨਿਰਮੋਲਕ ਧਜੈ।
ਗੁਰਮੁਖਿ ਮਾਰਗਿ ਚਲਣਾ ਛਡਿ ਖਬੇ ਸਜੈ॥੧੫॥

## ਪਉੜੀ ੧੬

[ਹੀਰਾ]

ਖਾਣਿ ਉਖਣਿ[2] ਕਢਿ ਆਣਦੇ ਨਿਰਮੋਲਕ ਹੀਰਾ।
ਜਉਹਰੀਆ ਹਥਿ ਆਵਦਾ ਉਇ [3]ਗਹਿਰ ਗੰਭੀਰਾ।
ਮਜਲਸ ਅੰਦਰਿ ਵੇਖਦੇ ਪਤਿਸਾਹ ਵਜੀਰਾ।
ਮੁਲੁ ਕਰਨਿ ਅਜਮਾਇਕੈ ਸਾਹਾ ਮਨ ਧੀਰਾ।
ਅਹਰਣਿ ਉਤੈ ਰਖਿਕੈ [4]ਘਣ ਘਾਉ ਸਰੀਰਾ।
ਵਿਰਲਾ ਹੀ ਠਹਿਰਾਵਦਾ ਦਰਗਹ ਗੁਰ ਪੀਰਾ॥੧੬॥

## ਪਉੜੀ ੧੭

[ਗੁਰਮੁਖ ਚਾਲ]

ਤਰਿ ਡੁਬੈ ਡੁਬਾ ਤਰੈ ਪੀ ਪਿਰਮ ਪਿਆਲਾ।
ਜਿਣਿ ਹਾਰੈ ਹਾਰੈ ਜਿਣੈ ਏਹੁ ਗੁਰਮੁਖਿ ਚਾਲਾ।
ਮਾਰਗੁ ਖੰਡੇ ਧਾਰ ਹੈ ਭਵਜਲੁ[5] ਭਰ ਨਾਲਾ।
ਵਾਲਹੁ ਨਿਕਾ ਆਖੀਐ ਗੁਰ ਪੰਥੁ ਨਿਰਾਲਾ।
ਹਉਮੈ ਬਜਰੁ[6] ਭਾਰ ਹੈ ਦੁਰਮਤਿ[7] ਦੁਰਾਲਾ[8]।
ਗੁਰਮਤਿ ਆਪੁ ਗਵਾਇਕੈ ਸਿਖੁ ਜਾਇ ਸੁਖਾਲਾ॥੧੭॥

## ਪਉੜੀ ੧੮

[ਬੋਹੜ ਦੇ ਫੈਲਾਉ ਵਾਂਗ ਗੁਰ ਸਿਖ ਨਾਮ ਪਰਚਾਰਦੇ ਹਨ]

ਧਰਤਿ ਵੜੈ[9] ਵੜਿ ਬੀਉ ਹੋਇ ਜੜ੍ਹ ਅੰਦਰਿ ਜੰਮੈ।
ਹੋਇ ਬਰੂਟਾ[10] ਚੁਹਚੁਹਾ[11] ਮੂਲ ਡਾਲ ਧਰੰਮੈ[12]।

---

੧ ਕੀਮਤੀ ਹੋਣ ਦੀ ਨਿਸ਼ਾਨੀ ਜਾਣ ਕੇ ਡੋਬਦਾ ਹੈ। ੨ ਪੁੱਟ ਕੇ। ੩ ਭਾਰਾ-ਗੌਰਾ। ੪ ਹਥੌੜੇ ਦੀ ਸੱਟ। ੫ ਸੰਸਾਰ ਰੂਪੀ ਸਮੁੰਦਰ। ੬ ਪੱਥਰ ਜਿਹਾ। ੭ ਖੋਟੀ ਬੁੱਧੀ। ੮ ਬੁਰਿਆਈਆਂ ਦਾ ਘਰ। ੯ ਬੋਹੜ। ੧੦ ਬੂਟਾ। ੧੧ ਲਿਸ਼ਕਵਾਂ। ੧੨ ਧਾਰਨ ਕਰਦਾ ਹੈ।

Digitized by Panjab Digital Library | www.panjabdigilib.org

ਬਿਰਖ ਅਕਾਰ ਬਿਥਾਰੁ[੧] ਕਰਿ ਬਹੁ ਜਟਾ[੨] ਪਲੰਮੈ।
ਜਟਾ ਲਟਾ ਮਿਲਿ [੩]ਧਰਤਿ ਵਿਚਿ ਹੋਇ ਮੂਲ ਅਗੰਮੈ।
ਛਾਂਵ ਘਣੀ ਪਤ ਸੋਹਣੇ ਫਲ ਲੱਖ ਲਖੰਮੈ[੪]।
ਫਲ ਫਲ ਅੰਦਰਿ ਬੀਅ ਬਹੁ [੫]ਗੁਰਸਿਖ ਮਰੰਮੈ॥ ੧੮॥

## ਪਉੜੀ ੧੯

[ਗੁਰ ਬ੍ਰਿਛ ਰੂਪ]

ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ।
[੬]ਨਉ ਅੰਗ ਨੀਲ ਅਨੀਲ ਸੁੰਨ ਅਵਤਾਰ ਮਹੇਸੁਰ।
ਵੀਹ ਇਕੀਹ [੭]ਅਸੰਖ ਸੰਖ ਮੁਕਤੇ ਮੁਕਤੇਸਰੁ[੮]।
ਨਗਰਿ ਨਗਰਿ ਮੈ ਸਹੰਸ ਸਿਖ ਦੇਸ ਦੇਸ ਲਖੇਸਰੁ[੯]।
ਇਕਦੂੰ ਬਿਰਖਹੁ ਲਖ ਫਲ ਫਲ ਬੀਅ ਲੋਮੇਸਰੁ[੧੦]।
[੧੧]ਭੋਗ ਭੁਗਤਿ ਰਾਜੇਸੁਰਾ ਜੋਗ ਜੁਗਤਿ ਜੋਗੇਸਰੁ॥ ੧੯॥

## ਪਉੜੀ ੨੦

[ਨਾਮੀ ਸ਼ਾਹ]

ਪੀਰ ਮੁਰੀਦਾ ਪਿਰਹੜੀ[੧੨] ਵਣਜਾਰੇ ਸਾਹੈ।
ਸਉਦਾ ਇਕਤੁ ਹਟਿ ਹੈ ਸੰਸਾਰੁ ਵਿਸਾਹੈ[੧੩]।
ਕੋਈ ਵੇਚੈ ਕਉਡੀਆ ਕੋ ਦਮ ਉਗਾਹੈ।
ਕੋਈ ਰੁਪਯੇ ਵਿਕਣੈ ਸੁਨਈਏ[੧੪] ਕੋ ਡਾਹੈ।
ਕੋਈ ਰਤਨ ਵਣੰਜਦਾ ਕਰਿ ਸਿਫਤਿ ਸਲਾਹੈ।
ਵਣਜਿ ਸੁਪਤਾ ਸਾਹ ਨਾਲਿ [੧੫]ਵੇਸਾਹੁ [੧੬]ਨਿਬਾਹੈ॥ ੨੦॥

---

੧ ਖਿਲਾਰ। ੨ ਜਟਾ ਤੇ ਡਾਲੀਆਂ। ੩ ਧਰਤੀ ਅੰਦਰ ਅਗੰਮ (ਗੁਪਤ) ਹੋ ਕੇ ਜੜ੍ਹਾਂ ਬਣ ਜਾਂਦੀਆਂ ਹਨ। ੪ ਜਾਣੇ ਜਾਂਦੇ। ੫ ਇਹੀ ਭੇਦ ਗੁਰਸਿੱਖੀ ਦਾ ਹੈ। ੬ ਇਕ ਤੋਂ ਲੈਕੇ ਨੌਂ ਤਕ ਅੰਗ ਸਿਫਰ ਨਾਲ ਮਿਲਕੇ ਗਿਣਤੀ ਤੋਂ ਅਨਗਿਣਤ ਹੋ ਜਾਂਦੇ ਹਨ। ੭ ਸੰਖਿਆ ਤੋਂ ਅਸੰਖ। ੮ ਮੁਕਤੀ ਦੇ ਮਾਲਕ। ੯ ਲੱਖਾਂ ਸਿਖ। ੧੦ ਮਿਲੇ ਹੋਏ ਹਨ। ੧੧ ਗੁਰ ਸਿਖ ਸੰਸਾਰਕ ਭੋਗ ਭੋਗਣ ਕਰ ਕੇ ਰਾਜਿਆਂ ਦੇ ਰਾਜੇ (ਵਾਹਿਗੁਰੂ ਨਾਲ) ਜੁੜਨ ਦੀ ਜੁਗਤੀ ਦੇ ਕਾਰਨ ਜੋਗੀਆਂ ਦੇ ਭੀ ਮਾਲਕ ਹਨ। ੧੨ ਪ੍ਰੀਤ। ੧੩ ਖਰੀਦਦਾ ਹੈ। ੧੪ ਸੋਨਾ। ੧੫ ਭਰੋਸੇ ਯੋਗ। ੧੬ ਭਰੋਸੇ ਨੂੰ ਤੋੜ ਨਿਬਾਹੁੰਦਾ ਹੈ।

Digitized by Panjab Digital Library | www.panjabdigilib.org

## ਪਉੜੀ ੨੧

[ਸਤਿਗੁਰ ਸ਼ਾਹ]

ਸਉਦਾ ਇਕਤੁ ਹਟਿ[੧] ਹੈ ਸਾਹੁ ਸਤਿਗੁਰੁ ਪੂਰਾ।
ਅਉਗੁਣ ਲੈ ਗੁਣ ਵਿਕਣੈ[੨] ਵਚਨੈ ਦਾ ਸੂਰਾ।
ਸਫਲੁ ਕਰੈ ਸਿਮਲੁ ਬਿਰਖੁ ਸੋਵਰਨੁ ਮਨੂਰਾ[੩]।
ਵਾਸੁ ਸੁਵਾਸੁ ਨਿਵਾਸੁ ਕਰਿ ਕਾਉ ਹੰਸੁ ਨ ਊਰਾ[੪]।
[੫]ਘੁਘੂ ਸੁਝ ਸੁਝਾਇਦਾ ਸੰਖ ਮੋਤੀ ਚੂਰਾ[੬]।
[੭]ਵੇਦ ਕਤੇਬਹੁ ਬਾਹਰਾ ਗੁਰ ਸਬਦੁ ਹਜੂਰਾ ॥ ੨੧ ॥

## ਪਉੜੀ ੨੨

[ਗੁਰੋਪਮਾ]

ਲਖ ਉਪਮਾ ਉਪਮਾ ਕਰੈ ਉਪਮਾ ਨ ਵਖਾਣੈ।
ਲਖ ਮਹਿਮਾ ਮਹਿਮਾ ਕਰੈ ਮਹਿਮਾ ਹੈਰਾਣੈ।
ਲਖ ਮਹਾਤਮ[੮] ਮਹਾਤਮਾ[੯] ਨ ਮਹਾਤਮ ਜਾਣੈ।
ਲਖ ਉਸਤਤਿ ਉਸਤਤਿ ਕਰੈ ਉਸਤਤਿ ਨ ਸਿਞਾਣੈ।
[੧੦]ਆਦਿ ਪੁਰਖੁ ਆਦੇਸ ਹੈ ਮੈਂ ਮਾਣੁ ਨਿਮਾਣੈ ॥ ੨੨ ॥

## ਪਉੜੀ ੨੩

(ਤਥਾਚ ਗੁਰ ਪ੍ਰਤਾਪ)

ਲਖ ਮਤਿ ਲਖ ਬੁਧਿ ਸੁਧਿ ਲਖ ਲਖ ਚਤੁਰਾਈ।
ਲਖ ਲਖ ਉਕਤਿ ਸਿਆਣਪਾਂ ਲਖ ਸੁਰਤਿ ਸਮਾਈ।
ਲਖ ਗਿਆਨ ਧਿਆਨ ਲਖ ਲਖ ਸਿਮਰਣਤਾਈ।
ਲਖ ਵਿਦਿਆ ਲਖ [੧੧]ਇਸ਼ਟ ਜਪ ਤੰਤ ਮੰਤ ਕਮਾਈ।

---

੧ ਸਾਧ ਸੰਗਤ ਰੂਪੀ ਹੱਟੀ। ੨ ਵੇਚਦਾ ਹੈ। ੩ ਲੋਹੇ ਦੀ ਮੈਲ। ੪ ਘੱਟ। ੫ ਉੱਲੂ ਨੂੰ ਚਾਨਣ ਵਿਖਾ ਦੇਂਦਾ ਹੈ। ੬ ਮਿੱਟੀ। ੭ ਜੋ ਵੇਦ ਕਤੇਬ ਤੋਂ ਬਾਹਰ ਹੈ, ਉਹ ਗੁਰ ਸ਼ਬਦ ਵਾਲੇ ਨੂੰ ਪ੍ਰਤੱਖ ਹੈ। ੮ ਫਲ। ੯ ਸਾਧੂ। ੧੦ ਗੁਰੂ ਨਾਨਕ ਦੇਵ ਨੂੰ ਨਮਸਕਾਰ। ੧੧ ਆਪੋ ਆਪਣੇ ਇਸ਼ਟ ਦੇ ਨਾਮ ਦਾ ਜਾਪ।

Digitized by Panjab Digital Library | www.panjabdigilib.org

ਲਖ ਭੁਗਤਿ ਲਖ ਲਖ ਭਗਤਿ ਲਖ ਮੁਕਤਿ ਮਿਲਾਈ ।
ਜਿਉ ਤਾਰੇ ਦਿਹ ਉਗਣੈ[੧] ਆਨ੍ਹੇਰ ਗਵਾਈ ।
ਗੁਰਮੁਖਿ ਸੁਖ ਫਲੁ ਅਗਮੁ[੨] ਹੈ ਹੋਇ [੩]ਪਿਰਮ ਸਖਾਈ ॥੨੩॥

## ਪਉੜੀ ੨੪

(ਵਾਹਿਗੁਰੂ ਮਹਿਮਾ)

ਲਖ ਅਚਰਜ ਅਚਰਜ ਹੋਇ ਅਚਰਜ ਹੈਰਾਨਾ ।
ਵਿਸਮੁ ਹੋਇ ਵਿਸਮਾਦ ਲਖ ਲਖ ਚੋਜ ਵਿਡਾਨਾ ।
ਲਖ ਅਦਭੁਤ [੪]ਪਰਮਦਭੁਤੈ ਪਰਮਦਭੁਤ ਭਾਣਾ ।
[੫]ਅਬਿਗਤਿ ਗਤਿ ਅਗਾਧ ਬੋਧ ਅਪਰੰਪਰੁ ਬਾਣਾ ।
ਅਕਥ ਕਥਾ ਅਜਪਾ ਜਪਣੁ [੬]ਨੇਤਿ ਨੇਤਿ ਵਖਾਣਾ ।
ਆਦਿ ਪੁਰਖ ਆਦੇਸੁ ਹੈ ਕੁਦਰਤਿ ਕੁਰਬਾਣਾ ॥ ੨੪ ॥

## ਪਉੜੀ ੨੫

(ਛੇ ਗੁਰੂ ਸਿਮਰਨ)

ਪਾਰਬ੍ਰਹਮੁ ਪੂਰਨ ਬ੍ਰਹਮੁ ਗੁਰ ਨਾਨਕ ਦੇਉ ।
ਗੁਰ ਅੰਗਦੁ ਗੁਰ ਅੰਗ ਤੇ ਸਚ ਸਬਦ ਸਮੇਉ[੭] ।
ਅਮਰਾਪਦੁ ਗੁਰ ਅੰਗਦਹੁ ਅਤਿ ਅਲਖ ਅਭੇਉ[੮] ।
ਗੁਰ ਅਮਰਹੁ ਗੁਰ ਰਾਮ ਨਾਮੁ ਗਤਿ ਅਛਲ ਅਛੇਉ[੯] ।
[੧੦]ਰਾਮ ਦਾਸ ਅਰਜਣ ਗੁਰੂ ਅਬਿਚਲ ਅਰਖੇਉ ।
[੧੧]ਹਰਗੋਵਿੰਦ ਗੋਵਿੰਦ ਗੁਰੁ ਕਾਰਣ ਕਰਣੇਉ ॥ ੨੫॥ ੧੩ ॥

---

੧ ਸੂਰਜ ਦੇ ਚੜ੍ਹਨ ਨਾਲ । ੨ ਜਾਨਣ ਤੋਂ ਪਰੇ । ੩ ਪਿਆਰੇ ਦੇ ਮੇਲ ਲਈ ਮਿੱਤਰ ਰੂਪ । ੪ ਬਹੁਤ ਅਸਚਰਜ । ੫ ਉਸਦੀ ਗਤਿ (ਅਵਗਤਿ) ਜਾਨਣ ਤੋਂ ਰਹਿਤ ਹੈ ਤੇ ਉਸ ਦਾ ਗਿਆਨ ਡੂੰਘਾ ਹੈ ਅਤੇ ਸਰੂਪ ਪਰੇ ਤੋਂ ਪਰੇ ਹੈ । ੬ ਬੇਅੰਤ ਬੇਅੰਤ । ੭ ਸਮਾ ਗਏ । ੮ ਭੇਦ ਰਹਿਤ । ੯ ਦਾਗ ਰਹਿਤ । ੧੦ ਸ੍ਰੇਸ਼ਟ ਆਚਰਣ ਦੁਆਰਾ ਗੁਰੂ ਰਾਮਦਾਸ, ਗੁਰੂ ਅਰਜਨ ਵਿਚ (ਅਬਚਲ) ਇਸਥਿਤ ਹੋਏ ਹਨ । ੧੧ ਕਰਨ ਕਾਰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕਾਰਨਾਂ ਦੇ ਕਰਨ ਵਾਲੇ (ਗੋਬਿੰਦ ਰੂਪ) ਹਨ ।

Digitized by Panjab Digital Library | www.panjabdigilib.org

# ਵਾਰ ੧੪

ੴ ਸਤਿਗੁਰਪ੍ਰਸਾਦਿ ॥

## ਪਉੜੀ ੧

(ਨਿਮਾਣਿਆਂ ਦਾ ਮਾਣ ਗੁਰੂ)

[੧]ਸਤਿਗੁਰ ਸਚਾ ਨਾਉ ਗੁਰਮੁਖਿ ਜਾਣੀਐ।
ਸਾਧ ਸੰਗਤਿ ਸਚ ਥਾਉ ਸਬਦਿ ਵਖਾਣੀਐ।
ਦਰਗਹ ਸਚੁ ਨਿਆਉ ਜਲ ਦੁਧੁ ਛਾਣੀਐ।
ਗੁਰ ਸਰਣੀ ਅਸਰਾਉ ਸੇਵ ਕਮਾਣੀਐ।
[੨]ਸਬਦ ਸੁਰਤਿ ਸੁਣਿ ਗਾਉ ਅੰਦਰਿ ਆਣੀਐ।
ਤਿਸੁ ਕੁਰਬਾਣੈ ਜਾਉ ਮਾਣੁ ਨਿਮਾਣੀਐ॥ ੧ ॥

## ਪਉੜੀ ੨

(ਗੁਰ ਸਿਖ ਸੰਗਤ)

ਚਾਰਿ ਵਰਨ ਗੁਰ ਸਿਖ ਸੰਗਤਿ ਆਵਣਾ।
ਗੁਰਮੁਖਿ ਮਾਰਗੁ ਵਿਖੁ[੩] ਅੰਤੁ ਨ ਪਾਵਣਾ।
ਤੁਲਿ ਨ ਅੰਮ੍ਰਿਤ ਇਖ[੪] ਕੀਰਤਨੁ ਗਾਵਣਾ।
[੫]ਚਾਰਿ ਪਦਾਰਥ ਭਿਖ ਭਿਖਾਰੀ ਪਾਵਣਾ।
ਲੇਖ ਅਲੇਖ ਅਲਿਖ[੬] ਸ਼ਬਦ ਕਮਾਵਣਾ।
ਸੁਝਨਿ ਭੂਤ ਭਵਿਖ ਨ ਆਪੁ ਜਣਾਵਣਾ॥ ੨ ॥

---

੧ ਸਤਿਗੁਰੂ ਦਾ ਸਚਾ ਨਾਮ ਹੈ। ੨ ਸ਼ਬਦ ਨੂੰ ਸੁਰਤ (ਧਿਆਨ) ਲਗਾਕੇ ਸੁਣਦੇ, ਗਾਉਂਦੇ ਤੇ ਮਨ ਵਿਚ (ਆਣੀਐ) ਵਸਾਉਂਦੇ ਹਨ। ੩ ਇਕ ਕਦਮ ਦਾ ਭੀ। ੪ ਕਮਾਦ। ੫ ਧਰਮ, ਅਰਥ, ਕਾਮ, ਮੋਖ ਦੀ ਭਿਖਿਆ। ੬ ਜੋ ਲਿਖਿਆ ਨਾ ਜਾ ਸਕੇ, ਪਰਮਾਤਮਾ।

Digitized by Panjab Digital Library | www.panjabdigilib.org

## ਪਉੜੀ ੩

(ਅਗਮ ਦਰਸ਼ਨ)

ਆਦਿ ਪੁਰਖ ਆਦੇਸੁ ਅਲਖੁ ਲਖਾਇਆ[੧]।
[੨]ਅਨਹਦ ਸਬਦੁ ਅਵੇਸਿ ਅਘੜੁ ਘੜਾਇਆ।
ਸਾਧ ਸੰਗਤਿ ਪਰਵੇਸਿ ਅਪਿਓ ਪੀਆਇਆ।
ਗੁਰ ਪੂਰੈ ਉਪਦੇਸੁ ਸਚੁ ਦਿੜਾਇਆ।
ਗੁਰਮੁਖਿ [੩]ਭੂਪਤਿ ਵੇਸਿ ਨ ਵਿਆਪੈ ਮਾਇਆ।
ਬ੍ਰਹਮੇ ਬਿਸਨ ਮਹੇਸ਼ ਨ ਦਰਸਨੁ ਪਾਇਆ ॥ ੩ ॥

## ਪਉੜੀ ੪

(ਬ੍ਰਹਮਾ, ਵਿਸ਼ਣੂ, ਮਹੇਸ਼)

ਬਿਸਨੈ ਦਸ ਅਵਤਾਰ ਨਾਵ ਗਣਾਇਆ।
ਕਰਿ ਕਰਿ ਅਸੁਰ[੪] ਸੰਘਾਰ ਵਾਦੁ[੫] ਵਧਾਇਆ।
ਬ੍ਰਹਮੈ ਵੇਦ ਵੀਚਾਰਿ ਆਖਿ ਸੁਣਾਇਆ।
ਮਨ ਅੰਦਰਿ ਅਹੰਕਾਰੁ ਜਗਤੁ ਉਪਾਇਆ।
ਮਹਾਦੇਉ [੬]ਲਾਇ ਤਾਰ ਤਾਮਸ ਤਾਇਆ।
ਗੁਰਮੁਖਿ ਮੋਖ ਦੁਆਰ ਆਪੁ ਗਵਾਇਆ ॥ ੪ ॥

## ਪਉੜੀ ੫

(ਸਨਕਾਦਿਕ ਤੇ ਸੁਕਦੇਵ)

ਨਾਰਦ ਮੁਨੀ ਅਖਾਇ ਗਲ ਸੁਣਾਇਆ।
ਲਾਇਤਬਾਰੀ[੭] ਖਾਇ ਚੁਗਲੁ ਸਦਾਇਆ।
ਸਨਕਾਦਿਕ[੮] ਦਰਿ ਜਾਇ ਤਾਮਸੁ[੯] ਆਇਆ।

---

੧ ਲਿਖਿਆ ਹੈ। ੨ ਇਕ ਰਸ ਸ਼ਬਦ ਅੰਦਰ ਲੰਘ ਕੇ (ਵਿਚਾਰ ਕਰਕੇ) ਅਘੜ ਮਨ ਨੂੰ ਘੜਿਆ। ੩ ਰਾਜਿਆਂ ਦਾ ਸਰੂਪ ਹਨ, ਪਰ ਉਹਨਾਂ ਨੂੰ ਮਾਇਆ ਨਹੀਂ ਵਿਆਪਦੀ। ੪ ਰਾਖਸ਼। ੫ ਝਗੜਾ। ੬ (ਤਾਰ) ਸਮਾਧੀ ਲਾ ਕੇ ਭੀ ਤਮੋ ਗੁਣ ਨਾਲ ਤਪਿਆ ਹੀ ਰਿਹਾ। ੭ ਬੇਇਤਬਾਰੀ (ਝੂਠੀ ਚੁਗਲੀ)। ੮ ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ, ਬ੍ਰਹਮਾ ਦੇ ਮਾਨਸਕ ਪੁਤ੍ਰ। ੯ ਕ੍ਰੋਧ।

Digitized by Panjab Digital Library | www.panjabdigilib.org

ਦਸ ਅਵਤਾਰ ਕਰਾਇ [੧]ਜਨਮੁ ਗਲਾਇਆ।
ਜਿਨਿ ਸੁਕ ਜਣਿਆ ਮਾਇ ਦੁਖੁ ਸਹਾਇਆ।
[੨]ਗੁਰਮੁਖਿ ਸੁਖ ਫਲ ਖਾਇ ਅਜਰੁ ਜਰਾਇਆ॥ ੫ ॥

## ਪਉੜੀ ੬

(ਧਰਤੀ)

ਧਰਤੀ ਨੀਵੀ ਹੋਇ ਚਰਣ ਚਿਤੁ ਲਾਇਆ।
ਚਰਣ ਕਵਲ [੩]ਰਸੁ ਭੋਇ ਆਪੁ ਗਵਾਇਆ।
[੪]ਚਰਣ ਰੇਣੁ ਤਿਹੁ ਲੋਇ ਇਛ ਇਛਾਇਆ।
[੫]ਧੀਰਜੁ ਧਰਮੁ ਸਮੋਇ ਸੰਤੋਖੁ ਸਮਾਇਆ।
[੬]ਜੀਵਣ ਜਗਤੁ ਪਰੋਇ ਰਿਜਕੁ ਪੁਜਾਇਆ।
ਮੰਨੈ ਹੁਕਮੁ ਰਜਾਇ ਗੁਰਮੁਖਿ ਜਾਇਆ॥ ੬ ॥

## ਪਉੜੀ ੭

(ਪਾਣੀ ਦਾ ਵਰਣਨ)

ਪਾਣੀ ਧਰਤੀ ਵਿਚਿ ਧਰਤਿ ਵਿਚਿ ਪਾਣੀਐ।
[੭]ਨੀਚਹੁ ਨੀਚ ਨ ਹਿਚ ਨਿਰਮਲ ਜਾਣੀਐ।
ਸਹਿਦਾ ਬਾਹਲੀ ਖਿਚ ਨਿਵੇ ਨੀਵਾਣੀਐ।
ਮਨ ਮੇਲੀ [੮]ਘੁਲ ਮਿਚਿ ਸਭ ਰੰਗ ਮਾਣੀਐ।
ਵਿਛੁੜੈ ਨਾਹਿ ਵਿਰਚਿ[੯] ਦਰਿ ਪਰਵਾਣੀਐ।
[੧੦]ਪਰਉਪਕਾਰ ਸਰਚਿ ਭਗਤਿ ਨੀਸਾਣੀਐ॥ ੭ ॥

---

੧ ਜਨਮ ਗਾਲ ਦਿਤਾ, ਅਰਥਾਤ ਫਜ਼ੂਲ ਹੀ ਸਮਾਂ ਗਵਾਇਆ। ੨ ਗੁਰਮੁਖਾਂ ਨੇ ਪ੍ਰੇਮ ਰੂਪੀ ਸੁਖ-ਫਲ ਪ੍ਰਾਪਤ ਕਰਕੇ ਅਜਰ ਮਨ ਨੂੰ ਜਰ ਲਿਆ ਹੈ। ੩ ਰਸ ਵਿਚ ਮਿਲੀ ਹੋਈ। ੪ ਚਰਨ ਧੂੜ ਬਣੀ, ਜਿਸ ਦੀ ਤਿੰਨ ਲੋਕ ਇੱਛਾ ਕਰਦੇ ਹਨ। ੫ (ਧਰਤੀ ਵਿਚ) ਧੀਰਜ ਦਾ ਧਰਮ ਅਤੇ ਸੰਤੋਖ ਸਮਾਇਆ ਹੋਇਆ ਹੈ। ੬ ਜੀਵਨ ਦੀ ਜੁਗਤੀ ਨੂੰ ਧਾਰਨ ਕਰਕੇ (ਸਾਰੇ ਸੰਸਾਰ ਨੂੰ) ਰਿਜ਼ਕ ਦੇਂਦੀ ਹੈ। ੭ ਨੀਵੇਂ ਤੋਂ ਨੀਵਾਂ ਵਗਣ ਵਿਚ ਭੀ ਕੋਈ (ਹਿੱਚ) ਜ਼ਿਦ ਨਹੀਂ ਕਰਦਾ। ੮ ਘੁਲ ਮਿਲ। ੯ ਚੰਗੀ ਤਰ੍ਹਾਂ ਰਚ ਜਾਣ ਪੁਰ। ੧੦ ਪਰੋਪਕਾਰ ਵਿਚ (ਸਰਚ) ਰਚੇ ਰਹਿੰਦੇ ਹਨ।

Digitized by Panjab Digital Library | www.panjabdigilib.org

## ਪਉੜੀ ੮

(ਬ੍ਰਿੱਛ ਵਰਣਨ)

ਧਰਤੀ ਉਤੈ ਰੁਖ ਸਿਰ ਤਲਵਾਇਆ[੧]।
ਆਪਿ ਸਹੰਦੈ ਦੁਖ ਜਗੁ ਵਰੁਸਾਇਆ[੨]।
ਫਲ ਦੇ ਲਾਹਨਿ ਭੁਖ ਵਟ ਵਗਾਇਆ।
ਛਾਵ ਘਣੀ ਬਹਿ ਸੁਖ ਮਨੁ ਪਰਚਾਇਆ।
ਵਢਨਿ ਆਇ ਮਨੁਖ ਆਪੁ ਤਛਾਇਆ[੩]।
ਵਿਰਲੇ ਹੀ ਸਨਮੁਖ ਭਾਣਾ ਭਾਇਆ ॥ ੮ ॥

## ਪਉੜੀ ੯

(ਬ੍ਰਿਛ ਦੇ ਹੋਰ ਉਪਕਾਰ)

[੪]ਰੁਖਹੁ ਘਰ ਛਾਵਾਇ ਥੰਮ੍ਹ ਥਮਾਇਆ।
ਸਿਰਿ ਕਰਵਤੁ[੫] ਧਰਾਇ ਬੇੜ[੬] ਘੜਾਇਆ।
ਲੋਹੇ ਨਾਲਿ ਜੜਾਇ ਪੂਰ ਤਰਾਇਆ।
ਲਖ ਲਹਰ ਦਰੀਆਇ ਪਾਰਿ ਲਘਾਇਆ।
ਗੁਰਸਿਖਾਂ [੭] ਭੈ ਭਾਇ ਸਬਦੁ ਕਮਾਇਆ।
[੮]ਇਕਸ ਪਿਛੈ ਲਾਇ ਲਖ ਛਡਾਇਆ ॥ ੯ ॥

## ਪਉੜੀ ੧੦

[ਤਿਲ ਦਾ ਦ੍ਰਿਸ਼ਟਾਂਤ]

ਘਾਣੀ[੯] ਤਿਲੁ ਪੀੜਾਇ ਤੇਲ ਕਢਾਇਆ।
ਦੀਵੈ ਤੇਲੁ ਜਲਾਇ ਅਨ੍ਹੇਰੁ ਗਵਾਇਆ।
ਮਸ[੧੦] ਮਸਵਾਣੀ[੧੧] ਪਾਇ ਸਬਦੁ ਲਿਖਾਇਆ।

---

੧ ਉਲਟਾ। ੨ ਵਰੋਸਾਉਂਦਾ, ਅਰਥਾਤ ਉਪਕਾਰ ਕਰਦੇ ਹਨ। ੩ ਕਟਾਉਂਦੇ ਹਨ। ੪ ਬ੍ਰਿਛ ਤੋਂ ਘਰ (ਛਾਵਾਇ) ਛੱਤੀ ਦਾ ਹੈ ਤੇ ਹੇਠਾਂ ਉਸੇ ਦੀਆਂ ਥੰਮ੍ਹੀਆਂ ਦਾ (ਥਮ੍ਹਾਇਆ) ਸਹਾਰਾ ਦੇਈਦਾ ਹੈ। ੫ ਆਰਾ। ੬ ਬੇੜਾ। ੭ ਭੈ ਤੇ ਪ੍ਰੇਮ ਨਾਲ ਸ਼ਬਦ ਰੂਪ ਬੇੜਾ (ਕਮਾਇਆ) ਤਿਆਰ ਕਰਦੇ ਹਨ। ੮ ਇਕ (ਸ਼ਬਦ) ਦੇ ਪਿਛੇ ਲਗਾ ਕੇ ਲੱਖਾਂ ਦਾ ਉਧਾਰ ਕਰਦੇ ਹਨ। ੯ ਕੋਹਲੂ ਵਿਚ ਪਿਆ ਤਿਲਾਂ ਦਾ ਢੇਰ। ੧੦ ਸਿਆਹੀ। ੧੧ ਦਵਾਤ।

Digitized by Panjab Digital Library | www.panjabdigilib.org

ਸੁਣਿ ਸਿਖਿ ਲਿਖਿ ਲਿਖਾਇ ਅਲੇਖੁ[੧] ਸੁਣਾਇਆ।
[੨]ਗੁਰਮੁਖਿ ਆਪੁ ਗਵਾਇ ਸਬਦੁ ਕਮਾਇਆ।
[੩]ਗਿਆਨਅੰਜਨ ਲਿਵਲਾਇ ਸਹਜਿ ਸਮਾਇਆ॥ ੧੦ ॥

## ਪਉੜੀ ੧੧

[ਮਨਮੁਖ ਨਾਲੋਂ ਪਸ਼ੂ ਉੱਤਮ ਹੈ]

ਦੁਧੁ ਦੇਇ ਖੜੁ[੪] ਖਾਇ ਨ ਆਪੁ ਗਣਾਇਆ।
ਦੁਧਹੁ ਦਹੀ ਜਮਾਇ ਘਿਉ ਨਿਪਜਾਇਆ[੫]।
ਗੋਹਾ ਮੂਤੁ ਲਿੰਬਾਇ ਪੂਜ ਕਰਾਇਆ।
[੬]ਛਤੀਹ ਅੰਮ੍ਰਿਤੁ ਖਾਇ ਕੁਚੀਲ ਕਰਾਇਆ।
ਸਾਧ ਸੰਗਤਿ ਚਲਿ ਜਾਇ ਸਤਿਗੁਰੁ ਧਿਆਇਆ।
ਸਫਲ ਜਨਮੁ ਜਗਿ ਆਇ ਸੁਖ ਫਲ ਪਾਇਆ॥ ੧੧ ॥

## ਪਉੜੀ ੧੨

[ਗੁਰਮੁਖ ਕਪਾਹ ਵਾਂਗ ਕਸ਼ਟ ਸਹਾਰਦੇ ਹਨ]

ਦੁਖ ਸਹੈ ਕਪਾਹਿ ਭਾਣਾ ਭਾਇਆ।
ਵੇਲਣਿ [੭]ਵੇਲ ਵੇਲਾਹਿ ਤੁੰਬਿ ਤੁੰਬਾਇਆ।
ਪਿੰਞਣਿ ਪਿੰਜ ਫਿਰਾਹਿ[੮] ਸੂਤੁ ਕਤਾਇਆ।
ਨਲੀ ਜੁਲਾਹੇ ਵਾਹਿ[੯] ਚੀਰੁ[੧੦] ਵੁਣਾਇਆ।
ਖੁੰਬ ਚੜਾਇਨਿ ਬਾਹਿ[੧੧] ਨੀਰਿ ਧੁਵਾਇਆ।
ਪੈਨ੍ਹਿ ਸਾਹਿ ਪਾਤਿਸਾਹਿ ਸਭਾ ਸੁਭਾਇਆ॥ ੧੨ ॥

---

੧ ਲੇਖੇ ਤੋਂ ਰਹਿਤ (ਵਾਹਿਗੁਰੂ)। ੨ (ਤਿਲਾ ਵਾਂਗ ਹੀ) ਗੁਰਮੁਖਾਂ ਨੇ ਆਪਣੇ ਆਪ ਨੂੰ (ਗਵਾਇ) ਮਿਟਾ ਕੇ ਸ਼ਬਦ ਦੀ ਕਮਾਈ ਕੀਤੀ। ੩ (ਲਿਵ) ਬੁਧੀ (ਦੇ ਨੇਤਰਾਂ) ਵਿਚ ਗਿਆਨ ਦਾ ਸੁਰਮਾ ਲਗਾ ਕੇ। ੪ ਘਾਹ। ੫ ਕਢਿਆ। ੬ ਛੱਤੀ ਪ੍ਰਕਾਰ ਦੇ ਭੋਜਨ ਖਾਕੇ (ਕੁਚੀਲ) ਵਿਸ਼ਟਾ ਕਰ ਦੇਂਦਾ ਹੈ। ੭ ਵੇਲਣੇ ਦੇ (ਵੇਲ) ਚੱਕਰ ਵਿਚ ਵੇਲਕੇ ਉਪਰੰਤ ਤੂੰਬਾ ਤੂੰਬਾਂ ਕੀਤਾ ਜਾਂਦਾ ਹੈ। ੮ ਚਰਖੇ ਦੇ ਫੇਰ ਵਿਚ ਫਿਰਾ ਕੇ। ੯ ਵਟ ਕੇ। ੧੦ ਕਪੜਾ। ੧੧ ਵਗਦੇ ਪਾਣੀ।

Digitized by Panjab Digital Library | www.panjabdigilib.org

## ਪਉੜੀ ੧੩

(ਗੁਰਮੁਖ ਮਜੀਠ ਤੇ ਕਮਾਦ ਵਾਂਗ ਸੇਵਾ ਤੋਂ ਮੂੰਹ ਨਹੀਂ ਮੋੜਦੇ)

ਜਾਣੁ ਮਜੀਠੈ ਰੰਗੁ ਆਪੁ ਪੀਹਾਇਆ।
ਕਦੇ ਨ [੧]ਛਡੈ ਸੰਗੁ ਬਣਤ ਬਣਾਇਆ।
ਕਟਿ ਕਮਾਦੁ ਨਿਸੰਗੁ[੨] ਆਪੁ ਪੀੜਾਇਆ।
ਕਰੈ ਨ ਮਨ ਰਸ ਭੰਗੁ ਅਮਿਓ ਚੁਆਇਆ।
ਗੁੜੁ ਸਕਰ ਖੰਡ ਅਚੰਗੁ[੩] ਭੋਗ ਭੁਗਾਇਆ।
[੪]ਸਾਧ ਨ ਮੋੜਨ ਅੰਗੁ ਜਗੁ ਪਰਚਾਇਆ ॥ ੧੩ ॥

## ਪਉੜੀ ੧੪

(ਲੋਹੇ ਵਾਂਗ ਆਪਾ ਭਾਵ ਗਵਾਕੇ ਹੀ ਆਪਾ ਦੇਖੀਦਾ ਹੈ)

ਲੋਹਾ ਆਰਣਿ[੫] ਪਾਇ ਤਾਵਣਿ[੬] ਤਾਇਆ।
ਘਣ[੭] ਅਹਰਣਿ[੮] ਹਣਵਾਇ[੯] ਦੁਖੁ ਸਹਾਇਆ।
ਆਰਸੀਆ[੧੦] ਘੜਵਾਇ ਮੁਲੁ ਕਰਾਇਆ।
ਖਹੁਰੀ ਸਾਣ ਧਰਾਇ [੧੧]ਅੰਗੁ ਹਛਾਇਆ।
ਪੈਰਾਂ ਹੇਠਿ ਰਖਾਇ ਸਿਕਲ ਕਰਾਇਆ।
[੧੨]ਗੁਰਮੁਖਿ ਆਪੁ ਗਵਾਇ ਆਪੁ ਦਿਖਾਇਆ ॥ ੧੪ ॥

---

੧ ਹੋਰ ਦੀ ਹੋਰ ਬਨਾਵਟ ਹੋ ਜਾਣ ਪੁਰ ਭੀ (ਰੰਗ ਦਾ) ਸੰਗ ਨਹੀਂ ਛਡਦਾ। ੨ ਨਿਝੱਕ ਹੋ ਕੇ। ੩ ਜਿਸ ਤੋਂ ਹੋਰ ਕੋਈ ਚੰਗਾ ਨਹੀਂ, ਉਹਨਾਂ ਗੁੜ, ਸ਼ੱਕਰ, ਖੰਡ ਆਦਿ ਵਸਤਾਂ ਦੇ ਭੋਗ ਭੁਗਾਉਂਦਾ ਹੈ। ੪ ਸਾਧੂ ਲੋਕ (ਸੇਵਾ ਤੋਂ) ਅੰਗ ਨਹੀਂ ਮੋੜਦੇ, ਜਗਤ ਨੂੰ ਪਰਚਾਉਂਦੇ, ਅਰਥਾਤ ਸੁਖੀ ਬਣਦੇ ਹਨ। ੫ ਲੋਹਾਰ ਦੀ ਭੱਠੀ। ੬ ਅੱਗ। ੭ ਹਥੌੜਾ। ੮ ਲੋਹੇ ਦਾ ਵਡਾ, ਟੁਕੜਾ ਜਿਸ ਪੁਰ ਲੋਹਾ ਰੱਖ ਕੇ ਕੁਟਿਆ ਜਾਂਦਾ ਹੈ। ੯ ਸੱਟਾਂ ਲਾ ਕੇ। ੧੦ ਸ਼ੀਸ਼ਿਆਂ ਵਾਂਗ। ੧੧ ਅੰਗ ਹਛੇ ਕਰੀਦੇ ਹਨ, ਭਾਵ ਤੇਜ਼ ਕਰੀਦੇ ਸਨ। ੧੨ ਨਿਕਲ ਕੀਤੇ ਲੋਹੇ ਵਿਚੋਂ ਜਿਵੇਂ ਸੂਰਤ ਦਿਸ ਪੈਂਦੀ ਹੈ, ਤਿਵੇਂ ਗੁਰਮੁਖ ਆਪਣਾ ਆਪ ਗਵਾ ਕੇ ਆਪਣੇ ਨਿਜ ਸਰੂਪ ਨੂੰ ਦੇਖ ਲੈਂਦੇ ਹਨ।

Digitized by Panjab Digital Library | www.panjabdigilib.org

## ਪਉੜੀ ੧੫

(ਰਬਾਬ ਵਾਂਗ ਦੁਖ ਸਹਾਰਕੇ ਗੁਰਮੁਖ ਸਹਿਜ ਪਦ ਵਿਚ ਸਮਾਉਂਦੇ ਹਨ)

ਚੰਗਾ ਰੁਖੁ ਵਢਾਇ ਰਬਾਬੁ ਘੜਾਇਆ।
ਛੇਲੀ[1] ਹੋਇ ਕੁਹਾਇ ਮਾਸੁ ਵੰਡਾਇਆ।
ਆਂਦ੍ਰਹੁ[2] ਤਾਰ ਬਣਾਇ ਚੰਮਿ ਮੜਾਇਆ।
ਸਾਧ ਸੰਗਤਿ ਵਿਚਿ ਆਇ ਨਾਦ[3] ਵਜਾਇਆ।
ਰਾਗ ਰੰਗ ਉਪਜਾਇ ਸਬਦੁ ਸੁਣਾਇਆ।
[4]ਸਤਿਗੁਰੁ ਪੁਰਖੁ ਧਿਆਇ ਸਹਜਿ ਸਮਾਇਆ ॥ ੧੫ ॥

## ਪਉੜੀ ੧੬

[ਚੰਦਨ ਵਰਣਨ]

ਚੰਨਣੁ ਰੁਖੁ ਉਪਾਇ ਵਣਖੰਡਿ[5] ਰਖਿਆ।
[6]ਪਵਣੁ ਗਵਣੁ ਕਰਿ ਜਾਇ ਅਲਖੁ ਨ ਲਖਿਆ।
ਵਾਸੂ ਬਿਰਖ ਬੁਹਾਇ[7] [8]ਸਚੁ ਪਰਖਿਆ।
ਸਭੇ ਵਰਨ[9] ਗਵਾਇ ਭਖਿ ਅਭਖਿਆ।
ਸਾਧ ਸੰਗਤਿ ਭੈ ਭਾਇ ਅਪਿਓ ਪੀ ਚਖਿਆ।
[10]ਗੁਰਮੁਖਿ ਸਹਜਿ ਸੁਭਾਇ ਪ੍ਰੇਮ ਪ੍ਰਤਖਿਆ ॥ ੧੬ ॥

---

੧ ਬਕਰੀ। ੨ ਆਂਦਰਾਂ। ੩ ਸ਼ਬਦ। ੪ (ਰਬਾਬ ਵਾਂਗ ਹੀ ਜਿਨ੍ਹਾਂ ਨੇ ਦੁੱਖ ਸਹਾਰ ਕੇ) ਸਤਿਗੁਰ ਪੁਰਖ ਦੀ ਆਰਾਧਨਾ ਕੀਤੀ ਹੈ, ਉਹ ਸਹਿਜ ਪਦ ਵਿਚ ਸਮਾ ਗਏ। ੫ ਸੰਘਣਾ ਬਨ। ੬ ਹਵਾ ਰਾਹੀਂ ਏਧਰ ਓਧਰ ਤੁਰ ਕੇ ਜਾਂਦਾ ਹੈ, ਨਹੀਂ ਤਾਂ ਚੰਨਣ ਅਲਖ ਹੀ ਸੀ ਉਸ ਨੂੰ ਕੋਈ ਜਾਣ ਨਹੀਂ ਸੀ ਸਕਦਾ। ੭ ਸੁਗੰਧਿਤ। ੮ ਇਸ ਤਰ੍ਹਾਂ ਸੱਚ ਪਰਖਿਆ ਜਾਂਦਾ ਹੈ। ੯ ਖਾਣ ਜਾਂ ਨਾ ਖਾਣ ਵਾਲੇ ਫ਼ਲਾਂ ਦੇ ਸਭ ਤਰ੍ਹਾਂ ਦੇ ਬਿਰਛਾਂ ਦਾ ਵਰਨ ਗਵਾ ਕੇ ਚੰਦਨ ਰੂਪ ਕਰ ਲੈਂਦਾ ਹੈ। ੧੦ (ਚੰਦਨ ਦੀ ਸੁਗੰਧ ਵਾਂਗ) ਗੁਰਮੁਖਾਂ ਦਾ ਪ੍ਰੇਮ, ਸਹਿਜ ਸੁਭਾ ਹੀ ਪ੍ਰਤੱਖ ਹੁੰਦਾ ਹੈ।

Digitized by Panjab Digital Library | www.panjabdigilib.org

## ਪਉੜੀ ੧੭

(ਗੁਰ ਸਿਖਾਂ ਦੀ ਸੇਵਾ)

ਗੁਰ ਸਿਖਾਂ ਗੁਰ ਸਿਖ ਸੇਵ ਕਮਾਵਣੀ।
ਚਾਰਿ ਪਦਾਰਥਿ ਭਿਖ ਫਕੀਰਾਂ[1] ਪਾਵਣੀ।
[2]ਲੇਖ ਅਲੇਖ ਅਲਖ ਬਾਣੀ ਗਾਵਣੀ।
[3]ਭਾਇ ਭਗਤਿ ਰਸੁ ਇਖ ਅਮਿਉ ਚੁਆਵਣੀ।
[4]ਤੁਲਿ ਨ ਭੂਤ ਭਵਿਖ ਨ ਕੀਮਤਿ ਪਾਵਣੀ।
[5]ਗੁਰਮੁਖਿ ਮਾਰਗ ਵਿਖ ਲਵੈ ਨ ਲਾਵਣੀ॥ ੧੭॥

## ਪਉੜੀ ੧੮

(ਗੁਰ ਸਿਖਾਂ ਦੀ ਸੇਵਾ ਦਾ ਫਲ)

ਇੰਦ੍ਰ ਪੁਰੀ ਲਖ ਰਾਜ ਨੀਰ ਭਰਾਵਣੀ।
ਲਖ ਸੁਰਗ ਸਿਰਤਾਜ ਗਲਾ ਪੀਹਾਵਣੀ।
[6]ਰਿਧਿ ਸਿਧਿ ਨਿਧ ਲਖ ਸਾਜ ਚੁਲਿ ਝੁਕਾਵਣੀ।
[7]ਸਾਧ ਗਰੀਬ ਨਿਵਾਜ ਗਰੀਬੀ ਆਵਣੀ।
[8]ਅਨਹਦ ਸਬਦ ਅਗਾਜ ਬਾਣੀ ਗਾਵਣੀ॥ ੧੮॥

---

੧ ਜਗਿਆਸੂਆਂ। ੨ ਲੇਖੇ ਤੋਂ ਅਲੇਖ ਅਤੇ ਅਲਿਖ (ਪਰਮਾਤਮਾਂ)। ੩ ਗੰਨੇ ਦੇ ਰਸ ਵਾਂਗ (ਮਿੱਠੀ) ਪ੍ਰੇਮ ਭਗਤੀ। ੪ ਭੂਤ ਭਵਿਖਤ ਤੇ ਵਰਤਮਾਨ ਤਿੰਨਾਂ ਕਾਲਾਂ ਦੇ ਪਦਾਰਥ ਉਸ ਨਾਲ ਤੁਲ ਨਹੀਂ ਸਕਦੇ ਅਤੇ ਨਾ ਹੀ ਉਸ ਦਾ ਮੁਲ ਪਾਇਆ ਜਾ ਸਕਦਾ ਹੈ। ੫ ਗੁਰਮੁਖਾਂ ਦੇ ਮਾਰਗ ਦੇ ਇਕ ਕਦਮ ਦੀ ਬਰਾਬਰੀ ਭੀ ਨਹੀਂ ਹੋ ਸਕਦੀ। ੬ ਲੱਖਾਂ ਰਿੱਧੀਆਂ ਸਿੱਧੀਆਂ ਤੇ ਨਿਧੀਆਂ ਦੇ ਸਾਜ (ਸਮਝਣੇ ਚਾਹੀਦੇ ਹਨ) ਜੋ (ਗੁਰ ਸਿਖਾਂ ਦੇ ਲੰਗਰ ਵਿਚ) ਚੁਲ੍ਹ ਵਿਚ ਬਾਲਣ ਡਾਹੁੰਣਾ ਹੈ। ੭ ਸਾਧੂ ਤੇ ਗਰੀਬ ਨੂੰ ਨਿਵਾਜਣ (ਵਡਿਆਉਣ) ਨਾਲ (ਮਨ ਵਿਚ) ਗਰੀਬੀ ਆਉਂਦੀ ਹੈ। ੮ (ਗੁਰਦੁਆਰੇ ਵਿਚ ਗੁਰੂ ਕੀ) ਬਾਣੀ ਗਾਉਣੀ ਹੀ (ਗੁਰ ਸਿਖਾਂ ਦਾ) ਪ੍ਰਗਟ ਅਨਹਦ ਸ਼ਬਦ ਹੈ।

Digitized by Panjab Digital Library | www.panjabdigilib.org

## ਪਉੜੀ ੧੯

(ਸੇਵਾ ਦਾ ਫਲ)

[1]ਹੋਮ ਜਗ ਲਖ ਭੋਗ ਚਣੇ ਚਬਾਵਣੀ।
[2]ਤੀਰਥ ਪੁਰਬ ਸੰਜੋਗ ਪੈਰ ਧੁਵਾਵਣੀ।
[3]ਗਿਆਨ ਧਿਆਨ ਲਖ ਜੋਗ ਸਬਦ ਸੁਨਾਵਣੀ।
ਰਹੈ ਨ [4]ਸਹਸਾ ਸੋਗ ਝਾਤੀ ਪਾਵਣੀ।
ਭਉਜਲ[5] ਵਿਚਿ ਅਰੋਗ [6]ਨ ਲਹਰਿ ਡਰਾਵਣੀ।
ਲੰਘਿ [7]ਸੰਜੋਗ ਵਿਜੋਗ [8]ਗੁਰਮਤਿ ਆਵਣੀ ॥ ੧੯ ॥

## ਪਉੜੀ ੨੦

(ਸੇਵਾ ਦਾ ਬੇਅੰਤ ਫਲ)

ਧਰਤੀ ਬੀਉ ਬੀਜਾਇ [9]ਸਹਸ ਫਲਾਇਆ।
ਗੁਰਸਿਖ ਮੁਖਿ ਪਵਾਇ ਨ ਲੇਖ ਲਿਖਾਇਆ।
ਧਰਤੀ ਦੇਇ ਫਲਾਇ ਜੋਈ[10] ਫਲੁ ਪਾਇਆ।
ਗੁਰ ਸਿਖ ਮੁਖਿ ਸਮਾਇ ਸਭ ਫਲ ਲਾਇਆ।
[11]ਬੀਜੇ ਬਾਝੁ ਨ ਖਾਇ ਨ ਧਰਤਿ ਜਮਾਇਆ।
[12]ਗੁਰਮੁਖਿ ਚਿਤਿ ਵਸਾਇ ਇਛਿ ਪੁਜਾਇਆ॥੨੦॥੧੪॥

---

੧ (ਗੁਰ ਸਿੱਖਾਂ ਨੂੰ ਭੁਜੇ) ਚਨੇ ਚਬਾਉਣ (ਦੀ ਸੇਵਾ) ਹੋਮ ਜੱਗ ਦੇ (ਫਲ ਰੂਪ) ਲੱਖਾਂ ਭੋਗਾਂ ਨਾਲੋਂ (ਉੱਤਮ ਹੈ)। ੨ ਤੀਰਥਾਂ ਦੀਆਂ ਪੂਰਬੀਆਂ ਦੇ ਸੰਜੋਗਾਂ (ਦੇ ਮੰਨੇ ਹੋਏ ਫਲਾਂ ਨਾਲੋਂ)। ੩ ਲੱਖਾਂ ਗਿਆਨ ਤੇ ਜੋਗ ਦੇ ਧਿਆਨ ਦੇ ਫਲਾਂ ਨਾਲੋਂ ਕਿਤੇ ਵਧ ਹੈ। ਗੁਰ ਸਿਖਾਂ ਨੂੰ ਸ਼ਬਦ (ਪੜ੍ਹ ਜਾਂ ਗਾ ਕੇ) ਸੁਣਾਉਣਾ। ੪ ਇਕ ਨਜ਼ਰ ਨਾਲ ਦਰਸ਼ਨ ਕੀਤਿਆਂ ਹੀ ਭਰਮ ਤੇ ਸ਼ੋਕ ਨਹੀਂ ਰਹਿੰਦਾ। ੫ ਸੰਸਾਰ ਸਮੁੰਦਰ। ੬ (ਮਾਇਆ ਦੀ) ਲਹਿਰ ਭਿਆਨਕ ਨਹੀਂ ਰਹਿੰਦੀ। ੭ ਸੰਜੋਗ ਤੇ ਵਿਯੋਗ (ਦੇ ਫਲ ਦੁਖ-ਸੁਖ) ਨੂੰ ਲੰਘ ਜਾਈਦਾ ਹੈ। ੮ ਗੁਰਮਤ (ਆਉਣੀ) ਪ੍ਰਾਪਤ ਹੋਣ ਨਾਲ। ੯ ਹਜ਼ਾਰ ਗੁਣਾਂ ਫਲਦਾ ਹੈ। ੧੦ ਲੇਖਾ ਲਿਖਿਆ ਹੀ ਨਹੀਂ ਜਾ ਸਕਦਾ। ੧੧ ਬੀਜੇ ਬਾਝ ਕੋਈ ਖਾ ਨਹੀਂ ਸਕਦਾ ਤੇ ਨਾ ਹੀ ਧਰਤੀ ਵਿਚ (ਬੀਜੇ ਬਿਨਾਂ) ਜੰਮਦਾ ਹੀ ਹੈ। ੧੧ (ਪਰ) ਗੁਰਮੁਖਾਂ ਦੀ ਸੇਵਾ ਚਿੱਤ ਵਿਚ ਵਸਾਉਣ ਨਾਲ਼ ਹੀ ਇਛਾਂ ਪੂਰਨ ਹੋ ਜਾਂਦੀਆਂ ਹਨ।

Digitized by Panjab Digital Library | www.panjabdigilib.org

# ਵਾਰ ੧੫

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਸਤਿਗੁਰ ਮਹਿਮਾ]

ਸਤਿਗੁਰੁ ਸਚਾ ਪਾਤਿਸਾਹੁ ਕੂੜੇ ਬਾਦਿਸਾਹ ਦੁਨੀਆਵੇ।
ਸਤਿਗੁਰ ਨਾਥਾ ਨਾਥੁ ਹੈ ਹੋਇ [੧]ਨਉਂ ਨਾਥ ਅਨਾਥ ਨਿਥਾਵੇ।
ਸਤਿਗੁਰੁ ਸਚੁ ਦਾਤਾਰ ਹੈ ਹੋਰੁ ਦਾਤੇ [੨]ਫਿਰਦੇ ਪਾਛਾਵੇ।
ਸਤਿਗੁਰੁ ਕਰਤਾ ਪੁਰਖੁ ਹੈ [੩]ਕਰਿ ਕਰਤੂਤਿ ਨਿਨਾਵਨਿ ਨਾਵੇ।
ਸਤਿਗੁਰੁ ਸਚਾ ਸਾਹੁ ਹੈ ਹੋਰੁ ਸਾਹ [੪]ਵੇਸਾਹ ਉਚਾਵੇ।
ਸਤਿਗੁਰੁ ਸਚਾ ਵੈਦੁ ਹੈ ਹੋਰੁ ਵੈਦੁ ਸਭ ਕੈਦ ਕੂੜਾਵੇ।
ਵਿਣੁ ਸਤਿਗੁਰੁ ਸਭਿ ਨਿਗੋਸਾਵੈ[੫] ॥ ੧ ॥

## ਪਉੜੀ ੨

[ਉਹੋ ਹੀ]

ਸਤਿਗੁਰੁ ਤੀਰਥੁ ਜਾਣੀਐ ਅਠਸਠਿ ਤੀਰਥ ਸਰਣੀ ਆਏ।
ਸਤਿਗੁਰੁ [੬]ਦੇਉ ਅਭੇਉ ਹੈ ਹੋਰੁ ਦੇਵ ਗੁਰੁ ਸੇਵ ਤਰਾਏ।
ਸਤਿਗੁਰੁ ਪਾਰਸਿ ਪਰਸਿਐ ਲਖ ਪਾਰਸ ਪਾਖਾਕੁ[੭] ਸੁਹਾਏ।
[੮]ਸਤਿਗੁਰੁ ਪੂਰਾ ਪਾਰਿਜਾਤੁ ਪਾਰਜਾਤ ਲਖ ਸਫਲਿ ਧਿਆਏ।

---

੧ ਨਾਥ ਸੰਪ੍ਰਦਾਇ ਦੇ ਮੁਖੀ ਜੋਗੀ–ਆਦ ਨਾਥ, ਮਛੰਦਰ, ਉਦੈ, ਸੰਤੋਖ, ਕੰਥੜ; ਸਤਜ ਅਚੰਭ, ਚੌਰੰਗੀ ਅਤੇ ਗੋਰਖ। ੨ ਪਿਛੇ ਲਗੇ ਫ਼ਿਰਦੇ ਹਨ। ੩ ਕਰਮ ਕਰਕੇ ਨਿਨਾਵੇਂ, (ਅਪ੍ਰਸਿਧ) ਲੋਕਾਂ ਨੂੰ ਉਘੇ ਕਰ ਦੇਂਦੇ ਹਨ। ੪ ਬੇਇਤਬਾਰੇ। ੫ ਨਿਗੁਰੇ। ੬ ਪ੍ਰਕਾਸ਼ ਸਰੂਪ ਤੇ ਅਭੇਦ ਹੈ। ੭ ਪੈਰਾਂ ਦੀ ਖਾਕ। ੮ ਸਤਿਗੁਰੂ ਪੂਰਨ ਕਲਪ ਬ੍ਰਿਛ ਹੈ, ਜਿਸ ਨੂੰ (ਸਵਰਗ ਦੇ) ਲੱਖਾਂ ਕਲਪ ਬ੍ਰਿਛ ਧਿਆਉਂਦੇ ਹਨ।

Digitized by Panjab Digital Library | www.panjabdigilib.org

ਸੁਖ ਸਾਗਰੁ ਸਤਿਗੁਰ ਪੁਰਖੁ [੧]ਰਤਨ ਪਦਾਰਥ ਸਿਖ ਸੁਣਾਏ।
ਚਿੰਤਾਮਣਿ ਸਤਿਗੁਰ ਚਰਣ [੨]ਚਿੰਤਾਮਣੀ ਅਚਿੰਤ ਕਰਾਏ।
ਵਿਣੁ ਸਤਿਗੁਰ [੩]ਸਭਿ ਦੂਜੈ ਭਾਏ॥ ੨॥

## ਪਉੜੀ ੩

[ਮਾਨਸ ਦੇਹ ਦੀ ਉਤਪੱਤੀ]

ਲਖ ਚਉਰਾਸੀਹ ਜੂਨਿ ਵਿਚਿ ਉਤਮੁ ਜੂਨਿ ਸੁ ਮਾਣਸ ਦੇਹੀ।
ਅਖੀ ਦੇਖੈ ਨਦਰਿ ਕਰਿ ਜਿਹਬਾ ਬੋਲੈ [੪]ਬਚਨ ਬਿਦੇਹੀ।
ਕੰਨੀ ਸੁਣਦਾ ਸੁਰਤਿ[੫] ਕਰਿ ਵਾਸ ਲਏ ਨਕਿ [੬]ਸਾਸ ਸਨੇਹੀ।
ਹਥੀ ਕਿਰਤਿ ਕਮਾਵਣੀ ਪੈਰੀ ਚਲਣੁ [੭]ਜੋਤਿ ਇਵੇਹੀ।
ਗੁਰਮੁਖਿ ਜਨਮੁ ਸਕਾਰਥਾ[੮] ਮਨਮੁਖ ਮੂਰਤਿ ਮਤਿ ਕਿਨੇਹੀ[੯]।
ਕਰਤਾ ਪੁਰਖੁ ਵਿਸਾਰਿਕੈ ਮਾਣਸ ਦੀ ਮਨਿ ਆਸ ਧਰੇਹੀ।
ਪਸੂ ਪਰੇਤਹੁ [੧੦]ਬੁਰੀ ਬੁਰੇਹੀ॥ ੩॥

## ਪਉੜੀ ੪

[ਬੰਦੇ ਦਾ ਬੰਦਾ, ਮਨਮੁਖ ਦੀ ਦਸ਼ਾ]

ਸਤਿਗੁਰ ਸਾਹਿਬੁ ਛਡਿਕੈ ਮਨਮੁਖੁ ਹੋਇ ਬੰਦੇ ਦਾ ਬੰਦਾ।
ਹੁਕਮੀ ਬੰਦਾ ਹੋਇਕੈ ਨਿਤ ਉਠਿ ਜਾਇ ਸਲਾਮੁ ਕਰੰਦਾ।
ਆਠ ਪਹਰ ਹਥ ਜੋੜਿ ਕੈ ਹੋਇ ਹਜੂਰੀ ਖੜਾ ਰਹੰਦਾ।
ਨੀਦ ਨ ਭੁਖ ਨ ਸੁਖ ਤਿਸੁ ਸੂਲੀ ਚੜਿਆ ਰਹੈ ਡਰੰਦਾ।
ਪਾਣੀ ਪਾਲਾ ਧੁਪ ਛਾਉ ਸਿਰ ਉਤੈ ਝਲਿ ਦੁਖ ਸਹੰਦਾ।
[੧੧]ਆਤਸਬਾਜੀ ਸਾਰੁ ਵੇਖਿ ਰਣ ਵਿਚਿ ਘਾਇਲੁ ਹੋਇ ਮਰੰਦਾ।
ਗੁਰ ਪੂਰੇ ਵਿਣੁ ਜੂਨਿ ਭਵੰਦਾ॥ ੪॥

---

੧ ਸਿਖਿਆ ਰੂਪ ਰਤਨ ਪਦਾਰਥ ਸੁਣਾਉਂਦੇ ਹਨ। ੨ ਚਿੰਤਾ ਮਣੀਆਂ ਨੂੰ ਭੀ ਅਚਿੰਤ ਕਰਦੇ ਹਨ। ੩ ਸਭ ਦਵੈਤ, ਅਰਥਾਤ ਅਗਿਆਨ ਵਾਲੇ ਪਾਸੇ ਲਗੇ ਹਨ। ੪ ਨਿਰੰਕਾਰ ਦੇ ਵਚਨ। ੫ ਧਿਆਨ ਕਰਦਾ ਹੈ। ੬ ਪਿਆਰੇ ਸਵਾਸ। ੭ ਇਸ ਪ੍ਰਕਾਰ ਦੀ (ਇਹਨਾਂ ਵਿਚ ਜੋਤਿ) ਸ਼ਕਤੀ ਹੈ। ੮ ਸਫ਼ਲ। ੯ ਕੈਸੀ ਹੈ। ੧੦ ਬੁਰੇ ਨਾਲੋਂ ਭੀ ਬੁਰੀ। ੧੧ ਰਣ ਵਿਚ ਤੋਪਾਂ ਦੀ ਅੱਗ ਅਤੇ ਤਲਵਾਰਾਂ ਵਜਦੀਆਂ ਵੇਖਕੇ।

Digitized by Panjab Digital Library | www.panjabdigilib.org

## ਪਉੜੀ ੫

(ਕੰਨ ਪਾਟਿਆਂ ਦਾ ਹਾਲ)

[1]ਨਾਥਾਂ ਨਾਥੁ ਨ ਸੇਵਨੀ ਹੋਇ ਅਨਾਥ ਗੁਰੂ ਬਹੁ ਚੇਲੇ।
ਕੰਨ ਪੜਾਇ ਬਿਭੂਤਿ ਲਾਇ ਖਿੰਥਾ[2] [3]ਖਪਰੁ ਡੰਡਾ ਹੇਲੇ।
ਘਰਿ ਘਰਿ ਟੁਕਰ ਮੰਗਦੇ [4]ਸਿੰਙੀ ਨਾਦੁ ਵਾਜਾਇਨਿ ਭੇਲੇ।
ਭੁਗਤ ਪਿਆਲਾ ਵੰਡੀਐ ਸਿਧਿ ਸਾਧਿਕ ਸਿਵਰਾਤੀ ਮੇਲੇ।
ਬਾਰਹ ਪੰਥ ਚਲਾਇਦੇ ਬਾਰਹ ਵਾਟੀ[5] ਖਰੇ ਦੁਹੇਲੇ[6]।
ਵਿਣੁ ਗੁਰ ਸਬਦ ਨ ਸਿਝਨੀ[7] [8]ਬਾਜੀਗਰ ਕਰਿ ਬਾਜੀ ਖੇਲੇ।
ਅੰਨ੍ਹੈ ਅੰਨ੍ਹਾ ਖੂਹੀ ਠੇਲੇ ॥ ੫ ॥

## ਪਉੜੀ ੬

(ਪੂਰੇ ਗੁਰੂ ਬਾਝ ਰੋਣਾ ਹੀ ਰੋਣਾ)

ਸਚੁ ਦਾਤਾਰੁ ਵਿਸਾਰਕੈ ਮੰਗਤਿਆ ਨੋ ਮੰਗਣ ਜਾਹੀ।
ਢਾਢੀ ਵਾਰਾਂ ਗਾਵਦੇ [9]ਵੈਰ ਵਿਰੋਧ ਜੋਧ ਸਾਲਾਹੀ।
ਨਾਈ ਗਾਵਨਿ ਸੱਦੜੇ[10] ਕਰਿ ਕਰਤੂਤਿ ਮੁਏ ਬਦਰਾਹੀ।
ਪੜਦੇ ਭਟ ਕਵਿਤ ਕਰਿ [11]ਕੂੜ ਕੁਸਤੁ ਮੁਖਹੁ ਅਲਾਹੀ।
[12]ਹੋਇ ਅਸ ਰੀਤਿ ਪੁਰੋਹਤਾ ਪ੍ਰੀਤਿ ਪਰੀਤੈ ਵਿਰਤਿ ਮੰਗਾਹੀ।
[13]ਛੁਰੀਆ ਮਾਰਨਿ ਪੰਖੀਏ ਹਟਿ ਹਟਿ ਮੰਗਦੇ ਭਿਖ ਭਵਾਹੀ।
ਗੁਰ ਪੂਰੇ ਵਿਣੁ ਰੋਵਨਿ ਧਾਹੀ ॥ ੬ ॥

---

੧ ਨਾਥਾਂ ਦੇ ਨਾਥ (ਮਾਲਕ) ਪਰਮਾਤਮਾ ਦੀ ਸੇਵਾ ਨਹੀਂ ਕਰਦੇ ਤੇ ਅਨਾਥਾਂ (ਭਿਖਾਰੀਆਂ) ਦੇ ਕਈ ਚੇਲੇ ਬਣੇ ਹੋਏ ਹਨ। ੨ ਕਫਨੀ। ੩ ਖੱਪਰ ਤੇ ਡੰਡੇ ਹਥਾਂ ਵਿਚ ਲੈ ਕੇ ਹਿਲਾਉਂਦੇ ਫਿਰਦੇ ਹਨ। ੪ ਸਿੰਙੀਆਂ (ਸਿੰਗ ਦੀ ਬਣੀ ਹੋਈ ਇਕ ਤੂਤੀ) ਮਿਲਕੇ ਵਜਾਉਂਦੇ ਹਨ। ੫ਬਾਰਾਂ ਮਾਰਗਾਂ (ਵਿਚ ਪੈ ਕੇ)। ੬ ਦੁਖੀ। ੭ ਕਲਿਆਨ ਨਹੀਂ ਹੁੰਦੀ। ੮ ਬਾਜ਼ੀਗਰ ਵਾਂਗ ਉਲਟੇ ਸਿਧੇ ਹੁੰਦੇ ਹਨ। ੯ ਜੋਧਿਆਂ ਦੇ ਵੈਰ-ਵਿਰੋਧ ਦੀ ਸਲਾਹੁਤਾਂ ਕਰਦੇ ਹਨ। ੧੦ ਉਸਤਤਿ। ੧੧ ਝੂਠ ਤੇ ਕੁਸੱਤ ਮੂੰਹੋਂ ਬੋਲਦੇ ਹਨ। ੧੨ ਪਰੋਹਤਾਂ ਦੀ ਅਜਿਹੀ ਰੀਤੀ ਹੈ ਕਿ ਪਹਿਲਾਂ ਆਪਸ ਵਿਚ ਪ੍ਰੀਤ ਕਰਦੇ (ਪਰ ਬਾਅਦ ਵਿਚ) ਵਿਰਤ (ਰੋਜ਼ੀ) ਮੰਗਣ ਲਗ ਪੈਂਦੇ ਹਨ। ੧੩ ਪੱਖੀ ਵਾਸੀਏ (ਆਪਣੇ ਅੰਗਾਂ ਵਿਚ) ਛੁਰੀਆਂ ਮਾਰ ਕੇ।

Digitized by Panjab Digital Library | www.panjabdigilib.org

## ਪਉੜੀ ੭

[ਝੂਠੇ ਸਾਕ]

ਕਰਤਾ ਪੁਰਖੁ ਨ ਚੇਤਿਓ ਕੀਤੇ[੧] ਨੋ ਕਰਤਾ ਕਰਿ ਜਾਣੈ।
ਨਾਰਿ ਭਤਾਰਿ ਪਿਆਰੁ ਕਰਿ [੨]ਪੁਤੁ ਪੋਤਾ ਪਿਉ ਦਾਦੁ ਵਖਾਣੈ।
ਧੀਆ ਭੈਣਾ ਮਾਣੁ ਕਰਿ [੩]ਹੁਸਨਿ ਰੁਸਨਿ ਸਾਕ ਬਬਾਣੈ।
ਸੀਹੁਰੁ ਪੀਹੁਰੁ[੪] ਨਾਨਕੇ ਪਰਵਾਰੇ [੫]ਸਾਧਾਰੁ ਧਿਙਾਣੈ।
[੬]ਚਜ ਅਚਾਰ ਵੀਚਾਰ ਵਿਚਿ ਪੰਚਾ ਅੰਦਰਿ [੭]ਪਤਿ ਪਰਵਾਣੈ।
ਅੰਤਕਾਲ ਜਮਜਾਲ[੮] ਵਿਚਿ ਸਾਥੀ ਕੋਇ ਨ ਹੋਇ ਸਿਵਾਣੈ।
ਗੁਰ ਪੂਰੇ ਵਿਣੁ ਜਾਇ ਜਮਾਣੈ[੯] ॥ ੭ ॥

## ਪਉੜੀ ੮

[ਝੂਠੇ ਵਪਾਰੀ]

ਸਤਿਗੁਰ ਸਾਹੁ ਅਥਾਹੁ[੧੦] ਛਡਿ ਕੂੜੇਸਾਹੁ ਕੂੜੇ ਵਣਜਾਰੇ।
ਸਉਦਾਗਰ ਸਉਦਾਗਰੀ[੧੧] ਘੋੜੇ ਵਣਜ ਕਰਨਿ ਅਤਿ ਭਾਰੇ।
ਰਤਨਾ ਪਰਖ ਜਵਾਹਰੀ ਹੀਰੇ ਮਾਣਕ [੧੨]ਵਣਜ ਪਸਾਰੇ।
ਹੋਇ ਸਰਾਫ ਬਜਾਜ ਬਹੁ ਸੁਇਨਾ ਰੁਪਾ ਕਪੜੁ ਤਾਰੇ[੧੩]।
ਕਿਰਸਾਣੀ ਕਿਰਸਾਣ ਕਰਿ [੧੪]ਬੀਜ ਲੁਣਨਿ ਬੋਹਲ ਵਿਸਥਾਰੇ।
[੧੫]ਲਾਹਾ ਤੋਟਾ ਵਰੁ ਸਰਾਪੁ ਕਰਿ ਸੰਜੋਗੁ ਵਿਜੋਗੁ ਵਿਚਾਰੇ।
ਗੁਰ ਪੂਰੇ ਵਿਣੁ ਦੁਖੁ ਸੈਸਾਰੇ ॥ ੮ ॥

---

੧ ਜੀਵ। ੨ ਪੁਤਰ ਪੋਤਰੇ ਪਿਤਾ ਤੇ ਦਾਦੇ ਦਾ (ਪਿਆਰ ਭੀ) ਆਖਿਆ ਜਾਂਦਾ ਹੈ। ੩ (ਬਬਾਣੈ) ਪਿਤਾ ਦੇ ਸਾਕਾਂ ਵਲੋਂ ਰੁਸਣਾ ਤੇ ਰਾਜ਼ੀ ਹੋਣਾ (ਬਣਿਆ ਹੋਇਆ ਹੈ)। ੪ ਪੇਕੇ। ੫ ਪੱਕੇ ਦੇ (ਫਰਜ਼ੀ) ਸਾਕ। ੬ ਯੱਗ ਪੂਜਾ। ੭ ਇੱਜ਼ਤ ਮੰਨੀ ਜਾਂਦੀ। ੮ ਜਮਾਂ ਦੀ ਫਾਹੀ। ੯ ਜਮ ਦੀ ਪੁਰੀ। ੧੦ ਬੇਅੰਤ। ੧੧ ਲੈਣ ਦੇਣ। ੧੨ ਵਣਜ ਨੂੰ ਵਧਾਉਂਦੇ ਹਨ। ੧੩ ਇਕ ਤਾਰੀ ਮਲਮਲ। ੧੪ ਬੀਜਦੇ, ਵਢਦੇ ਅਤੇ (ਵਡੇ) ਵਿਸਥਾਰ ਵਾਲਾ ਬੋਹਲ ਲਗਾਉਂਦੇ ਹਨ। ੧੫ (ਉਕਤ ਸੰਸਾਰੀ ਲੋਕਾਂ ਵਿਚੋਂ ਵਪਾਰੀਆਂ ਨੂੰ) ਕਦੇ ਨਫੇ ਕਦੇ ਨੁਕਸਾਨ (ਸਿਧ ਸਾਧਕਾਂ ਨਾਥਾਂ ਜੋਗੀਆਂ ਆਦਿ ਨੂੰ) ਕਦੇ ਵਰ ਕਦੇ ਸਰਾਪ ਅਤੇ (ਸਕੇ ਸੰਬੰਧੀਆਂ ਨੂੰ) ਕਦੇ ਮਿਲਾਪ ਕਦੇ ਵਿਛੋੜੇ ਦਾ (ਵਿਚਾਰ) ਤੌਖਲਾ ਲਗਾ ਰਹਿੰਦਾ ਹੈ।

Digitized by Panjab Digital Library | www.panjabdigilib.org

## ਪਉੜੀ ੯

[ਗੁਰ ਪੂਰੇ ਬਿਨਾ ਝੂਠੇ ਵੈਦ]

ਸਤਿਗੁਰੁ ਵੈਦੁ ਨ ਸੇਵਿਓ ਰੋਗੀ ਵੈਦੁ ਨ ਰੋਗੁ ਮਿਟਾਵੈ।
ਕਾਮ ਕ੍ਰੋਧੁ ਵਿਚਿ ਲੋਭੁ ਮੋਹੁ ਦੁਬਿਧਾ[੧] ਕਰਿ ਕਰਿ ਧ੍ਰੋਹੁ[੨] ਵਧਾਵੈ।
[੩]ਆਧਿ ਬਿਆਧਿ ਉਪਾਧਿ ਵਿਚਿ ਮਰਿ ਮਰਿ ਜੰਮੇ ਦੁਖਿ ਵਿਹਾਵੈ।
ਆਵੈ ਜਾਇ ਭਵਾਈਐ ਭਵਜਲ ਅੰਦਰਿ ਪਾਰੁ ਨ ਪਾਵੈ।
ਆਸਾ ਮਨਸਾ ਮੋਹਣੀ ਤਾਮਸੁ[੪] ਤਿਸਨਾ ਸਾਂਤਿ ਨ ਆਵੈ।
ਬਲਦੀ ਅੰਦਰਿ ਤੇਲੁ ਪਾਇ ਕਿਉ ਮਨੁ ਮੂਰਖੁ ਅਗਿ ਬੁਝਾਵੈ।
ਗੁਰੁ ਪੂਰੇ ਵਿਣੁ ਕਉਣੁ ਛੁਡਾਵੈ ॥ ੯ ॥

## ਪਉੜੀ ੧੦

[ਝੂਠੇ ਤੀਰਥ]

ਸਤਿਗੁਰੁ ਤੀਰਥੁ ਛਡਿਕੈ ਅਠਿਸਠਿ ਤੀਰਥ ਨਾਵਣ ਜਾਹੀ।
[੫]ਬਗੁਲ ਸਮਾਧਿ ਲਗਾਇਕੈ ਜਿਉ [੬]ਜਲ ਜੰਤਾਂ ਘੁਟਿ ਘੁਟਿ ਖਾਹੀ।
[੭]ਹਸਤੀ ਨੀਰਿ ਨਵਾਲੀਅਨਿ ਬਾਹਰਿ ਨਿਕਲਿ ਖੇਹ ਉਡਾਹੀ।
[੮]ਨਦੀ ਨ ਡੁਬੈ ਤੂੰਬੜੀ ਤੀਰਥੁ ਵਿਸੁ ਨਿਵਾਰੈ ਨਾਹੀ।
ਪਥਰੁ ਨੀਰ ਪਖਾਲੀਐ ਚਿਤਿ ਕਠੋਰੁ[੯] ਨ ਭਿਜੈ ਕਾਹੀ[੧੦]।
ਮਨਮੁਖ ਭਰਮ ਨ ਉਤਰੈ ਭੰਭਲਭੂਸੇ[੧੧] ਖਾਇ ਭਵਾਹੀ।
ਗੁਰੁ ਪੂਰੇ ਵਿਣੁ ਪਾਰ ਨ ਪਾਹੀ ॥ ੧੦ ॥

---

੧ ਦ੍ਵੈਤ ਭਾਵ। ੨ ਦਗਾ। ੩ ਮਾਨਸਿਕ ਚਿੰਤਾ, ਸਰੀਰਕ ਪੀੜਾਂ ਤੇ ਰੱਬੀ ਆਫ਼ਤਾਂ ਦੁਆਰਾ ਕਸ਼ਟਾਂ। ੪ ਕਰੋਧ। ੫ ਬਗਲੇ ਵਾਂਗ ਸਮਾਧੀ। ੬ ਜਲ ਦੇ ਜੀਵਾਂ ਨੂੰ ਪਕੜ ਪਕੜ ਕੇ ਖਾਂਦਾ ਹੈ। ੭ ਹਾਥੀ। ੮ ਨਦੀ ਪੁਰ ਜਾਕੇ ਤੂੰਬੀ ਡੁਬਦੀ ਨਹੀਂ, ਭਾਵ ਮਨ ਦੀ ਮੈਲ ਨਹੀਂ ਉਤਾਰਦੀ, ਤੀਰਥ ਉਸਦੀ ਕੁੜੱਤਣ ਨੂੰ ਦੂਰ ਕਰ ਨਹੀਂ ਕਰ ਸਕਦਾ। ੯ ਕਰੜਾ। ੧੦ ਕਿਧਰੇ ਭੀ। ੧੧ ਧਕੇ ਧੋੜੇ।

Digitized by Panjab Digital Library | www.panjabdigilib.org

## ਪਉੜੀ ੧੧

[ਸਤਿਗੁਰੂ ਪਾਰਸ]

[੧]ਸਤਿਗੁਰ ਪਾਰਸੁ ਪਰਹਰੈ ਪਥਰੁ ਪਾਰਸੁ ਢੂੰਢਣ ਜਾਏ।
ਅਸਟਧਾਤੁ[੨] ਇਕ ਧਾਤੁ ਕਰਿ ਲੁਕਦਾ ਫਿਰੈ ਨ ਪ੍ਰਗਟੀ ਆਏ।
[੩]ਲੈ ਵਣਵਾਸੁ ਉਦਾਸੁ ਹੋਇ ਮਾਇਆਧਾਰੀ ਭਰਮਿ ਭੁਲਾਏ।
[੪]ਹਥੀ ਕਾਲਖ ਛੁਥਿਆ ਅੰਦਰਿ ਕਾਲਖ ਲੋਭ ਲੁਭਾਏ।
ਰਾਜ ਡੰਡੁ ਤਿਸੁ ਪਕੜਿਆ ਜਮਪੁਰਿ ਭੀ ਜਮਡੰਡੁ ਸਹਾਏ।
ਮਨਮੁਖ ਜਨਮੁ ਅਕਾਰਥਾ [੫]ਦੂਜੈ ਭਾਇ ਕੁਦਾਇ ਹਰਾਏ।
ਗੁਰ ਪੂਰੇ ਵਿਣੁ ਭਰਮੁ ਨ ਜਾਏ॥ ੧੧ ॥

## ਪਉੜੀ ੧੨

[ਗੁਰ ਕਲਪ ਬ੍ਰਿਛ]

ਪਾਰਿਜਾਤ[੬] ਗੁਰ ਛਡਿਕੈ ਮੰਗਨਿ ਕਲਪਤਰੋਂ[੭] ਫਲ ਕਚੇ।
ਪਾਰਜਾਤ ਲਖ ਸੁਰਗ ਸਣੁ [੮]ਆਵਾਗਵਣੁ ਭਵਣ ਵਿਚਿ ਪਚੇ।
ਮਰਦੇ ਕਰਿ ਕਰਿ ਕਾਮਨਾ ਦਿਤਿ ਭੁਗਤਿ ਵਿਚਿ ਰਚਿ ਵਿਰਚੇ।
ਤਾਰੇ ਹੋਇ ਅਗਾਸ ਚੜਿ [੧੦]ਓੜਕਿ ਤੁਟਿ ਤੁਟਿ ਥਾਨ ਹਲਚੇ।
ਮਾਂ ਪਿਉ ਹੋਏ ਕੇਤੜੇ ਕੇਤੜਿਆਂ ਦੇ ਹੋਏ ਬਚੇ।
ਪਾਪ ਪੁੰਨ ਬੀਉ ਬੀਜਦੇ ਦੁਖ ਸੁਖ ਫਲ ਅੰਦਰਿ ਚਹਮਚੇ[੧੧]।
ਗੁਰ ਪੂਰੇ ਵਿਣੁ[੧੨] ਹਰਿ ਨ ਪਰਚੇ॥ ੧੨ ॥

---

੧ ਪਾਰਸ ਰੂਪ ਸਤਿਗੁਰੂ ਨੂੰ ਛਡ ਕੇ। ੨ ਸੋਨਾ। ੩ ਮਾਇਆ ਧਾਰੀ ਬਨਬਾਸ ਲੈ ਕੇ ਉਦਾਸੀ ਹੋ ਕੇ ਭੀ (ਲੋਭ ਦੇ) ਭਰਮ ਵਿਚ ਭੁਲਿਆ ਰਹਿੰਦਾ ਹੈ। ੪ ਮਾਇਆ ਨੂੰ ਹਥੀ ਛੋਹਣ ਨਾਲ ਹਥ ਕਾਲੇ ਹੁੰਦੇ ਹਨ ਤੇ ਲੋਭ ਕਰਨ ਨਾਲ (ਅੰਦਰ) ਮਨ ਕਾਲਾ ਹੁੰਦਾ ਹੈ। ੫ ਦੂਜੇ ਭਾਇ (ਮੋਹ) ਦੇ ਖੋਟੇ ਦਾਉ ਪੁਰ ਹਾਰ ਖਾ ਰਹੇ ਹਨ। ੬ ਕਲਪ ਬ੍ਰਿਛ। ੭ ਸੁਰਗੀ ਕਲਪ ਬ੍ਰਿਛ। ੮ ਆਉਣ ਜਾਣ ਵਿਚ (ਪਚੇ) ਦੁਖੀ ਭੌਂਦੇ ਹਨ। ੯ ਦਿਤੀ ਹੋਈ ਭੁਗਤ (ਭੋਗਾਂ) ਵਿਚ ਆਪ ਰਚੇ ਹਨ ਤੇ ਹੋਰਨਾਂ ਨੂੰ ਵਿਰਚਾਉਂਦੇ (ਪ੍ਰੇਰਦੇ) ਹਨ। ੧੦ (ਪੁਨ ਮੁਕ ਜਾਣ ਪੁਰ ਸੁਰਗਾਂ ਵਿਚੋਂ) ਡਿਗ ਡਿਗ ਕੇ ਆਪਣੀ ਥਾਂ ਪੁਰ ਨਹੀਂ ਰਹਿੰਦੇ (ਹਲਚੇ) ਡਿਗ ਪੈਂਦੇ ਹਨ। ੧੧ ਖੁਸ਼ ਰਹਿੰਦੇ ਹਨ। ੧੨ ਹਰੀ ਨਹੀਂ ਖੁਸ਼ ਹੁੰਦਾ।

Digitized by Panjab Digital Library | www.panjabdigilib.org

## ਪਉੜੀ ੧੩

[ਪੂਰੇ ਸਤਿਗੁਰੂ ਬਿਨਾ ਮੰਦੇ ਹਾਲ]

ਸੁਖ ਸਾਗਰੁ ਗੁਰੁ ਛਡਿਕੈ ਭਵਜਲ ਅੰਦਰਿ [1]ਭੰਭਲ ਭੂਸੇ।
[2]ਲਹਰੀ ਨਾਲਿ ਪਛਾੜੀਅਨਿ ਹਉਮੈ ਅਗਨੀ ਅੰਦਰ ਲੂਸੇ[3]।
ਜਮ ਦਰਿ ਬਧੇ ਮਾਰੀਅਨਿ ਜਮਦੂਤਾ ਦੇ [4]ਧਕੇ ਧੂਸੇ।
[5]ਗੋਇਲਿਵਾਸਾ ਚਾਰਿ ਦਿਨ [6]ਨਾਉ ਧਰਾਇਨਿ ਈਸੇ ਮੂਸੇ।
ਘਟਿ ਨ ਕੋਇ ਅਖਾਇਦਾ ਆਪੋ ਧਾਪੀ [7]ਹੈਰਤ ਹੂਸੇ॥
[8]ਸਾਇਰ ਦੇ [9]ਮਰਜੀਵੜੇ ਕਰਨਿ ਮਜੂਰੀ [10]ਖੇਚਲ ਖੂਸੇ।
ਗੁਰੁ ਪੂਰੇ ਵਿਣੁ [11]ਡਾਂਗ ਡੰਗੂਸੇ॥ ੧੩ ॥

## ਪਉੜੀ ੧੪

[ਭੋਗਾਂ ਨਾਲ ਅੱਗ ਵਧਦੀ ਹੈ]

[12]ਚਿੰਤਾਮਣਿ ਗੁਰੁ ਛਡਿਕੈ [13]ਚਿੰਤਾਮਣਿ ਚਿੰਤਾ ਨ ਗਵਾਏ।
ਚਿਤਵਣੀਆ ਲਖ ਰਾਤਿ ਦਿਹੁ ਤ੍ਰਾਸ[14] ਨ ਤ੍ਰਿਸਨਾ ਅਗਨਿ ਬੁਝਾਏ।
ਸੁਇਨਾ ਰੁਪਾ ਅਗਲਾ ਮਾਣਕ ਮੋਤੀ ਅੰਗਿ ਹੰਢਾਏ।
ਪਾਟ ਪਟੰਬਰ ਪੈਨ੍ਹਕੇ ਚੋਆ ਚੰਦਨ [15]ਮਹ ਮਹਕਾਏ।
ਹਾਥੀ [16]ਘੋੜੇ ਪਾਖਰੇ ਮਹਲ ਬਗੀਚੇ ਸੁਫਲ ਫਲਾਏ।
ਸੁੰਦਰ ਨਾਰੀ ਸੇਜ ਸੁਖ ਮਾਇਆ ਮੋਹਿ [17]ਧੋਹਿ ਲਪਟਾਏ।
ਬਲਦੀ ਅੰਦਰਿ ਤੇਲ ਜਿਉ [18]ਆਸਾ ਮਨਸਾ ਦੁਖਿ ਵਿਹਾਏ।
ਗੁਰ ਪੂਰੇ ਵਿਣੁ ਜਮਪੁਰਿ ਜਾਏ॥ ੧੪ ॥

---

੧ ਭਟਕ ਰਹੇ ਹਨ। ੨ (ਮਾਇਆ ਦੀਆਂ) ਲਹਿਰਾਂ ਨਾਲ ਪਛਾੜੇ ਜਾ ਰਹੇ ਹਨ। ੩ ਸੜੇ ਹੋਏ। ੪ ਧਕਿਆਂ ਨਾਲ ਧੂਹੇ ਜਾ ਰਹੇ ਹਨ। ੫ ਗੁਜਰਾਂ ਦੀਆਂ ਝੌਂਪੜੀਆਂ ਵਾਂਗ। ੬ ਵਡੇ ਵਡੇ ਪੈਗੰਬਰੀ ਨਾਂ ਰਖਾਉਂਦੇ ਹਨ। ੭ ਹੈਰਾਨਗੀ ਵਿਚ ਥਕੇ ਹੋਏ। ੮ ਸਮੁੰਦਰ। ੯ ਸਮੁੰਦਰ ਦੀ ਤਹਿ ਵਿਚੋਂ ਰਤਨ ਲੱਭਣ ਵਾਲੇ। ੧੦ ਖੇਚਲ ਨਾਲ ਟੁਟ ਕੇ। ੧੧ ਡਕੋ ਡੋਲੇ। ੧੨ ਗੁਰੂ ਰੂਪ ਚਿੰਤਾ ਮਣੀ ਨੂੰ। ੧੩ ਪੁਰਾਣਾਂ ਵਿਚ ਮਨ ਦੀਆਂ ਪੂਰੀਆਂ ਕਰਨ ਵਾਲੀ ਮਣੀ (ਪੱਥਰ)। ੧੪ ਡਰ। ੧੫ ਧਰਤੀ ਮਹਿਕਾ ਦੇਵੇ। ੧੬ ਕਾਠੀਆਂ ਵਾਲੇ ਘੋੜੇ। ੧੭ ਵੈਰ ਵਿਚ ਲਪਟਾ ਦੇਂਦੀ। ੧੮ ਇੱਛਾ ਤੇ ਤ੍ਰਿਸ਼ਨਾ ਤੋਂ ਉਪਜੇ ਦੁਖ ਵਿਚ ਗੁਜ਼ਰਦੀ ਹੈ।

Digitized by Panjab Digital Library | www.panjabdigilib.org

## ਪਉੜੀ ੧੫

[ਕੁਦਰਤ ਦਾ ਵਰਣਨ]

ਲਖ ਤੀਰਥ ਲਖ ਦੇਵਤੇ ਪਾਰਸ ਲਖ [੧]ਰਸਾਇਣੁ ਜਾਣੈ।
ਲਖ ਚਿੰਤਾਮਣਿ ਪਾਰਜਾਤ ਕਾਮਧੇਨੁ ਲਖ ਅੰਮ੍ਰਿਤ ਆਣੈ।
[੨]ਰਤਨਾ ਸਣੁ ਸਾਇਰ ਘਣੇ ਰਿਧਿ ਸਿਧਿ ਨਿਧਿ [੩]ਸੋਭਾ ਸੁਲਤਾਣੈ।
ਲਖ ਪਦਾਰਥ ਲਖ ਫਲ ਲਖ ਨਿਧਾਨ[੪] ਅੰਦਰਿ ਫੁਰਮਾਣੈ।
ਲਖ ਸਾਹ ਪਾਤਿਸਾਹ ਲਖ ਲਖ ਨਾਥ ਅਵਤਾਰੁ ਸੁਹਾਣੈ[੫]।
[੬]ਦਾਨੈ ਕੀਮਤਿ ਨਾ ਪਵੈ ਦਾਤੈ ਕਉਣੁ ਸੁਮਾਰੁ ਵਖਾਣੈ।
ਕੁਦਰਤਿ ਕਾਦਰ ਨੋ ਕੁਰਬਾਣੈ ॥ ੧੫ ॥

## ਪਉੜੀ ੧੬

[ਗੁਰੂ ਚੇਲਾ, ਚੇਲਾ ਗੁਰੂ]

ਰਤਨਾ ਦੇਖੈ ਸਭੁ ਕੋ ਰਤਨ ਪਾਰਖੂ ਵਿਰਲਾ ਕੋਈ।
[੭]ਰਾਗ ਨਾਦ ਸਭ ਕੋ ਸੁਣੈ [੮]ਸਬਦ ਸੁਰਤਿ ਸਮਝੈ ਵਿਰਲੋਈ।
ਗੁਰ ਸਿਖ ਰਤਨ ਪਦਾਰਥਾ ਸਾਧ ਸੰਗਤਿ ਮਿਲਿ ਮਾਲ ਪਰੋਈ।
[੯]ਹੀਰੈ ਹੀਰਾ ਬੇਧਿਆ ਸਬਦ ਸੁਰਤਿ ਮਿਲਿ ਪਰਚਾ ਹੋਈ।
ਪਾਰਬ੍ਰਹਮ ਪੂਰਨ ਬ੍ਰਹਮੁ [੧੦]ਗੁਰੁ ਗੋਵਿੰਦੁ ਸਿਞਾਣੈ ਸੋਈ।
[੧੧]ਗੁਰਮੁਖਿ ਸੁਖਫਲੁ ਸਹਜਿ ਘਰੁ ਪਿਰਮ ਪਿਆਲਾ ਜਾਣੁ ਜਣੋਈ।
[੧੨]ਗੁਰੁ ਚੇਲਾ ਚੇਲਾ ਗੁਰ ਹੋਈ ॥ ੧੬ ॥

---

੧ ਰਸਾਇਣੀ ਲੋਗ। ੨ ਰਤਨਾਂ ਸਮੇਤ ਸਮੁੰਦਰ। ੩ ਬਾਦਸ਼ਾਹਾਂ ਦੀ ਸੋਭਾ ਵਧਾਉਣ ਵਾਲੇ ਸਮੂਹ ਪਦਾਰਥ। ੪ ਖਜ਼ਾਨੇ। ੫ ਸੁੰਦਰ। ੬ (ਉਕਤ ਸਭ) ਦਾਤਾਂ ਦਾ ਹੀ ਮੁੱਲ ਨਹੀਂ ਪਾਇਆ ਜਾ ਸਕਦਾ, ਦਾਤੇ ਦਾ ਲੇਖਾ ਕੌਣ ਕਰਕੇ ਦਸੇ। ੭ ਰਾਗ ਦੀ ਆਵਾਜ਼। ੮ ਸ਼ਬਦ ਦੇ ਭਾਵ ਨੂੰ। ੯ (ਗੁਰ ਸ਼ਬਦ ਰੂਪ) ਹੀਰੇ ਨਾਲ (ਜਿਸ ਦਾ ਮਨ ਰੂਪ) ਹੀਰਾ ਵਿੰਨ੍ਹਿਆ ਹੋਵੇ। ਸ਼ਬਦ ਵਿਚ ਸੁਰਤੀ ਮਿਲਾਉਣ ਨਾਲ (ਉਸੇ ਦੀ) ਤਸੱਲੀ ਹੁੰਦੀ ਹੈ। ੧੦ ਗੁਰੂ ਤੇ ਗੋਬਿੰਦ (ਵਾਹਿਗੁਰੂ) ਨੂੰ ਓਹੀ ਪਹਿਚਾਣਦਾ ਹੈ। ੧੧ ਗੁਰਮੁਖ (ਸਹਿਜ) ਗਿਆਨ ਦੇ ਘਰ ਵਿਚ ਜਾਕੇ ਸੁਖ ਫਲ ਲੈਂਦੇ ਤੇ ਪ੍ਰੇਮ ਰਸ ਦੇ ਪਿਆਲੇ ਦੀ ਮਸਤੀ ਨੂੰ ਆਪ ਜਾਣਦੇ ਤੇ ਹੋਰਨਾਂ ਨੂੰ ਦਸਦੇ ਹਨ। ੧੨ ਗੁਰੂ ਚੇਲਾ ਇਕ ਰੂਪ ਹੋ ਜਾਂਦੇ ਹਨ।

Digitized by Panjab Digital Library | www.panjabdigilib.org

## ਪਉੜੀ ੧੭

[ਅੰਗਾਂ ਦੀ ਸਫਲਤਾ]

ਮਾਣਸ ਜਨਮੁ [੧]ਅਮੋਲੁ ਹੈ [੨]ਹੋਇ ਅਮੋਲੁ ਸਾਧ ਸੰਗ ਪਾਏ।
ਅਖੀ ਦੁਇ ਨਿਰਮੋਲਕਾ ਸਤਿਗੁਰੁ ਦਰਸ ਧਿਆਨ [੩]ਲਿਵਲਾਏ।
ਮਸਤਕੁ ਸੀਸ ਅਮੋਲ ਹੈ ਚਰਣ ਸਰਣ ਗੁਰੁ ਧੂੜਿ ਸੁਹਾਏ।
ਜਿਹਬਾ ਸ੍ਰਵਣ[੪] ਅਮੋਲਕਾ ਸਬਦ ਸੁਰਤਿ ਸੁਣਿ ਸਮਝਿ ਸੁਣਾਏ।
ਹਸਤ ਚਰਣ ਨਿਰਮੋਲਕਾ [੫]ਗੁਰਮੁਖ ਮਾਰਗਿ ਸੇਵ ਕਮਾਏ।
ਗੁਰਮੁਖਿ ਰਿਦਾ ਅਮੋਲੁ ਹੈ ਅੰਦਰਿ ਗੁਰੁ ਉਪਦੇਸੁ ਵਸਾਏ।
[੬]ਪਤਿ ਪਰਵਾਣੈ ਤੋਲਿ ਤੁਲਾਏ ॥ ੧੭ ॥

## ਪਉੜੀ ੧੮

[ਰੱਬ ਦੀਆਂ ਦਾਤਾਂ ਤੇ ਸਾਡੀ ਭੁੱਲ]

[੭]ਰਕਤੁ ਬਿੰਦ ਕਰਿ ਨਿਮਿਆ ਚਿਤ੍ਰ ਚਲਿਤ੍ਰ ਬਚਿਤ੍ਰ ਬਣਾਇਆ।
ਗਰਭ ਕੁੰਡ ਵਿਚਿ ਰਖਿਆ [੮]ਜੀਉ ਪਾਇ ਤਨੁ ਸਾਜਿ ਸੁਹਾਇਆ।
ਮੁਹੁ ਅਖੀ ਦੇ ਨਕੁ ਕੰਨ ਹਥ ਪੈਰ ਦੰਦ ਵਾਲ ਗਣਾਇਆ।
[੯]ਦਿਸਟਿ ਸਬਦ ਗਤਿ ਸੁਰਤ ਲਿਵ [੧੦]ਰਾਗ ਰੰਗ ਰਸ ਪਰਸ ਲੁਭਾਇਆ।
[੧੧]ਉਤਮੁ ਕੁਲੁ ਉਤਮੁ ਜਨਮੁ ਰੋਮ ਰੋਮ ਗਣਿ ਅੰਗ ਬਣਾਇਆ।
[੧੨]ਬਾਲਬੁਧਿ ਮੁਹਿ ਦੁਧਿ ਦੇ ਕਰਿ ਮਲ ਮੂਤ੍ਰ ਸੂਤ੍ਰ ਵਿਚਿ ਆਇਆ।

---

੧ ਅਮੋਲਕ (ਕਹੀ ਜਾਂਦੀ ਹੈ)। ੨ ਪਰ ਅਸਲ ਵਿਚ ਤਾਂ ਹੀ ਅਮੋਲਕ ਜਾਣੋ। ੩ ਬਿਰਤੀ। ਲਾਵੇ। ੪ ਕੰਨ। ੫ ਗੁਰਮੁਖਾਂ ਦੇ ਮਾਰਗ ਪੁਰ ਚਲਣ ਵਾਲਿਆਂ ਦੀ ਸੇਵਾ ਕਰੇ। ੬ (ਇਹਨਾਂ) ਲੋਕਾਂ ਨਾਲ ਜੋ ਤੁਲ ਜਾਏ, ਉਸ ਦੀ ਇਜ਼ਤ (ਦਰਗਹ ਵਿਖੇ) ਪ੍ਰਵਾਨ ਹੁੰਦੀ ਹੈ। ੭ ਮਾਤਾ ਦੀ ਰਕਤ ਤੇ ਪਿਤਾ ਦੇ ਬੀਰਜ ਨਾਲ (ਗਰਭ ਵਿਚ) ਪੁਤਲਾ ਬਣਿਆ, ਇਹ ਇਕ (ਬਚਿੱਤ੍ਰ) ਅਸਚਰਜ ਚਰਿਤ੍ਰ ਦਾ (ਚਿਤ੍ਰ) ਨਕਸ਼ਾ ਵਾਹਿਗੁਰੂ ਨੇ ਬਣਾਇਆ। ੮ ਜੀਵਾਤਮਾ ਪਾ ਕੇ ਤਨ ਨੂੰ (ਅੰਗਾਂ ਨਾਲ) ਸਜਾ ਕੇ ਸ਼ੋਭਨੀਕ ਬਣਾਇਆ। ੯ (ਅੱਖਾਂ ਵਿਚ) ਦ੍ਰਿਸ਼ਟੀ (ਕੰਨਾਂ ਵਿਚ) ਸ਼ਬਦ ਸੁਨਣ ਦੀ ਸ਼ਕਤੀ (ਸੁਰਤ) ਗਿਆਨ ਸ਼ਕਤੀ ਤੇ (ਲਿਵ) ਜੁੜਨ ਦੀ ਸ਼ਕਤੀ। ੧੦ ਕੰਨ ਅੱਖਾਂ ਜੀਭ ਅਤੇ ਤੁਚਾ ਨੂੰ ਲੁਭਾਉਣ (ਪਰਭਾਵਿਤ ਕਰਨ) ਲਈ ਰਾਗ, ਰੰਗ, ਰਸ ਅਤੇ ਸਪਰਸ ਆਦਿ ਬਣਾਏ। ੧੧ ਉੱਤਮ ਮਨੁੱਖ ਕੁਲ ਵਿਚ ਉੱਤਮ ਜਨਮ ਦੇ ਕੇ ਸਾਰੇ ਸਰੀਰ ਦੇ ਰੋਮ ਰੋਮ (ਦੀ ਗਿਣਤੀ ਅਨੁਸਾਰੇ) ਉਸ ਵਿਚ ਗੁਣ ਰਖੇ। ੧੨ ਬਚਪਨ ਵਿਚ (ਮਾਤਾ) ਮੂੰਹ ਵਿਚ ਦੁਧ ਦੇਂਦੀ ਹੈ ਤੇ ਜਦੋਂ ਟੱਟੀ ਪੇਸ਼ਾਬ ਇੰਦਰੀਆਂ ਵਿਚ ਆਉਂਦਾ ਹੈ (ਤਾਂ ਉਹੀ ਕਰਾਉਂਦੀ ਹੈ)।

Digitized by Panjab Digital Library | www.panjabdigilib.org

ਹੋਇ ਸਿਆਣਾ ਸਮਝਿਆ ਕਰਤਾ ਛਡਿ ਕੀਤੇ ਲਪਟਾਇਆ।
ਗੁਰ ਪੂਰੇ ਵਿਣੁ ਮੋਹਿਆ ਮਾਇਆ ॥ ੧੮ ॥

## ਪਉੜੀ ੧੯

[ਗੁਰੂ ਬਾਝ ਗਰਭ ਵਾਸ]

ਮਨਮੁਖ ਮਾਣਸ ਦੇਹ ਤੇ ਪਸੂ ਪਰੇਤ ਅਚੇਤ[1] ਚੰਗੇਰੇ।
[2]ਹੋਇ ਸੁਚੇਤ ਅਚੇਤ ਹੋਇ ਮਾਣਸੁ ਮਾਣਸੁ ਦੇ ਵਲਿ ਹੇਰੇ।
[3]ਪਸੂ ਨ ਮੰਗੈ ਪਸੂ ਤੇ ਪੰਖੇਰੂ ਪੰਖੇਰੂ ਘੇਰੇ।
ਚਉਰਾਸੀਹ ਲਖ ਜੂਨਿ ਵਿਚਿ ਉਤਮ ਮਾਣਸ ਜੂਨਿ ਭਲੇਰੇ[4]।
[5]ਉਤਮ ਮਨ ਬਚ ਕਰਮ ਕਰਿ ਜਨਮੁ ਮਰਣ ਭਵਜਲ ਲਖਫੇਰੇ।
[6]ਰਾਜਾ ਪਰਜਾ ਹੋਇਕੈ ਸੁਖਿ ਵਿਚਿ ਦੁਖੁ ਹੋਇ ਭਲੇ ਭਲੇਰੇ।
[7]ਕੁਤਾ ਰਾਜ ਬਹਾਲੀਐ ਚਕੀ ਚਟਣ ਜਾਇ ਅਨੇਰੇ।
ਗੁਰ ਪੂਰੇ ਵਿਣੁ [8]ਗਰਭ ਸਵੇਰੇ ॥ ੧੯ ॥

## ਪਉੜੀ ੨੦

[ਗੁਰਮੁਖ ਬਾਝ ਰਸ ਨਹੀਂ]

[9]ਵਣਿ ਵਣਿ ਵਾਸੁ ਵਣਾਸਪਤਿ ਚੰਦਨੁ ਬਾਝੁ ਨ ਚੰਦਨ ਹੋਈ।
ਪਰਬਤਿ ਪਰਬਤਿ ਅਸਟਧਾਤੁ[10] ਪਾਰਸ ਬਾਝੁ ਨ ਕੰਚਨੁ ਸੋਈ।
[11]ਚਾਰਿ ਵਰਣਿ ਛਿਅ ਦਰਸਨਾ ਸਾਧਸੰਗਤਿ ਵਿਣੁ ਸਾਧ ਨ ਕੋਈ।

---

੧ ਬੇਸਮਝ। ੨ ਮਨੁੱਖ (ਮਨਮੁਖ) ਸਿਆਣਾ ਹੋ ਕੇ ਬੇਸਮਝ ਬਣਦਾ ਹੈ। ਮਨੁੱਖ ਹੋ ਕੇ ਮਨੁਖ ਦੀ ਵਲ (ਹੇਰੇ) ਆਸ ਤਕਦਾ ਹੈ। ੩ ਪਸੂ,ਪਸੂ ਪਾਸੋਂ ਤੇ ਪੰਛੀ, ਪੰਛੀ ਨੂੰ ਘੇਰ ਕੇ ਕੁਝ ਮੰਗਦੇ ਨਹੀਂ। ੪ ਚੰਗੀ। ੫ ਮਨ, ਬਾਣੀ ਤੇ ਸਰੀਰ ਕਰਕੇ ਉੱਤਮ ਹੁੰਦਿਆਂ ਹੋਇਆਂ ਭੀ ਸੰਸਾਰ ਵਿਚ ਜਨਮਦਾ ਮਰਦਾ ਤੇ ਲੱਖਾਂ ਫੇਰੇ ਪਾਉਂਦਾ ਹੈ। ੬ ਰਾਜਾ ਹੋਵੇ ਕਿ ਪਰਜਾ (ਭੈੜੇ ਕੰਮਾਂ ਕਰਕੇ) ਸੁਖ ਵਿਚ ਦੁਖ ਵਡਿਆਂ ਵਡਿਆਂ ਨੂੰ ਹੋ ਰਿਹਾ ਹੈ। ੭ ਮਨਮੁਖ ਦੀ ਤਾਂ ਕੁੱਤੇ ਵਾਲੀ ਬਾਣ ਹੈ। ੮ ਗਰਭ ਵਿਚ ਵਾਸਾ। ੯ ਬਨਾਸਪਤੀ ਵਿਚ ਸਭ ਤਰ੍ਹਾਂ ਦੇ (ਵਣ) ਬ੍ਰਿਛ ਹਨ, ਪਰ ਉਹ ਚੰਦਨ ਬਿਨਾਂ ਚੰਦਨ ਨਹੀਂ ਹੋ ਸਕਦੇ। ੧੦ ਸੋਨਾ, ਚਾਂਦੀ, ਤਾਂਬਾ, ਜਿਸਤ, ਪਾਰਾ, ਕਲੀ, ਲੋਹਾ ਤੇ ਸਿਕਾ, ਅਠ ਧਾਤਾਂ। ੧੧ ਬ੍ਰਾਹਮਣ, ਖ਼ੱਤਰੀ, ਵੈਸ਼ ਤੇ ਸ਼ੂਦਰ ਆਦਿ ਚਹੁੰ ਵਰਨਾਂ ਦੇ ਲੋਕ ਅਤੇ ਸਾਂਖ, ਯੋਗ, ਨਿਆਇ, ਵੈਸ਼ੇਸ਼ਕ, ਮੀਮਾਂਸਾ ਅਤੇ ਵੇਦਾਂਤ, ਛੇ ਦਰਸ਼ਨਾਂ ਨੂੰ ਮੰਨਣ ਵਾਲੇ।

Digitized by Panjab Digital Library | www.panjabdigilib.org

ਗੁਰ ਉਪਦੇਸ ਅਵੇਸ ਕਰਿ ਗੁਰਮੁਖਿ ਸਾਧ ਸਗਤਿ ਜਾਣੋਈ।
ਸਬਦ ਸੁਰਤਿਲਿਵ ਲੀਣੁਹੋਇ [1]ਪਿਰਮ ਪਿਆਲਾਅਪਿਉ ਪਿਓਈ
[2]ਮਨਿ ਉਨਮਨਿ ਤਨਿ ਦੁਬਲੇ [3]ਦੇਹ ਬਿਦੇਹ ਸਨੇਹ ਸਥੋਈ।
[4]ਗੁਰਮੁਖਿ ਸੁਖ ਫਲ ਅਲਖ ਲਖੋਈ ॥ ੨੦ ॥

## ਪਉੜੀ ੨੧

[ਮਾਇਆ ਵਿਚ ਉਦਾਸ]

[5]ਗੁਰਮੁਖਿ ਸੁਖ ਫਲੁ ਸਾਧ ਸੰਗੁ ਮਾਇਆ ਅੰਦਰਿ ਕਰਨਿ ਉਦਾਸੀ।
ਜਿਉ ਜਲ ਅੰਦਰਿ ਕਵਲੁ ਹੈ [6]ਸੂਰਜ ਧਯਾਨੁ ਅਗਾਸੁ ਨਿਵਾਸੀ।
ਚੰਦਨੁ ਸਪੀਂ ਵੇੜ੍ਹਿਆ ਸੀਤੁਲ ਸਾਂਤਿ ਸੁਗੰਧਿ ਵਿਗਾਸੀ।
[7]ਸਾਧ ਸੰਗਤਿ ਸੰਸਾਰ ਵਿਚਿ ਸਬਦ ਸੁਰਤਿਲਿਵ ਸਹਜਿ ਬਿਲਾਸੀ
[8]ਜੋਗਜੁਗਤਿ ਭੋਗ ਭੁਗਤਿਜਿਣ ਜੀਵਨਮੁਕਤਿ ਅਛਲ ਅਬਿਨਾਸੀ
[9]ਪਾਰਬ੍ਰਹਮ ਪੂਰਣ ਬ੍ਰਹਮੁ ਗੁਰ ਪਰਮੇਸਰੁ ਆਸ ਨਿਰਾਸੀ।
[10]ਅਕਥ ਕਥਾ ਅਬਿਗਤਿ ਪਰਗਾਸੀ ॥ ੨੧ ॥ ੧੫ ॥

---

੧ ਪ੍ਰੇਮਾ ਜਗਤੀ ਦਾ ਅੰਮ੍ਰਿਤ ਪਿਆਲਾ ਪੀਂਦੇ ਹਨ। ੨ (ਸੰਸਾਰ) ਤੋਂ ਉੱਚਾ। ੩ ਦੇਹੀ (ਦੀ ਭਾਵਨਾ) ਤੋਂ ਰਹਿਤ ਅਤੇ (ਵਾਹਿਗੁਰੂ) ਦੇ ਪ੍ਰੇਮ ਦੇ ਸਾਥੀ ਬਣੇ ਹੋਏ ਹਨ। ੪ ਗੁਰਮੁਖ ਅਲਖ (ਵਾਹਿਗੁਰੂ) ਨੂੰ ਲਖ ਕੇ ਸੁਖ ਫ਼ਲ ਪਰਾਪਤ ਕਰ ਲੈਂਦੇ ਹਨ। ੫ ਗੁਰਮੁਖਾਂ ਨੇ ਸਾਧ ਸੰਗਤ ਕਰਕੇ ਸੁਖ ਫਲ ਪ੍ਰਾਪਤ ਕੀਤਾ ਹੈ (ਤੇ ਹੁਣ) ਮਾਇਆ ਵਿਚ ਉਦਾਸ ਰਹਿੰਦੇ ਹਨ। ੬ ਆਕਾਸ਼ ਵਿਚ ਰਹਿਣ ਵਾਲੇ ਸੂਰਜ ਵਲ ਧਿਆਨ ਰਖਦਾ ਹੈ। ੭ ਗੁਰਮੁਖ ਸੰਸਾਰ ਵਿਚ ਰਹਿੰਦੇ ਹੋਏ ਭੀ ਲਿਵ (ਬਿਰਤੀ) ਸ਼ਬਦ ਦੀ ਸੁਰਤ ਵਿਚ ਲਾਈ ਰਖਦੇ ਹਨ ਤੇ ਸਹਜ ਅਵਸਥਾ ਵਿਚ (ਬਿਲਾਸ) ਪਸੰਦ ਕਰਦੇ ਹਨ। ੮ ਜੋਗ ਦੀਆਂ ਜੁਗਤੀਆਂ ਭੋਗਾਂ ਦੀ ਭੁਗਤੀ ਨੂੰ ਜਿੱਤ ਕੇ ਜੀਵਨ ਮੁਕਤ ਹੋ ਕੇ ਅਛਲ ਤੇ ਅਬਿਨਾਸ਼ੀ ਹੋਏ ਹਨ। ੯ ਪਾਰਬ੍ਰਹਮ ਨਿਰਗੁਣ ਸਰੂਪ ਪਰਮਾਤਮਾ ਦੇ ਪੂਰਨ ਬ੍ਰਹਮ ਰੂਪ ਗੁਰੂ ਨੂੰ ਮਿਲਕੇ, ਆਸ਼ਾ ਤੋਂ ਨਿਰਾਸ ਹੋਏ ਹਨ। ੧੦ ਪ੍ਰਕਾਸ਼ ਸਰੂਪ ਤੇ (ਅਬਿਗਤ) ਅਬਿਨਾਸੀ ਗੁਰੂ ਜੀ ਦੀ ਕਥਾ ਕਹੀ ਨਹੀਂ ਜਾ ਸਕਦੀ।

Digitized by Panjab Digital Library | www.panjabdigilib.org

# ਵਾਰ ੧੯

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਜੇਹਾ ਬੀਉ ਤੇਹਾ ਫਲ ਪਾਈ]

ਸਭ ਦੂੰ ਨੀਵੀ ਧਰਤਿ ਹੋਇ ਦਰਗਹ ਅੰਦਰਿ ਮਿਲੀ ਵਡਾਈ।
ਕੋਈ ਗੋਡੈ ਵਾਹਿ ਹਲੁ ਕੋ ਮਲ ਮੂਤ ਕੁਸੂਤ[1] ਕਰਾਈ।
ਲਿੰਬਿ ਰਸੋਈ ਕੋ ਕਰੈ [2]ਚੋਆ ਚੰਦਨੁ ਪੂਜ ਚੜ੍ਹਾਈ।
ਜੇਹਾ ਬੀਜੈ ਸੋ ਲੁਣੈ ਜੇਹਾ ਬੀਉ ਤੇਹਾ ਫਲੁ ਪਾਈ।
[3]ਗੁਰਮੁਖਿ ਸੁਖ ਫਲ ਸਹਜ ਘਰੁ ਆਪੁ ਗਵਾਇ ਨ ਆਪੁ ਗਣਾਈ।
[4]ਜਾਗ੍ਰਤ ਸੁਪਨ ਸੁਖੋਪਤੀ ਉਨਮਨਿ ਮਗਨ ਰਹੈ ਲਿਵਲਾਈ।
[5]ਸਾਧ ਸੰਗਤਿ ਗੁਰ ਸਬਦੁ ਕਮਾਈ ॥ ੧ ॥

## ਪਉੜੀ ੨

[ਜਲ ਤੋਂ ਉਪਦੇਸ਼]

ਧਰਤੀ ਅੰਦਰਿ ਜਲੁ ਵਸੈ [6]ਜਲੁ ਬਹੁਰੰਗੀ ਰਸੀਂ ਮਿਲੰਦਾ।
ਜਿਉ ਜਿਉ ਕੋਈ ਚਲਾਇਦਾ ਨੀਵਾਂ ਹੁਇ ਨੀਵਾਣ ਚਲੰਦਾ।
ਧੁਪੈ ਤਤਾ ਹੋਇਕੈ ਛਾਵੈਂ ਠੰਢਾ ਹੋਇ ਰਹੰਦਾ।
ਨਾਵਣੁ ਜੀਵਦਿਆਂ ਮੁਇਆਂ ਪੀਤੈ ਸਾਂਤਿ ਸੰਤੋਖੁ ਹੋਵੰਦਾ।
ਨਿਰਮਲੁ ਕਰਦਾ ਮੈਲਿਆਂ ਨੀਵੈ ਸਰਵਰ[7] ਜਾਇ ਟਿਕੰਦਾ।
[8]ਗੁਰਮੁਖਿ ਸੁਖ ਫਲੁ ਭਾਉ ਭਉ ਸਹਜੁ ਬੈਰਾਗੁ ਸਦਾ ਵਿਗਸੰਦਾ।
ਪੂਰਨ ਪਰਉਪਕਾਰੁ ਕਰੰਦਾ ॥ ੨ ॥

---

੧ ਵਿਸ਼ਟਾ। ੨ ਚੰਦਨ ਦਾ ਅਤਰ। ੩ ਗੁਰਮੁਖ ਸਹਿਜ (ਘਰ) ਅਵਸਥਾ ਵਿਚ। ੪ ਤਿੰਨਾਂ ਅਵਸਥਾਵਾਂ ਵਿਚ ਹੀ ਉਹ ਉਨਮਨ ਹੋ (ਪਰਮਾਤਮਾ ਵਿਚ ਮਗਨ, ਲਿਵ ਲਾ ਕੇ) ਰਹਿੰਦੇ ਹਨ। ੫ ਸਾਧ ਸੰਗਤ ਵਿਚ (ਗੁਰਮੁਖਾਂ ਨੇ) ਸ਼ਬਦ ਦੀ ਕਮਾਈ ਕੀਤੀ ਹੈ। ੬ ਜਲ ਬਹੁਤੇ ਰੰਗਾਂ ਤੇ ਬਹੁਤੇ ਰਸਾਂ ਵਿਚ ਮਿਲ ਜਾਂਦਾ ਹੈ। ੭ ਤਾਲਾਬ। ੮ ਗੁਰਮੁਖ ਸੁਖ ਫ਼ਲ ਪ੍ਰਾਪਤ ਕਰਕੇ (ਨਿਰਮਲ) ਹੈ ਤੇ ਪ੍ਰੇਮ ਦੀ ਗਿਆਨ ਅਵਸਥਾ ਤੇ (ਸ਼ੁਧ) ਵੈਰਾਗ ਵਿਚ ਸਦਾ ਖਿੜਿਆ ਰਹਿੰਦਾ ਹੈ।

Digitized by Panjab Digital Library | www.panjabdigilib.org

## ਪਉੜੀ ੩

[ਕਮਲ ਵਾਂਗ ਅਲੇਪ]

ਜਲ ਵਿਚਿ ਕਵਲੁ ਅਲਿਪਤੁ[੧] ਹੈ ਸੰਗ ਦੋਖ ਨਿਰਦੋਖ[੨] ਰਹੰਦਾ।
ਰਾਤੀ ਭਵਰੁ ਲੁਭਾਇਦਾ [੩]ਸੀਤਲੁ ਹੋਇ ਸੁਗੰਧਿ ਮਿਲੰਦਾ।
ਭਲਕੇ ਸੂਰਜ ਧਿਆਨੁ ਧਰਿ ਪਰਫੁਲਤੁ ਹੋਇ ਮਿਲੈ ਹਸੰਦਾ।
[੪]ਗੁਰਮੁਖੁ ਸੁਖ ਫਲ ਸਹਜ ਘਰ ਵਰਤਮਾਨ ਅੰਦਰਿ ਵਰਤੰਦਾ।
[੫]ਲੋਕਾਚਾਰੀ ਲੋਕ ਵਿਚਿ ਵੇਦ ਵੀਚਾਰੀ ਕਰਮ ਕਰੰਦਾ।
ਸਾਵਧਾਨੁ ਗੁਰਗਿਆਨ ਵਿਚਿ [੬]ਜੀਵਨਿ ਮੁਕਤਿ ਜੁਗਤਿ ਵਿਚਰੰਦਾ
ਸਾਧ ਸੰਗਤਿ ਗੁਰੁ ਸਬਦੁ ਵਸੰਦਾ ॥ ੩ ॥

## ਪਉੜੀ ੪

[ਬ੍ਰਿਛ ਵਾਂਗ ਸਮਦਰਸੀ]

ਧਰਤੀ ਅੰਦਰਿ ਬਿਰਖੁ ਹੋਇ ਪਹਿਲੋਂ ਦੇ [੭]ਜੜ ਪੈਰ ਟਿਕਾਈ।
ਉਪਰਿ ਝੂਲੈ ਝਟੁਲਾ[੮] ਠੰਢੀ ਛਾਉਂ ਸੁ ਥਾਉਂ ਸੁਹਾਈ।
ਪਵਣੁ ਪਾਣੀ ਪਾਲਾ ਸਹੈ [੯]ਸਿਰ ਤਲਵਾਇਆ ਨਿਹਚਲੁ ਜਾਈ।
ਫਲੁ ਦੇ ਵੱਟ ਵਗਾਇਆ ਸਿਰਿ ਕਲਵਤੁ ਲੈ ਲੋਹੁ ਤਰਾਈ।
ਗੁਰਮੁਖਿ ਜਨਮੁ ਸਕਾਰਥਾ ਪਰਉਪਕਾਰੀ ਸਹਜਿ ਸੁਭਾਈ।
[੧੦]ਮਿਤ੍ਰ ਨ ਸਤ੍ਰ ਨ ਮੋਹੁ ਧ੍ਰੋਹੁ ਸਮਦਰਸੀ ਗੁਰ ਸਬਦ ਸਮਾਈ।
ਸਾਧ ਸੰਗਤਿ ਗੁਰਮਤਿ ਵਡਿਆਈ ॥ ੪ ॥

---

੧ ਨਿਰਲੇਪ। ੨ ਕਲੰਕ ਤੋਂ ਰਹਿਤ। ੩ (ਭਵਰ) ਠੰਡਾ ਹੋ ਕੇ ਫੁਲ ਨੂੰ ਮਿਲਦਾ ਤੇ ਸੁਗੰਧ ਪ੍ਰਾਪਤ ਕਰਦਾ ਹੈ। ੪ ਗੁਰਮੁਖ ਸਹਿਜ ਅਵਸਥਾ ਵਿਚ ਸੁਖ ਫਲ ਲੈਂਦਾ ਤੇ ਵਰਤਮਾਨ (ਜਿਹੋ ਜਿਹਾ ਹੋਵੇ) ਉਸ ਵਿਚ ਵਰਤਦਾ ਹੈ। ੫ ਸੰਸਾਰ ਵਿਚ ਰਹਿ ਕੇ (ਲੋਕਾਚਾਰੀ) ਗ੍ਰਿਹਸਥੀ ਬਣੇ ਰਹਿੰਦੇ ਹਨ ਤੇ (ਕਰਮ ਕਾਂਡੀਆਂ ਨੂੰ) ਵੇਦਾਂ ਦੇ ਵਿਚਾਰ ਤੇ ਕਰਮ ਕਰਦੇ ਦਿਸਦੇ ਹਨ। ੬ ਜੀਵਨ ਮੁਕਤੀ ਦੀ ਜੁਗਤ ਵਿਚ ਵਿਚਰਦੇ ਹਨ। ੭ ਧਰਤੀ ਵਿਚ ਜੜ੍ਹਾਂ ਰੂਪ ਪੈਰ ਟਿਕਾਉਂਦਾ ਹੈ। ੮ ਪੱਤਰਾਂ ਦਾ ਖਿਲਾਰ। ੯ ਸਿਰ ਭਾਰ ਉਲਟਾ (ਇਕੋ) ਥਾਂ ਤੇ ਅਚਲ (ਰਹਿੰਦਾ ਹੈ)। ੧੦ ਦੋਸਤ ਤੇ ਦੁਸ਼ਮਨ ਮੋਹ ਅਤੇ ਵੈਰ ਦੀ ਹਾਲਤ (ਸਮਦਰਸੀ) ਇਕੋ ਜਿਹਾ ਦੇਖਦੇ ਹਨ ਤੇ ਗੁਰੂ ਸ਼ਬਦ ਵਿਚ ਸਮਾਉਂਦੇ ਹਨ।

Digitized by Panjab Digital Library | www.panjabdigilib.org

## ਪਉੜੀ ੫

[ਸਤਿਗੁਰੂ ਮਲਾਹ ਦਾ ਰੂਪ ਹਨ]

ਸਾਗਰ ਅੰਦਰਿ ਬੋਹਿਥਾ[੧] ਵਿਚਿ ਮੁਹਾਣਾ[੨] ਪਰਉਪਕਾਰੀ ।
[੩]ਭਾਰ ਅਥਰਬਣ ਲਦੀਐ ਲੈ ਵਾਪਾਰੁ ਚੜਨਿ ਵਾਪਾਰੀ ।
ਸਾਇਰ ਲਹਰ ਨ ਵਿਆਪਈ ਅਤਿ ਅਸਗਾਹ ਅਥਾਹ ਅਪਾਰੀ ।
ਬਹਲੇ ਪੂਰ ਲੰਘਾਇਦਾ ਸਹੀ ਸਲਾਮਤਿ ਪਾਰਿ ਉਤਾਰੀ ।
[੪]ਦੂਣੇ ਚਉਣੇ ਦੰਮ ਹੋਨ ਲਾਹਾ ਲੈ ਲੈ ਕਾਜ ਸਵਾਰੀ ।
[੫]ਗੁਰਮੁਖ ਸੁਖ ਫਲੁ ਸਾਧ ਸੰਗਿ ਭਵਜਲ ਅੰਦਰ ਦੁੱਤਰੁ ਤਾਰੀ ।
[੬]ਜੀਵਨ ਮੁਕਤਿ ਜੁਗਤਿ ਨਿਰੰਕਾਰੀ ॥ ੫ ॥

## ਪਉੜੀ ੬

[ਬਾਵਨ ਚੰਦਨ ਤੋਂ ਗੁਰਮੁਖ]

[੭]ਬਾਵਨ ਚੰਦਨ ਬਿਰਖੁ ਹੋਇ ਵਣਖੰਡ[੮] ਅੰਦਰਿ ਵਸੈ ਉਜਾੜੀ ।
[੯]ਪਾਸਿ ਨਿਵਾਸੁ ਵਣਾਸਪਤਿ ਨਿਹਚਲੁ ਲਾਇ ਉਰਧ ਤਪ ਤਾੜੀ
[੧੦]ਪਵਨ ਗਵਣ ਸਨਬੰਧੁ ਕਰਿ ਗੰਧ ਸੁਗੰਧ ਉਲਾਸ ਉਘਾੜੀ ।
[੧੧]ਅਫਲ ਸਫਲ ਸਮਦਰਸ ਹੋਇ ਕਰੇ ਵਣਸਪਤਿ ਚੰਦਨ ਵਾੜੀ।
[੧੨]ਗੁਰਮੁਖਿ ਸੁਖ ਫਲੁ ਸਾਧ ਸੰਗੁ ਪਤਿਤ ਪੁਨੀਤ ਕਰੈ ਦੇਹਾੜੀ ।

---

੧ ਜਹਾਜ਼। ੨ ਮਲਾਹ। ੩ ਬਹੁਤਾ ਭਾਰ। ੪ ਨਫੇ ਦੇ ਪੈਸੇ ਦੂਣੇ ਤੇ ਚੌਣੇ ਹੁੰਦੇ ਹਨ। ੫ ਗੁਰਮੁਖਾਂ ਲਈ ਸੰਸਾਰ ਸਮੁੰਦਰ ਦੀ ਔਖੀ ਤਾਰੀ ਤਰ ਕੇ ਸੁਖ ਫਲ (ਵਾਹਿਗੁਰੂ ਰੂਪ) ਲਾਭ ਪਰਾਪਤ ਕਰਨ ਲਈ ਸਾਧ ਸੰਗਤ (ਦਾ ਜਹਾਜ਼) ਹੈ। ੬ ਇਹ ਜੀਵਨ ਮੁਕਤੀ (ਪਰਾਪਤ ਕਰਨ ਦੀ) ਨਿਰੰਕਾਰੀ ਜੁਗਤੀ ਹੈ। ੭ ੫੨ ਉਂਗਲਾਂ ਦਾ ਚੰਦਨ ਬ੍ਰਿਛ। ੮ ਜੰਗਲ। ੯ (ਨਿਹਚਲ) ਇਕ ਥਾਂ ਖੜਾ ਰਹਿਕੇ (ਉਰਧ) ਸਿਰ ਭਾਰ ਤਪ ਕਰਦਾ ਹੋਇਆ ਤਾੜੀ ਲਾ ਕੇ ਬਨਾਸਪਤੀ ਕੋਲ ਨਿਵਾਸ ਕਰਦਾ ਹੈ। ੧੦ ਹਵਾ ਦੇ (ਗਵਣ) ਰੁਕਮਣ ਦੇ ਸੰਬੰਧ ਕਰ ਕੇ ਗੰਧ ਦੀ ਸੁਗੰਧ ਨੂੰ ਖੁਸ਼ੀ ਨਾਲ ਹੀ (ਉਘਾੜੀ) ਪ੍ਰਗਟ ਕਰਦਾ ਹੈ। ੧੧ ਫਲਾਂ ਵਾਲੇ ਤੇ ਅਫਲਿਆਂ ਲਈ ਸਮਦਰਸੀ (ਇਕੋ ਜਿਹਾ ਦੇਖਣ ਵਾਲਾ) ਹੋ ਕੇ ਸਾਰੀ ਬਨਾਸਪਤੀ ਨੂੰ ਚੰਦਨ ਦਾ (ਵਾੜੀ) ਬਗੀਚਾ ਬਣਾ ਦੇਂਦਾ ਹੈ। ੧੨ ਗੁਰਮੁਖ ਸਾਧ ਸੰਗਤ ਵਿਚ ਸੁਖ ਫਲ ਪ੍ਰਾਪਤ ਕਰਦੇ ਹਨ। ਇਕ ਦਿਨ ਵਿਚ ਹੀ ਪਤਿਤਾਂ ਨੂੰ ਪਵਿਤ੍ਰ ਕਰ ਲੈਂਦੇ ਹਨ।

Digitized by Panjab Digital Library | www.panjabdigilib.org

ਅਉਗੁਣ ਕੀਤੇ ਗੁਣ ਕਰੈ [੧]ਕਚ ਪਕਾਈ ਉਪਰਿ ਵਾੜੀ।
ਨੀਰੁ ਨ ਡੋਬੈ ਅਗਿ ਨ ਸਾੜੀ ॥ ੬ ॥

## ਪਉੜੀ ੭

[ਸੂਰਜ ਵਾਂਗ ਉਪਕਾਰੀ ਗੁਰਮੁਖ]

ਰਾਤਿ ਅਨ੍ਹੇਰੀ ਅੰਧਕਾਰੁ ਲਖ ਕਰੋੜੀ ਚਮਕਨ ਤਾਰੇ।
ਘਰ ਘਰ ਦੀਵੇ ਬਾਲੀਅਨਿ ਪਰਘਰ ਤਕਨਿ ਚੋਰ ਚਕਾਰੇ।
[੨]ਹਟ ਪਟਣ ਘਰਬਾਰੀਆ ਦੇ ਦੇ ਤਾਕ ਸਵਨਿ ਨਰ ਨਾਰੇ।
[੩]ਸੂਰਜ ਜੋਤਿ ਉਦੋਤੁ ਕਰਿ ਤਾਰੇ ਤਾਰਿ ਅਨ੍ਹੇਰ ਨਿਵਾਰੇ।
[੪]ਬੰਧਨ ਮੁਕਤਿ ਕਰਾਇਦਾ ਨਾਮੁ ਦਾਨੁ ਇਸਨਾਨੁ ਵਿਚਾਰੇ।
ਗੁਰਮੁਖਿ ਸੁਖ ਫਲੁ ਸਾਧ ਸੰਗੁ ਪਸੂ ਪਰੇਤ ਪਤਿਤ ਨਿਸਤਾਰੇ।
ਪਰਉਪਕਾਰੀ ਗੁਰੂ ਪਿਆਰੇ ॥ ੭ ॥

## ਪਉੜੀ ੮

[ਸਾਧ ਸੰਗਤ ਮਾਨ ਸਰੋਵਰ]

ਮਾਨ ਸਰੋਵਰੁ ਆਖੀਐ ਉਪਰਿ ਹੰਸ [੫]ਸੁਵੰਸ ਵਸੰਦੇ।
ਮੋਤੀ ਮਾਣਕ ਮਾਨਸਰਿ ਚੁਣਿ ਚੁਣਿ ਹੰਸ ਅਮੋਲ ਚੁਗੰਦੇ।
[੬]ਖੀਰੁ ਨੀਰੁ ਨਿਰਵਾਰਦੇ ਲਹਰੀਂ ਅੰਦਰਿ ਫਿਰਨਿ ਤਰੰਦੇ।
ਮਾਨ ਸਰੋਵਰੁ ਛਡਿਕੈ ਹੋਰਤ ਥਾਇ ਨ ਜਾਇ ਬਹੰਦੇ।
[੭]ਗੁਰਮੁਖਿ ਸੁਖ ਫਲੁ ਸਾਧ ਸੰਗੁ ਪਰਮਹੰਸ ਗੁਰ ਸਿਖ ਸੋਹੰਦੇ।

---

੧ ਕੱਚਿਆਂ (ਮਨਮੁਖਾਂ) ਨੂੰ (ਸਾਧ ਸੰਗਤ) ਰੂਪ ਵਾੜੀ ਪੁਰ ਹੀ ਪਕਾਅ ਲੈਂਦੇ ਹਨ। ੨ (ਪਟਣ) ਸ਼ਹਿਰ ਦੇ ਹਟੀਆਂ ਵਾਲੇ ਘਬਰਾਉਂਦੇ ਹਨ (ਤਾਕ) ਦਰਵਾਜ਼ੇ ਬੰਦ ਕਰਕੇ ਨਰ ਨਾਰੀਆਂ ਸੌਂਦੇ ਹਨ। ੩ ਸੂਰਜ ਦੀ ਜੋਤਿ (ਉਦੋਤਿ) ਉਦੈ ਹੋਣ ਨਾਲ। ੪ (ਸੂਰਜ ਵਾਂਗ ਹੀ ਗੁਰਮੁਖ) ਬੰਧਨਾਂ ਤੋਂ ਮੁਕਤ ਕਰਾਉਂਦਾ ਹੈ। ੫ ਚੰਗੀ ਵੰਸ਼ ਦੇ। ੬ ਦੁੱਧ ਤੇ ਪਾਣੀ ਨੂੰ ਅੱਡ ਅੱਡ ਕਰ ਦੇਂਦੇ ਹਨ। ੭ ਗੁਰਮੁਖਾਂ ਲਈ ਸਾਧ ਸੰਗਤ ਹੀ ਸੁਖ ਫਲ ਰੂਪ [ਮਾਨਸਰੋਵਰ] ਹੈ, ਜਿਸ ਪੁਰ ਗੁਰ ਸਿਖ ਰੂਪੀ ਪਰਮ ਹੰਸ ਵਸਦੇ ਹਨ।

Digitized by Panjab Digital Library | www.panjabdigilib.org

ਇਕ ਮਨਿ ਇਕੁ ਧਿਆਇਦੇ [1]ਦੂਜੇ ਭਾਇ ਨ ਜਾਇ ਫਿਰੰਦੇ।
[2]ਸਬਦੁ ਸੁਰਤਿ ਲਿਵ ਅਲਖ ਲਖੰਦੇ ॥ ੮ ॥

## ਪਉੜੀ ੯

[ਗੁਰਮੁਖ ਪਾਰਸ ਰੂਪ ਹੈ]

ਪਾਰਸੁ ਪਥਰੁ ਆਖੀਐ ਲੁਕਿਆ ਰਹੈ ਨ ਆਪੁ ਜਣਾਏ।
ਵਿਰਲਾ ਕੋਇ ਸਿਵਾਣਦਾ [3]ਖੋਜੀ ਖੋਜਿ ਲਏ ਸੋ ਪਾਏ।
ਪਾਰਸੁ ਪਰਸਿ ਅਪਰਸੁ[4] ਹੋਇ ਅਸਟਧਾਤੁ ਇਕ ਧਾਤੁ ਕਰਾਏ।
[5]ਬਾਰਹ ਵੰਨੀ ਹੋਇਕੈ ਕੰਚਨੁ ਮੁਲਿ ਅਮੁਲਿ ਵਿਕਾਏ।
ਗੁਰਮੁਖਿ ਸੁਖਫਲ ਸਾਧਸੰਗੁ ਸਬਦ ਸੁਰਤਿ ਲਿਵ ਅਘੜ ਘੜਾਏ
ਚਰਣਿ ਸਰਣਿ ਲਿਵਲੀਨੁ ਹੋਇ ਸੈਂਸਾਰੀ [7]ਨਿਰੰਕਾਰੀ ਭਾਏ।
[8]ਘਰਿ ਬਾਰੀ ਹੋਇ ਨਿਜ ਘਰਿ ਜਾਏ ॥ ੯ ॥

## ਪਉੜੀ ੧੦

[ਗੁਰਮੁਖ ਸਭ ਤੋਂ ਉੱਚੇ ਹਨ]

[9]ਚਿੰਤਾਮਣਿ ਚਿੰਤਾ ਹਰੈ ਕਾਮਧੇਨੁ ਕਾਮਨਾਂ ਪੁਜਾਏ।
[10]ਫਲ ਫੁਲਿ ਦੇਂਦਾ ਪਾਰਜਾਤੁ[11] ਰਿਧਿ ਸਿਧਿ ਨਵਨਾਥ ਲੁਭਾਏ।
ਦਸ ਅਵਤਾਰ [12]ਅਕਾਰ ਕਰਿ ਪੁਰਖਾਰਥ ਕਰਿ ਨਾਂਵ ਗਣਾਏ।
ਗੁਰਮੁਖਿ ਸੁਖ ਫਲੁ ਸਾਧ ਸੰਗੁ ਚਾਰਿ ਪਦਾਰਥ ਸੇਵਾ ਲਾਏ।

---

੧ ਦ੍ਵੈਤ ਭਾਵ। ੨ (ਗੁਰੂ ਦੇ) ਸ਼ਬਦ ਦੀ ਸੁਰਤ (ਗਿਆਤ) ਵਿਚ ਬਿਰਤੀ ਨੂੰ ਲਾ ਕੇ ਅਲਖ ਵਾਹਿਗੁਰੂ ਨੂੰ ਲਖ ਲੈਂਦੇ ਹਨ। ੩ ਖੋਜੀ ਜੋ ਢੂੰਡ ਵਿਚ ਲਗਦਾ ਹੈ। ੪ ਮੰਦੀਆਂ ਧਾਤਾਂ। ੫ ਬਾਰਾਂ ਵੰਨੀਆਂ ਦਾ ਸੋਨਾ ਹੋ ਕੇ ਮੂਲ ਤੋਂ ਅਮੁਲ ਹੋ ਵਿਕਦਾ ਹੈ। ੬ ਸ਼ਬਦ ਦੀ ਸੁਰਤ ਵਿਚ (ਲਿਵ) ਬਿਰਤੀ ਜੋੜ ਕੇ ਅਘੜ ਮਨ ਨੂੰ ਘੜ ਲੈਂਦੇ ਹਨ। ੭ ਨਿਰੰਕਾਰ ਨੂੰ ਚੰਗੇ ਲਗੇ ਹਨ। ੮ ਗ੍ਰਿਹਸਥੀ ਹੋ ਕੇ ਆਪਣੇ ਨਿਜ ਸਰੂਪ (ਵਾਹਿਗੁਰੂ) ਨੂੰ ਪ੍ਰਾਪਤ ਕਰ ਲੈਂਦੇ ਹਨ। ੯ ਚਿੰਤਾਮਣੀ ਚਿੰਤਾ ਦੂਰ ਕਰ ਸਕਦੀ ਹੈ ਤੇ ਕਾਮਧੇਨ ਭੀ ਕਾਮਣਾ ਪੂਰੀਆਂ ਕਰਦੀ ਹੈ। ੧੦ ਪਾਰਜਾਤ ਦਾ ਰੁਖ ਭੀ ਫਲ ਫੁਲ ਦੇਂਦਾ ਹੈ। ੧੧ ਨੌ ਨਾਥ ਭੀ ਰਿੱਧੀਆਂ ਰਿੱਧੀਆਂ ਦੇ ਲੋਭ ਵਿਚ ਫਸੇ ਹਨ। ੧੨ ਜਨਮ ਲੈ ਕੇ (ਅਤੇ) ਬਲ ਵਿਖਾ ਕੇ ਆਪਣਾ ਨਾਉਂ ਹੀ ਗਿਣਾਇਆ (ਪਰਸਿੱਧ ਕੀਤਾ) ਹੈ।

Digitized by Panjab Digital Library | www.panjabdigilib.org

[੧]ਸਬਦੁ ਸੁਰਤਿ ਲਿਵ ਪਿਰਮ ਰਸੁ ਅਕਥ ਕਹਾਣੀ ਕਥੀ ਨ ਜਾਏ।
[੨]ਪਾਰਬ੍ਰਹਮ ਪੂਰਨ ਬ੍ਰਹਮ ਭਗਤਿ ਵਛਲ ਹੁਇ ਅਛਲ ਛਲਾਏ।
[੩]ਲੇਖ ਅਲੇਖ ਨ ਕੀਮਤਿ ਪਾਏ ॥ ੧੦ ॥

## ਪਉੜੀ ੧੧

[ਕਾਦਰ ਪਿਰਮ ਪਿਆਲਾ]

[੪]ਇਕੁ ਕਵਾਉ ਪਸਾਉ ਕਰਿ ਨਿਰੰਕਾਰਿ [੫]ਆਕਾਰੁ ਬਣਾਇਆ।
ਤੋਲਿ ਅਤੋਲੁ ਨ ਤੋਲੀਐ ਤੁਲਿ[੬] ਨ ਤੁਲਾਧਾਰਿ[੭] ਤੋਲਾਇਆ।
ਲੇਖ ਅਲੇਖੁ ਨ ਲਿਖੀਐ [੮]ਅੰਗੁ ਨ ਅਖਰੁ ਲੇਖ ਲਿਖਾਇਆ।
ਮੁਲਿ ਅਮੁਲੁ[੯] ਨ ਮੋਲੀਐ ਲਖੁ ਪਦਾਰਥ [੧੦]ਲਵੈ ਨ ਲਾਇਆ।
ਬੋਲਿ ਅਬੋਲੁ ਨ ਬੋਲੀਐ ਸੁਣਿ ਸੁਣਿ ਆਖਣੁ ਆਖਿ ਸੁਣਾਇਆ।
ਅਗਮੁ ਅਥਾਹੁ ਅਗਾਧਿ[੧੧] ਬੋਧ ਅੰਤੁ ਨ ਪਾਰਾਵਾਰੁ ਨ ਪਾਇਆ।
ਕੁਦਰਤਿ ਕੀਮ ਨ ਜਾਣੀਐ ਕੇਵਡੁ ਕਾਦਰੁ [੧੨]ਕਿਤੁ ਘਰਿਆਇਆ।
ਗੁਰਮੁਖਿਸੁਖਫਲੁਸਾਧਸੰਗੁਸਬਦੁਸੁਰਤਿਲਿਵ[੧੩]ਅਲਖਲਖਾਇਆ
[੧੪]ਪਿਰਮ ਪਿਆਲਾ ਅਜਰੁ ਜਰਾਇਆ ॥ ੧੧ ॥

## ਪਉੜੀ ੧੨

[ਸਾਧ ਸੰਗਤ ਸੱਚਖੰਡ]

ਸਾਦਹੁ ਸਬਦਹੁ ਬਾਹਰਾ ਅਕਥ ਕਥਾ ਕਿਉਂ ਜਿਹਬਾ ਜਾਣੈ।
ਉਸਤਤਿ ਨਿੰਦਾ ਬਾਹਰਾ [੧੫]ਕਥਨੀ ਬਦਨੀ ਵਿਚਿ ਨ ਆਵੈ।
[੧੬]ਗੰਧ ਸਪਰਸ ਅਗੋਚਰਾ ਨਾਸ ਸਾਸ ਹੈਰਤਿ ਹੈਰਾਣੈ।

---

੧ ਸ਼ਬਦ ਦੇ ਭਾਵ ਵਿਚ ਬਿਰਤੀ ਜੋੜ ਕੇ। ੨ ਜੋ (ਬ੍ਰਹਮ) ਸਭ ਤੋਂ ਪਰੇ ਹੈ ਅਤੇ ਸਭ ਜਗਤ ਵਿਚ ਪੂਰਨ (ਵਿਆਪਕ) ਹੈ, ਉਹ ਭਗਤਾਂ ਦਾ ਪਿਆਰਾ ਹੋਣ ਕਰਕੇ ਅਛਲ ਹੁੰਦਿਆਂ ਹੋਇਆਂ ਭੀ (ਆਪਣੇ ਆਪ ਨੂੰ) ਛਲਾ ਲੈਂਦਾ ਹੈ। ੩ (ਗੁਰਮੁਖ) ਲੇਖੇ ਤੋਂ ਅਲਿਖ ਹਨ, ਕੋਈ ਉਨ੍ਹਾਂ ਦੀ ਕੀਮਤ ਨਹੀਂ ਪਾ ਸਕਦਾ। ੪ ਇਕ ਵਾਕ ਤੋਂ ਪਸਾਰਾ। ੫ ਸੰਸਾਰ। ੬ ਵਟੇ। ੭ ਤਕੜੀ। ੮ ਹਿੰਦਸੇ। ੯ ਕੋਈ ਮੁੱਲ ਨਹੀਂ ਪਾ ਸਕਦਾ। ੧੦ ਬਰਾਬਰੀ ਨਹੀਂ ਕਰ ਸਕਦੇ। ੧੧ (ਆਤਮਾ) ਦਾ ਬੋਧ ਡੂੰਘਾ ਹੈ। ੧੨ ਕਿਸ ਘਰ ਵਿਚ ਆਇਆ ਹੈ। ੧੩ ਅਲਖ ਵਾਹਿਗੁਰੂ ਨੂੰ ਲਖਾ (ਜਣਾ) ਦੇਂਦੇ ਹਨ। ੧੪ ਪ੍ਰੇਮ ਦਾ ਪਿਆਲਾ ਪੀ ਕੇ ਅਜਰ ਨੂੰ ਜਰ ਲੈਂਦੇ ਹਨ। ੧੫ ਕਹਿਣ ਕਹਾਣ ਵਿਚ। ੧੬ ਸੁਘਣ ਤੇ ਛੋਹਣ ਦੀ ਪਹੁੰਚ ਤੋਂ ਭੀ ਪਰੇ ਹੈ। ਹੈਰਤ (ਬੁਧ) ਹੈਰਾਨ ਹੋ ਰਹੀ ਹੈ।

Digitized by Panjab Digital Library | www.panjabdigilib.org

ਵਰਨਹੁ ਚਿਹਨਹੁ ਬਾਹਰਾ ਦਿਸਟਿ ਅਦਿਸਟਿ [੧]ਨ ਧਿਆਨੁ ਧਿਙਾਣੈ
[੨]ਨਿਰਾਲੰਬੁ ਅਵਲੰਬ ਵਿਣੁ ਧਰਤਿ ਅਗਾਸਿ ਨਿਵਾਸੁ ਵਿਡਾਣੈ।
ਸਾਧ ਸੰਗਤਿ ਸਚਖੰਡਿ ਹੈ ਨਿਰੰਕਾਰੁ ਗੁਰ ਸਬਦੁ ਸਿਞਾਣੈ।
ਕੁਦਰਤਿ ਕਾਦਰ ਨੋਂ ਕੁਰਬਾਣੈ ॥ ੧੨ ॥

## ਪਉੜੀ ੧੩

[ਗੁਰਮੁਖਾਂ ਦਾ ਸੱਚਾ ਰਸਤਾ]

[੩]ਗੁਰਮੁਖਿ ਪੰਥੁ ਅਗੰਮੁ ਹੈ ਜਿਉ ਜਲ ਅੰਦਰਿ ਮੀਨੁ ਚਲੰਦਾ।
[੪]ਗੁਰਮੁਖਿ ਖੋਜੁ ਅਲਖੁ ਹੈ ਜਿਉ ਪੰਖੀ ਆਗਾਸ ਉਡੰਦਾ।
[੫]ਸਾਧ ਸੰਗਤਿ ਰਹਰਾਸਿ ਹੈ ਹਰਿ ਚੰਦਉਰੀ ਨਗਰੁ ਵਸੰਦਾ।
[੬]ਚਾਰਿ ਵਰਨ ਤੰਬੋਲ ਰਸੁ ਪਿਰਮ ਪਿਆਲੈ ਰੰਗੁ ਕਰੰਦਾ।
ਸਬਦ ਸੁਰਤਿ ਲਿਵ ਲੀਣੁ ਹੋਇ[੭] ਚੰਦਨ ਵਾਸ ਨਿਵਾਸ ਕਰੰਦਾ।
[੮]ਗਿਆਨੁ ਧਿਆਨੁ ਸਿਮਰਣੁ ਜੁਗਤਿ ਕੂੰਜਿ ਕੁਰਮ ਹੰਸ ਵੰਸ ਵਧੰਦਾ
ਗੁਰਮੁਖਿ ਸੁਖ ਫਲੁ ਅਲਖੁ ਲਖੰਦਾ ॥ ੧੩ ॥

## ਪਉੜੀ ੧੪

[ਈਸ਼੍ਵਰ ਅਲਖ ਹੈ]

ਬ੍ਰਹਮਾਦਿਕ[੯] ਵੇਦਾ ਸਣੈ ਨੇਤਿ ਨੇਤਿ ਕਰਿ ਭੇਦੁ ਨ ਪਾਇਆ।
ਮਹਾਦੇਵ ਅਵਧੂਤ[੧੦] ਹੋਇ ਨਮੋ ਨਮੋ ਕਰਿ ਧਿਆਨੁ ਨ ਆਇਆ।

---

੧ ਧਿਆਨ ਦੇ ਧੱਕੇ ਵਿਚ ਨਹੀਂ ਆਉਂਦਾ। ੨ ਉਹ ਬਿਨਾਂ ਕਿਸੇ ਆਸਰੇ ਦੇ ਧਰਤੀ ਵਿਚ ਤੇ ਆਸਰੇ ਬਿਨਾਂ ਹੀ ਆਕਾਸ਼ ਵਿਚ (ਇਕ) ਅਚਰਜ (ਤਰੀਕੇ ਨਾਲ) ਨਿਵਾਸ ਕਰ ਰਿਹਾ ਹੈ। ੩ ਗੁਰਮੁਖਾਂ ਦਾ ਮਾਰਗ ਜਾਣਿਆ (ਸਮਝਿਆ) ਨਹੀਂ ਜਾ ਸਕਦਾ, ਜਿਵੇਂ ਪਾਣੀ ਅੰਦਰ ਮੱਛੀ ਤੁਰਦੀ ਹੈ, (ਪਰ ਉਸ ਦੇ ਰਸਤੇ ਦਾ ਕੋਈ ਪਤਾ ਨਹੀਂ ਲਾ ਸਕਦਾ)। ੪ ਗੁਰਮੁਖਾਂ ਦੀ ਖੋਜ (ਵਿਚਾਰ) ਲਖੀ ਨਹੀਂ ਜਾ ਸਕਦੀ। ੫ ਸਿਧਾ ਰਸਤਾ ਹੈ (ਪਰ ਸੰਸਾਰ) ਹਰਿਚੰਦੌਰੀ ਦੇ ਵਸੇ ਹੋਏ ਨਗਰ ਵਾਂਗੂ (ਭਰਮ ਰੂਪ ਹੈ)। ੬ ਚਾਰ ਵਰਨ [ਕਥਾ, ਸੁਪਾਰੀ, ਚੂਨਾ ਅਤੇ ਪਾਨ ਦੇ ਰਸ ਵਾਂਗ] ਸਾਧ ਸੰਗਤ ਦੇ ਪ੍ਰੇਮ ਪਿਆਲੇ ਦਾ ਰੰਗ ਚੜ੍ਹਦਾ [ਗੂਹੜਾ] ਹੈ। ੭ ਚੰਦਨ ਦੀ ਸੁਗੰਧ ਵਾਂਗ ਹੋਰਨਾਂ ਵਿਚ ਨਿਵਾਸ ਕਰਦੇ ਹਨ। ੮ ਗਿਆਨ ਧਿਆਨ ਤੇ ਸਿਮਰਨ ਦੀ ਜੁਗਤੀ ਨੂੰ ਕੂੰਜ, ਕੱਛੂ ਤੇ ਹੰਸ ਵਾਂਗ ਆਪਣੀ (ਭਗਤਾਂ ਦੀ) ਵੰਸ ਨੂੰ ਵਧਾਉਂਦਾ ਹੈ। ੯ ਬ੍ਰਹਮਾ ਆਦਿ ਦੇਵਤਿਆਂ ਨੇ। ੧੦ ਪਿੰਡੇ ਪਰ ਸੁਆਹ ਮਲਕੇ।

Digitized by Panjab Digital Library | www.panjabdigilib.org

[1]ਦਸ ਅਵਤਾਰ ਅਕਾਰੁ ਕਰਿ ਏਕੰਕਾਰ ਨ ਅਲਖੁ ਲਖਾਇਆ।
ਰਿਧਿਸਿਧਿਨਿਧਿਲੈਨਾਥ[2]ਨਉ ਆਦਿ ਪੁਰਖੁ ਆਦੇਸ ਕਰਾਇਆ।
[3]ਸਹਸ ਨਾਵ ਲੈ ਸਹਸ ਮੁਖ ਸਿਮਰਣਿ ਸੰਖ ਨ ਨਾਉ ਧਿਆਇਆ।
ਲੋਮਸ ਤਪੁ ਕਰਿ ਸਾਧਨਾ ਹਉਮੈ ਸਾਧਿ ਨ ਸਾਧੁ ਸਦਾਇਆ।
[4]ਚਿਰ ਜੀਵਣੁ ਬਹੁਹੰਢਣਾ ਗੁਰਮੁਖਿ ਸੁਖਫਲੁ ਪਲੁ ਨ ਚਖਾਇਆ।
ਕੁਦਰਤਿ ਅੰਦਰਿ ਭਰਮਿ ਭੁਲਾਇਆ ॥ ੧੪ ॥

## ਪਉੜੀ ੧੫

[ਅੰਜਨ ਵਿਚ ਨਿਰੰਜਨ ਪਾਉਣਾ]

ਗੁਰਮੁਖਿਸੁਖਫਲਸਾਧਸੰਗੁਭਗਤਿਵਛਲਹੋਏ[5]ਵਸਿਗਤਿ ਆਇਆ
[6]ਕਾਰਣ ਕਰਤੇ ਵਸਿ ਹੈ ਸਾਧ ਸੰਗਤਿ ਵਿਚਿ ਕਰੇ ਕਰਾਇਆ।
[7]ਪਾਰਬ੍ਰਹਮੁ ਪੂਰਨ ਬ੍ਰਹਮੁ ਸਾਧ ਸੰਗਤਿ ਵਿਚਿ ਭਾਣਾ ਭਾਇਆ।
[8]ਰੋਮ ਰੋਮ ਵਿਚਿ ਰਖਿਓਨੁ ਕਰਿ ਬ੍ਰਹਮੰਡ ਕਰੋੜਿ ਸਮਾਇਆ।
[9]ਬੀਅਹੁ ਕਰਿ ਬਿਸਥਾਰ ਵੜੁ ਫਲ ਅੰਦਰਿ ਫਿਰਿ ਬੀਉਵਸਾਇਆ
[10]ਅਪਿਉ ਪੀਅਣੁ ਅਜਰ ਜਰਣੁ ਆਪੁਗਵਾਇ ਨ ਆਪੁਜਣਾਇਆ
ਅੰਜਨੁ[11] ਵਿਚਿ ਨਿਰੰਜਨੁ[12] ਪਾਇਆ ॥ ੧੫ ॥

---

੧ ਦਸ ਅਵਤਾਰਾਂ ਨੇ ਸਰੀਰ ਧਾਰਨ ਕਰਕੇ। ੨ ਆਦਿ ਪੁਰਖ ਨੂੰ ਕੇਵਲ ਨਮਸਕਾਰ ਹੀ ਕੀਤਾ (ਜਾਣਿਆ ਤੇ ਬੁਝਿਆ ਨਹੀਂ)। ੩ ਸ਼ੇਸ਼ਨਾਗ ਨੇ ਹਜ਼ਾਰਾਂ ਮੁਖਾਂ ਦਵਾਰਾ ਹਜ਼ਾਰਾਂ ਨਾਮ ਰੋਜ਼ ਲੈ ਕੇ ਸਿਮਰਨ ਕੀਤਾ, ਪਰ ਗਿਣਤੀ ਬਸ ਨ ਹੋਈ। ੪ ਚਿਰ ਜੀਵ (ਮਾਰਕੰਡੇਯ ਆਦਿ) ਭੀ ਬਹੁਤ ਹੰਢੇ, ਅਰਥਾਤ ਬਹੁਤ ਉਮਰ ਗੁਜ਼ਾਰੀ। ੫ (ਸਾਧ ਸੰਗਤ ਦੇ) ਵਸ ਵਿਚ ਹੋ ਗਿਆ ਹੈ। ੬ ਸਭੇ ਕਾਰਣ ਕਰਤੇ (ਵਾਹਿਗੁਰੂ) ਦੇ ਹਥ ਵਿਚ ਹਨ, ਪਰ ਸਾਧ ਸੰਗਤ ਵਿਚ (ਸਾਧ ਸੰਗਤ ਦਾ) ਕਰਾਇਆ ਹੀ ਕਰਦਾ ਹੈ। ੭ ਸਾਧ ਸੰਗਤ ਦਾ ਭਾਣਾ ਪਰਵਾਨ ਕਰਕੇ ਪਾਰਬ੍ਰਹਮ (ਨਿਰਗੁਣ ਸਰੂਪ) ਤੋਂ ਪੂਰਨ ਤੇ ਵਿਆਪਕ (ਨਿਰਗੁਣ) ਹੋ ਗਿਆ ਹੈ। ੮ ਰੋਮ ਰੋਮ ਵਿਚ ਕਰੋੜਾਂ ਬ੍ਰਹਮੰਡ ਰਚ ਕੇ ਸਮਾ ਰਖੇ ਹਨ। ੯ ਇਕ ਬੀਜ ਤੋਂ (ਵੜ) ਬੋਹੜ ਦਾ ਫੈਲਾਉ ਕਰਦਾ ਹੈ। ੧੦ ਨਾ ਜਰੇ ਜਾਣ ਵਾਲੇ ਅੰਮ੍ਰਿਤ ਨੂੰ ਪੀ ਕੇ ਜਰ ਲੈਂਦੇ ਹਨ। ੧੧ ਮਾਇਆ। ੧੨ ਮਾਇਆ ਤੋਂ ਰਹਿਤ (ਵਾਹਿਗੁਰੂ)।

Digitized by Panjab Digital Library | www.panjabdigilib.org

## ਪਉੜੀ ੧੬

[ਵਾਹਿਗੁਰੂ ਪਰੇ ਤੋਂ ਪਰੇ ਹੈ]

[੧]ਮਹਿਮਾ ਮਹਿ ਮਹਿਕਾਰ ਵਿਚਿ ਮਹਿਮਾ ਲਖ ਨ ਮਹਿਮਾ ਜਾਣੈ।
[੨]ਲਖ ਮਹਾਤਮ ਮਹਾਤਮਾਂ ਤਿਲ ਨ ਮਹਾਤਮੁ ਆਖਿ ਵਖਾਣੈ।
[੩]ਉਸਤਤਿ ਵਿਚਿ ਲਖ ਉਸਤਤੀ ਪਲ ਉਸਤਤਿ ਅੰਦਰਿ ਹੈਰਾਣੈ।
[੪]ਅਚਰਜ ਵਿਚਿ ਲਖ ਅਚਰਜਾ ਅਚਰਜ ਅਚਰਜ ਚੋਜ ਵਿਡਾਣੈ।
ਵਿਸਮਾਦੀ ਵਿਸਮਾਦ ਲਖ ਵਿਸਮਾਦਹੁ ਵਿਸਮਾਦ ਵਿਹਾਣੈ।
[੫]ਅਬਗਤਿ ਗਤਿ ਅਤਿ ਅਗਮ ਹੈ ਅਕਥ ਕਥਾ ਆਖਾਣ ਵਖਾਣੈ।
[੬]ਲਖ ਪਰਵਾਣ ਪਰੈ ਪਰਵਾਣੈ ॥ ੧੬ ॥

## ਪਉੜੀ ੧੭

[ਵਾਹਿਗੁਰੂ ਪਰੇ ਤੋਂ ਪਰੇ ਹੈ]

[੭]ਅਗਮਹੁ ਅਗਮੁ ਅਗੰਮੁ ਹੈ ਅਗਮੁ ਅਗਮੁ ਅਤਿ ਅਗਮੁ ਸੁਣਾਏ।
[੮]ਅਲਖਹੁ ਅਲਖੁ ਅਲਖੁ ਹੈ ਅਲਖੁ ਅਲਖੁ ਲਖ ਅਲਖੁ ਧਿਆਏ।
[੯]ਅਪਰੰਪਰੁ ਅਪਰੰਪਰਹੁੰ ਅਪਰੰਪਰੁ ਅਪਰੰਪਰੁ ਭਾਏ[੧੦]।

---

੧ ਇਸ ਧਰਤੀ ਦੀ ਮਹਿਮਾ ਦੇ ਮਹਿਕਾਉਣ ਵਿਚ ਲੱਖਾਂ ਮਹਿਮਾ (ਵਡਿਆਈ) ਕਰਨ ਵਾਲੇ ਹਨ, ਪਰ ਉਹ (ਵਾਹਿਗੁਰੂ ਦੀ) ਮਹਿਮਾ ਨਹੀਂ ਜਾਣਦੇ। ੨ ਮਹਾਤਮ (ਪ੍ਰਤਾਪ) ਪ੍ਰਾਪਤ ਕਰਕੇ ਲੱਖਾਂ ਹੀ ਮਹਾਤਮਾ ਬਣੇ ਹਨ; ਪਰ ਵਾਹਿਗੁਰੂ ਦਾ ਮਹਾਤਮ ਉਹ ਤਿਲ ਮਾਤ੍ਰ ਭੀ ਨਹੀਂ ਕਹਿ ਸਕਦੇ। ੩ ਲੱਖਾਂ ਉਸਤਤੀ (ਉਸਤਤ ਕਰਨ ਵਾਲੇ) ਉਸਤਤੀਆਂ ਵਿਚ ਲਗੇ ਹਨ, (ਪਰ ਵਾਹਿਗੁਰੂ ਦੀ) ਇਕ ਪਲ ਉਸਤਤਿ ਕਰਨ ਵਿਚ ਭੀ ਹੈਰਾਨ ਹੋ ਜਾਂਦੇ ਹਨ। ੪ ਲੱਖਾਂ ਆਪ ਅਸਚਰਜ ਰੂਪ ਲੋਗ ਭੀ ਅਚਰਜ ਵਿਚ ਹਨ, ਕਿਉਂ ਜੁ ਵਿਡਾਣੇ (ਵਾਹਿਗੁਰੂ) ਦੇ ਅਚਰਜ ਚੋਜ ਬਹੁਤ ਅਚਰਜ ਹਨ। ੫ ਅਬਗਤਿ (ਪਰਮਾਤਮਾ) ਦੀ ਗਤੀ ਅਗੰਮ (ਨ ਜਾਨਣ ਯੋਗ) ਤੋਂ ਭੀ (ਗਤ) ਲੰਘ ਗਈ ਹੈ। ਉਸਦੀ ਕਥਾ ਅਕਥ ਹੈ, ਲੋਗ ਸੁਣੀ ਸੁਣਾਈ (ਅਖਾਣ) ਹੀ ਕਥਨ ਕਰਦੇ ਹਨ। ੬ ਉਹ ਪਰਵਾਨ ਸਰੂਪ ਲੱਖਾਂ ਪਰਵਾਣ (ਮੰਨੇ ਪ੍ਰਮੰਨੇ) ਪੁਰਸ਼ਾਂ ਤੋਂ ਭੀ ਪਰੇ ਹੈ। ੭ ਉਹ ਅਗਮ (ਵਾਹਿਗੁਰੂ) ਅਗੰਮ (ਨਾ ਜਾਣਿਆ ਜਾਣ ਵਾਲਾ) ਤੋਂ ਭੀ ਅਗੰਮ ਹੈ। ੮ ਉਹ ਅਲਖ (ਪਰਮਾਤਮਾ) ਅਲਖ ਸਰੂਪਾਂ ਤੋਂ ਭੀ ਅਲਖ ਹੈ। ੯ ਅਪਰੰਪਰ (ਪਰੇ ਤੋਂ ਪਰੇ) ਸਰੂਪਾਂ ਦੇ ਭਾਣੇ ਭੀ ਉਹ ਅਪਰੰਪਰ, ਅਪਰੰਪਰ ਹੈ। ੧੦ ਭਾਵੇਂ।

Digitized by Panjab Digital Library | www.panjabdigilib.org

ਆਗੋਚਰ[1] ਆਗੋਚਰਹੁੰ ਆਗੋਚਰੁ ਆਗੋਚਰਿ ਜਾਏ[2]।
ਪਾਰਬ੍ਰਹਮੁ ਪੂਰਨ ਬ੍ਰਹਮੁ ਸਾਧ ਸੰਗਤਿ [3]ਆਗਾਧਿ ਅਲਾਏ।
ਗੁਰਮੁਖਿਸੁਖਫਲੁ ਪਿਰਮਰਸੁ [4]ਭਗਤਿਵਛਲੁ ਹੋਇਅਛਲ ਛਲਾਏ।
[5]ਵੀਹ ਇਕੀਹ ਚੜਾਉ ਚੜਾਏ ॥ ੧੭ ॥

## ਪਉੜੀ ੧੮

[ਸਤਿਗੁਰੂ ਨੇ ਅਲਖ ਲਖਾ ਦਿੱਤਾ]

ਪਾਰਬ੍ਰਹਮੁ ਪੂਰਨ ਬ੍ਰਹਮੁ ਨਿਰੰਕਾਰਿ [6]ਆਕਾਰੁ ਬਣਾਇਆ।
ਅਬਿਗਤਿਗਤਿਆਗਾਧਿਬੋਧ [7]ਗੁਰਮੂਰਤਿਹੁਇਅਲਖੁ ਲਖਾਇਆ
ਸਾਧਸੰਗਤਿਸਚਖੰਡ ਵਿਚਿਭਗਤਿ ਵਛਲਹੋਇਅਛਲਛਲਾਇਆ।
ਚਾਰਿ ਵਰਨਿ ਇਕ ਵਰਨਹੁਇ [8]ਆਦਿ ਪੁਰਖਆਦੇਸੁ ਕਰਾਇਆ।
[9]ਧਿਆਨਮੂਲੁਦਰਸਨੁਗੁਰੂ ਛਿਅਦਰਸਨ ਦਰਸਨਵਿਚਿਆਇਆ
[10]ਆਪੇ ਆਪਿ ਨ ਆਪੁ ਜਣਾਇਆ ॥ ੧੮ ॥

## ਪਉੜੀ ੧੯

[ਗੁਰੂ ਦੀ ਸ਼ਰਣ]

ਚਰਣ ਕਵਲ ਸਰਣਾਗਤੀ ਸਾਧ ਸੰਗਤਿ ਮਿਲਿ ਗੁਰ ਸਿਖ ਆਏ।

---

੧ ਇੰਦਰਿਆਂ (ਅੱਖਾਂ, ਕੰਨ, ਜਿਹਬਾ ਤੇ ਨਾਸਕਾ ਆਦਿ) ਦੀ ਪਹੁੰਚ ਤੋਂ ਪਰੇ। ੨ ਜਾਣੇ ਜਾਂਦੇ ਹਨ। ੩ ਬੇਅੰਤ ਕਹਿੰਦੇ ਹਨ। ੪ ਭਗਤਾਂ ਦਾ ਪਿਆਰਾ ਹੋਣ ਕਰਕੇ ਉਹ ਅਛਲ ਛਲਿਆ ਜਾਂਦਾ ਹੈ। ੫ (ਗੁਰਮੁਖ) ਵੀਹ (ਵਿਸ਼ਵਾਸ਼) ਨਾਲ ਇਕੀਹ (ਇਛਾ) ਦੇ ਚੜ੍ਹਾਉ ਨੂੰ ਚੜ੍ਹਦੇ ਹਨ ! ੬ ਸੰਸਾਰ ਦੀ ਰਚਨਾ ਕੀਤੀ। ੭ ਗੁਰੂ ਨਾਨਕ ਦਾ ਸਰੂਪ ਧਾਰਕੇ ਅਲਖ (ਵਾਹਿਗੁਰੂ) ਨੂੰ ਲਖਾ ਦਿਤਾ। ੮ ਵਾਹਿਗੁਰੂ ਨੂੰ (ਸਿਖ ਪਾਸੋਂ) ਨਮਸ਼ਕਾਰ ਕਰਾਈ। ੯ (ਸਭ ਯੋਗ ਦੇ) ਧਿਆਨਾਂ ਦਾ ਮੂਲ, ਗੁਰੂ ਦਾ ਦਰਸ਼ਨ ਹੈ ਤੇ ਇਸੇ ਦਰਸ਼ਨ ਵਿਚ ਹੀ ਛੇ ਦਰਸ਼ਨਾਂ ਦਾ ਭਾਵ ਭੀ (ਮੌਜੂਦ ਹੈ)। ੧੦ ਆਪ ਹੀ ਆਪ (ਹੁੰਦਿਆਂ ਹੋਇਆਂ ਭੀ) ਆਪਣੇ ਆਪ ਨੂੰ ਜਣਾਇਆ ਨਹੀਂ।

Digitized by Panjab Digital Library | www.panjabdigilib.org

[੧]ਅੰਮ੍ਰਿਤ ਦ੍ਰਿਸਟਿ ਨਿਹਾਲੁ ਕਰਿ ਦਿਬ ਦ੍ਰਿਸਟਿ ਦੇ ਪੈਰੀ ਪਾਏ।
ਚਰਣ ਰੇਣੁ[੨] ਮਸਤਕਿ ਤਿਲਕ [੩]ਭਰਮ ਕਰਮ ਦਾ ਲੇਖੁ ਮਿਟਾਏ।
ਚਰਣੋਦਕ ਲੈ ਆਚਮਨੁ[੪] ਹਉਮੈ ਦੁਬਿਧਾ ਰੋਗੁ ਗਵਾਏ।
ਪੈਰੀਂ ਪੈ ਪਾਖਾਕੁ ਹੋਇ ਜੀਵਨ ਮੁਕਤਿ ਸਹਜ[੫] ਘਰਿ ਆਏ।
ਚਰਣ ਕਵਲ ਵਿਚਿ ਭਵਰ ਹੋਇ [੬]ਸੁਖ ਸੰਪਟ ਮਕਰੰਦ ਲੁਭਾਏ।
[੭]ਪੂਜ ਮੂਲ ਸਤਿਗੁਰੁ ਚਰਣ ਦੁਤੀਆ ਨਾਸਤਿ ਲਵੈ ਨ ਲਾਏ।
ਗੁਰਮੁਖਿ ਸੁਖ ਫਲੁ ਗੁਰ ਸਰਣਾਏ ॥ ੧੯ ॥

## ਪਉੜੀ ੨੦

[ਸਤਿਗੁਰ ਦੀ ਮਹਾਨਤਾ]

ਸਾਸਤਰ ਸਿੰਮ੍ਰਿਤਿ ਵੇਦ ਲਖ ਮਹਾਂ ਭਾਰਥ ਰਾਮਾਇਣ ਮੇਲੇ[੮]।
ਸਾਰਗੀਤਾ ਲਖ ਭਾਗਵਤ [੯]ਜੋਤਕ ਵੈਦ ਚਲੰਤੀ ਖੇਲੇ।
[੧੦]ਚਉਦਹ ਵਿਦਿਆ ਸਾਅੰਗੀਤ[੧੧] ਬ੍ਰਹਮੇ ਬਿਸਨ ਮਹੇਸੁਰ ਭੇਲੇ[੧੨]।
ਸਨਕਾਦਿਕ ਲਖ ਨਾਰਦਾ ਸੁਕ ਬਿਆਸ [੧੩]ਲਖ ਸੇਖ ਨਵੇਲੇ।
ਗਿਆਨ ਧਿਆਨ ਸਿਮਰਣ ਘਣੇ ਦਰਸਨ ਵਰਨ ਗੁਰੁ ਬਹੁ ਚੇਲੇ।
[੧੪]ਪੂਰਾ ਸਤਿਗੁਰ ਗੁਰਾਂ ਗੁਰੁ ਮੰਤ੍ਰ ਮੂਲ ਗੁਰ ਬਚਨ ਸੁਹੇਲੇ।
ਅਕਥ ਕਥਾ ਗੁਰੁ ਸਬਦੁ ਹੈ [੧੫]ਨੇਤਿ ਨੇਤਿ ਨਮੋ ਨਮੋ ਕੇਲੇ।
ਗੁਰਮੁਖ ਸੁਖ ਫਲੁ ਅੰਮ੍ਰਿਤ ਵੇਲੇ ॥ ੨੦ ॥

---

੧ (ਗੁਰੂ ਜੀ ਦੀ) ਅੰਮ੍ਰਿਤ ਰੂਪ ਦ੍ਰਿਸ਼ਟੀ ਨੇ ਨਿਹਾਲ (ਆਨੰਦ) ਕਰ ਦਿੱਤਾ ਅਤੇ ਗਿਆਨ ਦ੍ਰਿਸ਼ਟੀ ਦੇ ਕੇ ਪੈਰੀਂ ਪਾ ਲਿਆ (ਨਿੰਮਰ ਕਰ ਦਿਤਾ)। ੨ ਚਰਨ ਧੂੜੀ। ੩ ਭਰਮਾਂ (ਅਗਿਆਨ) ਦੇ ਕਰਮ ਦਾ ਲੇਖ ਮਿਟਾ ਦਿੱਤਾ। ੪ ਚੁਲੀ। ੫ ਆਨੰਦ। ੬ ਸੁਖਾਂ ਦੇ ਡੱਬੇ। ੭ ਸਤਿਗੁਰੂ ਜੀ ਦੇ ਚਰਨਾਂ ਨੂੰ ਹੀ ਪੂਜਾ ਦਾ ਮੂਲ ਸਮਝਿਆ ਹੈ, ਜਿਸ ਨਾਲ ਦੂਜੀ (ਦ੍ਵੈਤ) ਨਾਸ ਹੋ ਗਈ ਹੈ (ਹੋਰ ਕੋਈ) ਉਸ ਦੇ ਬਰਾਬਰ ਨਹੀਂ ਸਮਝਦੇ। ੮ ਇਕੱਠੇ ਕਰਕੇ। ੯ ਜੋਤਸ਼ੀ ਤੇ (ਚਲੰਤੀ ਖੇਲ) ਨਾਟਕਾਂ ਦਾ ਖੇਲ ਕਰਨ ਵਾਲੇ। ੧੦ ਚੌਦਾਂ ਵਿੱਦਯਾ। ੧੧ ਰਾਗ ਵਿੱਦਯਾ। ੧੨ ਮਿਲਾਕੇ। ੧੩ ਲੱਖਾ ਸ਼ੇਸ਼ਨਾਗ ਨਵੀਨ (ਨਾਮ ਜਪਣ ਵਾਲੇ)। ੧੪ ਪੂਰਾ ਸਤਿਗੁਰੂ ਹੀ ਗੁਰੂਆਂ ਦਾ ਗੁਰੂ ਹੈ, ਗੁਰੂ ਦਾ ਸੁੰਦਰ ਵਚਨ ਹੀ ਮੰਤ੍ਰ ਦਾ ਮੂਲ ਹੈ। ੧੫ ਬੇਅੰਤ ਬੇਅੰਤ ਕਹਿੰਦੇ ਹੋਏ ਨਮਸਕਾਰ ਕਰੀਏ ਤੇ (ਇਕੇਲੇ) ਆਨੰਦ ਲਈਏ।

Digitized by Panjab Digital Library | www.panjabdigilib.org

## ਪਉੜੀ ੨੧

[ਗੁਰੂ ਤੁੱਲ ਕੁਛ ਨਹੀਂ ਹੈ].

ਚਾਰ ਪਦਾਰਥ ਆਖੀਅਨਿ ਲਖ ਪਦਾਰਥ ਹੁਕਮੀ ਬੰਦੇ।
ਰਿਧਿ ਸਿਧਿ ਨਿਧਿ ਲਖ ਸੇਵਕੀ ਕਾਮਧੇਨੁ ਲਖ ਵੱਗ ਚਰੰਦੇ।
ਲਖ ਪਾਰਸ ਪਥਰੋਲੀਆ ਪਾਰਜਾਤ ਲਖ ਬਾਗ ਫਲੰਦੇ।
ਚਿਤਵਣ[1] ਲਖ ਚਿੰਤਾਮਣੀ ਲਖ ਰਸਾਇਣ [2]ਕਰਦੇ ਛੰਦੇ।
ਲਖ ਰਤਨ ਰਤਨਾਗਰਾ[3] ਸਭ ਨਿਧਾਨ ਸਭ ਫਲ ਸਿਮਰੰਦੇ[4]।
[5]ਲਖ ਭਗਤੀ ਲਖ ਭਗਤ ਹੋਇ ਕਰਾਮਾਤ ਪਰਚੈ ਪਰਚੰਦੇ।
ਸਬਦ ਸੁਰਤਿ ਲਿਵ ਸਾਧ ਸੰਗੁ ਪਿਰਮ ਪਿਆਲਾ ਅਜਰੁ ਜਰੰਦੇ।
ਗੁਰ ਕਿਰਪਾ ਸਤਸੰਗਿ ਮਿਲੰਦੇ ॥ ੨੧ ॥ ੧੬ ॥

---

੧ ਨਿਗਾਹ। ੨ ਖੇਲ ਕਰਦੇ ਹਨ। ੩ ਸਮੁੰਦਰ। ੪ (ਗੁਰੂ ਜੀ ਨੂੰ) ਸਿਮਰਦੇ ਹਨ। ੫ ਕਰਾਮਾਤਾਂ ਦੇ ਪਰਚਿਆਂ ਵਿਚ ਪਰਚੇ ਰਹਿਣ ਵਾਲੇ ਲੱਖਾਂ ਭਗਤ ਲੋਕ (ਗੁਰੂ ਜੀ ਦੀ ਉਕਤ ਵਡਿਆਈ ਨੂੰ) ਲਖ (ਜਾਣ) ਕੇ ਭਗਤ ਹੋ ਗਏ।

Digitized by Panjab Digital Library | www.panjabdigilib.org

# ਵਾਰ ੧੭

੧ ੴ ਸਤਿਗੁਰਪ੍ਰਸਾਦਿ ॥

## ਪਉੜੀ ੧

[ਸਿੰਖ ਤੋਂ ਉਪਦੇਸ਼—ਕਰਨੀ ਹੀਨ]

[੧]ਸਾਗਰੁ ਅਗਮ ਅਥਾਹੁ ਮਥਿ ਚਉਦਹ ਰਤਨ ਅਮੋਲ ਕਢਾਏ।
[੨]ਸਸੀਅਰੁ ਸਾਰਿੰਗ ਧਨਖੁ ਮਦੁ ਕਉਸਤਕ ਲਛ ਧਨੰਤਰ ਪਾਏ।
ਆਰਿੰਭਾ[੩] ਕਾਮਧੇਨੁ ਲੈ ਪਾਰਿਜਾਤੁ ਅਸ੍ਵ[੪] ਅਮਿਉ ਪੀਆਏ।
ਐਰਾਪਤਿ ਗਜ ਸੰਖੁ ਬਿਖੁ ਦੇਵ ਦਾਨਵ ਮਿਲਿ ਵੰਡਿ ਦਿਵਾਏ।
[੫]ਮਾਣਕ ਮੋਤੀ ਹੀਰਿਆਂ ਬਹੁਮੁਲੇ ਸਭੁ ਕੋ ਵਰੁਸਾਏ।
[੬]ਸੰਖ ਸਮੁੰਦ੍ਹੁੰ ਸਖਣਾ ਧਾਹਾ ਦੇ ਦੇ ਰੋਇ ਸੁਣਾਏ।
ਸਾਧ ਸੰਗਤਿ ਗੁਰਸਬਦੁ ਸੁਣਿ ਗੁਰ ਉਪਦੇਸੁ ਨ ਰਿਦੈ ਵਸਾਏ।
ਨਿਹਫਲ ਅਹਿਲਾ ਜਨਮੁ ਗਵਾਏ ॥ ੧ ॥

## ਪਉੜੀ ੨

[ਮਨਮੁਖ ਤੇ ਡਡੂ ਇੱਕੋ ਜਿਹੇ ਹਨ]

ਨਿਰਮਲੁ ਨੀਰੁ ਸੁਹਾਵਣਾ ਸੁਭਰ[੭] ਸਰਵਰਿ [੮]ਕਵਲ ਫੁਲੰਦੇ।
ਰੂਪ ਅਨੂਪ ਸਰੂਪ ਅਤਿ [੯]ਗੰਧ ਸੁਗੰਧ ਹੋਇ ਮਹਿਕੰਦੇ।

---

੧ ਸਮੁੰਦਰ ਨ ਜਾਣਿਆ ਜਾ ਸਕਣ ਵਾਲਾ ਤੇ ਡੂੰਘਾ (ਅਥਾਹ) ਰਿੜਕਕੇ। ੨ ਚੰਦ੍ਰਮਾ, ਸਾਰੰਗ ਧਨੁਸ਼, ਸ਼ਰਾਬ, ਕੌਸਤਕ ਮਨੀ (ਜੋ ਵਿਸ਼ਨੂੰ ਗਲੇ ਵਿਚ ਪਹਿਣਦਾ ਹੈ) ਲੱਛਮੀ ਤੇ ਧਨੰਤਰ ਵੈਦ ਆਦਿ ਪਾਏ (ਕੱਢੇ)। ੩ ਰੰਭਾ ਅਪੱਛਰਾ। ੪ ਉਚੱਸ੍ਰਵਾ ਸੂਰਜ ਦਾ ਘੋੜਾ। ੫ (ਸਮੁੰਦਰ ਵਿਚ ਹੀ) ਬਹੁ-ਮੁਲੇ ਮਾਣਕ ਮੋਤੀ ਹੀਰੇ ਹੁੰਦੇ ਹਨ, ਜਿਸ ਸਮੁੰਦਰ ਤੋਂ ਸਭ ਲਾਭ ਉਠਾ ਰਹੇ ਹਨ। ੬ ਪਰ ਸੰਖ (ਉਸ) ਸਮੁੰਦਰ ਵਿਚ (ਰਹਿੰਦਾ ਹੋਇਆ ਭੀ) ਸਖਣਾ ਹੀ ਨਿਕਲਦਾ ਹੈ। ੭ ਲਬਾ ਲਬ ਭਰਿਆ ਹੋਇਆ। ੮ ਕਮਲ ਖਿੜਦੇ ਹਨ। ੯ ਗੰਧ, ਸੁਗੰਧ ਹੋ ਕੇ ਮਹਿਕਦੀ ਹੈ।

Digitized by Panjab Digital Library | www.panjabdigilib.org

੧ਭਵਰਾਂ ਵਾਸਾ ਵੰਝ ਵਣਿ ਖੋਜਹਿ ਏਕੋ ਖੋਜਿ ਲਹੰਦੇ।
੨ਲੋਭ ਲੁਭਤਿ ਮਕਰੰਦ ਰਸਿ ਦੂਰਿ ਦਿਸੰਤਰਿ ਆਇ ਮਿਲੰਦੇ।
੩ਸੂਰਜੁ ਗਗਨਿ ਉਦੋਤ ਹੋਇ ਸਰਵਰ ਕਵਲ ਧਿਆਨੁ ਧਰੰਦੇ।
ਡੱਡੂ ਚਿਕੜਿ ਵਾਸੁ ਹੈ ਕਵਲ ਸਿਞਾਣਿ ਨ ਮਾਣਿ ਸਕੰਦੇ।
ਸਾਧ ਸੰਗਤਿ ਗੁਰ ਸਬਦੁ ਸੁਣਿ ਗੁਰ ਉਪਦੇਸ ਰਹਤ ਨ ਰਹੰਦੇ।
ਮਸਤਕਿ ਭਾਗ ਜਿਨ੍ਹਾਂ ਦੇ ਮੰਦੇ ॥ ੨ ॥

## ਪਉੜੀ ੩

[ਬਗਲੇ ਵਾਂਗ ਕਪਟ ਸਨੇਹੀ ਫਲ ਪ੍ਰਾਪਤ ਨਹੀਂ ਕਰ ਸਕਦੇ]

੪ਤੀਰਥਿ ਪੁਰਬਿ ਸੰਜੋਗ ਲੋਗ ੫ਚਹੁ ਕੁੰਡਾਂ ਦੇ ਆਇ ਜੁੜੰਦੇ।
ਚਾਰਿ ਵਰਨ ਛਿਅ ਦਰਸਨਾ ਨਾਮਦਾਨੁ ਇਸਨਾਨੁ ਕਰੰਦੇ।
ਜਪ ਤਪ ਸੰਜਮ ਹੋਮ ਜਗ ਵਰਤ ਨੇਮ ਕਰਿ ਵੇਦ ਸੁਣੰਦੇ।
੬ਗਿਆਨ ਧਿਆਨ ਸਿਮਰਣ ਜੁਗਤਿ ਦੇਵੀ ਦੇਵ ਸਥਾਨ ਪੁਜੰਦੇ।
੭ਬਗਾ ਬਗੇ ਕਪੜੇ ਕਰਿ ਸਮਾਧਿ ਅਪਰਾਧਿ ਨਿਵੰਦੇ।
ਸਾਧ ਸੰਗਤਿ ਗੁਰ ਸਬਦੁ ਸੁਣਿ ਗੁਰਮੁਖਿ ਪੰਥ ਨ ਚਾਲ ਚਲੰਦੇ।
ਕਪਟ ਸਨੇਹੀ ਫਲੁ ਨ ਲਹੰਦੇ ॥ ੩ ॥

## ਪਉੜੀ ੪

[ਅਨ-ਅਧਿਕਾਰੀ ਨੂੰ ਗੁਰੂ ਸ਼ਬਦ ਸੁਣ ਕੇ ਵੀ ਸ਼ਾਂਤੀ ਨਹੀਂ ਮਿਲਦੀ]

ਸਾਵਣਿ ਵਣ ਹਰੀਆਵਲੇ ੮ਵੁਠੈ ਸੁਕੈ ਅਕੁ ਜਵਾਹਾ।

---

੧ ਭੌਰਿਆਂ ਦਾ ਵਾਸਾ (ਭਾਵੇਂ) ਜੰਗਲ ਵਿਚ ਹੈ, ਇਕੋ ਕਵਲ ਦੀ ਖੋਜ ਕਰਦੇ ਖੋਜ (ਪਾ) ਹੀ ਲੈਂਦੇ ਹਨ। ੨ (ਕਵਲ ਦੇ) ਮਕਰੰਦ ਰਸ ਦੇ ਲੋਭ ਦੇ ਲੁਭਾਏ ਹੋਏ। ੩ ਸੂਰਜ ਆਕਾਸ ਵਿਚ ਉਦੇ ਹੁੰਦਾ ਹੈ। ੪ ਤੀਰਥਾਂ ਪੁਰ ਪੁਰਬਾਂ ਦੇ ਸੰਜੋਗ ਸਮੇਂ। ੫ ਚਾਰ ਕੂੰਟਾਂ ਦੇ। ੬ ਜੁਗਤੀ ਨਾਲ ਗਿਆਨ, ਧਿਆਨ ਤੇ ਸਿਮਰਨ ਕਰਦੇ, ਦੇਵੀਆਂ ਤੇ ਦੇਵ-ਮੰਦਰਾਂ ਦੀ ਪੂਜਾ ਕਰਦੇ ਹਨ। ੭ ਬਗਲਿਆ ਵਾਂਗ ਬੱਗੇ ਕਪੜੇ ਕਰਕੇ ਸਮਾਧੀਆਂ ਲਾਉਂਦੇ ਤੇ ਅਪਰਾਧ ਕਰਨ ਲਈ ਨਿਉਂਦੇ ਹਨ। ੮ ਵਰਖਾ ਹੋਣ ਨਾਲ ਅੱਕ ਤੇ ਜਵਾਹਾਂ ਸੁਕ ਜਾਂਦੇ ਹਨ।

Digitized by Panjab Digital Library | www.panjabdigilib.org

ਤ੍ਰਿਪਤਿ ਬਬੀਹੇ ਸ੍ਵਾਂਤਿ ਬੂੰਦ [੧]ਸਿਪ ਅੰਦਰਿ ਮੋਤੀ ਓਮਾਹਾ।
ਕਦਲੀ ਵਣਹੁ ਕਪੂਰ ਹੋਇ ਕਲਰਿ ਕਵਲ ਨ ਹੋਇ ਸਮਾਹਾ[੨]।
ਬਿਸੀਅਰ ਮੁਹਿ ਕਾਲਕੂਟ[੩] [੪]ਹੋਇ ਧਾਤ ਸੁਪਾਤ੍ਰ ਕੁਪਾਤ੍ਰ ਦੁਰਾਹਾ।
ਸਾਧ ਸੰਗਤਿ ਗੁਰ ਸਬਦੁ ਸੁਣਿ ਸਾਂਤਿ ਨ ਆਵੈ [੫]ਉਭੈ ਸਾਹਾ।
ਗੁਰਮੁਖਿ ਸੁਖ ਫਲੁ ਪਿਰਮਰਸੁ ਮਨਮੁਖ [੬]ਬਦਰਾਹੀ ਬਦਰਾਹਾ।
ਮਨਮੁਖ ਟੋਟਾ ਗੁਰਮੁਖ ਲਾਹਾ ॥ ੪ ॥

## ਪਉੜੀ ੫

[ਅਹੰਕਾਰੀਆਂ ਪੁਰ ਦ੍ਰਿਸ਼ਟਾਂਤ]

[੭]ਵਣਵਣ ਵਿਚਿ ਵਣਾਸਪਤਿ ਇਕੋ ਧਰਤੀ ਇਕੋ ਪਾਣੀ।
ਰੰਗ ਬਿਰੰਗੀ ਫੁਲ ਫਲ ਸਾਦ ਸੁਗੰਧ ਸਨਬੰਧ ਵਿਡਾਣੀ।
ਉਚਾ ਸਿੰਮਲੁ ਝੰਟੁਲਾ[੮] ਨਿਹਫਲ ਚੀਲੁ[੯] ਚੜ੍ਹੈ ਅਸਮਾਣੀ।
ਜਲਦਾ ਵਾਸੁ ਵਢਾਈਐ ਵੰਝੁਲੀਆਂ ਵਜਨਿ ਬੇਬਾਣੀ[੧੦]।
ਚੰਦਨ ਵਾਸੁ ਵਣਾਸਪਤਿ ਵਾਸੁ ਰਹੈ ਨਿਰਗੰਧ ਰਵਾਣੀ[੧੧]।
ਸਾਧਸੰਗਤਿ ਗੁਰ ਸਬਦੁ ਸੁਣਿ ਰਿਦੈ ਨ ਵਸੈ ਅਭਾਗ ਪਰਾਣੀ।
ਹਉਮੈ ਅੰਦਰਿ ਭਰਮਿ ਭੁਲਾਣੀ ॥ ੫ ॥

## ਪਉੜੀ ੬

[ਉੱਲੂ ਤੋਂ ਉਪਦੇਸ—ਮਨਮੁਖ]

ਸੂਰਜੁ ਜੋਤਿ ਉਦੋਤਿ[੧੨] ਕਰਿ ਚਾਨਣੁ ਕਰੈ ਅਨੇਰੁ ਗਵਾਏ।
[੧੩]ਕਿਰਤਿ ਵਿਰਤਿ ਜਗ ਵਰਤਮਾਨ ਸਭ ਬੰਧਨ ਮੁਕਤਿ ਕਰਾਏ।

---

੧ ਸਿੱਪ ਵਿਚ ਪੈਣ ਨਾਲ ਮੋਤੀ (ਨਾਂ ਦਾ ਕੀੜਾ) ਖੁਸ਼ ਹੁੰਦਾ ਹੈ। ੨ ਰੌਣਕ। ੩ ਜ਼ਹਿਰ। ੪ ਸੋ (ਧਾਤ) ਵਸਤੂ ਦੇ ਸੁਪਾਤ੍ਰ ਤੇ ਕੁਪਾਤ੍ਰ ਦੇ ਭੇਦ ਕਰਕੇ ਦੋ ਰਾਹ ਹਨ। ੫ ਉਲਟੇ ਸਾਹ। ੬ ਕੁਮਾਰਗੀ (ਵਿਕਾਰੀ) ਵਿਕਾਰਾਂ ਵਿਚ ਲੱਗੇ ਹਨ। ੭ ਵਨਾਸਪਤੀ ਦੇ ਬੂਟੇ ਬੂਟੇ ਵਿਚ। ੮ ਫੈਲਾਓ। ੯ ਇਕ ਦਰੱਖਤ ਦਾ ਨਾਂ' ੧੦ ਜੰਗਲ। ੧੧ ਕਿਹਾ ਜਾਂਦਾ ਹੈ। ੧੨ ਉਦੈ। ੧੩ ਜਗਤ (ਆਪਣੇ) ਵਿਰਤ (ਰੋਜ਼ਗਾਰ) ਦੀ ਕਿਰਤ ਵਿਚ ਵਰਤਦਾ ਹੈ (ਸਾਰਿਆਂ ਦੇ ਅਨੇਰੇ ਕਰਕੇ ਪਏ ਹੋਏ) ਬੰਧਨਾਂ ਤੋਂ ਮੁਕਤ ਕਰ ਦੇਂਦਾ ਹੈ।

Digitized by Panjab Digital Library | www.panjabdigilib.org

[1]ਪਸੁ ਪੰਖੀ ਮਿਰਗਾਵਲੀ ਭਾਖਿਆ ਭਾਉ ਅਲਾਉ ਸੁਣਾਏ।
ਬਾਂਗਾਂ ਬੁਰਗੂ[2] ਸਿੰਙੀਆਂ[3] ਨਾਦ ਬਾਦ ਨੀਸਾਣ[4] ਵਜਾਏ।
[5]ਘੁਘੂ ਸੁਝ ਨ ਸੁਝਈ ਜਾਇ ਉਜਾੜੀ [6]ਝਬਿ ਵਲਾਏ।
ਸਾਧਸੰਗਤਿ ਗੁਰ ਸਬਦੁ ਸੁਣਿ ਭਾਉ ਭਗਤਿ ਮਨਿ ਭਉ ਨ ਵਸਾਏ।
ਮਨਮੁਖ ਬਿਰਥਾ ਜਨਮੁ ਗਵਾਏ ॥ ੬ ॥

## ਪਉੜੀ ੭

[ਕਪਟ ਸਨੇਹੀ ਚਕਵੇ ਵਾਂਗ ਸਾਧ ਸੰਗਤ ਵਿਚ ਵੀ ਵਿਰਵਾ ਰਹਿੰਦਾ ਹੈ]

ਚੰਦ ਚਕੋਰ ਪਰੀਤ ਹੈ ਜਗਮਗ ਜੋਤਿ ਉਦੋਤੁ ਕਰੰਦਾ।
[7]ਕਿਰਖਿਬਿਰਖਿ ਹੁਇ ਸਫਲੁਫਲਿ [8]ਸੀਤਲਸਾਂਤਿਅਮਿਉਵਰਸੰਦਾ
[9]ਨਾਰਿ ਭਤਾਰ ਪਿਆਰ ਕਰਿ ਸਿਹਜਾ ਭੋਗ ਸੰਜੋਗੁ ਬਣੰਦਾ।
ਸਭਨਾ ਰਾਤਿ ਮਿਲਾਵੜਾ ਚਕਵੀ ਚਕਵਾ ਮਿਲਿ ਵਿਛੁੜੰਦਾ।
ਸਾਧ ਸੰਗਤਿ ਗੁਰ ਸਬਦੁ ਸੁਣਿ ਕਪਟ ਸਨੇਹਿ[10] ਨ ਥੇਹ ਲਹੰਦਾ।
ਮਜਲਸਿ ਆਵੈ ਲਸਣੁ ਖਾਇ ਗੰਦੀ ਵਾਸੁ ਮਚਾਏ ਗੰਦਾ।
[11]ਦੂਜਾ ਭਾਉ ਮੰਦੀ ਹੂੰ ਮੰਦਾ ॥ ੭ ॥

## ਪਉੜੀ ੮

[ਕੜਛੀ, ਰਤਕਾਂ—ਕਪਟ ਸਨੇਹੀ]

ਖਟ ਰਸ ਮਿਠ ਰਸ ਮੇਲਿਕੈ ਛਤੀਹ ਭੋਜਨ ਹੋਨਿ ਰਸੋਈ।

---

੧ ਪਸ਼ੂ ਤੇ ਪੰਛੀ (ਆਪਸ ਵਿਚ) ਪ੍ਰੇਮ ਦੀ ਭਾਸ਼ਾ ਵਿਚ ਗਲ਼ ਬਾਤ ਕਰਦੇ ਹਨ। ਮਿਰਗਾਵਲੀ ਭੀ (ਬਨਾਂ ਵਿਚ) (ਅਲਾਉ) ਸੁਰਾਂ ਸੁਣਾਉਂਦੀ ਹੈ। ੨ ਕਾਜੀ। ੩ ਸਿੰਗ ਦਾ ਬਣਾਇਆ ਹੋਇਆ ਨਾਥ ਸੰਪ੍ਰਦਾਇ ਦਾ ਵਾਜਾ (ਤੁਰੀ)। ੪ ਧੌਂਸੇ। ੫ ਉੱਲੂ ਨੂੰ ਸੂਰਜ ਨਹੀਂ ਪਰਤੀਤ ਹੁੰਦਾ। ੬ ਵੇਲਾ ਲੰਘਾਉਂਦਾ ਹੈ। ੭ ਖੇਤੀ ਤੇ ਦਰੱਖਤ। ੮ ਠੰਡਾ ਹੈ ਤੇ ਸ਼ਾਂਤ ਰੂਪ ਅੰਮ੍ਰਿਤ ਵਸਾਉਂਦਾ ਹੈ। ੯ (ਚੰਦ੍ਰਮਾ ਦੇ ਪ੍ਰਕਾਸ਼ ਸਮੇਂ) ਪਤਨੀ ਪਤੀ ਦੇ ਪਿਆਰ ਕਰਕੇ ਭੋਗ ਦੀ ਸੇਜਾ ਦਾ ਸੰਜੋਗ (ਢੋਅ) ਬਣਾਉਂਦੀ ਹੈ। ੧੦ ਥਹੁ ਨਹੀਂ ਲੈ ਸਕਦੇ। ੧੧ ਦੂਜੇ ਭਾਉ (ਦੇ ਕਾਰਨ) ਭੈੜਿਆਂ ਤੋਂ ਭੈੜੇ ਹਨ।

Digitized by Panjab Digital Library | www.panjabdigilib.org

[੧]ਜੇਵਣਿਹਾਰ ਜਿਵਾਲੀਐ ਚਾਰਿ ਵਰਨ ਛਿਅ ਦਰਸਨ ਲੋਈ।
[੨]ਤ੍ਰਿਪਤਿ ਭੁਗਤਿ ਕਰਿ ਹੋਇ ਜਿਸੁ ਜਿਹਬਾ ਸਾਉ ਸਿਞਾਣੈ ਸੋਈ।
[੩]ਕੜਛੀ ਸਉ ਨ ਸੰਭਲੈ ਛਤੀਹ ਬਿੰਜਨ ਵਿਚਿ ਸੰਜੋਈ।
ਰਤੀ[੪] ਰਤਕ[੫] ਨਾ ਰਲੈ ਰਤਨਾ ਅੰਦਰਿ ਹਾਰਿ ਪਰੋਈ।
ਸਾਧਸੰਗਤਿ ਗੁਰੁ ਸਬਦੁ ਸੁਣਿ ਗੁਰਉਪਦੇਸੁ ਆਵੇਸੁ[੬] ਨ ਹੋਈ।
ਕਪਟ ਸਨੇਹ ਨ ਦਰਗਹ ਢੋਈ ॥ ੮ ॥

## ਪਉੜੀ ੯

(ਹਾਥੀ, ਤੁੰਮੇ ਵਾਂਗੂ ਕਪਟ ਸਨੇਹੀ)

[੭]ਨਦੀਆ ਨਾਲੇ ਵਾਹੜੇ ਗੰਗ ਸੰਗ ਮਿਲਿ ਗੰਗ ਹੁਵੰਦੇ।
[੮]ਅਠ ਸਠਿ ਤੀਰਥ ਸੇਵਦੇ ਦੇਵੀ ਦੇਵਾ ਸੇਵ ਕਰੰਦੇ।
[੯]ਲੋਕ ਵੇਦ ਗੁਣ ਗਿਆਨ ਵਿਚਿ ਪਤਿਤ ਉਧਾਰਣਨਾਉ ਸੁਣੰਦੇ।
ਹਸਤੀ ਨੀਰਿ ਨੁਵਾਲੀਅਨਿ ਬਾਹਰਿ ਨਿਕਲਿ [੧੦]ਛਾਰੁ ਛਣੰਦੇ।
ਸਾਧ ਸੰਗਤਿ ਗੁਰ ਸਬਦੁ ਸੁਣਿ ਗੁਰੁ ਉਪਦੇਸੁ ਨ ਚਿਤਿ ਧਰੰਦੇ।
[੧੧]ਤੁੰਮੇ ਅੰਮ੍ਰਿਤ ਸਿੰਜੀਐ ਬੀਜੇ ਅੰਮ੍ਰਿਤ ਫਲ ਨ ਫਲੰਦੇ।
ਕਪਟ ਸਨੇਹ ਨ [੧੨]ਸੇਹ ਪੁਜੰਦੇ ॥ ੯ ॥

---

੧ ਜੇਵਨਹਾਰ (ਰਸੋਈਆ) ਚਾਰ ਵਰਨਾਂ ਤੇ ਛੇ ਦਰਸ਼ਨਾਂ ਦੇ ਲੋਕਾਂ ਨੂੰ ਖਵਾਲਦਾ ਹੈ। ੨ ਜਿਸ ਨੂੰ (ਭੁਗਤਿ) ਭੋਜਨ ਨਾਲ ਤ੍ਰਿਪਤੀ ਹੁੰਦੀ ਹੈ ਤੇ ਜਿਹਵਾ ਨਾਲ ਜਿਸ ਨੇ ਸੁਆਦ ਨੂੰ ਸਿਞਾਣਿਆਂ ਹੈ, ਉਹੀ ਕਹਿੰਦਾ ਹੈ। ੩ ਪਰ ਕੜਛੀ ਛੱਤੀ ਪ੍ਰਕਾਰ ਦੇ (ਬਿੰਜਨ) ਭੋਜਨਾਂ ਵਿਚ (ਸੰਜੋਈ) ਫਿਰਦੀ ਹੋਈ ਭੀ ਸੁਆਦ ਨਹੀਂ ਸੰਭਾਲਦੀ। ੪ ਲਾਲ। ੫ ਰੱਤੀਆਂ। ੬ ਅਸਰ। ੭ ਨਦੀਆਂ, ਨਾਲੇ ਅਤੇ ਛੋਟੀਆਂ ਕੂਲਾਂ ਗੰਗਾ ਦੇ ਵਿਚ ਮਿਲਕੇ ਗੰਗਾ ਦਾ ਰੂਪ ਹੋ ਜਾਂਦੇ ਹਨ। ੮ (ਪਰ ਕਪਟ ਸਨੇਹੀ) ਅਠਾਹਠ ਤੀਰਥਾਂ ਦੀ ਅਤੇ ਦੇਵੀ ਦੇਵਤਿਆਂ ਦੀ ਸੇਵਾ ਕਰਦੇ ਹਨ। ੯ ਲੋਕ ਸ਼ਾਸਤ੍ਰ ਅਨੁਸਾਰ ਗੁਣਾਂ ਅਤੇ ਗਿਆਨ ਦੇ ਵਿਚ ਰਹਿੰਦੇ ਹਨ, ਪਤਿਤ ਉਧਾਰਣ ਵਾਹਿਗੁਰੂ ਦਾ ਨਾਉਂ ਭੀ ਸੁਣਦੇ ਹਨ। ੧੦ ਸੁਆਹ ਉਡਾਉਂਦਾ ਹੈ। ੧੧ ਤੁੰਮੇ ਵਿਚ ਅੰਮ੍ਰਿਤ ਭਰਕੇ ਬੀਜੀਏ। ੧੨ ਸੇਧ, ਅਰਥਾਤ ਸਤਿ ਸਰੂਪ ਨੂੰ।

Digitized by Panjab Digital Library | www.panjabdigilib.org

## ਪਉੜੀ ੧੦

[ਸੰਢ ਵਾਂਗੂੰ ਮਨਮੁਖ]

ਰਾਜੇ ਦੇ ਸਉ ਰਾਣੀਆ ਸੇਜੈ ਆਵੈ ਵਾਰੋ ਵਾਰੀ।
ਸਭੇ ਹੀ ਪਟਰਾਣੀਆ ਰਾਜੇ ਇਕਦੂੰ ਇਕ ਪਿਆਰੀ।
ਸਭਨਾ ਰਾਜਾ ਰਾਵਣਾ[੧] ਸੁੰਦਰਿ ਮੰਦਰਿ ਸੇਜ ਸਵਾਰੀ।
ਸੰਤਤ[੨] ਸਭਨਾ ਰਾਣੀਆਂ ਇਕ ਅਧਕਾ[੩] ਸੰਢਿ ਸਵਾਰੀ।
ਦੋਸ ਨ ਰਾਜੇ ਰਾਣੀਐ ਪੂਰਬ ਲਿਖਤੁ ਨ ਮਿਟੈ ਲਿਖਾਰੀ।
ਸਾਧਸੰਗਤਿ ਗੁਰਸਬਦੁ ਸੁਣਿ ਗੁਰਉਪਦੇਸੁ[੫] ਨ ਮਨਿਉਰਧਾਰੀ।
[੬]ਕਰਮਹੀਣੁ ਦੁਰਮਤਿ ਹਿਤਕਾਰੀ ॥ ੧੦ ॥

## ਪਉੜੀ ੧੧

[ਮਨਮੁਖ ਕਪਟ ਸਨੇਹੀ ਪੱਥਰ ਵਾਂਗੂੰ ਹੈ]

ਅਸਟ ਧਾਤੁ ਇਕ ਧਾਤੁ ਹੋਇ ਸਭ ਕੋ ਕੰਚਨੁ ਆਖਿ ਵਖਾਣੈ।
ਰੂਪ ਅਨੂਪ ਸਰੂਪ ਹੋਇ ਮੁਲਿ ਅਮੁਲੁ [੭]ਪੰਚ ਪਰਵਾਣੈ।
ਪਥਰੁ ਪਾਰਸਿ ਪਰਸੀਐ ਪਾਰਸੁ ਹੋਇ ਨ ਕੁਲ ਅਭਿਮਾਣੈ।
ਪਾਣੀ ਅੰਦਰਿ ਸਟੀਐ ਤੜ[੮] ਭੜ ਡੁਬੈ [੯]ਭਾਰ ਭੁਲਾਣੈ।
ਚਿਤ ਕਠੋਰ ਨ ਭਿਜਈ ਰਹੈ ਨਿਕੋਰੁ[੧੦] ਘੜੈ ਭੰਨਿ ਜਾਣੈ।
ਅਗੀ ਅੰਦਰਿ ਫੁਟਿ ਜਾਇ ਅਹਰਣਿ ਘਣ ਅੰਦਰਿ ਹੈਰਾਣੈ।
ਸਾਧ ਸੰਗਤਿ ਗੁਰ ਸਬਦੁ ਸੁਣਿ ਗੁਰਉਪਦੇਸ ਨ ਅੰਦਰਿ ਆਣੈ।
[੧੧]ਕਪਟ ਸਨੇਹੁ ਨ ਹੋਇ ਧਿਙਾਣੈ ॥ ੧੧ ॥

---

੧ ਭੋਗਣਾ। ੨ ਔਲਾਦ। ੩ ਕੋਈ। ੪ ਲਿਖਣ ਵਾਲੇ ਵਾਹਿਗੁਰੂ ਦੀ। ੫ ਮਨ ਤੇ ਹਿਰਦੇ ਵਿਚ ਨਹੀਂ ਧਾਰਨ ਕਰਦਾ। ੬ ਕਰਮਹੀਣ ਖੋਟੀ ਬੁਧੀ ਵਾਲਾ ਧਿਕਾਰ ਯੋਗ ਹੀ ਰਹਿੰਦਾ ਹੈ। ੭ ਸਰਾਫਾਂ ਵਿਚ ਕਬੂਲ ਪੈਂਦਾ ਹੈ। ੮ ਝੱਟਪੱਟ। ੯ ਆਪਣੇ [ਭਾਰ] ਅਹੰਕਾਰ ਵਿਚ ਭੁਲਿਆਂ ਹੋਇਆ। ੧੦ ਸੁੱਕਾ। ੧੧ ਕਪਟ ਸਨੇਹ ਧੱਕੇ ਨਾਲ [ਸਚਾ] ਨਹੀਂ ਹੋ ਜਾਂਦਾ।

Digitized by Panjab Digital Library | www.panjabdigilib.org

## ਪਉੜੀ ੧੨

[ਹੰਸਾਂ ਦੀ ਸੰਗਤ ਵਿਚ]

ਮਾਣਕ ਮੋਤੀ ਮਾਨਸਰਿ[੧] ਨਿਰਮਲੁ ਨੀਰੁ ਸੁਥਾਉ[੨] ਸੁਹੰਦਾ।
[੩]ਹੰਸ ਵੰਸੁ ਨਿਹਚਲ ਮਤੀ ਸੰਗਤਿ ਪੰਗਤਿ ਸਾਥੁ ਬਣੰਦਾ।
ਮਾਣਕ ਮੋਤੀ ਚੋਗ ਚੁਗਿ [੪]ਮਾਣੁ ਮਹਤੁ ਆਨੰਦੁ ਵਧੰਦਾ।
[੫]ਕਾਉ ਨਿਥਾਉ ਨਿਨਾਉ ਹੈ ਹੰਸਾ ਵਿਚਿ ਉਦਾਸੁ ਹੋਵੰਦਾ।
ਭਖੁ ਅਭਖੁ ਅਭਖੁ ਭਖ ਵਣ ਵਣ ਅੰਦਰਿ ਭਰਮਿ ਭਵੰਦਾ।
ਸਾਧ ਸੰਗਤਿ ਗੁਰਸਬਦੁ ਸੁਣਿ ਤਨ ਅੰਦਰਿ ਮਨੁ ਥਿਰੁ ਨ ਰਹੰਦਾ।
[੬]ਬਜਰ ਕਪਾਟ ਨ ਖੁਲ੍ਹੈ ਜੰਦਾ ॥ ੧੨ ॥

## ਪਉੜੀ ੧੩

[ਮਨਮੁਖ ਰੋਗੀ ਹੈ]

ਰੋਗੀ ਮਾਣਸ ਹੋਇਕੈ ਫਿਰਦਾ ਬਾਹਲੇ ਵੈਦ ਪੁਛੰਦਾ।
ਕਚੈ ਵੈਦ ਨ ਜਾਣਨੀ ਵੇਦਨ[੭] ਦਾਰੂ[੮] ਰੋਗੀ ਸੰਦਾ।
ਹੋਰੋ ਦਾਰੂ ਰੋਗੁ ਹੋਰਿ ਹੋਇ ਪਚਾਇੜ[੯] ਦੁਖ ਸਹੰਦਾ।
ਆਵੈ ਵੈਦੁ ਸੁਵੈਦੁ ਘਰਿ ਦਾਰੂ ਦਸੈ ਰੋਗੁ ਲਹੰਦਾ।
ਸੰਜਮਿ ਰਹੈ ਨ ਖਾਇ ਪਥੁ ਖਟਾ ਮਿਠਾ ਸਾਉ ਚਖੰਦਾ।
ਦੋਸੁ ਨ ਦਾਰੂ ਵੈਦ ਨੋ ਵਿਣੁ ਸੰਜਮਿ[੧੦] ਨਿਤ ਰੋਗੁ ਵਧੰਦਾ।
ਕਪਟ ਸਨੇਹੀ ਹੋਇਕੈ ਸਾਧ ਸੰਗਤਿ ਵਿਚਿ ਆਇ ਬਹੰਦਾ।
[੧੧]ਦੁਰਮਤਿ ਦੂਜੈ ਭਾਇ ਪਚੰਦਾ ॥ ੧੩ ॥

---

੧ ਮਾਨ ਸਰੋਵਰ। ੨ ਚੰਗੀ ਥਾਉਂ ਤੇ। ੩ ਹੰਸਾਂ ਦੀ ਵੰਸ ਦ੍ਰਿੜ੍ਹ ਬੁਧੀ ਵਾਲੀ। ੪ ਭਾਰੀ ਮਾਣ ਤੇ ਆਨੰਦ ਵਧਾਉਂਦਾ ਹੈ। ੫ ਕਾਂ ਨਿਥਾਵਾਂ ਤੇ ਨਿਨਾਵਾਂ ਹੈ। ੬ ਪੱਥਰ ਵਾਂਗ ਕਰੜੇ [ਮਨ ਦੇ ਕਪਾਟ] ਦਰਵਾਜ਼ੇ ਦਾ ਜੰਦਰਾ ਨਹੀਂ ਖੁਲ੍ਹਦਾ। ੭ ਰੋਗ। ੮ ਦਵਾਈ। ੯ ਅੱਗੇ ਨਾਲੋਂ ਰੋਗ ਦਾ ਵਧ ਜਾਣਾ। ੧੦ ਪਰਹੇਜ਼। ੧੧ ਮਨਮੁਖ ਖੋਟੀ ਬੁਧੀ ਕਰਕੇ ਦੂਜੇ ਭਾਉ ਵਿਚ ਹੀ [ਪਚੰਦਾ] ਸੜ ਜਾਂਦਾ ਹੈ।

Digitized by Panjab Digital Library | www.panjabdigilib.org

## ਪਉੜੀ ੧੪

[ਗਧੇ ਤੋਂ ਮਨਮੁਖ ਦਾ ਰੂਪਕ]

ਚੋਆ ਚੰਦਨੁ ਮੇਦੁ[1] ਲੈ ਮੇਲੁ ਕਪੂਰ ਕਥੂਰੀ ਸੰਦਾ।
ਸਭ ਸੁਗੰਧ ਰਲਾਇਕੈ [2]ਗੁਰੁ ਗਾਂਧੀ ਅਰਗਜਾ[3] ਕਰੰਦਾ।
ਮਜਲਸ ਆਵੈ ਸਾਹਿਬਾਂ ਗੁਣ ਅੰਦਰਿ ਹੋਇ ਗੁਣ ਮਹਕੰਦਾ।
ਗਦਹਾ ਦੇਹੀ ਖਉਲੀਐ[4] ਸਾਰ ਨ ਜਾਣੈ [5]ਨਰਕ ਭਵੰਦਾ।
ਸਾਧ ਸੰਗਤਿ ਗੁਰ ਸਬਦੁ ਸੁਣਿ ਭਾਉ ਭਗਤਿ ਹਿਰਦੈ ਨ ਧਰੰਦਾ।
ਅੰਨ੍ਹਾਂ ਅਖੀ ਹੋਵਈ ਬੋਲਾ ਕੰਨਾਂ ਸੁਣ ਨ ਸੁਣੰਦਾ।
ਬਧਾ ਚਟੀ ਜਾਇ ਭਰੰਦਾ ॥ ੧੪ ॥

## ਪਉੜੀ ੧੫

[ਪੱਟ, ਕੰਬਲ—ਗੁਰਮੁਖ ਮਨਮੁਖ]

ਧੋਤੇ ਹੋਵਨਿ ਉਜਲੇ ਪਾਟ[6] ਪਟੰਬਰ[7] ਖਰੇ ਅਮੋਲੇ[8]।
ਰੰਗ ਬਿਰੰਗੀ ਰੰਗੀਅਨ ਸਭੇ ਰੰਗ ਸੁਰੰਗੁ ਅਡੋਲੇ।
ਸਾਹਿਬ ਲੈ ਲੈ ਪੈਨ੍ਹਦੇ [9]ਰੂਪ ਰੰਗ ਰਸ ਵੰਸ ਨਿਕੋਲੇ।
ਸੋਭਾਵੰਤੁ ਸੁਹਾਵਣੇ [10]ਚਜ ਅਚਾਰ ਸੀਗਾਰ ਵਿਚੋਲੇ।
ਕਾਲਾ ਕੰਬਲੁ ਉਜਲਾ ਹੋਇ ਨ ਧੋਤੈ ਰੰਗਿ ਨਿਰੋਲੇ।
ਸਾਧ ਸੰਗਤਿ ਗੁਰ ਸਬਦੁ ਸੁਣਿ ਝਾਕੈ ਅੰਦਰਿ ਨੀਰੁ ਵਿਰੋਲੇ।
ਕਪਟ ਸਨੇਹੀ ਉਜੜ ਖੋਲੇ ॥ ੧੫ ॥

---

੧ ਮੁਸ਼ਕ ਬਿਲਾਈ। ੨ ਗੁਰੂ ਅਤਾਰ। ੩ ਅੱਠ ਸੁਗੰਧੀਆਂ ਦਾ ਮੇਲ। ੪ ਮਲੀਏ। ੫ ਗੰਦੀਆਂ ਥਾਵਾਂ ਤੇ ਭੌਂਦਾ ਹੈ। ੬ ਰੇਸ਼ਮ ਦੇ। ੭ ਰੇਸ਼ਮੀ ਕਪੜੇ। ੮ ਅਮੋਲਕ। ੯ ਰੂਪ ਰੰਗ ਤੇ ਰੱਸ ਆਦਿ ਦੇ ਕਾਰਣ ਨੇਕ ਵੰਸ਼ ਦੇ। ੧੦ ਚੱਜ [ਵਿਆਹ ਸ਼ਾਦੀਆਂ] ਪੂਜਾ ਤੇ ਸ਼ਿੰਗਾਰ ਦਾ ਵਿਚੋਲਾ ਹੁੰਦਾ ਹੈ। ੧੧ ਅੰਦਰ [ਮਨ ਅੰਦਰ ਮਾਇਆ ਦੀ] ਝਾਕ ਰਖਦਾ ਹੈ [ਤੇ ਇਸ ਤਰ੍ਹਾਂ] ਪਾਣੀ ਰਿੜਕਦਾ ਹੈ। ੧੨ ਕਪਟ ਸਨੇਹੀ ਉਜੜੇ ਖੋਲੇ ਵਾਂਗ ਹੈ।

Digitized by Panjab Digital Library | www.panjabdigilib.org

## ਪਉੜੀ ੧੬

[ਮਨਮੁਖ ਤਿਲ ਬੂਆੜ ਵਾਂਗੂ ਹੈ]

ਖੇਤੈ ਅੰਦਰਿ ਜੰਮਿਕੈ ਸਭ ਦੂੰ ਉੱਚਾ ਹੋਇ ਵਿਖਾਲੇ।
ਬੂਟੁ ਵਡਾ ਕਰਿ ਫੈਲਦਾ ਹੋਇ [੧]ਚੁਹਚੁਹਾ ਆਪੁ ਸਮਾਲੇ।
[੨]ਖੇਤਿ ਸਫਲ ਹੋਇ ਲਾਵਣੀ ਛੁਟਨਿ ਤਿਲੁ ਬੂਆੜ ਨਿਰਾਲੇ।
ਨਿਹਫਲ ਸਾਰੇ ਖੇਤ ਵਿਚਿ ਜਿਉ ਸਰਵਾੜ[੩] ਕਮਾਦ ਵਿਚਾਲੇ।
ਸਾਧ ਸੰਗਤਿ ਗੁਰ ਸਬਦੁ ਸੁਣਿ ਕਪਟ ਸਨੇਹੁ ਕਰਨਿ ਬੇਤਾਲੇ[੪]।
ਨਿਹਫਲ ਜਨਮੁ ਅਕਾਰਥਾ [੫]ਹਲਤਿ ਪਲਤਿ ਹੋਵਨਿ ਮੁਹ ਕਾਲੇ।
ਜਮਪੁਰਿ [੬]ਜਮ ਜੰਦਾਰਿ ਹਵਾਲੇ ॥ ੧੬ ॥

## ਪਉੜੀ ੧੭

[ਮਨਮੁਖ ਕੈਹਾਂ ਅਰ ਸੰਖ ਵਾਂਗ ਹੈ]

ਉਜਲ ਕੈਹਾਂ ਚਿਲਕਣਾ[੭] ਥਾਲੀ ਜੇਵਣਿ[੮] ਜੂਠੀ ਹੋਵੈ।
ਜੂਠਿ ਸੁਆਹੂ ਮਾਂਜੀਐ ਗੰਗਾ ਜਲ ਅੰਦਰਿ ਲੈ ਧੋਵੈ।
ਬਾਹਰੁ ਸੂਚਾ ਧੋਤਿਆਂ ਅੰਦਰਿ ਕਾਲਖ [੯]ਅੰਤਿ ਵਿਗੋਵੈ।
[੧੦]ਮਨਿ ਜੂਠੇ ਤਨਿ ਜੂਠਿ ਹੈ ਥੁਕਿ ਪਵੈ ਮੁਹਿ ਵਜੈ ਰੋਵੈ।
ਸਾਧ ਸੰਗਤਿ ਗੁਰ ਸਬਦੁ ਸੁਣਿ ਕਪਟ ਸਨੇਹੀ [੧੧]ਗਲਾਂ ਗੋਵੈ।
ਗਲੀ ਤ੍ਰਿਪਤਿ ਨ ਹੋਵਈ [੧੨]ਖੰਡੁ ਖੰਡੁ ਕਰਿ ਸਾਉ ਨ ਭੋਵੈ।
[੧੩]ਮਖਨੁ ਖਾਇ ਨ ਨੀਰੁ ਵਿਲੋਵੈ ॥ ੧੭ ॥

---

੧ ਲਹਿ ਲਹਾਉਂਦਾ ਅਤੇ ਆਪਣੇ ਆਪ ਨੂੰ [ਸੰਭਾਲਦਾ] ਦ੍ਰਿੜ੍ਹ ਕਰਦਾ ਹੈ। ੨ ਫਲਦਾਰ ਖੇਤ ਦੀ ਕਟਾਈ ਹੋ ਜਾਂਦੀ ਹੈ ਤਾਂ ਬੂਆੜ [ਫਲ ਰਹਿਤ] ਤਿਲ ਹੀ ਛੱਡ ਦਿਤੇ ਜਾਂਦੇ ਹਨ। ੩ ਸਰਕੜਾ [ਛੋਈ ਆਦਿ]। ੪ ਭੂਤਨਿਆਂ ਵਾਂਗ। ੫ ਲੋਕ ਪਰਲੋਕ। ੬ ਜਮ ਦੇ ਡੰਡੇ ਦੇ ਹਵਾਲੇ। ੭ ਚਮਕਦਾਰ। ੮ ਖਾਣ ਤੋਂ। ੯ ਅੰਤ ਭੀ ਖਰਾਬ ਹੀ ਹੈ। ੧੦ ਉਪਰੋਂ ਭੀ ਤੇ ਅੰਦਰੋਂ ਭੀ [ਸੰਖ] ਜੂਠਾ ਹੈ, ਕਿਉਂ ਜੁ [ਵਜਾਉਣ ਲਗਿਆਂ ਉਸ ਵਿਚ] ਥੁੱਕਾਂ ਪੈਂਦੀਆਂ ਹਨ, ਵਜਦਾ ਤੇ ਰੋਂਦਾ ਹੈ। ੧੧ ਬਕਵਾਸ ਕਰਦਾ ਹੈ। ੧੨ ਖੰਡ ਖੰਡ ਕਹਿਣ ਨਾਲ ਸਵਾਦ ਨਹੀਂ ਮਿਲਦਾ। ੧੩ ਪਾਣੀ ਰਿੜਕਣ ਨਾਲ ਕੋਈ ਮਖਣ ਨਹੀਂ ਖਾ ਸਕਦਾ।

Digitized by Panjab Digital Library | www.panjabdigilib.org

## ਪਉੜੀ ੧੮
[ਅਰਿੰਡ ਕਨੇਰ–ਕਪਟ ਸਨੇਹੀ]

ਰੁਖਾਂ ਵਿਚਿ ਕੁਰੁਖ[੧] ਹਨਿ ਦੋਵੈਂ ਅਰੰਡ ਕਨੇਰ ਦੁਆਲੇ[੨]।
ਅਰੰਡ ਫਲੈ ਅਰਡੋਲੀਆਂ ਫਲ ਅੰਦਰਿ ਬੀਅ [੩]ਚਿਤਮਿਤਾਲੇ।
ਨਿਬਹੈ ਨਾਹੀਂ ਨਿਜੜਾ[੪] ਹਰਵਰਿ[੫] ਆਈ [੬]ਹੋਇ ਉਚਾਲੇ।
ਕਲੀਆਂ ਪਵਨਿ ਕਨੇਰ ਨੋਂ [੭]ਦੁਰਮਤਿ ਵਿਚਿ ਦੁਰਗੰਧਿ ਦਿਖਾਲੇ।
[੮]ਬਾਹਰੁ ਲਾਲੁ ਗੁਲਾਲੁ ਹੋਇ ਅੰਦਰ ਚਿਟਾ ਦੁਬਿਧਾ ਨਾਲੇ।
ਸਾਧ ਸੰਗਤਿ ਗੁਰ ਸਬਦੁ ਸੁਣਿ ਗਣਤੀ ਵਿਚਿ [੯]ਭਵੈ ਭਰ ਨਾਲੇ।
[੧੦]ਕਪਟ ਸਨੇਹ ਖੇਹ ਮੁਹ ਕਾਲੇ ॥ ੧੮ ॥

## ਪਉੜੀ ੧੯
[ਅੱਕ ਟਿੱਡਾ, ਜੋਕ ਤੇ ਮਨਮੁਖ]

ਵਣ ਵਿਚਿ ਫਲੈ ਵਣਾਸਪਤਿ [੧੧]ਬਹੁ ਰਸ ਗੰਧ ਸੁਗੰਧ ਸੁਹੰਦੇ।
ਅੰਬ ਸਦਾ ਫਲ ਸੋਹਣੇ ਆੜੂ ਸੇਵ ਅਨਾਰ ਫਲੰਦੇ।
[੧੨]ਦਾਖ ਬਿਜਉਰੀ ਜਾਮਣੂ ਖਿਰਣੀ ਤੂਤ ਖਜੂਰਿ ਅਨੰਦੇ।
ਪੀਲੂ ਪੇਝੂ ਬੇਰ ਬਹੁ ਕੇਲੇ ਤੇ ਅਖਰੋਟ ਬਣੰਦੇ[੧੩]।
ਮੂਲਿ ਨ ਭਾਵਨਿ ਅਕਟਿਡਿ ਅੰਮ੍ਰਿਤ ਫਲ ਤਜਿ ਅਕਿ ਵਸੰਦੇ।
ਜੇ ਥਣ ਜੋਕ ਲਵਾਈਐ ਦੁਧੁ ਨ ਪੀਐ ਲੋਹੂ ਗੰਦੇ।
ਸਾਧ ਸੰਗਤਿ ਗੁਰੁ ਸਬਦੁ ਸੁਣਿ [੧੪]ਗਣਤੀ ਅੰਦਰਿ ਝਾਕ ਝਖੰਦੇ।
ਕਪਟ ਸਨੇਹ [੧੫]ਨ ਥੇਹਿ ਜੜੰਦੇ ॥ ੧੯ ॥

---

੧ ਭੈੜੇ ਰੁੱਖ। ੨ ਖੇਤਾਂ ਦੇ ਦੁਆਲੇ (ਆਸ ਪਾਸ)। ੩ ਚਿੱਤਰ ਮਿੱਤਰੇ। ੪ ਜੜ੍ਹਹੀਣ। ੫ ਹਵਾ ਦਾ ਝੋਕਾ। ੬ ਪੁਟਿਆ ਜਾਂਦਾ ਹੈ। ੭ ਮਨਮੁਖ ਵਾਂਗ ਖੋਟੀ ਬੁੱਧੀ ਵਿਚ ਦੁਰਗੰਧੀ ਖਿਲਾਰਦਾ ਹੈ। ੮ ਬਾਹਰੋਂ ਗੂੜ੍ਹੇ ਲਾਲ ਰੰਗ ਦਾ ਸੁੰਦਰ ਹੁੰਦਾ ਹੈ ਪਰ ਅੰਦਰੋਂ ਦੁਬਿਧਾ ਦੇ ਨਾਲ ਚਿੱਟਾ (ਥੋਥਾ) ਹੈ। ੯ (ਭਰਨਾਲੇ) ਸੰਸਾਰ ਸਮੁੰਦਰ ਵਿਚ ਭੌਂਦੇ ਹਨ। ੧੦ ਕਪਟ ਸਨੇਹੀਆਂ ਦੇ ਸਿਰ ਤੇ ਖੇਹ ਪੈਂਦੀ ਹੈ ਤੇ (ਅਗੇ) ਮੂੰਹ ਕਾਲੇ ਹੁੰਦੇ ਹਨ। ੧੧ ਬਹੁਤੇ ਰਸਾਂ ਤੇ ਸੁਗੰਧ ਵਾਲੀ ਸੋਭਾ ਦੇਂਦੀ ਹੈ। ੧੨ ਬਿਜਉਰ ਦੇਸ਼ ਦੀ। ੧੩ ਲਗਦੇ ਹਨ। ੧੪ (ਮਾਇਆ ਦੀ) ਵਿਚਾਰ ਵਿਚ ਝਖ ਮਾਰਦੇ ਹਨ। ੧੫ ਕਿਸੇ ਟਿਕਾਣੇ ਨਹੀਂ ਪੁਜਦੇ।

Digitized by Panjab Digital Library | www.panjabdigilib.org

## ਪਉੜੀ ੨੦

[ਸਭ ਮਨਮੁਖਾਂ ਦੇ ਅਉਗੁਣ ਮੇਰੇ ਅੰਦਰ ਹਨ]

ਡਡੂ ਬਗਲੇ ਸੰਖ ਲਖ ਅਕ ਜਵਾਹੇ ਬਿਸੀਅਰ ਕਾਲੇ।
ਸਿੰਬਲ ਘੁੱਘੂ[2] ਚਕਵੀਆਂ ਕੜਛ ਹਸਤਿ ਲਖ [3]ਸੰਢੀ ਨਾਲੇ।
ਪਥਰ ਕਾਵ ਰੋਗੀ ਘਣੇ ਗਦਹਾ ਕਾਲੇ ਕੰਬਲ ਭਾਲੇ[4]।
ਕੈਹੈ ਤਿਲ ਬੂਆੜ ਲਖ ਅਕਤਿਡ ਅਰੰਡ ਤੁਮੇ ਚਿਤਰਾਲੇ[5]।
ਕਲੀ ਕਨੇਰ ਵਖਾਣੀਐ ਸਭ ਅਵਗੁਣ ਮੈ ਤਨਿ ਭੀਹਾਲੇ[6]।
ਸਾਧ ਸੰਗਤਿ ਗੁਰ ਸਬਦੁ ਸੁਣਿ ਗੁਰ ਉਪਦੇਸੁ ਨ ਰਿਦੇ ਸਮਾਲੇ।
ਧ੍ਰਿਗੁ ਜੀਵਣੁ ਬੇਮੁਖ ਬੇਤਾਲੇ ॥ ੨੦ ॥

## ਪਉੜੀ ੨੧

[ਨਿੰਦਕਾਂ ਤੇ ਬੇਮੁਖਾਂ ਦੀ ਗਿਣਤੀ]

ਲਖ ਨਿੰਦਕ ਲਖ ਬੇਮੁਖਾਂ ਦੂਤ ਦੁਸਟ ਲਖ ਲੂਣ ਹਰਾਮੀ।
[7]ਸ੍ਵਾਮਿ ਧੋਹੀ ਅਕਿਰਤਘਣਿ[8] ਚੋਰ ਜਾਰ ਲਖ ਲਖ ਪਹਿਨਾਮੀ[9]।
ਬਾਮ੍ਹਣ ਗਾਈਂ ਵੰਸ ਘਾਤ ਲਾਇਤਬਾਰ ਹਜਾਰ ਅਸਾਰੀ[10]।
ਕੂੜਿਆਰਿ[11] [12]ਗੁਰੂ ਗੋਪ ਲਖ ਗੁਨਹਗਾਰ ਲਖ ਲਖ ਬਦਨਾਮੀ।
ਅਪਰਾਧੀ ਬਹੁ ਪਤਿਤ ਲਖ ਅਵਗੁਣਿਆਰ ਖੁਆਰ ਖੁਨਾਮੀ[13]।
ਲਖ ਲਿਬਾਸੀ[14] ਦਗਾਬਾਜ [15]ਲਖ ਸੈਤਾਨ ਸਲਾਮਿ ਸਲਾਮੀ।
ਤੂੰ ਵੇਖਹਿ ਹਉ ਮੁਕਰਾ ਹਉ ਕਪਟੀ ਤੂੰ ਅੰਤਰਿਜਾਮੀ।
ਪਤਿਤ ਉਧਾਰਣੁ ਬਿਰਦੁ ਸੁਆਮੀ ॥ ੨੧ ॥ ੧੭ ॥

---

੧ ਸੱਪ। ੨ ਉੱਲੂ। ੩ ਸੰਢ ਇਸਤ੍ਰੀ। ੪ ਦੇਖੇ। ੫ ਚਿਤਰ ਮਿਤਰੇ। ੬ ਭਿਆਣਕ। ੭ ਮਾਲਕ ਨਾਲ ਠੱਗੀ ਕਰਨ ਵਾਲੇ। ੮ ਕੀਤਾ ਨਾ ਜਾਨਣ ਵਾਲੇ। ੯ ਬਦਨਾਮ। ੧੦ ਮੁਜਰਮ। ੧੧ ਝੂਠੇ। ੧੨ ਗੁਰ ਨਿੰਦਕ। ੧੩ ਕਸੂਰਵਾਰ। ੧੪ ਭੇਖਧਾਰੀ। ੧੫ ਲੱਖਾਂ ਹੀ ਸ਼ੈਤਾਨ ਨਾਲ। ਸਲਾਮਾ ਅਲੈਕੁਮ ਕਰਨ ਵਾਲੇ।

Digitized by Panjab Digital Library | www.panjabdigilib.org

# ਵਾਰ ੧੮

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

{ਮੰਗਲਾਚਰਣ}

ਇਕ ਕਵਾਉ[1] ਪਸਾਉ ਕਰਿ ਓਅੰਕਾਰ [2]ਅਨੇਕ ਅਕਾਰਾ।
ਪਉਣੁ ਪਾਣੀ ਬੈਸੰਤਰੋ ਧਰਤਿ ਅਗਾਸਿ [3]ਨਿਵਾਸੁ ਵਿਥਾਰਾ।
ਜਲ ਥਲ ਤਰਵਰ ਪਰਬਤਾਂ ਜੀਅ ਜੰਤ ਅਗਣਤ ਅਪਾਰਾ।
[4]ਇਕੁ ਵਰਭੰਡੁ ਅਖੰਡੁ ਹੈ ਲਖ ਵਰਭੰਡ ਪਲਕ ਪਲਕਾਰਾ।
ਕੁਦਰਤਿ ਕੀਮ[5] ਨ ਜਾਣੀਐ ਕੇਵਡੁ ਕਾਦਰੁ ਸਿਰਜਣਹਾਰਾ[6]।
ਅੰਤ ਬਿਅੰਤ ਨ [7]ਪਾਰਾਵਾਰਾ॥ ੧ ॥

## ਪਉੜੀ ੨

{ਉਹ ਹੀ}

ਕੇਵਡੁ ਵਡਾ ਆਖੀਐ ਵਡੇ ਦੀ ਵਡੀ ਵਡਿਆਈ।
[8]ਵਡੀਹੂ ਵਡਾ ਆਖੀਐ ਸੁਣਿ ਸੁਣਿ ਆਖਣੁ ਆਖ ਸੁਣਾਈ।
ਰੋਮ ਰੋਮ ਵਿਚਿ ਰਖਿਓਨੁ ਕਰਿ ਵਰਭੰਡ ਕਰੋੜ[9] ਸਮਾਈ[10]।
ਇਕੁ ਕਵਾਉ ਪਸਾਉ ਜਿਸੁ ਤੋਲਿ ਅਤੋਲੁ ਨ ਤੁਲਿ ਤੁਲਾਈ।
ਵੇਦ ਕਤੇਬਹੁ ਬਾਹਰਾ ਅਕਥ ਕਹਾਣੀ ਕਥੀ ਨ ਜਾਈ।
[11]ਅਬਿਗਤਿ ਗਤਿ ਕਿਵ ਅਲਖ ਲਖਾਈ ॥ ੨ ॥

---

੧ ਵਾਕ। ੨ ਅਨੇਕਾਂ ਸਰੀਰ। ੩ ਘਰ ਕੀਤਾ। ੪ ਇਕ ਨਾਸ ਰਹਿਤ [ਪਰਮਾਤਮਾ] ਹੀ [ਅਖੰਡ] ਇਕ ਰਸ ਹੈ, ਉਹ ਲੱਖਾਂ ਬ੍ਰਹਮੰਡ ਪਲਕ ਦੇ ਝਮਕਣ ਨਾਲ ਹੀ ਰਚ ਸਕਦਾ ਹੈ। ੫ ਕੀਮਤ। ੬ ਰਚਨਹਾਰ। ੭ ਉਰਵਾਰ ਪਾਰ ਤੋਂ ਰਹਿਤ। ੮ ਵਡੀਆਂ (ਵਸਤਾਂ ਤੋਂ) ਨੂੰ ਵਡਾ ਕਿਹਾ ਜਾਂਦਾ ਹੈ, ਵੇਦ ਸ਼ਾਸਤ੍ਰਾਂ ਦੇ ਅਖਾਨ ਸੁਣ ਸੁਣ ਕੇ ਕਹਿ ਸੁਣਾਉਂਦੇ ਹਨ। ੯ ਬ੍ਰਹਮੰਡ। ੧੦ ਗਿਣਤੀ। ੧੧ ਜਿਸ ਦੀ ਗਤੀ (ਗਿਆਨ) ਅਬ੍ਯਗਤਿ [ਨਹੀਂ ਜਾਣੀ ਜਾਂਦੀ] ਹੈ।

Digitized by Panjab Digital Library | www.panjabdigilib.org

## ਪਉੜੀ ੩

[ਕੁਦਰਤ ਵਿਚ ਕਾਰੀਗਰੀ ਹੈ]

[੧]ਜੀਉ ਪਾਇ ਤਨੁ ਸਾਜਿਆ ਮੁਹੁ ਅਖੀ ਨਕੁ ਕੰਨ ਸਵਾਰੈ।
ਹਥ ਪੈਰ ਦੇ ਦਾਤਿ ਕਰਿ [੨]ਸਬਦ ਸੁਰਤਿ ਸੁਭ ਦਿਸਟਿ ਦੁਆਰੇ।
[੩]ਕਿਰਤਿ ਵਿਰਤਿ ਪਰਕਿਰਤਿ ਬਹੁ ਸਾਸਿ ਗਿਰਾਸਿ ਨਿਵਾਸੁ ਸੰਜਾਰੇ।
ਰਾਗ ਰੰਗ ਰਸ ਪਰਸ ਦੇ [੪]ਗੰਧ ਸੁਗੰਧ ਸੰਧਿ ਪਰਕਾਰੇ।
ਛਾਦਨ[੫] ਭੋਜਨ ਬੁਧਿ ਬਲੁ [੬]ਟੇਕ ਬਿਬੇਕ ਵੀਚਾਰ ਵੀਚਾਰੇ।
ਦਾਨੇ ਕੀਮਤਿ ਨਾ ਪਵੈ ਬੇਸੁਮਾਰ ਦਾਤਾਰ ਪਿਆਰੇ।
[੭]ਲੇਖ ਅਲੇਖ ਅਸੰਖ ਅਪਾਰੇ ॥ ੩ ॥

## ਪਉੜੀ ੪

[ਕੁਦਰਤ ਲੇਖੇ ਵਿਚ ਹੈ]

ਪੰਜ ਤਤੁ ਪਰਵਾਣੁ[੭] ਕਰਿ [੮]ਖਾਣੀ ਚਾਰੇ ਜਗਤ ਉਪਾਇਆ।
ਲਖ ਚਉਰਾਸੀ ਜੂਨਿ ਵਿਚਿ ਆਵਾਗਵਣ[੯] ਚਲਤੁ[੧੦] ਵਰਤਾਇਆ।
ਇਕਸ ਇਕਸ ਜੂਨਿ ਵਿਚਿ ਜੀਅ ਜੰਤ ਅਣਗਣਤ ਵਧਾਇਆ।
ਲੇਖੈ ਅੰਦਰਿ ਸਭ ਕੋ ਸਭਨਾ ਮਸਤਕਿ ਲੇਖੁ ਲਿਖਾਇਆ।
ਲੇਖੈ ਸਾਸ ਗਿਰਾਸ ਦੇ ਲੇਖ ਲਿਖਾਰੀ ਅੰਤੁ ਨ ਪਾਇਆ।
ਆਪਿ ਅਲੇਖੁ ਨ ਅਲਖ ਲਖਾਇਆ ॥ ੪ ॥

---

੧ ਜੀਵਾਤਮਾ ਦਾਖਲ ਕਰਕੇ ਸਰੀਰ ਦੀ ਸਜਾਵਟ ਕੀਤੀ। ੨ ਸ਼ਬਦ ਸੁਣਨ ਲਈ ਸੁਰਤਿ (ਕੰਨ) ਤੇ ਚੰਗਾ ਦੇਖਣ ਲਈ ਨੇਤਰਾਂ ਦੀ ਗੋਲਕ (ਬਖਸ਼ੀ ਹੈ)। ੩ ਆਪਣੀ ਵਿਰਤ (ਉਪਜੀਵਕਾ) ਲਈ ਅਤੇ ਹੋਰ ਪਰਾਈ ਕਿਰਤ ਕਰਨ ਲਈ ਸਵਾਸਾਂ ਤੇ ਗਿਰਾਹੀਆਂ ਦੇ ਟਿਕਾਉ ਦਾ (ਸੰਜਾਰੇ) ਪ੍ਰਬੰਧ ਕੀਤਾ। ੪ ਸਾਧਾਰਣ ਗੰਧਾਂ ਤੇ ਸੁਗੰਧੀਆਂ ਮੇਲਣ ਦਾ ਪਰਕਾਰ (ਢੰਗ) ਬਖਸ਼ਿਆ। ੫ ਪਹਿਰਨ। ੬ ਵਿਚਾਰ ਤੇ ਅਵਿਚਾਰ (ਨੂੰ ਪਰਖਣ ਲਈ) ਬਿਬੇਕ ਦੀ ਟੇਕ ਦਿਤੀ। ੭ ਤੋਲ ਮਾਪ, (ਵਜ਼ਨ)। ੮. ਅੰਡਜ, ਜੇਰਜ, ਸੇਤਜ ਉਤਭੁਜ। ੯ ਆਉਣ-ਜਾਣ (ਜਨਮ ਮਰਨ)। ੧੦ ਚਰਿਤ੍ਰ, ਖੇਲ।

Digitized by Panjab Digital Library | www.panjabdigilib.org

## ਪਉੜੀ ੫

[ਕੁਦਰਤ ਭੈ ਵਿਚ ਹੈ]

ਭੈ ਵਿਚਿ ਧਰਤਿ ਆਗਾਸੁ ਹੈ [1]ਨਿਰਾਧਾਰ ਭੈ ਭਾਰ ਧਰਾਇਆ।
ਪਉਣੁ ਪਾਣੀ ਬੈਸੰਤਰੋ ਭੈ ਵਿਚਿ ਰਖੈ [2]ਮੇਲਿ ਮਿਲਾਇਆ।
ਪਾਣੀ ਅੰਦਰਿ ਧਰਤਿ ਧਰਿ ਵਿਣੁ ਥੰਮ੍ਹਾ ਆਗਾਸੁ ਰਹਾਇਆ।
[3]ਕਾਠੈ ਅੰਦਰਿ ਅਗਨਿ ਧਰਿ ਕਰ ਪਰਫੁਲਤੁ ਸੁਫਲ ਫਲਾਇਆ।
[4]ਨਵੀ ਦੁਆਰੀ ਪਵਣੁ ਧਰਿ ਭੈ ਵਿਚਿ ਸੂਰਜੁ ਚੰਦ ਚਲਾਇਆ।
ਨਿਰਭਉ ਆਪਿ ਨਿਰੰਜਨੁ ਰਾਇਆ ॥ ੫ ॥

## ਪਉੜੀ ੬

(ਕਾਦਰ ਬੇਓੜਕ ਪਰ ਵਿਆਪਕ ਹੈ)

ਲਖ ਅਸਮਾਣ ਉਚਾਣਿ ਚੜਿ ਉਚਾ ਹੋਇ ਨ [5]ਅੰਬੜਿ ਸਕੈ।
ਉਚੀ ਹੂ ਊਚਾ ਘਣਾ [6]ਥਾਉ ਗਿਰਾਉ ਨ ਨਾਉ ਅਥਕੈ।
ਲਖ ਪਤਾਲ ਨੀਵਾਣਿ ਜਾਇ [7]ਨੀਵਾ ਹੋਇ ਨ ਨੀਵੈ ਤਕੈ।
ਪੂਰਬਿ ਪਛਮਿ ਉਤਰਾਧਿ ਦਖਣਿ [8]ਫੇਰਿ ਚਉਫੇਰਿ ਨ ਢਕੈ।
ਓੜਕ ਮੂਲੁ ਨ ਲਭਈ ਉਤਪਤਿ[9] ਪਰਲਉ[10] ਅਖਿ ਫਰਕੈ।
ਫੁਲਾ ਅੰਦਰਿ ਵਾਸ ਮਹਕੈ ॥ ੬ ॥

---

੧ ਆਪ ਆਸਰੇ ਤੋਂ ਰਹਿਤ ਹੋ ਕੇ (ਸਾਰੀ ਸ੍ਰਿਸ਼ਟੀ) ਭੈ ਦੇ ਭਾਰ ਨਾਲ ਧਾਰਨ ਕੀਤੀ ਹੋਈ ਹੈ। ੨ (ਸਭ ਦੇ ਪਰਸਪਰ) ਮੇਲ ਮਿਲਾ ਰਖੇ ਹਨ। ੩ ਲੱਕੜੀ ਦੇ ਅੰਦਰ ਅੱਗ ਰੱਖ ਕੇ ਉਸ ਨੂੰ (ਬ੍ਰਿਛ ਰੂਪ ਵਿਚ) ਪ੍ਰਫੁਲਤ ਰਖ ਕੇ ਫਲਾਂ ਨਾਲ ਫਲਾਇਆ। ੪ ਸਰੀਰ ਦੇ ਕੰਨ, ਨਾਸਾਂ, ਮੂੰਹ ਆਦਿ ਨੌਂ ਸੁਰਾਖ। ੫ ਪਹੁੰਚ ਸਕਦਾ। ੬ ਉਸ ਦਾ ਕੋਈ ਖਾਸ ਥਾਉਂ, ਪਿੰਡ ਤੇ ਨਾਉਂ ਨਹੀਂ ਹੈ (ਸਭ ਥਾਂ ਮੌਜੂਦ ਹੁੰਦਾ ਹੋਇਆ ਭੀ) ਅਥੱਕ ਹੈ। ੭ ਨੀਵਾਂ ਹੋ ਕੇ ਵੇਖਣ ਨਾਲ ਭੀ (ਉਸ) ਨੀਵੇਂ ਨੂੰ ਨਹੀਂ ਦੇਖ ਸਕਦਾ। ੮ ਚੌਗਿਰਦੇ ਦੇ ਫੇਰੇ ਅੰਦਰ ਭੀ (ਢਕੈ) ਕੈਦ ਨਹੀਂ। ੯ ਉਤਪਤੀ। ੧੦ ਲੈ (ਨਾਸ਼)।

Digitized by Panjab Digital Library | www.panjabdigilib.org

## ਪਉੜੀ ੭

(ਕੁਦਰਤ ਦਾ ਭੇਤ ਕਾਦਰ ਜਾਣਦਾ ਹੈ)

[੧]ਓਅੰਕਾਰਿ ਅਕਾਰੁ ਕਰਿ ਥਿਤਿ ਵਾਰੁ ਨ ਮਾਹੁ ਜਣਾਇਆ।
[੨]ਨਿਰੰਕਾਰੁ ਆਕਾਰੁ ਵਿਣੁ ਏਕੰਕਾਰੁ ਨ ਅਲਖੁ ਲਖਾਇਆ।
ਆਪੇ ਆਪਿ ਉਪਾਇਕੈ [੩]ਆਪੇ ਅਪਣਾ ਨਾਉ ਧਰਾਇਆ।
[੪]ਆਦਿ ਪੁਰਖੁ ਆਦੇਸੁ ਹੈ ਹੈਭੀ ਹੋਸੀ ਹੋਦਾ ਆਇਆ।
ਆਦਿ ਨ ਅੰਤੁ ਬਿਅੰਤੁ ਹੈ ਆਪੇ ਆਪਿ ਨ ਆਪੁ ਗਣਾਇਆ।
ਆਪੇ ਆਪੁ ਉਪਾਇ ਸਮਾਇਆ ॥ ੭ ॥

## ਪਉੜੀ ੮

[ਕਾਦਰ ਕੀਤੇ ਤੋਂ ਅਗੰਮ ਹੈ]

ਰੋਮ ਰੋਮ ਵਿਚਿ ਰਖਿਓਨੁ ਕਰਿ ਵਰਭੰਡ[੫] ਕਰੋੜਿ ਸਮਾਈ[੬]।
ਕੇਵਡੁ ਵਡਾ ਆਖੀਐ ਕਿਤੁ ਘਰਿ ਵਸੈ [੭]ਕੇਵਡੁ ਜਾਈ।
[੮]ਇਕੁ ਕਵਾਉ ਅਮਾਉ ਹੈ ਲਖ ਦਰੀਆਉ ਨ ਕੀਮਤਿ ਪਾਈ।
ਪਰਵਦਗਾਰੁ ਅਪਾਰੁ ਹੈ ਪਾਰਾਵਾਰੁ ਨ ਅਲਖੁ ਲਖਾਈ।
ਏਵਡੁ ਵਡਾ ਹੋਇਕੈ ਕਿਥੈ ਰਹਿਆ ਆਪੁ ਲੁਕਾਈ।
[੯]ਸੁਰ ਨਰ ਨਾਥ ਰਹੇ ਲਿਵ ਲਾਈ ॥ ੮ ॥

---

੧ (ਓਂਕਾਰ) ਵਾਹਿਗੁਰੂ ਨੇ ਸ੍ਰਿਸ਼ਟੀ ਨੂੰ ਰਚਿਆ (ਤਾਂ ਕੋਈ ਭੀ ਉਸ ਸਮੇਂ) ਥਿਤ, ਵਾਰ ਜਾਂ ਮਹੀਨਾ ਨਹੀਂ ਜਾਣਦਾ ਸੀ। ੨ ਨਿਰੰਕਾਰ (ਪਰਮਾਤਮਾ) ਸਰੂਪ ਤੋਂ ਬਿਨਾਂ ਹੈ, ਨਾ ਜਾਣੇ ਜਾਣ ਵਾਲੇ ਏਕੰਕਾਰ (ਵਾਹਿਗੁਰੂ) ਨੇ (ਕਿਸੇ ਨੂੰ ਆਪਣਾ ਆਪ) ਨਹੀਂ ਲਖਾਇਆ। ੩ ਆਪ ਹੀ (ਜੀਵਾਂ ਦੇ ਕਲਿਆਣ ਨਿਮਿੱਤ) ਆਪਣਾ ਨਾਉਂ ਰਖਾਇਆ। ੪ (ਸਭ ਦੇ) ਆਦਿ ਪੁਰਖ ਨੂੰ ਨਮਸਕਾਰ ਹੈ, ਜੋ ਹੈ ਭੀ, ਹੋਵੇਗਾ ਭੀ ਤੇ ਭੂਤ ਕਾਲ ਵਿਚ ਭੀ ਹੁੰਦਾ ਆਇਆ ਹੈ। ੫ ਬ੍ਰਹਮੰਡ। ੬ ਗਿਣਤੀ। ੭ ਕਿੱਡੀ ਕੁ ਜਗ੍ਹਾ ਹੈ। ੮ ਇਕ ਵਾਕ (ਅਮਾਉ) ਮਿਣਤੀ ਤੋਂ ਰਹਿਤ ਹੈ, ਲੱਖਾਂ ਦਰੀਆ ਉਸ ਦਾ ਮੁਲ ਨਹੀਂ ਪਾ ਸਕਦੇ। (ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥)। ੯ ਸੁਰ ਨਰ ਨਾਥ ਸਮਾਧੀਆਂ ਲਾ ਲਾ ਰਹਿ ਗਏ ਹਨ (ਪਰ ਅੰਤ ਨਹੀਂ ਪਾਇਆ)।

Digitized by Panjab Digital Library | www.panjabdigilib.org

## ਪਉੜੀ ੯

[ਕਾਦਰ ਕੀਤੇ ਤੋਂ ਅਗੰਮ ਹੈ]

ਲਖ ਦਰੀਆਉ ਕਵਾਉ ਵਿਚਿ ਅਤਿ ਅਸਗਾਹ[1] ਅਥਾਹ ਵਹੰਦੇ।
ਆਦਿ ਨ ਅੰਤੁ ਬਿਅੰਤੁ ਹੈ [2]ਅਗਮ ਅਗੋਚਰ ਫੇਰ ਫਿਰੰਦੇ।
ਅਲਖੁ ਅਪਾਰੁ ਵਖਾਣੀਐ [3]ਪਾਰਾਵਾਰੁ ਨ ਪਾਰ ਲਹੰਦੇ।
[4]ਲਹਰਿ ਤਰੰਗ ਨਿਸੰਗ ਲਖ ਸਾਗਰ ਸੰਗਮ ਰੰਗ ਰਵੰਦੇ।
ਰਤਨ ਪਦਾਰਥ ਲਖ ਲਖ ਮੁਲ ਅਮੁਲਿ ਨ ਤੁਲਿ ਤੁਲੰਦੇ।
ਸਦਕੇ ਸਿਰਜਣਹਾਰਿ ਸਿਰੰਦੇ[5] ॥ ੯ ॥

## ਪਉੜੀ ੧੦

[ਕਾਦਰ ਨਿਰਲੇਪ ਤੇ ਪੂਰਨ ਹੈ]

ਪਰਵਦਗਾਰੁ ਸਲਾਹੀਐ ਸਿਰਠਿ ਉਪਾਈ ਰੰਗ ਬਿਰੰਗੀ।
ਰਾਜਿਕੁ[6] ਰਿਜਕੁ ਸਬਾਹਿਦਾ[7] ਸਭਨਾ ਦਾਤਿ ਕਰੇ ਅਣਮੰਗੀ।
ਕਿਸੈ ਜਿਵੇਹਾ ਨਾਹਿ ਕੋ ਦੁਬਿਧਾ[8] ਅੰਦਰਿ ਮੰਦੀ ਚੰਗੀ।
[9]ਪਾਰਬ੍ਰਹਮੁ ਨਿਰਲੇਪੁ ਹੈ ਪੂਰਨੁ ਬ੍ਰਹਮੁ ਸਦਾ ਸਹਲੰਗੀ।
ਵਰਨਾ ਚਿਹਨਾ ਬਾਹਰਾ ਸਭਨਾ ਅੰਦਰਿ ਹੈ ਸਰਬੰਗੀ[10]।
ਪਉਣੁ ਪਾਣੀ ਬੈਸੰਤਰੁ ਸੰਗੀ ॥ ੧੦ ॥

---

੧ ਜੋ ਗਾਹਿਆ ਨਾ ਜਾ ਸਕੇ (ਡੂੰਘਾ)। ੨ ਉਸ ਅਗੰਮ ਤੇ ਅਗੋਚਰ (ਨਾ ਜਾਣੇ ਜਾ ਸਕਣ ਵਾਲੇ ਤੇ ਇੰਦਰੀਆਂ ਦੀ ਪਹੁੰਚ ਤੋਂ ਬਾਹਰ) ਸਾਗਰ ਦੇ ਘੁੰਮਣ ਘੇਰ ਵਿਚ ਚੱਕਰ ਖਾ ਰਹੇ ਹਨ। ੩ ਪਾਰਾਵਾਰ ਦਾ ਅੰਤ ਨਹੀਂ ਪਾ ਸਕਦੇ। ੪ ਲਹਿਰਾਂ ਤੇ ਬੁਲਬੁਲੇ ਨਿਸਦੇ ਕਰ ਕੇ ਲੱਖਾਂ ਸਮੁੰਦਰਾਂ ਨਾਲ (ਸੰਗਮ) ਮਿਲੇ ਹੋਏ (ਉਸ ਦੇ) ਰੰਗ ਵਿਚ ਰਮੇ ਹੋਏ ਹਨ। ੫ ਰਚਨਹਾਰ। ੬ ਰਿਜ਼ਕ ਦੇਣ ਵਾਲਾ। ੭ ਪਹੁੰਚਾਉਂਦਾ। ੮ ਦ੍ਵੈਤ। ੯ ਨਿਰਗੁਣ (ਪਾਰਬ੍ਰਹਮ) ਸਰੂਪ ਹੋ ਕੇ ਨਿਰਲੇਪ ਤੇ ਸਰਗੁਣ (ਪੂਰਨ ਬ੍ਰਹਮ) ਹੋ ਕੇ (ਸਭ ਨਾਲ) ਮਿਲਿਆ ਹੋਇਆ ਹੈ। ੧੦ ਸਭ ਨਾਲ ਮਿਲਿਆ (ਵਿਆਪਕ)।

Digitized by Panjab Digital Library | www.panjabdigilib.org

## ਪਉੜੀ ੧੧

[ ਮਾਇਕ ਉਤਪਤੀ ਕਾਰਣ ]

ਓਅੰਕਾਰਿ ਆਕਾਰੁ ਕਰਿ [1]ਮਖੀ ਇਕ ਉਪਾਈ ਮਾਇਆ।
ਤਿਨਿਲੋਅਚਉਦਹਭਵਣੁਜਲਥਲੁਮਹੀਅਲੁ[2]ਛਲੁਕਰਿਛਾਇਆ।
ਬ੍ਰਹਮਾ ਬਿਸਨ ਮਹੇਸ ਤ੍ਰੈ ਦਸ ਅਵਤਾਰ [3]ਬਜਾਰਿ ਨਚਾਇਆ।
ਜਤੀ ਸਤੀ ਸੰਤੋਖੀਆ ਸਿਧ ਨਾਥ [4]ਬਹੁ ਪੰਥ ਭਵਾਇਆ।
ਕਾਮ ਕਰੋਧ ਵਿਰੋਧ ਵਿਚਿ ਲੋਭ ਮੋਹੁ ਕਰਿ [5]ਧੋਹ ਲੜਾਇਆ।
ਹਉਮੈ ਅੰਦਰਿ ਸਭਕੋ ਸੇਰਹੁ ਘਟਿ ਨ ਕਿਨੇ ਅਖਾਇਆ।
ਕਾਰਣੁ ਕਰਤੇ ਆਪੁ ਲੁਕਾਇਆ ॥ ੧੧ ॥

## ਪਉੜੀ ੧੨

[ਪਾਤਸ਼ਾਹਾਂ ਦੇ ਪਾਤਸ਼ਾਹੀ ਹੁਕਮ]

ਪਾਤਿਸਾਹਾ ਪਾਤਿਸਾਹ ਹੈ [6]ਅਬਚਲ ਰਾਜੁ ਵਡੀ ਪਾਤਸਾਹੀ।
ਕੇਵਡੁ ਤਖਤੁ ਵਖਾਣੀਐ ਕੇਵਡੁ ਮਹਲੁ ਕੇਵਡੁ ਦਰਗਾਹੀ[7]।
ਕੇਵਡੁ ਸਿਫਤਿ ਸਲਾਹੀਐ ਕੇਵਡੁ ਮਾਲੁ ਮੁਲਖੁ ਅਵਗਾਹੀ[8]।
ਕੇਵਡੁ ਮਾਣੁ[9] ਮਹਤੁ[10] ਹੈ ਕੇਵਡੁ ਲਸਕਰ [11]ਸੇਵ ਸਿਪਾਹੀ।
ਹੁਕਮੈ ਅੰਦਰਿ ਸਭ ਕੋ ਕੇਵਡੁ ਹੁਕਮੁ ਨ ਬੇਪਰਵਾਹੀ।
ਹੋਰਸੁ ਪੁਛਿ ਨ ਮਤਾ ਨਿਬਾਹੀ ॥ ੧੨ ॥

---

੧ ਮੱਖੀ ਰੂਪ (ਚੰਚਲ) ਇਕ ਮਾਇਆ ਪੈਦਾ ਕੀਤੀ। ੨ ਛਲ ਰੂਪ ਹੋ ਕੇ ਜਲ ਪੁਰ ਛਾ ਰਹੀ ਹੈ। ੩ (ਮਾਇਆ) ਬਾਜ਼ਾਰਾਂ ਵਿਚ ਨਚਾਉਂਦੀ ਹੈ। ੪ ਬਹੁਤੇ ਪੰਥਾਂ ਵਿਚ ਭੁਆ ਰਹੀ ਹੈ। ੫ ਦਗੇਬਾਜ਼ ਕਰਕੇ ਲੜਾਉਂਦੀ ਹੈ। ੬ ਅਟੱਲ ਰਾਜ। ੭ ਦਰਬਾਰੀ। ੮ ਵਿਚਾਰ ਕਰੀਏ। ੯ ਪ੍ਰਤਾਪ। ੧੦ ਭਾਰੀ। ੧੧ ਸੇਵਾ ਕਰਨ ਵਾਲੇ ਸਿਪਾਹੀ।

Digitized by Panjab Digital Library | www.panjabdigilib.org

## ਪਉੜੀ ੧੩

[ਕੀਤੇ ਨੇ ਕਰਤਾ ਵਿਸਾਰਿਆ]

ਲਖ ਲਖ ਬ੍ਰਹਮੇ ਵੇਦ ਪੜਿ [1]ਇਕਸ ਅਖਰ ਭੇਦੁ ਨ ਜਾਤਾ।
ਜੋਗ ਧਿਆਨ ਮਹੇਸ ਲਖ [2]ਰੂਪ ਨ ਰੇਖ ਨ ਭੇਖੁ ਪਛਾਤਾ।
[3]ਲਖ ਅਵਤਾਰ ਅਕਾਰ ਕਰਿ ਤਿਲੁ ਵੀਚਾਰੁ ਨ ਬਿਸਨ ਪਛਾਤਾ।
ਲਖਲਖ ਨਉਤਨ[4] ਨਾਉ ਲੈ ਲਖਲਖ [5]ਸੇਖ ਵਿਸੇਖ ਨ ਤਾਤਾ।
[6]ਚਿਰੁ ਜੀਵਨੁ ਬਹੁ ਹੰਢਣੇ ਦਰਸਨ ਪੰਥ ਨ ਸਬਦ ਸਿਵਾਤਾ।
ਦਾਤਿ ਲੁਭਾਇ ਵਿਸਾਰਨਿ ਦਾਤਾ ॥ ੧੩ ॥

## ਪਉੜੀ ੧੪

[ਕੀਤਾ ਕਰਤੇ ਨੂੰ ਕਿਕੂੰ ਪਾਵੇ ? ਗਾਡੀ ਰਾਹ]

[7]ਨਿਰੰਕਾਰ ਆਕਾਰੁ ਕਰਿ ਗੁਰ ਮੂਰਤਿ ਹੁਇ ਧਿਆਨੁ ਧਰਾਇਆ।
ਚਾਰਿ ਵਰਨ ਗੁਰ ਸਿਖ ਕਰਿ ਸਾਧ ਸੰਗਤਿ ਸਚਖੰਡੁ ਵਸਾਇਆ।
ਵੇਦ ਕਤੇਬਹੁ ਬਾਹਰਾ ਅਕਥ ਕਥਾ ਗੁਰ ਸਬਦੁ ਸੁਣਾਇਆ।
[8]ਵੀਹਾ ਅੰਦਰਿ ਵਰਤਮਾਨੁ ਗੁਰਮੁਖਿ ਹੋਇ ਇਕੀਹ ਲਖਾਇਆ।
ਮਾਇਆ ਵਿਚਿ ਉਦਾਸੁ ਕਰਿ ਨਾਮੁ ਦਾਨੁ ਇਸਨਾਨੁ ਦਿੜਾਇਆ।
[9]ਬਾਰਹ ਪੰਥ ਇਕਤ੍ਰ ਕਰਿ ਗੁਰਮੁਖਿ ਗਾਡੀ ਰਾਹੁ ਚਲਾਇਆ।
[10]ਪਤਿ ਪਉੜੀ ਚੜਿ ਨਿਜ ਘਰਿ ਆਇਆ ॥ ੧੪ ॥

---

੧ ਇਕ ਵਾਹਿਗੁਰੂ। ੨ ਰੂਪ-ਰੇਖ ਤੇ ਸਰੂਪ ਨੂੰ ਨਾ ਪਹਿਚਾਨਿਆ। ੩ ਲਖਾਂ ਸਰੀਰ ਧਾਰਨ ਕਰਕੇ ਵਿਸ਼ਨੂੰ ਨੇ ਭੀ ਤਿਲ ਮਾਤਰ ਭੀ ਵਿਚਾਰ ਨਾ ਪਛਾਣੀ। ੪ ਨਵੀਨ। ੫ ਵਿਸ਼ੇਸ਼ ਕਰਕੇ ਸ਼ੇਖ ਨੇ ਭੀ ਤੱਤ ਨਾ ਜਾਨਿਆ। ੬ ਬਹੁਤੀਆਂ ਉਮਰਾਂ ਭੋਗਣ ਵਾਲੇ ਚਿਰ ਜੀਵੀ (ਰਿਸ਼ੀਆਂ ਨੇ) ਅਤੇ ਛੇ ਦਰਸ਼ਨਾਂ ਤੇ ਬਾਰਾਂ ਪੰਥਾਂ (ਦੇ ਜੋਗੀਆਂ ਨੇ) (ਸ਼ਬਦ) ਬ੍ਰਹਮ ਨੂੰ ਨਾ ਪਹਿਚਾਨਿਆ। ੭ ਨਿਰੰਕਾਰ (ਵਾਹਿਗੁਰੂ) ਆਪਣਾ ਸਰਗੁਣ ਰੂਪ ਗੁਰੂ (ਨਾਨਕ) ਦੀ ਮੂਰਤੀ ਹੋਇਆ ਅਤੇ ਗੁਰ ਸਿਖਾਂ ਪਾਸੋਂ ਧਿਆਨ ਧਰਵਾਇਆ। ੮ (ਜੋ ਪਹਿਲਾਂ) ਵੀਹਾਂ (ਸੰਸਾਰ) ਵਿਚ ਵਰਤਦੇ ਸਨ, ਉਹਨਾਂ ਨੂੰ ਗੁਰਮੁਖ ਬਣਾਕੇ ਇਕ ਈਸ਼ਵਰ ਲਖਾ ਦਿਤਾ। ੯ ਬਾਰਾ ਮਾਰਗ ਇਕੱਠੇ ਕਰਕੇ ਗੁਰਮੁਖਾਂ ਲਈ ਇਕੋ ਹੀ ਵਡਾ ਤੇ ਖੁਲ੍ਹਾ ਗੱਡੀ ਰਾਹ ਚਲਾ ਦਿਤਾ। ੧੦ ਪਤੀ (ਵਾਹਿਗੁਰੂ) ਪ੍ਰਾਪਤੀ ਦੀ ਪਉੜੀ ਰਾਹੀਂ (ਸਾਧ ਸੰਗਤ) ਚੜ੍ਹ ਕੇ ਆਪਣੇ ਸਰੂਪ ਵਿਚ ਆ ਪੁਜਾ।

Digitized by Panjab Digital Library | www.panjabdigilib.org

## ਪਉੜੀ ੧੫

[ਗਾਡੀ ਰਾਹ ਦੇ ਰਾਹੀ ਗੁਰਮੁਖ]

ਗੁਰਮੁਖਿਮਾਰਗਿ ਪੈਰਧਰਿ [1]ਦੁਬਿਧਾ ਵਾਟ ਕੁਵਾਟ ਨ ਧਾਇਆ।
ਸਤਿਗੁਰ ਦਰਸਨੁਦੇਖਿਕੈ [2]ਮਰਦਾ ਜਾਦਾ ਨਦਰਿ ਨ ਆਇਆ।
ਕੰਨੀ ਸਤਿਗੁਰਸਬਦੁਸੁਣਿ [3]ਅਨਹਦ ਰੁਣਝੁਣਕਾਰੁ ਸੁਣਾਇਆ।
ਸਤਿਗੁਰ ਸਰਣੀ ਆਇਕੈ ਨਿਹਚਲੁ[4] ਸਾਧੂਸੰਗਿ ਮਿਲਾਇਆ।
ਚਰਣ ਕਵਲਮਕਰੰਦਰਸਿ [5]ਸੁਖਸੰਪਟਵਿਚਿ [6]ਸਹਜਿਸਮਾਇਆ।
[7]ਪਿਰਮ ਪਿਆਲਾ ਅਪਿਉ ਪੀਆਇਆ ॥ ੧੫ ॥

## ਪਉੜੀ ੧੬

[ਗੁਰਮੁਖ ਦਾ ਜੀਵਨ ਮੁਕਤ ਪਦ]

ਸਾਧ ਸੰਗਤਿ ਕਰਿ ਸਾਧਨਾ [8]ਪਿਰਮ ਪਿਆਲਾ ਅਜਰੁ ਜਰਣਾ।
ਪੈਰੀ ਪੈ ਪਾਖਾਕ ਹੋਇ[9] ਆਪੁ ਗਵਾਇ ਜੀਵੰਦਿਆ ਮਰਣਾ।
[10]ਜੀਵਣਮੁਕਤਿ ਵਖਾਣੀਐ ਮਰਿਮਰਿਜੀਵਣੁ ਡੁਬਿਡੁਬਿਤਰਣਾ।
ਸਬਦੁ ਸੁਰਤਿਲਿਵਲੀਣੁਹੋਇਅਪਿਓ ਪੀਅਣੁਤੈਅਉਚਰਚਰਣਾ।
[11]ਅਨਹਦ ਨਾਦ ਅਵੇਸ ਕਰਿ ਅੰਮ੍ਰਿਤ ਵਾਣੀ ਨਿਝਰੁ ਝਰਣਾ।
[12]ਕਰਣਕਾਰਣ ਸਮਰਥ ਹੋਇਕਾਰਣੁ ਕਰਣ ਨ ਕਾਰਣ ਕਰਣਾ।
[13]ਪਤਿਤ ਉਧਾਰਣ ਅਸਰਣ ਸਰਣਾ ॥ ੧੬ ॥

---

੧ ਦ੍ਵੈਤ ਦੇ ਰਸਤੇ ਪੁਰ ਨਹੀਂ ਭਜਾ ਫਿਰਦਾ। ੨ ਮਰਦਾ ਤੇ ਜੰਮਦਾ ਨਹੀਂ ਦਿਸਦਾ, ਭਾਵ ਉਹ ਜਾਣ ਜਾਂਦਾ ਹੈ ਕਿ [ਨਹ ਕਿਛੁ ਜਨਮੇ ਨਹ ਕਿਛੁ ਮਰੈ]। ੩ [ਮਾਨੋ] ਅਨਹਦ ਸ਼ਬਦ ਦੀ ਝਨਕਾਰ ਸੁਣ ਰਹੇ ਹਨ। ੪ ਅਚੱਲ। ੫ ਸੁਖਾਂ ਦਾ ਡੱਬਾ। ੬ ਗਿਆਨ ਵਿਚ ਸਮਾਏ ਰਹਿੰਦੇ ਹਨ। ੭ ਅੰਮ੍ਰਿਤ ਦਾ ਪ੍ਰੇਮ ਪਿਆਲਾ ਪੀਂਦੇ ਹਨ। ੮ ਪ੍ਰੇਮ ਦਾ ਅਜਰ ਪਿਆਲਾ ਜਰ ਲੈਂਦੇ ਹਨ। ੯ ਅਹੰਕਾਰ ਗਵਾ ਕੇ ਜੀਊਂਦੇ ਹੀ ਮਰਨ ਸਮਾਨ ਹਨ। ੧੦ ਜੀਵਨ ਮੁਕਤ ਉਸ ਨੂੰ ਕਿਹਾ ਜਾਂਦਾ ਹੈ ਜੋ [ਮਾਇਆ ਵਲੋਂ] ਮਰ ਕੇ ਇਸ ਮੌਤ ਤੋਂ [ਵਾਹਿਗੁਰੂ ਵਲ] ਜੀ ਉਠੇ ਤੇ (ਪ੍ਰੇਮ ਵਿਚ] ਡੁਬਕੇ [ਮਾਇਆ ਦੇ] ਡੋਬਿਆਂ ਤੋਂ ਤਰ ਪਵੇ। ੧੧ ਇਕ ਰਸ ਸ਼ਬਦ ਵਿਚ ਪ੍ਰਵੇਸ਼ ਕਰਕੇ ਲਗਾਤਾਰ ਅੰਮ੍ਰਿਤ ਬਾਣੀ ਝਰਦੀ ਹੈ। ੧੨ ਕਾਰਨ ਕਰਨ ਵਿਚ ਸਮਰਥ ਹੋ ਗਏ ਹਨ, [ਭਾਵੇਂ] ਕਾਰਨ ਕਰ ਸਕਦੇ ਹਨ [ਪਰ ਤਾਂ ਭੀ ਕੋਈ] ਕਾਰਣ ਕਰਦੇ ਨਹੀਂ। ੧੩ ਪਾਪੀਆਂ ਦਾ ਉਧਾਰ ਕਰਦੇ ਹਨ, ਅਸ਼ਰਣ ਲੋਕਾਂ ਨੂੰ ਸ਼ਰਣ ਦੇਂਦੇ ਹਨ।

Digitized by Panjab Digital Library | www.panjabdigilib.org

## ਪਉੜੀ ੧੭

[ਗੁਰਮੁਖ ਅਲਿਪਤ ਰਹਿਕੇ ਅਤੇ ਕਸ਼ਟ ਸਹਾਰਕੇ ਉਪਕਾਰ ਕਰਦੇ ਹਨ]

ਗੁਰਮੁਖਿ ਭੈਵਿਚਿ ਜੰਮਣਾ ਭੈਵਿਚਿ ਰਹਿਣਾ ਭੈ ਵਿਚਿ ਚਲਣਾ।
ਸਾਧਸੰਗਤਿ ਭੈਭਾਇਵਿਚਿ ਭਗਤਿਵਛਲੁ ਕਰਿਅਛਲੁ ਛਲਣਾ।
ਜਲਵਿਚਿ ਕਵਲੁਅਲਿਪਤ ਹੋਇਆਸਨਿਰਾਸ [੧]ਵਲੇਵੈ ਵਲਣਾ।
[੨]ਅਹਰਣਿਘਣਹੀਰੇ ਜੁਗਤਿਗੁਰਮਤਿ ਨਿਹਚਲੁਅਟਲੁਨਟਲਣਾ।
ਪਰਉਪਕਾਰ ਵੀਚਾਰਿ ਵਿਚਿ ਜੀਅ ਦੈਆ ਮੋਮ ਵਾਗੀ ਢਲਣਾ।
ਚਾਰਿ ਵਰਨ ਤੰਬੋਲ ਰਸੁ [੩]ਆਪੁ ਗਵਾਇ ਰਲਾਇਆ ਰਲਣਾ।
[੪]ਵਟੀ ਤੇਲੁ ਦੀਵਾ ਹੋਇ ਬਲਣਾ ॥ ੧੭ ॥

## ਪਉੜੀ ੧੮

{ਗੁਰਮੁਖਾਂ ਦੀ ਮੁਕਤੀ ਦੀ ਜੁਗਤਿ}

ਸਤੁ ਸੰਤੋਖੁ ਦਇਆ ਧਰਮੁ ਅਰਥ ਕਰੋੜਿ ਨ [੫]ਓੜਕੁ ਜਾਣੈ।
ਚਾਰ ਪਦਾਰਥ ਆਖੀਅਨਿ ਹੋਇ [੬]ਲਖੂਣਿ ਨ ਪਲੁ ਪਰਵਾਣੈ।
ਰਿਧੀ ਸਿਧੀ ਲਖ ਲਖ ਨਿਧਿ ਨਿਧਾਨ ਲਖ ਤਿਲੁ ਨ ਤੁਲਾਣੈ।
ਦਰਸਨ ਦ੍ਰਿਸਟਿ ਸੰਜੋਗ ਲਖ ਸਬਦਸੁਰਤਿ ਲਿਵਲਖਹੈਰਾਣੈ।
ਗਿਆਨਧਿਆਨਸਿਮਰਣਅਸੰਖਭਗਤਿਜੁਗਤਿ[੭]ਲਖਨੇਤ[੮]ਵਖਾਣੈ
ਪਿਰਮਪਿਆਲਾ ਸਹਜਿਘਰੁ ਗੁਰਮੁਖਿ ਸੁਖਫਲ [੯]ਚੋਜ ਵਿਡਾਣੈ।
[੧੦]ਮਤਿ ਬੁਧਿ ਸੁਧਿ ਲਖ ਮੇਲ ਮਿਲਾਣੈ ॥ ੧੮ ॥

---

੧ ਧੰਧਿਆਂ ਵਿਚ ਵਲ੍ਹੇਟੇ ਹੋਏ। ੨ ਅਹਿਰਨਪੁਰ ਵਦਾਨ ਹੇਠ ਹੀਰੇ ਵਾਂਗ ਗੁਰਮਤ ਵਿਚ ਅਚੱਲ ਤੇ ਅਟੱਲ ਰਹਿੰਦੇ ਹਨ, ਟਲਦੇ ਨਹੀਂ। ੩ ਆਪਾ ਭਾਵ ਗਵਾਕੇ ਪਰਸਪਰ ਮਿਲ ਜਾਂਦੇ ਹਨ। ੪ ਵੱਟੀ ਤੇ ਤੇਲ ਹੋ ਕੇ [ਹੋਰ ਲੋਕਾਂ ਨੂੰ ਪ੍ਰਕਾਸ਼ ਦੇਣ ਲਈ] ਦੀਵਾ ਰੂਪ ਹੋ ਕੇ ਬਲਦੇ ਹਨ। ੫ [ਗੁਰਮੁਖਾਂ ਦੀ ਮੁਕਤੀ.ਦੀ ਜੁਗਤੀ ਸਤਿਸੰਗ ਦਾ] ਅੰਤ ਨਹੀਂ ਜਾਣ ਸਕਦੇ। ੬ [ਚਾਰ ਪਦਾਰਥ] ਲੱਖਾਂ ਹੀ [ਸਤਿਸੰਗ ਦੇ] ਇਕ ਪਲ ਦੇ ਬਰਾਬਰ ਨਹੀਂ। ੭ ਤਰੀਕੇ। ੮ ਬੇਅੰਤ। ੯ ਅਸਚਰਜ ਕੌਤਕ। ੧੦ ਗੁਰਮੁਖਾਂ ਦੀ ਮਤਿ [ਬੁਧੀ] ਤੇ ਸੁਧੀ [ਵਾਹਿਗੁਰੂ ਨੂੰ ਜਾਣ ਕੇ ਉਸ ਦੇ] ਮੇਲ ਵਿਖੇ ਮਿਲਦੀਆਂ ਹਨ।

Digitized by Panjab Digital Library | www.panjabdigilib.org

## ਪਉੜੀ ੧੯

[ਸੱਚ ਹੀ ਸ੍ਰੇਸ਼ਟ ਆਚਾਰ ਹੈ]

ਜਪ ਤਪ ਸੰਜਮ[੧] ਲਖ ਲਖ ਹੋਮ ਜਗ ਨਈਵੇਦ[੨] ਕਰੋੜੀ।
ਵਰਤ ਨੇਮ ਸੰਜਮ[੩] ਘਣੇ ਕਰਮ ਧਰਮ ਲਖ[੪] ਤੰਦੁ ਮਰੋੜੀ।
ਤੀਰਥ ਪੁਰਬ ਸੰਜੋਗ ਲਖ ਪੁੰਨ ਦਾਨੁ ਉਪਕਾਰ ਨ ਓੜੀ।
ਦੇਵੀ ਦੇਵ ਸਰੇਵਣੇ[੫] ਵਰ ਸਰਾਪ ਲਖ [੬]ਜੋੜ ਵਿਛੋੜੀ।
[੭]ਦਰਸਨ ਵਰਨ ਅਵਰਨ ਲਖ ਪੂਜਾ ਅਰਚਾ ਬੰਧਨ ਤੋੜੀ।
ਲੋਕ ਵੇਦ ਗੁਣ ਗਿਆਨ ਲਖ ਜੋਗ ਭੋਗ ਲਖ [੮]ਝਾੜਿ ਪਛੋੜੀ।
ਸਚਹੁ ਓਰੈ ਸਭ ਕਿਹੁ ਲਖ ਸਿਆਣਪ ਸੱਭਾ ਥੋੜੀ।
[੯]ਉਪਰਿ ਸਚੁ ਅਚਾਰੁ ਚਮੋੜੀ ॥ ੧੯ ॥

## ਪਉੜੀ ੨੦

[ਸੱਚਾ ਰਾਜ]

ਸਤਿਗੁਰ ਸਚਾ ਪਾਤਿਸਾਹੁ ਸਾਧ ਸੰਗਤਿ ਸਚੁ ਤਖਤੁ ਸੁਹੇਲਾ[੧੦]।
ਸਚ ਸਬਦੁ ਟਕਸਾਲ ਸਚੁ [੧੧]ਅਸਟਧਾਤੁ ਇਕ ਪਾਰਸ ਮੇਲਾ।
ਸਚਾ ਅਬਿਚਲੁ[੧੨] ਰਾਜੁ ਹੈ [੧੩]ਸਚੁ ਮਹਲੁ ਨਵਹਾਣਿ ਨਵੇਲਾ।
[੧੪]ਸਚਾ ਹੁਕਮੁ ਵਰੱਤਦਾ ਸਚਾ ਅਮਰੁ ਸਚੋ ਰਸ ਕੇਲਾ।

---

੧ ਯੋਗ ਦੇ-ਧਾਰਨਾ, ਧਿਆਨ, ਸਮਾਧੀ ਆਦਿ ਸਾਧਨ। ੨ ਠਾਕਰਾਂ ਨੂੰ ਭੋਗ ਲਾਉਣਾ। ੩ ਪ੍ਰਹੇਜ਼ਗਾਰੀ ਦਾ ਜੀਵਨ। ੪ [ਇਕ] ਤੰਦ ਦੀ ਮਰੋੜੀ ਵਾਂਗ [ਕਚੇ] ਹਨ। ੫ ਸੇਵਾ ਕਰਨੀ। ੬ [ਵਰ ਸਰਾਪ ਨਾਲ] ਮੇਲ ਤੇ ਵਿਛੋੜਾ। ੭ ਛੇ ਦਰਸ਼ਨ ਤੇ ਚਾਰ ਵਰਨਾਂ ਦੇ ਲੋਕ ਅਤੇ [ਹੋਰ ਸਾਰੇ] ਅਵਰਨ ਲੋਕਾਂ ਦੇ ਪੂਜਾ ਅਰਚਾ ਦੇ ਬੰਧਨ ਤੋੜ ਦਿਤੇ ਹਨ। ੮ ਝਾੜ ਕੇ ਪਿਛਾਂਹ ਸੁਟ ਦਿਤੇ ਹਨ। ੯ ਸਚੇ ਆਚਾਰ [ਦੇ ਮੁਕਾਬਲੇ ਪੁਰ ਹੋਰ ਜਪ ਤਪ ਆਦਿ] ਚਮੜੇ ਵਾਂਗ ਹਨ। ੧੦ ਸੁਖ ਰੂਪ। ੧੧ [ਚਾਰ ਵਰਨ ਚਾਰ ਆਸ਼ਰਮ ਰੂਪ] ਅੱਠਾਂ ਧਾਤਾਂ ਨੂੰ ਇਕੋ ਜਿਹੀ ਪਾਰਸ ਦੀ ਛੋਹ ਲਾਂਦੇ ਹਨ। ੧੨ ਅਟੱਲ। ੧੩ ਸਚ ਸਰੂਪ ਨਵੇਂ ਰੰਗ ਦਾ ਤੇ ਨਿਵੇਕਲਾ। ੧੪ ਸਚਾ ਹੁਕਮ ਹੀ ਉਥੇ ਚਲਦਾ ਹੈ (ਕਿਉਂ ਜੁ) ਸਚ ਦਾ ਕਾਨੂੰਨ ਹੀ ਰਸ ਤੇ ਆਨੰਦ ਦੇ ਦੇਣ ਵਾਲਾ ਹੈ।

Digitized by Panjab Digital Library | www.panjabdigilib.org

ਸਚੀ ਸਿਫਤਿ ਸਲਾਹ ਸਚੁ ਸਚੁ ਸਲਾਹਣੁ ਅੰਮ੍ਰਿਤ ਵੇਲਾ।
ਸਚਾ ਗੁਰਮੁਖਿ ਪੰਥੁ ਹੈ ਸਚੁ ਉਪਦੇਸੁ [1]ਨ ਗਰਬਿ ਗਹੇਲਾ।
ਆਸਾ ਵਿਚਿ ਨਿਰਾਸ ਗਤਿ [2]ਸਚਾ ਖੇਲੁ ਮੇਲੁ ਸਚੁ ਖੇਲਾ।
[3]ਗੁਰਮੁਖਿ ਸਿਖੁ ਗੁਰੂ ਗੁਰ ਚੇਲਾ ॥ ੨੦ ॥

## ਪਉੜੀ ੨੧

[ਗੁਰਮੁਖਾਂ ਦੀ ਅਲੇਪਤਾ]

ਗੁਰਮੁਖਿ ਹਉਮੈ ਪਰਹਰੈ[4] ਮਨਿ ਭਾਵੈ ਖਸਮੈ[5] ਦਾ ਭਾਣਾ।
ਪੈਰੀ ਪੈ ਪਾਖਾਕ ਹੋਇ [6]ਦਰਗਹ ਪਾਵੈ ਮਾਣੁ ਨਿਮਾਣਾ।
ਵਰਤਮਾਨ ਵਿਚਿ ਵਰਤਦਾ ਹੋਵਣਹਾਰ ਸੋਈ ਪਰਵਾਣਾ[7]।
ਕਾਰਣੁ ਕਰਤਾ ਜੋ ਕਰੈ ਸਿਰਿ ਧਰਿ ਮੰਨਿ ਕਰੈ ਸੁਕਰਾਣਾ।
ਰਾਜੀ ਹੋਇ ਰਜਾਇ ਵਿਚਿ ਦੁਨੀਆਂ ਅੰਦਰਿ ਜਿਉ ਮਿਹਮਾਣਾ।
[8]ਵਿਸਮਾਦੀ ਵਿਸਮਾਦ ਵਿਚਿ ਕੁਦਰਤਿ ਕਾਦਰ ਨੋ ਕੁਰਬਾਣਾ।
[9]ਲੇਪ ਅਲੇਪ ਸਦਾ ਨਿਰਬਾਣਾ ॥੨੧॥

## ਪਉੜੀ ੨੨

[ਹੁਕਮੀ ਬੰਦਾ ਸਦਾ ਹੁਕਮ ਵਿਚ]

ਹੁਕਮੀ ਬੰਦਾ ਹੋਇਕੈ ਸਾਹਿਬੁ ਦੇ ਹੁਕਮੈ ਵਿਚਿ ਰਹਣਾ।
ਹੁਕਮੈ ਅੰਦਰਿ ਸਭ ਕੋ ਸਭਨਾ ਆਵਟਣ[10] ਹੈ ਸਹਣਾ।
ਦਿਲੁਦਰੀਆਉ ਸਮਾਉ[11] ਕਰਿ ਗਰਬੁ ਗਵਾਇਗਰੀਬੀਵਹਣਾ[12]।

---

੧ ਅਹੰਕਾਰ ਵਿਚ ਗ੍ਰਸੇ ਹੋਏ ਨਹੀਂ। ੨ ਉਸ ਦਾ ਖੇਲ ਭੀ ਸਚਾ ਹੈ ਤੇ ਮੇਲ ਭੀ ਸਚ ਦਾ ਹੀ ਮਿਲਾਉਂਦਾ ਹੈ। ੩ ਅਜਿਹਾ ਗੁਰਮੁਖ ਸਿਖ ਗੁਰੂ ਦਾ ਰੂਪ ਹੋ ਜਾਂਦਾ ਹੈ ਤੇ ਗੁਰੂ ਉਸ ਦਾ ਚੇਲਾ ਰੂਪ ਹੈ। ੪ ਛੱਡ ਦੇਂਦੇ ਹਨ। ੫ ਵਾਹਿਗੁਰੂ। ੬ ਏਥੇ ਨਿਮਾਣੇ ਹੋ ਕੇ ਦਰਗਹ ਵਿਚ ਮਾਣ ਪ੍ਰਾਪਤ ਕਰਦੇ ਹਨ। ੭ ਮਨਜ਼ੂਰ। ੮ ਅਸਚਰਜ ਰੂਪ (ਵਾਹਿਗੁਰੂ) ਦੇ ਵਿਸਮਾਦ ਵਿਚ ਰਹਿਕੇ। ੯ ਮਾਇਆ ਦੇ ਲੇਪ ਤੋਂ ਅਛੋਹ ਰਹਿਕੇ, ਸਦਾ ਬੰਧਨ ਰਹਿਤ ਰਹਿੰਦੇ ਹਨ। ੧੦ ਉਬਾਲਾ। ੧੧ ਸਮਾਈ (ਹੌਸਲਾ)। ੧੨ ਤੁਰਦੇ ਰਹਿੰਦੇ ਹਨ।

Digitized by Panjab Digital Library | www.panjabdigilib.org

[1]ਵੀਹਿ ਇਕੀਹ ਉਲੰਘਿ ਕੈ ਸਾਧ ਸੰਗਤਿ ਸਿੰਘਾਸਣਿ ਬਹਣਾ।
ਸਬਦ ਸੁਰਤਿ ਲਿਵਲੀਣ[2] ਹੋਇ[3] ਅਨਭਉ ਅਘੜ ਘੜਾਏ ਗਹਣਾ।
ਸਿਦਕ[4] ਸਬੂਰੀ[5] ਸਾਬਤਾ ਸਾਕਰੁ ਸੁਕਰਿ ਨ ਦੇਣਾ ਲਹਣਾ।
ਨੀਰਿ ਨ ਡੁਬਣੁ ਅਗਿ ਨ ਦਹਣਾ ॥੨੨॥

## ਪਉੜੀ ੨੩

[ਗੁਰੂ ਅਤੇ ਸਿਖ ਦੀ ਪ੍ਰੀਤ]

[6]ਮਿਹਰ ਮੁਹਬਤਿ ਆਸਕੀ ਇਸਕੁ ਮੁਸਕੁ ਕਿਉ ਲੁਕੈ ਲੁਕਾਇਆ।
ਚੰਦਨ ਵਾਸ ਵਣਾਸਪਤਿ ਹੋਇ ਸੁਗੰਧੁ ਨ ਆਪੁ ਗਣਾਇਆ।
ਨਦੀਆ ਨਾਲੇ ਗੰਗ ਮਿਲਿ ਹੋਇ ਪਵਿਤੁ ਨ ਆਖਿ ਸੁਣਾਇਆ।
[7]ਹੀਰੇ ਹੀਰਾ ਬੇਧਿਆ ਅਣੀ ਕਣੀ ਹੋਇ ਰਿਦੈ ਸਮਾਇਆ।
ਸਾਧ ਸੰਗਤਿ ਮਿਲਿ ਸਾਧ ਹੋਇ ਪਾਰਸ ਮਿਲਿ ਪਾਰਸ ਹੋਇ ਆਇਆ।
[8]ਨਿਹਚਉ ਨਿਹਚਲੁ ਗੁਰਮਤੀ ਭਗਤਿ ਵਛਲੁ ਹੋਇ ਅਛਲੁ ਛਲਾਇਆ। ਗੁਰਮੁਖਿ ਸੁਖ ਫਲੁ ਅਲਖੁ ਲਖਾਇਆ ॥੨੩॥੧੮॥

---

੧ (ਵੀਹ) ਲੋਕ [ਇਕੀਹ] ਪਰਲੋਕ ਨੂੰ ਲੰਘ ਕੇ। ੨ ਮਗਨ। ੩ ਗਿਆਨ ਨਾਲ ਅਘੜ ਮਨ ਨੂੰ ਘੜਾ ਕੇ ਭੂਸ਼ਣ ਰੂਪ [ਸੁੰਦਰ] ਬਣਾ ਲਵੇ। ੪ ਭਰੋਸਾ। ੫ ਸੰਤੋਖ। ੬ [ਸਤਿਗੁਰੂ ਦੀ] ਮੇਹਰ ਤੇ [ਸਿਖ ਦੀ] ਮੁਹਬਤ। ੭ ਹੀਰੇ ਨਾਲ ਹੀਰਾ ਵਿੰਨ੍ਹਿਆਂ ਜਾਂਦਾ ਹੈ, ਜੇਕਰ ਹੀਰੇ ਦੀ ਕਣੀ ਦੀ ਅਣੀ [ਹੀਰੇ ਦੇ] ਹਿਰਦੇ ਵਿਚ ਸਮਾ ਜਾਏ। ੮ ਅਡੋਲ ਗੁਰਮਤ ਲੈ ਕੇ ਅਡੋਲ [ਹੋ ਜਾਂਦਾ ਹੈ]।

Digitized by Panjab Digital Library | www.panjabdigilib.org

# ਵਾਰ ੧੯.

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਮੰਗਲਾਚਰਣ]

[੧]ਗੁਰਮੁਖਿ ਏਕੰਕਾਰੁ ਆਪਿ ਉਪਾਇਆ।
[੨]ਓਅੰਕਾਰਿ ਅਕਾਰੁ ਪਰਗਟੀ ਆਇਆ।
ਪੰਜ ਤਤ ਵਿਸਥਾਰੁ ਚਲਤੁ ਰਚਾਇਆ।
ਖਾਣੀ ਬਾਣੀ ਚਾਰਿ ਜਗਤੁ ਉਪਾਇਆ।
ਕੁਦਰਤਿ ਅਗਮ ਅਪਾਰੁ ਅੰਤੁ ਨ ਪਾਇਆ।
ਸਚੁ ਨਾਉ ਕਰਤਾਰੁ [੩]ਸਚਿ ਸਮਾਇਆ ॥ ੧ ॥

## ਪਉੜੀ ੨

[ਚੌਰਾਸੀ ਲੱਖ ਜੂਨ ਵਿਚ ਉੱਤਮ ਜਨਮ]

ਲਖ ਚਉਰਾਸੀਹ ਜੂਨ ਫੇਰਿ[੪] ਫਿਰਾਇਆ।
ਮਾਣਸ ਜਨਮੁ ਦੁਲੰਭ ਕਰਮੀ ਪਾਇਆ।
ਉਤਮੁ ਗੁਰਮੁਖਿ ਪੰਥੁ ਆਪੁ ਗਵਾਇਆ।
ਸਾਧ ਸੰਗਤਿ ਰਹਰਾਸਿ[੫] ਪੈਰੀ ਪਾਇਆ।
ਨਾਮੁ ਦਾਨੁ ਇਸਨਾਨੁ ਸਚੁ ਦਿੜਾਇਆ।
ਸਬਦੁ ਸੁਰਤਿ ਲਿਵਲੀਣੁ ਭਾਣਾ ਭਾਇਆ ॥ ੨ ॥

---

੧ ਗੁਰਮੁਖ ਸਤਿਗੁਰੂ ਅਰਥਾਤ ਗੁਰੂ ਨਾਨਕ ਦੇਵ। ੨ ਵਾਹਿਗੁਰੂ ਨੇ (ਮਾਨੋ ਆਪਣਾ) ਸਰੀਰ ਹੀ ਪ੍ਰਗਟ ਕੀਤਾ ਹੈ। ੩ [ਸਚੁ] ਪਰਮਾਤਮਾ (ਵਿਚ) ਸਮਾ ਰਿਹਾ ਹੈ। ੪ ਚੱਕਰ। ੫ ਮਰਯਾਦਾ।

Digitized by Panjab Digital Library | www.panjabdigilib.org

## ਪਉੜੀ ੩

[ਚੱਲਣ ਜੁਗਤ (ਪਰਾਹੁਣਾ)]

ਗੁਰਮੁਖਿ ਸੁਘੜ ਸੁਜਾਣੁ ਗੁਰ ਸਮਝਾਇਆ।
[੧]ਮਿਹਮਾਣੀ ਮਿਹਮਾਣੁ ਮਜਲਸਿ ਆਇਆ।
ਖਾਵਾਲੇ ਸੋ ਖਾਣੁ ਪੀਐ ਪੀਆਇਆ।
ਕਰੈ ਨ ਗਰਬੁ ਗੁਮਾਣੁ ਹਸੈ ਹਸਾਇਆ।
ਪਾਹੁਨੜਾ ਪਰਵਾਣੁ ਕਾਜੁ ਸੁਹਾਇਆ।
ਮਜਲਸ ਕਰਿ ਹੈਰਾਣੁ ਉਠਿ ਸਿਧਾਇਆ ॥ ੩ ॥

## ਪਉੜੀ ੪

[ਚੱਲਣ ਜੁਗਤ (ਗੋਇਲ)]

ਗੋਇਲੜਾ[੨] ਦਿਨ ਚਾਰਿ ਗੁਰਮੁਖਿ ਜਾਣੀਐ।
ਮੰਝੀ ਲੈ ਮਿਹਵਾਰਿ[੩] ਚੋਜ ਵਿਡਾਣੀਐ।
[੪]ਵਰਸੈ ਨਿਝਰ ਧਾਰਿ ਅੰਮ੍ਰਿਤ ਵਾਣੀਐ।
[੫]ਵੰਝੁਲੀਐ ਝੀਗਾਰਿ ਮਜਲਸ ਮਾਣੀਐ।
ਗਾਵਨਿ ਮਾਝ ਮਲਾਰਿ ਸੁਘੜੁ ਸੁਜਾਣੀਐ।
[੬]ਹਉਮੈ ਗਰਬੁ ਨਿਵਾਰਿ ਮਨਿ ਵਸਿ ਆਣੀਐ।
ਗੁਰਮੁਖਿ ਸਬਦੁ ਵੀਚਾਰਿ ਸਚਿ ਸਿਵਾਣੀਐ ॥ ੪ ॥

## ਪਉੜੀ ੫

[ਚਲਣ ਜੁਗਤ (ਸਰਾਂ ਦਾ ਵਾਸੀ]

[੭]ਵਾਟ ਵਟਾਊ ਰਾਤਿ ਸਰਾਈਂ ਵਸਿਆ।
ਉਠ ਚਲਿਆ ਪਰਭਾਤਿ ਮਾਰਗਿ ਦਸਿਆ।

---

੧ ਪ੍ਰਾਹੁਣਚਾਰੀ ਵਿਚ ਪ੍ਰਾਹੁਣਾ ਰੂਪ ਹੋ ਕੇ ਸੰਸਾਰ ਰੂਪ ਮਜਲਸ ਵਿਚ ਆਇਆ ਹੈ। ੨ ਗੋਇਲਵਾਸਾ (ਜਿਥੇ ਗੁਜਰ ਮਾਲ ਚਾਰਨ ਲਈ ਕੁਝ ਸਮਾਂ ਬਾਹਰ ਜਾ ਕੇ ਰਹਿੰਦੇ ਹਨ)। ੩ ਮਹੀਂਵਾਲ (ਮਝਾਂ ਚਾਰਨ ਵਾਲਾ)। ੪ ਇਕ ਰਸ ਮੀਂਹ ਦੀ ਧਾਰ ਵਰਸਦੀ ਹੈ, ਅੰਮ੍ਰਿਤ (ਵਾਣੀਐ) ਜਿਹੀ। ੫ ਬੰਸਰੀ ਦੀ ਧੁਨੀ ੬ [ਗੁਰਮੁਖ ਭੀ ਗੁਜਰਾਂ ਵਾਂਗ ਜਗਤ ਨੂੰ ਗੋਇਲਵਾਸਾ ਜਾਣਕੇ] ਹਉਮੈ [ਅਹੰਕਾਰ] ਤਿਆਗਦੇ ਹਨ। ੭ ਰਾਹ ਦਾ ਮੁਸਾਫਿਰ।

Digitized by Panjab Digital Library | www.panjabdigilib.org

ਨਾਹਿ ਪਰਾਈ ਤਾਤਿ[1] ਨ ਚਿਤਿ ਰਹਸਿਆ[2]।
ਮੁਏ ਨ ਪੁਛੈ ਜਾਤਿ ਵਿਵਾਹਿ ਨ ਹਸਿਆ।
ਦਾਤਾ ਕਰੇ ਜੁ ਦਾਤਿ ਨ ਭੁਖਾ ਤਸਿਆ।
ਗੁਰਮੁਖਿ ਸਿਮਰਣੁ ਵਾਤਿ[3] ਕਮਲ ਵਿਗਸਿਆ ॥ ੫

## ਪਉੜੀ ੬

[ਚੱਲਣ ਜੁਗਤ]

ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ।
[4]ਤਾਰੇ ਜਾਤਿ ਸਨਾਤਿ ਅੰਬਰਿ ਭਾਲੀਅਨਿ।
ਫੁਲਾਂ ਦੀ ਬਾਗਾਤਿ [5]ਚੁਣਿ ਚੁਣਿ ਚਾਲੀਅਨਿ।
[6]ਤੀਰਥਿ ਜਾਤੀ ਜਾਤਿ ਨੈਣ ਨਿਹਾਲੀਅਨਿ।
[7]ਹਰਿ ਚੰਦਉਰੀ ਝਾਤਿ ਵਸਾਇ ਉਚਾਲੀਅਨਿ।
ਗੁਰਮੁਖਿ ਸੁਖ ਫਲ ਦਾਤਿ [8]ਸਬਦਿ ਸਮ੍ਹਾਲੀਅਨਿ ॥੬॥

## ਪਉੜੀ ੭

[ ਚਲਣ ਜੁਗਤ (ਪੇਕਾ) ]

ਗੁਰਮੁਖਿ ਮਨਿ ਪਰਗਾਸੁ ਗੁਰਿ ਉਪਦੇਸਿਆ।
[9]ਪੇਈਅੜੈ ਘਰਿ ਵਾਸੁ ਮਿਟੈ ਅੰਦੇਸਿਆ।
ਆਸਾ ਵਿਚਿ ਨਿਰਾਸੁ ਗਿਆਨੁ ਅਵੇਸਿਆ[10]।

---

੧ ਈਰਖਾ। ੨ ਖੁਸ਼ੀ। ੩ ਮੁਖ ਦੁਆਰਾ। ੪ ਜਾਤ ਕੁਜਾਤ ਦੇ ਨਿੱਕੇ ਵੱਡੇ ਤਾਰੇ। ੫ ਚੁਣ ਚੁਣ ਕੇ ਤੋੜ ਲਏ ਜਾਂਦੇ ਹਨ। ੬ ਤੀਰਥਪੁਰ ਯਾਤਰੀ ਜਾਂਦੇ ਅੱਖੀਂ ਵੇਖਦੇ ਹਾਂ। ੭ [ਜਿਵੇਂ] ਹਰਿਚੰਦਉਰੀ ਦੇ ਨਗਰ ਦਾ [ਨਜ਼ਾਰਾ] [ਰਾਤ ਨੂੰ] ਵਸਾ ਕੇ [ਦਿਨ ਨੂੰ] ਚੁਕ ਲਿਆ ਜਾਂਦਾ ਹੈ। ੮ ਸ਼ਬਦ ਦੀ ਸੰਭਾਲ ਕਰਦੇ ਹਨ [ਸਿਮਰਨ ਕਰਦੇ ਹਨ]। ੯ ਸੰਸਾਰ ਨੂੰ ਪੇਕਾ ਘਰ [ਸਮਝ ਕੇ ਉਦਾਸ ਰਹਿੰਦੇ ਹਨ)। ੧੦ ਪ੍ਰਵੇਸ਼ ਕੀਤਾ ਹੈ।

Digitized by Panjab Digital Library | www.panjabdigilib.org

[1]ਸਾਧ ਸੰਗਤਿ ਰਹਰਾਸਿ ਸਬਦਿ ਸੰਦੇਸਿਆ।
ਗੁਰਮੁਖਿ ਦਾਸਨਿ ਦਾਸ ਮਤਿ[2] ਪਰਵੇਸਿਆ।
ਸਿਮਰਣ ਸਾਸ ਗਿਰਾਸ ਦੇਸ ਵਿਦੇਸਿਆ ॥ ੭ ॥

## ਪਉੜੀ ੮

[ਚੱਲਣ ਜੁਗਤ (ਬੇੜੀ ਪੂਰ, ਸਪਨਾ ਜਾਂ ਛਾਇਆ ਵਾਂਗ)]

ਨਦੀ ਨਾਵ ਸੰਜੋਗੁ[3] ਮੇਲੁ ਮਿਲਾਇਆ।
ਸੁਹਣੇ[4] ਅੰਦਰਿ ਭੋਗੁ ਰਾਜੁ ਕਮਾਇਆ।
ਕਦੇ ਹਰਖੁ ਕਦੇ ਸੋਗੁ ਤਰਵਰ[5] ਛਾਇਆ।
ਕਟੈ ਹਉਮੈ ਰੋਗੁ ਨ ਆਪੁ ਗਣਾਇਆ।
ਘਰ ਹੀ ਅੰਦਰਿ ਜੋਗੁ ਗੁਰਮੁਖਿ ਪਾਇਆ।
ਹੋਵਣਹਾਰ ਸੁ ਹੋਗੁ ਗੁਰ ਸਮਝਾਇਆ ॥ ੮ ॥

## ਪਉੜੀ ੯

[ ਚੱਲਣ ਜੁਗਤ (ਅਚਾਹਤਾ) ]

ਗੁਰਮੁਖਿ ਸਾਧੂ ਸੰਗੁ ਚਲਣੁ ਜਾਣਿਆ।
[6]ਚੇਤਿ ਬਸੰਤੁ ਸੁਰੰਗੁ ਸਭ ਰੰਗ ਮਾਣਿਆ।
[7]ਸਾਵਣ ਲਹਰਿ ਤਰੰਗ ਨੀਰੁ ਨੀਵਾਣਿਆ।
ਸਜਣ ਮੇਲੁ ਸੁ ਢੰਗ[8] ਚੋਜ ਵਿਡਾਣਿਆ।
ਗੁਰਮੁਖਿ ਪੰਥੁ ਨਿਪੰਗੁ[9] ਦਰਿ ਪਰਵਾਣਿਆ।
[10]ਗੁਰਮਤਿ ਮੇਲੁ ਅਭੰਗੁ ਸਤਿ ਸੁਹਾਣਿਆ ॥ ੯ ॥

---

੧ ਸਾਧ ਸੰਗਤ ਦੀ ਮਰਯਾਦਾ ਵਿਚ [ਰਹਿਕੇ] ਸ਼ਬਦ ਦੇ ਸੁਨੇਹੇ [ਸਭ ਨੂੰ ਦੇਂਦੇ ਹਨ]। ੨ ਆਤਮਕ ਬੁਧੀ। ੩ ਪੂਰ। ੪ ਸੁਪਨੇ। ੫ ਦਰੱਖਤ। ੬ [ਚੇਤ ਬਸੰਤ] ਬਹਾਰ ਦੀ ਰੁਤ ਦੇ ਆਨੰਦ। ੭ ਸਾਵਣ ਦੀਆਂ ਲਹਿਰਾਂ ਦੇ ਤਰੰਗਾਂ ਵਾਂਗ [ਅਨੰਦ ਵਿਚ ਰਹਿੰਦੇ ਹਨ] ਤੇ ਪਾਣੀ ਵਾਂਗ ਨੀਵੇਂ [ਨਿਮਰਤਾ ਵਾਲੇ] ਹੁੰਦੇ ਹਨ। ੮ ਚੰਗੇ ਢੰਗ ਵਾਲਾ। ੯ ਚਿੱਕੜ ਰਹਿਤ, ਭਾਵ ਸ਼ੁਧ। ੧੦ ਗੁਰੂ ਦੀ ਸਿਖਿਆ ਦਾ ਮਿਲਾਪ ਹੋਣ ਨਾਲ ਇਕ ਰਸ ਸਤਿ ਤੇ ਸੁੰਦਰ ਰੂਪ [ਨੂੰ ਜਾਣ ਲੈਂਦੇ ਹਨ]।

Digitized by Panjab Digital Library | www.panjabdigilib.org

## ਪਉੜੀ ੧੦

[ਜਨਮ ਦੀ ਸਫਲਤਾ]

ਗੁਰਮੁਖਿ ਸਫਲ ਜਨੰਮੁ ਜਗਿ ਵਿਚ ਆਇਆ।
ਗੁਰਮਤਿ [1]ਪੂਰ ਕਰੰਮ ਆਪੁ ਗਵਾਇਆ।
ਭਾਉ ਭਗਤਿ ਕਰਿ ਕੰਮੁ ਸੁਖ ਫਲ ਪਾਇਆ।
ਗੁਰ ਉਪਦੇਸੁ ਅਗੰਮੁ[2] ਰਿਦੈ ਵਸਾਇਆ।
[3]ਧੀਰਜੁ ਧੁਜਾ ਧਰੰਮੁ ਸਹਜਿ ਸੁਭਾਇਆ।
ਸਹੈ ਨ ਦੂਖ ਸਹੰਮੁ[4] ਭਾਣਾ ਭਾਇਆ॥ ੧੦॥

## ਪਉੜੀ ੧੧

[ਗੁਰਮੁਖ ਮਨ]

ਗੁਰਮੁਖਿ ਦੁਰਲਭ ਦੇਹ ਅਉਸਰੁ ਜਾਣਦੇ।
ਸਾਧ ਸੰਗਤਿ ਅਸਨੇਹ[5] ਸਭ ਰੰਗ ਮਾਣਦੇ।
ਸਬਦ ਸੁਰਤਿ ਲਿਵਲੇਹ[6] ਆਖਿ ਵਖਾਣਦੇ।
ਦੇਹੀ ਵਿਚਿ [7]ਬਿਦੇਹ ਸਚੁ ਸਿਞਾਣਦੇ।
[8]ਦੁਬਿਧਾ ਓਹੁ ਨ ਏਹੁ ਇਕੁ ਪਛਾਣਦੇ।
ਚਾਰਿ ਦਿਹਾੜੇ ਥੇਹੁ[9] ਮਨ ਵਿਚਿ ਆਣਦੇ॥ ੧੦॥

## ਪਉੜੀ ੧੨

[ ਗੁਰਮੁਖਾਂ ਦੀ ਦੁਰਲੱਭਤਾ ]

ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।
ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।
ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।

---

੧ ਪੂਰੇ ਕਰਮਾਂ ਕਰਕੇ। ੨ ਨਾ ਜਾਣਿਆ ਜਾਣ ਵਾਲਾ। ੩ ਧੀਰਜ ਤੇ ਧਰਮ ਦਾ ਨਿਸ਼ਾਨ। ੪ ਸਹਿਮ, ਭੈ, ਕਸ਼ਟ। ੫ ਪਿਆਰ। ੬ ਰਸ। ੭ ਬਿਦੇਹ ਸੱਚ [ਪ੍ਰਭੂ] ਨੂੰ ਪਛਾਣ ਲੈਂਦੇ ਹਨ। ੮ ਉਹ [ਇਹ] ਲੋਕ ਤੇ [ਉਹ] ਪਰਲੋਕ ਦੀ ਦੁਬਿਧਾ ਵਿਚ ਨਹੀਂ ਪੈਂਦੇ। ੯ ਸੰਸਾਰ ਰੂਪ ਥੇਹ।

Digitized by Panjab Digital Library | www.panjabdigilib.org

ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ।
ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ[1]।
ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ ॥ ੧੨ ॥

## ਪਉੜੀ ੧੩
(ਗੁਰਮੁਖ ਕਰਨੀ)

ਗੁਰਮੁਖਿ ਆਪੁ ਗਵਾਇ ਆਪੁ ਪਛਾਣਿਆ।
ਗੁਰਮੁਖਿ ਸਤਿ ਸੰਤੋਖੁ ਸਹਜਿ ਸਮਾਣਿਆ।
ਗੁਰਮੁਖਿ ਧੀਰਜੁ ਧਰਮੁ ਦਇਆ ਸੁਖੁ ਮਾਣਿਆ।
ਗੁਰਮੁਖਿ ਅਰਥ ਵੀਚਾਰਿ ਸਬਦੁ ਵਖਾਣਿਆ।
ਗੁਰਮੁਖਿ ਹੋਂਦੇ ਤਾਣ ਰਹੈ ਨਿਤਾਣਿਆ।
ਗੁਰਮੁਖਿ ਦਰਗਹ ਮਾਣੁ ਹੋਇ ਨਿਮਾਣਿਆ ॥ ੧੩ ॥

## ਪਉੜੀ ੧੪
(ਗੁਰਮੁਖ ਰਜ਼ਾ ਦੇ ਪੁਤਲੇ)

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।
ਸਚੀ ਦਰਗਹ ਜਾਇ [2]ਸਚਾ ਪਿੜ ਮਲਿਆ।
[3]ਗੁਰਮੁਖਿ ਭੋਜਨੁ ਭਾਉ ਚਾਉ ਅਲਲਿਆ।
ਗੁਰਮੁਖਿ ਨਿਹਚਲੁ ਚਿਤੁ[4] ਨ ਹਲੈ ਹਲਿਆ।
ਗੁਰਮੁਖਿ ਸਚੁ ਅਲਾਉ[5] [6]ਭਲੀ ਹੂ ਭਲਿਆ।
ਗੁਰਮੁਖਿ ਸਦੇ ਜਾਨਿ ਆਵਨਿ ਘਲਿਆਂ ॥ ੧੪ ॥

---

੧ ਚੰਗਾ ਲਗਦਾ ਹੈ। ੨ ਨਿਜ ਸਰੂਪ ਦਾ ਸੱਚਾ ਪਿੜ ਮਲਦੇ ਹਨ। ੩ ਗੁਰਮੁਖਾਂ ਦਾ ਪ੍ਰੇਮ ਦਾ ਭੋਜਨ ਹੈ ਤੇ (ਚਾਉ) ਅਨੰਦ ਟਿਕਾਉ ਹੈ। ੪ ਹਿਲਾਇਆਂ ਹਿਲਦਾ ਨਹੀਂ। ੫ ਕਹਿਣਾ। ੬ ਚੰਗੇ ਤੋਂ ਚੰਗਾ।

Digitized by Panjab Digital Library | www.panjabdigilib.org

## ਪਉੜੀ ੧੫

(ਗੁਰਮੁਖ ਦੇ ਗੁਣ)

[1]ਗੁਰਮੁਖਿ ਸਾਧਿ ਅਸਾਧੁ ਸਾਧੁ ਵਖਾਨੀਐ।
ਗੁਰਮੁਖਿ ਬੁਧਿ ਬਿਬੇਕ ਬਿਬੇਕੀ ਜਾਣੀਐ।
ਗੁਰਮੁਖਿ ਭਾਉ ਭਗਤਿ ਭਗਤੁ ਪਛਾਣੀਐ।
ਗੁਰਮੁਖਿ ਬ੍ਰਹਮ ਗਿਆਨੁ [2]ਗਿਆਨੀ ਬਾਣੀਐ।
ਗੁਰਮੁਖਿ ਪੂਰਣ ਮਤਿ [3]ਸਬਦਿ ਨੀਸਾਣੀਐ।
ਗੁਰਮੁਖਿ[4] ਪਉੜੀ ਪਤਿ ਪਿਰਮ ਰਸੁ ਮਾਣੀਐ ॥੧੫॥

## ਪਉੜੀ ੧੬

(ਗੁਰਮੁਖ ਤੋਂ ਲਾਭ)

ਸਚੁ ਨਾਉ ਕਰਤਾਰ ਗੁਰਮੁਖਿ ਪਾਈਐ।
ਗੁਰਮੁਖਿ[5] ਓਅੰਕਾਰੁ ਸਬਦਿ ਧਿਆਈਐ।
ਗੁਰਮੁਖਿ ਸਬਦੁ ਵੀਚਾਰੁ ਸਦਾ ਲਿਵ ਲਾਈਐ।
ਗੁਰਮੁਖਿ ਸਚੁ ਅਚਾਰੁ[6] ਸਚੁ ਕਮਾਈਐ।
ਗੁਰਮੁਖਿ ਮੋਖ ਦੁਆਰੁ ਸਹਜਿ ਸਮਾਈਐ।
ਗੁਰਮੁਖਿ ਨਾਮੁ ਅਧਾਰੁ ਨ ਪਛੋਤਾਈਐ ॥ ੧੬ ॥

## ਪਉੜੀ ੧੭

(ਗੁਰਮੁਖ ਤੋਂ ਲਾਭ)

ਗੁਰਮੁਖਿ ਪਾਰਸੁ ਪਰਸਿ ਪਾਰਸੁ ਹੋਈਐ।
[7]ਗੁਰਮੁਖਿ ਹੋਇ ਅਪਰਸੁ ਦਰਸੁ ਅਲੋਈਐ।
ਗੁਰਮੁਖਿ ਬ੍ਰਹਮ ਧਿਆਨੁ ਦੁਬਿਧਾ ਖੋਈਐ।

---

੧ ਗੁਰਮੁਖਾਂ ਨੇ ਅਸਾਧ ਮਨ ਨੂੰ ਸਾਧ ਲਿਆ ਹੈ, ਇਸੇ ਲਈ ਸਾਧੂ ਕਹੇ ਜਾਂਦੇ ਹਨ। ੨ (ਇਨ੍ਹਾਂ ਦੀ) ਗਿਆਨ ਰੂਪ ਬਾਣੀ ਹੈ। ੩ ਉਹਨਾਂ ਦੇ ਸ਼ਬਦ ਹੀ ਨਿਸ਼ਾਨੀ ਹੈ। ੪ ਸਤਿਕਾਰ ਦੀ ਪਉੜੀ (ਭਗਤੀ) ਪੁਰ ਚੜ੍ਹ ਕੇ। ੫ ਗੁਰੂ ਦੁਆਰਾ। ੬ ਕਰਨੀ। ੭ ਗੁਰਮੁਖ (ਕੁਸੰਗ ਤੋਂ) ਅਪਰਸ (ਨਿਰਲੇਪ) ਰਹਿ ਕੇ ਦਰਸ਼ਨ ਦੇਖ ਲੈਂਦੇ ਹਨ। ੮ ਦ੍ਵੈਤ।

Digitized by Panjab Digital Library | www.panjabdigilib.org

ਗੁਰਮੁਖਿ ਪਰਧਨ ਰੂਪ ਨਿੰਦ ਨ ਗੋਈਐ।
ਗੁਰਮੁਖਿ ਅੰਮ੍ਰਿਤੁ ਨਾਉ ਸਬਦੁ ਵਿਲੋਈਐ[2]।
ਗੁਰਮੁਖਿ ਹਸਦਾ ਜਾਇ ਅੰਤ ਨ ਰੋਈਐ॥ ੧੭ ॥

## ਪਉੜੀ ੧੮

[ਗੁਰਮੁਖ ਦਾ ਸਰੂਪ]

ਗੁਰਮੁਖਿ ਪੰਡਿਤੁ ਹੋਇ ਜਗ ਪਰਬੋਧੀਐ[3]।
ਗੁਰਮੁਖਿ ਆਪੁ ਗਵਾਇ ਅੰਦਰੁ ਸੋਧੀਐ।
ਗੁਰਮੁਖਿ ਸਤੁ ਸੰਤੋਖੁ ਨ ਕਾਮੁ ਕਰੋਧੀਐ।
ਗੁਰਮੁਖਿ ਹੈ ਨਿਰਵੈਰੁ ਨ ਵੈਰ ਵਿਰੋਧੀਐ।
[4]ਚਹੁ ਵਰਨਾ ਉਪਦੇਸੁ ਸਹਜਿ ਸਮੋਧੀਐ।
ਧੰਨੁ ਜਣੇਦੀ ਮਾਉ ਜੋਧਾ ਜੋਧੀਐ॥ ੧੮ ॥

## ਪਉੜੀ ੧੯

[ਬੇਪਰਵਾਹ ਗੁਰਮੁਖ]

[6]ਗੁਰਮੁਖਿ ਸਤਿਗੁਰ ਵਾਹ ਸਬਦਿ ਸਲਾਹੀਐ।
[7]ਗੁਰਮੁਖਿ ਸਿਫਤਿ ਸਲਾਹ ਸਚੀ ਪਤਿਸਾਹੀਐ।
ਗੁਰਮੁਖਿ ਸਚੁ ਸਨਾਹੁ[8] ਦਾਦਿ ਇਲਾਹੀਐ।
ਗੁਰਮੁਖਿ ਗਾਡੀ ਰਾਹੁ [9]ਸਾਚਿ ਨਿਬਾਹੀਐ।
[10]ਗੁਰਮੁਖਿ ਮਤਿ ਅਗਾਹੁ ਗਾਹਣਿ ਗਾਹੀਐ।
[11]ਗੁਰਮੁਖਿ ਬੇਪਰਵਾਹ ਨ ਬੇਪਰਵਾਹੀਐ॥ ੧੯ ॥

---

੧ ਗੁਰਮੁਖ ਪਰਾਇਆ ਧਨ ਤੇ ਪਰ ਇਸਤ੍ਰੀ ਦਾ ਰੂਪ (ਨਹੀਂ ਵੇਖਦੇ) ਅਤੇ ਪਰਾਈ ਨਿੰਦਾ ਨਹੀਂ ਕਰਦੇ। ੨ ਰਿੜਕਦੇ, ਭਾਵ ਵਿਚਾਰਦੇ ਹਨ। ੩ ਗਿਆਨ ਦੇਂਦੇ ਹਨ। ੪ ਚੌਹਾਂ ਵਰਨਾਂ ਨੂੰ ਉਪਦੇਸ਼ ਦੇ ਕੇ ਸ਼ਾਂਤ ਪਦ ਵਿਚ ਸਮਾਂ ਦੇਂਦੇ। ੫ ਜੋਧਿਆਂ ਵਿਚੋਂ ਜੋਧਾ। ੬ ਗੁਰਮੁਖ ਵਾਹਿਗੁਰੂ ਸ਼ਬਦ ਨੂੰ ਸਲਾਹੁੰਦੇ ਹਨ। ੭ ਗੁਰਮੁਖਾਂ ਨੂੰ ਸਿਫਤ ਸਾਲਾਹ ਦੀ ਸੱਚੀ ਪਾਤਸ਼ਾਹੀ ਮਿਲੀ ਹੈ। ੮ ਸੰਜੋਅ। ੯ ਸੱਚ (ਸਰੂਪ) ਤਕ ਨਿਬਾਹੀਐ) ਪਹੁੰਚਾ ਦੇਂਦੀ ਹੈ। ੧੦ ਗਰਮੁਖਾਂ ਦੀ ਡੂੰਘੀ ਮਤਿ ਹੈ, ਪਕੜ ਵਿਚ ਨਹੀਂ ਆਉਂਦੀ। ੧੧ ਗੁਰਮੁਖ [ਸੰਸਾਰ ਵਲੋਂ] ਬੇਪਰਵਾਹ ਹਨ, ਪਰ ਵਾਹਿਗੁਰੂ ਵਲੋਂ ਬੇਪ੍ਰਵਾਹ ਨਹੀਂ।

Digitized by Panjab Digital Library | www.panjabdigilib.org

## ਪਉੜੀ ੨੦

[ਗੰਭੀਰ ਤੇ ਅਡੋਲ ਗੁਰਮੁਖ]

ਗੁਰਮੁਖਿ ਪੂਰਾ ਤੋਲੁ [੧]ਨ ਤੋਲਣਿ ਤੋਲੀਐ।
ਗੁਰਮੁਖਿ ਪੂਰਾ ਬੋਲ [੨]ਨ ਬੋਲਣਿ ਬੋਲੀਐ।
ਗੁਰਮੁਖਿ ਮਤਿ ਅਡੋਲ [੩]ਨ ਡੋਲਣਿ ਡੋਲੀਐ।
ਗੁਰਮੁਖਿ ਪਿਰਮ ਅਮੋਲ [੪]ਨ ਮੋਲਣਿ ਮੋਲੀਐ।
ਗੁਰਮੁਖਿ ਪੰਥ ਨਿਰੋਲੁ [੫]ਨ ਰੋਲਣਿ ਰੋਲੀਐ।
[੬]ਗੁਰਮੁਖਿ ਸਬਦੁ ਅਲੋਲੁ ਪੀ ਅੰਮ੍ਰਿਤੁ ਝੋਲੀਐ ॥ ੨੦ ॥

## ਪਉੜੀ ੨੧

{ਗੁਰਮੁਖ ਨਿਜ ਸਰੂਪ ਵਿਚ ਨਿਹਚਲ ਹੋਏ ਹਨ}

ਗੁਰਮੁਖਿ [੭]ਸੁਖਫਲ ਪਾਇ ਸਭ ਫਲ ਪਾਇਆ।
[੮]ਰੰਗੁ ਸੁਰੰਗ ਚੜਾਇ ਸਭ ਰੰਗ ਲਾਇਆ।
[੯]ਗੰਧ ਸੁਗੰਧਿ ਸਮਾਇ ਬੋਹਿ ਬੁਹਾਇਆ।
ਅੰਮ੍ਰਿਤਰਸ ਤ੍ਰਿਪਤਾਇ ਸਭ ਰਸ ਆਇਆ।
ਸਬਦ ਸੁਰਤਿ ਲਿਵਲਾਇ ਅਨਹਦ ਵਾਇਆ।
ਨਿਜ ਘਰਿ ਨਿਹਚਲ ਜਾਇ ਦਹਦਿਸ ਧਾਇਆ॥੨੧॥੧੯॥

---

੧ ਕਿਸੇ (ਤੋਲਨ) ਤੱਕੜੀ ਪੁਰ ਤੋਲਿਆ ਨਹੀਂ ਜਾ ਸਕਦਾ। ੨ ਵਿਅਰਥ ਬੋਲਣ ਨਹੀਂ ਬੋਲਦਾ। ੩ (ਕਿਸੇ ਦੇ) ਡੁਲਾਉਣ ਤੋਂ ਡੋਲਦਾ ਨਹੀਂ। ੬ ਕਿਸੇ ਕੀਮਤ ਨਾਲ ਮੁਲ ਨਹੀਂ ਪਾਇਆ ਜਾ ਸਕਦਾ। ੫ ਰੁਲਾਇਆਂ ਰੁਲਦਾ ਨਹੀਂ। ੪ ਗੁਰਮੁਖਾਂ ਦਾ ਸ਼ਬਦ ਸਥਿਰ ਹੈ, ਉਹ ਨਿਤਾਰ ਕੇ ਅੰਮ੍ਰਿਤ ਪੀਂਦੇ ਹਨ। ੭ ਆਤਮ ਗਿਆਨ ਰੂਪੀ। ੮ (ਗੁਰਮੁਖ) ਰੰਗਾਂ ਵਿਚੋਂ (ਵਾਹਿਗੁਰੂ ਦੇ ਪ੍ਰੇਮ ਦਾ) ਸੁੰਦਰ ਰੰਗ ਚੜ੍ਹ ਜਾਣ ਕਰਕੇ ਸਾਰੇ ਰੰਗ ਮਾਣ ਲਏ, ਅਨੁਭਵ ਕਰਦੇ ਹਨ। ੯ ਖੁਸ਼ਬੂਆਂ ਵਿਚੋਂ ਸ੍ਰੇਸ਼ਟ ਪਰਉਪਕਾਰ ਦੀ ਸੁਗੰਧੀ ਉਹਨਾਂ ਵਿਚ ਸਮਾ ਗਈ ਹੈ ਤੇ ਇਸੇ ਨਾਲ (ਉਹ) ਸਭ ਨੂੰ ਸੁਗੰਧਿਤ ਕਰਦੇ ਹਨ।

Digitized by Panjab Digital Library | www.panjabdigilib.org

# ਵਾਰ ੨੦

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ ਮੰਗਲਾਚਰਣ –(ਗੁਰੂ ਵਰਣਨ) ]

ਸਤਿਗੁਰ ਨਾਨਕ ਦੇਉ ਆਪੁ ਉਪਾਇਆ ।
ਗੁਰ ਅੰਗਦੁ ਗੁਰ ਸਿਖੁ [1]ਬਬਾਣੇ ਆਇਆ ।
ਗੁਰ ਸਿਖੁ ਹੈ ਗੁਰ ਅਮਰੁ ਸਤਿਗੁਰ ਭਾਇਆ ।
ਰਾਮਦਾਸੁ ਗੁਰ ਸਿਖੁ ਗੁਰ ਸਦਵਾਇਆ ।
ਗੁਰ ਅਰਜਨੁ ਗੁਰ ਸਿਖੁ ਪਰਗਟੀ ਆਇਆ ।
ਗੁਰ ਸਿਖੁ ਹਰਿ ਗੋਵਿੰਦੁ ਨ ਲੁਕੈ ਲੁਕਾਇਆ ॥ ੧ ॥

## ਪਉੜੀ ੨

{ਸਾਰੇ ਗੁਰੂਆਂ ਵਿਚ ਇਕ ਜੋਤ}

[1]ਗੁਰਮੁਖਿ ਪਾਰਸੁ ਹੋਇ [2]ਪੂਜ ਕਰਾਇਆ ।
[3]ਅਸਟ ਧਾਤੁ ਇਕੁ ਧਾਤੁ ਜੋਤਿ ਜਗਾਇਆ ।
ਬਾਵਨ ਚੰਦਨੁ ਹੋਇ ਬਿਰਖੁ ਬੋਹਾਇਆ ।
[4]ਗੁਰਸਿਖੁ ਸਿਉ ਗੁਰ ਹੋਇ ਅਚਰਜੁ ਦਿਖਾਇਆ ।
ਜੋਤੀ ਜੋਤਿ ਜਗਾਇ ਦੀਪੁ ਦੀਪਾਇਆ ।
[5]ਨੀਰੇ ਅੰਦਰਿ ਨੀਰੁ ਮਿਲੈ ਮਿਲਾਇਆ ॥ ੨ ॥

---

੧ ਬਾਬੇ [ਗੁਰੂ ਜੀ] ਦੀ ਪੀੜ੍ਹੀ [ਖਾਨਦਾਨ] ਵਿਚ ਆ ਗਿਆ, ਅਰਥਾਤ ਗੁਰੂਆਂ ਦੀ ਪਰੰਪਰਾ ਵਿਚ ਗਿਣਿਆ ਜਾਣ ਲਗਾ । ੨ [ਸਿਖਾਂ ਨੂੰ] ਪੂਜਣ ਯੋਗ ਕਰ ਦੇਂਦੇ ਹਨ । ੩ ਸਭ ਵਰਨਾਂ ਤੇ ਜਾਤੀਆਂ ਦੇ ਲੋਕਾਂ ਨੂੰ ਇਕ ਧਾਤ [ਗੁਰਮੁਖ] ਬਣਾ ਲੈਂਦੇ ਹਨ ਤੇ ਉਹਨਾਂ ਦੇ ਹਿਰਦਿਆਂ ਵਿਚ ਜੋਤਿ ਜਗਾ ਦੇਂਦੇ ਹਨ । ੪ ਪਹਿਲਾਂ ਗੁਰਸਿਖ ਹੋ ਕੇ, ਸਿਖ ਤੋਂ ਗੁਰੂ ਹੋ ਜਾਂਦੇ ਹਨ । ਪਾਣੀ (ਵਾਹਿਗੁਰੂ) ਅੰਦਰ ਪਾਣੀ ਹੋ ਕੇ ਮਿਲ ਭੀ ਜਾਂਦੇ ਹਨ ਤੇ ਹੋਰਨਾਂ ਨੂੰ ਭੀ ਮਿਲਾ ਲੈਂਦੇ ਹਨ ।

Digitized by Panjab Digital Library | www.panjabdigilib.org

## ਪਉੜੀ ੩

{ਗੁਰਮੁਖ ਦੀ ਮਹਿਮਾ}

ਗੁਰਮੁਖਿ ਸਫਲੁ ਜਨੰਮੁ ਸਤਿਗੁਰੁ ਪਾਇਆ।
ਗੁਰਮੁਖਿ ਪੂਰ ਕਰੰਮੁ ਸਰਣੀ ਆਇਆ।
ਸਤਿਗੁਰ ਪੈਰੀ ਪਾਇ [1]ਨਾਉ ਦਿੜਾਇਆ।
ਘਰ ਹੀ ਵਿਚਿ ਉਦਾਸੁ ਨ ਵਿਆਪੈ ਮਾਇਆ।
ਗੁਰ ਉਪਦੇਸੁ ਕਮਾਇ ਅਲਖੁ ਲਖਾਇਆ।
ਗੁਰਮੁਖਿ ਜੀਵਨ ਮੁਕਤੁ ਆਪੁ ਗਵਾਇਆ॥ ੩ ॥

## ਪਉੜੀ ੪

(ਅਜਰ ਪ੍ਰੇਮ ਪਿਆਲਾ ਗੁਰਮੁਖ ਹੀ ਜਰਦੇ ਹਨ)

ਗੁਰਮੁਖਿ ਆਪੁ ਗਵਾਇ ਨ ਆਪੁ ਗਣਾਇਆ।
ਦੂਜਾ ਭਾਉ ਮਿਟਾਇ ਇਕੁ ਧਿਆਇਆ।
ਗੁਰ ਪਰਮੇਸਰੁ ਜਾਣਿ ਸਬਦੁ ਕਮਾਇਆ।
ਸਾਧ ਸੰਗਤਿ ਚਲਿ ਜਾਇ ਸੀਸੁ ਨਿਵਾਇਆ।
ਗੁਰਮੁਖਿ ਕਾਰ ਕਮਾਇ ਸੁਖ ਫਲੁ ਪਾਇਆ।
ਪਿਰਮ ਪਿਆਲਾ ਪਾਇ ਅਜਰੁ ਜਰਾਇਆ॥ ੪ ॥

## ਪਉੜੀ ੫

[ ਗੁਰਮੁਖ ਦਾ ਨਿੱਤ ਕਰਮ ]

ਅੰਮ੍ਰਿਤ ਵੇਲੇ ਉਠਿ ਜਾਗਿ ਜਗਾਇਆ।
ਗੁਰਮੁਖਿ ਤੀਰਥ ਨਾਇ ਭਰਮੁ ਗਵਾਇਆ।
ਗੁਰਮੁਖਿ ਮੰਤ ਸਮ੍ਹਾਲਿ ਜਾਪੁ ਜਪਾਇਆ।
ਗੁਰਮੁਖਿ ਨਿਹਚਲੁ ਹੋਇ ਇਕ ਮਨਿ ਧਿਆਇਆ।

---

੧ [ਵਾਹਿਗੁਰੂ ਦਾ] ਨਾਮ ਦ੍ਰਿੜ੍ਹ ਕੀਤਾ ਹੈ।

Digitized by Panjab Digital Library | www.panjabdigilib.org

ਮਥੈ ਟਿਕਾ ਲਾਲੁ ਨੀਸਾਣੁ ਸੁਹਾਇਆ।
ਪੈਰੀ ਪੈ ਗੁਰ ਸਿਖ ਪੈਰੀ ਪਾਇਆ ॥ ੫ ॥

## ਪਉੜੀ ੬

[ਗੁਰਸਿਖ ਕਮਾਈ]

ਪੈਰੀ ਪੈ ਗੁਰ ਸਿਖ ਪੈਰ ਧੁਆਇਆ।
[੧]ਅੰਮ੍ਰਿਤਵਾਣੀ ਚਖਿ ਮਨੁ ਵਸਿ ਆਇਆ।
ਪਾਣੀ ਪਖਾ ਪੀਹਿ ਭਠੁ ਝੁਕਾਇਆ।
ਗੁਰਬਾਣੀ ਸੁਣਿ ਸਿਖਿ ਲਿਖਿ ਲਿਖਾਇਆ।
ਨਾਮੁ ਦਾਨੁ ਇਸਨਾਨੁ ਕਰਮ ਕਮਾਇਆ।
ਨਿਵ ਚਲਣੁ ਮਿਠ ਬੋਲ ਘਾਲਿ[੨] ਖਵਾਇਆ ॥ ੬ ॥

## ਪਉੜੀ ੭

[ਗੁਰਸਿਖਾਂ ਦਾ ਮੇਲ]

ਗੁਰਸਿਖਾਂ ਗੁਰ ਸਿਖ ਮੇਲਿ ਮਿਲਾਇਆ।
ਭਾਇ ਭਗਤਿ ਗੁਰਪੁਰਬ ਕਰੈ ਕਰਾਇਆ।
[੩]ਗੁਰਸਿਖ ਦੇਵੀ ਦੇਵ ਜਠੇਰੇ ਭਾਇਆ।
ਗੁਰਸਿਖ ਮਾਂ ਪਿਉ ਵੀਰ ਕੁਟੰਬ ਸਬਾਇਆ।
ਗੁਰਸਿਖ ਖੇਤੀ ਵਣਜੁ ਲਾਹਾ ਪਾਇਆ।
[੪]ਹੰਸ ਵੰਸ ਗੁਰਸਿਖ ਗੁਰਸਿਖ ਜਾਇਆ ॥ ੭ ॥

## ਪਉੜੀ ੮

[ਸ਼ਗੁਨਾ ਦੇ ਵਿਚਾਰ ਵਿਖੇ]

ਸਜਾ ਖਬਾ ਸਉਣੁ[੫] ਨ ਮੰਨਿ ਵਸਾਇਆ।
ਨਾਰਿ ਪੁਰਖ ਨੋ ਵੇਖਿ ਨ ਪੈਰੁ ਹਟਾਇਆ।

---

੧ ਅੰਮ੍ਰਿਤ ਦੀ ਵੰਨਗੀ। ੨ (ਦਸਾਂ ਨਵ੍ਹਾਂ ਦੀ) ਮਿਹਨਤ। ੩ ਗੁਰ ਸਿਖਾਂ ਨੂੰ ਹੀ ਦੇਵੀ ਦੇਵਤੇ ਤੇ [ਆਪਣੇ] ਵਡੇਰੇ ਮੰਨਦੇ ਹਨ। ੪ ਹੰਸ ਰੂਪ ਗੁਰ ਸਿਖਾਂ ਦੀ ਵੰਸ ਵਿਚ ਗੁਰ ਸਿੱਖ ਹੀ ਜਨਮ ਲੈਂਦੇ ਹਨ। ੫ ਸ਼ਗਨ।

Digitized by Panjab Digital Library | www.panjabdigilib.org

[੧]ਭਾਖ ਸੁਭਾਖ ਵੀਚਾਰਿ ਨ ਛਿਕ ਮਨਾਇਆ।
ਦੇਵੀ ਦੇਵ ਨ ਸੇਵ, ਨ ਪੂਜ ਕਰਾਇਆ।
ਭੰਭਲ ਭੂਸੇ ਖਾਇ ਨ ਮਨ ਭਰਮਾਇਆ।
ਗੁਰਸਿਖ ਸਚਾ ਖੇਤੁ ਬੀਜ ਫਲਾਇਆ ॥ ੮ ॥

## ਪਉੜੀ ੯

[ਸਾਧ ਸੰਗਤ ਰੂਪ ਸੱਚਖੰਡ]

[੨]ਕਿਰਤਿ ਵਿਰਤਿ ਮਨੁ ਧਰਮੁ ਸਚੁ ਦਿੜਾਇਆ।
ਸਚੁ ਨਾਉ ਕਰਤਾਰ ਆਪੁ ਉਪਾਇਆ।
ਸਤਿਗੁਰ ਪੁਰਖੁ ਦਇਆਲੁ ਦਇਆ ਕਰਿਆਇਆ।
[੩]ਨਿਰੰਕਾਰ ਆਕਾਰੁ ਸਬਦੁ ਸੁਣਾਇਆ।
ਸਾਧ ਸੰਗਤਿ ਸਚੁ ਖੰਡ ਥੇਹੁ[੪] ਵਸਾਇਆ।
[੫]ਸਚਾ ਤਖਤੁ ਬਣਾਇ ਸਲਾਮੁ ਕਰਾਇਆ ॥ ੯ ॥

## ਪਉੜੀ ੧੦

[ਸਾਧ ਸੰਗਤ ਦੀ ਸੇਵਾ]

ਗੁਰ ਸਿਖਾ ਗੁਰ ਸਿਖ ਸੇਵਾ ਲਾਇਆ।
ਸਾਧ ਸੰਗਤਿ ਕਰਿ ਸੇਵ ਸੁਖ ਫਲੁ ਪਾਇਆ।
ਤਪੜੁ ਝਾੜਿ ਵਿਛਾਇ ਧੂੜੀ ਨਾਇਆ।
ਕੋਰੇ ਮਟ ਅਣਾਇ ਨੀਰੁ ਭਰਾਇਆ।
ਆਣਿ [੬]ਮਹਾ ਪਰਸਾਦੁ ਵੰਡਿ ਖੁਆਇਆ ॥ ੧੦ ॥

---

੧ [ਜਾਨਵਰਾਂ ਦੇ] ਬੋਲ-ਕੁਬੋਲ ਨੂੰ ਨਹੀਂ ਵਿਚਾਰਦੇ ਤੇ ਨਾ ਹੀ ਨਿੱਛ ਆਦਿ ਦਾ ਕੁਸ਼ਗਨ ਮੰਨਦੇ ਹਨ। ੨ ਮਨ ਵਿਚ ਧਰਮ ਰਖ ਕੇ ਉਪਜੀਵਕਾ ਲਈ ਕਿਰਤ ਕਰਦੇ ਹਨ। ੩ ਨਿਰਗੁਣ ਤੇ ਸਰਗੁਣ-ਸਰੂਪ ਵਾਹਿਗੁਰੂ ਦਾ ਸ਼ਬਦ ਸੁਣਾਉਂਦੇ ਹਨ। ੪ ਨਗਰ। ੫ [ਸਾਧ ਸੰਗਤ ਰੂਪ] ਸਚਾ ਤਖਤ ਕਾਇਮ ਕਰ ਕੇ ਸਭ ਪਾਸੋਂ ਨਮਸਕਾਰ ਕਰਾਇਆ ਹੈ। ੬ ਕੜਾਹ ਪ੍ਰਸ਼ਾਦ।

Digitized by Panjab Digital Library | www.panjabdigilib.org

## ਪਉੜੀ ੧੧

[ਬੁਰੇ ਨਾਲ ਭਲਾ ਕਰਦਾ ਹੈ]

ਹੋਇ ਬਿਰਖੁ ਸੰਸਾਰੁ [੧]ਸਿਰ ਤਲਵਾਇਆ।
ਨਿਹਚਲੁ ਹੋਇ ਨਿਵਾਸੁ ਸੀਸੁ ਨਿਵਾਇਆ।
ਹੋਇ ਸੁਫਲ ਫਲ ਸਫਲੁ ਵਟ ਸਹਾਇਆ।
ਸਿਰਿ ਕਰਵਤੁ ਧਰਾਇ ਜਹਾਜੁ ਬਣਾਇਆ।
[੨]ਪਾਣੀ ਦੇ ਸਿਰਿ ਵਾਟ ਰਾਹੁ ਚਲਾਇਆ।
[੩]ਸਿਰਿ ਕਰਵਤੁ ਧਰਾਇ ਸੀਸ ਚੜਾਇਆ ॥ ੧੧ ॥

## ਪਉੜੀ ੧੨

[ਬ੍ਰਿਛ ਅਵਿਗੁਣ ਸਹਾਰ ਕੇ ਗੁਣ ਕਰਦਾ ਹੈ]

[੪]ਲੋਹੇ ਤਛਿ ਤਛਾਇ ਲੋਹਿ ਜੜਾਇਆ।
ਲੋਹਾ ਸੀਸੁ ਚੜਾਇ ਨੀਰਿ ਤਰਾਇਆ।
[੫]ਆਪਨੜਾ ਪੁਤੁ ਪਾਲਿ ਨ ਨੀਰਿ ਡੁਬਾਇਆ।
[੬]ਅਗਰੈ ਡੋਬੈ ਜਾਣਿ ਡੋਬਿ ਤਰਾਇਆ।
ਗੁਣ ਕੀਤੇ ਗੁਣ ਹੋਇ ਜਗੁ ਪਤੀਆਇਆ[੭]।
ਅਵਗੁਣ ਸਹਿ ਗੁਣੁ ਕਰੈ [੮]ਘੋਲਿ ਘੁਮਾਇਆ ॥ ੧੨ ॥

---

੧ ਉਲਟੇ ਸਿਰ। ੨ ਪਾਣੀ ਦੇ ਸਿਰ ਪੁਰ ਰਾਹ ਬਣਾ ਕੇ ਪੰਧ ਕਰਾਉਂਦਾ ਹੈ। ੩ (ਜੋ ਤਰਖਾਣ) ਸਿਰ ਪੁਰ ਆਰਾ ਰਖਦਾ ਹੈ (ਜਹਾਜ਼ ਬਣ ਜਾਣ ਪੁਰ) ਉਸ ਨੂੰ ਭੀ ਆਪਣੇ ਸਿਰ ਪੁਰ ਬਿਠਾ ਲੈਂਦਾ ਹੈ। ੪ ਲੋਹੇ ਨਾਲ ਕੱਟਿਆ ਵੱਢਿਆ ਤੇ ਛਿੱਲਿਆ ਜਾ ਕੇ। ੫ ਆਪਣਾ ਪਾਲਿਆ ਪੁੱਤਰ ਸਮਝ ਕੇ ਪਾਣੀ (ਲੱਕੜੀ ਨੂੰ) ਡੋਬਦਾ ਨਹੀਂ। ੬ ਅਗਰ ਨੂੰ ਜਾਣਕੇ ਡੋਬਦਾ ਹੈ, ਕਿਉਂ ਜੁ ਉਹ ਡੁੱਬਾ ਹੋਇਆ ਹੀ ਤਰਦਾ ਹੈ, ਭਾਵ ਵਧੇਰੇ ਮੁੱਲ ਪੁਆਉਂਦਾ ਹੈ। ੭ ਪ੍ਰਤੀਤ ਕਰਦਾ ਹੈ। ੮ ਕੁਰਬਾਨ ਹਾਂ।

Digitized by Panjab Digital Library | www.panjabdigilib.org

## ਪਉੜੀ ੧੩

[ਸਤਿਗੁਰੂ ਦਾ ਹੁਕਮ]

ਮੰਨੈ ਸਤਿਗੁਰ ਹੁਕਮੁ ਹੁਕਮਿ ਮੰਨਾਇਆ।
[1]ਭਾਣਾ ਮੰਨੈ ਹੁਕਮਿ ਗੁਰ ਫੁਰਮਾਇਆ।
ਪਿਰਮ ਪਿਆਲਾ ਪੀਵ ਅਲਖੁ ਲਖਾਇਆ।
[2]ਗੁਰਮੁਖਿ ਅਲਖੁ ਲਖਾਇ ਨ ਅਲਖੁ ਲਖਾਇਆ।
ਗੁਰਮੁਖਿ ਆਪੁ ਗਵਾਇ ਨ ਆਪੁ ਗਣਾਇਆ।
ਗੁਰਮੁਖਿ ਸੁਖ ਫਲੁ ਪਾਇ [3]ਬੀਜ ਫਲਾਇਆ ॥ ੧੩ ॥

## ਪਉੜੀ ੧੪

[ਚੇਲੇ ਦਾ ਪ੍ਰੇਮ]

[4]ਸਤਿਗੁਰ ਦਰਸਨੁ ਦੇਖਿ ਧਿਆਨੁ ਧਰਾਇਆ।
ਸਤਿਗੁਰ ਸਬਦ ਵੀਚਾਰਿ [5]ਗਿਆਨੁ ਕਮਾਇਆ।
ਚਰਣ ਕਵਲ ਗੁਰ ਮੰਤੁ ਚਿਤਿ ਵਸਾਇਆ।
ਸਤਿਗੁਰ ਸੇਵ ਕਮਾਇ ਸੇਵ ਕਰਾਇਆ।
[6]ਗੁਰ ਚੇਲਾ ਪਰਚਾਇ ਜਗ ਪਰਚਾਇਆ।
ਗੁਰਮੁਖਿ ਪੰਥੁ ਚਲਾਇ [7]ਨਿਜ ਘਰਿ ਛਾਇਆ ॥ ੧੪ ॥

---

੧ ਗੁਰੂ ਜੀ ਨੇ ਹੁਕਮ ਕੀਤਾ ਹੈ ਕਿ 'ਭਾਣਾ ਮੰਨੋ'। ੨ ਗੁਰਮੁਖਾਂ ਨੇ ਅਲਖ ਨੂੰ ਲਖ ਲਿਆ ਹੈ (ਤੇ ਇਸ ਰਾਜ਼ ਨੂੰ ਹੋਰਨਾਂ ਪਾਸੋਂ) ਅਲਖ (ਰਖਦੇ ਹਨ, ਕਿਸੇ ਨੂੰ) ਨਹੀਂ ਲਖਾਉਂਦੇ। ੩ (ਉਪਦੇਸ਼ ਰੂਪ) ਬੀਜ (ਹੋਰਨਾਂ ਦੇ ਹਿਰਦੇ ਵਿਚ ਭੀ) ਸਫਲ ਕੀਤਾ ਹੈ। ੪ (ਅੱਖਾਂ ਨਾਲ) ਸਤਿਗੁਰੂ ਜੀ ਦਾ ਦਰਸ਼ਨ ਦੇਖਦੇ (ਤੇ ਮਨ ਨਾਲ) ਧਿਆਨ ਧਰਦੇ ਹਨ। ੫ (ਗੁਰੂ ਦੇ ਬਖਸ਼ੇ) ਗਿਆਨ ਅਨੁਸਾਰ ਆਚਰਣ ਕਰਦੇ ਹਨ। ੬ ਚੇਲਾ ਗੁਰੂ ਨੂੰ ਪ੍ਰਸੰਨ ਕਰ ਕੇ ਜਗਤ ਨੂੰ ਖੁਸ਼ ਕਰਦਾ ਹੈ, ਅਰਥਾਤ ਜਗਤ ਦੀ ਸੇਵਾ ਕਰਦਾ ਹੈ। ੭ ਆਪਣੇ ਨਿਜ ਸਰੂਪ ਵਿਚ ਛਾ ਜਾਂਦਾ ਹੈ।

Digitized by Panjab Digital Library | www.panjabdigilib.org

## ਪਉੜੀ ੧੫

[ਗੁਰਸਿਖ ਲਈ ਜੋਗ ਦੀ ਜੁਗਤੀ]

ਜੋਗ ਜੁਗਤਿ ਗੁਰ ਸਿਖ ਗੁਰ ਸਮਝਾਇਆ।
ਆਸਾ ਵਿਚਿ ਨਿਰਾਸੁ ਨਿਰਾਸੁ ਵਲਾਇਆ।
ਥੋੜਾ ਪਾਣੀ ਅੰਨੁ ਖਾਇ ਪੀਆਇਆ।
ਥੋੜਾ ਬੋਲਣ ਬੋਲ [1]ਨ ਝਖਿ ਝਖਾਇਆ।
ਥੋੜੀ ਰਾਤੀ ਨੀਦ ਨ ਮੋਹਿ ਫਹਾਇਆ।
[2]ਸੁਹਣੇ ਅੰਦਰਿ ਜਾਇ ਨ ਲੋਭ ਲੁਭਾਇਆ॥ ੧੫ ॥

## ਪਉੜੀ ੧੬

[ਗੁਰ ਸਿਖਾਂ ਲਈ ਜੋਗ ਦੇ ਸਾਧਨ]

ਮੁੰਦ੍ਰਾ ਗੁਰ ਉਪਦੇਸੁ ਮੰਤ੍ਰ ਸੁਣਾਇਆ।
ਖਿੰਥਾ[3] ਖਿਮਾ ਸਿਵਾਇ [4]ਝੋਲੀ ਪਤਿ ਮਾਇਆ।
ਪੈਰੀ ਪੈ ਪਾਖਾਕ ਬਿਭੂਤ[5] ਬਣਾਇਆ।
ਪਿਰਮ ਪਿਆਲਾ ਪਤ ਭੋਜਨੁ ਭਾਇਆ।
ਡੰਡਾ ਗਿਆਨ ਵਿਚਾਰੁ [6]ਦੂਤ ਸਿਧਾਇਆ।
[7]ਸਹਜ ਗੁਫਾ ਸਤਸੰਗੁ ਸਮਾਧ ਸਮਾਇਆ॥ ੧੬ ॥

## ਪਉੜੀ ੧੭

[ਗੁਰਸਿਖਾਂ ਦੀ ਜੋਗ ਜੁਗਤੀ ਦੇ ਹੋਰ ਸਾਧਨ]

[8]ਸਿੰਙੀ ਸੁਰਤਿ ਵਿਸੇਖੁ ਸਬਦੁ ਵਜਾਇਆ।
[9]ਗੁਰਮੁਖਿ ਆਈ ਪੰਥੁ ਨਿਜਘਰੁ ਪਾਇਆ।

---

੧ ਵਿਅਰਥ ਗੱਪਾਂ ਨਹੀਂ ਮਾਰਦੇ। ੨ ਸੁਪਨੇ। ੩ ਖਫਨੀ । ੪ ਮਾਇਆ (ਵਿਚ ਰਹਿੰਦਿਆਂ ਹੋਇਆਂ ਭੀ ਪਤ (ਇੱਜ਼ਤ) ਕਾਇਮ ਰੱਖਣੀ,) ਝੋਲੀ ਹੈ । ੫ ਸੁਆਹ। ੬ ਕਾਮ ਕ੍ਰੋਧ ਆਦਿ ਦੂਤਾਂ ਨੂੰ ਸਿੱਧ ਕਰ ਲਿਆ ਹੈ। ੭ ਸਤਿਸੰਗ ਹੀ ਸ਼ਾਂਤੀ ਦੀ ਗੁਫਾ ਹੈ (ਜਿਸ ਵਿਚ ਗੁਰ ਸਿਖ) ਸਮਾਧੀ ਵਿਚ ਸਮਾਏ ਰਹਿੰਦੇ ਹਨ । ੮ ਵਿਸ਼ੇਸ਼ (ਵਾਹਿਗੁਰੂ) ਦੀ ਗਿਆਤ ਹੀ ਸਿੰਙੀ ਹੈ ਤੇ ਸ਼ਬਦ ਬਾਣੀ ਦਾ ਪਾਠ ਹੀ ਇਸ ਦਾ ਵਜਾਉਣਾ ਹੈ । ੯ ਗੁਰਮੁਖਾਂ ਦਾ ਆਪਣਾ ਪੰਥ ਹੀ ਆਈ ਪੰਥ ਹੈ, ਜਿਸ ਦੁਆਰਾ ਉਨ੍ਹਾਂ ਸ੍ਵਸਰੂਪ ਨੂੰ ਪਾ ਲਿਆ ਹੈ ।

Digitized by Panjab Digital Library | www.panjabdigilib.org

ਆਦਿ ਪੁਰਖੁ ਆਦੇਸੁ ਅਲਖੁ ਲਖਾਇਆ।
ਗੁਰ ਚੇਲੇ ਰਹਰਾਸਿ ਮਨੁ ਪਰਚਾਇਆ।
[1]ਵੀਹ ਇਕੀਹ ਚੜ੍ਹਾਇ ਸਬਦੁ ਮਿਲਾਇਆ ॥ ੧੭ ॥

## ਪਉੜੀ ੧੮

[ਸੰਸਾਰ ਰੂਪ ਚਉਪੜ ਦੀ ਬਾਜੀ]

ਗੁਰ ਸਿਖ ਸੁਣਿ ਗੁਰ ਸਿਖ ਸਿਖ ਸਦਾਇਆ।
ਗੁਰ ਸਿਖੀ ਗੁਰ ਸਿਖ ਸਿਖ ਸੁਣਾਇਆ।
ਗੁਰ ਸਿਖ ਸੁਣਿ ਕਰਿ ਭਾਉ ਮੰਨਿ ਵਸਾਇਆ।
ਗੁਰ ਸਿਖਾ ਗੁਰ ਸਿਖ ਗੁਰ ਸਿਖ ਭਾਇਆ।
ਗੁਰ ਸਿਖ ਗੁਰ ਸਿਖ ਸੰਗ ਮੇਲ ਮਿਲਾਇਆ।
[2]ਚਉਪੜਿ ਸੋਲਹ ਸਾਰ ਜੁਗ ਜਿਣਿ ਆਇਆ ॥ ੧੮ ॥

## ਪਉੜੀ ੧੯

[ਸ਼ਤਰੰਜ ਦੀ ਖੇਲ]

ਸਤਰੰਜ ਬਾਜੀ ਖੇਲੁ ਬਿਸਾਤਿ[3] ਬਣਾਇਆ।
ਹਾਥੀ ਘੋੜੇ ਰਥ ਪਿਆਦੇ ਆਇਆ।
[4]ਹੁਇ ਪਤਿਸਾਹੁ ਵਜੀਰ ਦੁਇ ਦਲ ਛਾਇਆ।
ਹੋਇ ਗਡਾਵਡਿ ਜੋਧ ਜੁਧੁ ਮਚਾਇਆ।
ਗੁਰਮੁਖਿ ਚਾਲ ਚਲਾਇ ਹਾਲ ਪੁਜਾਇਆ।
[5]ਪਾਇਕ ਹੋਇ ਵਜੀਰੁ ਗੁਰਿ ਪਹੁਚਾਇਆ ॥ ੧੯ ॥

---

੧ ਇਸੇ ਤਰ੍ਹਾਂ (ਵੀਹ) ਸੰਸਾਰ ਤੋਂ ਇਕ ਈਸ਼੍ਵਰ ਪਦ ਵਿਚ ਜਾ ਚੜ੍ਹੇ ਤੇ ਸ਼ਬਦ ਦੁਆਰਾ ਮਿਲੇ ਹਨ। ੨ ਸੋਲਾਂ ਨਰਦਾਂ ਵਾਲੇ ਸੰਸਾਰ ਰੂਪ ਚਉਪੜ (ਜਿਸ ਵਿਚ ਚੌਹਾਂ ਵਰਨਾਂ ਵਿਚ ਚਾਰ-ਚਾਰ ਆਸ਼ਰਮ ਹਨ) ਨੂੰ ਇਹ ਗੁਰੂ ਤੇ ਚੇਲੇ ਦਾ ਜੁਗ (ਜੋੜਾ) ਹੀ ਜਿੱਤ ਕੇ (ਘਰ ਨੂੰ) ਆਉਂਦਾ ਹੈ। ੩ ਚੌਂਕ। ੪ ਜੋਧੇ ਪਰਸਪਰ ਖਹਿਕੇ ਜੁੱਧ ਮਚਾ ਰਹੇ ਹਨ। ੫ ਜੋ ਗੁਰੂ ਵਜ਼ੀਰ ਦੇ ਪਿਆਦੇ ਹੋਏ ਹਨ, ਉਹੀ (ਵਾਹਿਗੁਰੂ ਪਾਸ) ਪਹੁੰਚਾਏ ਜਾਣਗੇ।

Digitized by Panjab Digital Library | www.panjabdigilib.org

## ਪਉੜੀ ੨੦

[ਗੁਰਮੁਖ ਭੈ ਵਿਚ ਰਹਿੰਦੇ ਹੋਏ ਨਿਰੰਕਾਰ ਨੂੰ ਪ੍ਰਾਪਤ ਕਰ ਲੈਂਦੇ ਹਨ]

[1]ਭੈ ਵਿਚਿ ਨਿਮਣਿ ਨਿਮਿ ਭੈ ਵਿਚਿ ਜਾਇਆ।
ਭੈ ਵਿਚਿ ਗੁਰਮੁਖਿ ਪੰਥਿ ਸਰਣੀ ਆਇਆ।
ਭੈ ਵਿਚਿ ਸੰਗਤਿ ਸਾਧ ਸਬਦੁ ਕਮਾਇਆ।
ਭੈ ਵਿਚਿ ਜੀਵਨੁ ਮੁਕਤਿ ਭਾਣਾ ਭਾਇਆ।
ਭੈ ਵਿਚਿ ਜਨਮੁ ਸਵਾਰਿ ਸਹਜਿ ਸਮਾਇਆ।
ਭੈ ਵਿਚਿ ਨਿਜ ਘਰਿ ਜਾਇ ਪੂਰਾ ਪਾਇਆ ॥ ੨੦ ॥

## ਪਉੜੀ ੨੧

[ਗੁਰ ਉਸਤਤਿ ਵਿਖੇ]

[2]ਗੁਰ ਪਰਮੇਸਰੁ ਜਾਣਿ ਸਰਣੀ ਆਇਆ।
ਗੁਰ ਚਰਣੀ ਚਿਤੁ ਲਾਇ ਨ ਚਲੈ ਚਲਾਇਆ।
[3]ਗੁਰਮਤਿ ਨਿਹਚਲ ਹੋਇ ਨਿਜ ਪਦੁ ਪਾਇਆ।
ਗੁਰਮੁਖਿ ਕਾਰ ਕਮਾਇ ਭਾਣਾ ਭਾਇਆ।
ਗੁਰਮੁਖਿ ਆਪੁ ਗਵਾਇ ਸਚਿ ਸਮਾਇਆ।
ਸਫਲੁ ਜਨਮੁ ਜਗਿ ਆਇ ਜਗਤੁ ਤਰਾਇਆ ॥੨੧॥੨੦॥

---

੧ ਭੈ ਵਿੱਚ ਹੀ (ਜੀਵ) ਮਾਤਾ ਦੇ ਗਰਭ ਵਿੱਚ ਟਿਕਦਾ ਤੇ ਟਿਕ ਕੇ ਭੈ ਵਿਚ ਹੀ ਜਨਮ ਲੈਂਦਾ ਹੈ। ੨ ਗੁਰੂ ਨੂੰ ਪਰਮੇਸ਼ਰ ਸਰੂਪ ਜਾਣਕੇ। ੩ ਗੁਰੂ ਦੀ ਸਿਖਿਆ ਵਿਚ ਅਚਲ ਰਹਿਕੇ ਸ੍ਵਸਰੂਪ ਨੂੰ ਪਾ ਲਿਆ ਹੈ।

Digitized by Panjab Digital Library | www.panjabdigilib.org

# ਵਾਰ ੨੧

੧ ੴ ਸਤਿਗੁਰਪ੍ਰਸਾਦਿ ॥

## ਪਉੜੀ ੧

[ਮੰਗਲਾਚਰਨ, ਵਾਹਿਗੁਰੂ ਤੇ ਸਤਿਗੁਰੂ ਦੀ ਮਹਿਮਾ]

ਪਾਤਿਸਾਹਾ ਪਾਤਿਸਾਹੁ ਸਤਿ ਸੁਹਾਣੀਐ[੧]।
ਵਡਾ ਬੇ ਪਰਵਾਹੁ ਅੰਤੁ ਨ ਜਾਣੀਐ।
ਲਉਬਾਲੀ[੨] ਦਰਗਾਹ ਆਖਿ ਵਖਾਣੀਐ।
ਕੁਦਰਤਿ ਅਗਮੁ ਅਥਾਹੁ ਚੋਜ ਵਿਡਾਣੀਐ।
ਸਚੀ ਸਿਫਤਿ ਸਲਾਹ ਅਕਥ ਕਹਾਣੀਐ।
[੩]ਸਤਿਗੁਰ ਸਚੇ ਵਾਹੁ ਸਦ ਕੁਰਬਾਣੀਐ ॥ ੧ ॥

## ਪਉੜੀ ੨

[ਆਦਿ ਪੁਰਖ ਦੀ ਮਹਿਮਾ]

ਬ੍ਰਹਮੇ ਬਿਸਨ ਮਹੇਸ ਲਖ ਧਿਆਇਦੇ।
ਨਾਰਦ ਸਾਰਦ[੪] ਸੇਸ ਕੀਰਤਿ ਗਾਇਦੇ।
[੫]ਗਣ ਗੰਧਰਬ ਗਣੇਸ ਨਾਦ ਵਜਾਇਦੇ।
[੬]ਛਿਅ ਦਰਸਨ ਕਰਿ ਵੇਸ ਸਾਂਗ ਬਣਾਇਦੇ।
ਗੁਰ ਚੇਲੇ ਉਪਦੇਸ ਕਰਮ ਕਮਾਇਦੇ।
[੭]ਆਦਿ ਪੁਰਖੁ ਆਦੇਸੁ ਪਾਰ ਨ ਪਾਇਦੇ ॥ ੨ ॥

---

੧ ਸੁੰਦਰ। ੨ ਬੇਪਰਵਾਹ। ੩ ਸੱਚੇ ਸਤਿਗੁਰੂ ਤੇ ਵਾਹਗੁਰੂ ਤੋਂ ਸਦਾ ਕੁਰਬਾਨ ਹਾਂ। ੪ ਸਾਰਸਵਤੀ। ੫ (ਸ਼ਿਵਜੀ ਦੇ) ਗਣ (ਨੰਦੀ ਭ੍ਰਿੰਗੀ ਆਦਿ) ਗੰਧਰਬ (ਦੇਵਤਿਆਂ ਦੇ ਰਾਗੀ) ਤੇ ਗਣੇਸ਼ ਸਭ ਵਾਜੇ ਵਜਾ ਰਹੇ ਹਨ। ੬ ਛੇ ਦਰਸ਼ਨਾਂ (ਦੇ ਮੰਨਣ ਵਾਲੇ ਭੀ ਅਨੇਕ ਤਰ੍ਹਾਂ ਦੇ) ਭੇਖ ਧਾਰ ਕੇ ਸ੍ਵਾਂਗ ਰਚਦੇ ਹਨ। ੮ ਆਦਿ ਪੁਰਖ (ਗੁਰੂ ਨਾਨਕ ਦੇਵ ਜੀ) ਨੂੰ ਨਮਸਕਾਰ ਹੈ (ਕੋਈ ਉਸ ਦਾ) ਪਾਰ ਨਹੀਂ ਪਾ ਸਕਦਾ।

Digitized by Panjab Digital Library | www.panjabdigilib.org

## ਪਉੜੀ ੩

[ਆਦਿ ਪੁਰਖ ਦੀ ਮਹਿਮਾ]

ਪੀਰ ਪੈਕੰਬਰ ਹੋਇ ਕਰਦੇ ਬੰਦਗੀ।
ਸੇਖ ਮਸਾਇਕ ਹੋਇ ਕਰਿ ਮੁਹਿਛੰਦਗੀ[੧]।
ਗਉਸ ਕੁਤਬ ਕਈ ਲੋਇ ਦਰ ਬਖਸੰਦਗੀ।
ਦਰ ਦਰਵੇਸ ਖਲੋਇ ਮਸਤ ਮਸੰਦਗੀ[੨]।
ਵਲੀ ਉਲਹ ਸੁਣਿ ਸੋਇ ਕਰਨਿ ਪਸੰਦਗੀ।
ਦਰਗਹ ਵਿਰਲਾ ਕੋਇ [੩]ਬਖਤ ਬਲੰਦਗੀ॥ ੩॥

## ਪਉੜੀ ੪

[ਕਾਦਰ ਨੂੰ ਕੀਤੇ ਨਹੀਂ ਜਾਣਦੇ]

[੪]ਸੁਣਿ ਆਖਾਣਿ ਵਖਾਣੁ ਆਖਿ ਵਖਾਣਿਆ।
ਹਿੰਦੂ ਮੁਸਲਮਾਣੁ ਨ ਸਚੁ ਸਿਞਾਣਿਆ।
ਦਰਗਹ ਪਤਿ ਪਰਵਾਣੁ ਮਾਣੁ ਨਿਮਾਣਿਆ।
ਵੇਦ ਕਤੇਬ ਕੁਰਾਣੁ [੫]ਨ ਆਖਰੁ ਜਾਣਿਆ।
ਦੀ:ਨ ਦੁਨੀ ਹੈਰਾਣੁ ਚੋਜ ਵਿਡਾਣਿਆ।
ਕਾਦਰ ਨੋ ਕੁਰਬਾਣੁ [੬]ਕੁਦਰਤਿ ਮਾਣਿਆ॥ ੪॥

## ਪਉੜੀ ੫

[ਰਸਾਂ ਦੇ ਪਿਆਰੇ ਮਹਲ ਤੋਂ ਦੂਰ ਹਨ]

ਲਖ ਲਖ ਰੂਪ ਸਰੂਪ ਅਨੂਪ ਸਿਧਾਵਹੀ[੭]।
ਰੰਗ ਬਿਰੰਗ ਸੁਰੰਗ [੮]ਤਰੰਗ ਬਣਾਵਹੀ।

---

੧ ਮੁਹਤਾਜੀ ਕਰਦੇ, ਭਾਵ ਸ਼ਰਨ ਲੈਂਦੇ ਹਨ। ੨ ਮਸੰਦਪੁਣਾ (ਫਕੀਰੀ) ਧਾਰਨ ਕਰਦੇ ਹਨ। ੩ ਉੱਚੇ ਭਾਗਾਂ ਵਾਲਾ। ੪ ਸਾਸਤ੍ਰਾਂ ਦੇ ਵਖਾਣ (ਵਰਣ) ਸੁਣ ਸੁਣ ਕੇ (ਅੱਗੇ ਹੋਰ ਲੋਕਾਂ ਨੂੰ) ਕਹਿ ਸੁਣਾਉਂਦੇ ਹਨ। ੫ ਅੰਤ ਨਹੀਂ ਜਾਣਿਆ। ੬ (ਜੋ) ਆਪਣੀ ਕੁਦਰਤ ਦਾ ਮਾਣ (ਆਸਰਾ) ਰੂਪ ਹੈ। ੭ ਪਰਲੋਕ ਨੂੰ ਤੁਰ ਜਾਂਦੇ ਹਨ। ੮ ਲਹਿਰਾਂ ਪੈਦਾ ਕਰ ਰਹੇ ਹਨ।

Digitized by Panjab Digital Library | www.panjabdigilib.org

ਰਾਗ ਨਾਦ ਵਿਸਮਾਦ ਗੁਣ ਨਿਧਿ[੧] ਗਾਵਹੀ ।
ਰਸ ਕਸ ਲਖ ਸੁਆਦ [੨]ਚਖਿ ਚਖਾਵਹੀ ।
ਗੰਧ ਸੁਗੰਧ ਕਰੋੜਿ [੩]ਮਹ ਮਹਕਾਵਹੀ ।
[੪]ਗੈਰ ਮਹਲਿ ਸੁਲਤਾਨ ਮਹਲ ਨ ਪਾਵਹੀ ॥ ੫ ॥

## ਪਉੜੀ ੬

[ਦੂੰਦੂ ਤੇ ਏਕਤਾ]

[੫]ਸਿਵ ਸਕਤੀ ਦਾ ਮੇਲੁ ਦੁਬਿਧਾ ਹੋਵਈ ।
[੬]ਤ੍ਰੈਗੁਣ ਮਾਇਆ ਖੇਲੁ ਭਰਿ ਭਰਿ ਧੋਵਈ ।
[੭]ਚਾਰਿ ਪਦਾਰਥ ਭੇਲੁ ਹਾਰੁ ਪਰੋਵਈ ।
[੮]ਪੰਜਿ ਤਤ ਪਰਵੇਲ ਅੰਤਿ ਵਿਗੋਵਈ ।
ਛਿਅ ਰੁਤਿ ਬਾਰਹ ਮਾਹ [੯]ਹਸਿ ਹਸਿ ਰੋਵਈ ।
ਰਿਧਿ ਸਿਧਿ ਨਵ ਨਿਧਿ [੧੦]ਨੀਦ ਨ ਸੋਵਈ ॥ ੬ ॥

## ਪਉੜੀ ੭

[ਭਾਉ ਭਗਤਿ ਤੋਂ ਬਿਨਾਂ ਸਭ ਵੇਕਟ ਹੈ]

ਸਹਸ ਸਿਆਣਪ ਲਖ ਕੰਮਿ ਨ ਆਵਹੀ ।
ਗਿਆਨ ਧਿਆਨ ਉਨਮਾਨੁ ਅੰਤੁ ਨ ਪਾਵਹੀ ।
ਲਖ ਸਸੀਅਰ ਲਖ ਭਾਨੁ ਅਹਿਨਿਸਿ ਧਜਾਵਹੀ ।
ਲਖ ਪਰਕਿਰਤ ਪਰਾਣ ਕਰਮ ਕਮਾਵਹੀ ।

---

੧ ਗੁਣਾਂ ਦੇ ਸਾਗਰ ਨੂੰ । ੨ ਚਖਦੇ ਚਖਾਉਂਦੇ ਹਨ । ੩ ਧਰਤੀ ਨੂੰ ਮਹਿਕਾ ਦੇਂਦੇ ਹਨ । ੪ ਸੁਲਤਾਨ ਵਾਹਿਗੁਰੂ ਦੇ ਮਹਿਲ ਤੋਂ ਗ਼ੈਰ ਰਹਿ ਕੇ ਆਪਣੇ ਨਿਜ ਸਰੂਪ (ਮਹਲ) ਨੂੰ ਨਹੀਂ ਪਾ ਸਕਣਗੇ । ੫ ਜੜ ਤੇ ਚੇਤਨ ਦੇ ਮਿਲਾਪ ਨਾਲ ਹੀ ਇਹ ਦੁਬਿਧਾ (ਰੂਪ ਸੰਸਾਰ) ਉਤਪੰਨ ਹੋਇਆ ਹੈ । ੬ ਰਜ ਗੁਣ, ਤਮ ਗੁਣ, ਸਤ ਗੁਣ ਰੂਪ ਮਾਇਆ ਦੀ ਖੇਡ ਵਿਚ (ਆਪਣਾ ਆਪ) ਭਰ ਭਰ ਧੋਂਦੇ ਹਨ । ੭ ਧਰਮ, ਅਰਥ, ਕਾਮ, ਮੋਖ ਨੂੰ ਇਕੱਠੇ ਕਰ ਕੇ । ੮ ਪੰਜ ਤੱਤਾਂ ਦੇ ਪੁਤਲੇ (ਮਨੁੱਖ) ਅੰਤ ਨੂੰ ਨਾਸ਼ ਹੋ ਜਾਂਦੇ ਹਨ । ੯ ਹੱਸ ਹੱਸ ਰੋਂਦੇ ਹਨ । ੧੦ ਸ਼ਾਂਤੀ ਪ੍ਰਾਪਤ ਨਹੀਂ ਕਰ ਸਕਦੇ ।

Digitized by Panjab Digital Library | www.panjabdigilib.org

ਲਖ ਲਖ ਗਰਬ ਗੁਮਾਨ ਲਖ ਲਜਾਵਹੀ।
ਲਖ ਲਖ ਦੀਨ ਇਮਾਨ ਤਾੜੀ ਲਾਵਹੀ।
ਭਾਉ ਭਗਤਿ ਭਗਵਾਨ ਸਚਿ ਸਮਾਵਹੀ ॥ ੭ ॥

## ਪਉੜੀ ੮

[ਭਾਉ ਭਗਤਿ ਤੋਂ ਬਿਨਾਂ ਪਰਚੇ]

ਲਖ ਪੀਰ ਪਤਿਸਾਹ ਪਰਚੇ[1] ਲਾਵਹੀ।
[2]ਜੋਗ ਭੋਗ ਲਖ ਰਾਹ ਸੰਗਿ ਚਲਾਵਹੀ।
[3]ਦੀਨ ਦੁਨੀ ਅਸਗਾਹ ਹਾਥ ਨ ਪਾਵਹੀ।
[4]ਕਟਕ ਮੁਰੀਦ ਪਨਾਹ ਸੇਵ ਕਮਾਵਹੀ।
ਅੰਤਿ ਨ ਸਿਫਤਿ ਸਲਾਹ ਆਖਿ ਸੁਣਾਵਹੀ।
ਲਉਬਾਲੀ ਦਰਗਾਹ ਖੜੇ ਧਿਆਵਹੀ ॥ ੮ ॥

## ਪਉੜੀ ੯

[ਭਾਉ ਭਗਤਿ ਤੋਂ ਬਿਨਾਂ ਪਰਚੇ]

ਲਖ ਸਾਹਿਬਿ[5] ਸਿਰਦਾਰ ਆਵਣ ਜਾਵਣੇ।
ਲਖ ਵਡੇ ਦਰਬਾਰ ਬਣਤ[6] ਬਣਾਵਣੇ।
ਦਰਬ[7] ਭਰੇ ਭੰਡਾਰ [8]ਗਣਤ ਗਣਾਵਣੇ।
ਪਰਵਾਰੇ ਸਾਧਾਰ ਬਿਰਦ ਸਦਾਵਣੇ।
ਲੋਭ ਮੋਹ ਅਹੰਕਾਰ ਧੋਹ[9] ਕਮਾਵਣੇ।
ਕਰਦੇ ਚਾਰੁ[10] ਵੀਚਾਰਿ ਦਹਦਿਸਿ ਧਾਵਣੇ।
ਲਖ ਲਖ ਬੁਜਰਕਵਾਰ[11] ਮਨ ਪਰਚਾਵਣੇ ॥ ੯ ॥

---

੧ ਕਰਾਮਾਤਾਂ। ੨ ਜੋਗ ਅਤੇ ਭੋਗ ਦੇ ਲੱਖਾਂ ਮਾਰਗ ਅਤੇ ਉਨ੍ਹਾਂ ਦੇ ਮੰਨਣ ਵਾਲਿਆਂ ਦੇ ਸੰਘ ਕਾਇਮ ਕਰਦੇ ਹਨ। ੩ (ਪਰ ਉਹ ਭੀ) ਨਾ ਤਾਂ ਇਸ ਡੂੰਘੀ ਦੁਨੀਆ,ਤੇ ਨਾ ਹੀ ਦੀਨ ਦਾ ਅੰਤ ਪਾ ਸਕਦੇ ਹਨ। ੪ ਮੁਰੀਦਾਂ ਦੇ ਕਈ ਸਮੂਹ ਸ਼ਰਨ ਵਿਚ ਹੋ ਕੇ ਸੇਵਾ ਕਮਾਉਂਦੇ ਹਨ। ੫ ਦਰਬਾਰੀ। ੬ ਸਜਾਵਟ। ੭ ਧਨ। ੮ ਗਿਣਤੀਆਂ ਗਿਣਦੇ ਰਹਿੰਦੇ ਹਨ। ੯ ਛਲ। ੧੦ ਸੁੰਦਰ। ੧੧ ਬਜ਼ੁਰਗਵਾਰ-ਮਹਾ ਪੁਰਖ।

Digitized by Panjab Digital Library | www.panjabdigilib.org

## ਪਉੜੀ ੧੦

[ਭਾਉ ਭਗਤਿ ਤੋਂ ਛੁਟ ਹੋਰ ਪਰਚੇ]

[੧]ਲਖ ਦਾਤੇ ਦਾਤਾਰ ਮੰਗਿ ਮੰਗਿ ਦੇਵਹੀ।
[੨]ਅਉਤਰਿ ਲਖ ਅਵਤਾਰ ਕਾਰ ਕਰੇਵਹੀ।
ਅੰਤੁ ਨ ਪਾਰਾਵਾਰੁ [੩]ਖੇਵਟ ਖੇਵਹੀ।
[੪]ਵੀਚਾਰੀ ਵੀਚਾਰਿ ਭੇਤੁ ਨ ਦੇਵਹੀ।
[੫]ਕਰਤੂਤੀ ਆਚਾਰਿ ਕਰਿ ਜਸੁ ਲੇਵਹੀ।
ਲਖ ਲਖ [੬]ਜੇਵਣਵਾਰ ਜੇਵਣ ਜੇਵਹੀ।
ਲਖ ਦਰਗਹ ਦਰਬਾਰ ਸੇਵਕ ਸੇਵਹੀ ॥੧੦॥

## ਪਉੜੀ ੧੧

(ਭਾਉ ਭਗਤਿ ਤੋਂ ਛੁਟ ਹੋਰ ਪਰਚੇ)

ਸੂਰ ਵੀਰ ਵਰੀਆਮ ਜੋਰੁ ਜਣਾਵਹੀ।
ਸੁਣਿ ਸੁਣਿ ਸੁਰਤੇ[੭] ਲਖ ਆਖਿ ਸੁਣਾਵਹੀ।
[੮]ਖੋਜੀ ਖੋਜਨਿ ਖੋਜਿ ਦਹਿਦਿਸਿ ਧਾਵਹੀ।
ਚਿਰ ਜੀਵੈ ਲਖ ਹੋਇ ਨ ਓੜਕੁ ਪਾਵਹੀ।
[੯]ਖਰੇ ਸਿਆਣੇ ਹੋਇ ਨ ਮਨੁ ਸਮਝਾਵਹੀ।
ਲਉਬਾਲੀ ਦਰਗਾਹ ਚੋਟਾ ਖਾਵਹੀ ॥ ੧੧ ॥

## ਪਉੜੀ ੧੨

{ਖੁਦੀ ਦੇ ਦੁਖ ਤੇ ਸਬਰ ਦੇ ਸੁਖ}

[੧੦]ਹਿਕਮਤਿ ਲਖ ਹਕੀਮ ਚਲਣ ਬਣਾਵਹੀ।
ਆਕਲ ਹੋਇ ਫਹੀਮ[੧੧] ਮਤੇ ਮਤਾਵਹੀ।

---

੧ ਦਾਤਾਂ ਕਰਨ ਵਾਲੇ ਲੱਖਾਂ ਦਾਤੇ । ੨ ਲੱਖਾਂ ਅਵਤਾਰ ਜਨਮ ਲੈ ਕੇ । ੩ ਮਲਾਹ ਚੱਪੂ ਲਾਉਂਦੇ ਹਨ । ੪ ਵਿਚਾਰਵਾਨ ਵਿਚਾਰਾਂ ਕਰਦੇ । ੫ ਜੱਗ ਆਦਿ ਆਚਾਰ ਤੇ ਪੁੰਨ ਕਰਮ ਕਰ ਕੇ ਜਸ ਲੈਂਦੇ ਹਨ । ੬ ਭੋਜਨ ਕਰਾਉਣ ਵਾਲੇ ਭੋਜਨ ਖੁਆਈ ਜਾਂਦੇ ਹਨ । ੭ ਸ੍ਰੋਤੇ । ੮ ਖੋਜੀ ਖੋਜ ਕਰਨ ਨੂੰ । ੯ ਬਹੁਤੇ ਸਿਆਣੇ ਹੁੰਦੇ ਹੋਏ ਭੀ ਮਨ ਨੂੰ ਨਹੀਂ ਸਮਝਾ ਸਕਦੇ । ੧੦ ਹਕੀਮ ਲੱਖਾਂ ਹਿਕਮਤਾਂ (ਚਿਕਿਤਸਾ) ਦੇ ਚਲਿਤਰ (ਨੁਸਖੇ) ਬਣਾਉਂਦੇ ਹਨ । ੧੧ ਸਮਝਦਾਰ ।

Digitized by Panjab Digital Library | www.panjabdigilib.org

ਗਾਫਲ ਹੋਇ ਗਨੀਮ[1] ਵਾਦ ਵਧਾਵਹੀ।
ਲੜਿ ਲੜਿ ਕਰਨਿ ਮੁਹੀਮ[2] ਆਪੁ ਗਣਾਵਹੀ।
[3]ਹੋਇ ਜਦੀਦ ਕਦੀਮ ਨ ਖੁਦੀ ਮਿਟਾਵਹੀ।
ਸਾਬਰੁ ਹੋਇ ਹਲੀਮ[4] ਆਪੁ ਗਵਾਵਹੀ॥ ੧੨॥

## ਪਉੜੀ ੧੩

{ਖੁਦੀ ਮਿਟੇ ਤਾਂ ਗਤੀ ਹੈ}

ਲਖ ਲਖ ਪੀਰ ਮੁਰੀਦ ਮੇਲ ਮਿਲਾਵਹੀ।
[6]ਸੁਹਦੇ ਲਖ ਸਹੀਦ ਜਾਰਤ ਲਾਵਹੀ।
ਲਖ ਰੋਜੇ ਲਖ ਈਦ ਨਿਵਾਜ ਕਰਾਵਹੀ।
ਕਰਿ ਕਰਿ [7]ਗੁਫਤ ਸੁਨੀਦ ਮਨ ਪਰਚਾਵਹੀ।
[8]ਹੁਜਰੇ ਕੁਲਫ ਕੁਲੀਦ ਜੁਹਦ ਕਮਾਵਹੀ।
[9]ਦਰਿ ਦਰਵੇਸ ਰਸੀਦ ਆਪੁ ਜਣਾਵਹੀ॥ ੧੩॥

## ਪਉੜੀ ੧੪

{ਮਾਇਆ ਧਾਰੀ ਡਰਾਵਣੇ ਹਨ}

ਉਚੇ ਮਹਲ ਉਸਾਰਿ [10]ਵਿਛਾਇ ਵਿਛਾਵਣੇ।
ਵਡੇ ਦੁਨੀਆਦਾਰ ਨਾਉ ਗਣਾਵਣੇ।
ਕਰਿ ਗੜ ਕੋਟ ਹਜਾਰ ਰਾਜ ਕਮਾਵਣੇ।
[11]ਲਖ ਲਖ ਮਨਸਬਦਾਰ ਵਜਹ ਵਧਾਵਣੇ।

---

੧ ਦੁਸ਼ਮਨ । ੨ ਚੜ੍ਹਾਈਆਂ । ੩ ਨਵਿਆਂ ਤੋਂ ਪੁਰਾਣੇ, ਅਰਥਾਤ ਜਵਾਨੀ ਤੋਂ ਬੁਢਾਪੇ (ਤਕ) । ੪ ਸਹਿਨਸ਼ੀਲ । ੫ ਮੁਰੀਦਾਂ ਦੇ ਇਕੱਠ ਕਰਦੇ ਹਨ । ੬ ਲੱਖਾਂ ਗਰੀਬ ਸ਼ਹੀਦਾਂ ਦੀ ਜ਼ਿਆਰਤ (ਮੇਲੇ) ਲਗਾਉਂਦੇ ਹਨ। ੭ ਪ੍ਰਸ਼ਨ ਉੱਤਰ। ੮ (ਮਨ ਰੂਪੀ) ਮੰਦਰ ਦੇ ਜੰਦਰੇ ਦੀ ਕੁੰਜੀ ਜੁਹਦ (ਭਗਤੀ) ਨਹੀਂ ਕਮਾਉਂਦੇ। ੯ (ਪਰ ਉਹੀ) ਦਰਵੇਸ਼ (ਸਾਧੂ) ਹੀ (ਵਾਹਿਗੁਰੂ ਦੇ) ਦਰ ਤੇ ਪਹੁੰਚ ਸਕਦੇ ਹਨ, ਜੋ ਆਪਾ ਭਾਵ ਨਹੀਂ ਜਣਾਉਂਦੇ । ੧੦ ਦਰੀਆਂ, ਕਾਲੀਨ ਆਦਿ ਵਿਛਾਉਣੇ ਵਿਛਾਉਂਦੇ ਹਨ। ੧੧ ਲੱਖਾਂ ਅਹੁਦੇਦਾਰ ਲੱਖਾਂ ਰੁਪਏ ਮਾਹਵਾਰ ਤਨਖਾਹਾਂ ਵਧਵਾ ਲੈਂਦੇ ਹਨ।

Digitized by Panjab Digital Library | www.panjabdigilib.org

ਪੂਰ ਭਰੇ ਅਹੰਕਾਰ ਆਵਨ ਜਾਵਣੇ।
ਤਿਤੁ ਸਚੇ ਦਰਬਾਰ ਖਰੇ ਡਰਾਵਣੇ ॥੧੪॥

## ਪਉੜੀ ੧੫

{ਉੱਥੇ ਪਖੰਡ ਨਹੀਂ ਚਲਦਾ}

ਤੀਰਥ ਲਖ ਕਰੋੜਿ ਪੁਰਬੀ[1] ਨਾਵਣਾ।
ਦੇਵੀ ਦੇਵ ਸਥਾਨ ਸੇਵ ਕਰਾਵਣਾ।
ਜਪ ਤਪ ਸੰਜਮ ਲਖ [2]ਸਾਧਿ ਸਧਾਵਣਾ।
ਹੋਮ ਜਗ ਨਈਵੇਦ[3] ਭੋਗ ਲਗਾਵਣਾ।
ਵਰਤ ਨੇਮ ਲਖ ਦਾਨ ਕਰਮ ਕਮਾਵਣਾ।
[4]ਲਉਬਾਲੀ ਦਰਗਾਹਿ ਪਖੰਡ ਨ ਜਾਵਣਾ ॥੧੫॥

## ਪਉੜੀ ੧੬

{ਦਰਗਾਹ ਦਾ ਬੰਦਾ ਸਭ ਤੋਂ ਉੱਚਾ ਹੈ}

ਪੋਪਲੀਆ[5] ਭਰਨਾਲਿ[6] ਲਖ ਤਰੰਦੀਆ।
ਓੜਕ[7] ਓੜਕ[8] ਭਾਲਿ ਸੁਧਿ ਨ ਲਹੰਦੀਆ।
[9]ਅਨਲ ਮਨਲ ਕਰਿ ਖਿਆਲ ਉਮਗਿ[10] ਉਡੰਦੀਆਂ।
[11]ਉਛਲਿ ਕਰਨਿ ਉਛਾਲ ਨ ਓੜਿ ਚੜੰਦੀਆ।
[12]ਲਖ ਅਗਾਸ ਪਤਾਲ ਕਰਿ ਮੁਹਛੰਦੀਆਂ।
[13]ਦਰਗਹ ਇਕ ਰਵਾਲ ਬੰਦੇ ਬੰਦੀਆ ॥੧੬॥

---

੧ ਪਵਿਤ੍ਰ ਦਿਨਾਂ ਪੁਰ । ੨ ਸਾਧਨਾ ਸਾਧਦੇ ਹਨ । ੩ ਦੇਵਤਿਆਂ ਨੂੰ ਅਰਪਣ ਕੀਤਾ ਪਦਾਰਥ, ਭੋਜਨ ਆਦਿ।। ੪ ਬੇਪਰਵਾਹ। ੫ ਬੇੜੀਆਂ। ੬ ਸਾਗਰ। ੭ ਜਤਨ। ੮ ਅੰਤ। ੯ ਅਨਲ ਮਨਲ ਇਕ ਪੰਛੀ ਦਾ ਨਾਮ ਹੈ। ੧੦ ਖੁਸ਼ੀ। ੧੧ (ਉਸ ਦੇ ਅੰਡੇ ਵਿਚੋਂ ਬੱਚੇ ਭੀ) ਉਛਲ ਕੇ (ਉਪਰ ਨੂੰ ਹੀ) ਛਾਲ ਮਾਰਦੇ ਹਨ, ਪਰ ਆਕਾਸ਼ ਤਕ ਨਹੀਂ ਪੁੱਜ ਸਕਦੇ । ੧੨ ਲੱਖਾਂ ਹੀ ਆਕਾਸ਼ ਤੇ ਪਾਤਾਲ (ਦੇ ਨਿਵਾਸੀ ਭੀ ਵਾਹਿਗੁਰੂ ਦੇ ਸਨਮੁਖ) ਮੁਹਤਾਜ ਹੁੰਦੇ ਹਨ। ੧੩ ਇਹ ਸਭ ਦਰਗਹ ਦੇ ਦਾਸ ਦਾਸੀਆਂ ਦੇ ਸਾਹਮਣੇ ਇਕ ਰਵਾਲ ਮਾਤ੍ਰ ਹਨ।

Digitized by Panjab Digital Library | www.panjabdigilib.org

## ਪਉੜੀ ੧੭

[ਵਾਹਿਗੁਰੂ ਦੀ ਸ੍ਰਿਸ਼ਟੀ]

[੧]ਤ੍ਰੈਗੁਣ ਮਾਇਆ ਖੇਲੁ ਕਰਿ ਦੇਖਾਲਿਆ।
[੨]ਖਾਣੀ ਬਾਣੀ ਚਾਰਿ ਚਲਤੁ ਉਠਾਲਿਆ।
ਪੰਜਿ ਤਤ ਉਤਪਤਿ [੩]ਬੰਧਿ ਬਹਾਲਿਆ।
ਛਿਅ ਰੁਤਿ ਬਾਰਹ ਮਾਹ ਸਿਰਜਿ ਸਮ੍ਹਾਲਿਆ।
ਅਹਿਨਿਸਿ[੪] ਸੂਰਜ ਚੰਦੁ ਦੀਵੇ ਬਾਲਿਆ।
[੫]ਇਕ ਕਵਾਉ ਪਸਾਉ ਨਦਰਿ ਨਿਹਾਲਿਆ॥ ੧੭॥

## ਪਉੜੀ ੧੮

[ਆਪ ਅਲੇਪ ਹੈ]

[੬]ਕੁਦਰਤਿ ਇਕੁ ਕਵਾਉ ਥਾਪ ਉਥਾਪਦਾ।
ਤਿਦੂੰ ਲਖ ਦਰੀਆਉ ਨ ਓੜਕੁ[੭] ਜਾਪਦਾ।
ਲਖ ਬ੍ਰਹਮੰਡ ਸਮਾਉ [੮]ਨ ਲਹਰਿ ਵਿਆਪਦਾ।
ਕਰਿ ਕਰਿ ਵੇਖੈ ਚਾਉ [੯]ਲਖ ਪਰਤਾਪਦਾ।
ਕਉਣੁ ਕਰੇ ਅਰਥਾਉ[੧੦] ਵਰ ਨ ਸਰਾਪ ਦਾ।
ਲਹੈ ਨ ਪਛੋਤਾਉ ਪੁੰਨੁ ਨ ਪਾਪ ਦਾ॥੧੮॥

---

੧ ਮਾਇਆ ਦੇ ਤਿੰਨਾਂ ਗੁਣਾਂ ਦਾ ਖੇਲ। ੨ ਚਾਰ ਖਾਣੀਆਂ (ਅੰਡਜ ਜੇਰਜ ਸੇਤਜ ਉਤਭੁਜ) ਤੇ ਚਾਰ ਬਾਣੀਆਂ (ਪਰਾ ਪਸੰਤੀ ਮੱਧਮਾ ਬੈਖਰੀ) ਦਾ ਕੌਤਕ ਰਚਿਆ। ੩ (ਨਿਯਮ ਅੰਦਰ) ਬੰਨ੍ਹ ਕੇ ਰਖਿਆ। ੪ ਦਿਨ ਰਾਤ। ੫ ਇਕ ਫੁਰਨੇ ਤੋਂ ਸਭ ਪਸਾਰਾ ਕਰ ਕੇ ਨਜ਼ਰ ਨਾਲ ਤੱਕਿਆ (ਕਰਿ ਆਸਣੁ ਡਿਠੋ ਚਾਉ)। ੬ (ਵਾਹਿਗੁਰੂ) ਇਕ ਫੁਰਨੇ ਨਾਲ ਹੀ ਸ੍ਰਿਸ਼ਟੀ ਨੂੰ ਥਾਪ ਕਿ ਉਸ ਨੂੰ (ਉਥਾਪ) ਨਾਸ਼ ਕਰ ਦੇਂਦਾ ਹੈ। ੭ ਅੰਤ। ੮ (ਮਾਇਆ ਦੀ) ਲਹਿਰ ਨਹੀ ਵਿਆਪ ਦੀ ੯ ਲੱਖਾਂ ਨੂੰ ਪ੍ਰਤਾਪਵਾਨ ਕਰਦਾ ਹੈ। ੧੦ ਸਿਧਾਂਤ।

Digitized by Panjab Digital Library | www.panjabdigilib.org

## ਪਉੜੀ ੧੯

[ਕੁਦਰਤ ਤੇ ਕਾਦਰ ਬੇਅੰਤ ਅਸਗਾਹ ਹੈ]

ਕੁਦਰਤਿ ਅਗਮੁ ਅਥਾਹੁ ਅੰਤੁ ਨ ਪਾਈਐ।
ਕਾਦਰੁ ਬੇਪਰਵਾਹ [੧]ਕਿਨ ਪਰਚਾਈਐ।
ਕੇਵਡੁ ਹੈ ਦਰਗਾਹ ਆਖਿ ਸੁਣਾਈਐ।
ਕੋਇ ਨ ਦਸੈ ਰਾਹੁ ਕਿਤੁ ਬਿਧਿ ਜਾਈਐ।
ਕੇਵਡੁ ਸਿਫਤਿ ਸਲਾਹ ਕਿਉ ਕਰਿ ਧਿਆਈਐ।
[੨]ਅਬਿਗਤਿ ਗਤਿ ਅਸਗਾਹੁ ਨ ਅਲਖੁ ਲਖਾਈਐ ॥੧੯॥

## ਪਉੜੀ ੨੦

[ਕੇਵਲ ਗੁਰਪ੍ਰਸਾਦਿ ਦੀ ਇੱਛਾ]

ਆਦਿ ਪੁਰਖੁ ਪਰਮਾਦਿ[੩] ਅਚਰਜੁ ਆਖੀਐ।
[੪]ਆਦਿ ਅਨੀਲੁ ਅਨਾਦਿ ਸਬਦੁ ਨ ਸਾਖੀਐ।
ਵਰਤੈ ਆਦਿ ਜੁਗਾਦਿ [੫]ਨ ਗਲੀ ਗਾਖੀਐ।
ਭਗਤਿ ਵਛਲੁ ਅਛਲਾਦਿ[੬] [੭]ਸਹਜਿ ਸੁਭਾਖੀਐ।
[੮]ਉਨਮਨਿ ਅਨਹਦਿ ਨਾਦਿ ਲਿਵ ਅਭਿਲਾਖੀਐ।
[੯]ਵਿਸਮਾਦੈ ਵਿਸਮਾਦ ਪੂਰਨ ਪਾਖੀਐ।
ਪੂਰੈ ਗੁਰ ਪਰਸਾਦਿ [੧੦]ਕੇਵਲ ਕਾਖੀਐ ॥੨੦॥੨੧॥

---

੧ ਕੌਣ ਪਰਚਾ ਸਕਦਾ ਹੈ । ੨ ਵਾਹਿਗੁਰੂ ਦੀ ਗਤਿ ਨ ਜਾਣੀ ਜਾਣ ਵਾਲੀ ਤੇ ਡੂੰਘੀ ਹੈ। ੩ ਆਦਿ ਪੁਰਖ (ਵਾਹਿਗਰੂ ਨੂੰ) ਪਰਮ ਆਦਿ ਤੇ ਅਚਰਜ ਰੂਪ ਕਿਹਾ ਜਾਂਦਾ ਹੈ । ੪ ਉਹ ਆਦਿ ਸਰੂਪ, ਕਲੰਕ ਰਹਿਤ ਤੇ ਆਦਿ ਰਹਿਤ ਹੈ, ਜਿਸ ਦੇ ਆਦਿ ਦੀ ਸ਼ਬਦ–ਪ੍ਰਮਾਣ ਭੀ ਸਾਖੀ ਨਹੀਂ (ਭਰਦਾ)। ੫ ਗੱਲਾਂ ਨਾਲ ਨਹੀਂ (ਗਾਖਿਆ) ਵਿਚਾਰਿਆ ਜਾਂਦਾ । ੬ ਆਦਿ ਤੋਂ ਹੀ ਅਛਲ ਰੂਪ। ੭ ਉਸ ਨੂੰ (ਸਹਿਜ) ਗਿਆਨ ਸਰੂਪ ਕਹੀਦਾ ਹੈ। ੮ ਚੌਥੇ ਪਦ ਵਿਚ ਅਨਹਦ ਸ਼ਬਦ ਦਵਾਰਾ ਲਿਵ ਲੀਨ ਹੋਣ ਦੀ ਅਭਿਲਾਖਾ ਹੁੰਦੀ ਹੈ। ੯ ਪੂਰੇ ਪੱਖ ਵਾਲੇ ਵਿਸਮਾਦ ਸਰੂਪ ਵਿਚ ਵਿਸਮਾਦ ਹੋਈਦਾ ਹੈ। ੧੦ ਕੇਵਲ ਇੱਛਾ ਕਰਨੀ ਚਾਹੀਦੀ ਹੈ।

Digitized by Panjab Digital Library | www.panjabdigilib.org

# ਵਾਰ ੨੨

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਮੰਗਲਾਚਰਣ ਈਸ਼੍ਵਰੀ ਰਚਨਾ]

ਨਿਰਾਧਾਰ ਨਿਰੰਕਾਰੁ ਨ ਅਲਖੁ ਲਖਾਇਆ।
ਹੋਆ ਏਕੰਕਾਰੁ ਆਪੁ ਉਪਾਇਆ।
[2]ਓਅੰਕਾਰਿ ਅਕਾਰੁ ਚਲਿਤੁ ਰਚਾਇਆ।
ਸਚੁ ਨਾਉ ਕਰਤਾਰ ਬਿਰਦੁ ਸਦਾਇਆ।
ਸਚਾ ਪਰਵਦਗਾਰੁ ਤ੍ਰੈ-ਗੁਣ ਮਾਇਆ।
ਸਿਰਠੀ ਸਿਰਜਣਹਾਰ ਲੇਖਿ ਲਿਖਾਇਆ।
ਸਭਸੈ ਦੇ ਆਧਾਰੁ [3]ਨ ਤੋਲਿ ਤੁਲਾਇਆ।
ਲਿਖਿਆ ਥਿਤਿ ਨ ਵਾਰੁ ਮਾਹ ਜਣਾਇਆ।
ਵੇਦ ਕਤੇਬ ਵੀਚਾਰੁ ਨ ਆਖਿ ਸੁਣਾਇਆ ॥੧॥

## ਪਉੜੀ ੨

[ਈਸ਼੍ਵਰੀ ਬਲ]

[4]ਨਿਰਾਲੰਬੁ ਨਿਰਬਾਨੁ ਬਾਨੁ ਚਲਾਇਆ।
[5]ਉਡੈ ਹੰਸ ਉਚਾਣ ਕਿਨਿ ਪਹੁਚਾਇਆ।

੧ ਆਸਰੇ ਤੋਂ ਰਹਿਤ ਤੇ ਆਕਾਰ ਤੋਂ ਬਿਨਾਂ ਅਲਖ (ਪਰਮਾਤਮਾ ਨੇ ਆਪਣਾ ਆਪ) ਲਖਾਇਆ ਨਹੀਂ। ੨ ਓਅੰਕਾਰ ਤੋਂ ਆਕਾਰ ਰੂਪ ਹੋਣ ਦਾ ਕੌਤਕ ਰਚਿਆ। ੩ (ਕਿਸੇ ਦੇ) ਤੋਲ ਨਹੀਂ ਤੋਲਦਾ, ਅਰਥਾਤ ਪਾਪਾਂ ਨੂੰ ਦੇਖਦਾ ਹੋਇਆ ਭੀ ਪਾਲਣਾ ਕਰਦਾ ਹੈ। ੪ (ਪ੍ਰਸ਼ਨ) ਨਿਰਾਸਰੇ ਤੇ ਨਿਰਬੰਧ ਰੂਪ ਤੀਰ ਕਿਸ ਨੇ ਚਲਾਇਆ ਹੈ? (ਜਿਸ ਰਾਹੀਂ ਭਗਤ ਜਨ ਆਕਾਸ਼ ਜਿੱਡੀਆਂ ਉਚਾਈਆਂ ਚੜ੍ਹਕੇ ਅਟਲ ਹੁੰਦੇ ਹਨ)। ੫ (ਦੂਜਾ ਪ੍ਰਸ਼ਨ) ਹੰਸ ਆਕਾਸ਼ ਵਿਚ ਉਡਦਾ ਹੋਇਆ (ਮਾਨ ਸਰੋਵਰ ਵਿਖੇ) ਕਿਸ ਨੇ ਪਹੁੰਚਾਇਆ ਹੈ?

Digitized by Panjab Digital Library | www.panjabdigilib.org

੧ਖੰਭੀ ਚੋਜ ਵਿਡਾਨੁ ਆਣਿ ਮਿਲਾਇਆ।
ਧ੍ਰੂ ਚੜਿਆ ਅਸਮਾਨਿ ਨ ਟਲੈ ਟਲਾਇਆ।
ਮਿਲੈ ਨਿਮਾਣੈ ਮਾਣੁ ਆਪੁ ਗਵਾਇਆ।
ਦਰਗਹ ਪਤਿ ਪਰਵਾਣੁ ਗੁਰਮੁਖਿ ਧਿਆਇਆ ॥੨॥

## ਪਉੜੀ ੩

{ਈਸ਼੍ਵਰੀ ਬਲ}

੨ਓੜਕੁ ਓੜਕੁ ਭਾਲਿ ਨ ਓੜਕੁ ਪਾਇਆ।
ਓੜਕ ਭਾਲਣਿ ਗਏ ਸਿ ਫੇਰ ਨ ਆਇਆ।
੩ਓੜਕ ਲਖ ਕਰੋੜ ਭਰਮਿ ਭੁਲਾਇਆ।
ਆਦੁ ਵਡਾ ਵਿਸਮਾਦੁ ਨ ਅੰਤੁ ਸੁਣਾਇਆ।
ਹਾਥਿ੪ ਨ ਪਾਰਾਵਾਰੁ ਲਹਰੀ੫ ਛਾਇਆ।
ਇਕੁ ਕਵਾਉ ਪਸਾਉ ਨ ਅਲਖੁ ਲਖਾਇਆ।
੬ਕਾਦਰੁ ਨੋ ਕੁਰਬਾਣੁ ਕੁਦਰਤਿ ਮਾਇਆ।
ਆਪੇ ਜਾਣੈ ਆਪੁ ਗੁਰ ਸਮਝਾਇਆ ॥ ੩ ॥

## ਪਉੜੀ ੪

[ਸ਼੍ਰਿਸਟੀ ਰਚਨਾ]

ਸਚਾ ਸਿਰਜਣਿਹਾਰੁ ੭ਸਚੁ ਸਮਾਇਆ।
ਸਚਹੁ ਪਉਣੁ ਉਪਾਇ ਘਟਿ ਘਟਿ ਛਾਇਆ।
ਪਵਣਹੁ ਪਾਣੀ ਸਾਜਿ ਸੀਸੁ ਨਿਵਾਇਆ।
ਤੁਲਹਾ੮ ਧਰਤਿ ਬਣਾਇ ਨੀਰ ਤਰਾਇਆ।

---

੧ (ਉੱਤਰ) ਖੰਭਾਂ ਦਾ ਅਸਚਰਜ ਕੌਤਕ ਹੈ, ਜਿਸ ਨੇ ਆਣ ਮਿਲਾਇਆ ਹੈ। ੨ ਜਤਨ ਨਾਲ ਅੰਤ ਨੂੰ ਭਾਲਿਆ, ਪਰ ਅੰਤ ਨ ਮਿਲਿਆ। ੩ ਇਸ ਓੜਕ (ਦੀ ਭਾਲ ਨੇ) ਲੱਖਾਂ ਤੇ ਕਰੋੜਾਂ ਨੂੰ ਭਰਮ ਵਿਚ ਭੁਲਾ ਦਿੱਤਾ। ੪ ਅੰਤ। ੫ ਆਨੰਦ ਦੀਆਂ ਲਹਿਰਾਂ। ੬ ਜਿਸ ਦੀ ਮਾਇਆ ਦੀ ਏਡੀ ਕੁਦਰਤ (ਸ਼ਕਤੀ) ਹੈ, (ਉਸ) ਕਾਦਰ ਤੋਂ ਕੁਰਬਾਨ ਹਾਂ। ੭ ਸੱਚ ਸਰੂਪ ਹੋ ਕੇ (ਉਸ ਵਿਚ) ਸਮਾ ਰਿਹਾ ਹੈ। ੮ ਆਸਰਾ।

Digitized by Panjab Digital Library | www.panjabdigilib.org

ਨੀਰਹੁ ਉਪਜੀ ਅਗਿ ਵਣਖੰਡੁ ਛਾਇਆ।
ਅਗੀ ਹੋਦੀ ਬਿਰਖੁ ਸੁਫਲ ਫਲਾਇਆ।
ਪਉਣੁ ਪਾਣੀ ਬੈਸੰਤਰੁ ਮੇਲਿ ਮਿਲਾਇਆ।
ਆਦਿ ਪੁਰਖੁ ਆਦੇਸੁ ਖੇਲੁ ਰਚਾਇਆ ॥ ੪ ॥

## ਪਉੜੀ ੫

[ਰਚਨਾ]

ਕੇਵਡੁ ਆਖਾ ਸਚੁ ਸਚੇ ਭਾਇਆ।
ਕੇਵਡੁ ਹੋਆ ਪਉਣੁ ਫਿਰੈ ਚਉਵਾਇਆ[੧]।
ਚੰਦਨ ਵਾਸੁ ਨਿਵਾਸੁ ਬਿਰਖ ਬੋਹਾਇਆ[੨]।
ਖਹਿ ਖਹਿ ਵੰਸੁ ਗਵਾਇ ਵਾਸੁ ਜਲਾਇਆ।
[੩]ਸਿਵ ਸਕਤੀ ਸਹਲੰਗੁ ਅੰਗੁ ਜਣਾਇਆ।
[੪]ਕੋਇਲ ਕਾਉ ਨਿਆਉ ਬਚਨ ਸੁਣਾਇਆ।
[੫]ਖਾਣੀ ਬਾਣੀ ਚਾਰਿ ਸਾਹ ਗਣਾਇਆ।
[੬]ਪੰਜ ਸਬਦ ਪਰਵਾਣੁ ਨੀਸਾਣੁ ਬਜਾਇਆ ॥ ੫ ॥

## ਪਉੜੀ ੬

[ਸਾਧ ਲੱਖਣ]

[੭]ਰਾਗ ਨਾਦ ਸੰਬਾਦ ਗਿਆਨੁ ਚੇਤਾਇਆ।
ਨਉ ਦਰਵਾਜੇ ਸਾਧਿ ਸਾਧੁ ਸਦਾਇਆ।

---

੧ ਚੌਹੀਂ ਪਾਸੀਂ। ੨ ਸੁਗੰਧਿਤ ਕਰਦੀ ਹੈ। ੩ ਸ਼ਿਵ (ਸੀਤਲਤਾ) ਤੇ ਸ਼ਕਤੀ (ਅਗਨੀ) ਮਿਲ ਕੇ (ਆਪਣਾ ਆਪਣਾ) ਗੁਣ ਪ੍ਰਗਟ ਕਰਦੇ ਹਨ। ੪ ਕੋਇਲ ਤੇ ਕਾਉਂ ਦਾ (ਨਿਆਉਂ; ਪਤਾ (ਉਹਨਾਂ ਦੇ) ਵਚਨ ਸੁਣਨ ਤੋਂ ਲਗਦਾ ਹੈ। ੫ ਚਾਰ ਖਾਣੀਆਂ (ਬਾਣੀ) ਬਣਾ ਕੇ ਉਹਨਾਂ ਵਿਚ ਸਾਹ ਗਿਣ ਕੇ ਪਾਏ ਹਨ। ੬ ਪੰਜ ਸ਼ਬਦ ਜੋ ਪ੍ਰਗਟ ਹੀ ਵੱਜ ਰਹੇ ਹਨ, ਪ੍ਰਵਾਨ ਹਨ। (ਅਨਹਦ ਸ਼ਬਦ ਕੰਨਾਂ ਦਾ ਵਿਸ਼ਾ ਨਹੀਂ, ਇਹ ਆਤਮਾ ਦੇ ਅੰਦਰੋਂ ਹੁੰਦਾ ਹੈ ਤੇ ਅਰੰਭ ਵਿਚ ਪੰਜ ਤਰ੍ਹਾਂ ਦਾ ਹੁੰਦਾ ਹੈ)। ੭ ਰਾਗ, ਸ਼ਬਦ ਤੇ ਚਰਚਾ ਸਭ ਗਿਆਨ ਦੀ ਚੇਤਾਵਨੀ ਲਈ ਹੀ ਹਨ।

Digitized by Panjab Digital Library | www.panjabdigilib.org

ਵੀਹ ਇਕੀਹ ਉਲੰਘਿ ਨਿਜ ਘਰਿ ਆਇਆ ।
[੧]ਪੂਰਕ ਕੁੰਭਕ ਰੇਚਕ ਤ੍ਰਾਟਕ ਧਾਇਆ ।
ਨਿਉਲੀ ਕਰਮ ਭੁਯੰਗੁ[੨] ਆਸਣ ਲਾਇਆ ।
[੩]ਇੜਾ ਪਿੰਗੁਲਾ ਝਾਗ ਸੁਖਮਨਿ ਛਾਇਆ ।
[੪]ਖੇਚਰ ਭੂਚਰ ਚਾਚਰ ਸਾਧਿ ਸਧਾਇਆ ।
[੫]ਸਾਧ ਅਗੋਚਰ ਖੇਲੁ ਉਨਮਨਿ ਆਇਆ ॥ ੬ ॥

## ਪਉੜੀ ੭

[ਜੋਗ]

[੬]ਤ੍ਰੈਸਤੁ ਅੰਗੁਲ ਲੈ ਮਨੁ ਪਵਣੁ ਮਿਲਾਇਆ ।
[੭]ਸੋਹੰ ਸਹਜਿ ਸੁਭਾਇ ਅਲਖ ਲਖਾਇਆ ।
[੮]ਨਿਝਰਿ ਧਾਰਿ ਚੁਆਇ ਅਪਿਉ ਪੀਆਇਆ ।
[੯]ਅਨਹਦ ਧੁਨਿ ਲਿਵਲਾਇ ਨਾਦ ਵਜਾਇਆ ।
[੧੦]ਅਜਪਾ ਜਾਪੁ ਜਪਾਇ ਸੁੰਨ ਸਮਾਇਆ ।
[੧੧]ਸੁੰਨਿ ਸਮਾਧਿ ਸਮਾਇ ਆਪੁ ਗਵਾਇਆ ।
[੧੨]ਗੁਰਮੁਖਿ ਪਿਰਮਚਖਾਇ ਨਿਜ ਘਰੁ ਛਾਇਆ।

---

੧ (ਸੁਾਸਾਂ ਨੂੰ) ਚੜ੍ਹਾਉਣ, ਅੰਦਰ ਟਿਕਾ ਕੇ ਰੱਖਣ ਤੇ ਉਤਾਰਨ ਦੀ ਅਤੇ ਤ੍ਰਾਟਕ (ਕਿਸੇ ਵਸਤੂ ਪੁਰ ਧਿਆਨ ਜਮਾਉਣ ਦੀ ਯੋਗ ਕ੍ਰਿਆ) ਵਲ ਧਾਉਂਦਾ ਹੈ। ੨ ਕੰਗਰੋੜ ਨਾੜੀ ਦੁਆਰਾ । ੩ ਸੱਜੀ ਨਾਸਕਾ ਦਵਾਰਾ ਪ੍ਰਾਣ ਚੜ੍ਹਾ ਕੇ ਖੱਬੀ ਨਾਸਕਾ ਦਵਾਰਾ ਉਤਾਰਦੇ ਹਨ, ਇਸ ਪ੍ਰਕਾਰ ਸੁਖਮਨਾ ਨਾੜੀ (ਦਸਮ ਦਵਾਰ) ਵਿਚ ਪ੍ਰਾਣਾਂ ਨੂੰ ਟਿਕਾਉਂਦੇ ਹਨ । ੪ ਖਚਰ ਭੂਚਰ ਤੇ ਚਾਚਰੀ ਆਦਿ ਯੋਗ ਦੀਆਂ ਪੰਜ ਮੁੰਦਰਾ ਨੂੰ ਸਾਧ ਕੇ ਸਾਧੂ ਅਖਵਾਉਂਦੇ ਹਨ । ੫ ਸਾਧਨਾ ਦੇ ਇਹ ਅਗੋਚਰ (ਨ ਜਾਣੇ ਜਾਣ ਵਾਲੇ) ਖੇਲ ਰਾਹੀਂ ਸਹਿਜ ਅਵਸਥਾ ਵਿਚ ਆ ਜਾਂਦੇ ਹਨ। ੬ ਦਸ ਉਂਗਲਾਂ ਦੇ ਅੰਦਾਜ਼ ਜੋ ਸਾਹ ਲੰਮਾ ਲਈਦਾ ਹੈ, ਉਸ ਵਿਚ ਮਨ ਤੇ ਪਵਨ ਨੂੰ ਇਕੱਠਾ ਕੀਤਾ। ੭ ਸੋਹੰ (ਮੰਤ੍ਰ ਦੇ ਜਾਪ) ਦੁਆਰਾ ਸਹਿਜ ਸੁਭਾ ਹੀ ਅਲਖ (ਵਾਹਿਗੁਰੂ) ਨੂੰ ਜਾਣ ਲਿਆ। ੮ (ਦਸਮ ਦੁਆਰ ਵਿਚੋਂ) ਇਕ ਰਸ ਚੋ ਰਹੀ ਅੰਮ੍ਰਿਤ ਧਾਰ ਪੀਂਦੇ ਹਨ । ੯ ਇਕ ਰਸ ਧੁਨੀ ਨਾਲ ਵੱਜ ਰਹੇ (ਨਾਦ) ਸ਼ਬਦ ਵਿਚ ਸਮਾਉਂਦੇ ਹਨ। ੧੦ ਅਜਪਾ ਜਾਪ ਨੂੰ ਜਪ ਕੇ ਅਫੁਰ ਰੂਪ (ਪਰਮਾਤਮਾ) ਵਿਚ ਸਮਾਉਂਦੇ ਹਨ। ੧੧ ਅਡੋਲ ਸਮਾਧੀ ਵਿਚ ਸਮਾ ਕੇ ਆਪਣਾ ਆਪ ਭੁਲਾ ਦੇਂਦੇ ਹਨ। ੧੨ (ਪਰ) ਗੁਰਮੁਖ (ਉਕਤ ਸਭ, ਯੋਗ ਦੇ ਕਠਿਨ ਸਾਧਨਾ ਨੂੰ ਛੱਡ ਕੇ) ਸੁਸਰੂਪ ਵਿਚ ਛਾ ਜਾਂਦੇ ਹਨ ।

Digitized by Panjab Digital Library | www.panjabdigilib.org

ਗੁਰ ਸਿਖਿ ਸੰਧਿ ਮਿਲਾਇ ਪੂਰਾ ਪਾਇਆ ॥ ੭ ॥

## ਪਉੜੀ ੮

[ਗੁਰੂ ਅਤੇ ਸਿੱਖ]

ਜੋਤੀ ਜੋਤਿ ਜਗਾਇ ਦੀਵਾ ਬਾਲਿਆ ।
ਚੰਦਨ ਵਾਸੁ ਨਿਵਾਸੁ ਵਣਸਪਤਿ ਫਾਲਿਆ ।
[1]ਸਲਲੈ ਸਲਲ ਸੰਜੋਗੁ ਤ੍ਰਿਬੇਣੀ ਚਾਲਿਆ ।
[2]ਪਵਣੈ ਪਵਣੁ ਸਮਾਇ ਅਨਹਦੁ ਭਾਲਿਆ ।
ਹੀਰੈ ਹੀਰਾ ਬੇਧਿ ਪਰੋਇ ਦਿਖਾਲਿਆ ।
ਪਥਰੁ ਪਾਰਸੁ ਹੋਇ ਪਾਰਸੁ ਪਾਲਿਆ ।
[3]ਅਨਲ ਪੰਖਿ ਪੁਤੁ ਹੋਇ ਪਿਤਾ ਸਮ੍ਹਾਲਿਆ ।
ਬ੍ਰਹਮੈ ਬ੍ਰਹਮੁ ਮਿਲਾਇ ਸਹਜਿ ਸੁਖਾਲਿਆ ॥ ੮ ॥

## ਪਉੜੀ ੯

[ਈਸ਼੍ਵਰੀ ਉਸਤੁਤੀ]

ਕੇਵਡੁ ਇਕੁ ਕਵਾਉ[4] ਪਸਾਉ ਕਰਾਇਆ ।
ਕੇਵਡੁ ਕੰਡਾ[5] ਤੋਲੁ ਤੋਲਿ ਤੁਲਾਇਆ ।
ਕਰਿ ਬ੍ਰਹਮੰਡ ਕਰੋੜਿ ਕਵਾਉ ਵਧਾਇਆ ।
ਲਖ ਲਖ ਧਰਤਿ ਅਗਾਸਿ ਅਧਰ[6] ਧਰਾਇਆ।
ਪਉਣੁ ਪਾਣੀ ਬੈਸੰਤਰੁ ਲਖ ਉਪਾਇਆ ।
ਲਖ ਚਉਰਾਸੀਹ ਜੋਨਿ ਖੇਲੁ ਰਚਾਇਆ ।
ਜੋਨਿ ਜੋਨਿ ਜੀਅ ਜੰਤ ਅੰਤੁ ਨ ਪਾਇਆ ।
[7]ਸਿਰਿ ਸਿਰਿ ਲੇਖੁ ਲਿਖਾਇ ਅਲੇਖੁ ਧਿਆਇਆ ॥ ੯ ॥

---

੧ (ਤ੍ਰਿਬੇਣੀ ਦੇ) ਪਾਣੀ ਵਿਚ (ਸਾਧਾਰਣ) ਪਾਣੀ ਮਿਲ ਕੇ ਤ੍ਰਿਬੇਣੀ ਰੂਪ ਹੋ ਗਿਆ । ੨ ਜਿਵੇਂ ਹਵਾ ਵਿਚ ਹਵਾ ਮਿਲ ਜਾਏ, ਤਿਵੇਂ ਅਨਹਦ ਸ਼ਬਦ ਵਿਚ ਹੋਰ ਸ਼ਬਦ ਮਿਲ ਕੇ ਉਸ ਦਾ ਰੂਪ ਹੋ ਜਾਂਦੇ ਹਨ । ੩ ਅਨਲ ਪੰਛੀ ਦਾ ਬੱਚਾ ਆਕਾਸ਼ ਵਿਚ ਜਨਮ ਲੈ ਕੇ ਪਿਤਾ ਦੀ ਸੰਭਾਲ ਕਰਦਾ ਹੈ । ੪ ਵਾਕ । ੫ ਤਰੱਕੜ । ੬ ਨਿਰਾਸਰੇ । ੭ ਸਿਰ ਸਿਰ ਪੁਰ ਲੇਖ ਲਿਖਿਆ ਹੈ (ਪਰ ਉਹ) ਆਪ ਅਲੇਖ ਹੈ, ਅਸਾਂ ਉਸ ਨੂੰ ਧਿਆਇਆ ਹੈ ।

Digitized by Panjab Digital Library | www.panjabdigilib.org

## ਪਉੜੀ ੧੦

[ਗੁਰਮੁਖ ਮਾਰਗ}

ਸਤਿਗੁਰ ਸਚਾ ਨਾਉ ਆਖਿ ਸੁਣਾਇਆ।
[1]ਗੁਰ ਮੂਰਤਿ ਸਚੁ ਥਾਉ ਧਿਆਨੁ ਧਰਾਇਆ।
[2]ਸਾਧ ਸੰਗਤਿ ਅਸਰਾਉ ਸਚਿ ਸੁਹਾਇਆ।
ਦਰਗਹ ਸਚੁ ਨਿਆਉ ਹੁਕਮੁ ਚਲਾਇਆ।
ਗੁਰਮੁਖਿ ਸਚੁ ਗਿਰਾਉ[3] ਸਬਦ ਵਸਾਇਆ।
[4]ਮਿਟਿਆ ਗਰਬੁ ਗੁਆਉ ਗਰੀਬੀ ਛਾਇਆ।
[5]ਗੁਰਮਤਿ ਸਚੁ ਹਿਆਉ ਅਜਰੁ ਜਰਾਇਆ।
ਤਿਸੁ ਬਲਿਹਾਰੈ ਜਾਉ ਸੁ ਭਾਣਾ ਭਾਇਆ ॥ ੧੦ ॥

## ਪਉੜੀ ੧੧

[ਗੁਰਮੁਖ ਪਰਮ ਪਦ]

ਸਚੀ ਖਸਮ ਰਜਾਇ ਭਾਣਾ ਭਾਵਣਾ।
ਸਤਿਗੁਰ ਪੈਰੀ ਪਾਇ ਆਪੁ ਗਵਾਵਣਾ।
[6]ਗੁਰ ਚੇਲਾ ਪਰਚਾਇ ਮਨੁ ਪਤੀਆਵਣਾ।
ਗੁਰਮੁਖਿ ਸਹਜਿ ਸੁਭਾਇ ਅਲਖ ਲਖਾਵਣਾ।
ਗੁਰਸਿਖ ਤਿਲ ਨ ਤਮਾਇ[7] ਕਾਰ ਕਮਾਵਣਾ।
ਸਬਦ ਸੁਰਤਿ ਲਿਵਲਾਇ ਹੁਕਮੁ ਮਨਾਵਣਾ।
ਵੀਹ ਇਕੀਹ ਲੰਘਾਇ ਨਿਜ ਘਰਿ ਜਾਵਣਾ।
ਗੁਰਮੁਖਿ ਸੁਖ ਫਲ ਪਾਇ ਸਹਜਿ ਸਮਾਵਣਾ ॥ ੧੧ ॥

---

੧ ਗੁਰੂ ਦੀ ਮੂਰਤਿ ਹੀ ਧਿਆਨ ਧਰਨ ਲਈ ਸਚਾ ਥਾਉਂ ਹੈ। ੨ ਸਾਧ ਸੰਗਤ ਹੀ ਆਸਰਾ ਹੈ (ਜਿਥੇ) ਸੱਚ ਸ਼ੋਭਾ ਦੇਂਦਾ ਹੈ। ੩ ਪਿੰਡ। ੪ ਅਹੰਕਾਰ ਗਵਾ ਕੇ ਰਿਦੇ ਵਿਚ ਗਰੀਬੀ ਸਮਾਈ ਹੈ। ੫ ਗੁਰ ਉਪਦੇਸ਼ ਰਾਹੀਂ ਸੱਚ ਨੂੰ ਹਿਰਦੇ ਵਿਚ ਥਾਉਂ ਦਿੱਤੀ ਹੈ ਤੇ ਅਜਰ ਨੂੰ ਜਰਿਆ ਹੈ। ੬ ਚੇਲਾ ਗੁਰੂ ਨੂੰ ਪ੍ਰਸੰਨ ਕਰ ਲਵੇ ਤਾਂ ਗੁਰੂ ਦਾ ਮਨ ਪਤੀਜਦਾ ਹੈ। ੭ ਲਾਲਚ।

Digitized by Panjab Digital Library | www.panjabdigilib.org

## ਪਉੜੀ ੧੨

[ਗੁਰੂ ਅੰਗਦ ਦੇਵ]

[੧]ਇਕੁ ਗੁਰੂ ਇਕੁ ਸਿਖੁ ਗੁਰਮੁਖਿ ਜਾਨਿਆ।
ਗੁਰ ਚੇਲਾ ਗੁਰ ਸਿਖੁ ਸਚਿ ਸਮਾਨਿਆ।
[੨]ਸੋ ਸਤਿਗੁਰ ਸੋ ਸਿਖੁ ਸਬਦੁ ਵਖਾਨਿਆ।
ਅਚਰਜ ਭੂਰ ਭਵਿਖੁ ਸਚੁ ਸੁਹਾਨਿਆ।
ਲੇਖੁ ਅਲੇਖੁ ਅਲਿਖੁ ਮਾਣੁ ਨਿਮਾਨਿਆ।
[੩]ਸਮਸਰਿ ਅੰਮ੍ਰਿਤੁ ਵਿਖੁ ਨ ਆਵਣ ਜਾਨਿਆ।
[੪]ਨੀਸਾਣਾ ਹੋਇ ਲਿਖੁ ਹਦ ਨੀਸਾਨਿਆ।
[੫]ਗੁਰ ਸਿਖਹੁ ਗੁਰ ਸਿਖੁ ਹੋਇ ਹੈਰਾਨਿਆ ॥ ੧੨ ॥

## ਪਉੜੀ ੧੩

[ਗੁਰਮੁਖਾਂ ਦੇ ਲੱਛਣ ਤੇ ਧੂੜ ਦਾ ਪ੍ਰਤਾਪ]

ਪਿਰਮ ਪਿਆਲਾ ਪੂਰਿ[੬] ਅਪਿਓ ਪੀਆਵਣਾ।
[੭]ਮਹਰਮੁ ਹਕੁ ਹਜੂਰਿ ਅਲਖੁ ਲਖਾਵਣਾ।
ਘਟ ਅਵਘਟ ਭਰਪੂਰਿ ਰਿਦੈ ਸਮਾਵਣਾ।
[੮]ਬੀਅਹੁ ਹੋਇ ਅੰਗੂਰੁ ਸੁਫਲਿ ਸਮਾਵਣਾ।
[੯]ਬਾਵਨ ਹੋਇ ਠਰੂਰ ਮਹਿ ਮਹਿਕਾਵਣਾ।
ਚੰਦਨ ਚੰਦ ਕਪੂਰ ਨ ਮੇਲਿ ਮਿਲਾਵਣਾ।

---

੧ ਇਕ ਗੁਰੂ (ਸ੍ਰੀ ਗੁਰੂ ਨਾਨਕ ਦੇਵ) ਤੇ ਇਕ ਸਿੱਖ (ਗੁਰੂ ਅੰਗਦ ਦੇਵ) ਨੂੰ ਗੁਰਮੁਖ ਜਾਣਦੇ ਹਨ। ੨ ਉਹੀ ਗੁਰੂ ਤੇ ਉਹੀ ਸਿਖ ਸੀ (ਵਖੋ ਵਖ ਤਾਂ ਕੇਵਲ) ਸ਼ਬਦ ਦਵਾਰਾ ਹੀ ਕਹੇ ਜਾਂਦੇ ਸਨ। ੩ ਅੰਮ੍ਰਿਤ ਤੇ ਜ਼ਹਿਰ ਬਰਾਬਰ ਹੈ। ੪ ਪ੍ਰਗਟ ਹੋ ਕੇ (ਸ਼ਬਦ) ਲਿਖਦੇ ਹਨ, ਜਿਨ੍ਹਾਂ ਤੋਂ ਉਹਨਾਂ ਦਾ ਸੱਚ ਦਾ ਹੱਟ ਪ੍ਰਸਿੱਧ ਹੋ ਗਿਆ ਹੈ। ੫ ਸਿਖੋਂ ਗੁਰੂ ਹੋ ਜਾਣ ਦੀ ਖੇਡ ਨੂੰ ਦੇਖ ਕੇ ਗੁਰ ਸਿੱਖ ਹੈਰਾਨ ਹੋ ਰਹੇ ਹਨ। ੬ ਲਬਾਲਬ। ੭ ਹਰ ਥਾਂ ਹਾਜ਼ਰ (ਮੌਜੂਦ) ਹੱਕ (ਵਾਹਿਗੁਰੂ) ਦੇ ਮਹਿਰਮ ਹੋ ਗਏ ਹਨ। ੮ (ਗੁਰੂ ਰੂਪ) ਬੀਜ ਪਹਿਲਾ ਅੰਗੂਰ ਰੂਪ ਹੋ ਕੇ ਪੁੰਗਰਦਾ ਹੈ ਤੇ ਫੇਰ ਫਲਦਾਰ ਦਰੱਖਤ ਹੋ ਕੇ ਉਸ ਵਿਚ ਸਮਾ ਜਾਂਦਾ ਹੈ। ੯ ਬਾਵਨ ਚੰਦਨ ਵਾਂਗ ਸੀਤਲ ਹੋ ਕੇ ਧਰਤੀ ਨੂੰ ਮਹਿਕਾ ਦੇਂਦੇ ਹਨ।

Digitized by Panjab Digital Library | www.panjabdigilib.org

ਸਸੀਅਰ[1] ਅੰਦਰਿ ਸੂਰ[2] ਤਪੰਤਿ ਬੁਝਾਵਣਾ।
ਚਰਣ ਕਵਲ ਦੀ ਧੂਰਿ ਮਸਤਕਿ ਲਾਵਣਾ।
[3]ਕਾਰਣ ਲਖ ਅੰਕੂਰ ਕਰਣੁ ਕਰਾਵਣਾ।
ਵਜਨਿ ਅਨਹਦ ਤੂਰ[4] ਜੋਤਿ ਜਗਾਵਣਾ॥ ੧੩ ॥

## ਪਉੜੀ ੧੪

[ਗੁਰਮੁਖਾਂ ਦੇ ਲੱਛਣ ਤੇ ਧੂੜ ਦਾ ਪ੍ਰਤਾਪ]

ਇਕੁ ਕਵਾਉ ਅਤੋਲੁ ਕੁਦਰਤਿ ਜਾਣੀਐ।
ਓਅੰਕਾਰੁ ਅਬੋਲੁ[5] ਚੋਜ ਵਿਡਾਣੀਐ।
[6]ਲਖ ਦਰੀਆਉ ਅਲੋਲੁ ਪਾਣੀ ਆਣੀਐ।
ਹੀਰੇ ਲਾਲ ਅਮੋਲੁ ਗੁਰ ਸਿਖ ਜਾਣੀਐ।
ਗੁਰਮਤਿ ਅਚਲ ਅਡੋਲ [7]ਪਤਿ ਪਰਵਾਣੀਐ।
ਗੁਰਮੁਖਿ ਪੰਥ ਨਿਰੋਲੁ[8] ਸਚੁ ਸੁਹਾਣੀਐ।
[9]ਸਾਇਰ ਲਖ ਢੰਢੋਲ ਸਬਦੁ ਨੀਸਾਣੀਐ।
[10]ਚਰਣ ਕਵਲ ਰਜ ਘੋਲਿ ਅੰਮ੍ਰਿਤ ਵਾਣੀਐ।
ਗੁਰਮੁਖਿ ਪੀਤਾ ਰਜ ਅਕਥ ਕਹਾਣੀਐ॥ ੧੪ ॥

## ਪਉੜੀ ੧੫

[ਵਾਹਿਗੁਰੂ ਅਕਥ ਹੈ]

ਕਾਦਰੁ ਨੋ ਕੁਰਬਾਣੁ ਕੀਮ ਨ ਜਾਣੀਐ।
ਕੇਵਡੁ ਵਡਾ ਹਾਣੁ[11] ਆਖਿ ਵਖਾਣੀਐ।

---

੧ ਚੰਦਰਮਾ। ੨ ਸੂਰਜ। ੩ (ਧੂੜੀ) ਲੱਖਾਂ ਅੰਗੂਰਾਂ ਦਾ ਕਾਰਨ ਹੋ ਕੇ ਕਾਰਜ ਕਰਦੀ ਹੈ। ੪ ਵਾਜੇ। ੫ ਬੋਲ (ਦੱਸਣ) ਤੋਂ ਬਾਹਰ। ੬ ਲੱਖਾਂ ਦਰੀਆ ਅੰਮ੍ਰਿਤ ਪਾਣੀ ਦੇ, ਅਡੋਲ ਲੈ ਆਉਂਦੇ ਹਨ। ੭ ਪਤ ਪ੍ਰਵਾਣ ਪਈ ਹੈ। ੮ ਰੋਲੇ ਤੋਂ ਬਿਨਾਂ। ੯ ਲੱਖਾਂ ਸ਼ਾਇਰ (ਕਵੀ) ਢੂੰਡੇ, (ਪਰ) ਸ਼ਬਦ ਦੀ ਨਿਸ਼ਾਨੀ ਵਾਲੇ ਹੀ (ਅਸਲੀ ਸ਼ਾਇਰ ਹਨ)। ੧੦ ਚਰਨ ਕਮਲਾਂ ਦੀ ਧੂੜੀ ਘੋਲ਼ੀ ਹੋਈ ਅੰਮ੍ਰਿਤ (ਵਾਣੀਐ) ਵਰਗੀ ਹੈ। ੧੧ ਉਮਰ।

Digitized by Panjab Digital Library | www.panjabdigilib.org

ਕੇਵਡੁ ਆਖਾ ਤਾਣੁ ਮਾਣੁ ਨਿਮਾਣੀਐ।
ਲਖ ਜਿਮੀ ਅਸਮਾਣ ਤਿਲੁ ਨ ਤੁਲਾਣੀਐ।
ਕੁਦਰਤਿ ਲਖ ਜਹਾਨੁ ਹੋਇ ਹੈਰਾਣੀਐ।
[੧]ਸੁਲਤਾਨਾ ਸੁਲਤਾਨ ਹੁਕਮੁ ਨੀਸਾਣੀਐ।
[੨]ਲਖ ਸਾਇਰ ਨੈਸਾਣ ਬੂੰਦ ਸਮਾਣੀਐ।
[੩]ਕੂੜ ਅਖਾਣ ਵਖਾਣ ਅਕਥ ਕਹਾਣੀਐ ॥ ੧੫ ॥

## ਪਉੜੀ ੧੬

[ਗੁਰਮੁਖਾਂ ਦੀ ਰਹਿਣੀ]

ਚਲਣੁ ਹੁਕਮੁ ਰਜਾਇ[੪] ਗੁਰਮੁਖਿ ਜਾਣਿਆ।
[੫]ਗੁਰਮੁਖਿ ਪੰਥਿ ਚਲਾਇ ਚਲਣੁ ਭਾਣਿਆ।
ਸਿਦਕ[੬] ਸਬੂਰੀ ਪਾਇ ਕਰਿ ਸੁਕਰਾਣਿਆ।
ਗੁਰਮੁਖਿ ਅਲਖੁ ਲਖਾਇ ਚੋਜ ਵਿਡਾਣਿਆ।
ਵਰਤਣ ਬਾਲ ਸੁਭਾਇ[੭] ਆਦਿ ਵਖਾਣਿਆ।
ਸਾਧ ਸੰਗਤਿ ਲਿਵ ਲਾਇ [੮]ਸਚੁ ਸੁਹਾਣਿਆ।
ਜੀਵਨ ਮੁਕਤਿ ਕਰਾਇ ਸਬਦਿ[੯] ਸਿਞਾਣਿਆ।
ਗੁਰਮੁਖਿ ਆਪੁ ਗਵਾਇ ਆਪੁ ਪਛਾਣਿਆ ॥ ੧੬ ॥

## ਪਉੜੀ ੧੭

[ਸਤਿਗੁਰ ਮਹਿਮਾ]

ਅਬਿਗਤਿ ਗਤਿ ਅਸਗਾਹ ਆਖਿ ਵਖਾਣੀਐ।
ਗਹਿਰ ਗੰਭੀਰ ਅਥਾਹ ਹਾਥਿ ਨ ਆਣੀਐ।

---

੧ ਰਾਜਿਆਂ ਦਾ ਰਾਜਾ ਹੈ, ਉਸ ਦਾ ਹੁਕਮ ਪ੍ਰਗਟ ਹੈ। ੨ ਲੱਖਾਂ ਸਮੁੰਦਰ ਤੇ ਨਦੀਆਂ ਉਸ ਦੇ ਸਾਹਮਣੇ ਇਕ ਬੂੰਦ ਸਮਾਨ ਹਨ। ੩ ਉਹਨਾਂ ਦੇ ਕਥਨ ਝੂਠੇ ਵਿਆਖਿਆਨ ਹਨ, (ਕਿਉਂਕਿ) ਵਾਹਿਗੁਰੂ ਦੀ ਅਕਥ ਕਹਾਣੀ ਹੈ। ੪ ਰਜਾਈ (ਵਾਹਿਗੁਰੂ)। ੫ ਗੁਰਮੁਖਾਂ ਦੇ ਭਾਣੇ ਅੰਦਰ ਚੱਲਣ ਦਾ ਹੀ ਪੰਥ ਤੋਰਿਆ ਹੈ। ੬ ਭਰੋਸਾ। ੭ ਸ਼ੁਰੂ ਤੋਂ ਕਿਹਾ ਜਾਂਦਾ ਹੈ। ੮ ਉਹਨਾਂ ਨੂੰ ਸੱਚ ਚੰਗਾ ਲਗਦਾ ਹੈ। ੯ ਬ੍ਰਹਮ।

Digitized by Panjab Digital Library | www.panjabdigilib.org

ਬੂੰਦ ਲਖ ਪਰਵਾਹਿ [੧]ਹੁਲੜ ਵਾਣੀਐ।
ਗੁਰਮੁਖਿ ਸਿਫਤਿ ਸਲਾਹ ਅਕਥ ਕਹਾਣੀਐ।
ਪਾਰਾਵਾਰੁ ਨ ਰਾਹੁ ਬਿਅੰਤੁ ਸੁਹਾਣੀਐ[੨]।
ਲਉਬਾਲੀ ਦਰਗਾਹ ਨ ਆਵਣ ਜਾਣੀਐ।
ਵਡਾ ਵੇਪਰਵਾਹ ਤਾਣੁ ਨਿਤਾਣੀਐ।
ਸਤਿਗੁਰ ਸਚੇ ਵਾਹੁ ਹੋਇ ਹੈਰਾਣੀਐ॥ ੧੭ ॥

## ਪਉੜੀ ੧੮

[ਸਾਧ ਸੰਗਤ ਸੱਚਖੰਡ ਹੈ]

[੩]ਸਾਧ ਸੰਗਤਿ ਸਚ ਖੰਡੁ ਗੁਰਮੁਖਿ ਜਾਈਐ।
ਸਚੁ ਨਾਉ ਬਲਵੰਡੁ[੪] ਗੁਰਮੁਖਿ ਧਿਆਈਐ।
[੫]ਪਰਮ ਜੋਤਿ ਪਰਚੰਡੁ ਜੁਗਤਿ ਜਗਾਈਐ।
[੬]ਸੋਧਿ ਡਿਠਾ ਬ੍ਰਹਮੰਡੁ ਲਵੈ ਨ ਲਾਈਐ।
ਤਿਸੁ ਨਾਹੀ ਜਮ ਡੰਡੁ ਸਰਣਿ ਸਮਾਈਐ।
ਘੋਰ ਪਾਪ ਕਰਿ ਖੰਡੁ ਨਰਕਿ ਨ ਪਾਈਐ।
[੭]ਚਾਵਲ ਅੰਦਰਿ ਵੰਡੁ ਉਬਰਿ ਜਾਈਐ।
[੮]ਸਚਹੁ ਸਚੁ ਅਖੰਡੁ ਕੂੜੁ ਛੁਡਾਈਐ॥ ੧੮ ॥

## ਪਉੜੀ ੧੯

[ਗੁਰਸਿਖ ਦੀ ਰਹਿਣੀ]

ਗੁਰ ਸਿਖਾ ਸਾਬਾਸ ਜਨਮੁ ਸਵਾਰਿਆ॥

---

੧ ਹੜ੍ਹਾਂ ਦੇ ਪਾਣੀ (ਦਰਿਆ)। ੨ ਸੁਭਾਇਮਾਨ। ੩ ਸਾਧ ਸੰਗਤ ਸੱਚ ਦੀ ਧਰਤੀ ਹੈ। ਜਿਥੇ ਗੁਰਮੁਖ ਜਾਂਦੇ ਹਨ। ੪ ਬਲਵਾਨ। ੫ (ਗੁਰੂ ਦੀ ਦੱਸੀ) ਜੁਗਤੀ ਅਨੁਸਾਰ (ਵਾਹਿਗੁਰੂ ਦੀ) ਪਰਮ ਜੋਤਿ ਨੂੰ ਜਗਾਉਂਦੇ ਹਨ। ੬ ਸਾਰਾ ਬ੍ਰਹਿਮੰਡ ਖੋਜ ਡਿੱਠਾ ਹੈ, ਉਸ ਦੇ ਸਾਮਾਨ ਕੋਈ ਨਹੀਂ। ੭ ਚੌਲਾਂ ਵਿਚੋਂ ਜਿਵੇਂ (ਧੋਤਿਆਂ) ਵੰਡ ਉੱਪਰ ਤਰ ਆਉਂਦੇ ਹਨ। ੮ ਅਖੰਡ ਸੱਚ (ਸਾਧ ਸੰਗਤ) ਵਿਚੋਂ ਝੂਠ ਬਾਹਰ ਕੱਢੀਦਾ ਹੈ।

Digitized by Panjab Digital Library | www.panjabdigilib.org

ਗੁਰ ਸਿਖਾ ਰਹਰਾਸਿ ਗੁਰੂ ਪਿਆਰਿਆ।
ਗੁਰਮੁਖਿ ਸਾਸਿ ਗਿਰਾਸਿ ਨਾਉ ਚਿਤਾਰਿਆ।
ਮਾਇਆ ਵਿਚਿ ਉਦਾਸੁ ਗਰਬੁ ਨਿਵਾਰਿਆ।
ਗੁਰਮੁਖਿ ਦਾਸਨਿ ਦਾਸ ਸੇਵ ਸੁਚਾਰਿਆ[1]।
ਵਰਤਨਿ ਆਸ ਨਿਰਾਸ ਸਬਦੁ ਵੀਚਾਰਿਆ।
[2]ਗੁਰਮੁਖਿ ਸਹਜਿ ਨਿਵਾਸੁ ਮਨ ਹਠ ਮਾਰਿਆ।
ਗੁਰਮੁਖਿ ਮਨਿ ਪਰਗਾਸੁ ਪਤਿਤ ਉਧਾਰਿਆ ॥ ੧੯ ॥

## ਪਉੜੀ ੨੦
[ਗੁਰਮੁਖ ਰਹਿਣੀ]

[3]ਗੁਰ ਸਿਖਾ ਜੈਕਾਰੁ ਸਤਿਗੁਰ ਪਾਇਆ।
ਪਰਵਾਰੈ ਸਾਧਾਰੁ[4] ਸਬਦੁ ਕਮਾਇਆ।
ਗੁਰਮੁਖਿ ਸਚੁ ਆਚਾਰੁ[5] ਭਾਣਾ ਭਾਇਆ।
ਗੁਰਮੁਖਿ ਮੋਖ ਦੁਆਰੁ ਆਪੁ ਗਵਾਇਆ।
ਗੁਰਮੁਖਿ ਪਰਉਪਕਾਰ ਮਨੁ ਸਮਝਾਇਆ।
ਗੁਰਮੁਖਿ ਸਚੁ ਆਧਾਰੁ ਸਚਿ ਸਮਾਇਆ।
ਗੁਰਮੁਖਾ ਲੋਕਾਰੁ ਲੇਪੁ ਨ ਲਾਇਆ।
ਗੁਰਮੁਖਿ ਏਕੰਕਾਰੁ ਅਲਖੁ ਲਖਾਇਆ ॥ ੨੦ ॥

---

ਸਰੇਸ਼ਟ ਆਚਾਰ ਵਾਲਾ (ਭਲਾ ਆਦਮੀ)। ੨ ਗੁਰਮੁਖਾਂ ਦਾ ਨਿਵਾਸ ਗਿਆਨ ਅਵਸਥਾ ਵਿਚ ਹੈ, ਉਹਨਾਂ ਮਨ ਵਿਚੋਂ ਹਠ ਨੂੰ ਮਾਰ ਦਿੱਤਾ ਹੈ। ੩ ਗੁਰ ਸਿਖਾਂ ਦੀ ਜੈ (ਹੋਵੇ ਜਿਨ੍ਹਾਂ) ਸਤਿਗੁਰੂ ਪਾਇਆ ਹੈ। ੪ ਉਧਾਰ ਕੀਤਾ ਹੈ। ੫ ਕਰਨੀ। ੬ ਗੁਰਮੁਖ ਮੁਕਤੀ ਦਾ ਦੁਆਰਾ (ਵਸੀਲਾ) ਹਨ। ੭ ਗੁਰਮੁਖ ਲੋਕ-ਲਾਜ ਦਾ ਲੇਪ ਮਨ ਪੁਰ ਨਹੀਂ ਲੱਗਣ ਦੇਂਦੇ।

Digitized by Panjab Digital Library | www.panjabdigilib.org

## ਪਉੜੀ ੨੧

[ਗੁਰਮੁਖ ਸਰੂਪ]

[੧]ਗੁਰਮੁਖਿ ਸਸੀਅਰ ਜੋਤਿ ਅੰਮ੍ਰਿਤ ਵਰਸਣਾ।
[੨]ਅਸਟ ਧਾਤੁ ਇਕ ਧਾਤੁ ਪਾਰਸੁ ਪਰਸਣਾ।
ਚੰਦਨ ਵਾਸ ਨਿਵਾਸੁ ਬਿਰਖ ਸੁਦਰਸਣਾ[੩]।
[੪]ਗੰਗ ਤਰੰਗ ਮਿਲਾਪੁ ਨਦੀਆਂ ਸਰਸਣਾ।
[੫]ਮਾਨ ਸਰੋਵਰ ਹੰਸ ਨ ਤ੍ਰਿਸਨਾ ਤਰਸਣਾ।
ਪਰਮ ਹੰਸ ਗੁਰ ਸਿਖ ਦਰਸ ਅਦਰਸਣਾ।
ਚਰਣ ਸਰਣ ਗੁਰਦੇਵ [੬]ਪਰਸ ਅਪਰਸਣਾ।
ਸਾਧ ਸੰਗਤਿ ਸਚ ਖੰਡੁ ਅਮਰ ਨ ਮਰਸਣਾ॥੨੧॥੨੨॥

* *
o
* *

---

੧ ਗੁਰਸੁਖਾਂ ਦੀ (ਗਿਆਨ)ਜੋਤਿ ਚੰਦਰਮਾਂ ਵਾਂਗ ਸੀਤਲ ਹੈ। ੨ ਪਾਰਸ ਦੇ ਪਰਸਨ (ਵਾਂਗ ਇਹ ਭੀ) ਭਿੰਨ ਭਿੰਨ ਧਾਤਾਂ ਤੋਂ ਇਕ ਧਾਤ ਬਣਾ ਦੇਂਦੇ ਹਨ। ੩ ਆਪਣੇ ਵਾਂਗ। ੪ ਗੰਗਾ ਦੇ ਤਰੰਗਾਂ ਨਾਲ ਮਿਲਾਪ ਹੋਣ ਤੇ ਨਦੀਆਂ ਦੇ ਗੰਗਾ ਦਾ ਰੂਪ ਹੋਣ ਵਾਂਗ। ੫ ਹੰਸਾਂ ਵਾਂਗ ਮਾਨ ਸਰੋਵਰ ਦੀ ਤ੍ਰਿਸ਼ਨਾ ਲਈ ਤਰਸਦੇ ਹਨ। ੬ ਅਪਰਸ (ਨੀਚ ਜਾਤਿ) ਤੋਂ ਪਰਸ (ਉਚੀ ਜਾਤਿ) ਦੇ ਹੋ ਗਏ ਹਨ।

Digitized by Panjab Digital Library | www.panjabdigilib.org

# ਵਾਰ ੨੩.

੧ ਓ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਮੰਗਲਾਚਰਣ ਗੁਰੂ]

[1]ਸਤਿ ਰੂਪ ਗੁਰ ਦਰਸਨੋ ਪੂਰਨ ਬ੍ਰਹਮੁ ਅਚਰਜੁ ਦਿਖਾਇਆ ।
ਸਤਿਨਾਮੁ ਕਰਤਾ ਪੁਰਖੁ ਪਾਰਬ੍ਰਹਮੁ ਪਰਮੇਸਰੁ ਧਿਆਇਆ ।
[2]ਸਤਿਗੁਰਸਬਦ ਗਿਆਨੁ ਸਚੁਅਨਹਦਧੁਨਿਵਿਸਮਾਦੁਸੁਣਾਇਆ
ਗੁਰਮੁਖਿ ਪੰਥੁ ਚਲਾਇਓਨੁ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।
[3]ਗੁਰ ਸਿਖੁ ਦੇ ਗੁਰ ਸਿਖ ਕਰਿ ਸਾਧ ਸੰਗਤਿ ਸਚੁਖੰਡੁ ਵਸਾਇਆ
[4]ਸਚੁ ਰਾਸ ਰਹਰਾਸਿ ਦੇ ਸਤਿਗੁਰ ਸਿਖ ਦੇ ਪੈਰੀ ਪਾਇਆ ।
ਚਰਣ ਕਵਲ ਪਰਤਾਪੁ ਜਣਾਇਆ ॥ ੧ ॥

## ਪਉੜੀ ੨

[ਤੀਰਥ ਸਾਧੂ]

ਤੀਰਥ ਨ੍ਹਾਤੇ ਪਾਪ ਜਾਨਿ ਪਤਿਤ ਉਧਾਰਣ ਨਾਉ ਧਰਾਇਆ ।
ਤੀਰਥ ਹੋਨ ਸਕਾਰਥੇ[5] ਸਾਧ ਜਨਾ ਦਾ ਦਰਸਨੁ ਪਾਇਆ ।
ਸਾਧ ਹੋਏ ਮਨ ਸਾਧਿਕੈ ਚਰਣ ਕਵਲ ਗੁਰ ਚਿਤਿ ਵਸਾਇਆ ।
[6]ਉਪਮਾ ਸਾਧ ਅਗਾਧਿ ਬੋਧ ਕੋਟ ਮਧੇ ਕੋ ਸਾਧੁ ਸੁਣਾਇਆ ।
ਗੁਰੁਸਿਖ ਸਾਧ ਅਸੰਖ ਜਗਿ ਧਰਮਸਾਲ ਥਾਇ ਥਾਇ ਸੁਹਾਇਆ

---

੧ ਗੁਰੂ ਦਾ ਦਰਸ਼ਨ ਸੱਤ ਸਵਰੂਪ ਹੈ, (ਜਿਨ੍ਹਾਂ ਨੇ) ਵਿਆਪਕ ਬ੍ਰਹਮ ਦਾ ਅਚਰਜ ਰੂਪ ਦਿਖਾਇਆ ਹੈ। ੨ ਸਤਿਗੁਰ ਸ਼ਬਦ ਦਾ ਗਿਆਨ ਸੱਚਾ ਹੈ, ਜਿਸ ਦਵਾਰਾ ਅਚਰਜ ਰੂਪ ਅਨਹਦ ਧੁਨੀ ਸੁਣਾਈ। ੩ ਗੁਰੂ ਦੀ ਸਿਖਿਆ । ੪ ਰਾਹਿ_ਰਾਸਤ (ਸੱਚ ਦੇ ਮਾਰਗ) ਦੀ ਸੱਚੀ ਪੂੰਜੀ। ੫ ਸਫਲ । ੬ ਸਾਧੂ ਦੀ ਉਪਮਾ ਦਾ ਬੋਧ (ਵਿਚਾਰ) ਡੂੰਘਾ ਹੈ, ਕਰੋੜਾਂ ਵਿਚੋਂ ਕੋਈ ਸਾਧੂ ਸੁਣੀਦਾ ਹੈ।

Digitized by Panjab Digital Library | www.panjabdigilib.org

ਪੈਰੀ ਪੈ ਪੈਰ ਧੋਵਣੇ ਚਰਣੋਦਕੁ[1] ਲੈ ਪੈਰੁ ਪੁਜਾਇਆ।
ਗੁਰਮੁਖਿ ਸੁਖ ਫਲੁ ਅਲਖੁ ਲਖਾਇਆ ॥ ੨ ॥

## ਪਉੜੀ ੩

[ਧੂੜੀ]

ਪੰਜਿ ਤਤ ਉਤਪਤਿ ਕਰ ਗੁਰਮੁਖਿ ਧਰਤੀ ਆਪੁ ਗਵਾਇਆ।
ਚਰਣ ਕਵਲ ਸਰਣਾਗਤੀ ਸਭ ਨਿਧਾਨ ਸਭੇ ਫਲ ਪਾਇਆ।
[3]ਲੋਕ ਵੇਦ ਗੁਰ ਗਿਆਨ ਵਿਚਿ ਸਾਧੂ ਧੂੜਿ ਜਗਤੁ ਤਰਾਇਆ।
ਪਤਿਤ ਪੁਨੀਤ ਕਰਾਇਕੈ ਪਾਵਨ ਪੁਰਖ ਪਵਿਤ੍ਰ ਕਰਾਇਆ।
[4]ਚਰਣੋਦਕ ਮਹਿਮਾ ਅਮਿਤ ਸੇਖ ਸਹਸ ਮੁਖਿ ਅੰਤੁ ਨ ਪਾਇਆ।
[5]ਧੂੜੀ ਲੇਖੁ ਮਿਟਾਇਆ ਚਰਣੋਦਕ ਮਨੁ ਵਸਿ ਗਤਿ ਆਇਆ।
ਪੈਰੀ ਪੈ ਜਗੁ ਚਰਨੀ ਲਾਇਆ ॥ ੩ ॥

## ਪਉੜੀ ੪

[ਗੰਗਾ ਦੇ ਦ੍ਰਿਸ਼ਟਾਂਤ ਤੋਂ ਉਪਦੇਸ਼]

[6]ਚਰਣੋਦਕੁ ਹੋਇ ਸੁਰਸਰੀ ਤਜਿ ਬੈਕੁੰਠ ਧਰਤਿ ਵਿਚਿ ਆਈ।
ਨਉ ਸੈ ਨਦੀ ਨੜਿੰਨਵੈ ਅਠਸਠਿ ਤੀਰਥਿ ਅੰਗਿ ਸਮਾਈ।
[7]ਤਿਹੁ ਲੋਈ ਪਰਵਾਣੁ ਹੈ ਮਹਾਦੇਵ ਲੈ ਸੀਸ ਚੜ੍ਹਾਈ।
ਦੇਵੀ ਦੇਵ ਸਰੇਵਦੇ[8] ਜੈ ਜੈ ਕਾਰ ਵਡੀ ਵਡਿਆਈ।
ਸਣੁ ਗੰਗਾ ਬੈਕੁੰਠ ਲਖ ਲਖ ਬੈਕੁੰਠ ਨਾਥਿ ਲਿਵ ਲਾਈ।
ਸਾਧੂ ਧੂੜਿ ਦੁਲੰਭ ਹੈ ਸਾਧ ਸੰਗਤਿ ਸਤਿਗੁਰੁ ਸਰਣਾਈ।

---

੧ ਚਰਨਾਮ੍ਰਿਤ। ੨ ਗੁਰਮੁਖਾਂ ਨੇ ਧਰਤੀ ਵਾਂਗ ਆਪਾ ਭਾਵ (ਅਹੰਕਾਰ) ਗਵਾ ਦਿੱਤਾ ਹੈ। ੩ ਲੋਕਾਂ ਦੀ ਕਥਣੀ, ਵੇਦ ਵਾਕ ਅਤੇ ਗੁਰੂ ਗਿਆਨ ਅਨੁਸਾਰ ਸਾਧੂ ਦੀ ਧੂੜੀ ਨੇ ਜਗਤ ਨੂੰ ਤਾਰਿਆ ਹੈ। ੪ ਚਰਨਾਮ੍ਰਿਤ ਦੀ ਮਹਿਮਾ ਮਿਣਤੀ ਤੋਂ ਰਹਿਤ ਹੈ, ਸ਼ੇਸ਼ਨਾਗ ਨੇ ਹਜ਼ਾਰ ਮੁਖਾਂ ਦਵਾਰਾ (ਮਹਿਮਾ ਗਾ ਕੇ ਭੀ) ਅੰਤ ਨਹੀਂ ਪਾਇਆ। ੫ ਚਰਨ ਧੂੜੀ ਨਾਲ ਮਾੜੇ ਲੇਖ ਮਿਟ ਜਾਂਦੇ ਹਨ ਤੇ ਚਰਨਾਮ੍ਰਿਤ ਨਾਲ ਮਨ ਵਸ ਹੋ ਜਾਂਦਾ ਹੈ। ੬ (ਬਾਵਨ ਅਵਤਾਰ ਦੇ ਚਰਨਾਂ ਦਾ) ਚਰਨਾਮ੍ਰਿਤ ਹੋ ਕੇ ਗੰਗਾ। ੭ ਤਿੰਨਾਂ ਲੋਕਾਂ ਵਿਚ ਪ੍ਰਮਾਣੀਕ ਹੋਈ (ਪੁਰਾਣਕ ਕਥਾ ਅਨੁਸਾਰ ਸਵਰਗ ਲੋਕ ਵਿਚ ਅਮਰਾਵਤੀ ਨਾਮ ਕਰਕੇ, ਪਾਤਾਲਪੁਰੀ ਵਿਚ ਭੋਗਾਵਤੀ ਤੇ ਭੂਲੋਕ ਵਿਚ ਗੰਗਾ ਨਾਮ ਨਾਲ ਪੂਜੀ ਗਈ)। ੮ ਸੇਵੀਂਦੇ ਹਨ। ੯ ਲੱਖਾਂ ਬੈਕੁੰਠਾਂ ਦੇ ਸੁਆਮੀ ਲਿਵ ਲਾਈ ਬੈਠੇ ਹਨ।

Digitized by Panjab Digital Library | www.panjabdigilib.org

[1]ਚਰਣ ਕਵਲ ਦਲ ਕੀਮ ਨ ਪਾਈ ॥ ੪੦ ॥

## ਪਉੜੀ ੫

[ਗੁਰਮੁਖਾਂ ਦੇ ਸੁਖ ਫਲ ਦੀ ਵਡਿਆਈ]

[2]ਚਰਣ ਸਰਣਿ ਜਿਸੁ ਲਖਮੀ ਲਖ ਕਲਾ ਹੋਇ ਲਖੀ ਨ ਜਾਈ।
ਰਿਧਿ ਸਿਧਿ ਨਿਧਿ ਸਭ ਗੋਲੀਆਂ ਸਾਧਿਕ ਸਿਧ ਰਹੇ ਲਪਟਾਈ।
ਚਾਰਿ ਵਰਨ ਛਿਅ ਦਰਸਨਾ ਜਤੀ ਸਤੀ ਨਉ ਨਾਥ ਨਿਵਾਈ।
ਤਿੰਨ ਲੋਅ ਚੌਦਹ ਭਵਨ [3]ਜਲਿ ਥਲਿ ਮਹੀਅਲ ਛਲੁ ਕਰਿ ਛਾਈ
[4]ਕਵਲਾ ਸਣੁ ਕਵਲਾਪਤੀ ਸਾਧ ਸੰਗਤਿ ਸਰਣਾਗਤਿ ਆਈ।
ਪੈਰੀ ਪੈ ਪਾਖਾਕ ਹੋਇ ਆਪੁ ਗਵਾਇ ਨ ਆਪੁ ਗਣਾਈ।
ਗੁਰਮੁਖਿ ਸੁਖ ਫਲੁ ਵਡੀ ਵਡਿਆਈ ॥ ੫ ॥

## ਪਉੜੀ ੬

[ਬਲਿ ਤੋਂ ਚਰਨ ਕਮਲਾਂ ਦੀ ਮਹਿਮਾ]

ਬਾਵਨ ਰੂਪੀ ਹੋਇਕੈ [5]ਬਲਿ ਛਲਿ ਅਛਲਿ ਆਪੁ ਛਲਾਇਆ।
ਕਰੋ ਅਢਾਈ ਧਰਤਿ ਮੰਗਿ ਪਿਛੇ ਦੇ ਵਡ [6]ਪਿੰਡੁ ਵਧਾਇਆ।
ਦੁਇਕਰੁਵਾਕਰਿ ਤਿੰਨਿਲੋਅਬਲਿ ਰਾਜੇਫਿਰਿ[7]ਮਗਰੁਮਿਣਾਇਆ
ਸੁਰਗਹੁ ਚੰਗਾ ਜਾਨਿਕੈ ਰਾਜੁ ਪਤਾਲ ਲੋਕ ਦਾ ਪਾਇਆ।
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਭਗਤ ਵਛਲ ਦਰਵਾਨ ਸਦਾਇਆ।
ਬਾਵਨ ਲਖ ਸੁਪਾਵਨਾ[8] ਸਾਧ ਸੰਗਤਿ ਰਜ[9] ਇਛ ਇਛਾਇਆ।
ਸਾਧ ਸੰਗਤਿ ਗੁਰ ਚਰਨ ਧਿਆਇਆ ॥ ੬ ॥

---

੧ ਚਰਨ ਕਮਲਾਂ ਦੀ ਇਕ ਪੰਖੜੀ ਦੀ ਭੀ ਕੀਮਤ ਨਹੀਂ ਪਾਈ ਜਾਂਦੀ। ੨ ਜਿਸ ਲੱਛਮੀ (ਮਾਇਆ) ਦੇ ਚਰਨਾਂ ਦੀ ਸ਼ਰਨ ਵਿਚ ਲੱਖਾਂ ਕਲਾ (ਸ਼ਕਤੀਆਂ) ਹਨ, ਜੋ ਲਖੀ ਨਹੀਂ ਜਾ ਸਕਦੀ (ਅਗੇ ਚਾਰ ਤੁਕਾਂ ਵਿਚ ਲੱਛਮੀ ਦਾ ਹੀ ਵਰਨਣ ਹੈ)। ੩ ਜਲ ਥਲ ਤੇ ਆਕਾਸ਼ ਵਿਚ ਛਲ ਰੂਪ ਹੋ ਕੇ ਵਿਆਪਦਾ ਹੈ। ੪ ਅਜਿਹੀ ਲੱਛਮੀ ਸਮੇਤ ਲੱਛਮੀ ਪਤਿ (ਵਿਸ਼ਨੂੰ) ਭੀ ਸਾਧ ਸੰਗਤ ਦੀ ਸ਼ਰਨ ਵਿਚ ਆਉਂਦਾ ਹੈ। ੫ ਬਲੀ ਰਾਜੇ ਨੂੰ ਛਲਣ ਵਿਚ ਅਛਲ ਰਹਿੰਦਾ ਹੋਇਆ। ੬ (ਆਪਣਾ) ਸਰੀਰ ਵਧਾ ਲਿਆ। ੭ (ਰਾਜੇ ਦਾ) ਸ਼ਰੀਰ। ੮ ਪਵਿਤ੍ਰ। ੯ ਧੂੜੀ।

Digitized by Panjab Digital Library | www.panjabdigilib.org

## ਪਉੜੀ ੭

[ਪਰਸਰਾਮ ਅਵਤਾਰ ਚਰਣ ਕਮਲਾਂ ਦੇ ਰਸ ਤੋਂ ਵਾਂਜਿਆ ਰਿਹਾ]

[੧]ਸਹਸ ਬਾਹੁ[੨] ਜਮਦਗਨਿ ਘਰਿ ਹੋਇ ਪਰਾਹਣੁਚਾਰੀ[੩] ਆਇਆ
ਕਾਮਧੇਣੁ ਲੋਭਾਇਕੈ ਜਮਦਗਨੈ ਦਾ ਸਿਰੁ ਵਢਵਾਇਆ।
ਪਿਟਦੀ ਸੁਣਿਕੈ ਰੇਣੁਕਾ[੪] ਪਰਸਰਾਮ ਧਾਈ ਕਰਿ ਧਾਇਆ।
ਇਕੀਹ ਵਾਰ ਕਰੋਧ ਕਰਿ ਖਤ੍ਰੀ ਮਾਰਿ ਨਿ-ਖਤ੍ਰ[੫] ਗਵਾਇਆ।
ਚਰਣ ਸਰਣਿ ਫੜਿ ਉਬਰੇ ਦੂਜੈ ਕਿਸੈ ਨ ਖੜਗੁ ਉਚਾਇਆ।
ਹਉਮੈ ਮਾਰਿ ਨ ਸਕੀਆ ਚਿਰੰਜੀਵ ਹੁਇ ਆਪੁ ਜਣਾਇਆ।
ਚਰਣ ਕਵਲ ਮਕਰੰਦੁ[੬] ਨ ਪਾਇਆ ॥ ੭ ॥

## ਪਉੜੀ ੮

[ਰਾਮ ਚੰਦ੍ਰ ਤੋਂ ਧੂੜੀ ਦਾ ਉਪਦੇਸ਼ ]

[੭]ਰੰਗ ਮਹਲ ਰੰਗ ਰਾਗ ਵਿਚਿ ਦਸਰਥੁ ਕਉਸਲਿਆ ਰਲੀਆਲੇ[੮]।
ਮਤਾ ਮਤਾਇਨਿ ਆਪ ਵਿਚਿ [੯]ਚਾਇ ਚਈਲੇ ਖਰੇ ਸੁਖਾਲੇ।
ਘਰਿ ਅਸਾੜੈ ਪੁਤੁ ਹੋਇ ਨਾਉ ਕਿ ਧਰੀਐ ਬਾਲਕ ਬਾਲੇ[੧੦]।
ਰਾਮ ਚੰਦੁ ਨਾਉ ਲੈਂਦਿਆਂ [੧੧]ਤਿੰਨਿ ਹਤਿਆਤੇ ਹੋਇ ਨਿਰਾਲੇ।
[੧੨]ਰਾਮ ਰਾਜ ਪਰਵਾਣ ਜਗਿ ਸਤ ਸੰਤੋਖ ਧਰਮ ਰਖਵਾਲੇ।
ਮਾਇਆ ਵਿਚਿ ਉਦਾਸ ਹੋਇ ਸੁਣੈ ਪੁਰਾਣੁ ਬਸਿਸਟੁ ਬਹਾਲੇ।
[੧੩]ਰਾਮਾਇਣੁ ਵਰਤਾਇਆ ਸਿਲਾ ਤਰੀ ਪਗ ਛੁਹਿ ਤਤਕਾਲੇ।
ਸਾਧ ਸੰਗਤਿ ਪਗ ਧੂੜਿ ਨਿਹਾਲੇ[੧੪] ॥ ੮ ॥

---

੧ ਰਾਜੇ ਦਾ ਨਾਉਂ। ੨ ਰਿਖੀ ਦਾ ਨਾ ਨਾਉਂ ਜੋ ਪਰਸਰਾਮ ਅਵਤਾਰ ਦਾ ਪਿਤਾ ਸੀ ਅਤੇ ਰਾਜਾ ਸਹਸ ਬਾਹੂ ਦਾ ਸਾਂਢੂ ਸੀ। ੩ ਪ੍ਰਾਹੁਣਾ ਹੋ ਕੇ। ੪ ਪਰਸਰਾਮ ਦੀ ਮਾਤਾ। ੫ ਖਤ੍ਰੀਆਂ ਤੋਂ ਖਾਲੀ। ੬ ਧੂੜੀ। ੭ ਰਣਵਾਸ। ੮ ਗਰਭਵਤੀ ਹੋਈ। ੯ ਆਨੰਦ ਵਿਚ ਮਸਤ ਤੇ ਅਤਿ ਸੁਖੀ। ੧੦ ਇਸਤ੍ਰੀ ਨੂੰ ਸੰਬੋਧਨ, ਹੇ ਬਾਲੇ ! ੧੧ ਤਿੰਨਾਂ ਹਤਿਆਂ (ਸ੍ਰਵਨ ਤੇ ਉਸ ਦੇ ਮਾਤਾ ਪਿਤਾ) ਦੇ ਪਾਪ ਤੋਂ ਨਿਰਮਲ। ੧੨ ਜਗਤ ਵਿਚ ਰਾਮਰਾਜ ਪ੍ਰਵਾਨ ਹੋਇਆ (ਕਿਉਂ ਜੁ ਉਹ) ਸਤਿ ਸੰਤੋਖ ਦਇਆ ਧਰਮ ਦਾ ਰਾਖਾ ਸੀ। ੧੩(ਰਾਮਾਇਣ) ਪਰਮੇਸ਼ਰ ਦੇ ਆਸਰੇ ਦਾ ਪ੍ਰਚਾਰ ਕੀਤਾ(ਇਸ ਭਗਤੀ ਕਰਕੇ) ਚਰਨ ਛੋਂਹਦਿਆਂ ਹੀ ਤਤਕਾਲ ਅਹੱਲਿਆ ਸਿਲਾ(ਹੋ ਚੁਕੀ)ਤਰ ਗਈ। ੧੪ ਅਨੰਦ, ਕ੍ਰਿਤਾਰਥ।

Digitized by Panjab Digital Library | www.panjabdigilib.org

## ਪਉੜੀ ੯

[ਕ੍ਰਿਸ਼ਨ ਚੰਦ੍ਰਾਵਤਾਰ]

ਕਿਸਨ ਲੈ ਅਵਤਾਰੁ ਜਗਿ ਮਹਮਾ [1]ਦਸਮ ਸਕੰਧੁ ਵਖਾਣੈ ।
ਲੀਲਾ ਚਲਤ ਅਚਰਜ ਕਰਿ ਜੋਗੁ ਭੋਗੁ ਰਸ ਰਲੀਆ ਮਾਣੈ ।
ਮਹਾ ਭਾਰਥੁ ਕਰਵਾਇਓਨੁ ਕੈਰੋ ਪਾਡੋ ਕਰਿ ਹੈਰਾਣੈ ।
[2]ਇੰਦ੍ਰਾਦਿਕ ਬ੍ਰਹਮਾਦਿਕਾ ਮਹਿਮਾ ਮਿਤਿ ਮਿਰਜਾਦ ਨ ਜਾਣੈ ।
ਮਿਲੀਆ ਟਹਲਾ ਵੰਡਿਕੈ [3]ਜਗਿ ਰਾਜਸੂ ਰਾਜੇ ਰਾਣੈ ।
ਮੰਗ ਲਈ ਹਰਿ ਟਹਲ ਏਹ [4]ਪੈਰ ਧੋਇ ਚਰਣੋਦਕੁ ਮਾਣੈ ।
ਸਾਧ ਸੰਗਤਿ ਗੁਰ ਸਬਦੁ ਸਿਞਾਣੈ ॥ ੯ ॥

## ਪਉੜੀ ੧੦

[ਅਵਤਾਰ ਸੁਲਭ, ਚਰਨ ਗੁਰ ਦੁਰਲਭ]

ਮਛ ਰੂਪ ਅਵਤਾਰੁ ਧਰਿ ਪੁਰਖਾਰਥੁ[5] ਕਰਿ ਵੇਦ ਉਧਾਰੇ ।
ਕਛੁ ਰੂਪ ਹੁਇ ਅਵਤਰੇ ਸਾਗਰੁ ਮਥਿ ਜਗਿ [6]ਰਤਨ ਪਸਾਰੇ ।
ਤੀਜਾ ਕਰਿ ਬੈਰਾਹ ਰੂਪੁ ਧਰਤਿ ਉਧਰੀ ਦੈਤ ਸੰਘਾਰੇ ।
ਚਉਥਾ ਕਰਿ ਨਰਸਿੰਘ ਰੂਪੁ ਅਸੁਰੁ ਮਾਰਿ ਪ੍ਰਹਿਲਾਦਿ ਉਬਾਰੇ ।
[7]ਇਕਸੇ ਹੀ ਬ੍ਰਹਮੰਡ ਵਿਚਿ ਦਸ ਅਵਤਾਰ ਲਏ ਅਹੰਕਾਰੇ ।
[8]ਕਰਿ ਬ੍ਰਹਮੰਡ ਕਰੋੜਿ ਜਿਨਿ ਲੂਅ ਲੂਅ ਅੰਦਰਿ ਸੰਜਾਰੇ ।
[9]ਲਖ ਕਰੋੜਿ ਇਵੇਹਿਆ ਓਅੰਕਾਰ ਅਕਾਰ ਸਵਾਰੇ ।
ਚਰਣ ਕਮਲ ਗੁਰ ਅਗਮ ਅਪਾਰੇ ॥ ੧੦ ॥

---

੧ ਭਾਗਵਤ ਦਾ ਦਸਵਾਂ ਸਕੰਧ ਕਥਨ ਕਰਦਾ ਹੈ । ੨ ਇੰਦਰ, ਬ੍ਰਹਮਾ ਆਦਿਕ ਨੇ ਉਸ ਦੀ ਮਹਿਮਾ ਤੇ ਮਰਯਾਦਾ ਦਾ ਅੰਤ ਨਹੀਂ ਜਾਣਿਆ । ੩ ਯੁਧਿਸ਼ਟਰ ਦੇ ਰਾਜਸੂ ਯੱਗ ਵਿਖੇ । ੪ ਪੈਰ ਧੋ ਕੇ ਚਰਨਾਮ੍ਰਿਤ ਦਾ ਆਨੰਦ ਹੀ ਮਾਣਾਂਗਾ । ੫ ਜਤਨ । ੬ (ਚੌਦਾਂ) ਰਤਨਾਂ ਦਾ ਪਸਾਰਾ ਕੀਤਾ । ੭ ਇਕੋ ਬ੍ਰਹਿਮੰਡ ਵਿਚ ਦਸ ਅਵਤਾਰ ਲੈ ਕੇ ਅਹੰਕਾਰਿਆ ਗਿਆ । ੮ ਪਰ ਜਿਸ ਨੇ ਕਰੋੜਾਂ ਬ੍ਰਹਿਮੰਡ ਰਚਕੇ ਲੂੰ ਲੂੰ ਦੇ ਅੰਦਰ ਸਮਾ ਰਖੇ ਹਨ । ੯ ਓਅੰਕਾਰ ਨੇ ਅਜਿਹੇ ਲੱਖਾਂ ਤੇ ਕਰੋੜਾਂ ਸਰੂਪ ਸਵਾਰੇ ਹਨ ।

Digitized by Panjab Digital Library | www.panjabdigilib.org

## ਪਉੜੀ ੧੧

[ਗੁਰ ਚਰਨ ਸਭ ਤੋਂ ਸ੍ਰੇਸ਼ਟ]

ਸਾਸਤ੍ਰ ਵੇਦ ਪੁਰਾਣ ਸਭ ਸੁਣਿ ਸੁਣਿ ਆਖਣੁ[1] ਆਖਿ ਸੁਣਾਵਹਿ।
ਰਾਗ ਨਾਦ ਸੰਗੀਤ ਲਖ ਅਨਹਦ ਧੁਨਿ ਸੁਣਿ ਸੁਣਿ ਗੁਣ ਗਾਵਹਿ
ਸੇਖ ਨਾਗ ਲਖ ਲੋਮਸਾ [2]ਅਬਿਗਤਿ ਗਤਿ ਅੰਦਰਿ ਲਿਵਲਾਵਹਿ
ਬ੍ਰਹਮੇ ਬਿਸਨੁ ਮਹੇਸ ਲਖ ਗਿਆਨੁਧਿਆਨੁ ਤਿਲੁਅੰਤੁ ਨ ਪਾਵਹਿ
[3]ਦੇਵੀ ਦੇਵ ਸਰੇਵਦੇ ਅਲਖ ਅਭੇਵ ਨ ਸੇਵ ਪੁਜਾਵਹਿ।
ਗੋਰਖ ਨਾਥ ਮਛਿੰਦ੍ਰ ਲਖ ਸਾਧਿਕ ਸਿਧਿ ਨੇਤ ਕਰਿ ਧਿਆਵਹਿ।
[4]ਚਰਣ ਕਮਲ ਗੁਰੁ ਅਗਮ ਅਲਾਵਹਿ ॥ ੧੧ ॥

## ਪਉੜੀ ੧੨

[ਕੇਵਲ ਉੱਚਾ ਆਦਰ ਯੋਗ ਨਹੀਂ]

[5]ਮਥੈ ਤਿਵੜੀ ਬਾਮਣੈ ਸਉਹੇ ਆਏ ਮਸਲਤਿ ਫੇਰੀ।
ਸਿਰੁ ਉਚਾ ਅਹੰਕਾਰ ਕਰਿ ਵਲ ਦੇ ਪਗ ਵਲਾਏ ਡੇਰੀ[6]।
ਅਖੀਂ ਮੂਲਿ ਨ ਪੂਜੀਅਨਿ ਕਰਿ ਕਰਿ ਵੇਖਨਿ ਮੇਰੀ ਤੇਰੀ।
ਨਕੁ ਨ ਕੋਈ ਪੂਜਦਾ [7]ਖਾਇ ਮਰੋੜੀ ਮਣੀ ਘਨੇਰੀ।
ਉਚੇ ਕੰਨ ਨ ਪੂਜੀਅਨਿ ਉਸਤਤਿ ਨਿੰਦਾ ਭਲੀ ਭਲੇਰੀ।
ਬੋਲਹੁ ਜੀਭ ਨ ਪੂਜੀਐ ਰਸ ਕਸ ਬਹੁ ਚਖੀ ਚੰਦ ਘੇਰੀ।
[8]ਨੀਵੇ ਚਰਣ ਪੂਜ ਹਥ ਕੇਰੀ ॥ ੧੨ ॥

---

੧ ਕਥਾਵਾਂ। ੨ (ਵਾਹਿਗੁਰੂ ਦੀ) ਗਤੀ ਅੰਦਰ ਸੁਰਤ ਲਾਉਂਦੇ ਹਨ। ੩ ਦੇਵੀ ਦੇਵਤਿਆਂ ਦੀ ਜੋ ਸੇਵਾ ਕਰਦੇ ਹਨ, ਸੇਵਾ (ਉਹਨਾਂ ਨੂੰ) ਅਲਖ ਤੇ ਭੇਦ ਰਹਿਤ (ਵਾਹਿਗੁਰੂ) ਤੱਕ ਨਹੀਂ ਪਹੁੰਚਾ ਸਕਦੀ। ੪ (ਸਭ ਇਹ) ਕਹਿੰਦੇ ਹਨ ਕਿ ਗੁਰੂ ਦੇ ਚਰਨ ਅਗੰਮ ਹਨ। ੫ ਮਥੇ ਤਿਉੜੀ ਪਾਈ ਬ੍ਰਾਹਮਣ ਸਾਹਮਣੇ ਆਉਂਦਾ ਦਿਸ ਪਵੇ ਤਾਂ ਲੋਗ (ਕੁਸਗਣ ਸਮਝ ਕੇ) ਸਲਾਹ ਬਦਲਾ ਲੈਂਦੇ ਹਨ। ੬ ਡਿੰਗੀ। ੭ (ਆਪ ਤੋਂ ਨੀਵੇਂ ਨੂੰ ਦੇਖ ਕੇ) ਨੱਕ ਚਾਹੜਦਾ ਹੈ (ਕਿਉਂ ਕਿ) ਉਸ ਵਿਚ ਮੈਂ ਦੀ ਮਣ ਬਹੁਤ ਵਡੀ ਹੋਈ ਹੈ। ੮ ਨੀਵੇਂ (ਹੋਣ ਕਰਕੇ) ਚਰਨਾਂ ਦੀ ਹਥਾਂ ਨਾਲ ਪੂਜਾ ਹੁੰਦੀ ਹੈ।

Digitized by Panjab Digital Library | www.panjabdigilib.org

## ਪਉੜੀ ੧੩

[ਬੱਕਰੀ ਦੇ ਅਲੰਕਾਰ ਤੋਂ ਉਪਦੇਸ਼]

[੧]ਹਸਤਿ ਅਖਾਜੁ ਗੁਮਾਨ ਕਰਿ ਸੀਹੁ ਸਤਾਣਾ[੨] ਕੋਇ ਨ ਖਾਈ।
ਹੋਇ ਨਿਮਾਣੀ ਬਕਰੀ ਦੀਨ ਦੁਨੀ ਵਡਿਆਈ ਪਾਈ।
ਮਰਣੈ ਪਰਣੈ ਮੰਨੀਐ [੩]ਜਗਿ ਭੋਗਿ ਪਰਵਾਣੁ ਕਰਾਈ।
ਮਾਸੁ ਪਵਿਤ ਗ੍ਰਿਹਸਤ ਨੋ [੪]ਆਂਦਹੁ ਤਾਰ ਵੀਚਾਰਿ ਵਜਾਈ।
ਚਮੜੇ ਦੀਆਂ ਕਰਿ ਜੁਤੀਆ ਸਾਧੂ ਚਰਣ ਸਰਣਿ ਲਿਵਲਾਈ।
[੫]ਤੂਰ ਪਖਾਵਜ ਮੜੀਦੇ ਕੀਰਤਨੁ ਸਾਧ ਸੰਗਤਿ ਸੁਖਦਾਈ।
ਸਾਧ ਸੰਗਤਿ ਸਤਿਗੁਰ ਸਰਣਾਈ ॥ ੧੩ ॥

## ਪਉੜੀ ੧੪

[ਮਾਣਸ ਦੇਹੀ]

ਸਭ ਸਰੀਰ ਅਕਾਰਥੇ ਅਤਿ ਅਪਵਿਤ੍ਰ ਸੁ ਮਾਣਸ ਦੇਹੀ।
ਬਹੁ ਬਿੰਜਨ ਮਿਸਟਾਨ ਪਾਨ ਹੁਇ ਮਲ ਮੂਤ੍ਰ [੬]ਕਸੂਤ੍ਰ ਇਵੇਹੀ।
ਪਾਟ ਪਟੰਬਰ ਵਿਗੜਦੇ ਪਾਨ ਕਪੂਰ [੭]ਕੁਸੰਗ ਸਨੇਹੀ।
ਚੋਆ ਚੰਦਨੁ ਅਰਗਜਾ ਹੁਇ ਦੁਰਗੰਧ ਸੁਗੰਧ ਹੁਰੇਹੀ[੮]।
ਰਾਜੇ ਰਾਜ ਕਮਾਵਦੇ ਪਾਤਿਸਾਹ ਖਹਿ ਮੁਏ ਸਭੇਹੀ।
ਸਾਧ ਸੰਗਤਿ ਗੁਰੁ ਸਰਣਿ ਵਿਣੁ ਨਿਹਫਲੁ ਮਾਣਸ ਦੇਹ ਇਵੇਹੀ।
ਚਰਨ ਸਰਣਿ ਮਸਕੀਨੀ ਜੇਹੀ ॥ ੧੪ ॥

---

੧ ਹਾਥੀ (ਵਡੀ ਦੇਹ ਦੇ) ਅਭਿਮਾਨ ਕਰਕੇ ਖਾਣ ਦੇ ਯੋਗ ਨਹੀਂ। ੨ ਤਾਕਤਵਰ। ੩ ਜੱਗਾਂ ਤੇ ਖਾਣਿਆਂ ਵਿਚ ਖਾਧੀ ਜਾਂਦੀ ਹੈ। ੪ ਆਂਦਰਾਂ ਦੀ ਤਾਰ ਬਣਦੀ ਹੈ, ਜਿਸ ਨੂੰ ਵਿਚਾਰਵਾਨ ਵਜਾਂਦੇ ਹਨ। ੫ ਮ੍ਰਿਦੰਗ ਤੇ ਜੋੜੀਆਂ। ੬ ਐਵੇਂ ਹੀ ਕਸੂਤ (ਭੈੜੇ) ਹੋ ਜਾਂਦੇ ਹਨ। ੭ ਕੁਸੰਗ ਨਾਲ ਮਿਲਣ ਕਰਕੇ। ੮ ਹੋਰ ਵੀ। ੯ ਐਵੇਂ ਹੀ, ਵਿਅਰਥ।

Digitized by Panjab Digital Library | www.panjabdigilib.org

## ਪਉੜੀ ੧੫

{ਭਗਤਾਂ ਦੇ ਨਾਮ}

ਗੁਰਮੁਖਿ ਸੁਖ ਫਲੁ ਪਾਇਆ ਸਾਧ ਸੰਗਤਿ ਗੁਰਸਰਣੀ ਆਏ।
ਧ੍ਰੂ ਪ੍ਰਹਿਲਾਦੁ ਵਖਾਣੀਅਨਿ[੧] ਅੰਬਰੀਕੁ ਬਲਿ ਭਗਤਿ ਸਬਾਏ[੨]।
ਸੈਨਕਾਦਿਕ ਜੈਦੇਉ ਜਗਿ ਬਾਲਮੀਕੁ ਸਤਿਸੰਗਿ ਤਰਾਏ।
ਬੇਣੁ ਤਿਲੋਚਨੁ ਨਾਮਦੇਉ ਧੰਨਾ ਸਧਨਾ ਭਗਤ ਸਦਾਏ।
ਭਗਤੁ ਕਬੀਰੁ ਵਖਾਣੀਐ ਜਨ ਰਵਿਦਾਸੁ ਬਿਦਰ ਗੁਰੁ ਭਾਏ।
[੩]ਜਾਤਿ ਅਜਾਤਿਸਨਾਤਿ ਵਿਚਿ ਗੁਰਮੁਖਿਚਰਣ ਕਵਲਚਿਤੁ ਲਾਏ।
ਹਉਮੈ ਮਾਰੀ ਪ੍ਰਗਟੀ ਆਏ ॥ ੧੫ ॥

## ਪਉੜੀ ੧੬

{ਹਿੰਦੂ ਮੁਸਲਮਾਨਾਂ ਦੀ ਫੱਕੜ}

[੪]ਲੋਕ ਵੇਦ ਸੁਣਿ ਆਖਦਾ ਸੁਣਿ ਸੁਣਿ ਗਿਆਨੀ ਗਿਆਨੁ ਵਖਾਣੈ
[੫]ਸੁਰਗ ਲੋਕ ਸਣੁ ਮਾਤ ਲੋਕ ਸੁਣਿ ਸੁਣਿ ਸਾਤ ਪਤਾਲੁ ਨ ਜਾਣੈ।
ਭੂਤ ਭਵਿਖ ਨ ਵਰਤਮਾਨ ਆਦਿ ਮਧਿ ਅੰਤ ਹੋਏ ਹੈਰਾਣੈ।
ਉਤਮ ਮਧਮ ਨੀਚ ਹੋਇ ਸਮਝਿ ਨ ਸਕਣਿ ਚੋਜ ਵਿਡਾਣੈ।
[੬]ਰਜ ਗੁਣ ਤਮ ਗੁਣ ਆਖੀਐ ਸਤਿ ਗੁਣ ਸੁਣ ਆਖਾਣ ਵਖਾਣੈ।
ਮਨ ਬਚ ਕਰਮ ਸਿ ਭਰਮਦੇ ਸਾਧ ਸੰਗਤਿ ਸਤਿਗੁਰ ਨ ਸਿਵਾਣੈ।
[੭]ਫਕੜੁ [੮]ਹਿੰਦੂ ਮੁਸਲਮਾਣੈ ॥ ੧੬ ॥

---

੧ ਆਖੇ ਜਾਂਦੇ ਹਨ। ੨ ਸਾਰੇ ਹੀ। ੩ ਨੀਵੀਆਂ ਜਾਤਾਂ ਵਾਲੇ ਕਈ ਚਮਾਰ ਆਦਿ ਹਨ। ੪ ਸੰਸਾਰ ਸੰਬੰਧੀ ਗਿਆਨ। ੫ ਸੁਰਗ ਲੋਕ ਸਮੇਤ ਮਾਤ ਲੋਕ ਕੀ ਸੱਤਾਂ ਪਾਤਾਲਾਂ (ਦੀ ਸ੍ਰਿਸ਼ਟੀ ਭੀ ਸੁਣ ਸੁਣ ਕੇ ਵਾਹਿਗੁਰੂ ਦੀ ਗਤੀ ਨੂੰ) ਨਹੀਂ ਜਾਣ ਸਕਦੀ। ੬ ਰਜੋ ਗੁਣੀ (ਰਾਜੇ) ਤਮੋ ਗੁਣੀ (ਦੈਂਤ ਦਾਨਵ) ਤੇ ਸਤੋ ਗੁਣੀ (ਦੇਵ੍ਤੇ) ਭੀ ਸੁਣ ਸੁਣ ਕੇ ਕਥਾ ਕਹਿੰਦੇ ਹਨ। ੭ ਮਨ ਬਾਣੀ ਤੇ ਸਰੀਰ। ੮ ਵਿਅਰਥ।

Digitized by Panjab Digital Library | www.panjabdigilib.org

## ਪਉੜੀ ੧੭

[ਜੁਗਾਂ ਦੇ ਧਰਮ]

ਸਤਿਜੁਗਿ ਇਕੁ ਵਿਗਾੜਦਾ ਤਿਸੁ ਪਿਛੈ ਫੜਿ ਦੇਸੁ ਪੀੜਾਇ<sup></sup>ਏ।
ਤ੍ਰੇਤੈ ਨਗਰੀ ਵਗਲੀਐ[1] ਦੁਆਪੁਰਿ ਵੰਸੁ ਨਰਕਿ ਸਹਮਾਏ।
ਜੋ ਫੇੜੈ[2] ਸੋ ਫੜੀਦਾ ਕਲਿਜੁਗਿ ਸਚਾ ਨਿਆਉ ਕਰਾਏ।
[3]ਸਤਿਜੁਗ ਸਤੁ ਤ੍ਰੇਤੈ ਜੁਗਾ ਦੁਆਪਰਿ ਪੂਜਾ ਚਾਰਿ ਦਿੜਾਏ।
ਕਲਿਜੁਗਿ ਨਾਉ ਅਰਾਧਣਾ ਹੋਰ ਕਰਮ ਕਰਿ ਮੁਕਤਿ ਨ ਪਾਏ।
ਜੁਗਿ ਜੁਗਿ ਲੁਣੀਐ ਬੀਜਿਆ ਪਾਪੁ ਪੁੰਨੁ ਕਰਿ ਦੁਖ ਸੁਖ ਪਾਏ।
[4]ਕਲਿਜੁਗਿ ਚਿਤਵੈ ਪੁੰਨਫਲ ਪਾਪਹੁ ਲੇਪੁ ਅਧਰਮ ਕਮਾਏ।
ਗੁਰਮੁਖਿ ਸੁਖ ਫਲੁ ਆਪੁ ਗਵਾਏ ॥ ੧੭ ॥

## ਪਉੜੀ ੧੮

[ਧਰਮ ਧਉਲ ਦਾ ਅਲੰਕਾਰ]

ਸਤਜੁਗ ਦਾ ਅਨਿਆਉ ਵੇਖਿ [5]ਧਉਲ ਧਰਮੁ ਹੋਆ ਉਡੀਣਾ।
[6]ਸੁਰਪਤਿ ਨਰਪਤਿ ਚਕ੍ਰਵੈ ਰਖਿ ਨ ਹੰਘਨਿ ਬਲ ਮਤਿ ਹੀਣਾ।
ਤ੍ਰੇਤੇ ਖਿਸਿਆ ਪੈਰੁ ਇਕੁ [7]ਹੋਮ ਜਗ ਜਗੁ ਥਾਪਿ ਪਤੀਣਾ।
ਦੁਆਪੁਰਿ ਦੁਇ ਪਗ ਧਰਮ ਦੇ [8]ਪੂਜਾ ਚਾਰ ਪਖੰਡੁ ਅਲੀਣਾ।
ਕਲਿਜੁਗ ਰਹਿਆ ਪੈਰ ਇਕੁ ਹੋਇ ਨਿਮਾਣਾ ਧਰਮ ਅਧੀਣਾ।
ਮਾਣੁ ਨਿਮਾਣੈ ਸਤਿਗੁਰੂ ਸਾਧ ਸੰਗਤਿ ਪਰਗਟ ਪਰਬੀਣਾ।
[9]ਗੁਰਮੁਖ ਧਰਮ ਸਪੂਰਣੁ ਰੀਣਾ ॥ ੧੮ ॥

---

੧ ਘੇਰੀਦੀ ਸੀ। ੨ ਪਾਪ ਕਰਮ ਕਰਦਾ ਹੈ। ੩ ਸਤਿਜੁਗ ਵਿਚ ਸੱਚ ਬੋਲਣਾ, ਤ੍ਰੇਤੇ ਵਿਚ ਜੱਗ ਕਰਮ ਤੇ ਦੁਆਪਰ ਵਿਚ ਪੂਜਾ ਆਦਿ ਕਰਮ ਦ੍ਰਿੜ੍ਹ ਕਰਾਏ ਜਾਂਦੇ ਸਨ। ੪ ਕਲਿਜੁਗ ਵਿਚ ਪੁੰਨ ਦਾ ਫਲ ਚਿਤਵਨ ਨਾਲ ਹੀ ਮਿਲ ਜਾਂਦਾ ਹੈ ਪਰ ਪਾਪ ਦਾ ਲੇਪ ਅਧਰਮ ਦੇ ਕਮਾਉਣ ਨਾਲ ਹੁੰਦਾ ਹੈ। ੫ ਧਰਮ ਦਾ ਬੈਲ ਉਦਾਸ ਹੋ ਗਿਆ। ੬ ਇੰਦ੍ਰ ਜਾਂ [ਕੋਈ] ਚਕ੍ਰਵਰਤੀ ਰਾਜਾ ਉਸ ਨੂੰ ਸੰਭਾਲ ਨ ਸਕਿਆ ਉਹ ਬੁਧੀ ਤੇ ਬਲ ਤੋਂ ਹੀਣ ਹੋ ਗਿਆ। ੭ ਹੋਮ ਜੱਗ [ਆਦਿ ਕਰਮ] ਕਰਨ ਵਿਚ ਹੀ ਲੋਕ੍ਰੀ ਪਤੀਜ ਗਏ। ੮ ਪੂਜਾ ਦੇ ਕਰਮਾਂ ਤੇ ਪਾਖੰਡਾਂ ਵਿਚ [ਅਲੀਣਾ] ਮਸਤ ਹੋ ਗਏ। ੯ ਮੁਖੀ ਗੁਰੂ ਮਿਲਣ ਨਾਲ [ਰੀਣਾ] ਮਿਟੀ ਹੋ ਚੁਕਾ, ਧਰਮ ਸੰਪੂਰਨ ਹੋਇਆ।

Digitized by Panjab Digital Library | www.panjabdigilib.org

## ਪਉੜੀ ੧੯

[ਗੁਰਮੁਖ ਪੰਥ]

[੧]ਚਾਰਿ ਵਰਨਿ ਇਕ ਵਰਨਿ ਕਰਿ ਵਰਨ ਅਵਰਨ ਸਾਧ ਸੰਗੁ ਜਾਪੈ।
[੨]ਛਿਅ ਰੁਤੀ ਛਿਅ ਦਰਸਨਾ ਗੁਰਮੁਖਿ ਦਰਸਨੁ ਸੂਰਜੁ ਥਾਪੈ।
[੩]ਬਾਰਹ ਪੰਥ ਮਿਟਾਇਕੈ ਗੁਰਮੁਖਿ ਪੰਥ ਵਡਾ ਪਰਤਾਪੈ।
ਵੇਦ ਕਤੇਬਹੁ ਬਾਹਰਾ [੪]ਅਨਹਦ ਸਬਦੁ ਅਗੰਮ ਅਲਾਪੈ।
ਪੈਰੀ ਪੈ ਪਾਖਾਕ ਹੋਇ ਗੁਰ ਸਿਖਾ [੫]ਰਹਰਾਸਿ ਪਛਾਪੈ।
ਮਾਇਆ ਵਿਚਿ ਉਦਾਸੁ ਕਰਿ ਆਪੁ [੬]ਗਵਾਏ ਜਪੈ ਅਜਾਪੈ।
[੭]ਲੰਘ ਨਿਕਥੈ ਵਰੈ ਸਰਾਪੈ ॥ ੧੯ ॥

## ਪਉੜੀ ੨੦

[ਰਾਜਾ ਰੰਕ ਬਰਾਬਰ]

ਮਿਲਦੇ ਮੁਸਲਮਾਨ ਦੁਇ ਮਿਲਿ ਮਿਲਿ ਕਰਨਿ ਸਲਾਮਾਲੇਕੀ[੮]।
[੯]ਜੋਗੀ ਕਰਨਿ ਅਦੇਸ ਮਿਲਿ ਆਦਿ ਪੁਰਖੁ ਆਦੇਸੁ ਵਿਸੇਖੀ।
[੧੦]ਸੰਨਿਆਸੀ ਕਰਿ ਓਨਮੋ ਓਨਮ ਨਾਰਾਇਣ ਬਹੁ ਭੇਖੀ।
ਬਾਮ੍ਹਣ ਨੋ ਕਰਿ ਨਮਸਕਾਰ [੧੧]ਕਰਿ ਆਸੀਰ ਵਚਨ ਮੁਹੁ ਦੇਖੀ।

---

੧ ਚਾਰੇ ਵਰਨ ਇਕ ਵਰਨ ਕਰ ਦਿਤੇ ਹਨ। ਵਰਨ ਤੇ ਅਵਰਨ [ਮੰਨੇ ਜਾਣ ਵਾਲੇ ਸਭ ਮਨੁਖ] ਸਾਧ ਸੰਗਤ ਹੀ ਜਾਣੀਦੇ ਹਨ। ੨ ਛੇ ਰੁਤਾਂ ਰੂਪ ਛੀਆਂ ਦਰਸ਼ਨਾਂ ਲਈ ਗੁਰਮੁਖਾਂ ਦਾ ਦਰਸ਼ਨ [ਮਤ] ਸੂਰਜ ਥਾਪਿਆ ਗਿਆ ਹੈ। ੩ ਬਾਰ੍ਹਾਂ ਪੰਥ ਜੋਗੀਆਂ ਦੇ। ੪ ਅਗਮ ਵਾਹਿਗੁਰੂ ਦੇ ਸ਼ਬਦ ਨੂੰ ਇਕ ਰਸ ਉਚਾਰਨ ਕਰਦੇ ਹਨ। ੫ ਰਹੁ ਰੀਤੀ ਪਛਾਣੀਦੀ ਹੈ। ੬ ਅਜਾਪ [ਵਾਹਿਗੁਰੂ] ਦਾ ਜਾਪ। ੭ ਵਰਾਂ ਤੇ ਸਰਾਪਾਂ ਦੀ ਪਹੁੰਚ ਤੋਂ ਅਗੇ ਲੰਘ ਚੁਕੇ ਹਨ। ੮ ਸਲਾਮਾ ਲੈਕਮ। ੯ ਜੋਗੀ ਮਿਲਦੇ ਹਨ ਤਾਂ [ਇਕ] ਆਦੇਸ਼ [ਕਹਿੰਦਾ ਹੈ ਤੇ ਦੂਜਾ] ਆਦਿ ਪੁਰਖ ਕੋ ਆਦੇਸ਼ [ਆਖਦਾ ਹੈ]। ੧੦ [ਜਦ ਬੜੇ ਭੇਖਾਂ ਵਾਲੇ ਸੰਨਿਆਸੀ ਮਿਲਦੇ ਹਨ ਤਾਂ ਇਕ] ਓਂ ਨਮੋ [ਓਮ ਨੂੰ ਨਮਸਕਾਰ] ਕਹਿੰਦਾ ਹੈ [ਤਾਂ ਦੂਜਾ] ਓਮ ਨਮੋ ਨਾਰਾਇਣ [ਨਾਰਾਇਣ ਨੂੰ ਨਮਸਕਾਰ] ਆਖਦਾ ਹੈ। ੧੧ ਮੂੰਹ ਦੇਖਦੇ ਤੇ ਅਸ਼ੀਰਵਾਦ ਦੇਂਦੇ ਹਨ

Digitized by Panjab Digital Library | www.panjabdigilib.org

ਪੈਰੀ ਪਵਣਾ ਸਤਿਗੁਰੂ ਗੁਰ ਸਿਖਾ [1]ਰਹਰਾਸਿ ਸਰੇਖੀ।
ਰਾਜਾ ਰੰਕੁ ਬਰਾਬਰੀ ਬਾਲਕ ਬਿਰਧਿ ਨ ਭੇਦੁ ਨਿਮੇਖੀ[2]।
[3]ਚੰਦਨ ਭਗਤਾ ਰੂਪ ਨ ਰੇਖੀ ॥ ੨੦ ॥

## ਪਉੜੀ ੨੧

[ਨਿੰਮਰਤਾ ਦੇ ਦ੍ਰਿਸ਼ਟਾਂਤ]

[4]ਨੀਚਹੁ ਨੀਚੁ ਸਦਾਵਣਾ ਗੁਰ ਉਪਦੇਸੁ ਕਮਾਵੈ ਕੋਈ।
ਤ੍ਰੈ ਵੀਹਾਂ ਦੇ ਦੰਮ ਲੈ ਇਕੁ ਰੁਪਈਆ ਹੋਛਾ[5] ਹੋਈ।
ਦਸੀ ਰੁਪਯੀਂ ਲਈਦਾ ਇਕੁ ਸੁਨਈਆ[6] ਹਉਲਾ ਸੋਈ।
ਸਹਸ ਸੁਨਈਏ ਮੁਲੁ ਕਰਿ ਲਯੈ ਹੀਰਾ ਹਾਰ ਪਰੋਈ।
ਪੈਰੀ ਪੈ ਪਾਖਾਕ ਹੋਇ [7]ਮਨ ਬਚ ਕਰਮ ਭਰਮ, ਭਉ, ਖੋਈ।
ਹੋਇ ਪੰਚਾਇਣੁ[8] ਪੰਜਿਮਾਰ ਬਾਹਰਿ ਜਾਦਾ [9]ਰਖਿ ਸਗੋਈ।
ਬੋਲ ਅਮੋਲੁ ਸਾਧ ਜਨ ਓਈ ॥ ੨੧ ॥ ੨੩ ॥

* *

* *

---

੧ ਸ੍ਰੇਸ਼ਟ ਰਹੁ-ਰੀਤੀ ਹੈ। ੨ ਰੰਕ ਮਾਤ੍ਰ। ੩ ਭਗਤ ਚੰਦਨ ਰੂਪ ਹਨ [ਦੂਜੇ ਨੂੰ ਚੰਦਨ ਕਰਨ ਲਗਿਆਂ] ਰੂਪ ਰੰਗ ਨਹੀਂ ਵੇਖਦੇ। ੪ ਆਪਣੇ ਆਪ ਨੂੰ ਨੀਚ ਤੋਂ ਨੀਚ ਸਦਾਵਣਾ ਚਾਹੀਦਾ ਹੈ, (ਇਹ) ਗੁਰ ਉਪਦੇਸ਼ ਕੋਈ ਹੀ ਕਮਾਉਂਦਾ ਹੈ। ੫ ਹੌਲਾ ਹੁੰਦਾ ਹੈ। ੬ ਪੁਰਾਣੇ ਸਮਿਆਂ ਦੇ ਇਕ ਸਿਕੇ ਦਾ ਨਾਮ ਹੈ, ਜੋ ਦਸ ਰੁਪਏ ਦਾ ਹੁੰਦਾ ਸੀ। ੭ ਮਨ ਬਾਣੀ ਤੇ ਸਰੀਰ ਦੇ ਭਰਮ ਤੇ ਭੈ ਖੋਏ ਜਾਂਦੇ ਹਨ। ੮ ਸਾਧ ਸੰਗਤ (ਪੰਚਾਂ ਦਾ ਘਰ)। ੯ ਰੋਕ ਸਕਦੇ ਹਨ।

Digitized by Panjab Digital Library | www.panjabdigilib.org

# ਵਾਰ ੨੪

੧ ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਮੰਗਲਾਚਰਨ]

ਨਾਰਾਇਣ ਨਿਜ ਰੂਪੁ ਧਰਿ ਨਾਥਾ ਨਾਥ ਸਨਾਥ ਕਰਾਇਆ।
[1]ਨਰਪਤਿ ਨਰਹ ਨਰਿੰਦੁ ਹੈ ਨਿਰੰਕਾਰਿ ਆਕਾਰੁ ਬਣਾਇਆ।
ਕਰਤਾ ਪੁਰਖੁ ਵਖਾਣੀਐ ਕਾਰਣੁ ਕਰਣੁ [2]ਬਿਰਦੁ ਬਿਰਦਾਇਆ।
[3]ਦੇਵੀ ਦੇਵ ਦੇਵਾਧਿ ਦੇਵ ਅਲਖ ਅਭੇਵ ਨ ਅਲਖੁ ਲਖਾਇਆ।
ਸਤਿ ਰੂਪੁ ਸਤਿਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ।
ਧਰਮਸਾਲ ਕਰਤਾਰਪੁਰੁ ਸਾਧ ਸੰਗਤਿ ਸਚਖੰਡ ਵਸਾਇਆ।
ਵਾਹਿਗੁਰੂ ਗੁਰ ਸਬਦੁ ਸੁਣਾਇਆ ॥ ੧ ॥

## ਪਉੜੀ ੨

[ਜਗਤ ਗੁਰੂ]

ਨਿਹਚਲ ਨੀਉ ਧਰਾਈਓਨੁ ਸਾਧ ਸੰਗਤਿ ਸਚਖੰਡ ਸਮੇਉ[4]।
ਗੁਰਮੁਖਿ ਪੰਥੁ ਚਲਾਇਓਨੁ ਸੁਖ ਸਾਗਰੁ ਬੇਅੰਤੁ ਅਮੇਉ।
ਸਚਿ ਸਬਦਿ ਆਰਾਧੀਐ ਅਗਮ ਅਗੋਚਰੁ ਅਲਖ ਅਭੇਉ।
ਚਹੁ ਵਰਨਾਂ ਉਪਦੇਸਦਾ ਛਿਅ ਦਰਸਨ ਸਭਿ [5]ਸੇਵਕ ਸੇਉ।
ਮਿਠਾ ਬੋਲਣੁ ਨਿਵ ਚਲਣੁ ਗੁਰਮੁਖਿ [6]ਭਾਉ ਭਗਤਿ ਅਰਥੇਉ।
ਆਦਿ ਪੁਰਖੁ ਆਦੇਸੁ ਹੈ ਅਬਿਨਾਸੀ ਅਤਿ ਅਛਲ ਅਛੇਉ[7]।
ਜਗਤੁ ਗੁਰੂ ਗੁਰੁ ਨਾਨਕ ਦੇਉ ॥ ੨ ॥

---

੧ ਜੋ ਨਿਰੰਕਾਰ ਨਰਾਂ ਦਾ ਪਤੀ ਤੇ ਰਾਜਿਆਂ ਦਾ ਰਾਜਾ ਹੈ, ਉਸ ਨੇ ਹੀ (ਅਕਾਰ) ਸ਼ਰੀਰ ਧਾਰਨ ਕੀਤਾ ਹੈ। ੨ ਵਡੇ ਧਰਮ ਵਾਲਾ। ੩ ਦੇਵੀਆਂ ਦੇਵਤਿਆਂ ਦਾ ਸ਼੍ਰੋਮਣੀ ਦੇਵਤਾ (ਅਲਖ ਤੇ ਅਭੇਵ) ਉਸ ਨੇ ਆਪਣਾ ਅਲਖ ਸਰੂਪ ਕਿਸੇ ਨੂੰ ਭੀ ਨਹੀਂ ਲਖਾਇਆ। ੪ ਚੰਗੀ ਤਰ੍ਹਾਂ ਨਿਸ਼ਚੇ ਕਰਕੇ। ੫ ਸੇਵਕ ਤੇ (ਸੇਉ) ਸੇਵਾ ਦੇ ਯੋਗ। ੬ ਪ੍ਰੇਮਾ ਭਗਤੀ ਦੇ ਜਾਚਕ ਹੋਣਾ। ੭ ਛੇਦਨ ਤੋਂ ਰਹਿਤ।

Digitized by Panjab Digital Library | www.panjabdigilib.org

## ਪਉੜੀ ੩

[ਸਚਾ ਪਾਤਿਸ਼ਾਹ]

ਸਤਿਗੁਰ ਸਚਾ ਪਾਤਿਸਾਹੁ ਬੇਪਰਵਾਹੁ ਅਥਾਹੁ ਸਹਾਬਾ[੧]।
ਨਾਉ ਗਰੀਬ ਨਿਵਾਜੁ ਹੈ ਬੇਮੁਹਤਾਜ [੨]ਨ ਮੋਹੁ ਮੁਹਾਬਾ।
ਬੇਸੁਮਾਰੁ ਨਿਰੰਕਾਰੁ ਹੈ ਅਲਖ ਅਪਾਰੁ [੩]ਅਲਾਹ ਸਿਞਾਬਾ।
ਕਾਇਮੁ ਦਾਇਮੁ ਸਾਹਿਬੀ ਹਾਜਰੁ ਨਾਜਰੁ ਵੇਦ ਕਿਤਾਬਾ।
ਅਗਮੁ ਅਡੋਲੁ ਅਤੋਲੁ ਹੈ ਤੋਲਣਹਾਰੁ ਨ ਡੰਡੀ ਛਾਬਾ।
[੪]ਇਕੁ ਛਤਿ ਰਾਜੁ ਕਮਾਂਵਦਾ ਦੁਸਮਣੁ ਦੂਤੁ ਨ ਸੋਰ ਸਰਾਬਾ।
[੫]ਆਦਲੁ ਅਦਲੁ ਚਲਾਇਦਾ ਜਾਲਮੁ ਜੁਲਮੁ ਨ ਜੋਰ ਜਰਾਬਾ[੬]।
ਜਾਹਰ ਪੀਰ ਜਗਤੁ ਗੁਰੁ ਬਾਬਾ ॥ ੩ ॥

## ਪਉੜੀ ੪

[ਸਚਾ ਪਾਤਿਸ਼ਾਹ]

ਗੰਗ ਬਨਾਰਸ ਹਿੰਦੂਆ ਮੁਸਲਮਾਣਾ ਮਕਾ ਕਾਬਾ।
ਘਰਿ ਘਰਿ ਬਾਬਾ ਗਾਵੀਐ ਵਜਨਿ ਤਾਲ ਮ੍ਰਿਦੰਗੁ ਰਬਾਬਾ।
ਭਗਤਿ ਵਛਲੁ ਹੋਇ ਆਇਆ ਪਤਿਤ ਉਧਾਰਣੁ [੭]ਅਜਬੁ ਅਜਾਬਾ।
ਚਾਰਿ ਵਰਨ ਇਕ ਵਰਨ ਹੋਇ [੮]ਸਾਧਸੰਗਤਿ ਮਿਲਿ ਹੋਇ ਤਰਾਬਾ।
ਚੰਦਨੁ ਵਾਸੁ ਵਣਾਸਪਤਿ [੯]ਅਵਲਿ ਦੋਮ ਨ ਸੇਮ ਖਰਾਬਾ।
ਹੁਕਮੈ ਅੰਦਰਿ ਸਭ ਕੋ [੧੦]ਕੁਦਰਤਿ ਕਿਸ ਦੀ ਕਰੈ ਜਵਾਬਾ।
ਜਾਹਰ ਪੀਰੁ ਜਗਤੁ ਗੁਰ ਬਾਬਾ ॥ ੪ ॥

---

੧ ਸਾਹਿਬੀ ਵਾਲਾ। ੨ ਮੋਹ ਕਰ ਕੇ ਮੋਹਿਆ ਨਹੀਂ ਜਾਂਦਾ। ੩ ਅੱਲਾਹ ਨੂੰ ਸਿਞਾਣਿਆ ਹੈ। ੪ ਇਕ ਛਤਰ ਰਾਜ ਕਮਾਉਂਦਾ ਹੈ, [ਉਸ ਦੇ ਰਾਜ ਵਿਚ] ਕੋਈ ਦੁਸ਼ਮਨ ਦੂਤ ਤੇ ਸ਼ੋਰ ਸ਼ਰਾਬਾ ਕਰਨ ਵਾਲਾ (ਬਾਗ਼ੀ] ਨਹੀਂ। ੫ ਮੁਨਸਫ ਇਨਸਾਫ ਕਰਦਾ ਹੈ। ੬ ਦੁਖ, ਜਬਰ। ੭ ਅਚਰਜ ਤੋਂ ਅਚਰਜ। ੮ ਸਾਧ ਸੰਗਤ ਵਿਚ ਮਿਲਕੇ ਤਰਨ ਵਾਲੇ ਹੋਏ ਹਨ। ੯ ਇਕ ਦੋ ਜਾਂ ਤਿੰਨ [ਆਦਿ ਦਰਜਿਆਂ] ਦਾ ਭੇੜ ਕੋਈ ਨਹੀਂ। ੧੦ ਤਾਕਤ।

Digitized by Panjab Digital Library | www.panjabdigilib.org

## ਪਉੜੀ ੫

[ਗੁਰੂ ਅੰਗਦ ਜੀ ਆਗਮਨ]

[1]ਅੰਗਹੁ ਅੰਗੁ ਉਪਾਇਓਨੁ ਗੰਗਹੁ ਜਾਣੁ ਤਰੰਗੁ ਉਠਾਇਆ।
[2]ਗਹਿਰ ਗੰਭੀਰੁ ਗਹੀਰੁ ਗੁਣੁ ਗੁਰਮੁਖਿਗੁਰੁ ਗੋਬਿੰਦੁ ਸਦਾਇਆ।
ਦੁਖਸੁਖ ਦਾਤਾ ਦੇਨਿਹਾਰੁ ਦੁਖਸੁਖ ਸਮਸਰਿ[3] ਲੇਪੁ ਨਾ ਲਾਇਆ।
[4]ਗੁਰ ਚੇਲਾ ਚੇਲਾ ਗੁਰੂ ਗੁਰ ਚੇਲੇ ਪਰਚਾ ਪਰਚਾਇਆ।
ਬਿਰਖਹੁਫਲੁਫਲ ਤੇਬਿਰਖੁ ਪਿਉਪੁਤਹੁ ਪੁਤੁਪਿਉ ਪਤੀਆਇਆ[5]।
[6]ਪਾਰਬ੍ਰਹਮੁਪੂਰਨੁ ਬ੍ਰਹਮੁਸਬਦੁ ਸੁਰਤਿਲਿਵ ਅਲਖਲਖਾਇਆ।
ਬਾਬਾਣੇ[7] ਗੁਰ ਅੰਗਦੁ ਆਇਆ ॥ ੮ ॥

## ਪਉੜੀ ੬

[ਗੁਰੂ ਅੰਗਦ ਪ੍ਰਕਾਸ਼]

[8]ਪਾਰਸੁ ਹੋਇਆ ਪਾਰਸਹੁ ਸਤਿਗੁਰ ਪਰਚੇ ਸਤਿਗੁਰੁ ਕਹਣਾ।
ਚੰਦਨੁ ਹੋਇਆ ਚੰਦਨਹੁ ਗੁਰ ਉਪਦੇਸ ਰਹਤ ਵਿਚਿ ਰਹਣਾ।
ਜੋਤਿ ਸਮਾਣੀ ਜੋਤਿ ਵਿਚਿ ਗੁਰਮਤਿਸੁਖੁ [9]ਦੁਰਮਤਿ ਦੁਖ ਦਹਣਾ।
ਅਚਰਜ ਨੋ ਅਚਰਜੁ ਮਿਲੈ ਵਿਸਮਾਦੇ ਵਿਸਮਾਦੁ ਸਮਹਣਾ[10]।

---

੧ [ਸ੍ਰੀ ਗੁਰੂ ਨਾਨਕ ਦੇਵ ਨੇ ਆਪਣੇ] ਸਰੀਰ ਤੋਂ [ਗੁਰੂ ਅੰਗਦ ਦਾ] ਸਰੀਰ ਉਤਪੰਨ ਕੀਤਾ, ਜਿਵੇਂ ਗੰਗਾ ਵਿਚੋਂ ਲਹਿਰਾਂ ਉਠਦੀਆਂ ਹਨ । ੨ ਗਹਿਰ ਗੰਭੀਰ ਤੇ ਡੂੰਘੇ ਗੁਣਾਂ ਵਾਲਾ ਗੁਰਮੁਖਾਂ ਵਿਚ ਗੁਰੂ ਤੇ ਗੋਬਿੰਦ ਦਾ ਰੂਪ ਕਰਕੇ ਹੀ ਸਦਿਆ ਗਿਆ। ੩ ਬਰਾਬਰ। ੪ ਗੁਰੂ ਤੇ ਚੇਲੇ ਨੇ ਅਜਿਹਾ [ਪਰਚਾ ਪਰਚਾਇਆ] ਪਰੇਮ ਲਾਇਆ ਕਿ ਗੁਰੂ ਚੇਲਾ ਤੇ ਚੇਲਾ ਗੁਰੂ ਹੋ ਗਿਆ । ੫ ਪਤੀਜਿਆ। ੬ ਪਾਰਬ੍ਰਹਮ [ਨਿਰਗੁਣ ਸਰੂਪ] ਤੇ ਪੂਰਨ ਬ੍ਰਹਮ [ਸਰਗੁਣ ਸਰੂਪ] ਅਲਖ ਨੂੰ ਸ਼ਬਦ ਦੀ ਸੁਰਤ ਵਿਚ ਲਿਵ ਲਗਾਕੇ ਲਖਾ ਦਿਤਾ । ੭ ਬਾਬੇ ਦੇ ਰੂਪ ਵਿਚ। ੮ [ਗੁਰੂ ਅੰਗਦ ਦੇਵ ਜੀ] ਪਾਰਸ ਹੋ ਗਏ ਪਾਰਸਹੁੰ [ਸ੍ਰੀ ਗੁਰੂ ਨਾਨਕਦੇਵ ਜੀ] ਤੋਂ ਸਤਿਗੁਰੂ ਜੀ ਨਾਲ ਪਰੇਮ ਕਰਨ ਕਰਕੇ ਗੁਰੂ ਕਹਾਏ। ੯ ਦੁਰਮਤ ਤੋਂ ਉਪਜੇ ਦੁਖਾਂ ਦੇ ਸਾੜਨ ਵਾਲੇ। ੧੦ ਸਮਾ ਗਏ ।

Digitized by Panjab Digital Library | www.panjabdigilib.org

[1]ਅਪਿਉ ਪੀਅਨ ਨਿਝਰੁ ਝਰਨੁ ਅਜਰੁ ਜਰਨੁ ਅਸਹੀਅਨੁ ਸਹਣਾ।
ਸਚੁ ਸਮਾਣਾ ਸਚੁ ਵਿਚਿ ਗਾਡੀ ਰਾਹੁ ਸਾਧ ਸੰਗਿ ਵਹਣਾ[2]।
ਬਾਬਾਣੈ ਘਰਿ ਚਾਨਣੁ ਲਹਣਾ ॥ ੬ ॥

## ਪਉੜੀ ੭

[ਸੁਪੁਤ੍ਰ ਗੁਰ ਅੰਗਦ]

[3]ਸਬਦੈ ਸਬਦੁ ਮਿਲਾਇਆ ਗੁਰਮੁਖਿ ਅਘੜੁ ਘੜਾਏ ਗਹਣਾ।
ਭਾਇ ਭਗਤਿ ਭੈ ਚਲਣਾ ਆਪੁ ਗਵਾਇ [4]ਨ ਖਲਹਲੁ ਖਹਣਾ।
ਦੀਨ ਦੁਨੀ ਦੀ ਸਾਹਿਬੀ ਗੁਰਮੁਖਿ [5]ਗੋਸ ਨਸੀਨੀ ਬਹਣਾ।
ਕਾਰਣ ਕਰਣ ਸਮਰਥ ਹੈ ਹੋਇ ਅਛਲੁ ਛਲ ਅੰਦਰਿ ਛਹਣਾ[6]।
ਸਤੁ ਸੰਤੋਖੁ ਦਇਆ ਧਰਮ ਅਰਥ ਵੀਚਾਰਿ ਸਹਜਿ ਘਰਿ ਘਹਣਾ[7]।
ਕਾਮ ਕ੍ਰੋਧੁ ਵਿਰੋਧੁ ਛਡਿ ਲੋਭ ਮੋਹੁ ਅਹੰਕਾਰਹੁ ਤਹਣਾ[8]।
ਪੁਤੁ ਸਪੁਤੁ ਬਬਾਣੇ ਲਹਣਾ ॥ ੭ ॥

## ਪਉੜੀ ੮

[ਸੁਪੁਤ੍ਰ ਗੁਰ ਅੰਗਦ]

ਗੁਰੁ ਅੰਗਦੁ [9]ਗੁਰੁ ਅੰਗੁ ਤੇ ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ।
ਜੋਤੀ ਜੋਤਿ ਜਗਾਈਅਨੁ ਦੀਵੇ ਤੇ ਜਿਉ ਦੀਵਾ ਬਲਿਆ।
[10]ਹੀਰੈ ਹੀਰਾ ਬੇਧਿਆ ਛਲੁ ਕਰਿ ਅਛੁਲੀ ਅਛਲੁ ਛਲਿਆ।

---

੧ ਇਕ ਰਸ (ਅੰਮ੍ਰਿਤ ਦੇ) ਝਰਨਿਆਂ ਵਿਚੋਂ ਅੰਮ੍ਰਿਤ ਪੀਂਦੇ ਹਨ (ਤੇ ਇਸ ਤਰ੍ਹਾਂ) ਅਜਰ ਨੂੰ ਜਰਦੇ ਤੇ ਅਸਹਿ ਅਵਸਥਾ ਨੂੰ ਸਹਿੰਦੇ ਹਨ। ੨ ਚਲਦਾ ਹੈ। ੩ ਗੁਰਮੁਖ (ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ ਦੇ) ਅਘੜ (ਜੋ ਪਹਿਲਾਂ ਹੀ ਘੜਿਆ ਹੋਣ ਕਰਕੇ ਅਘੜ ਹੈ) ਮਨ ਨੂੰ ਭੀ ਘੜਕੇ ਗਹਿਣਾ ਰੂਪ ਬਣਾ ਲੈਂਦੇ ਹਨ : ੪ ਗੜਬੜੀ ਵਿਚ ਨ ਖਪਣਾ। ੫ ਇਕਾਂਤ ਵਾਸ ਵਿਚ ਬੈਠੇ ਹਨ। ੬ ਛਿਪਿਆ ਰਿਹਾ। ੭ ਅੰਦਰ ਲੰਘੇ ਹਨ। ੮ ਡਰਨਾ। ੯ ਗੁਰੂ ਨਾਨਕ ਦੇਵ ਜੀ ਦੇ ਸਰੀਰ ਤੋਂ। ੧੦ ਸ਼ਬਦ ਰੂਪ ਹੀਰੇ ਨਾਲ ਮਨ ਰੂਪ ਹੀਰਾ ਵਿੰਨ੍ਹਿਆ ਮਾਨੋ ਪ੍ਰਭਾਵ ਪਾ ਕੇ ਅਛਲੀ ਗੁਰੂ ਨਾਨਕ ਦੇਵ ਜੀ ਨੇ ਅਛਲੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਛਲ ਲਿਆ।

Digitized by Panjab Digital Library | www.panjabdigilib.org

ਕੋਈ ਬੁਝਿ ਨ ਹੰਘਈ[੧] ਪਾਣੀ ਅੰਦਰਿ ਪਾਣੀ ਰਲਿਆ।
[੨]ਸਚਾ ਸਚੁ ਸੁਹਾਵੜਾ ਸਚੁ ਅੰਦਰਿ ਸਚੁ ਸਚਹੁ ਢਲਿਆ।
[੩]ਨਿਹਚਲੁ ਸਚਾ ਤਖਤੁ ਹੈ ਅਬਿਚਲ ਰਾਜ ਨ ਹਲੈ ਹਲਿਆ।
ਸਚ ਸਬਦੁ ਗੁਰਿ ਸਉਪਿਆ [੪]ਸਚ ਟਕਸਾਲਹੁ ਸਿਕਾ ਚਲਿਆ।
ਸਿਧ ਨਾਥ ਅਵਤਾਰ ਸਭ ਹਥ ਜੋੜਿ ਕੈ ਹੋਏ ਖਲਿਆ।
ਸਚਾ ਹੁਕਮੁ ਸੁ ਅਟਲੁ ਨ ਟਲਿਆ ॥ ੮ ॥

## ਪਉੜੀ ੯

[ਗੁਰੂ ਅਮਰਦਾਸ]

ਅਛਲੁ ਅਛੇਦੁ ਅਭੇਦੁਹੈ ਭਗਤਿ ਵਛਲ ਹੋਇ [੫]ਅਛਲੁ ਛਲਾਇਆ।
[੬]ਮਹਿਮਾਮਿਤਿ ਮਿਰਜਾਦ ਲੰਘਿਪਰਮਿਤਿਪਾਰਾਵਾਰੁ ਨ ਪਾਇਆ।
[੭]ਰਹਰਾਸੀ ਰਹਰਾਸਿ ਹੈ ਪੈਰੀ ਪੈ ਜਗੁ ਪੈਰੀ ਪਾਇਆ।
ਗੁਰਮੁਖਿਸੁਖਫਲੁਅਮਰਪਦੁਅੰਮ੍ਰਿਤਬ੍ਰਿਖਿਅੰਮ੍ਰਿਤਫਲਲਾਇਆ।
ਗੁਰ ਚੇਲਾ ਚੇਲਾ ਗੁਰੂ [੮]ਪੁਰਖਹੁ ਪੁਰਖ ਉਪਾਇ ਸਮਾਇਆ।
ਵਰਤਮਾਨ ਵੀਹਿ ਵਿਸਵੇ ਹੋਇ [੯]ਇਕੀਹ ਸਹਜਿ ਘਰਿ ਆਇਆ।
[੧੦]ਸਚਾ ਅਮਰੁ ਅਮਰਿ ਵਰਤਾਇਆ ॥ ੯ ॥

੧ ਸਕਦਾ। ੨ ਸੱਚਾ ਤੇ ਸੱਚ ਦੋਵੇਂ ਸੁਭਾਇਮਾਨ ਹਨ (ਗੁਰੂ ਅੰਗਦ ਦੇਵ ਜੀ) ਸਚ ਵਿਚ ਸਚ ਤੋਂ ਢਾਲੇ ਗਏ ਸੱਚ ਸਰੂਪ ਹਨ। ੩ ਅਟਲ ਸਚਾ ਤਖਤ ਹੈ ਤੇ ਅਟਲ ਹੀ ਰਾਜ ਹੈ ਜੋ ਕਿਸੇ ਦੇ ਹਿਲਾਇਆਂ ਨਹੀਂ ਹਿਲਦਾ। ੪ ਸੱਚ ਦੀ ਟਕਸਾਲ ਵਿਚੋਂ ਸਿੱਕਾ ਚਲਾਇਆ ਗਿਆ ਹੈ। ੫ ਅਛਲ ਹੋ ਕੇ ਛਲਿਆ ਗਿਆ। ੬ ਮਹਿਮਾ ਹੱਦ ਤੇ ਮਰਯਾਦਾ ਤੋਂ ਭੀ ਅਗੇ ਲੰਘ ਗਈ ਹੈ, ਬੇ-ਹੱਦ ਹੈ ਜਿਸ ਦਾ ਕੋਈ ਪਾਰਾਵਾਰ ਨਹੀਂ। ੭ ਚੰਗਿਆਂ ਰਸਤਿਆਂ ਵਿਚੋਂ ਚੰਗਾ ਰਾਹ ਹੈ। ੮ ਪੁਰਖ ਤੋਂ ਪੁਰਖ ਪੈਦਾ ਕਰ ਕੇ (ਆਪ ਗੁਰੂ ਅੰਗਦ ਦੇਵ ਜੀ) ਸਮਾ ਗਏ। ੯ ਤੁਰੀਆ ਪਦ ਵਿਚ ਪੁਜ ਕੇ ਸਹਿਜ ਦੇ ਘਰ ਵਿਚ ਆ ਗਏ। ੧੦ ਗੁਰੂ ਅਮਰਦਾਸ ਜੀ ਨੇ ਸੱਚਾ ਹੁਕਮ ਵਰਤਾਇਆ ਹੈ।

Digitized by Panjab Digital Library | www.panjabdigilib.org

## ਪਉੜੀ ੧੦

(ਗੁਰੂ ਨਾਨਕ ਦੇਵ ਜੀ ਦਾ ਪੋਤਾ ਸ੍ਰੀ ਅਮਰਦਾਸ)

[੧]ਸਬਦੁ ਸੁਰਤਿ ਪਰਚਾਇਕੈ ਚੇਲੇ ਤੇ ਗੁਰ ਗੁਰ ਤੇ ਚੇਲਾ।
ਵਾਣਾ ਤਾਣਾ ਆਖੀਐ ਸੂਤੁ ਇਕੁ ਹੁਇ ਕਪੜੁ ਮੇਲਾ।
ਦੁਧਹੁ ਦਹੀ ਵਖਾਣੀਐ ਦਹੀਅਹੁ ਮਖਣੁ ਕਾਜੁ ਸੁਹੇਲਾ।
[੨]ਮਿਸਰੀ ਖੰਡੁ ਵਖਾਣੀਐ ਜਾਣੁ ਕਮਾਦਹੁ ਰੇਲਾ ਪੇਲਾ।
ਖੀਰਿ ਖੰਡੁ ਘਿਉ ਮੇਲਿ ਕਰਿ ਅਤਿ ਵਿਸਮਾਦੁ [੩]ਸਾਦ ਰਸ ਕੇਲਾ।
ਪਾਨ ਸੁਪਾਰੀ ਕਥੁ ਮਿਲਿ ਚੂਨੇ ਰੰਗੁ ਸੁਰਗ[੪] ਸੁਹੇਲਾ।
[੫]ਪੋਤਾ ਪਰਵਾਣੀਕੁ ਨਵੇਲਾ ॥ ੧੦ ॥

## ਪਉੜੀ ੨੧

[ਗੁਰੂ ਅਮਰਦਾਸ]

[੬]ਤਿਲਿ ਮਿਲਿ ਫੁਲਅਮੁਲ ਜਿਉਗੁਰਸਿਖ ਸੰਧਿ ਸੁਗੰਧ ਫੁਲੇਲਾ।
ਖਾਸਾ ਮਲਮਲਿ ਸਿਰੀਸਾਫੁ [੭]ਸਾਹ ਕਪਾਹ ਚਲਤ ਬਹੁ ਖੇਲਾ।
[੮]ਗੁਰਮੂਰਤਿ ਗੁਰਸਬਦੁ ਹੈ ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ।
ਦੁਨੀਆ ਕੂੜੀ ਸਾਹਿਬੀ [੯]ਸਚ ਮਣੀ ਸਚ ਗਰਬਿ ਗਹੇਲਾ।
ਦੇਵੀ ਦੇਵ ਦੁੜਾਇਅਨੁ ਜਿਉ ਮਿਰਗਾਵਲਿ ਦੇਖਿ ਬਘੇਲਾ।
ਹੁਕਮਿ ਰਜਾਈ ਚਲਣਾ ਪਿਛੇ ਲਗੇ [੧੦]ਨਕਿ ਨਕੇਲਾ।
ਗੁਰਮੁਖਿ ਸਚਾ ਅਮਰਿ ਸੁਹੇਲਾ ॥ ੧੧ ॥

---

੧ ਸ਼ਬਦ ਦੀ ਸੁਰਤ ਵਿਚ ਪ੍ਰੀਤ ਪਾ ਕੇ। ੨ ਕਮਾਦ ਵਿਚੋਂ ਸਮਝੋ ਰੇਲਾ—ਪੇਲਾ (ਗੁੜ, ਸ਼ੱਕਰ) ਤੇ ਮਿਸਰੀ ਜਾਂ ਖੰਡ ਕਹੀ ਜਾਂਦੀ ਹੈ। ੩ ਸੰਤ ਲੋਗ ਰਸ ਮਾਣ ਦੇ ਹਨ। ੪ ਲਾਲ ਰੰਗ। ੫ ਪੋਤਾ ਸੁੰਦਰ ਤੇ ਪ੍ਰਮਾਣੀਕ ਹੋਇਆ ਹੈ।੬ ਜਿਵੇਂ ਤਿਲ ਤੇ ਫੁਲ ਮਿਲਣ ਨਾਲ ਅਮੋਲਕ ਫੁਲੇਲ ਬਣ ਜਾਂਦੇ ਹਨ, ਤਿਵੇਂ ਹੀ ਗੁਰੂ ਦਾ ਤੇ ਸਿਖ ਦਾ ਮਿਲਾਪ ਹੈ। ੭ ਸ਼ਾਹ ਰੂਪ ਕਪਾਹ (ਜਿਵੇਂ) ਬਹੁਤੇ ਚਲਿਤ੍ਰ ਖੇਲਦੀ ਹੈ। ੮ ਗੁਰੂ ਦਾ ਸ਼ਬਦ ਹੀ ਗੁਰੂ ਦਾ ਸਰੂਪ ਹੈ। ੯ ਸਚੇ ਅਭਿਮਾਨੀ ਸਚ ਦੇ ਮਦ ਵਿਚ ਮਸਤ ਹਨ। ੧੦ ਨੱਕ ਵਿਚ (ਇਛਾ ਰੂਪ) ਨਕੇਲ ਪਾ ਰੱਖੀ ਹੈ।

Digitized by Panjab Digital Library | www.panjabdigilib.org

## ਪਉੜੀ ੧੨

[ਗੁਰੂ ਅਮਰਦਾਸ]

[੧]ਸਤਿਗੁਰਹੋਆ ਸਤਿਗੁਰਹੁਅਚਰਜੁ ਅਮਰਅਮਰਿ ਵਰਤਾਇਆ।
ਸੋ ਟਿਕਾ ਸੋ ਬੈਹਣਾ[੨] ਸੋਈ ਸਚਾ ਹੁਕਮੁ ਚਲਾਇਆ।
ਖੋਲਿ ਖਜਾਨਾ ਸਬਦੁ ਦਾ ਸਾਧ ਸੰਗਤਿ ਸਚੁ ਮੇਲਿ ਮਿਲਾਇਆ।
[੩]ਗੁਰ ਚੇਲਾ ਪਰਵਾਣੁ ਕਰਿ ਚਾਰਿ ਵਰਨ ਲੈ ਪੈਰੀ ਪਾਇਆ।
ਗੁਰਮੁਖਿ ਇਕੁ ਧਿਆਈਐ ਦੁਰਮਤਿ ਦੂਜਾ ਭਾਉ ਮਿਟਾਇਆ।
[੪]ਕੁਲਾ ਧਰਮ ਗੁਰਸਿਖ ਸਭ ਮਾਇਆ ਵਿਚਿ ਉਦਾਸੁ ਰਹਾਇਆ।
ਪੂਰੇ ਪੂਰਾ ਥਾਟੁ[੫] ਬਣਾਇਆ ॥ ੧੨ ॥

## ਪਉੜੀ ੧੩

[ਗੁਰੂ ਅਮਰਦਾਸ]

[੬]ਆਦਿ ਪੁਰਖੁ ਆਦੇਸੁ ਕਰਿ ਆਦਿ ਜੁਗਾਦਿ ਸਬਦ ਵਰਤਾਇਆ।
ਨਾਮੁ ਦਾਨੁ ਇਸਨਾਨੁ ਦਿੜੁ ਗੁਰੁ ਸਿਖ ਦੇ ਸੈਂਸਾਰੁ ਤਰਾਇਆ।
[੭]ਕਲੀਕਾਲ ਇਕ ਪੈਰ ਹੁਇ ਚਾਰ ਚਰਨ ਕਰਿ ਧਰਮੁ ਧਰਾਇਆ।
[੮]ਭਲਾਭਲਾ ਭਲਿਆਈਅਹੁ ਪਿਉ ਦਾਦੇ ਦਾ ਰਾਹੁ ਚਲਾਇਆ।
[੯]ਅਗਮਅਗੋਚਰਗਹਣਗਤਿਸਬਦਸੁਰਤਿਲਿਵਅਲਖੁਲਖਾਇਆ।
[੧੦]ਅਪਰੰਪਰ ਆਗਾਧਿ ਬੋਧਿਪਰਮਿਤਿ[੧੧] ਪਾਰਾਵਾਰ ਨ ਪਾਇਆ।
ਆਪੇ ਆਪਿ ਨ ਆਪੁ ਜਣਾਇਆ ॥ ੧੩ ॥

---

੧ ਗੁਰੂ ਅੰਗਦ ਦੇਵ ਤੋਂ ਗੁਰੂ ਅਮਰ ਦੇਵ ਹੋਏ ਉਸ (ਗੁਰੂ ਅਮਰਦਾਸ ਜੀ) ਨੇ ਅਚਰਜ ਅਮਰ (ਹੁਕਮ) ਵਰਤਾਇਆ। ੨ ਸਿੰਘਾਸਨ। ੩ ਚੇਲੇ ਨੇ ਗੁਰੂ ਨੂੰ ਪ੍ਰਮਾਣੀਕ ਬਣਾਕੇ। ੪ ਸਭ ਗੁਰ ਸਿਖਾਂ ਦਾ ਖਾਨਦਾਨੀ ਧਰਮ ਮਾਇਆ ਵਿਚ ਉਦਾਸ ਰਹਿਣਾ ਦਸਿਆ। ੫ ਪ੍ਰਬੰਧ। ੬ ਆਦਿ ਪੁਰਖ (ਵਾਹਿਗੁਰੂ) ਤੇ ਆਦਿ ਗੁਰ (ਗੁਰੂ ਨਾਨਕ ਦੇਵ ਜੀ) ਨੂੰ ਨਮਸਕਾਰ ਹੈ, ਜਿਸ ਨੇ ਅਰੰਭ ਤੋਂ ਅਤੇ ਜੁਗਾਂ ਦੇ ਭੀ ਆਦਿ ਤੋਂ ਨਾਮ ਹੀ ਵਰਤਾਇਆ ਹੈ। ੭ ਕਲਿਜੁਗ ਦੇ ਸਮੇਂ ਧਰਮ ਦੇ (ਚਾਰ ਪੈਰਾਂ ਵਿਚੋਂ) ਇਕ ਪੈਰ ਹੀ ਬਾਕੀ ਰਹਿ ਗਿਆ ਸੀ, ਚਾਰੇ ਪੈਰ ਪੂਰਨ ਕਰ ਦਿਤੇ। ੮ ਸ੍ਰੀ ਗੁਰੂ ਅਮਰਦਾਸ ਜੀ। ੯ ਅਗਮ ਤੇ ਅਗੋਚਰ ਵਾਹਿਗੁਰੂ ਜਿਸ ਦੀ ਪ੍ਰਾਪਤੀ (ਅਤਿ) ਕਠਿਨ ਹੈ, (ਉਹ) ਸ਼ਬਦ ਦੀ ਸੁਰਤਿ ਵਿਚ ਲਿਵ ਲਾ ਕੇ ਲਖਾ ਦਿਤਾ। ੧੦ ਪਰੇ ਤੋਂ ਪਰੇ। ੧੧ ਮਰਯਾਦਾ ਤੋਂ ਪਰੇ।

Digitized by Panjab Digital Library | www.panjabdigilib.org

## ਪਉੜੀ ੧੪

[ਗੁਰੂ ਰਾਮਦਾਸ]

[੧]ਰਾਗ ਦੋਖ ਨਿਰਦੋਖੁ ਹੈ ਰਾਜੁ ਜੋਗ ਵਰਤੈ ਵਰਤਾਰਾ।
ਮਨਸਾ ਵਾਚਾ ਕਰਮਣਾ ਮਰਮੁ ਨ ਜਾਪੈ ਅਪਰ ਅਪਾਰਾ।
[੨]ਦਾਤਾ ਭੁਗਤਾ ਦੈਆ ਦਾਨਿ ਦੇਵ ਸਥਲੁ ਸਤਿਸੰਗੁ ਉਧਾਰਾ।
[੩]ਸਹਜ ਸਮਾਧਿ ਅਗਾਧਿ ਬੋਧਿ ਸਤਿਗੁਰੁ ਸਚੁ ਸਵਾਰਣਹਾਰਾ।
ਗੁਰੁ ਅਮਰਹੁ ਗੁਰੁ ਰਾਮਦਾਸੁ ਜੋਤੀ ਜੋਤਿ ਜਗਾਇ ਜੁਹਾਰਾ।
[੪]ਸਬਦ ਸੁਰਤਿ ਗੁਰ ਸਿਖੁ ਹੋਇ ਅਨਹਦ ਬਾਣੀ ਨਿਝਰਧਾਰਾ।
[੫]ਤਖਤੁ ਬਖਤੁ ਪਰਗਟੁ ਪਾਹਾਰਾ ॥ ੧੪ ॥

## ਪਉੜੀ ੧੫ [ਗੁਰੂ ਰਾਮਦਾਸ]

[੬]ਪੀਊ ਦਾਦੇ ਜੇਵੇਹਾ ਪੜਦਾਦੇ ਪਰਵਾਣੁ ਪੜੋਤਾ।
ਗੁਰਮਤਿ ਜਾਗਿ ਜਗਾਇਦਾ ਕਲਿਜੁਗ ਅੰਦਰਿ [੭]ਕੌੜਾ ਸੋਤਾ।
ਦੀਨ ਦੁਨੀ ਦਾ ਥੰਮੁ ਹੁਇ ਭਾਰੁ ਅਥਰਬਣ[੮] ਥੰਮ੍ਹਿ ਖਲੋਤਾ।
ਭਉਜਲੁਭਉ ਨ ਵਿਆਪਈ ਗੁਰ ਬੋਹਿਥਚੜਿ ਖਾਇ ਨ ਗੋਤਾ।
ਅਵਗੁਣ ਲੈ ਗੁਣ ਵਿਕਣੈ[੯] ਗੁਰ ਹਟ ਨਾਲੈ ਵਣਜ ਸਓਤਾ[੧੦]।
ਮਿਲਿਆ ਮੂਲਿ ਨ ਵਿਛੁੜੈ ਰਤਨ ਪਦਾਰਥਹਾਰੁ ਪਰੋਤਾ।
ਮੈਲਾ ਕਦੇ ਨ ਹੋਵਈ ਗੁਰ ਸਰਵਰਿ ਨਿਰਮਲ ਜਲ ਧੋਤਾ।
ਬਾਬਾਣੈ ਕੁਲਿ ਕਵਲੁ ਅਛੋਤਾ ॥ ੧੫ ॥

---

੧ (ਕਿਸੇ ਨਾਲ) ਰਾਗ (ਪ੍ਰੀਤ) ਤੇ (ਕਿਸੇ ਨਾਲ) ਦਵੈਖ (ਆਦਿ ਦੋਸ਼ਾਂ ਤੋਂ) ਨਿਰਦੋਸ਼ ਹੈ। ੨ ਦਇਆ ਨਾਲ ਦਾਨ ਕਰਨ ਕਰਕੇ ਦਾਤਾ ਭੀ ਹੈ ਅਤੇ ਭੁਗਤਾ ਭੀ (ਆਪ ਹੀ) ਹੈ, ਸਤਿਸੰਗ ਦੇ ਉਧਾਰ ਲਈ ਦੇਵਸਥਲ (ਹਰਿਮੰਦਰ) ਦੀ ਰਚਨਾ ਵੀ ਕਰਾ ਰਹਿਆਹੈ। ੩ ਸਚੇ ਨੂੰ ਸੰਵਾਰਨ ਹਾਰ ਸਤਿਗੁਰੂ ਦੀ ਸਹਿਜ ਅਵਸਥਾ ਵਿਚ ਸਮਾਧੀ ਲੱਗੀ ਹੈ, ਜਿਸ ਦਾ (ਬੋਧ) ਗਿਆਨ ਅਗਾਧ ਹੈ। ੪ ਗੁਰੂ ਦੇ ਸਿਖ ਹੋ ਕੇ ਜਿਨ੍ਹਾਂ ਸ਼ਬਦ ਵਿਚ ਸੁਰਤ ਲਾਈ ਹੈ, ਉਹ ਅਨਹਦ ਬਾਣੀ ਦੀ ਇਕ ਰਸ ਵਗਦੀ ਧਾਰਾ ਦਾ ਅਨੰਦ ਮਾਣਦੇ ਹਨ। ੫ ਗੁਰੂ-ਗੱਦੀ ਤੇ ਚੰਗੇ ਭਾਗ ਸੰਸਾਰ ਵਿਚ ਪ੍ਰਗਟ ਹਨ। ੬ ਪਿਉ (ਗੁਰੂ ਅਮਰਦਾਸ) ਦਾਦੇ (ਗੁਰੂ ਅੰਗਦ ਦੇਵ ਜੀ) ਅਤੇ ਪੜਦਾਦੇ (ਸ੍ਰੀ ਗੁਰੂ ਨਾਨਕ ਦੇਵ ਜੀ) ਵਾਂਗ ਹੀ ਪੜਪੋਤਾ (ਸ੍ਰੀ ਗੁਰੂ ਰਾਮਦਾਸ) ਭੀ ਪ੍ਰਮਾਣੀਕ ਹੋਇਆ। ੭ ਡੂੰਗੀ ਨੀਂਦਰ। ੮ ਭਾਰੀ। ੯ ਵੇਚਦੇ ਹਨ। ੧੦ ਨਫੇ ਵਾਲਾ, ਸਫਲ।

Digitized by Panjab Digital Library | www.panjabdigilib.org

## ਪਉੜੀ ੧੬

[ਗੁਰੂ ਰਾਮਦਾਸ]

ਗੁਰਮੁਖਿ ਮੇਲਾ ਸਚ ਦਾ [1]ਸਚਿ ਮਿਲੈ ਸਚਿਆਰ ਸੰਜੋਗੀ।
ਘਰਬਾਰੀ ਪਰਵਾਰ ਵਿਚਿ [2]ਭੋਗ ਭੁਗਤਿ ਰਾਜੇ ਰਸੁ ਭੋਗੀ।
ਆਸਾ ਵਿਚਿ ਨਿਰਾਸ ਹੁਇ [3]ਜੋਗ ਜੁਗਤਿ ਜੋਗੀਸਰੁ ਜੋਗੀ।
ਦੇਦਾ ਰਹੈ ਨ ਮੰਗੀਐ ਮਰੈ ਨ ਹੋਇ ਵਿਜੋਗ ਵਿਜੋਗੀ।
[4]ਆਧਿ ਬਿਆਧਿ ਉਪਾਧਿ ਹੈ ਵਾਇ ਪਿਤ ਕਫੁ ਰੋਗ ਅਰੋਗੀ।
ਦੁਖੁ ਸੁਖੁ ਸਮਸਰਿ ਗੁਰਮਤੀ ਸੰਪੈ[5] ਹਰਖ ਨ ਅਪਦਾ ਸੋਗੀ।
[6]ਦੇਹ ਬਿਦੇਹੀ ਲੋਗ ਅਲੋਗੀ ॥ ੧੬ ॥

## ਪਉੜੀ ੧੭

{ਗੁਰੂ ਰਾਮਦਾਸ}

ਸਭਨਾ ਸਾਹਿਬੁ ਇਕੁ ਹੈ ਦੂਜੀ ਜਾਇ ਨ ਹੋਇ ਨ ਹੋਇਗੀ।
ਸਹਜ ਸਰੋਵਰਿ ਪਰਮਹੰਸੁ [7]ਗੁਰਮਤਿ ਮੋਤੀ ਮਾਣਕ ਚੋਗੀ।
[8]ਖੀਰ ਨੀਰ ਜਿਉ ਕੂੜੁ ਸਚੁ ਤਜਣੁ ਭਜਣੁ ਗੁਰ ਗਿਆਨ ਅਧੋਗੀ।
ਇਕ ਮਨਿ ਇਕੁ ਅਰਾਧਣਾ ਪਰਿਹਰਿ ਦੂਜਾ ਭਾਉ ਦਰੋਗੀ[9]।
ਸਬਦਸੁਰਤਿ ਲਿਵ ਸਾਧਸੰਗਿ ਸਹਜਿਸਮਾਧਿ ਅਗਾਧਿ ਘਰੋਗੀ[10]।
ਜੰਮਣੁ ਮਰਣਹੁ ਬਾਹਰੇ ਪਰਉਪਕਾਰ ਪਰਮਪਰ[11] ਜੋਗੀ।
ਰਾਮਦਾਸ ਗੁਰ ਅਮਰ ਸਮੋਗੀ[12] ॥ ੧੭ ॥

---

੧ ਸਚਿਆਰ ਦੇ ਸੰਜੋਗ (ਮਿਲਣ) ਨਾਲ ਹੀ ਸੱਚ ਮਿਲਦਾ ਹੈ। ੨ ਭੋਗਾਂ ਨੂੰ ਭੋਗਦੇ ਹੋਏ ਰਸ ਭੋਗੀ ਰਾਜਿਆਂ ਵਾਂਗ (ਪ੍ਰਤੀਤ ਹੁੰਦੇ ਹਨ)। ੩ ਜੋਗ ਦੀ ਜੁਗਤੀ (ਦੇ ਵਿਚਾਰ ਤੋਂ) ਮਹਾਨ ਜੋਗੀ ਹਨ। ੪ ਆਧੀ, ਵਿਆਧੀ, ਉਪਾਧੀ ਤੇ ਵਾਇ ਪਿਤ ਕਫ ਆਦਿ ਵਿਕਾਰਾਂ ਦੇ ਰੋਗਾਂ ਤੋਂ ਅਰੋਗ ਹਨ। ੫ ਧਨ। ੬ ਦੇਹ ਵਿਚ (ਰਹਿੰਦੇ ਹੀ) ਵਿਦੇਹੀ (ਲੋਕ) ਸੰਸਾਰ ਵਿਚ ਰਹਿੰਦੇ ਹੋਏ ਅਸੰਸਾਰੀ, ਅਰਥਾਤ ਤਿਆਗੀ ਹਨ। ੭ ਗੁਰਮਤ ਰੂਪੀ ਮੋਤੀ ਤੇ ਮਾਣਕ ਚੁਗਣ ਵਾਲੇ। ੮ ਸੱਚ ਤੇ ਝੂਠ ਨੂੰ ਦੁਧ ਤੇ ਪਾਣੀ ਸਮਝ ਕੇ ਗੁਰੂ ਦੇ ਗਿਆਨ ਦੇ (ਅਧੋਗੀ) ਅਧਿਕਾਰੀ ਹੁੰਦੇ ਹੋਏ ਝੂਠ ਨੂੰ ਤਜਦੇ ਤੇ ਸੱਚ ਨੂੰ (ਭਜ) ਗ੍ਰਹਿਣ ਕਰਦੇ ਹਨ। ੯ ਝੂਠਾ। ੧੦ ਘਰ ਬਾਰੀ (ਹੁੰਦੇ ਹੋਏ)। ੧੧ ਪਰੇ ਤੋਂ ਪਰੇ। ੧੨ ਸਮਾ ਗਏ।

Digitized by Panjab Digital Library | www.panjabdigilib.org

## ਪਉੜੀ ੧੮

[ਗੁਰੂ ਅਰਜਨ ਦੇਵ]

ਅਲਖ ਨਿਰੰਜਨੁ ਆਖੀਐ ਅਕਲ ਅਜੋਨਿ ਅਕਾਲ ਅਪਾਰਾ ।
[1]ਰਵਿ ਸਸਿ ਜੋਤਿ ਉਦੋਤ ਲੰਘਿ ਪਰਮ ਜੋਤਿ ਪਰਮੇਸਰੁ ਪਿਆਰਾ ।
[2]ਜਗ ਮਗ ਜੋਤਿ ਨਿਰੰਤਰੀ ਜਗ ਜੀਵਨ ਜਗ ਜੈ ਜੈ ਕਾਰਾ ।
ਨਮਸਕਾਰ ਸੰਸਾਰ ਵਿਚਿ [3]ਆਦਿ ਪੁਰਖ ਆਦੇਸੁ ਉਧਾਰਾ ।
ਚਾਰਿ ਵਰਨ ਛਿਅ ਦਰਸਨਾ [4]ਗੁਰਮੁਖਿ ਮਾਰਗਿ ਸਚੁ ਅਚਾਰਾ ।
ਨਾਮੁਦਾਨੁ ਇਸਨਾਨੁ ਦਿੜਿ ਗੁਰਮੁਖਿਭਾਇ ਭਗਤਿ ਨਿਸਤਾਰਾ ।
ਗੁਰੂ ਅਰਜਨੁ ਸਚੁ ਸਿਰਜਣਹਾਰਾ ॥ ੧੮ ॥

## ਪਉੜੀ ੧੯

[ਗੁਰੂ ਅਰਜਨ ਦੇਵ]

ਪਿਉ ਦਾਦਾ ਪੜਦਾਦਿਅਹੁ ਕੁਲ ਦੀਪਕੁ ਅਜਰਾਵਰ[5] ਨਤਾ[6] ।
ਤਖਤੁ ਬਖਤੁ[7] ਲੈ ਮਲਿਆ [8]ਸਬਦ ਸੁਰਤਿ ਵਾਪਾਰਿ ਸਪਤਾ ।
[9]ਗੁਰਬਾਣੀ ਭੰਡਾਰੁ ਭਰਿ ਕੀਰਤਨੁ ਕਥਾ ਰਹੈ ਰੰਗ ਰਤਾ ।
ਧੁਨਿ ਅਨਹਦਿ ਨਿਝਰੁ ਝਰੈ ਪੂਰਨ ਪ੍ਰੇਮਿ ਅਮਿਓ ਰਸ ਮਤਾ ।
ਸਾਧ ਸੰਗਤਿ ਹੈ ਗੁਰੁ ਸਭਾ ਰਤਨ ਪਦਾਰਥ ਵਣਜ ਸਹਤਾ[10] ।
[11]ਸਚੁ ਨੀਸਾਣੁ ਦੀਬਾਣੁ ਸਚੁ ਸਚੁ ਤਾਣੁ ਸਚੁ ਮਾਣੁ ਮਹਤਾ ।
[12]ਅਬਚਲੁ ਰਾਜੁ ਹੋਆ ਸਣਖਤਾ ॥ ੧੯ ॥

---

੧ ਸੂਰਜ ਤੇ ਚੰਦਰਮਾ ਦੀ ਪ੍ਰਗਟ ਜੋਤਿ ਤੋਂ ਅੱਗੇ ਲੰਘ ਪਰਮੇਸ਼ਰ ਦੀ ਪਰਮ ਜੋਤਿ ਨੂੰ ਪਿਆਰ ਕਰਦੇ ਹਨ। ੨ ਇਕ ਰਸ ਜਗਮਗ ਕਰਦੀ ਜੋਤਿ ਹੈ, ਜੋ ਜਗਤ ਦਾ ਜੀਵਨ ਰੂਪ ਹੈ ਤੇ ਜਗਤ ਉਹਨਾਂ ਦੀ ਜੈ ਜੈ ਕਾਰ ਕਰ ਰਿਹਾ ਹੈ। ੩ (ਸਭ ਮਹਾ ਪੁਰਖਾਂ ਦੇ) ਆਦਿ ਪੁਰਖ ਹਨ, ਜੋ (ਉਸ ਨੂੰ) ਆਦੇਸ ਕਰਦੇ ਹਨ, (ਉਹਨਾ ਦਾ) ਉਧਾਰ ਕਰ ਦੇਂਦਾ ਹੈ। ੪ ਸ੍ਰੇਸ਼ਟ ਆਚਰਣ ਵਾਲਾ ਇਹ ਗੁਰਮੁਖ ਮਾਰਗ ਹੈ। ੫ ਅਜਰ ਤੇ ਅਮਰ। ੬ ਪੋਤੇ ਦਾ ਪੋਤਾ, ਨਾਤੀ। ੭ ਭਾਗ। ੮ ਸ਼ਬਦ ਵਿਚ ਸੁਰਤ ਜੋੜਨ ਦਾ ਸਤਿਕਾਰ ਯੋਗ ਵਿਉਪਾਰ (ਅਖਤਿਆਰ ਕੀਤਾ ਹੈ)। ੯ ਗੁਰਬਾਣੀ ਦਾ ਖਜ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਰਚਕੇ। ੧੦ ਨਫੇ ਵਾਲਾ। ੧੧ (ਸ੍ਰੀ ਗੁਰੂ ਅਰਜਨ ਦੇਵ ਜੀ ਦਾ) ਸੱਚਾ ਦੀਵਾਨ ਤੇ ਸੱਚਾ ਨਿਸ਼ਾਨ ਹੈ, ਉਹਨਾਂ ਨੂੰ ਸੱਚੀ (ਪਾਣ) ਇੱਜ਼ਤ ਅਤੇ ਸੱਚੀ ਵਡਿਆਈ ਪ੍ਰਾਪਤ ਹੈ। ੧੨ ਸ਼ਨਾਖਤ ਵਾਲੇ (ਗਿਆਨਵਾਨ) ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਟਲ ਰਾਜ ਹੈ।

Digitized by Panjab Digital Library | www.panjabdigilib.org

## ਪਉੜੀ ੨੦

[ਗੁਰੂ ਅਰਜਨ ਦੇਵ]

ਚਾਰੇ ਚਕ[੧] ਨਿਵਾਇਓਨੁ ਸਿਖ ਸੰਗਤਿ ਆਵੈ ਅਗਣਤਾ[੨]।
ਲੰਗਰੁ ਚਲੈ ਗੁਰ ਸਬਦਿ[੩] ਪੂਰੇ ਪੂਰੀ ਬਣੀ ਬਣਤਾ[੪]।
[੫]ਗੁਰਮੁਖਿ ਛਤ੍ਰ ਨਿਰੰਜਨੀ ਪੂਰਨ ਬ੍ਰਹਮ ਪਰਮਪਦ ਮਤਾ।
ਵੇਦ ਕਤੇਬ ਅਗੋਚਰਾ ਗੁਰਮੁਖਿ ਸਬਦੁ ਸਾਧ ਸੰਗੁ ਸਤਾ[੬]।
ਮਾਇਆ ਵਿਚਿ ਉਦਾਸੁ ਕਰਿ [੭]ਗੁਰੁ ਸਿਖ ਜਣਕ ਅਸੰਖ ਭਗਤਾ।
ਕੁਦਰਤਿ ਕੀਮ ਨ ਜਾਣੀਐ ਅਕਥ ਕਥਾ [੮]ਅਬਿਗਤ ਅਬਿਗਤਾ।
ਗੁਰਮੁਖਿ ਸੁਖ ਫਲੁ ਸਹਜ ਸੁਗਤਾ[੯] ॥ ੨੦ ॥

## ਪਉੜੀ ੨੧

[ਗੁਰੂ ਅਰਜਨ ਜੀ ਤੋਂ ਗੁਰੂ ਹਰਿਗੋਬਿੰਦ]

ਹਰਖਹੁ ਸੋਗਹੁ ਬਾਹਰਾ [੧੦]ਹਰਣ ਭਰਣ ਸਮਰਥੁ ਸਰੰਦਾ।
ਰਸ ਕਸ ਰੂਪ ਨ ਰੇਖਿ ਵਿਚਿ ਰਾਗ ਰੰਗ ਨਿਰਲੇਪੁ ਰਹੰਦਾ।
ਗੋਸਟਿ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨ ਛੰਦਾ[੧੧]।
ਗੁਰ ਗੋਵਿੰਦੁ ਗੋਵਿੰਦੁ ਗੁਰੁ ਹਰਿਗੋਵਿੰਦੁ ਸਦਾ ਵਿਗਸੰਦਾ[੧੨]।
ਅਚਰਜ ਨੋ ਅਚਰਜ ਮਿਲੈ ਵਿਸਮਾਦੈ ਵਿਸਮਾਦ ਮਿਲੰਦਾ।
ਗੁਰਮੁਖਿ ਮਾਰਗਿ ਚਲਣਾ ਖੰਡੇ ਧਾਰ ਕਾਰ ਨਿਬਹੰਦਾ।
ਗੁਰ ਸਿਖ ਲੈ ਗੁਰ ਸਿਖੁ ਚਲੰਦਾ ॥ ੨੧ ॥

---

੧ ਦਿਸ਼ਾ। ੨ ਅਨਗਿਣਤ। ੩ ਆਗਿਆ। ੪ ਰਚਨਾ। ੫ ਗੁਰਮੁਖ ਨਿਰੰਜਨ (ਈਸ਼ਵਰੀ) ਛਤਰ (ਹਕੂਮਤ) ਹੇਠ ਪੂਰਨ ਬ੍ਰਹਮ ਦੀ ਬਖਸ਼ੀ ਹੋਈ ਪਰਮ ਪਦਵੀ ਵਿਚ ਮਸਤ ਹਨ। ੬ ਸਾਧ ਸੰਗਤ ਸਤ ਸਰੂਪ ਵਿਚੋਂ ਮਿਲਦਾ ਹੈ। ੭ ਗੁਰੂ ਜੀ ਦੀ ਸਿਖਿਆ ਨੇ ਅਨੇਕ ਭਗਤ ਜਨਕ ਵਾਂਗ ਬਣਾ ਦਿਤੇ ਹਨ। ੮ ਅਬਿਗਤਿ (ਜਿਸ ਦੀ ਗਤੀ ਨਾ ਜਾਣੀ ਜਾਏ) ਪੁਰਸ਼ਾਂ ਤੋਂ ਭੀ ਉਸ ਦੀ ਗਤਿ ਅਬਿਗਤ ਹੀ ਹੈ। ੯ ਸੋਖੀ ਹੀ ਪ੍ਰਾਪਤ ਹੋ ਜਾਂਦੀ ਹੈ। ੧੦ (ਹਰਨ) ਸੰਹਾਰ ਕਰਨ (ਭਰਣ) ਪਾਲਣ ਪੋਸਨ ਅਤੇ (ਸਰੰਦਾ) ਸਿਰਜਨ ਅਰਥਾਤ ਪੈਦਾ ਕਰਨ ਵਿਚ ਸਮਰਥ ਹੈ। ੧੧ ਚਤੁਰਤਾ ਦੇ ਵਸ ਨਹੀਂ। ੧੨ ਪ੍ਰਸੰਨ ਰਹਿੰਦਾ ਹੈ।

Digitized by Panjab Digital Library | www.panjabdigilib.org

## ਪਉੜੀ ੨੨

{ਗੁਰੂ ਦੀ ਮਹਿਮਾ, ਸਿਖ ਨੂੰ ਉਪਦੇਸ਼}

[੧]ਹੰਸਹੁ ਹੰਸ ਗਿਆਨੁ ਕਰਿ ਦੁਧੈ ਵਿਚਹੁ ਕਢੈ ਪਾਨੀ।
[੨]ਕਛਹੁ ਕਛੁ ਧਿਆਨਿ ਧਰਿ ਲਹਰਿ ਨ ਵਿਆਪੈ ਘੁੰਮਣਵਾਣੀ[੩]।
[੪]ਕੂੰਜਹੁ ਕੂੰਜੁ ਵਖਾਣੀਐ ਸਿਮਰਣੁ ਕਰਿ ਉਡੈ ਅਸਮਾਣੀ।
ਗੁਰਪਰਚੈ[੫] ਗੁਰਜਾਣੀਐਗਿਆਨਿਧਿਆਨਿਸਿਮਰਣਿਗੁਰਬਾਣੀ।
ਗੁਰ ਸਿਖ ਲੈ ਗੁਰਸਿਖ ਹੋਇ ਸਾਧ ਸੰਗਤਿ ਜਗ ਅੰਦਰਿ ਜਾਣੀ।
ਪੈਰੀ ਪੈ ਪਾਖਾਕ ਹੋਇ ਗਰਬੁ ਨਿਵਾਰਿ ਗਰੀਬੀ ਆਣੀ।
[੬]ਪੀ ਚਰਣੋਦਕੁ ਅੰਮ੍ਰਿਤ ਵਾਣੀ ॥ ੨੨ ॥

## ਪਉੜੀ ੨੩

[ਗੁਰੂ ਅਰਜਨ ਦੇਵ ਜੀ ਦਾ ਜੋਤੀ ਜੋਤਿ]

[੭]ਰਹਿਦੇ ਗੁਰ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ।
[੮]ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ।
[੯]ਸਬਦੁਸੁਰਤਿਲਿਵਮਿਰਗਜਿਉਭੀੜਪਈ ਚਿਤਿਅਵਰੁਨਆਣੀ।
ਚਰਣਕਵਲ ਮਿਲਿਭਵਰ ਜਿਉ ਸੁਖਸੰਪਟ ਵਿਚਿਰੈਣਿਵਿਹਾਣੀ।
[੧੦]ਗੁਰੁ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ।
ਗੁਰਮੁਖਿ ਸੁਖਫਲੁ ਪਿਰਮਰਸੁ ਸਹਜ ਸਮਾਧਿਸਾਧਸੰਗਿ ਜਾਣੀ।
ਗੁਰ ਅਰਜਨ ਵਿਟਹੁ ਕੁਰਬਾਣੀ ॥ ੨੩ ॥

---

੧ (ਸਤਿਗੁਰੂ ਜੀ) ਹੰਸਾਂ ਵਿਚੋਂ (ਉਹ) ਹੰਸ ਹਨ, ਜੋ ਗਿਆਨ ਦੇ ਬਲ ਨਾਲ ਦੁਧ (ਸੱਚ) ਵਿਚੋਂ ਪਾਣੀ (ਝੂਠ) ਨੂੰ ਨਿਤਾਰ ਲੈਂਦੇ ਹਨ। ੨ ਕੱਛੂਆਂ ਵਿਚੋਂ (ਉਸ) ਕੱਛੂ (ਵਾਂਗ ਹਨ)। ੩ (ਮਾਇਆ ਦੇ) ਘੁੰਮਣ ਘੇਰ। ੪ ਕੂੰਜਾਂ ਵਿਚੋਂ (ਉਹ) ਕੂੰਜ। ੫ ਪਰੇਮ। ੬ ਅੰਮ੍ਰਿਤ ਵਰਗਾ ਚਰਨਾਮ੍ਰਿਤ ਪੀਂਦੇ ਹਨ। ੭ ਨਿਰਵਾਣ ਦੀ ਪ੍ਰਾਪਤੀ ਲਈ ਕੁਲੀਨ (ਛੋਟੀ) ਮੱਛੀ ਵਾਂਗ ਗੁਰੂ ਰੂਪ ਦਰਿਆ ਵਿਚ ਰਹਿੰਦੇ ਹਨ। ੮ (ਅਕਾਲ ਪੁਰਖ ਦੇ) ਦਰਸ਼ਨਾਂ ਨੂੰ ਦੇਖ ਕੇ ਪਤੰਗ ਵਾਂਗ ਪਰਮ ਜੋਤੀ ਵਿਚ (ਸ੍ਰੀ ਗੁਰੂ ਅਰਜਨ ਦੇਵ ਜੀ ਦੀ) ਜੋਤਿ ਸਮਾ ਗਈ। ੯ ਘੰਡਾ ਹੇੜੇ ਦੇ ਸ਼ਬਦ ਨੂੰ ਸੁਣਦੇ ਹੋਏ (ਹਰਨ ਵਾਂਗ ਸ਼ਹੀਦੀ ਸਮੇਂ) ਭੀੜ ਪੈਣ ਪਰ ਚਿੱਤ ਨੂੰ ਸ਼ਬਦ ਦੀ ਸੁਰਤ ਤੋਂ ਛੁਟ ਹੋਰ ਕਿਧਰੇ ਨਹੀਂ ਜਾਣ ਦਿਤਾ। ੧੦ (ਸਿੱਖਾਂ ਨੂੰ ਕਿਧਰੇ) ਉਪਦੇਸ਼ ਵਿਸਰ ਨ ਜਾਏ (ਇਸ ਲਈ) ਬੰਬੀਹੇ ਵਾਂਗ (ਸ਼ਹੀਦੀ ਵਾਲੀ ਰਾਤ) ਵਖਿਆਨ ਹੀ ਕਰਦੇ ਰਹੇ।

Digitized by Panjab Digital Library | www.panjabdigilib.org

## ਪਉੜੀ ੨੪

[ਗੁਰੂ ਹਰਿਗੋਬਿੰਦ]

[੧]ਪਾਰਬ੍ਰਹਮੁ ਪੂਰਨ ਬ੍ਰਹਮਿ ਸਤਿਗੁਰ ਆਪੇ ਆਪੁ ਉਪਾਇਆ।
[੨]ਗੁਰੁ ਗੋਬਿੰਦੁ ਗੋਵਿੰਦੁ ਗੁਰੁ ਜੋਤਿ ਇਕ ਦੁਇ ਨਾਵ ਧਰਾਇਆ।
ਪੁਤੁ ਪਿਅਹੁ ਪਿਉ ਪੁਤ ਤੇ ਵਿਸਮਾਦਹੁ ਵਿਸਮਾਦੁ ਸੁਣਾਇਆ।
ਬਿਰਖਹੁ ਫਲੁ ਫਲ ਤੇ ਬਿਰਖੁ ਆਚਰਜਹੁ ਆਚਰਜੁ ਸੁਹਾਇਆ।
[੩]ਨਦੀ ਕਿਨਾਰੇ ਆਖੀਅਨਿ ਪੁਛੇ ਪਾਰਵਾਰੁ ਨ ਪਾਇਆ।
ਹੋਰਨਿ ਅਲਖੁ ਨ ਲਖੀਐ [੪]ਗੁਰੁ ਚੇਲੇ ਮਿਲਿ ਅਲਖੁ ਲਖਾਇਆ।
[੫]ਹਰਿ ਗੋਵਿੰਦੁ ਗੁਰੂ ਗੁਰ ਭਾਇਆ ॥ ੨੪ ॥

## ਪਉੜੀ ੨੫

[ਛੇਵੇਂ ਗੁਰੂ ਜੀ ਦਾ ਵਰਣਨ]

ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ।
ਗੁਰ ਅੰਗਦੁ ਗੁਰ ਅੰਗ ਤੇ ਗੰਗਹੁ ਜਾਣੁ ਤਰੰਗ ਉਠਾਇਆ।
ਅਮਰਦਾਸੁ ਗੁਰ ਅੰਗਦਹੁ [੬]ਜੋਤਿ ਸਰੂਪ ਚਲਤੁ ਵਰਤਾਇਆ।
[੭]ਗੁਰੁਅਮਰਹੁ ਗੁਰੁਰਾਮਦਾਸੁ ਅਨਹਦਨਾਦਹੁ ਸਬਦੁ ਸੁਣਾਇਆ।
ਰਾਮਦਾਸਹੁ ਅਰਜਨੁ ਗੁਰੂਦਰਸਨੁ ਦਰਪਨਿ ਵਿਚਿ ਦਿਖਾਇਆ।
ਹਰਿਗੋਬਿੰਦ ਗੁਰ ਅਰਜਨਹੁ ਗੁਰੁ ਗੋਬਿੰਦ ਨਾਉ ਸਦਵਾਇਆ।
ਗੁਰਮੂਰਤਿਗੁਰਸਬਦਹੈ ਸਾਧਸੰਗਤਿ ਵਿਚਿਪਰਗਟੀ ਆਇਆ।
ਪੈਰੀ ਪਾਇ ਸਭ ਜਗਤੁ ਤਰਾਇਆ ॥ ੨੫ ॥ ੨੪ ॥

---

੧ ਨਿਰਗੁਣ ਬ੍ਰਹਮ (ਵਾਹਿਗੁਰੂ) ਨੇ ਆਪਣੇ ਸਰਗੁਣ ਸਰੂਪ ਸਤਿਗੁਰੂ ਨੂੰ ਆਪਣ ਆਪ ਤੋਂ ਉਤਪੰਨ ਕੀਤਾ।੨ ਤੂੰਹੀ ਸਤਿਗੁਰੂ(ਨਾਨਕ ਦੀ ਜੋਤਿ)ਹਰਿਗੋਬਿੰਦ ਹੈ ਤੇ ਉਹ ਸਤਿਗੁਰੂ ਹੋਏ। ੩ ਜਿਵੇਂ ਨਦੀ ਦੇ ਕਿਨਾਰਿਆਂ (ਦਾ ਉਰਾਰ ਤੇ ਪਾਰ) ਆਖਿਆ ਜਾਂਦਾ ਹੈ, ਪਰ ਪੁਛਿਆਂ ਪਾਰ ਉਰਾਰ ਦਾ ਪਤਾ ਨਹੀਂ ਲਗਦਾ। ਕਿਉਂਕਿ ਹਰ ਕਿਨਾਰੇ ਵਾਲਾ ਆਪਣੇ ਕੰਢੇ ਨੂੰ ਉਰਾਰ ਤੇ ਦੂਜੇ ਨੂੰ ਪਾਰ ਕਹਿੰਦਾ ਹੈ। ੪ ਗੁਰੂ (ਅਰਜਨ ਦੇਵ ਜੀ ਨੂੰ) ਚੇਲੇ (ਗੁਰੂ ਹਰਿ ਗੋਬਿੰਦ ਜੀ) ਨੇ ਮਿਲ ਕੇ ਅਲਖ ਨੂੰ ਲਖ ਲਿਆ। ੫ ਗੁਰੂ ਹਰਿਗੋਬਿੰਦ ਗੁਰੂ (ਅਰਜਨ ਦੇਵ ਜੀ) ਨੂੰ ਭਾ ਗਿਆ। ੬ ਜੋਤਿ ਦਾ ਸਰੂਪ (ਵਟਾ ਲੈਣ ਦਾ) ਖੇਲ ਵਰਤਾਇਆ। ੭ ਗੁਰੂ ਅਮਰ ਦਾਸ ਤੋਂ ਗੁਰੂ ਰਾਮਦਾਸ ਜੀ (ਇਸ ਪ੍ਰਕਾਰ ਪ੍ਰਗਟ ਹੋਏ) ਮਾਨੋ ਅਨਹਦ ਨਾਦ ਤੋਂ ਸ਼ਬਦ ਸੁਣਾਇਆ ਗਿਆ।

Digitized by Panjab Digital Library | www.panjabdigilib.org

# ਵਾਰ ੨੫

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਛੇਵੇਂ ਸਤਿਗੁਰੂ ਦਾ ਮੰਗਲਾਚਰਣ]

[੧]ਆਦਿ ਪੁਰਖੁ ਆਦੇਸੁ ਕਰਿ [੨]ਆਦਿ ਪੁਰਖ ਆਦੇਸੁ ਕਰਾਇਆ ।
[੩]ਏਕੰਕਾਰ ਅਕਾਰ ਕਰਿ ਗੁਰੁ ਗੋਵਿੰਦੁ ਨਾਉ ਸਦਵਾਇਆ ।
ਪਾਰਬ੍ਰਹਮੁ ਪੂਰਨਬ੍ਰਹਮੁ [੪]ਨਿਰਗੁਣਸਰਗੁਣ ਅਲਖੁਲਖਾਇਆ ।
ਸਾਧਸੰਗਤਿਆਰਾਧਿਆਭਗਤਿਵਛਲੁਹੋਇ [੫]ਅਛਲੁਛਲਾਇਆ ।
ਓਅੰਕਾਰ ਅਕਾਰ ਕਰਿ ਇਕੁ ਕਵਾਉ ਪਸਾਉ ਪਸਾਇਆ ।
ਰੋਮ ਰੋਮ ਵਿਚਿ ਰਖਿਓਨੁ ਕਰਿ ਬ੍ਰਹਮੰਡੁ ਕਰੋੜਿ ਸਮਾਇਆ ।
ਸਾਧ ਜਨਾ ਗੁਰ ਚਰਨ ਧਿਆਇਆ ॥ ੧ ॥

## ਪਉੜੀ ੨

[ਗੁਰਮੁਖ ਦਾ ਮਾਰਗ]

ਗੁਰਮੁਖਿਮਾਰਗਿਪੈਰੁਧਰਿਦਹਿਦਿਸਿ[੬] ਬਾਰਹਵਾਟ[੭] ਨ ਧਾਇਆ ।
ਗੁਰਮੂਰਤਿਗੁਰਧਿਆਨੁਧਰਿਘਟਿਘਟਿ [੮]ਪੂਰਨਬ੍ਰਹਮੁਦਿਖਾਇਆ
ਸਬਦਸੁਰਤਿ ਉਪਦੇਸੁਲਿਵ ਪਾਰਬ੍ਰਹਮਗੁਰਧਿਆਨਜਣਾਇਆ।
ਸਿਲਾ ਅਲੂਣੀ ਚਟਣੀ ਚਰਣ ਕਵਲ ਚਰਣੋਦਕੁ ਪਿਆਇਆ।
ਗੁਰਮਤਿਨਿਹਚਲੁਚਿਤੁ ਕਰਿਸੁਖਸੰਪਟ ਵਿਚਿਨਿਜਘਰੁਛਾਇਆ।

---

੧ ਪਰਮਾਤਮਾ । ੨ ਗੁਰੂ ਹਰਿਗੋਬਿੰਦ ਜੀ । ੩ ਇਕ ਨਿਰੰਕਾਰ ਨੇ ਆਪਣਾ ਸਰੂਪ ਰਚਕੇ ਗੁਰੂ ਹਰਿਗੋਬਿੰਦ ਆਪਣਾ ਨਾਉਂ ਸਦਾਇਆ ਹੈ। ੪ ਨਿਰਗੁਣ (ਪਰਮਾਤਮਾ) ਨੇ ਸਰਗੁਣ ਰੂਪ (ਗੁਰੂ) ਹੋ ਕੇ ਅਲਖ ਨੂੰ ਲਖਾ ਦਿਤਾ । ੫ ਅਛਲ ਹੁੰਦਾ ਹੋਇਆ ਭੀ ਛਲਿਆ ਗਿਆ, ਅਰਥਾਤ ਭਗਤਾਂ ਦੇ ਵਸ ਹੋ ਗਿਆ। ੬ ਦਸੋਂ ਦਿਸ਼ਾਵਾਂ। ੭ ਜੋਗੀਆਂ ਦੇ ਬਾਰਾਂ ਮਾਰਗ । ੮ ਵਿਆਪਕ ਪਰਮਾਤਮਾ ।

Digitized by Panjab Digital Library | www.panjabdigilib.org

ਪਰਤਨ ਪਰਧਨ ਪਰਹਰੇ [1]ਪਾਰਸਪਰਸਿ ਅਪਰਸੁ ਰਹਾਇਆ।
[2]ਸਾਧ ਅਸਾਧਿ ਸਾਧ ਸੰਗਿ ਆਇਆ ॥ ੨ ॥

## ਪਉੜੀ ੩

[ਗੁਰਮੁਖਾਂ ਦੀ ਉੱਨਤੀ]

[3]ਜਿਉਵੜਬੀਉਸਜੀਉ ਹੋਇਕਰਿਵਿਸਥਾਰੁਬਿਰਖੁਉਪਜਾਇਆ।
ਬਿਰਖਹੁ ਹੋਇਸਹਸ ਫਲ ਫਲ ਫਲਵਿਚਿਬਹੁਬੀਅ ਸਮਾਇਆ।
ਦੁਤੀਆ ਚੰਦੁ ਅਗਾਸ ਜਿਉ [4]ਆਦਿ ਪੁਰਖ ਆਦੇਸੁ ਕਰਾਇਆ।
[5]ਤਾਰੇ ਮੰਡਲ ਸੰਤ ਜਨ ਧਰਮਸਾਲ ਸਚਖੰਡ ਵਸਾਇਆ।
ਪੈਰੀ ਪੈ ਪਾਖਾਕ ਹੋਇ ਆਪੁ ਗਵਾਇ ਨ ਆਪੁ ਜਣਾਇਆ।
ਗੁਰਮੁਖਿ ਸੁਖਫਲੁ ਧ੍ਰੂ ਜਿਵੈ ਨਿਹਚਲ ਵਾਸ ਅਗਾਸ ਚੜ੍ਹਾਇਆ।
ਸਭ ਤਾਰੇ ਚਉਫੇਰਿ ਫਿਰਾਇਆ ॥ ੩ ॥

## ਪਉੜੀ ੪

[ਭਗਤ ਨਾਮਦੇਵ]

ਨਾਮਾ ਛੀਬਾ ਆਖੀਐ ਗੁਰਮੁਖਿ ਭਾਇ ਭਗਤਿ ਲਿਵਲਾਈ।
ਖਤ੍ਰੀ ਬ੍ਰਹਮਣ ਦੇਹੁਰੈ ਉਤਮ ਜਾਤਿ ਕਰਨਿ ਵਡਿਆਈ।
ਨਾਮਾ ਪਕੜਿ ਉਠਾਲਿਆ ਬਹਿ ਪਿਛਵਾੜੈ ਹਰਿ ਗੁਣ ਗਾਈ।
ਭਗਤ ਵਛਲ ਆਖਾਇਦਾ ਫੇਰਿ ਦੇਹੁਰਾ ਪੈਜਿ ਰਖਾਈ।
ਦਰਗਹ ਮਾਣੁ ਨਿਮਾਣਿਆ ਸਾਧ ਸੰਗਤਿ ਸਤਿਗੁਰ ਸਰਣਾਈ।
[6]ਉਤਮੁ ਪਦਵੀ ਨੀਚ ਜਾਤਿ ਚਾਰੇ ਵਰਨ ਪਏ ਪਗ ਆਈ।
ਜਿਉ ਨੀਵਾਨਿ ਨੀਰੁ ਚਲਿ ਜਾਈ ॥ ੪ ॥

---

੧ ਪਾਰਸ [ਸਤਿਗੁਰੂ ਜੀ ਦੇ ਚਰਨ] ਪਰਸਨ ਕਰ ਕੇ [ਸੰਸਾਰਕ ਪਦਾਰਥਾਂ ਤੋਂ] ਅਪਰਸ ਹੋਏ ਹਨ। ੨ ਅਸਾਧ ਮਨ ਨੂੰ ਸਾਧ ਕੇ। ੩ ਜਿਵੇਂ ਬੋਹੜ ਦਾ ਬੀ ਉੱਗ ਕੇ। ੪ [ਗੁਰਮੁਖ] ਆਦਿ ਪੁਰਖ [ਪਰਮਾਤਮਾ] ਵਾਂਗ ਨਮਸਕਾਰ ਪ੍ਰਾਪਤ ਕਰਦੇ ਹਨ। ੫ ਤਾਰਿਆਂ ਦੇ ਮੰਡਲਾਂ ਵਾਂਗ ਸੰਤ ਜਨ ਸੱਚਖੰਡ ਰੂਪੀ ਧਰਮਸਾਲ ਦੇ ਆਕਾਸ਼ ਵਿਚ ਵਸਦੇ ਹਨ। ੬ ਉੱਤਮ ਪਦਵੀਆਂ ਵਾਲੇ [ਬ੍ਰਾਹਮਣ, ਖੱਤਰੀ ਆਦਿ] ਤੇ ਨੀਚ ਜਾਤਿ [ਸ਼ੂਦਰ] ਸਾਰੇ।

Digitized by Panjab Digital Library | www.panjabdigilib.org

## ਪਉੜੀ ੫

(ਭਗਤਾਂ ਦੀ ਜਾਤ ਨਹੀਂ)

ਅਸੁਰ ਭਭੀਖਣੁ ਭਗਤੁ ਹੈ ਬਿਦਰੁ ਧ੍ਰੂ ਵਿਖਲੀ ਸਰਣਾਈ* ।
ਧੰਨਾ ਜਟੁ ਵਖਾਣੀਐ ਸਧਨਾ ਜਾਤਿ ਅਜਾਤਿ ਕਸਾਈ ।
ਭਗਤੁ ਕਬੀਰ ਜੁਲਾਹੜਾ ਨਾਮਾ ਛੀਬਾ ਹਰਿ ਗੁਣ ਗਾਈ ।
ਕੁਲਿ ਰਵਿਦਾਸੁ ਚਮਾਰੁ ਹੈ ਸੈਣੁ ਸਨਾਤੀ[੧] ਅੰਦਰਿ ਨਾਈ ।
ਕੋਇਲ ਪਾਲੈ ਕਾਵਣੀ ਅੰਤਿ ਮਿਲੈ ਆਪਣੇ ਕੁਲ ਜਾਈ ।
ਕਿਸਨੁ ਜਸੋਧਾ ਪਾਲਿਆ [੨]ਵਾਸਦੇਵ ਕੁਲ ਕਵਲ ਸਦਾਈ ।
[੩]ਘਿਅ ਭਾਂਡਾ ਨ ਵੀਚਾਰੀਐ ਭਗਤਾ ਜਾਤਿ ਸਨਾਤਿ ਨ ਕਾਈ ।
ਚਰਣ ਕਵਲ ਸਤਿਗੁਰ ਸਰਣਾਈ ॥ ੫ ॥

## ਪਉੜੀ ੬

(ਨੀਚ ਥਾਵਾਂ ਉਤਮ ਵਸਤਾਂ ਦੇ ਦ੍ਰਿਸ਼ਟਾਂਤ)

ਡੇਮੂੰ ਖਖਰਿ ਮਿਸਰੀ ਮਖੀ ਮੇਲੁ ਮਖੀਰੁ[੪] ਉਪਾਇਆ ।
[੫]ਪਾਟਪਟੰਬਰ ਕੀੜਿਅਹੁ ਕੁਟਿਕੁਟਿ ਸਣੁ ਕਿਰਤਾਸੁ[੬] ਬਣਾਇਆ।
ਮਲਮਲ ਹੋਇ ਵੜੇਵਿਅਹੁ ਚਿਕੜਿ ਕਵਲੁ ਭਵਰੁ ਲੋਭਾਇਆ ।
ਜਿਉ ਮਣਿ ਕਾਲੇ ਸਪ ਸਿਰਿ [੭]ਪਥਰੁ ਹੀਰੇ ਮਾਣਕ ਛਾਇਆ ।
ਜਾਣੁ ਕਥੂਰੀ ਮਿਰਗ ਤਨਿ ਨਾਉ ਭਗਉਤੀ ਲੋਹੁ ਘੜਾਇਆ ।
ਮੁਸਕੁਬਿਲੀਅਹੁ ਮੇਦੁ[੮] ਕਰਿਮਜਲਸ ਅੰਦਰਿ [੯]ਮਹ ਮਹਕਾਇਆ ।
ਨੀਚ ਜੋਨਿ ਉਤਮੁ ਫਲੁ ਪਾਇਆ ॥ ੬ ॥

---

੧ ਨੀਵੀਂ ਜਾਤ । ੨ ਵਾਸਦੇਵ ਦੀ ਕੁਲ ਦਾ ਕਮਲ ਹੀ ਅਖਵਾਇਆ । ੩ ਘਿਉ ਦੇ ਭਾਂਡੇ, ਮਿੱਟੀ, ਪਿੱਤਲ , ਚਮੜੇ ਆਦਿ ਦਾ ਵਿਚਾਰ ਕੋਈ ਨਹੀਂ ਕਰਦਾ। ੪ ਸ਼ਹਿਦ। ੫ ਰੇਸ਼ਮ ਦੇ ਕੱਪੜੇ । ੬ ਕਾਗਜ਼ । ੭ ਪੱਥਰਾਂ ਵਿਚ ਹੀਰੇ ਤੇ ਮਾਣਕ ਭਰੇ ਹਨ । ੮ ਮੁਸ਼ਕ ਬਿਲਾਈ । ੯ ਅਤਿ ਸੁਗੰਧ ਫੈਲਾਉਂਦੀ ਹੈ । * ਪਾ: ਸੁ ਵਿਖਲੀ ਪ.ਤ ਸਰਣਾਈ ।

Digitized by Panjab Digital Library | www.panjabdigilib.org

## ਪਉੜੀ ੭

[ਰਾਜਾ ਬਲਿ ਦਾ ਪਰਸੰਗ]

ਬਲਿ ਪੋਤਾ ਪ੍ਰਹਿਲਾਦ ਦਾ ਇੰਦਰਪੁਰੀ ਦੀ ਇਛ ਇਛੰਦਾ।
ਕਰਿ ਸੰਪੂਰਣੁ ਜਗੁ ਸਉ ਇਕ ਇਕੋਤਰੁ ਜਗੁ ਕਰੰਦਾ।
ਬਾਵਨ ਰੂਪੀ ਆਇਕੈ [1]ਗਰਬੁ ਨਿਵਾਰਿ ਭਗਤ ਉਧਰੰਦਾ।
[2]ਇੰਦ੍ਰਾਸਣ ਨੋ ਪਰਹਰੈ ਜਾਇ ਪਤਾਲਿ ਸੁ ਹੁਕਮੀ ਬੰਦਾ।
ਬਲਿ ਛਲਿ ਆਪੁ ਛਲਾਇਓਨੁ ਦਰਵਾਜੇ ਦਰਵਾਨ ਹੋਵੰਦਾ।
[3]ਸ੍ਵਾਤਿ ਬੂੰਦ ਲੈ ਸਿਪ ਜਿਉ ਮੋਤੀ ਚੁੰਭੀ ਮਾਰਿ ਸੁਹੰਦਾ।
[4]ਹੀਰੈ ਹੀਰਾ ਬੇਧਿ ਮਿਲੰਦਾ ॥ ੭ ॥

## ਪਉੜੀ ੮

[ਕੀੜੀ ਦਾ ਉਦਾਹਰਣ]

ਨੀਚਹੁ ਨੀਚ ਸਦਾਵਣਾ ਕੀੜੀ ਹੋਇ ਨ ਆਪੁ ਗਣਾਏ।
ਗੁਰਮੁਖਿ ਮਾਰਗਿ ਚਲਣਾ ਇਕਤੁ ਖਡੁ ਸਹੰਸ ਸਮਾਏ।
ਘਿਅ ਸਕਰ ਦੀ ਵਾਸ ਲੈ ਜਿਥੈ ਧਰੀ ਤਿਥੈ ਚਲਿ ਜਾਏ।
ਡੁਲੈ ਖੰਡੁ ਜੁ ਰੇਤ ਵਿਚਿ ਖੰਡੂ ਦਾਣਾ ਚੁਣਿ ਚੁਣਿ ਖਾਏ।
[5]ਭ੍ਰਿੰਗੀ ਦੇ ਭੈ ਜਾਇ ਮਰਿ ਹੋਵੈ ਭ੍ਰਿੰਗੀ ਮਾਰਿ ਜੀਵਾਏ।
[6]ਅੰਡਾ ਕਛੂ ਕੂੰਜ ਦਾ ਆਸਾ ਵਿਚਿ ਨਿਰਾਸੁ ਵਲਾਏ।
ਗੁਰਮੁਖਿ ਗੁਰ ਸਿਖੁ ਸੁਖ ਫਲ ਪਾਏ ॥ ੮ ॥

---

੧ (ਉਸ ਦੇ) ਅਹੰਕਾਰ ਨੂੰ ਦੂਰ ਕਰਕੇ ਭਗਤ ਦਾ ਉੱਧਾਰ ਕਰਦਾ ਹੈ। ੨ ਇੰਦਰ ਦੇ ਆਸਨ (ਦੀ ਇੱਛਾ) ਨੂੰ ਛੱਡ ਕੇ। ੩ ਸਿੱਪ ਸ੍ਵਾਂਤੀ (ਨਛੱਤਰ ਵਿਚ ਪਈ ਵਰਸ਼ਾ ਦੀ) ਬੂੰਦ ਲੈ ਕੇ ਟੁਭੀ ਮਾਰ ਕੇ ਮੋਤੀ ਹੋ ਕੇ ਸੋਭਦਾ ਹੈ। ੪ (ਬਲੀ ਰਾਜਾ) ਹੀਰੇ ਵਾਂਗ ਹੀਰੇ ਪਾਸੋਂ ਵਿੰਨ੍ਹਿਆ ਜਾ ਕੇ (ਉਸ ਨਾਲ) ਮਿਲ ਗਿਆ। ੫ ਭ੍ਰਿੰਗੀ ਦੇ ਡਰ ਨਾਲ ਮਰ ਕੇ ਭ੍ਰਿੰਗੀ ਹੋ ਜਾਂਦੀ ਤੇ ਹੋਰ ਕੀੜਿਆਂ ਨੂੰ ਮਾਰ ਕੇ ਜਿਵਾਉਂਦੀ, ਅਰਥਾਤ ਆਪਣੇ ਜਿਹਾ ਕਰਦੀ ਹੈ। ੬ ਕੂੰਜ ਤੇ ਕੱਛੂ ਦੇ ਬੱਚੇ ਜਿਵੇਂ ਆਸਾ ਵਿਚ ਨਿਰਾਸ ਰਹਿੰਦੇ ਹਨ।

## ਪਉੜੀ ੯

{ਨਿੱਕੇ ਹੋਣ ਪੁਰ ਲੋਕ ਲੋਕ ਪਰਸਿਧ ਪਰਸੰਗ}

ਸੂਰਜ ਪਾਸਿ ਬਿਆਸੁ ਜਾਇ ਹੋਇ [1]ਭੁਣਹਣਾ ਕੰਨਿ ਸਮਾਣਾ।
ਪੜਿਵਿਦਿਆ ਘਰਿਆਇਆ [2]ਗੁਰਮੁਖਿ ਬਾਲਮੀਕ ਮਨਿਭਾਣਾ।
[3]ਆਦਿ ਬਿਆਸ ਵਖਾਣੀਐ ਕਥਿ ਕਥਿ ਸਾਸਤ੍ਰ ਵੇਦ ਪੁਰਾਣਾ।
ਨਾਰਦਿਮੁਨਿ ਉਪਦੇਸਿਆ [4]ਭਗਤਿ ਭਾਗਵਤੁ ਪੜ੍ਹਿਪਤੀਆਣਾ।
ਚਉਦਹ ਵਿਦਿਆ ਸੋਧਿਕੈ[5] [6]ਪਰਉਪਕਾਰੁ ਅਚਾਰੁ ਸੁਖਾਣਾ।
ਪਰਉਪਕਾਰੀ ਸਾਧ ਸੰਗੁ ਪਤਿਤ ਉਧਾਰਣੁ ਬਿਰਦੁ ਵਖਾਣਾ।
ਗੁਰਮੁਖਿ ਸੁਖ ਫਲੁ ਪਤਿ ਪਰਵਾਣਾ ॥ ੯ ॥

## ਪਉੜੀ ੧੦

[ਸੁਕਦੇਵ]

ਬਾਰਹ ਵਰੇ ਗਰਭਾਸਿ[7] ਵਸਿ ਜਮਦੇ ਹੀ ਸੁਕਿ[8] ਲਈ ਉਦਾਸੀ।
ਮਾਇਆ ਵਿਚਿ ਅਤੀਤ ਹੋਇ [9]ਮਨ ਹਠ ਬੁਧਿ ਨ ਬੰਦਿ ਖਲਾਸੀ।
ਪਿਤਾਬਿਆਸ ਪਰਬੋਧਿਆ ਗੁਰਕਰਿਜਨਕ [10]ਸਹਜ ਅਭਿਆਸੀ।
ਤਜਿਦੁਰਮਤਿਗੁਰਮਤਿਲਈ [11]ਸਿਰਧਰਿ ਜੂਠਿਮਿਲੀ ਸਾਬਾਸੀ।
ਗੁਰ ਉਪਦੇਸੁਅਵੇਸੁ[12] ਕਰਿਗਰਬਿਨਿਵਾਰਿ [13]ਜਗਤਿਗੁਰਦਾਸੀ।
ਪੈਰੀ ਪੈ ਪਾਖਾਕ ਹੋਇ [14]ਗੁਰਮਤਿ ਭਾਉ ਭਗਤਿ ਪਰਗਾਸੀ।
ਗੁਰਮੁਖਿ ਸੁਖ ਫਲੁ ਸਹਜ ਨਿਵਾਸੀ ॥ ੧੦ ॥

---

੧ ਨਿੱਕਾ ਕੀੜਾ ਬਣ ਕੇ ਸੂਰਜ ਦੇ ਘੋੜੇ ਦੇ ਕੰਨ ਵਿਚ ਸਮਾ ਗਿਆ। ੨ ਬਾਲਮੀਕ ਭੀ ਗੁਰਮੁਖ (ਨਿੰਮ੍ਰੀ ਭੂਤ) ਹੋ ਕੇ ਮਨ ਭਾਉਣਾ ਹੋਇਆ। ੩ ਆਦਿ ਬਿਆਸ ਕਹਿ ਕੇ ਸੱਦਿਆ ਗਿਆ ਵੇਦ ਸ਼ਾਸਤ੍ਰ ਤੇ ਪੁਰਾਣਾਂ ਦੀ ਕਥਾ ਕਥਦਾ ਰਿਹਾ। ੪ ਭਾਗਵਤ ਦੀ ਭਗਤੀ ਪੜ੍ਹਨ ਨਾਲ ਹੀ ਪਤੀਜਿਆ (ਸ਼ਾਂਤੀ ਪ੍ਰਾਪਤ ਕੀਤੀ)। ੫ ਖੋਜ ਕੇ। ੬ ਪਰਉਪਕਾਰ ਦੇ ਆਚਰਨ ਵਿਚੋਂ ਹੀ ਸੁਖ ਪਾਇਆ। ੭ ਗਰਭਾਸ਼ਯ (ਪੇਟ) ਵਿਚ। ੮ ਸੁਕਦੇਵ। ੯ ਮਨ ਦੀ ਹਠ ਬੁਧੀ ਕਰਕੇ ਬੰਦਖਲਾਸ ਨਾ ਹੋਈ। ੧੦ ਗਿਆਨ ਦਾ ਅਭਿਆਸ ਕਰਨ ਵਾਲਾ। ੧੧ ਸਿਰ ਪੁਰ ਜੂਠੀਆਂ ਪੱਤਲਾਂ। ੧੨ ਪ੍ਰਵੇਸ਼। ੧੩ ਜਗਤ ਦੇ ਗੁਰੂ (ਰਾਜਾ ਪ੍ਰੀਖਯਤ ਵਰਗੇ) ਭੀ ਦਾਸ ਹੋਏ। ੧੪ ਗੁਰਮਤ ਤੇ ਪ੍ਰੇਮਾ ਭਗਤੀ ਦਾ ਪ੍ਰਕਾਸ਼ ਕੀਤਾ; ਭਾਵ ਉਪਦੇਸ਼ ਦਿੱਤਾ।

Digitized by Panjab Digital Library | www.panjabdigilib.org

## ਪਉੜੀ ੧੧

[ਗੁਰ ਸਿੱਖਾਂ ਦੀ ਵਿਸ਼ੇਸ਼ਤਾ]

ਰਾਜ ਜੋਗੁ ਹੈ ਜਨਕ ਦੇ ਵਡਾ ਭਗਤੁ ਕਰਿ ਵੇਦ [1]ਵਖਾਣੈ।
ਸਨਕਾਦਿਕ ਨਾਰਦ ਉਦਾਸ [2]ਬਾਲ ਸੁਭਾਇ ਅਤੀਤੁ ਸੁਹਾਣੈ।
[3]ਜੋਗ ਭੋਗ ਲਖ ਲੰਘਿਕੈ ਗੁਰਸਿਖ ਸਾਧ ਸੰਗਤਿ ਨਿਰਬਾਣੈ[4]।
ਆਪੁ ਗਣਾਇ ਵਿਗੁਚਣਾ[5] ਆਪੁ ਗਵਾਏ ਆਪੁ ਸਿਞਾਣੈ।
ਗੁਰਮੁਖਿ ਮਾਰਗੁ ਸਚ ਦਾ [6]ਪੈਰੀ ਪਵਣਾ ਰਾਜੇ ਰਾਣੈ।
[7]ਗਰਬੁ ਗੁਮਾਨੁ ਵਿਸਾਰਿਕੈ ਗੁਰਮਤਿ ਰਿਦੈ ਗਰੀਬੀ ਆਣੈ।
ਸਚੀ ਦਰਗਹ ਮਾਣੁ ਨਿਮਾਣੈ ॥ ੧੧ ॥

## ਪਉੜੀ ੧੨

[ਚਰਣੋਦਕ ਦੀ ਵਿਸ਼ੇਸ਼ਤਾ]

ਸਿਰੁ ਉਚਾ ਅਭਿਮਾਨੁ ਵਿਚਿ ਕਾਲਖ ਭਰਿਆ ਕਾਲੇ ਵਾਲਾ।
ਭਰਵਟੇ ਕਾਲਖ ਭਰੇ ਪਿਪਣੀਆ[8] ਕਾਲਖ ਸੂਰਾਲਾ[9]।
ਲੋਇਣ ਕਾਲੇ ਜਾਣੀਅਨਿ ਦਾੜੀ ਮੁਛਾ ਕਰਿ ਮੁਹ ਕਾਲਾ।
ਨਕ ਅੰਦਰਿ ਨਕ ਵਾਲ ਬਹੁ ਲੂੰਇ ਲੂੰਇ ਕਾਲਖ ਬੇਤਾਲਾ।
ਉਚੈ ਅੰਗ ਨ ਪੂਜੀਅਨਿ [10]ਚਰਣ ਧੂੜਿ ਗੁਰਮੁਖਿ ਧਰਮਸਾਲਾ।
ਪੈਰਾ ਨਖ ਮੁਖ ਉਜਲੇ ਭਾਰੁ ਉਚਾਇਨਿ ਦੇਹੁ ਦੁਰਾਲਾ[11]।
ਸਿਰ ਧੋਵਣੁ ਅਪਵਿੱਤ੍ਰ ਹੈ ਗੁਰਮੁਖਿ [12]ਚਰਣੋਦਕ ਜਗ ਭਾਲਾ।
ਗੁਰਮੁਖਿ ਸੁਖ ਫਲ ਸਹਜੁ ਸੁਖਾਲਾ ॥ ੧੨ ॥

---

੧ ਧਰਮ ਗ੍ਰੰਥ। ੨ ਬਾਲ ਅਵਸਥਾ ਤੋਂ ਹੀ ਵੈਰਾਗੀ। ੩ ਲੱਖਾਂ (ਜੋਗ ਭੋਗ) ਨਿਵਿਰਤੀ ਤੇ ਪ੍ਰਵਿਰਤੀ ਮਾਰਗਾਂ ਤੋਂ ਅਗੇ ਲੰਘ ਕੇ। ੪ ਬੰਧਨ ਰਹਿਤ। ੫ ਖਰਾਬ ਹੋਣਾ। ੬ ਰਾਜੇ ਰਾਣੇ ਪੈਰੀਂ ਪੈਂਦੇ ਹਨ। ੭ ਮਾਣ ਤੇ ਅਹੰਕਾਰ। ੮ ਝਿੰਮਣੀਆਂ। ੯ ਸੂਲਾਂ। ੧੦ ਗੁਰਮੁਖਾਂ ਦੀ ਚਰਨ ਧੂੜ ਧਰਮਸਾਲਾ ਦਾ ਦਰਜਾ ਰਖਦੀ ਹੈ। ੧੧ ਦੁਖਾਂ ਦਾ ਘਰ। ੧੨ ਚਰਨਾਮ੍ਰਿਤ ਨੂੰ ਜੱਗ ਭਾਲਦਾ ਹੈ।

Digitized by Panjab Digital Library | www.panjabdigilib.org

## ਪਉੜੀ ੧੩

[ਈਸ਼ਵਰੀਯ ਰਚਨਾ]

ਜਲ ਵਿਚਿ ਧਰਮਸਾਲ[1] ਧਰਤੀ ਅੰਦਰਿ ਨੀਰ ਨਿਵਾਸਾ।
[2]ਚਰਨ ਕਵਲ ਸਰਣਾਗਤੀ ਨਿਹਚਲ ਧੀਰਜੁ ਧਰਮੁ ਸੁਵਾਸਾ।
ਕਿਰਖ ਬਿਰਖ ਕੁਸਮਾਵਲੀ ਬੂਟੀ ਜੜੀ ਘਾਹ ਅਬਿਨਾਸਾ[3]।
ਸਰ ਸਾਇਰ ਗਿਰਿ ਮੇਰੁ ਬਹੁ ਰਤਨ ਪਦਾਰਥ ਭੋਗ ਬਿਲਾਸਾ।
ਦੇਵ ਸਥਲ ਤੀਰਥ ਘਣੇ [4]ਰੰਗ ਰੂਪ ਰਸ ਕਸ ਪਰਗਾਸਾ।
ਗੁਰ ਚੇਲੇ ਰਹਰਾਸਿ ਕਰਿ ਗੁਰਮੁਖਿ ਸਾਧ ਸੰਗਤਿ ਗੁਣਤਾਸਾ[5]।
ਗੁਰਮੁਖਿ ਸੁਖਫਲ ਆਸ ਨਿਰਾਸਾ॥ ੧੩॥

## ਪਉੜੀ ੧੪

[ਸਾਧੂ ਦੀ ਚਰਨ ਪੂਜਾ]

[6]ਰੋਮ ਰੋਮ ਵਿਚਿ ਰਖਿਓਨੁ ਕਰਿ ਬ੍ਰਹਮੰਡ ਕਰੋੜਿ ਸਮਾਈ।
ਪਾਰਬ੍ਰਹਮੁ ਪੂਰਨ ਬ੍ਰਹਮੁ ਸਤਿਪੁਰਖ ਸਤਿਗੁਰ ਸੁਖਦਾਈ।
ਚਾਰਿ ਵਰਨ ਗੁਰ ਸਿਖ ਹੋਇ ਸਾ ਸੰਗਤਿ ਸਤਿਗੁਰ ਸਰਣਾਈ।
ਗਿਆਨਧਿਆਨਸਿਮਰਣਿਸਦਾਗੁਰਮੁਖਿਸਬਦਿਸੁਰਤਿਲਿਵਲਾਈ।
ਭਾਇ ਭਗਤਿ ਭਉ ਪਿਰਮ ਰਸ ਸਤਿਗੁਰੁ ਮੂਰਤਿ ਰਿਦੇ ਵਸਾਈ।
ਏਵਡੁ ਭਾਰੁ ਉਚਾਇੰਦੇ ਸਾਧ ਚਰਣ ਪੂਜਾ [7]ਗੁਰ ਭਾਈ।
ਗੁਰਮੁਖਿ ਸੁਖਫਲੁ ਕੀਮ[8] ਨ ਪਾਈ॥ ੧੪॥

---

੧ ਧਰਮ ਕਮਾਉਣ ਦੀ ਜਗਾ। ੨ (ਗੁਰਮੁਖਾਂ ਦੇ) ਚਰਨ ਕਮਲਾਂ ਦੀ ਸਰਣ ਵਿਚ ਰਹਿਣ ਕਰਕੇ ਉਹ ਧਰਤੀ ਅਚਲ ਹੈ, ਧੀਰਜ ਤੇ ਧਰਮ ਦੀ ਗੰਧ ਨਾਲ ਸੁਗੰਧਿਤ ਹੈ। ੩ ਅਮੁਕ। ੪ ਰੰਗ ਰੂਪ ਤੇ ਰਸਾਂ ਕਸਾਂ ਦਾ (ਇਸ ਤੋਂ) ਪ੍ਰਕਾਸ਼ ਹੁੰਦਾ ਹੈ। ੫ ਗੁਣਾਂ ਦਾ ਸਾਗਰ। ੬ ਕਰੋੜਾਂ ਬ੍ਰਹਮੰਡਾਂ ਦੀ ਰੋਮ ਰੋਮ ਵਿਚ ਸਮਾਈ ਕਰ ਰੱਖੀ ਹੈ। ੭ ਵੱਡੀ ਹੈ। ੮ ਕੀਮਤ।

Digitized by Panjab Digital Library | www.panjabdigilib.org

## ਪਉੜੀ ੧੫

[ਅਨਿਆਈ ਰਾਜੇ]

ਵਸੈ ਛਹਬਰ[੧] ਲਾਇਕੈ ਪਰਨਾਲੀਂ ਹੁਇ ਵੀਹੀਂ[੨] ਆਵੈ।
ਲਖ ਨਾਲੇ ਉਛਲ ਚਲਨਿ [੩]ਲਖ ਪਰਵਾਹੀ ਵਾਹ ਵਹਾਵੈ।
ਲਖ ਨਾਲੇ ਲਖ ਵਾਹਿ ਵਹਿ ਨਦੀਆ ਅੰਦਰਿ ਰਲੇ ਰਲਾਵੈ।
ਨਉ ਸੈ ਨਦੀ ਨੜਿੰਨਵੈ ਪੂਰਬਿ ਪਛਮਿ ਹੋਇ ਚਲਾਵੈ।
ਨਦੀਆ ਜਾਇ ਸਮੁੰਦ ਵਿਚਿ ਸਾਗਰ ਸੰਗਮੁ ਹੋਇ ਮਿਲਾਵੈ।
ਸਤਿ ਸਮੁੰਦ ਗੜਾੜ[੪] ਮਹਿ ਜਾਇ ਸਮਾਹਿ ਨ ਪੇਟੁ ਭਰਾਵੈ।
ਜਾਇ ਗੜਾੜੁ ਪਤਾਲ ਹੇਠਿ ਹੋਇ ਤਵੇ ਦੀ ਬੂੰਦ ਸਮਾਵੈ।
[੫]ਸਿਰ ਪਤਿਸਾਹਾ ਲਾਖ ਲਖ ਇੰਨਣੁ ਜਾਲਿ ਤਵੇ ਨੋ ਤਾਵੈ।
ਮਰਦੇ ਖਹਿ ਖਹਿ ਦੁਨੀਆ ਦਾਵੈ ॥ ੧੫ ॥

## ਪਉੜੀ ੧੬

[ਦੋ ਪਾਤਿਸਾਹ ਤੇ ਵੀਹ ਫਕੀਰ]

ਇਕਤੁ ਥੇਕੇ[੬] ਦੁਇ ਖੜਗੁ ਦੁਇ ਪਤਿਸਾਹ ਨ ਮੁਲਕਿ ਸਮਾਣੈ।
ਵੀਹ ਫਕੀਰ ਮਸੀਤਿ ਵਿਚਿ ਖਿੰਥ[੭] ਖਿੰਧੋਲੀ[੮] ਹੇਠਿ ਲੁਕਾਣੈ।
ਜੰਗਲ ਅੰਦਰਿ ਸੀਹ ਦੁਇ ਪੋਸਤ ਡੋਡੇ ਖਸਖਸ ਦਾਣੈ।
[੯]ਸੂਲੀ ਉਪਰਿ ਖੇਲਣਾ ਸਿਰਿ ਧਰਿ ਛਤ੍ਰ ਬਜਾਰ ਵਿਕਾਣੈ।
ਕੋਲ੍ਹੂ ਅੰਦਰਿ ਪੀੜੀਅਨਿ ਪੋਸਤਿ ਪੀਹਿ ਪਿਆਲੇ ਛਾਣੈ।
[੧੦]ਲਉਬਾਲੀ ਦਰਗਾਹ ਵਿਚਿ ਗਰਬੁ ਗੁਨਾਹੀ ਮਾਣੁ ਨਿਮਾਣੈ।
ਗੁਰਮੁਖਿ ਹੋਦੇ ਤਾਣਿ ਨਿਤਾਣੈ ॥ ੧੬ ॥

---

੧ ਝੜੀ। ੨ ਗਲੀਆਂ। ੩ ਲੱਖਾਂ ਪ੍ਰਵਾਹਾਂ ਦਾ ਹੜ੍ਹ ਹੋ ਕੇ ਵਹਿੰਦਾ ਹੈ। ੪ ਮਹਾ ਸਾਗਰ। ੫ ਲੱਖਾਂ (ਅਨਿਆਈ) ਪਾਤਸ਼ਾਹਾਂ ਦੇ ਲੱਖਾਂ ਸਿਰਾਂ ਦਾ ਈਂਧਨ (ਬਾਲਣ) ਬਾਲ ਕੇ (ਉਹ) ਤਵਾ ਤਾਇਆ ਜਾਂਦਾ ਹੈ। ੬ ਮਿਆਨ ਵਿਚ। ੭ ਕਫਨੀ। ੮ ਗੋਦੜੀ। ੯ ਡੰਡੀ ਰੂਪ ਸੂਲੀ ਪੁਰ (ਖੇਲਣਾ) ਚੜ੍ਹ ਕੇ। ੧੦ ਬੇਪਰਵਾਹ ਰੱਬ ਦੇ ਦਰਬਾਰ ਵਿਚ ਅਹੰਕਾਰ ਵਾਲੇ ਦੋਸ਼ੀਆਂ ਤੇ ਨਿਮਾਣਿਆਂ ਨੂੰ ਭੀ ਮਾਣ ਮਿਲਦਾ ਹੈ।

Digitized by Panjab Digital Library | www.panjabdigilib.org

## ਪਉੜੀ ੧੭

[ਬਕਰੀ]

ਸੀਹ ਪਜੂਤੀ[1] ਬਕਰੀ ਮਰਦੀ ਹੋਈ ਹੜ ਹੜ ਹਸੀ ।
ਸੀਹੁ ਪੁਛੈ ਵਿਸਮਾਦੁ[2] ਹੋਇ ਇਤੁ ਅਉਸਰ [3]ਕਿਤੁ ਰਹਸਿ ਰਹਸੀ ।
ਬਿਨਉ ਕਰੇਦੀ ਬਕਰੀ ਪੁਤ੍ਰ ਅਸਾਡੇ ਕੀਚਨਿ ਖਸੀ ।
ਅਕ ਧਤੂਰਾ ਖਾਧਿਆ ਕੁਹਿ ਕੁਹਿ [4]ਖਲ ਉਖਲਿ ਵਿਣਸੀ ।
ਮਾਸੁ ਖਾਨਿ ਗਲ ਵਢਿਕੈ ਹਾਲੁ ਤਿਨਾੜਾ ਕਉਣੁ ਹੋਵਸੀ ।
[5]ਗਰਬੁ ਗਰੀਬੀ ਦੇਹ ਖੇਹ ਖਾਜੁ ਅਖਾਜੁ ਅਕਾਜੁ ਕਰਸੀ ।
ਜਗਿ ਆਇਆ ਸਭ ਕੋਇ ਮਰਸੀ ॥ ੧੭ ॥

## ਪਉੜੀ ੧੮

[ਗੁਰਮੁਖ]

ਚਰਣਕਵਲ ਰਹਰਾਸਿ ਕਰਿ ਗੁਰਮੁਖਿ ਸਾਧਸੰਗਤਿ ਪਰਗਾਸੀ ।
ਪੈਰੀ ਪੈ ਪਾਖਾਕ ਹੋਇ [6]ਲੇਖ ਅਲੇਖ ਅਮਰ ਅਬਿਨਾਸੀ ।
ਕਰਿ ਚਰਣੋਦਕੁ ਆਚਮਨ ਆਧਿ ਬਿਆਧਿ ਉਪਾਧਿ ਖਲਾਸੀ ।
ਗੁਰਮਤਿ ਆਪੁ ਗਵਾਇਆ ਮਾਇਆ ਅੰਦਰਿ ਕਰਨਿ ਉਦਾਸੀ ।
ਸਬਦ ਸੁਰਤਿ ਲਿਵਲੀਣੁ ਹੋਇ ਨਿਰੰਕਾਰ ਸਚਖੰਡਿ ਨਿਵਾਸੀ ।
ਅਬਿਗਤਿ ਗਤਿ ਅਗਾਧਿ ਬੋਧਿਅਕਥਕਥਾ ਅਚਰਜ [7]ਗੁਰਦਾਸੀ ।
ਗੁਰਮੁਖਿ ਸੁਖ ਫਲੁ ਆਸ ਨਿਰਾਸੀ ॥ ੧੮ ॥

---

੧ ਪਕੜੀ ਗਈ । ੨ ਹੈਰਾਨ ਹੋ ਕੇ । ੩ ਕਿਹੜੀ ਖੁਸ਼ੀ ਤੋਂ ਹੱਸੀ ਹੈਂ । ੪ ਖੱਲ ਉਧੇੜੀ ਜਾ ਕੇ (ਸਾਡਾ) ਨਾਸ ਕੀਤਾ ਜਾਂਦਾ ਹੈ । ੪ ਅਹੰਕਾਰੀ ਤੇ ਗਰੀਬੀ ਵਾਲੇ ਦੋਹਾਂ ਹੀ (ਸਰੀਰ ਧਾਰੀਆਂ ਦੀਆਂ) ਦੇਹਾਂ ਤਾਂ ਸੁਆਹ ਹੋ ਹੀ ਜਾਣੀਆਂ ਹਨ, ਪਰ ਅੰਤ ਨੂੰ ਇਕ ਖਾਜ (ਖਾਣ ਯੋਗ) ਹੋਣਗੀਆਂ ਤੇ ਅਕਾਜ (ਭੈੜੇ) ਕਰਮ ਕਰਨ ਕਰਕੇ (ਦੂਜੀਆਂ) ਅਖਾਜ (ਨ ਖਾਣੇ ਯੋਗ) ਹੋਣਗੀਆਂ । ੬ ਲੇਖੇ ਤੋਂ ਅਲੇਖ । ੭ ਗੁਰੂ ਦੀ ਦਾਸਤਾ (ਸੇਵਾ) ।

Digitized by Panjab Digital Library | www.panjabdigilib.org

## ਪਉੜੀ ੧੯

[ਸਤਿਸੰਗ ਨਿਰਦੋਖ ਨੂੰ ਵੀ ਤਾਰਦਾ ਹੈ]

ਸਣ ਵਣ ਵਾੜੀ ਖੇਤੁ ਇਕੁ ਪਕਉਪਕਾਰੁ ਵਿਕਾਰ ਜਣਾਵੈ।
ਖਲ ਕਢਾਹਿ ਵਟਾਇ ਸਣ ਰਸਾ ਬੰਧਨੁ ਹੋਇ ਬਨ੍ਹਾਵੈ।
ਖਾਸਾ ਮਲਮਲ ਸਿਰੀਸਾਫੁ[1] ਸੂਤੁ ਕਤਾਇ ਕਪਾਹ ਵੁਣਾਵੈ।
ਲਜਣੁ ਕਜਣੁ ਹੋਇਕੈ [2]ਸਾਧੁ ਅਸਾਧੁ ਬਿਰਦੁ ਬਿਰਦਾਵੈ।
[3]ਸੰਗ ਦੋਖ ਨਿਰਦੋਖ ਮੋਖ ਸੰਗ ਸੁਭਾਉ ਨ ਸਾਧੁ ਮਿਟਾਵੈ।
ਤ੍ਰਪੜੁ ਹੋਵੈ ਧਰਮਸਾਲ ਸਾਧ ਸੰਗਤਿ ਪਗ [4]ਧੂੜਿ ਧੁਮਾਵੈ।
ਕੁਟਿਕੁਟਿ ਸਣ ਕਿਰਤਾਸੁ[5] ਕਰਿ ਹਰਿ ਜਸੁਲਿਖਿ ਪੁਰਾਣਸੁਨਾਵੈ।
ਪਤਿਤ ਪੁਨੀਤੁ ਕਰੈ ਜਨ ਭਾਵੈ ॥ ੧੯ ॥

## ਪਉੜੀ ੨੦

[ਸੰਗਤ ਗੁਣ]

ਪਥਰ ਚਿਤੁ ਕਠੋਰੁ ਹੈ ਚੂਨਾ ਹੋਵੈ ਅਗੀ ਦਧਾ[6]।
ਅਗ ਬੁਝੈ ਜਲੁ ਛਿੜਕਿਐ ਚੂਨਾ ਅਗਿ ਉਠੇ [7]ਅਤਿ ਵਧਾ।
ਪਾਣੀ ਪਾਏ ਵਿਹੁ[8] ਨ ਜਾਇ ਅਗਨਿ ਨ ਛੁਟੈ ਅਵਗੁਣ ਬਧਾ।
ਜੀਭੈ ਉਤੈ ਰਖਿਆ ਛਾਲੇ ਪਵਨਿ ਸੰਗਿ ਦੁਖ ਲਧਾ[9]।
ਪਾਨ ਸੁਪਾਰੀ ਕਥੁ ਮਿਲਿ ਰੰਗੁ ਸੁਰੰਗੁ [10]ਸਪੂਰਣੁ ਸਧਾ।
ਸਾਧ ਸੰਗਤਿ ਮਿਲਿਸਾਧੁ ਹੋਇ ਗੁਰਮੁਖਿਮਹਾ ਅਸਾਧ ਸਮਧਾ[11]।
ਆਪੁ ਗਵਾਇ ਮਿਲੈ ਪਲੁ ਅਧਾ ॥ ੨੦ ॥ ੨੫ ॥

---

੧ ਕੱਪੜੇ ਦਾ ਨਾਉਂ। ੨ ਸਾਧ ਭਾਵੇਂ ਅਸਾਧ (ਹਰ ਤਰ੍ਹਾਂ ਦੇ ਮਨੁਖਾਂ) ਦੇ ਧਰਮ ਦੀ ਰਾਖੀ ਕਰਦਾ ਹੈ (ਭਾਵ ਨੰਗੇਜ਼ ਢਕਦਾ ਹੈ)। ੩ ਨਿਰਦੋਖ ਪੁਰਖਾਂ ਦੇ ਸੰਗ ਕਰਕੇ ਦੋਖੀ ਭੀ ਮੁਕਤ ਹੁੰਦੇ ਹਨ। ੪ ਧੂੜ ਹੇਠ ਮਲਿਆ ਜਾਂਦਾ ਹੈ। ੫ ਕਾਗਜ਼। ੬ ਸਾੜਿਆ। ੭ ਅਤਿ ਜ਼ਿਆਦਾ। ੮ ਜ਼ਹਿਰ। ੯ ਪ੍ਰਾਪਤ ਹੁੰਦਾ ਹੈ। ੧੦ ਵੰਗੀ ਤਰ੍ਹਾਂ ਸਾਧਿਆ ਹੋਇਆ। ੧੧ ਸਮੁਚਾ (ਸਾਰਾ)।

Digitized by Panjab Digital Library | www.panjabdigilib.org

# ਵਾਰ ੨੬

ੴ ਸਤਿਗੁਰਪ੍ਰਸਾਦਿ ॥

## ਪਉੜੀ ੧

[ਮੰਗਲਾਚਰਣ]

ਸਤਿਗੁਰ ਸਚਾ ਪਾਤਿਸਾਹ [1]ਪਾਤਿਸਾਹਾ ਪਤਿਸਾਹੁ ਸਿਰੰਦਾ।
ਸਚੈ ਤਖਤਿ ਨਿਵਾਸੁ ਹੈ ਸਾਧ ਸੰਗਤਿ ਸਚਖੰਡਿ ਵਸੰਦਾ।
[2]ਸਚੁ ਫੁਰਮਾਣੁ ਨੀਸਾਣੁ ਸਚੁ ਸਚਾ ਹੁਕਮੁ ਨ ਮੂਲਿ ਫਿਰੰਦਾ।
ਸਚੁ ਸਬਦੁ ਟਕਸਾਲ ਸਚੁ [3]ਗੁਰ ਤੇ ਗੁਰ ਹੁਇ ਸਬਦ ਮਿਲੰਦਾ।
ਸਚੀ ਭਗਤਿ ਭੰਡਾਰ ਸਚੁ ਰਾਗ ਰਤਨ ਕੀਰਤਨੁ ਭਾਵੰਦਾ।
ਗੁਰਮੁਖਿ ਸਚਾ ਪੰਥੁ ਹੈ ਸਚੁ ਦੋਹੀ[4] ਸਚੁ ਰਾਜੁ ਕਰੰਦਾ।
[5]ਵੀਹਿ ਇਕੀਹ ਚੜਾਉ ਚੜੰਦਾ ॥ ੧ ॥

## ਪਉੜੀ ੨

[ਮੰਗਲਾਚਰਣ]

ਗੁਰ ਪਰਮੇਸਰੁ ਜਾਣੀਐ ਸਚੇ ਸਚਾ ਨਾਉ ਧਰਾਇਆ।
ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।
[6]ਏਕੰਕਾਰਹੁ ਸਬਦ ਧੁਨਿ ਓਅੰਕਾਰਿ ਅਕਾਰੁ ਬਣਾਇਆ।
ਇਕਦੂ ਹੋਏ ਤਿਨਿ ਦੇਵਤਿਹੁ ਮਿਲਿ ਦਸ ਅਵਤਾਰ ਗਣਾਇਆ।
ਆਦਿ ਪੁਰਖੁ ਆਦੇਸੁ ਹੈ ਓਹੁ ਵੇਖੈ ਓਨਾ ਨਦਰਿ ਨ ਆਇਆ।
ਸੇਖ ਨਾਗੁ ਸਿਮਰਣੁ ਕਰੈ [7]ਨਾਵਾ ਅੰਤੁ ਬਿਅੰਤੁ ਨ ਪਾਇਆ।
ਗੁਰਮੁਖਿ ਸਚਾ ਨਾਉ ਮਨਿ ਭਾਇਆ ॥ ੨ ॥

---

੧ ਪਾਤਸ਼ਾਹਾਂ ਦੇ ਪਾਤਸ਼ਾਹਾਂ ਨੂੰ ਬਣਾਉਣ ਵਾਲਾ ਹੈ। ੨ ਉਸ ਦੀ ਆਗਿਆ ਤੇ ਉਸ ਦਾ ਝੰਡਾ ਭੀ ਸੱਚ ਦਾ ਹੈ ੩ (ਜੋ ਚੇਲਾ) ਸ਼ਬਦ ਨੂੰ ਮਿਲਦਾ ਹੈ, ਉਹ ਗੁਰੂ ਪਾਸੋਂ ਗੁਰੂ ਹੋ ਜਾਂਦਾ ਹੈ। ੪ ਦੁਹਾਈ (ਨਾਅਰਾ)। ੫ ਵੀਹ (ਸੰਸਾਰ) ਤੋਂ ਲੰਘ ਕੇ ਇਕੀਹ (ਵਾਹਿਗੁਰੂ) ਦੇ ਚੜ੍ਹਾਉ ਵਲ ਨੂੰ ਚੜ੍ਹਦਾ ਹੈ। ੬ ਏਕੰਕਾਰ ਦੇ ਸ਼ਬਦ ਦੀ ਆਵਾਜ਼ ਤੋਂ ਓਅੰਕਾਰ ਦਾ ਸਰੂਪ ਰਚਿਆ। ੭ ਬੇਅੰਤ ਦੇ ਨਾਵਾਂ ਦਾ ਅੰਤ (ਕਿਸੇ) ਨਹੀਂ ਪਾਇਆ।

Digitized by Panjab Digital Library | www.panjabdigilib.org

## ਪਉੜੀ ੩

[ਵਾਹਿਗੁਰੂ ਦੀ ਉਸਤਤਿ]

[1]ਅੰਬਰੁਧਰਤਿ ਵਿਛੋੜਿਅਨੁ ਕੁਦਰਤਿ ਕਰਿਕਰਤਾਰ ਕਹਾਇਆ।
ਧਰਤੀ ਅੰਦਰਿ ਪਾਣੀਐ [2]ਵਿਣੁ ਥੰਮਾ ਆਗਾਸੁ ਰਹਾਇਆ।
ਇੰਨਣ ਅੰਦਰਿ ਅਗਿਧਰਿ ਅਹਿਨਿਸਿ ਸੂਰਜੁਚੰਦੁ ਉਪਾਇਆ।
ਛਿਅਰੁਤਿ ਬਾਰਹਮਾਹ ਕਰਿ [4]ਖਾਣੀ ਬਾਣੀ ਚਲਤੁ ਰਚਾਇਆ।
ਮਾਣਸ ਜਨਮੁ ਦੁਲੰਭੁ ਹੈ ਸਫਲੁ ਜਨਮੁ ਗੁਰੁ ਪੂਰਾ ਪਾਇਆ।
ਸਾਧ ਸੰਗਤਿ ਮਿਲਿ ਸਹਜਿ ਸਮਾਇਆ ॥ ੩ ॥

## ਪਉੜੀ ੪

[ਸਤਿਗੁਰ ਦਾ ਉਪਕਾਰ]

ਸਤਿਗੁਰ ਸਚੁ ਦਾਤਾਰੁ ਹੈ ਮਾਣਸ ਜਨਮੁ ਅਮੋਲੁ ਦਿਵਾਇਆ।
ਮੂਹੁ ਅਖੀ ਨਕੁ ਕੰਨੁ ਕਰਿ ਹਥ ਪੈਰ ਦੇ [5]ਚਲੈ ਚਲਾਇਆ।
ਭਾਉਭਗਤਿ ਉਪਦੇਸੁ ਕਰਿ ਨਾਮੁ ਦਾਨੁ ਇਸਨਾਨੁ ਦਿੜਾਇਆ[6]।
ਅੰਮ੍ਰਿਤ ਵੇਲੈ ਨਾਵਣਾ ਗੁਰਮੁਖਿ ਜਪੁ ਗੁਰਮੰਤੁ ਜਪਾਇਆ।
ਰਾਤਿ ਆਰਤੀ[7] ਸੋਹਿਲਾ ਮਾਇਆ ਵਿਚਿ ਉਦਾਸੁ ਰਹਾਇਆ।
ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇਇ ਨ ਆਪੁ ਗਣਾਇਆ।
ਚਾਰਿ ਪਦਾਰਥ ਪਿਛੈ ਲਾਇਆ ॥ ੪ ॥

---

੧ ਆਕਾਸ਼ ਵਿਚ ਧਰਤੀ ਨੂੰ (ਵਿਛੋੜਿਅਨ) ਛੱਡ ਦਿਤਾ। ੨ ਬਿਨਾਂ ਆਧਾਰ ਤੋਂ ਹੀ ਆਕਾਸ਼ ਨੂੰ ਟਿਕਾ ਦਿੱਤਾ। ੩ ਰਾਤ ਦਿਨ ਦੇ ਪ੍ਰਕਾਸ਼ ਲਈ ਚੰਨ ਤੇ ਸੂਰਜ ਪੈਦਾ ਕੀਤੇ। ੪ ਚਾਰ ਖਾਣੀਆਂ (ਅੰਡਜ, ਜੇਰਜ, ਸ੍ਵੇਤਜ ਤੇ ਉਤਭੁਜ) ਤੇ ਚਾਰ ਬਾਣੀਆਂ (ਪਰਾ, ਪਸੰਤੀ, ਮੱਧਮਾ, ਬੈਖਰੀ) ਦੇ ਕੌਤਕ ਦੀ ਰਚਨਾ ਕੀਤੀ। ੫ (ਉਕਤ ਅੰਗਾਂ ਦਾ) ਚਲਾਇਆ (ਮਨੁਖ) ਚਲ ਰਿਹਾ ਹੈ। ੬ ਵਿਸ਼ਵਾਸ ਕਰਾਇਆ। ੭ ਆਰਤੀ।

Digitized by Panjab Digital Library | www.panjabdigilib.org

## ਪਉੜੀ ੫
[ਗੁਰ ਉਸਤਤਿ]

ਸਤਿਗੁਰੁ ਵਡਾ ਆਖੀਐ ਵਡੇ ਦੀ ਵਡੀ ਵਡਿਆਈ।
[1]ਓਅੰਕਾਰਿ ਅਕਾਰੁ ਕਰਿ ਲਖ ਦਰੀਆਉ ਨ ਕੀਮਤਿ ਪਾਈ।
[2]ਇਕ ਵਰਭੰਡੁ ਅਖੰਡੁ ਹੈ ਜੀਅਜੰਤ ਕਰਿ ਰਿਜਕੁ ਦਿਵਾਈ।
ਲੂਅ ਲੂਅ ਵਿਚਿ ਰਖਿਓਨੁ ਕਰਿ ਵਰਭੰਡ ਕਰੋੜਿ ਸਮਾਈ।
ਕੇਵਡੁ ਵਡਾ ਆਖੀਐ ਕਵਣ ਥਾਉ ਕਿਸੁ ਪੁਛਾ ਜਾਈ।
ਅਪੜਿ ਕੋਇ ਨ ਹੰਘਈ[3] ਸੁਣਿ ਸੁਣਿ ਆਖਣ[4] ਆਖਿ ਸੁਣਾਈ।
[5]ਸਤਿਗੁਰੁ ਮੂਰਤਿ ਪਰਗਟੀ ਆਈ ॥ ੫ ॥

## ਪਉੜੀ ੬
[ਗੁਰ ਉਸਤਤਿ]

ਧਿਆਨੁ ਮੂਲੁ ਗੁਰ ਦਰਸਨੋ ਪੂਰਨ ਬ੍ਰਹਮੁ [6]ਜਾਣਿ ਜਾਣੋਈ।
ਪੂਜ ਮੂਲ ਸਤਿਗੁਰੁ ਚਰਣ ਕਰਿ ਗੁਰਦੇਵ ਸੇਵ ਸੁਖ ਹੋਈ।
ਮੰਤ੍ਰ ਮੂਲੁ ਸਤਿਗੁਰੁ ਬਚਨ ਇਕ ਮਨਿ ਹੋਇ ਅਰਾਧੈ ਕੋਈ।
ਮੋਖ ਮੂਲੁ ਕਿਰਪਾਲੁ ਗੁਰੁ [7]ਜੀਵਨੁ ਮੁਕਤਿ ਸਾਧ ਸੰਗਿ ਸੋਈ।
ਆਪੁ ਗਣਾਇ ਨ ਪਾਈਐ ਆਪੁ ਗਵਾਇ ਮਿਲੈ ਵਿਰਲੋਈ।
[8]ਆਪੁ ਗਵਾਏ ਆਪ ਹੈ ਸਭ ਕੋ ਆਪਿ ਆਪੇ ਸਭੁ ਕੋਈ।
ਗੁਰੁ ਚੇਲਾ ਚੇਲਾ ਗੁਰੁ ਹੋਈ ॥ ੬ ॥

---

੧ ਓਅੰਕਾਰ ਨੇ ਸੰਸਾਰ ਦੀ (ਰਚਨਾ) ਕਰ ਕੇ ਲੱਖਾਂ ਦਰਿਆ ਬਣਾਏ, ਜਿਨ੍ਹਾਂ ਦੀ (ਕਿਸੇ ਨੇ) ਕੀਮਤ ਨਹੀਂ ਪਾਈ। ੨ ਬ੍ਰਹਮੰਡ ਵਿਚ ਇਕੋ ਹੀ ਅਖੰਡ ਰੂਪ ਹੈ। ੩ ਸਕਦਾ। ੪ ਅਖਾਣ, ਕਥਾਵਾਂ। ੫ ਸਤਿਗੁਰੂ ਦੀ ਮੂਰਤੀ ਵਿਚੋਂ ਪ੍ਰਤੱਖ ਹੋ ਜਾਂਦਾ ਹੈ। ੬ ਜਾਣੀ ਜਾਣ ਹੈ। ੭ ਉਹੀ ਸਾਧ ਸੰਗਤ ਵਿਚ ਜੀਵਨ ਮੁਕਤ ਹੈ। ੮. ਜੋ ਆਪਾ ਭਾਵ (ਮਨੁਖਾਂ) ਦੇ ਅਹੰਕਾਰ ਨੂੰ ਗਵਾ ਦੇਵੇ, ਉਹੀ ਆਪ ਵਾਹਿਗੁਰੂ ਸੁਰੂਪ ਹੈ, ਉਹ ਸਭ ਨੂੰ ਆਪਣਾ ਆਪ (ਸਮਝਦਾ) ਹੈ ਤੇ ਸਭ ਉਸ ਨੂੰ ਆਪਣਾ ਆਪ ਜਾਣਦੇ ਹਨ।

Digitized by Panjab Digital Library | www.panjabdigilib.org

## ਪਉੜੀ ੭

[ਚਾਰ ਜੁਗਾਂ ਦੇ ਧਰਮ]

ਸਤਿਜੁਗਿ ਪਾਪ ਕਮਾਣਿਆ ਇਕਸ ਪਿਛੈ ਸਭ ਦੇਸੁ ਦੁਖਾਲਾ।
ਤ੍ਰੇਤੈ ਨਗਰੀ ਪੀੜੀਐ ਦੁਆਪੁਰਿ ਪਾਪੁ ਵੰਸੁ ਕੋ ਦਾਲਾ[1]।
ਕਲਿਜੁਗਿ ਬੀਜੈ ਸੋ ਲੁਣੈ ਵਰਤੈ ਧਰਮ ਨਿਆਉ ਸੁਖਾਲਾ।
[2]ਫਲੈ ਕਮਾਣਾ ਤਿਹੁ ਜੁਗੀ ਕਲਿਜੁਗਿ ਸਫਲੁ ਧਰਮੁ ਤਤਕਾਲਾ।
[3]ਪਾਪ ਕਮਾਣੈ ਲੇਪੁ ਹੈ ਚਿਤਵੈ ਧਰਮ ਸੁਫਲੁ ਫਲਵਾਲਾ।
[4]ਭਾਇ ਭਗਤਿ ਗੁਰਪੁਰਬ ਕਰਿ ਬੀਜਨਿ ਬੀਜੁ ਸਚੀ ਧਰਮਸਾਲਾ।
ਸਫਲ ਮਨੋਰਥ ਪੂਰਣ ਘਾਲਾ ॥ ੭ ॥

## ਪਉੜੀ ੮

[ਕਲਿਜੁਗ ਦਾ ਧਰਮ]

ਸਤਿਜੁਗਿ ਸਤਿ ਤ੍ਰੇਤੈ ਜਗਾ ਦੁਆਪੁਰਿ ਪੂਜਾ ਬਹਲੀ ਘਾਲਾ।
ਕਲਿਜੁਗਿ ਗੁਰਮੁਖਿ ਨਾਉ ਲੈ ਪਾਰਿ ਪਵੈ ਭਵਜਲ[5] ਭਰਨਾਲਾ।
ਚਾਰਿ ਚਰਣ ਸਤਿਜੁਗੈ ਵਿਚਿ ਤ੍ਰੇਤੈ ਚਉਥੈ ਚਰਣ [6]ਉਕਾਲਾ।
ਦੁਆਪੁਰਿ ਹੋਏ ਪੈਰ ਦੁਇ ਇਕਤੈ ਪੈਰ ਧਰੰਮੁ ਦੁਖਾਲਾ।
ਮਾਣੁ ਨਿਮਾਣੈ ਜਾਣਿਕੈ ਬਿਨਉ ਕਰੈ ਕਰਿ ਨਦਰਿ ਨਿਹਾਲਾ।
[7]ਗੁਰੁ ਪੂਰੈ ਪਰਗਾਸੁ ਕਰਿ ਧੀਰਜੁ ਧਰਮ ਸਚੀ ਧਰਮਸਾਲਾ।
ਆਪੇ ਖੇਤੁ ਆਪੇ ਰਖਵਾਲਾ ॥ ੮ ॥

---

੧ ਦਲਿਆ ਜਾਂਦਾ ਸੀ। ੨ ਤਿੰਨਾਂ ਜੁਗਾਂ ਵਿਚ ਕਮਾਈ ਦਾ ਫ਼ਲ (ਜੁਗਾਂ ਬਾਅਦ ਮਿਲਦਾ ਸੀ)। ੩ (ਕਲਿਜੁਗ ਵਿਚ) ਪਾਪ ਕਮਾਉਣ ਦਾ ਹੀ ਲੇਪ (ਦੋਸ਼) ਹੈ, ਪਰ ਧਰਮ ਤਾਂ ਚਿਤਵਣ ਨਾਲ ਹੀ ਸ੍ਰੇਸ਼ਟ ਫਲ ਦੇਣ ਵਾਲਾ ਹੈ। ੪ ਗੁਰਸਿਖ ਪ੍ਰੇਮਾ ਭਗਤੀ ਕਰ ਕੇ ਮਨੁਖ ਜਨਮ ਰੂਪ (ਸੱਚੀ ਧਰਮਸਾਲ) ਵਿਚ ਗੁਰਪੁਰਬ ਦਾ ਬੀਜ ਬੀਜਦੇ ਹਨ। ੫ ਸਮੁੰਦਰ। ੬ ਉਖਾੜਿਆ ਗਿਆ। ੭ ਪੂਰੇ ਗੁਰੂ ਨੇ ਧਰਮ ਤੇ ਧੀਰਜ ਦੇ ਪ੍ਰਕਾਸ਼ ਲਈ ਸੱਚੀ ਧਰਮਸਾਲ (ਸਤਿਸੰਗਤ) ਕਾਇਮ ਕੀਤੀ।

Digitized by Panjab Digital Library | www.panjabdigilib.org

## ਪਉੜੀ ੯

[ਜਿੱਤਕੇ ਹਾਰਨਾ]

ਜਿਨਾ ਭਾਉ ਤਿਨ ਨਾਹਿ ਭਉ ਮੁਚੁ ਭਉ ਅਗੈ ਨਿਭਵਿਆਹਾ।
ਅਗਿ ਤਤੀ ਜਲ ਸੀਅਲਾ[੧] ਨਿਵ ਚਲੈ ਸਿਰੁ ਕਰੈ ਉਤਾਹਾ।
ਭਰਿ ਡੁਬੈ ਖਾਲੀ ਤਰੈ ਵਜਿ ਨ ਵਜੈ ਘੜੈ ਜਿਵਾਹਾ[੨]।
[੩]ਅੰਬੁ ਸੁਫਲ ਫਲਿ ਝੁਕਿ ਲਹੈ ਦੁਖ ਫਲੁ ਅਰੰਡੁ ਨ ਨਿਵੈ ਤਲਾਹਾ।
ਮਨੁ ਪੰਖੇਰੂ ਧਾਵਦਾ [੪]ਸੰਗਿ ਸੁਭਾਇ ਜਾਇ ਫਲ ਖਾਹਾ।
ਧਰਿ ਤਾਰਾਜੂ ਤੋਲੀਐ ਹਉਲਾ ਭਾਰਾ ਤੋਲੁ ਤੁਲਾਹਾ[੫]।
ਜਿਣਿ ਹਾਰੈ ਹਾਰੈ ਜਿਣੈ ਪੈਰਾ ਉਤੇ ਸੀਸੁ ਧਰਾਹਾ।
[੬]ਪੈਰੀ ਪੈ ਜਗ ਪੈਰੀ ਪਾਹਾ॥ ੯ ॥

## ਪਉੜੀ ੧੦

[ਜੇਹਾ ਭਾਉ ਤੇਹਾ ਫਲ]

ਸਚੁ ਹੁਕਮੁ ਸਚੁ ਲੇਖੁ ਹੈ [੭]ਸਚੁ ਕਾਰਣੁ ਕਰਿ ਖੇਲੁ ਰਚਾਇਆ।
[੮]ਕਾਰਣੁ ਕਰਤੇ ਵਸਿ ਹੈ ਵਿਰਲੈ ਦਾ ਓਹੁ ਕਰੈ ਕਰਾਇਆ।
ਸੋ ਕਿਹੁ ਹੋਰੁ ਨ ਮੰਗਈ ਖਸਮੈ ਦਾ ਭਾਣਾ ਤਿਸੁ ਭਾਇਆ।
ਖਸਮੈ ਏਵੈ ਭਾਵਦਾ [੯]ਭਗਤਿ ਵਛਲੁ ਹੁਇ ਬਿਰਦੁ ਸਦਾਇਆ।
ਸਾਧ[੧੦] ਸੰਗਤਿ ਗੁਰ ਸਬਦੁ ਲਿਵ ਕਾਰਣੁ ਕਰਤਾ ਕਰਦਾ ਆਇਆ
ਬਾਲ ਸੁਭਾਇ ਅਤੀਤ ਜਗਿ ਵਰ ਸਰਾਪ ਦਾ ਭਰਮੁ ਚੁਕਾਇਆ।
ਜੇਹਾ ਭਾਉ ਤੇਹੋ ਫਲੁ ਪਾਇਆ॥ ੧੦ ॥

---

੧ ਠੰਡਾ। ੨ ਜਿਵੇਂ। ੩ ਅੰਬ ਝੁਕਣ ਨਾਲ ਹੀ ਸੁਫਲ (ਚੰਗੇ) ਫਲ ਪ੍ਰਾਪਤ ਕਰਦਾ ਹੈ। ੪ ਸੰਗਤ ਦੇ ਸੁਭਾਵ ਅਨੁਸਾਰ ਫਲ ਭੋਗਦਾ ਹੈ। ੫ ਤੁਲ ਜਾਂਦਾ ਹੈ। ੬ (ਆਪ) ਪੈਰੀਂ ਪੈ ਕੇ ਜਗਤ ਨੂੰ ਸਿੱਖਾਂ ਨੂੰ ਪੈਰੀਂ ਪੈਣਾ ਸਿਖਾਇਆ ਹੈ। ੭ ਸੱਚ ਦੇ ਕਾਰਣ ਤੋਂ ਇਹ ਖੇਲ ਰਚਿਆ ਹੈ। ੮ ਭਾਵੇਂ ਸੰਸਾਰ ਦੇ ਸਮੂਹ ਕਾਰਨ ਕਰਤਾ (ਵਾਹਿਗੁਰੂ) ਦੇ ਹੀ ਵਸ ਹਨ, (ਪਰ) ਵਿਰਲੇ ਮਨੁੱਖ ਅਜਿਹੇ ਵੀ ਹਨ, ਜਿਨ੍ਹਾਂ ਦਾ ਉਹ ਕਰਾਇਆ (ਕਾਰਜ) ਕਰਦਾ ਹੈ। ੯ ਖਸਮ (ਪਰਮਾਤਮਾ) ਨੂੰ ਇਹੀ ਚੰਗਾ ਲਗਦਾ ਹੈ ਕਿ ਉਹ ਭਗਤਾਂ ਦਾ ਪਿਆਰਾ ਹੋਣ ਦਾ ਆਪਣਾ ਬਿਰਦ ਪੂਰਾ ਕਰੇ। ੧੦ ਸਾਧ ਸੰਗਤ ਵਿਚ (ਮਿਲਕੇ) ਗੁਰੂ ਦੀ ਬਾਣੀ ਵਿਖੇ ਲਿਵ ਲਾਉਂਦੇ ਹਨ (ਤੇ ਜਾਣਦੇ ਹਨ ਕਿ) ਸਭੋ ਕਾਰਣ ਕਰਤਾ ਹੀ ਕਰਦਾ ਹੈ।

Digitized by Panjab Digital Library | www.panjabdigilib.org

## ਪਉੜੀ ੧੧

[ਅਉਗੁਣ ਦਾ ਗੁਣ ਕਰਨਾ]

ਅਉਗੁਣ ਕੀਤੇ ਗੁਣ ਕਰੈ ਸਹਜਿ ਸੁਭਾਉ [1]ਤਰੋਵਰ ਹੰਦਾ।
ਵਢਣ ਵਾਲਾ ਛਾਉ ਬਹਿ ਚੰਗੇ ਦਾ ਮੰਦਾ ਚਿਤਵੰਦਾ[2]।
ਫਲ ਦੇ ਵਟ ਵਗਾਇਆ ਵਢਣ ਵਾਲੇ ਤਾਰਿ ਤਰੰਦਾ।
ਬੇਮੁਖ ਫਲ ਨਾ ਪਾਇਦੇ ਸੇਵਕ ਫਲ ਅਣਗਣਤ ਫਲੰਦਾ।
ਗੁਰਮੁਖਿ ਵਿਰਲਾ ਜਾਣੀਐ ਸੇਵਕੁ ਸੇਵਕ ਸੇਵ ਕਰੰਦਾ।
ਜਗੁ ਜੋਹਾਰੇ[3] ਚੰਦ ਨੋ [4]ਸਾਇਰ ਲਹਰਿ ਲਹਰਿ ਅਨੰਦੁ ਵਧੰਦਾ।
ਜੋ ਤੇਰਾ ਜਗੁ ਤਿਸਦਾ ਬੰਦਾ॥ ੧੧ ॥

## ਪਉੜੀ ੧੨

[ਕਮਾਦ ਦਾ ਦ੍ਰਿਸ਼ਟਾਂਤ]

ਜਿਉ ਵਿਸਮਾਦੁ[5] ਕਮਾਦੁ ਹੈ [6]ਸਿਰ ਤਲਵਾਇਆ ਹੋਇ ਉਪੰਨਾ।
[7]ਪਹਿਲੇ ਖਲ ਉਖਲਿਕੈ ਟੋਟੇ ਕਰਿ ਕਰਿ ਭੰਨਨਿ ਭੰਨਾ।
ਕੋਲੂ ਪਾਇ ਪੀੜਾਇਆ [8]ਰਸ ਟਟਰਿ ਕਸ ਇੰਨਣ ਵੰਨਾ।
ਦੁਖ ਸੁਖ ਅੰਦਰਿ ਸਬਰੁ ਕਰਿ ਖਾਇ ਅਵਟਣੁ[9] ਜਗ ਧੰਨ ਧੰਨਾ।
[10]ਗੁੜੁ ਸਕਰੁ ਖੰਡੁ ਮਿਸਰੀ ਗੁਰਮੁਖ ਸੁਖਫਲੁ ਸਭ ਰਸ ਬੰਨਾ।
[11]ਪਿਰਮ ਪਿਆਲਾ ਪੀਵਣਾ ਮਰਿ ਮਰਿ ਜੀਵਣੁ ਥੀਵਣੁ[12] ਗੰਨਾ।
[13]ਗੁਰਮੁਖਿ ਬੋਲ ਅਮੋਲ ਰਤੰਨਾ॥ ੧੨ ॥

---

੧ ਰੁੱਖ ਦਾ। ੨ ਚਿਤਵਦਾ ਹੈ। ੩ ਨਮਸਕਾਰਦਾ ਹੈ। ੪ ਚੰਨ ਨੂੰ (ਵੇਖਕੇ) ਸਮੁੰਦਰ ਭੀ ਲਹਿਰਾਂ (ਉਛਾਲ ਕੇ) ਆਨੰਦ ਵਧਾਉਂਦਾ ਹੈ। ੫ ਅਚਰਜ ਰੂਪ। ੬ ਮੂੰਧੇ ਸਿਰ। ੭ ਪਹਿਲਾਂ ਛੋਈ ਲਾਹ ਕੇ। ੮ ਰਸ ਕੜਾਹ ਵਿਚ ਤੇ ਕਸ (ਪੱਛੀਆਂ) ਬਾਲਣ ਵਾਂਗ ਬਾਲੀਦੀਆਂ ਹਨ। ੯ ਉਬਾਲੇ। ੧੦ ਗੁੜ, ਸ਼ੱਕਰ ਖੰਡ ਤੇ ਮਿਸਰੀ ਵਾਂਗ ਗੁਰਮੁਖ ਹਨ, ਸੁਖ ਫਲ ਅਤੇ ਹੋਰ ਸਭ ਰਸਾਂ ਨੂੰ ਬਣਾਉਂਦੇ ਹਨ। ੧੧ ਪ੍ਰੇਮ ਪਿਆਲਾ। ੧੨ ਹੁੰਦੇ ਹਨ। ੧੩ ਗੁਰਮੁਖਾਂ ਦੇ ਬੋਲ ਅਮੋਲਕ ਰਤਨ ਰੂਪ ਹਨ।

Digitized by Panjab Digital Library | www.panjabdigilib.org

## ਪਉੜੀ ੧੩

[ਗੁਰ ਦਰੀਆਉ]

ਗੁਰੁ ਦਰੀਆਉ ਅਮਾਉ[੧] ਹੈ ਲਖ ਦਰੀਆਉ [੨]ਸਮਾਉ ਕਰੰਦਾ।
[੩]ਇਕਸ ਇਕਸ ਦਰੀਆਉ ਵਿਚਿ ਲਖ ਤੀਰਥ ਦਰੀਆਉ ਵਹੰਦਾ
[੪]ਇਕਤੁ ਇਕਤੁ ਵਾਹੜੈ ਕੁਦਰਤਿ ਲਖ ਤਰੰਗ ਉਠੰਦਾ।
[੫]ਸਾਇਰ ਸਣੁ ਰਤਨਾਵਲੀ ਚਾਰਿ ਪਦਾਰਥੁ ਮੀਨ ਤਰੰਦਾ।
[੬]ਇਕਤੁ ਲਹਰਿ ਨ ਪੁਜਨੀ [੭]ਕੁਦਰਤਿ ਅੰਤੁ ਨ ਅੰਤ ਲਹੰਦਾ।
ਪਿਰਮ ਪਿਆਲੇ ਇਕ ਬੂੰਦ ਗੁਰਮੁਖ ਵਿਰਲਾ ਅਜਰੁ ਜਰੰਦਾ।
ਅਲਖ ਲਖਾਇ ਨ ਅਲਖੁ ਲਖੰਦਾ ॥ ੧੩ ॥

## ਪਉੜੀ ੧੪

[ਈਸ਼੍ਵਰ ਬੇਅੰਤ ਹੈ ]

ਬ੍ਰਹਮੇ ਥਕੇ ਬੇਦ ਪੜਿ ਇੰਦ੍ਰ ਇੰਦਾਸਣ ਰਾਜੁ ਕਰੰਦੇ।
ਮਹਾਂਦੇਵ ਅਵਧੂਤ[੮] ਹੋਇ ਦਸ ਅਵਤਾਰੀ ਬਿਸਨੁ ਭਵੰਦੇ।
[੯]ਸਿਧ ਨਾਥ ਜੋਗੀਸਰਾ ਦੇਵੀ ਦੇਵ ਨ ਭੇਵ ਲਹੰਦੇ।
ਤਪੇ ਤਪੀਸੁਰ ਤੀਰਥਾ ਜਤੀ ਸਤੀ ਦੇਹ ਦੁਖ ਸਹੰਦੇ।
ਸੇਖਨਾਗ ਸਭ ਰਾਗ ਮਿਲਿ ਸਿਮਰਣੁ ਕਰਿ ਨਿਤਿ ਗੁਣ ਗਾਵੰਦੇ।
ਵਡਭਾਗੀ ਗੁਰ ਸਿਖ ਜਗਿ ਸਬਦੁ ਸੁਰਤਿ ਸਤਸੰਗਿ ਮਿਲੰਦੇ।
ਗੁਰਮੁਖਿ ਸੁਖ ਫਲੁ ਅਲਖੁ ਲਖੰਦੇ ॥ ੧੪ ॥

---

੧ ਮਿਣਤੀ ਰਹਿਤ। ੨ ਸਮਾਈ। ੩ ਇੱਕ ਇੱਕ (ਗੁਰੂ ਰੂਪ) ਦਰਿਆ ਵਿਚ ਲੱਖਾਂ ਤੀਰਥਾਂ ਦੇ (ਮਹਾਤਮ) ਦਰਿਆਵਾਂ ਵਾਂਗ ਵਹਿੰਦੇ ਹਨ। ੪ ਗੁਰੂ ਦੇ ਇੱਕ ਇੱਕ (ਵਿਚਾਰ ਰੂਪ) ਪ੍ਰਵਾਹ ਅੰਦਰ ਕੁਦਰਤ ਦੀਆਂ ਲੱਖਾਂ ਲਹਿਰਾਂ ਉਠ ਰਹੀਆਂ ਹਨ। ੫ ਰਤਨਾਂ ਦੀਆਂ ਪੰਗਤੀਆਂ ਸਣੇ (ਕਈ) ਸਮੁੰਦਰ ਅਤੇ ਚਾਰੇ ਪਦਾਰਥ ਉਸ ਵਿਚ ਮੱਛੀਆਂ ਵਾਂਗ ਤਰ ਰਹੇ ਹਨ। ੬ ਇਕ ਵਚਨ ਰੂਪ ਲਹਿਰ। ੭ ਕੁਦਰਤ ਦੇ ਅੰਤ ਦਾ ਕੋਈ ਅੰਤ ਨਹੀਂ ਲੈ ਸਕਦਾ। ੮ ਜੋਗੀ। ੯ ਚੌਰਾਸੀ ਸਿੱਧ ਤੇ ਨੌ ਨਾਥ।

Digitized by Panjab Digital Library | www.panjabdigilib.org

## ਪਉੜੀ ੧੫

[ਨਿੰਮ੍ਰਤਾ ਦਾ ਗੁਣ]

ਸਿਰ ਤਲਵਾਇਆ[੧] ਬਿਰਖੁ ਹੈ ਹੋਇ ਸਹਸ ਫਲ ਸੁਫਲ ਫਲੰਦਾ।
ਨਿਰਮਲੁ ਨੀਰੁ ਵਖਾਣੀਐ ਸਿਰੁ ਨੀਵਾਂ ਨੀਵਾਣਿ ਚਲੰਦਾ।
ਸਿਰੁ ਉਚਾ ਨੀਵੇ ਚਰਣ ਗੁਰਮੁਖਿ ਪੈਰੀ ਸੀਸੁ ਪਵੰਦਾ।
ਸਭਦੂ ਨੀਵੀ ਧਰਤਿ ਹੋਇ [੨]ਅਨੁ ਧਨੁ ਸਭੁ ਸੈ ਸਾਰੁ ਸਹੰਦਾ।
ਧੰਨੁ ਧਰਤੀ ਓਹੁ ਥਾਉ ਧੰਨੁ ਗੁਰੁ ਸਿਖ ਸਾਧੂ ਪੈਰੁ ਧਰੰਦਾ।
ਚਰਣ ਧੂੜਿ ਪਰਧਾਨ ਕਰਿ ਸੰਤ ਵੇਦ ਜਸੁ ਗਾਵਿ ਸੁਣੰਦਾ।
ਵਡਭਾਗੀ ਪਾਖਾਕ[੩] ਲਹੰਦਾ ॥ ੧੫ ॥

## ਪਉੜੀ ੧੬

[ਗੁਰੂ ਨਾਨਕ ਪੂਰਣ ਗੁਰੂ ਹੈ]

ਪੂਰਾ ਸਤਿਗੁਰੁ ਜਾਣੀਐ ਪੂਰੇ ਪੂਰਾ ਠਾਟੁ[੪] ਬਣਾਇਆ।
ਪੂਰੇ ਪੂਰਾ ਤੋਲੁ[੫] ਹੈ ਘਟੈ ਨ ਵਧੈ ਘਟਾਇ ਵਧਾਇਆ।
ਪੂਰੇ ਪੂਰੀ ਮਤਿ ਹੈ ਹੋਰਸੁ ਪੁਛਿ ਨ ਮਤਾ ਪਕਾਇਆ।
ਪੂਰੇ ਪੂਰਾ ਮੰਤੁ ਹੈ ਪੂਰਾ ਬਚਨੁ ਨ ਟਲੈ ਟਲਾਇਆ।
ਸਭੇ ਇਛਾ ਪੂਰੀਆ ਸਾਧ ਸੰਗਤਿ ਮਿਲਿ ਪੂਰਾ ਪਾਇਆ।
[੬]ਵੀਹ ਇਕੀਹ ਉਲੰਘਕੇ ਪਤਿ ਪਉੜੀ ਚੜਿ ਨਿਜ ਘਰਿ ਆਇਆ
ਪੂਰੇ ਪੂਰਾ ਹੋਇ ਸਮਾਇਆ ॥ ੧੬ ॥

---

੧ ਹੇਠਾਂ ਨੂੰ ਸਿਰ । ੨ ਅੰਨ ਧਨ ਨਾਲ ਸਭ ਦੀ ਸਾਰ ਰਖਦੀ ਹੈ । ੩ ਚਰਨ ਧੂੜੀ। ੪ ਬਨਾਉ। ੫ ਇਨਸਾਫ। ੬ ਵੀਹ-ਇਕੀਹ ਦੀਆਂ ਸੰਸਾਰਕ ਗਿਣਤੀਆਂ ਲੰਘ ਕੇ ਸਤਿਕਾਰ ਯੋਗ ਭਗਤੀ ਦੀ ਪਉੜੀ ਚੜ੍ਹਕੇ ਸੁਸਰੂਪ ਵਿਖੇ ਪੁੱਜ ਗਿਆ।

Digitized by Panjab Digital Library | www.panjabdigilib.org

## ਪਉੜੀ ੧੭

[ਸਤਿਗੁਰ ਜਾਗਤਾ ਹੈ ਦੇਵ]

ਸਿਧ ਸਾਧਿਕ ਮਿਲਿ ਜਾਗਦੇ ਕਰਿ ਸਿਵਰਾਤੀ ਜਾਤੀ[1] ਮੇਲਾ।
ਮਹਾਦੇਉ ਅਉਧੂਤੁ[2] ਹੈ [3]ਕਵਲਾਸਣਿ ਆਸਣਿ ਰਸਕੇਲਾ।
ਗੋਰਖੁ ਜੋਗੀ ਜਾਗਦਾ ਗੁਰਿ ਮਾਛਿੰਦ੍ਰ ਧਰੀ ਸੁ ਧਿਹੇਲਾ[4]।
ਸਤਿਗੁਰੁ ਜਾਗਿ ਜਗਾਇਦਾ ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ।
ਨਿਜ ਘਰਿ ਤਾੜੀ ਲਾਈਅਨੁ ਅਨਹਦ ਸਬਦ ਪਿਰਮ ਰਸਖੇਲਾ।
ਆਦਿ ਪੁਰਖ ਆਦੇਸ ਹੈ ਅਲਖ ਨਿਰੰਜਨ [5]ਨੇਹੁ ਨਵੇਲਾ।
ਚੇਲੇ ਤੇ ਗੁਰੁ ਗੁਰੁ ਤੇ ਚੇਲਾ ॥ ੧੭ ॥

## ਪਉੜੀ ੧੮

[ਸੱਚ ਸੱਚਾ ਹੈ, ਕੂੜ ਕੂੜਾ ਹੈ]

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਸੈਸਾਰੀ ਭੰਡਾਰੀ ਰਾਜੇ।
ਚਾਰਿ ਵਰਨ ਘਰਬਾਰੀਆ ਜਾਤਿ ਪਾਤਿ ਮਾਇਆ ਮੁਹਤਾਜੇ।
[6]ਛਿਅ ਦਰਸਨ ਛਿਅ ਸਾਸਤ੍ਰਾ ਪਾਖੰਡ ਕਰਮ ਕਰਨਿ ਦੇਵਾਜੇ।
ਸੰਨਿਆਸੀ ਦਸ ਨਾਮ ਧਰਿ ਜੋਗੀ ਬਾਰਹ ਪੰਥ ਨਿਵਾਜੇ।
ਦਹਦਿਸਿ ਬਾਰਹ ਵਾਟ ਹੋਇ ਪਰ ਘਰਿ ਮੰਗਨਿ ਖਾਜ ਅਖਾਜੇ।
ਚਾਰਿ ਵਰਨ ਗੁਰੁਸਿਖ ਮਿਲਿ ਸਾਧਸੰਗਤਿ ਵਿਚਿ [7]ਅਨਹਦ ਵਾਜੇ।
[8]ਗੁਰਮੁਖਿ ਵਰਨ ਅਵਰਨ ਹੋਇ ਦਰਸਨੁ ਨਾਉਂ ਪੰਥ ਸੁਖ ਸਾਜੇ।
[9]ਸਚੁ ਸਚਾ ਕੂੜਿ ਕੂੜੇ ਪਾਜੇ ॥ ੧੮ ॥

---

੧ ਯਾਤ੍ਰੀ। ੨ ਤਿਆਗੀ। ੩ ਬ੍ਰਹਮਾ (ਕਮਲ ਦੇ) ਆਸਣ ਦੇ ਰਸ ਵਿਚ ਆਨੰਦ ਹੈ। ੪ ਧਹਿਲ ਇਸਤਰੀ। ੫ ਪ੍ਰੇਮ ਦਾ ਕੋਈ ਸਮਾਂ ਨਹੀਂ। ੬ ਛੇ ਸ਼ਾਸਤ੍ਰਾਂ ਦੇ ਛੇ ਸਿੱਧਾਂਤਾਂ ਅਨੁਸਾਰ ਪਾਖੰਡ ਕਰਮਾਂ ਦਾ (ਦਿਵਾਜੇ) ਵਿਖਾਵਾ ਕਰਦੇ ਹਨ। ੭ 'ਅਨਹਦ' (ਅਗੰਮੀ) ਬਾਣੀ ਹੁੰਦੀ ਹੈ। ੮ ਗੁਰਮੁਖ ਵਰਨ ਹੋਵੇ ਭਾਵੇਂ ਅਵਰਨ ਉਸ ਦਾ ਦਰਸ਼ਨ 'ਨਾਮ' ਹੈ, ਉਸ ਨੇ ਇਹੀ ਸੁਖ ਦਾ ਮਾਰਗ ਸਾਜਿਆ ਹੈ। ੯ ਸੱਚ ਹੀ ਸੱਚਾ ਹੈ, ਝੂਠ ਦਾ ਪਾਜ ਕੂੜਾ ਹੈ।

Digitized by Panjab Digital Library | www.panjabdigilib.org

## ਪਉੜੀ ੧੯

[ਸਤਿਗੁਰ ਮਹਿਮਾ]

ਸਤਿਗੁਰ ਗੁਣੀ ਨਿਧਾਨੁ ਹੈ ਗੁਣ[੧] ਕਰਿ ਬਖਸੈ ਅਵਗੁਣਿਆਰੇ।
ਸਤਿਗੁਰੁ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ।
ਸੁਖ ਸਾਗਰੁ ਗੁਰੁਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ।
ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ।
ਗੁਰੁ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੈ ਉਤਾਰੇ।
ਸਤਿਗੁਰੁ ਪੁਰਖੁ ਸੁਜਾਨੁ[੨] ਹੈ ਵਡੇ ਅਜਾਣ ਮੁਗਧ[੩] ਨਿਸਤਾਰੇ।
ਸਤਿਗੁਰੁ ਆਗੂ ਜਾਣੀਐ ਬਾਹ ਪਕੜਿ ਅੰਧਲੇ ਉਧਾਰੇ।
ਮਾਣੁ ਨਿਮਾਣੇ ਸਦ ਬਲਿਹਾਰੇ ॥ ੧੯ ॥

## ਪਉੜੀ ੨੦

[ਸਤਿਗੁਰ]

ਸਤਿਗੁਰੁ ਪਾਰਸਿ ਪਰਸਿਐ ਕੰਚਨੁ ਕਰੈ ਮਨੂਰ[੪] ਮਲੀਣਾ।
ਸਤਿਗੁਰੁ ਬਾਵਨੁ ਚੰਦਨੋ ਵਾਸੁ ਸੁਵਾਸੁ ਕਰੈ ਲਾਖੀਣਾ[੫]।
ਸਤਿਗੁਰ ਪੂਰਾ ਪਾਰਿਜਾਤੁ ਸਿੰਮਲੁ ਸਫਲੁ ਕਰੈ [੬]ਸੰਗਿ ਲੀਣਾ।
ਮਾਨ ਸਰੋਵਰੁ ਸਤਿਗੁਰੂ ਕਾਗਹੁ ਹੰਸੁ ਜਲਹੁ ਦੁਧੁ ਪੀਣਾ।
ਗੁਰ ਤੀਰਥੁ ਦਰੀਆਉ ਹੈ ਪਸੂ ਪਰੇਤ ਕਰੈ ਪਰਬੀਣਾ।
ਸਤਿਗੁਰੁ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ[੭]।
ਗੁਰਮੁਖਿ ਮਨ ਅਪਤੀਜੁ[੮] ਪਤੀਣਾ ॥ ੨੦ ॥

---

੧ ਉਪਕਾਰ। ੨ ਗਿਆਨਵਾਨ। ੩ ਮੂਰਖ। ੪ ਲੋਹੇ ਦੀ ਮੈਲ। ੫ ਅਮੋਲਕ। ੬ ਨਾਲ ਲੀਨ ਹੋ ਕੇ (ਮਿਲਕੇ)। ੭ ਉਦਾਸ। ੮ ਨਾ ਤਸੱਲੀ ਵਾਲਾ।

Digitized by Panjab Digital Library | www.panjabdigilib.org

## ਪਉੜੀ ੨੧

[ਸਤਿਗੁਰ ਨਾਨਕ ਦੇਵ ਜੀ]

ਸਿਧ ਨਾਥ ਅਵਤਾਰ ਸਭ ਗੋਸਟਿ ਕਰਿਕਰਿ [੧]ਕੰਨ ਫੜਾਇਆ।
ਬਾਬਰ ਕੇ ਬਾਬੇ ਮਿਲੇ ਨਿਵ ਨਿਵ ਸਭ ਨਬਾਬ[੨] ਨਿਵਾਇਆ।
[੩]ਪਤਿਸਾਹਾ ਮਿਲਿ ਵਿਛੁੜੇ ਜੋਗ ਭੋਗ ਛਡਿ ਚਲਿਤੁ ਰਚਾਇਆ।
ਦੀਨ ਦੁਨੀਆ ਦਾ ਪਾਤਿਸਾਹੁ ਬੇਮੁਹਤਾਜੁ [੪]ਰਾਜੁਘਰਿ ਆਇਆ।
ਕਾਦਰ ਹੋਇ ਕੁਦਰਤਿ ਕਰੇ [੫]ਏਹ ਭਿ ਕੁਦਰਤਿ ਸਾਂਗੁ ਬਣਾਇਆ।
[੬]ਇਕਨਾ ਜੋੜਿ ਵਿਛੋੜਦਾ ਚਿਰੀ ਵਿਛੁਨੇ ਆਨਿ ਮਿਲਾਇਆ।
ਸਾਧ ਸੰਗਤਿ ਵਿਚਿ ਅਲਖੁ ਲਖਾਇਆ॥ ੨੧ ॥

## ਪਉੜੀ ੨੨ [ਸਤਿਗੁਰ ਨਾਨਕ ਦੇਵ ਜੀ]

ਸਤਿਗੁਰੁ ਪੂਰਾ ਸਾਹੁ ਹੈ ਤ੍ਰਿਭਵਣ ਜਗੁ ਤਿਸਦਾ ਵਣਜਾਰਾ।
[੭]ਰਤਨ ਪਦਾਰਥ ਬੇਸੁਮਾਰ ਭਾਉ ਭਗਤਿ ਲਖ ਭਰੇ ਭੰਡਾਰਾ।
[੮]ਪਾਰਜਾਤ ਲਖ ਬਾਗ ਵਿਚਿ ਕਾਮਧੇਨੁ ਦੇ ਵਗ ਹਜਾਰਾ।
ਲਖਮੀਆਂ ਲਖ ਗੋਲੀਆਂ ਪਾਰਸ ਦੇ ਪਰਬਤੁ ਅਪਾਰਾ।
ਲਖ ਅੰਮ੍ਰਿਤ ਲਖ ਇੰਦ੍ਰ ਲੈ ਹੁਇ ਸਕੇ[੯] ਛਿੜਕਨਿ ਦਰਬਾਰਾ।
[੧੦]ਸੂਰਜ ਚੰਦ ਚਰਾਗ ਲਖ ਰਿਧਿ ਸਿਧਿਨਿਧਿ ਬੋਹਲ ਅੰਬਾਰਾ।
[੧੧]ਸਭੇ ਵੰਡਿਵੰਡਿ ਦਿਤਿਓਨੁ ਭਾਉ ਭਗਤਿ ਕਰਿ ਸਚੁ ਪਿਆਰਾ।
[੧੨]ਭਗਤਿ ਵਛਲੁ ਸਤਿਗੁਰੁ ਨਿਰੰਕਾਰਾ॥ ੨੨ ॥

---

੧ ਕੰਨਾਂ ਨੂੰ ਹੱਥ ਲੁਆ ਦਿੱਤਾ। ੨ ਨਵਾਬਾਂ ਨੂੰ। ੩ ਪਾਤਸ਼ਾਹਾਂ ਦੇ ਮਿਲਣ ਤੋਂ ਵਿਛੜ ਗਏ ਹਨ ਤੇ ਜੋਗ ਦੇ ਭੋਗ ਛੱਡ ਕੇ ਕੌਤਕ ਰਚਿਆ ਹੈ। ੪ ਸੰਸਾਰ। ੫ ਇਹ ਭੀ ਕੁਦਰਤ ਦਾ ਇਕ ਸ੍ਵਾਂਗ ਹੀ ਬਣਾਇਆ ਹੈ। ੬ ਇਕਨਾ ਨੂੰ (ਵਾਹਿਗੁਰੂ ਨਾਲ) ਜੋੜਦਾ ਤੇ ਵਿਸ਼ਿਆਂ ਤੋਂ ਵਿਛੋੜਦਾ ਹੈ। ਕਈ ਚਿਰਾਂ ਦੇ ਵਿਛੜਿਆਂ ਨੂੰ ਮਿਲਾਉਂਦਾ ਹੈ। ੭ ਸਤਿਗੁਰੂ ਜੀ ਪਾਸ ਪ੍ਰੇਮਾ ਭਗਤੀ ਦੇ ਲੱਖਾਂ ਭੰਡਾਰ ਭਰੇ ਪਏ ਹਨ, ਇਹੀ ਅਨਗਿਣਤ ਰਤਨ ਤੇ ਪਦਾਰਥ ਹਨ। ੮ ਉਸ ਦੇ ਬਾਗ ਵਿਚ ਲੱਖਾਂ ਪਾਰਜਾਤ ਰੁਖ ਹਨ। ੯ ਮਾਸ਼ਕੀ। ੧੦ ਸੂਰਜ ਤੇ ਚੰਦ੍ਰਮਾ ਰੂਪ ਲੱਖਾਂ ਦੀਵੇ ਤੇ ਰਿੱਧੀਆਂ ਸਿੱਧੀਆਂ ਤੇ ਨਿਧੀਆਂ ਦੇ ਬੋਹਲ ਤੇ ਢੇਰ ਲਗੇ ਹੋਏ ਹਨ। ੧੧ ਜਿਨ੍ਹਾਂ ਨੂੰ ਸੱਚ ਪਿਆਰਾ ਹੈ ਪ੍ਰੇਮਾਂ ਭਗਤੀ ਕਰਦੇ ਹਨ ਉਨ੍ਹਾਂ ਨੂੰ ਸਭ (ਉਕਤ ਪਦਾਰਥ) ਵੰਡ ਦਿੱਤੇ ਹਨ। ੧੨ ਨਿਰੰਕਾਰੀ ਸਤਿਗੁਰੂ (ਨਾਨਕ ਦੇਵ ਜੀ) ਭਗਤਾਂ ਦੇ ਪਿਆਰੇ ਹਨ।

Digitized by Panjab Digital Library | www.panjabdigilib.org

## ਪਉੜੀ ੨੩

[ਚੌਦਾਂ ਰਤਨ]

ਖੀਰ ਸਮੁੰਦੁ ਵਿਰੋਲਿਕੈ ਕਢਿ ਰਤਨ ਚਉਦਹ ਵੰਡਿ ਲੀਤੇ।
ਮਣਿ ਲਖਮੀ ਪਾਰਜਾਤ ਸੰਖੁ ਸਾਰੰਗ[1] ਧਣਖੁ ਬਿਸਨੁਵਸਿ ਕੀਤੇ।
ਕਾਮਧੇਨੁ ਤੇ ਅਪਛਰਾਂ ਐਰਾਪਤਿ [2]ਇੰਦ੍ਰਾਸਣਿ ਸੀਤੇ।
[3]ਕਾਲਕੂਟਾ ਤੇ ਅਰਧ ਚੰਦੁ ਮਹਾਂਦੇਵ ਮਸਤਕਿ ਧਰਿ ਪੀਤੇ।
ਘੋੜਾ ਮਿਲਿਆ ਸੂਰਜੈ [4]ਮਦੁ ਅੰਮ੍ਰਿਤੁ ਦੇਵ ਦਾਨਵ ਰੀਤੇ।
[5]ਕਰੇ ਧਨੰਤਰੁ ਵੈਦਗੀ ਡਸਿਆ ਤੱਛਕਿ ਮਤਿ ਬਿਪਰੀਤੇ।
ਗੁਰ ਉਪਦੇਸੁ ਅਮੋਲਕਾ ਰਤਨ ਪਦਾਰਥ ਨਿਧਿ ਅਗਣੀਤੇ।
ਸਤਿਗੁਰ ਸਿਖਾ ਸਚੁ ਪਰੀਤੇ ॥ ੨੩ ॥

## ਪਉੜੀ ੨੪

[ਗੁਰੂ ਹਰਿ ਗੋਬਿੰਦ ਸਾਹਿਬ ਜੀ ਬਾਰੇ ਪ੍ਰਸ਼ਨ]

[6]ਧਰਮਸਾਲ ਕਰਿ ਬਹੀਦਾ ਇਕਤ ਥਾਉਂ ਨ ਟਿਕੈ ਟਿਕਾਇਆ।
[7]ਪਾਤਿਸਾਹਘਰਿ ਆਵਦੇ ਗੜਿ ਚੜਿਆ ਪਾਤਿਸਾਹ ਚੜਾਇਆ।
[8]ਉਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ।
[9]ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸਿਕਾਰੁ ਖਿਲਾਇਆ।
ਬਾਣੀਕਰਿ ਸੁਣਿ ਗਾਵਦਾ ਕਥੈ ਨ ਸੁਣੈ ਨ ਗਾਵਿ ਸੁਣਾਇਆ।

---

੧ (ਇਹ ਚੀਜ਼ਾਂ) ਵਿਸ਼ਨੂੰ ਨੇ ਵਸ ਵਿਚ ਕਰ ਲਈਆਂ। ੨ (ਇਹ ਤਿੰਨ) ਇੰਦ੍ਰਾਸਣ ਨਾਲ ਸੀਤੇ ਗਏ। ੩ ਜ਼ਹਿਰ। ੪ ਸ਼ਰਾਬ ਤੇ ਅੰਮ੍ਰਿਤ ਰਾਖਸ਼ਾਂ ਤੇ ਦੇਵਤਿਆਂ ਨੇ ਵੰਡ ਲਈ। ੫ ਧਨੰਤਰ ਵੈਦ ਭੀ (ਸਮੁੰਦਰ ਵਿਚੋਂ ਉਤਪੰਨ ਹੋਇਆ) ਜਿਸ ਦੀ ਪ੍ਰੀਕਸ਼ਤ ਨੂੰ ਤੱਛਕ ਦੇ ਡੰਗ ਮਾਰਨ ਸਮੇਂ ਮਤਿ ਉਲਟ ਗਈ। ੬ (ਗੁਰੂ ਹਰਿ ਗੋਬਿੰਦ ਜੀ ਨੇ ਜਦ ਬੀਰਰਸ ਦੀ ਮਰਯਾਦਾ ਸ਼ੁਰੂ ਕੀਤੀ ਤਾਂ ਕਈ ਭੋਲੇ ਭਾਲੇ ਸਿੱਖ ਗੁਰੂ ਜੀ ਦੀ ਗਤੀ ਨੂੰ ਨ ਸਮਝਣ ਕਰ ਕੇ ਗੁਰੂ ਜੀ ਦੀ ਚਰਚਾ ਕਰਨ ਲਗ ਪਏ ਸਨ, ਇਸ ਪਉੜੀ ਵਿਚ ਭਾਈ ਗੁਰਦਾਸ ਜੀ ਦੱਸਦੇ ਹਨ ਕਿ ਇਹ ਗੁਰੂ ਜੀ ਦੀ ਆਪਣੇ ਆਪ ਨੂੰ ਲੁਕਾਉਣ ਦੀ ਕੋਸ਼ਿਸ਼ ਹੈ)। ੬ (ਸਿੱਖ ਕਹਿੰਦੇ ਹਨ ਕਿ) ਪਹਿਲੇ ਸਤਿਗੁਰੂ ਧਰਮਸਾਲ ਬਣਾ ਕੇ ਬੈਠਦੇ ਸਨ, ਇਹ ਇਕ ਥਾਂ ਟਿਕਦੇ ਹੀ ਨਹੀਂ। ੭ ਪਹਿਲੇ ਸਤਿਗੁਰਾਂ ਦੇ ਘਰ ਬਾਦਸ਼ਾਹ ਆਉਂਦੇ ਸਨ, ਇਨ੍ਹਾਂ ਨੂੰ ਬਾਦਸ਼ਾਹ ਨੇ ਕਿਲ੍ਹੇ ਅੰਦਰ ਕੈਦ ਕਰ ਦਿੱਤਾ ਹੈ। ੮ ਇਨ੍ਹਾਂ ਦੀ ਉੱਮਤ ਨੂੰ ਕੋਈ ਥਾਂ ਨਹੀਂ, ਕਿਉਂ ਜੁ ਇਹ ਖੁਦ ਭੱਜੇ ਫਿਰਦੇ ਹਨ ਤੇ ਡਰਾਇਆ ਕਿਸੇ ਪਾਸੋਂ ਡਰਦੇ ਨਹੀਂ। ੯ ਅੱਗੇ ਗੁਰੂ ਮੰਜੀ ਤੇ ਬਹਿ ਕੇ ਸਿੱਖਾਂ ਨੂੰ ਸੰਤੋਖ ਦੇਂਦੇ ਸਨ, ਇਹ ਕੁਤੇ ਰਖ ਕੇ ਸ਼ਿਕਾਰ ਖੇਡਦੇ ਹਨ।

Digitized by Panjab Digital Library | www.panjabdigilib.org

ਸੇਵਕ ਪਾਸ ਨ ਰਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ।
ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ।
ਅਜਰੁ ਜਰੈ ਨ ਆਪੁ ਜਣਾਇਆ ॥ ੨੪ ॥

## ਪਉੜੀ ੨੫

[ਪਿਰਮ ਰਸ ਬਹੁਤ ਔਖਾ ਮਿਲਦਾ ਹੈ]

ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ।
ਸਪ ਪਲੇਟੇ ਚੰਨਣੈ ਬੂਹੇ ਜੰਦਰਾ ਕੁਤਾ ਜਾਗੈ।
ਕਵਲੈ ਕੰਡੇ ਜਾਣੀਅਨਿ ਸਿਆਣਾ ਇਕੁ ਕੋਈ ਵਿਚਿ ਫਾਗੈ[1]।
ਜਿਉ ਪਾਰਸੁ ਵਿਚਿ ਪਥਰਾ ਮਣਿ ਮਸਤਕਿ ਜਿਉ ਕਾਲੈ ਨਾਗੈ।
ਰਤਨੁ ਸੋਹੈ ਗਲਿ ਪੋਤ[2] ਵਿਚਿ ਮੈਗਲੁ ਬਧਾ ਕਚੈ ਧਾਗੈ।
ਭਾਵ ਭਗਤਿ ਭੁਖ ਜਾਇ ਘਰਿ ਬਿਦਰੁ ਖਵਾਲੈ ਪਿੰਨੀ ਸਾਗੈ।
ਚਰਣ ਕਵਲ ਗੁਰੁ ਸਿਖ ਭਉਰ [3]ਸਾਧ ਸੰਗਤਿ ਸਹਲੰਗੁ ਸਭਾਗੈ।
ਪਿਰਮ ਪਿਆਲੇ [4]ਦੁਤਰੁ ਝਾਗੈ ॥ ੨੫ ॥

## ਪਉੜੀ ੨੬ [ਗੁਰੂ ਗੋਰ ਵਿਚ ਮਰਦਾ ਮੁਰੀਦ]

ਭਵਜਲ[5] ਅੰਦਰਿ ਮਾਨਸਰੁ ਸਤ ਸਮੁੰਦੀ [6]ਗਹਿਰ ਗੰਭੀਰਾ।
ਨਾ ਪਤਣੁ ਨਾ ਪਾਤਣੀ[7] ਪਾਰਾਵਾਰੁ ਨ ਅੰਤੁ ਨ ਚੀਰਾ[8]।
[9]ਨਾ ਬੇੜੀ ਨਾ ਤੁਲਹੜਾ ਵੰਝੀ ਹਾਥਿ ਨ ਧੀਰਕ ਧੀਰਾ।
ਹੋਰੁ ਨ ਕੋਈ ਅਪੜੈ ਹੰਸ ਚੁਗੰਦੇ ਮੋਤੀ ਹੀਰਾ।
[10]ਸਤਿਗੁਰੁ ਸਾਂਗਿ ਵਰਤਦਾ ਪਿੰਡੁ ਵਸਾਇਆ ਫੇਰਿ ਅਹੀਰਾ।
[11]ਚੰਦੁ ਅਮਾਵਸ ਰਾਤਿ ਜਿਉ ਅਲਖੁ ਨ ਲਖੀਐ ਮਛੁਲੀ ਨੀਰਾ।

---

੧ ਟੋਲੀਆਂ।੨ ਕੱਚ ਦੇ ਮੋਤੀ।੩ ਭਾਗਵਾਨ ਸਾਧ ਸੰਗਤ ਨਾਲ ਮਿਲਦੇ ਹਨ। ੪ ਕਠਿਨਾਈਆਂ ਨੂੰ ਪਾਰ ਕਰ ਜਾਂਦੇ ਹਨ। ੫ ਸੰਸਾਰ। ੬ ਡੂੰਘਾ ਤੇ ਅਡੋਲ। ੭ ਮਲਾਹ। ੮ ਹੱਦ। ੯ ਉਸ ਤੋਂ ਪਾਰ ਹੋਣ ਲਈ ਨ ਕੋਈ ਬੇੜੀ ਨ ਤੁਲਹਾ ਹੀ ਹੈ, ਬਾਂਸ ਨਾਲ ਭੀ ਉਸ ਦੀ ਹਾਥ ਨਹੀਂ ਤੇ ਨਾ ਉਥੇ ਕਿਸੇ ਨੂੰ ਧੀਰਜ (ਆਉਂਦੀ ਹੈ) ਨਾ ਹੀ ਕੋਈ ਧੀਰਜ ਦੇਣ ਵਾਲਾ ਹੈ। ੧੦ ਸਤਿਗੁਰੂ ਜੀ ਨੇ ਇਹ ਤਮਾਸ਼ਾ ਰਚਿਆ ਹੈ ਕਿ ਗਵਾਲਿਆਂ ਦੇ ਪਿੰਡ ਵਾਂਗ (ਸੰਸਾਰ ਵਿਚ ਆ ਕੇ) ਇਸ ਨੂੰ ਵਸਾ ਦਿੱਤਾ ਹੈ। ੧੧ ਮਸਿਆ ਦੇ ਚੰਨ ਜਾਂ ਨੀਰ ਵਿਚ ਮੱਛੀ ਵਾਂਗ ਸਤਿਗੁਰੂ ਸੰਸਾਰ ਵਿਚ ਅਲਖ ਹੋ ਰਹੇ ਹਨ।

Digitized by Panjab Digital Library | www.panjabdigilib.org

[1]ਮੁਏ ਮੁਰੀਦ ਗੋਰਿ ਗੁਰ ਪੀਰਾ ॥ ੨੬ ॥

## ਪਉੜੀ ੨੭

[ਗੁਰ ਸਿਖਾਂ ਦੀ ਵੰਸ]

ਮਛੀ ਦੇ ਪਰਵਾਰ ਵਾਂਗਿ ਜੀਵਣਿ ਮਰਣਿ ਨ ਵਿਸਰੈ ਪਾਣੀ।
ਜਿਉ ਪਰਵਾਰੁ ਪਤੰਗ ਦਾ ਦੀਪਕ ਬਾਝੁ ਨ ਹੋਰ ਸੁਜਾਣੀ[2]।
ਜਿਉ ਜਲ ਕਵਲੁ ਪਿਆਰੁ ਹੈ ਭਵਰ ਕਵਲ ਕੁਲ ਪ੍ਰੀਤਿ ਵਖਾਣੀ।
ਬੂੰਦ ਬਬੀਹੇ ਮਿਰਗ ਨਾਦ ਕੋਇਲ ਜਿਉ ਫਲ ਅੰਬਿ ਲੁਭਾਣੀ।
ਮਾਨ ਸਰੋਵਰੁ ਹੰਸੁਲਾ [3]ਓਹੁ ਅਮੋਲਕ ਰਤਨਾ ਖਾਣੀ।
ਚਕਵੀ ਸੂਰਜ ਹੇਤੁ ਹੈ [4]ਚੰਦ ਚਕੋਰੈ ਚੋਜ ਵਿਡਾਣੀ।
ਗੁਰ ਸਿਖ ਵੰਸੀ ਪਰਮ ਹੰਸ ਸਤਿਗੁਰ [5]ਸਹਜਿ ਸਰੋਵਰੁ ਜਾਣੀ।
[6]ਮੁਰਗਾਈ ਨੀਸਾਣੁ ਨੈਸਾਣੀ ॥ ੨੭ ॥

## ਪਉੜੀ ੨੮

[ਗੁਰ ਸਿਖਾਂ ਦੀ ਵੰਸ]

ਕਛੂ ਅੰਡਾ ਸੇਵਦਾ[7] ਜਲ ਬਾਹਰਿ ਧਰਿ ਧਿਆਨੁ ਧਰੰਦਾ।
ਕੂੰਜ ਕਰੇਂਦੀ ਸਿਮਰਣੋ ਪੂਰਣ ਬਚਾ ਹੋਇ ਉਡੰਦਾ।
ਕੁਕੜੀ ਬਚਾ ਪਾਲਦੀ ਮੁਰਗਾਈ ਨੋ ਜਾਇ ਮਿਲੰਦਾ।
ਕੋਇਲ ਪਾਲੈ ਕਾਵਣੀ ਲੋਹੂ ਲੋਹੂ ਰਲੈ ਰਲੰਦਾ।
[8]ਚਕਵੀ ਅਤੇ ਚਕੋਰ ਕੁਲ ਸਿਵ ਸ਼ਕਤੀ ਮਿਲਿ ਮੇਲੁ ਕਰੰਦਾ।
ਚੰਦ ਸੂਰਜੁ ਸੇ ਜਾਣੀਅਨਿ ਛਿਅ ਰੁਤਿ ਬਾਰਹ ਮਾਹ ਦਿਸੰਦਾ।

---

੧ (ਪਰ ਜਾਣ ਉਹ ਸਕਦਾ ਹੈ ਜੋ) (ਪੀਰਾ) ਗੁਰੂ ਰੂਪ ਗੋਰ ਵਿਚ ਮੁਰਦੇ ਵਾਂਗ ਮੁਰੀਦ ਹੋਵੇ। ੨ ਪਛਾਣਦੇ। ੩ ਉਹ ਉਸੇ ਨੂੰ ਹੀ ਅਮੋਲਕ ਰਤਨਾਂ ਦੀ ਖਾਣ ਸਮਝਦੇ ਹਨ। ੪ ਚਕੋਰ ਚੰਨ ਨੂੰ ਵੇਖ ਕੇ ਅਚਰਜ ਕੌਤਕ ਕਰਦਾ ਹੈ। ੫ ਸ਼ਾਂਤੀ ਦੇ ਸਮੁੰਦਰ। ੬ ਮੁਰਗਾਬੀ ਵਾਂਗ ਹੀ (ਨੈ) ਨਦੀ ਦੇ (ਸਾਣੀ) ਸਾਹਮਣੇ ਜਾਂਦੇ ਹਨ। ੭ ਪਕਾਉਂਦਾ ਹੈ। ੮ ਚਕਵੀ ਤੇ ਚਕੋਰ ਦੀ ਕੁਲ, ਸ਼ਿਵ ਤੇ ਸ਼ਕਤੀ ਨਾਲ ਮਿਲ ਕੇ ਪਿਆਰ ਕਰਦੇ ਹਨ।

Digitized by Panjab Digital Library | www.panjabdigilib.org

[1]ਗੁਰਮੁਖਿ ਮੇਲਾ ਸਚ ਦਾ ਕਵੀਆਂ ਕਵਲ ਭਵਰੁ ਵਿਗਸੰਦਾ।
[2]ਗੁਰਮੁਖਿ ਸੁਖ ਫਲ ਅਲਖ ਲਖੰਦਾ ॥ ੨੮ ॥

## ਪਉੜੀ ੨੯

[ਦਾਵਾ ਕੋਕਾ]

ਪਾਰਸਵੰਸੀ ਹੋਇਕੈ ਸਭਨਾ ਧਾਤੂ [3]ਮੇਲਿ ਮਿਲੰਦਾ।
ਚੰਦਨ ਵਾਸੁ[4] ਸੁਭਾਉ ਹੈ ਅਫਲ ਸਫਲ ਵਿਚਿ [5]ਵਾਸੁ ਧਰੰਦਾ।
ਲਖ ਤਰੰਗੀ ਗੰਗ ਹੋਇ ਨਦੀਆ ਨਾਲੇ ਗੰਗ ਹੋਵੰਦਾ।
ਦਾਵਾ ਦੁਧੁ ਪੀਆਲਿਆ ਪਾਤਿਸਾਹਾ ਕੋਕਾ[6] ਭਾਵੰਦਾ।
ਲੂਣੁ ਖਾਇ ਪਾਤਿਸਾਹ ਦਾ ਕੋਕਾ ਚਾਕਰੁ ਹੋਇ ਵਲੰਦਾ[7]।
[8]ਸਤਿਗੁਰ ਵੰਸੀ ਪਰਮਹੰਸੁ ਗੁਰੁ ਸਿਖ ਹੰਸ ਵੰਸੁ ਨਿਬਹੰਦਾ।
ਪਿਉ ਦਾਵੇ ਦੇ ਰਾਹਿ ਚਲੰਦਾ ॥ ੨੯ ॥

## ਪਉੜੀ ੩੦

[ਸਤਿਗੁਰੂ ਜੀ ਦੀ ਪਰਖ ਵਿਚ ਸਿਖ ਪੂਰੇ ਉਤਰਦੇ ਹਨ]

ਜਿਉ ਲਖ ਤਾਰੇ ਚਮਕਦੇ ਨੇੜਿ ਨ ਦਿਸੈ ਰਾਤਿ ਅਨੇਰੇ।
[10]ਸੂਰਜੁ ਬਦਲ ਛਾਇਆ ਰਾਤਿ ਨ ਪੁਜੈ ਦਿਹਸੈ ਫੇਰੇ।
[11]ਜੇ ਗੁਰੁ ਸਾਂਗਿ ਵਰਤਦਾ ਦੁਬਿਧਾ ਚਿਤਿ ਨ ਸਿਖਾ ਕੇਰੇ।
ਛਿਅ ਰੁਤੀ ਇਕੁ ਸੁਝੁ[12] ਹੈ [13]ਘੁਘੂ ਸੁਝ ਨ ਸੁਝੈ ਹੇਰੇ।
[14]ਚੰਦਮੁਖੀ ਸੂਰਜਮੁਖੀ ਕਵਲੈ ਭਵਰ ਮਿਲਨਿ ਚਉਫੇਰੇ।

---

੧ ਕਵੀਆਂ ਤੇ ਕਮਲਾਂ ਦੇ ਭੌਰਿਆਂ ਸਹਿਤ (ਚੰਨ ਸੂਰਜ ਨੂੰ ਦੇਖ) ਖਿੜਨ ਵਾਂਗ ਗੁਰਮੁਖਾਂ ਦਾ ਮੇਲਾ ਭੀ ਸੱਚ ਦਾ ਹੀ ਹੈ। ੨ ਗੁਰਮੁਖ ਅਲਖ ਸੁਖ ਫਲ ਨੂੰ ਲਖ ਲੈਂਦੇ ਹਨ। ੩ (ਆਪਣੇ) ਮੇਲ ਵਿਚ ਮਿਲਾ ਲੈਂਦਾ ਹੈ। ੪ ਸੁਗੰਧ। ੫ ਸੁਗੰਧਿਤ ਕਰਦਾ ਹੈ। ੬ ਦੁਧ ਪਿਆਉਣ ਵਾਲਾ ਨੌਕਰ। ੭ ਦਿਨ ਬਿਤਾਉਂਦਾ ਹੈ। ੮ ਸਤਿਗੁਰੂ ਦੀ ਕੁਲ ਦੇ ਪਰਮ ਹੰਸ ਗੁਰਸਿਖ ਭੀ ਹੰਸਾਂ ਦੀ ਵੰਸ ਵਾਂਗ ਨਿਭਾਉਂਦੇ ਹਨ। ੯ ਨੇੜੇ (ਦੀ ਚੀਜ਼) ਭੀ ਰਾਤ ਦੇ ਅਨੇਰੇ ਵਿਚ ਨਹੀਂ ਦਿਸਦੀ। ੧੦ ਸੂਰਜ ਬੱਦਲਾਂ ਦੇ ਚੌਫੇਰੇ ਛਾ ਜਾਣ ਨਾਲ ਦਿਨ ਨੂੰ ਰਾਤ ਤਕ ਨਹੀਂ ਪੁਚਾ ਸਕਦਾ। ੧੧ ਜੇਕਰ ਗੁਰੂ ਭੇਸ ਵਟਾ ਲਵੇ। ੧੨ ਸੂਰਜ। ੧੩ ਉੱਲੂ ਸੂਰਜ ਨਹੀਂ ਦੇਖ ਸਕਦਾ, ਕਿਉਂ ਜੁ ਉਹ ਦਿਨ ਨੂੰ ਨਹੀਂ ਦੇਖ ਸਕਦਾ। ੧੪ ਰਾਤ ਨੂੰ ਖਿੜਨ ਵਾਲਾ ਤੇ ਦਿਨ ਨੂੰ ਖਿੜਨ ਵਾਲਾ ਕਮਲ।

Digitized by Panjab Digital Library | www.panjabdigilib.org

[1]ਸਿਵਸਕਤੀ ਨੋ ਲੰਘਿਕੈ ਸਾਧ ਸੰਗਤਿ ਜਾਇ ਮਿਲਨਿ ਸਵੇਰੇ।
[2]ਪੈਰੀ ਪਵਣਾ ਭਲੇ ਭਲੇਰੇ ॥ ੩੦ ॥

## ਪਉੜੀ ੩੧

[ਦੁਨਿਆਵੀ ਪਾਤਸ਼ਾਹ ਤੇ ਸਚੇ ਪਾਤਿਸ਼ਾਹ ਵਿਚ ਫਰਕ]

ਦੁਨੀਆਵਾ ਪਾਤਿਸਾਹੁ ਹੋਇ ਦੇਇ ਮਰੈ ਪੁਤੈ ਪਾਤਿਸਾਹੀ।
ਦੋਹੀ[3] ਫੇਰੈ[4] ਆਪਣੀ ਹੁਕਮੀ ਬੰਦੇ ਸਭ ਸਿਪਾਹੀ।
ਕੁਤਬਾ ਜਾਇ ਪੜਾਇਦਾ ਕਾਜੀ ਮੁਲਾਂ ਕਰੈ ਉਗਾਹੀ।
ਟਕਸਾਲੈ ਸਿਕਾ ਪਵੈ ਹੁਕਮੈ ਵਿਚਿ [4]ਸੁਪੇਦੀ ਸਿਆਹੀ।
ਮਾਲੁ ਮੁਲਕੁ ਅਪਣਾਇਦਾ ਤਖਤ ਬਖਤ ਚੜਿ ਬੇਪਰਵਾਹੀ।
ਬਾਬਾਣੈ[6] ਘਰਿ ਚਾਲ ਹੈ ਗੁਰਮੁਖਿ ਗਾਡੀ ਰਾਹੁ ਨਿਬਾਹੀ।
[7]ਇਕ ਦੋਹੀ ਟਕਸਾਲ ਇਕ ਕੁਤਬਾ ਤਖਤੁ ਸਚਾ ਦਰਗਾਹੀ।
ਗੁਰਮੁਖਿ ਸੁਖ ਫਲੁ ਦਾਦਿ ਇਲਾਹੀ ॥ ੩੧ ॥

## ਪਉੜੀ ੩੨

[ਗੁਰੂ ਤੋਂ ਬਾਗੀ ਦੀ ਦੁਰਦਸ਼ਾ]

ਜੇਕੋ ਆਪੁ ਗਣਾਇਕੈ[8] ਪਾਤਿਸਾਹਾ ਤੇ ਆਕੀ ਹੋਵੈ।
ਹੁਇ ਕਤਲਾਮੁ ਹਰਾਮਖੋਰੁ ਕਾਣੁ ਨ ਖਫਣੁ ਚਿਤਾ ਨ ਟੋਵੈ[9]।
ਟਕਸਾਲਹੁ ਬਾਹਰਿ ਘੜੈ [10]ਖੋਟੈ ਹਾਰਾ ਜਨਮੁ ਵਿਗੋਵੈ।
[11]ਲਿਬਾਸੀ ਫੁਰਮਾਣੁ ਲਿਖਿ ਹੋਇ ਨੁਕਸਾਨੀ ਅੰਞੂ ਰੋਵੈ।
ਗਿਦੜ ਦੀ ਕਰਿ ਸਾਹਿਬੀ [12]ਬੋਲਿ ਕੁਬੋਲੁ ਨ ਅਬਿਚਲੁ ਹੋਵੈ।

---

੧ ਤਮ ਤ ਸਤ ਆਦ ਗੁਣਾ ਤੋਂ ਪਾਰ ਹੋ ਕੇ। ੨ ਚੰਗ ਚੰਗੇ (ਪੁਰਸ਼ ਇਕ ਦੂਜੇ ਦੀ) ਪੈਰੀ ਪੈਂਦੇ ਹਨ। ੩ ਮੁਨਾਦੀ। ੪ ਭਲੇ ਬੁਰੇ ਕੰਮ। ੫ ਕਿਸਮਤ ਨਾਲ ਮਿਲੇ ਤਖਤ। ੬ ਗੁਰੂ ਨਾਨਕ ਦੇ। ੭ (ਗੁਰੂ ਵਿਅਕਤੀ ਦੇ ਬਦਲਣ ਨਾਲ) ਇਕ ਹੀ ਮੁਨਾਦੀ ਇਕੋ ਸਾਧ ਸੰਗਤ ਰੂਪ ਟਕਸਾਲ ਤੇ ਇਕੋ ਗੁਰਬਾਣੀ ਦਾ ਖੁਤਬਾ, ਇਕੋ ਸਾਧ ਸੰਗਤ ਦੀ ਅਦਾਲਤ ਤੇ ਇਕ ਹੀ ਗੁਰ-ਗੱਦੀ ਰੂਪ ਤਖ਼ਤ ਰਹਿੰਦਾ ਹੈ। ੮ ਆਪਣ ਆਪ ਨੂੰ ਕੁਝ ਸਮਝ ਕੇ, ਭਾਵ ਅਹੰਕਾਰ ਕਰਕੇ। ੯ ਕਬਰ। ੧੦ ਖੋਟ ਚਲਾਉਣ ਵਾਲਾ (ਜੇਲ ਵਿਚ ਸਜ਼ਾ ਭੁਗਤਣ ਕਰਕੇ) ਜਨਮ ਵਿਗਾੜ ਲੈਂਦਾ ਹੈ। ੧੧ ਝੂਠਾ ਹੁਕਮਨਾਮਾ। ੧੨ ਕੁਬੋਲ-ਢੋਲ ਢੋਲਣ ਤੋਂ ਨਹੀਂ ਟਲ ਸਕਦਾ।

Digitized by Panjab Digital Library | www.panjabdigilib.org

ਮੁਹਿ ਕਾਲੈ ਗਦਹਿ ਚੜੈ [1]ਰਾਉ ਪੜੈ ਵੀ ਭਰਿਆ ਧੋਵੈ।
ਦੂਜੈ ਭਾਇ ਕੁਥਾਇ ਖਲੋਵੈ ॥ ੩੨ ॥

## ਪਉੜੀ ੩੩

[ਗੁਰੂ ਬੰਸਾਵਲੀ ਦੀ ਹਉਂ]

ਬਾਲ ਜਤੀ ਹੈ ਸਿਰੀ ਚੰਦੁ [2]ਬਾਬਾਣਾ ਦੇਹੁਰਾ ਬਣਾਇਆ।
ਲਖਮੀਦਾਸਹੁ ਧਰਮਚੰਦ ਪੋਤਾ ਹੁਇਕੈ [3]ਆਪੁ ਗਣਾਇਆ।
ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ।
ਮੋਹਣੁ ਕਮਲਾ ਹੋਇਆ [4]ਚਉਬਾਰਾ ਮੋਹਰੀ ਮਨਾਇਆ।
ਮੀਣਾ[5] ਹੋਆ ਪਿਰਥੀਆ ਕਰਿਕਰਿ [6]ਟੇਢਕ ਬਰਲੁ ਚਲਾਇਆ।
ਮਹਾਦੇਉ ਅਹੰਮੇਉ ਕਰਿ ਕਰਿ ਬੇਮੁਖੁ ਕੁਤਾ ਭਉਕਾਇਆ।
[7]ਚੰਦਨ ਵਾਸੁ ਨ ਵਾਸ ਬੋਹਾਇਆ॥ ੩੩ ॥

## ਪਉੜੀ ੩੪

[ਗੁਰਿਆਈ ਦੀ ਪੀਹੜੀ]

ਬਾਬਾਣੀ ਪੀੜੀ ਚਲੀ [9]ਗੁਰ ਚੇਲੇ ਪਰਚਾ ਪਰਚਾਇਆ।
ਗੁਰੁ ਅੰਗਦੁ ਗੁਰੁ ਅੰਗੁ ਤੇ ਗੁਰੁ ਚੇਲਾ ਚੇਲਾ ਗੁਰੁ ਭਾਇਆ।
ਅਮਰਦਾਸੁ ਗੁਰ ਅੰਗਦਹੁ ਸਤਿਗੁਰੁ ਤੇ ਸਤਿਗੁਰੂ ਸਦਾਇਆ।
ਗੁਰੁਅਮਰਹੁ ਗੁਰੁ ਰਾਮਦਾਸੁ [10]ਗੁਰ ਸੇਵਾ ਗੁਰੁ ਹੋਇ ਸਮਾਇਆ।
ਰਾਮਦਾਸਹੁ ਅਰਜਣੁ ਗੁਰੂਅੰਮ੍ਰਿਤਬ੍ਰਿਖਿ ਅੰਮ੍ਰਿਤਫਲ ਲਾਇਆ।

---

੧ (ਸਿਰ) ਸੁਆਹ ਪੈਂਦੀ ਹੈ (ਆਪਣਾ) ਕੀਤਾ ਪਾਉਂਦਾ ਹੈ। ੨ (ਗੁਰੂ ਆਗਿਆ ਤੋਂ ਵਿਰੁਧ ਹੋ ਕੇ) ਗੁਰੂ ਨਾਨਕ ਦਾ ਦੇਹੁਰਾ ਬਨਵਾਇਆ। ੩ ਆਪਣੇ ਆਪ ਨੂੰ ਕਿਸੇ ਗਿਣਤੀ ਵਿਚ ਸਮਝਿਆ (ਹੰਕਾਰ ਕੀਤਾ)। ੪ ਮੋਹਰੀ ਜੀ ਨੇ ਚਬਾਰੇ ਦੀ ਹੀ ਸੇਵਾ ਕੀਤੀ। ੫ ਮੀਸਣਾ। ੬ ਕੁਟਲਤਾ ਕਰਕੇ ਸੁਦਾ-ਪੁਣਾ ਜਾਰੀ ਕੀਤਾ। ੭ ਬਾਂਸ ਵਾਂਗ ਚੰਦਨ ਦੀ ਸੁਗੰਧੀ ਤੋਂ ਭੀ ਸੁਗੰਧਿਤ ਨਾ ਹੋਏ। ੮ ਗੁਰੂ ਨਾਨਕ ਦਾ ਖਾਨਦਾਨ। ੯ ਗੁਰੂ ਤੇ ਚੇਲੇ ਦੇ ਪਰੇਮ ਦਾ ਪ੍ਰਚਾਰ ਕੀਤਾ। ੧੦ ਗੁਰੂ ਦੀ ਸੇਵਾ ਦਵਾਰਾ (ਗੁਰੂ ਵਿਚ) ਗੁਰੂ ਹੋ ਕੇ ਸਮਾ ਗਿਆ।

Digitized by Panjab Digital Library | www.panjabdigilib.org

ਹਰਿਗੋਵਿੰਦੁ ਗੁਰੁ ਅਰਜਨਹੁ [੧]ਆਦਿਪੁਰਖ ਆਦੇਸੁ ਕਰਾਇਆ।
[੨]ਸੁਝੈ ਸੁਝ ਨ ਲੁਕੈ ਲੁਕਾਇਆ॥ ੩੪॥

## ਪਉੜੀ ੩੫

[ਕੁਦਰਤ ਵਰਣਨ]

ਇਕ ਕਵਾਉ[੩] ਪਸਾਉ ਕਰਿ ਓਅੰਕਾਰਿ ਕੀਆ ਪਾਸਾਰਾ।
ਕੁਦਰਤਿ ਅਤੁਲ ਨ ਤੋਲੀਐ [੪]ਤੁਲਿ ਨ ਤੋਲ ਨ ਤੋਲਣਹਾਰਾ।
[੫]ਸਿਰਿ ਸਿਰਿ ਲੇਖੁ ਅਲੇਖ ਦਾ ਦਾਤਿ ਜੋਤਿ ਵਡਿਆਈ ਕਾਰਾ।
ਲੇਖੁ ਅਲੇਖੁ ਨ ਲਖੀਐ ਮਸੁ[੬] ਨ ਲੇਖਣਿ[੭] ਲਿਖਣਿਹਾਰਾ।
ਰਾਗ ਨਾਦ ਅਨਹਦ ਧੁਨੀ [੮]ਓਅੰਕਾਰੁ ਨ ਗਾਵਣਹਾਰਾ।
ਖਾਣੀ ਬਾਣੀ ਜੀਅ ਜੰਤੁ ਨਾਵ ਥਾਉ ਅਣਗਣਤ ਅਪਾਰਾ।
[੯]ਇਕੁ ਕਵਾਉ ਅਮਾਉ ਹੈ ਕੇਵਡੁ ਵਡਾ ਸਿਰਜਣਹਾਰਾ।
ਸਾਧ ਸੰਗਤਿ ਸਤਿਗੁਰ ਨਿਰੰਕਾਰਾ॥ ੩੫॥ ੨੬॥

* ੦ *
੦
* ੦ *

---

੧ ਵਾਹਿਗੁਰੂ ਨੂੰ ਨਮਸਕਾਰ ਕਰਾਇਆ। ੨ (ਸੁਝ) ਸੂਰਜ ਦਿਸ ਰਿਹਾ ਹੈ, ਲੁਕਾਇਆਂ ਲੁਕਦਾ ਨਹੀਂ। ੩ ਫੁਰਨੇ ਤੋਂ। ੪ ਵਟੇ ਨਾ ਤਕੜੀ ਤੇ ਨਾ ਹੀ ਤੋਲਣ ਵਾਲਾ ਹੈ। ੫ ਹਰੇਕ ਦੇ ਸਿਰ ਪੁਰ ਅਲੇਖ ਦਾ ਲੇਖ ਹੈ, ਵਡਿਆਈ ਤੇ ਜੋਤਿ (ਗਿਆਨ) ਦੀ ਦਾਤ ਦੇਣੀ ਉਸ ਦਾ ਕੰਮ ਹੈ। ੬ ਸਿਆਹੀ। ੭ ਕਲਮ। ੮ ਓਅੰਕਾਰ ਗਾਇਆ ਨਹੀਂ ਜਾ ਸਕਦਾ। ੯ ਇਕ ਫੁਰਨੇ ਦਾ ਪਸਾਰਾ ਮਿਣਤੀ ਤੋਂ ਰਹਿਤ ਹੈ।

Digitized by Panjab Digital Library | www.panjabdigilib.org

# ਵਾਰ ੨੭.

੧ ਓ ਸਤਿਗੁਰ ਪ੍ਰਸਾਦਿ ॥

## ਪਉੜੀ ੧

{ਲੈਲਾ ਮਜਨੂੰ ਆਦਿ ਪ੍ਰੇਮੀ}

ਲੇਲੈ ਮਜਨੂੰ ਆਸਕੀ [1]ਚਹੁ ਚਕੀ ਜਾਤੀ।
[2]ਸੋਰਠਿ ਬੀਜਾ ਗਾਵੀਐ ਜਸੁ ਸੁਘੜਾ ਵਾਤੀ।
ਸਸੀ ਪੁੰਨੂੰ ਦੋਸਤੀ [3]ਹੁਇ ਜਾਤਿ ਅਜਾਤੀ।
ਮੇਹੀਵਾਲ ਨੋ ਸੋਹਣੀ ਨੈ ਤਰਦੀ ਰਾਤੀ।
ਰਾਂਝਾ ਹੀਰ ਵਖਾਣੀਐ [4]ਓਹੁ ਪਿਰਮ ਪਰਾਤੀ।
ਪੀਰ ਮੁਰੀਦਾ ਪਿਰਹੜੀ ਗਾਵਨਿ ਪਰਭਾਤੀ ॥ ੧ ॥

## ਪਉੜੀ ੨

[ਮੁਰੀਦਾਂ ਦੀ ਪ੍ਰੀਤਿ]

ਅਮਲੀ ਅਮਲੁ ਨ ਛਡਨੀ ਹੁਇ ਬਹਨਿ ਇਕਠੇ।
ਜਿਉ ਜੂਏ ਜੂਆਰੀਆ [5]ਲਗਿ ਦਾਵ ਉਪਠੇ।
ਚੋਰੀ ਚੋਰ ਨ ਪਲਰਹਿ[6] ਦੁਖ ਸਹਨਿ ਗਰਠੇ[7]।
ਰਹਨਿ ਨ ਗਨਿਕਾ ਵਾੜਿਅਹੁ ਵੇਕਰਮੀ ਲਠੇ[8]।
ਪਾਪੀ ਪਾਪੁ ਕਮਾਵਦੇ ਹੋਇ ਫਿਰਦੇ ਨਠੇ।
ਪੀਰ ਮੁਰੀਦਾ ਪਿਰਹੜੀ[9] ਸਭ ਪਾਪ ਪਣਠੇ[10] ॥ ੨ ॥

---

੧ ਚੌਂਹ ਪਾਸੀਂ ਜਾਣੀ ਗਈ। ੨ ਸੋਰਠ (ਨਾਂ ਦੀ ਰਾਣੀ) ਤੇ ਬੀਜਾ (ਰਾਜ ਕੁਮਾਰ) ਦਾ ਜੱਸ ਸੁਘੜਾਂ ਦੀ ਜਬਾਨ ਪਰ ਹੈ। ੩ ਅੱਡ ਅੱਡ ਜਾਤਾਂ ਦੇ ਹੋਣ ਪੁਰ ਭੀ। ੪ ਉਹ ਪਰੇਮ ਵਿਚ ਪੈ ਗਏ। ੫ ਉਲਟੇ ਦਾਉ ਭੀ ਲਾ ਦੇਂਦੇ ਹਨ। ੬ ਤਿਆਗਦੇ। ੭ ਗ੍ਰਿਫਤਾਰ ਹੋ ਕੇ। ੮ ਗੁੰਡੇ। ੯ ਪਰੇਮ। ੧੦ ਨਾਸ ਹੁੰਦੇ ਹਨ।

Digitized by Panjab Digital Library | www.panjabdigilib.org

## ਪਉੜੀ ੩

[ਮੁਰੀਦਾਂ ਦੀ ਪ੍ਰੀਤਿ]

ਭਵਰੇ ਵਾਸੁ ਵਿਣਾਸੁ[1] ਹੈ ਫਿਰਦਾ ਫੁਲਵਾੜੀ।
ਜਲੈ ਪਤੰਗੁ ਨਿਸੰਗੁ ਹੋਇ ਕਰਿ [2]ਅਖਿ ਉਘਾੜੀ।
ਮਿਰਗ ਨਾਦਿ ਬਿਸਮਾਦੁ ਹੋਇ ਫਿਰਦਾ ਉਜਾੜੀ।
ਕੁੰਡੀ ਫਾਥੇ ਮਛ ਜਿਉ [3]ਰਸਿ ਜੀਭ ਵਿਗਾੜੀ।
ਹਾਥਣਿ ਹਾਥੀ ਫਾਹਿਆ ਦੁਖ ਸਹੈ ਦਿਹਾੜੀ।
ਪੀਰ ਮੁਰੀਦਾ ਪਿਰਹੜੀ ਲਾਇ [4]ਨਿਜ ਘਰਿ ਤਾੜੀ ॥ ੩ ॥

## ਪਉੜੀ ੪

[ਗੁਰ ਸਿਖ ਪ੍ਰੀਤ]

ਚੰਦ ਚਕੋਰ ਪਰੀਤ ਹੈ [5]ਲਾਇ ਤਾਰ ਨਿਹਾਲੇ।
ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।
ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।
ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।
ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ।
ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ ॥ ੪ ॥

## ਪਉੜੀ ੫

[ਪੀਰ ਮੁਰੀਦ ਦੀ ਪ੍ਰੀਤਿ]

[6]ਰੂਪੈ ਕਾਮੈ ਦੋਸਤੀ ਜਗ ਅੰਦਰਿ ਜਾਣੀ।
[7]ਭੁਖੇ ਸਾਦੈ ਗੰਢੁ ਹੈ ਓਹੁ ਵਿਰਤੀ ਹਾਣੀ।
[8]ਘੁਲਿਮਿਲਿਮਿਚਲਿਲਬਮਾਲਿਇਤੁਭਰਮਭੁਲਾਣੀ।

---

੧ ਨਾਸ, ਤਬਾਹੀ। ੨ ਖੁਲ੍ਹੀਆਂ ਅੱਖਾਂ ਨਾਲ ਭਾਵ ਨਿਡਰ ਹੋ ਕੇ। ੩ ਰਸ ਨੇ ਉਸ ਦੀ ਜੀਭ ਨੂੰ ਵਿਗਾੜ ਰਖਿਆ ਹੈ। ੪ ਆਪਣੇ ਸਰੂਪ ਵਿਚ ਸਮਾਧੀ ਲਗਾਉਂਦੇ ਹਨ। ੫ ਤਾੜੀ ਲਾ ਕੇ ਦੇਖਦਾ ਰਹਿੰਦਾ ਹੈ। ੬ ਰੂਪ ਅਤੇ ਕਾਮ। ੭ ਭੁਖੇ ਤੇ ਰੋਟੀ ਦਾ ਮੇਲ ਹੈ, ਇਹ (ਗੱਲ) ਵਰਤੋਂ ਵਿਚ ਆਉਣ ਵਾਲੀ ਹੈ। ੮ ਲੋਭ ਤੇ ਮਾਲ ਰਲ ਮਿਲ ਕੇ (ਮਿਚੱਲ) ਅਭੇਦ ਹੁੰਦੇ ਹਨ।

Digitized by Panjab Digital Library | www.panjabdigilib.org

[1]ਊਘੈ ਸਉੜਿ ਪਲੰਘ ਜਿਉ ਸਭਿ ਰੈਣਿ ਵਿਹਾਣੀ।
ਸੁਹਣੇ[2] ਸਭ ਰੰਗ ਮਾਣੀਅਨਿ ਕਰਿ ਚੋਜ ਵਿਡਾਣੀ।
ਪੀਰ ਮੁਰੀਦਾ ਪਿਰਹੜੀ ਓਹੁ ਅਕਥ ਕਹਾਣੀ ॥ ੫ ॥

## ਪਉੜੀ ੬

[ਪੀਰ ਮੁਰੀਦ ਦੀ ਪ੍ਰੀਤਿ]

ਮਾਨਸਰੋਵਰ ਹੰਸਲਾ ਖਾਇ ਮਾਣਕ ਮੋਤੀ।
ਕੋਇਲ ਅੰਬ ਪਰੀਤਿ ਹੈ ਮਿਲ ਬੋਲ ਸਰੋਤੀ[3]।
ਚੰਦਨ ਵਾਸੁ ਵਣਾਸੁਪਤਿ ਹੋਇ ਪਾਸ ਖਲੋਤੀ।
ਲੋਹਾ ਪਾਰਸਿ ਭੇਟਿਐ ਹੋਇ ਕੰਚਨ ਜੋਤੀ[4]।
ਨਦੀਆ ਨਾਲੇ ਗੰਗ ਮਿਲਿ ਹੋਨਿ [5]ਛੋਤ ਅਛੋਤੀ।
ਪੀਰ ਮੁਰੀਦਾ ਪਿਰਹੜੀ [6]ਇਹ ਖੇਪ ਸਓਤੀ ॥ ੬ ॥

## ਪਉੜੀ ੭

[ਸੱਚਾ ਸਾਚ]

ਸਾਹੁਰੁ ਪੀਹਰੁ ਪਖ[7] ਤ੍ਰੈ ਘਰੁ ਨਾਨੇਹਾਲਾ।
ਸਹੁਰਾ ਸਸੁ ਵਖਾਣੀਐ ਸਾਲੀ ਤੈ ਸਾਲਾ।
ਮਾ ਪਿਉ ਭੈਣਾ ਭਾਇਰਾ ਪਰਵਾਰੁ ਦੁਰਾਲਾ[8]।
ਨਾਨਾ ਨਾਨੀ ਮਾਸੀਆ ਮਾਮੇ ਜੰਜਾਲਾ[9]।
ਸੁਇਨਾ ਰੁਪਾ ਸੰਜੀਐ ਹੀਰਾ ਪਰਵਾਲਾ[10]।
ਪੀਰ ਮੁਰੀਦਾ ਪਿਰਹੜੀ ਏਹੁ ਸਾਕੁ ਸੁਖਾਲਾ ॥ ੭ ॥

---

੧ ਜਿਵੇਂ ਉਂਘਲਾਓਂਦੇ ਮਨੁਖ ਨੂੰ (ਸਉੜ) ਤੁਲਾਈ ਤੇ ਪਲੰਘ ਹੈ। ੨ ਸੁਪਨੇ। ੩ ਸੁਰਾਂ ੪ ਪ੍ਰਕਾਸ਼ਮਾਨ। ੫ ਛੋਤ ਤੋਂ ਅਛੋਤ, ਭਾਵ ਅਪਵਿਤ੍ਰ ਤੋਂ ਪਵਿਤ੍ਰ ਹੋ ਜਾਂਦੇ ਹਨ। ੬ ਇਹ ਸੌਦਾ ਸਵੱਲਾ ਹੈ। ੭ ਪਾਸੇ। ੮ ਬਹੁਤਾ। ੯ ਜੰਜਾਲ ਰੂਪ ਹਨ। ੧੦ ਮੂੰਗੇ।

Digitized by Panjab Digital Library | www.panjabdigilib.org

## ਪਉੜੀ ੮

[ਸੱਚਾ ਕੰਮ]

ਵਣਜੁ ਕਰੈ ਵਾਪਾਰੀਆ [1]ਤਿਤੁ ਲਾਹਾ ਤੋਟਾ।
ਕਿਰਸਾਣੀ ਕਿਰਸਾਂਣੁ ਕਰਿ ਹੋਇ ਦੁਬਲਾ ਮੋਟਾ।
ਚਾਕਰੁ ਲਗੈ ਚਾਕਰੀ ਰਣਿ ਖਾਦਾ ਚੋਟਾ[2]।
ਰਾਜੁ ਜੋਗੁ ਸੰਸਾਰੁ ਵਿਚਿ ਵਣ ਖੰਡ ਗੜ ਕੋਟਾ।
ਅੰਤਿ ਕਾਲਿ ਜਮਜਾਲੁ[3] ਪੈ ਪਾਏ ਫਲ ਫੋਟਾ[4]।
ਪੀਰ ਮੁਰੀਦਾ ਪਿਰਹੜੀ ਹੁਇ ਕਦੇ ਨ ਤੋਟਾ[5] ॥ ੮ ॥

## ਪਉੜੀ ੯

[ਸੱਚਾ ਭੋਗ]

ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।
ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੇ।
[6]ਸਾਦੀ ਜੀਭ ਨ ਰਜੀਆ ਕਰਿ ਭੋਗ ਬਿਲਾਸੇ।
ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ[7]।
ਰਜਿ ਨ ਕੋਈ ਜੀਵਿਆ [8]ਕੂੜੇ ਭਰਵਾਸੇ।
ਪੀਰ ਮੁਰੀਦਾ ਪਿਰਹੜੀ ਸਚੀ ਰਹਰਾਸੇ[9] ॥ ੯ ॥

## ਪਉੜੀ ੧੦

[ਸਚੀ ਅੰਗ ਸਫਲਤਾ]

ਧ੍ਰਿਗੁ [10]ਸਿਰੁ ਜੋ ਗੁਰ ਨ ਨਿਵੈ ਗੁਰ ਲਗੈ ਨ ਚਰਣੀ।
ਧ੍ਰਿਗੁ ਲੋਇਣ[11] ਗੁਰ ਦਰਸ ਵਿਣੁ ਵੇਖੈ ਪਰ ਤਰਣੀ[12]।
ਧ੍ਰਿਗੁ ਸਰਵਣਿ[13] ਉਪਦੇਸਵਿਣੁਸੁਣਿ ਸੁਰਤਿਨਧਰਣੀ।

---

੧ ਉਸ ਵਿਚ ਨਫ਼ਾ ਤੇ ਨੁਕਸਾਨ ਹੁੰਦਾ ਹੈ। ੨ ਸੱਟ। ੪ ਜਮਾਂ ਦੀ ਫਾਹੀ। ੪ ਖੋਟਾ। ੫ ਘਾਟਾ। ੬ ਭੋਗ ਬਿਲਾਸ ਕਰਦੀ ਅਤੇ ਸਵਾਦ ਲੈਂਦੀ ਜੀਭ ਨਹੀਂ ਰੱਜਦੀ। ੭ ਖੁਸ਼ਬੂ। ੮ (ਜ਼ਿੰਦਗੀ ਦੇ) ਭਰਵਾਸੇ ਝੂਠ ਹੀ ਹਨ। ੯ ਰਹੁ-ਰੀਤੀ। ੧੦ ਧਿੱਕਾਰ ਹੈ। ੧੧ ਅੱਖਾਂ। ੧੨ ਪਰਾਈ ਇਸਤਰੀ। ੧੩ ਕੰਨ। ੧੪ ਜੋ ਗੁਰ ਮੰਤਰ ਨੂੰ ਛੱਡ ਕੇ ਹੋਰ ਮੰਤਰਾਂ ਨੂੰ ਸਿਮਰਦੀ ਹੈ।

Digitized by Panjab Digital Library | www.panjabdigilib.org

ਧ੍ਰਿਗੁ ਜਿਹਬਾ ਗੁਰਸਬਦ ਵਿਣੁ ਹੋਰ ਮੰਤ੍ਰ ਸਿਮਰਣੀ।
ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ।
ਪੀਰ ਮੁਰੀਦਾ ਪਿਰਹੜੀ ਸੁਖ ਸਤਿਗੁਰ ਸਰਣੀ॥ ੧੦ ॥

## ਪਉੜੀ ੧੧

[ਸੱਚੀ ਲਗਨ]

[1]ਹੋਰਤੁ ਰੰਗਿ ਨ ਰਚੀਐ ਸਭੁ ਕੂੜੁ ਦਿਸੰਦਾ।
ਹੋਰਤੁ ਸਾਦਿ ਨ ਲਗੀਐ ਹੋਇ [2]ਵਿਸੁਲ ਰੀਂਦਾ।
ਹੋਰਤੁ ਰਾਗ ਨ ਰੀਝੀਐ ਸੁਣਿ ਸੁਖ ਨ ਲਹੰਦਾ।
ਹੋਰੁ ਬੁਰੀ ਕਰਤੂਤਿ ਹੈ ਲਗੈ ਫਲੁ ਮੰਦਾ।
ਹੋਰਤੁ ਪੰਥਿ ਨ ਚਲੀਐ ਠਗੁ ਚੋਰੁ ਮੁਹੰਦਾ[3]।
ਪੀਰ ਮੁਰੀਦਾਂ ਪਿਰਹੜੀ [4]ਸਚੁ ਸਚਿ ਮਿਲੰਦਾ॥ ੧੧ ॥

## ਪਉੜੀ ੧੨

[ਸੱਚੀ ਲਗਨ]

[5]ਦੂਜੀ ਆਸ ਵਿਣਾਸੁ ਹੈ ਪੂਰੀ ਕਿਉ ਹੋਵੈ।
ਦੂਜਾ ਮੋਹ ਸੁ ਧ੍ਰੋਹ[6] ਸਭੁ ਓਹੁ ਅੰਤਿ ਵਿਗੋਵੈ[7]।
ਦੂਜਾ ਕਰਮੁ ਸੁਭਰਮ ਹੈ ਕਰਿ ਅਵਗਣ ਰੋਵੈ।
ਦੂਜਾ ਸੰਗੁ ਕੁਢੰਗੁ[8] ਹੈ [9]ਕਿਉ ਭਰਿਆ ਧੋਵੈ।
ਦੂਜਾ ਭਾਉ ਕੁਦਾਉ ਹੈ ਹਾਰਿ ਜਨਮੁ ਖਲੋਵੈ।
ਪੀਰ ਮੁਰੀਦਾ ਪਿਰਹੜੀ [10]ਗੁਣ ਗੁਣੀ ਪਰੋਵੈ॥ ੧੨ ॥

---

੧ ਹੋਰ ਰੰਗਾਂ ਵਿਚ ਪਰੇਮ ਨਹੀਂ ਕਰਨਾ ਚਾਹੀਦਾ। ੨ ਹੋਰ ਸਵਾਦ ਜ਼ਹਿਰ ਵਾਂਗ ਹਨ। ੩ ਠਗਦਾ। ੪ ਸੱਚ ਦੀ ਕਰਨੀ ਹੀ) ਸੱਚ ਨੂੰ ਮਿਲਾ ਸਕਦੀ ਹੈ। ੫ ਦੂਜੀ ਆਸ਼ਾ ਵਿਚ ਲਗਿਆਂ ਸਰੀਰ ਦਾ ਨਾਸ ਹੋ ਜਾਂਦਾ ਹੈ। ੬ ਧੋਖਾ। ੭ ਅੰਤ ਖਰਾਬ ਹੁੰਦਾ ਹੈ। ੮ ਖੋਟਾ ਢੰਗ। (ਦੂਜੀ ਸੰਗਤ) ਪਾਪਾਂ ਨੂੰ ਕਿਵੇਂ ਧੋ ਸਕਦੀ ਹੈ। ੧੦ (ਗੁਰੂ ਤੇ ਚੇਲੇ ਦਾ ਪਰੇਮ) ਗੁਣਾਂ ਨਾਲ ਪਰੋ ਕੇ ਗੁਣੀ ਬਣਾ ਦੇਂਦਾ ਹੈ।

Digitized by Panjab Digital Library | www.panjabdigilib.org

## ਪਉੜੀ ੧੩

[ਗੁਰੂ ਜੀ ਦੀ ਪ੍ਰੀਤਿ ਦਾ ਰੂਪ]

[1]ਅਮਿਓ ਦਿਸਟਿ ਕਰਿ ਕਛੂ ਵਾਂਗਿ [2]ਭਵਜਲ ਵਿਚਿ ਰਖੈ।
[3]ਗਿਆਨ ਅੰਸ ਦੇ ਹੰਸ ਵਾਂਗਿ ਬੁਝਿ ਭਖ ਅਭਖੈ।
ਸਿਮਰਣ ਕਰਦੇ ਕੂੰਜ ਵਾਂਗਿ [4]ਉਡਿ ਲਖੈ ਅਲਖੈ।
ਮਾਤਾ ਬਾਲਕ ਹੇਤੁ ਕਰਿ ਓਹੁ ਸਾਉ ਨ ਚਖੈ।
ਸਤਿਗੁਰ ਪੁਰਖੁ ਦਇਆਲੁ ਹੈ [5]ਗੁਰ ਸਿਖ ਪਰਖੈ।
[6]ਪੀਰ ਮੁਰੀਦਾ ਪਿਰਹੜੀ ਲਖ ਮੁਲੀ ਅਨਿ ਕਖੈ ॥ ੧੩ ॥

## ਪਉੜੀ ੧੪

[ਗੁਰੂ ਨਾਲ ਸਿਖ ਦੀ ਪ੍ਰੀਤਿ ਦਾ ਰੂਪ]

ਦਰਸਨੁ ਦੇਖਿ ਪਤੰਗ ਜਿਉ ਜੋਤੀ ਜੋਤਿ ਸਮਾਵੈ।
ਸਬਦ ਸੁਰਤਿ ਲਿਵ ਮਿਰਗ ਜਿਉ ਅਨਹਦ ਲਿਵ ਲਾਵੈ।
ਸਾਧ ਸੰਗਤਿ ਵਿਚਿ ਮੀਨੁ ਹੋਇ ਗੁਰਮਤਿ ਸੁਖ ਪਾਵੈ।
ਚਰਣ ਕਵਲ ਚਿਤਿ ਭਵਰੁ ਹੋਇ ਸੁਖ ਰੈਣਿ ਵਿਹਾਵੈ।
ਪੀਰ ਮੁਰੀਦਾ ਪਿਰਹੜੀ ਦੁਬਿਧਾ ਨਾ ਸੁਖਾਵੈ ॥ ੧੪ ॥

## ਪਉੜੀ ੧੫

[ਗੁਰੂ ਸਭਨਾ ਤੋਂ ਸਮਰਥ ਹੈ]

ਦਾਤਾ ਓਹੁ ਨ ਮੰਗੀਐ ਫਿਰਿ ਮੰਗਣਿ ਜਾਈਐ।
ਹੋਛਾ ਸਾਹੁ ਨ ਕੀਚਈ ਫਿਰਿ ਪਛੋਤਾਈਐ।
ਸਾਹਿਬੁ ਓਹੁ ਨ ਸੇਵੀਐ ਜਮ ਡੰਡੁ ਸਹਾਈਐ।
ਹਉਮੈ ਰੋਗੁ ਨ ਕਟਈ ਓਹੁ ਵੈਦੁ ਨ ਲਾਈਐ।

---

੧ ਅੰਮ੍ਰਿਤ ਦ੍ਰਿਸ਼ਟੀ। ੨ ਸੰਸਾਰ ਸਮੁੰਦਰ ਵਿਚ ਰਖਿਆ ਕਰਦੀ ਹੈ। ੩ ਗਿਆਨ ਦੀ ਅੰਸ਼ ਦੇ ਕੇ ਹੰਸ ਵਾਂਗ ਬਣਾ ਦੇਂਦੇ ਹਨ ਜੋ ਭੱਖ ਤੇ ਅਭੱਖ ਦੀ ਵਿਚਾਰ ਕਰ ਲੈਂਦੇ ਹਨ। ੪ ਉਡ ਕੇ ਅਲਖ ਹੋ ਜਾਣ ਤਾਂ ਭੀ (ਬਚਿਆਂ ਨੂੰ) ਲਖ ਲੈਂਦੀਆਂ ਹਨ। ੫ ਪਰ ਗੁਰੂ ਸਿਖ ਦੀ ਪਰਖ ਜ਼ਰੂਰ ਕਰਦੇ ਹਨ। ੬ ਪੀਰ ਤੇ ਮੁਰੀਦਾਂ ਦਾ ਲੱਖ ਮੁਲਾ ਪਰੇਮ ਹੈ, ਹੋਰ ਪਰੇਮ ਕੱਖ ਬਰਾਬਰ ਹਨ।

Digitized by Panjab Digital Library | www.panjabdigilib.org

ਦੁਰਮਤਿ ਮੈਲੁ ਨ ਉਤਰੈ ਕਿਉ ਤੀਰਥਿ ਨਾਈਐ।
ਪੀਰ ਮੁਰੀਦਾ ਪਿਰਹੜੀ ਸੁਖ ਸਹਜਿ ਸਮਾਈਐ॥ ੧੫ ॥

## ਪਉੜੀ ੧੬

[ਗੁਰੂ ਪ੍ਰੀਤਿ ਸਭ ਤੋਂ ਉੱਚੀ ਹੈ]

ਮਾਲੁ [1]ਮੁਲਕੁ ਚਤੁਰੰਗ ਦਲ ਦੁਨੀਆ ਪਤਿਸਾਹੀ।
ਰਿਧਿਸਿਧਿ ਨਿਧਿ ਬਹੁ ਕਰਾਮਾਤਿ ਸਭਖਲਕ ਉਮਾਹੀ[2]।
[3]ਚਿਰੁ ਜੀਵਣੁ ਬਹੁ ਹੰਢਣਾ [4]ਗੁਣ ਗਿਆਨ ਉਗਾਹੀ।
ਹੋਰਸੁ ਕਿਸੈ ਨ ਜਾਣਈ ਚਿਤਿ ਬੇਪਰਵਾਹੀ।
ਦਰਗਹ ਢੋਈ ਨਾ ਲਹੈ ਦੁਬਿਧਾ ਬਦਰਾਹੀ।
[6]ਪੀਰ ਮੁਰੀਦਾ ਪਿਰਹੜੀ ਪਰਵਾਣੁ ਸੁ ਘਾਹੀ॥ ੧੬ ॥

## ਪਉੜੀ ੧੭

[ਗੁਰੂ ਪ੍ਰੇਮ ਤੋਂ ਬਿਨਾਂ ਸਭ ਬਿਅਰਥ]

ਵਿਣੁ ਗੁਰੁ ਹੋਰੁ[7] ਧਿਆਨੁ ਹੈ ਸਭ ਦੂਜਾ ਭਾਉ।
ਵਿਣੁ ਗੁਰ ਸਬਦ ਗਿਆਨੁ ਹੈ ਫਿਕਾ ਆਲਾਉ[8]।
ਵਿਣੁ ਗੁਰ ਚਰਣਾ ਪੂਜਣਾ ਸਭੁ ਕੂੜਾ ਸੁਆਉ[9]।
ਵਿਣੁ ਗੁਰ ਬਚਨੁ ਜੁ ਮੰਨਣਾ [10]ਊਰਾ ਪਥਰਾਉ।
ਸਾਧ ਸੰਗਤਿ ਵਿਣੁ ਸੰਗੁ ਹੈ ਸਭੁ ਕਚਾ ਚਾਉ[11]।
ਪੀਰ ਮੁਰੀਦਾ ਪਿਰਹੜੀ [12]ਜਿਣਿ ਜਾਣਨਿ ਦਾਉ॥ ੧੭ ॥

---

੧ ਚਾਰ ਤਰ੍ਹਾਂ ਦੀ ਸੈਨਾ। ੨ (ਵੇਖ ਵੇਖ) ਖੁਸ਼ ਹੁੰਦੀ ਹੋਵੇ। ੩ ਬਹੁਤੀ ਉਮਰ ਵਾਲਾ। ੪ ਗੁਣੀ ਤੇ ਗਿਆਨੀ ਉਸ ਦੀ ਵਿਦਵੱਤਾ ਦੀ ਗਵਾਹੀ ਦੇਣ। ੫ ਦਵੈਤ ਦੇ ਖੋਟੇ ਰਾਹ ਪੁਰ ਹੈ। ੬ ਜੇ ਸਿੱਖ ਗੁਰੂ ਦੀ ਪ੍ਰੀਤ ਹੋਵੇ (ਉਹ ਸਿਖ ਭਾਵੇਂ) ਘਾਹੀ (ਭੀ ਹੋਵੇ) ਤਾਂ ਪ੍ਰਵਾਣ ਹੈ। ੭ ਦੇਵਤਿਆਂ ਆਦਿ ਦਾ। ੮ ਬਕਵਾਸ। ੯ ਪ੍ਰਯੋਜਨ। ੧੦ ਹੋਛਾ ਵਸੀਲਾ। ੧੧ ਉਲਾਸ ਖੁਸ਼ੀ। ੧੨ ਮਨੁੱਖਾ ਜਨਮ ਦੀ ਬਾਜ਼ੀ (ਦਾਉ) ਜਿਤਣਾ ਜਾਣਦੇ ਹਨ।

Digitized by Panjab Digital Library | www.panjabdigilib.org

## ਪਉੜੀ ੧੮

[ਗੁਰੂ ਪ੍ਰੀਤਿ ਹਉਂ ਤੋੜਦੀ ਹੈ]

ਲਖ ਸਿਆਣਪ ਸੁਰਤਿ[1] ਲਖ ਲਖ ਗੁਣ ਚਤੁਰਾਈ।
ਲਖ ਮਤਿ ਬੁਧਿ ਸੁਧਿ ਗਿਆਨ ਧਿਆਨ ਲਖਪਤਿ ਵਡਿਆਈ।
ਲਖ ਜਪ ਤਪ ਲਖ ਸੰਜਮਾ ਲਖ ਤੀਰਥ ਨਾਈ।
ਕਰਮ ਧਰਮ ਲਖ ਜੋਗ ਭੋਗ ਲਖ ਪਾਠ ਪੜਾਈ।
ਆਪੁ ਗਣਾਇ ਵਿਗੁਚਣਾ[2] ਓਹੁ ਥਾਇ ਨ ਪਾਈ।
[3]ਪੀਰ ਮੁਰੀਦਾ ਪਿਰਹੜੀ ਹੋਇ ਆਪੁ ਗਵਾਈ॥੧੮॥

## ਪਉੜੀ ੧੯

[ਮੁਰੀਦ ਦੀ ਸੇਵਾ ਦਾ ਰੂਪ]

ਪੈਰੀ ਪੈ ਪਾਖਾਕ ਹੋਇ ਛਡਿ ਮਣੀ[4] ਮਨੂਰੀ[5]।
ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ।
ਤੁਪੜ ਝਾੜਿ ਵਿਛਾਇਦਾ [6]ਚੁਲਿ ਝੋਕਿ ਨ ਝੂਰੀ।
ਮੁਰਦੇ ਵਾਂਗਿ ਮੁਰੀਦੁ ਹੋਇ ਕਰਿ [7]ਸਿਦਕ ਸਬੂਰੀ।
ਚੰਦਨੁ ਹੋਵੈ ਸਿੰਮਲਹੁ [8]ਫਲੁ ਵਾਸੁ ਹਜੂਰੀ।
ਪੀਰ ਮੁਰੀਦਾ ਪਿਰਹੜੀ ਗੁਰਮੁਖਿ ਮਤਿ ਪੂਰੀ॥੧੯।

## ਪਉੜੀ ੨੦

[ਗੁਰ ਸੇਵਾ ਫਲ]

[9]ਗੁਰ ਸੇਵਾ ਦਾ ਫਲੁ ਘਣਾ ਕਿਨਿ[9] ਕੀਮਤਿ ਹੋਈ।
ਰੰਗ ਸੁਰੰਗੁ[10] ਅਚਰਜੁ ਹੈ ਵੇਖਾਲੈ ਸੋਈ[11]।
ਸਾਦੁ ਵਡਾ ਵਿਸਮਾਦੁ ਹੈ [12]ਰਸੁ ਗੁੰਗੇ ਗੋਈ।

---

੧ ਗਿਆਤ। ੨ ਖਰਾਬ ਹੋਣਾ। ੩ ਗੁਰੂ ਚੇਲੇ ਦਾ ਪਰੇਮ ਆਪਾ ਭਾਵ ਗੁਆ ਦੇਂਦਾ ਹੈ। ੪ ਵਡਿਆਈ। ੫ ਮਨੌਤ। ੬ (ਲੰਗਰ ਦੇ) ਚੁਲੇ ਵਿਚ ਬਾਲਣ ਝੋਕਦਾ ਹੋਇਆ ਝੁਕਦਾ ਨਹੀਂ। ੭ ਭਰੋਸਾ ਤੇ ਸਬਰ। ੮ ਹਜ਼ੂਰੀ ਵਿਚ ਰਹਿਣ ਨਾਲ ਵਾਸ (ਸੁਗੰਧ ਦਾ) ਫਲ ਮਿਲਦਾ ਹੈ। ੯ ਕਿਸ ਪਾਸੋਂ। ੧੦ ਚੰਗਾ ਰੰਗ (ਲਾਲ)। ੧੧ ਗੁਰੂ। ੧੨ ਗੁੰਗੇ ਦੀ ਬਾਣੀ ਜਿਹਾ ਰਸ ਹੈ।

Digitized by Panjab Digital Library | www.panjabdigilib.org

ਉਤਭੁਜ[੧] ਵਾਸੁ ਨਿਵਾਸੁ ਹੈ [੨]ਕਰਿ ਚਲਤੁ ਸਮੋਈ।
[੩]ਤੋਲੁ ਅਤੋਲੁ ਅਮੋਲੁ ਹੈ [੪]ਜਰੈ ਅਜਰੁ ਕੋਈ।
ਪੀਰ ਮੁਰੀਦਾ ਪਿਰਹੜੀ [੫]ਜਾਣੈ ਜਾਣੋਈ ॥ ੨੦ ॥

## ਪਉੜੀ ੨੧

[ਮੁਰੀਦ ਤਦਰੂਪ ਕਿੱਨ੍ਹ ਹੁੰਦਾ ਹੈ ?]

ਚੰਨਣੁ ਹੋਵੈ ਚੰਨਣਹੁ ਕੋ ਚਲਿਤ[੬] ਨ ਜਾਣੈ।
ਦੀਵਾ ਬਲਦਾ ਦੀਵਿਅਹੁ ਸਮਸਰਿ[੭] ਪਰਵਾਣੈ।
ਪਾਣੀ ਰਲਦਾ ਪਾਣੀਐ ਤਿਸੁ ਕੋ ਨ ਸਿਵਾਣੈ।
ਭ੍ਰਿੰਗੀ ਹੋਵੈ ਕੀੜਿਅਹੁ [੮]ਕਿਵ ਆਖਿ ਵਖਾਣੈ।
ਸਪੁ ਛਡੰਦਾ ਕੁੰਜ ਨੋ [੯]ਕਰਿ ਚੋਜ ਵਿਡਾਣੈ।
ਪੀਰ ਮੁਰੀਦਾ ਪਿਰਹੜੀ ਹੈਰਾਣੁ ਹੈਰਾਣੈ ॥ ੨੧ ॥

## ਪਉੜੀ ੨੨

[ਆਤਮ ਪ੍ਰਾਪਤੀ ਦੀ ਜੁਗਤੀ]

ਫੁਲੀ ਵਾਸੁ ਨਿਵਾਸੁ ਹੈ[੧੦] ਕਿਤੁ ਜੁਗਤਿ ਸਮਾਣੀ।
ਫਲਾ ਅੰਦਰਿ ਜਿਉ ਸਾਦੁ ਬਹੁ ਸਿੰਜੇ ਇਕ ਪਾਣੀ।
ਘਿਉ ਦੁਧ ਵਿਚਿ ਵਖਾਣੀਐ ਕੋ ਮਰਮੁ ਨ ਜਾਣੀ।
ਜਿਉ ਬੈਸੰਤਰੁ ਕਾਠ ਵਿਚਿ [੧੧]ਓਹੁ ਅਲਖ ਵਿਡਾਣੀ।
[੧੩]ਗੁਰਮੁਖਿ ਸੰਜਮਿ ਨਿਕਲੈ ਪਰਗਟੁ ਪਰਵਾਣੀ।
ਪੀਰ ਮੁਰੀਦਾ ਪਿਰਹੜੀ ਸੰਗਤਿ ਕੁਰਬਾਣੀ ॥ ੨੨ ॥

---

੧ ਬਨਾਸਪਤੀ। ੨ ਬੜੇ ਚਲਿੱਤਰ ਨਾਲ ਉਸ ਵਿਚ ਸਮਾਈ ਹੋਈ ਹੈ। ੩ ਤੋਲਣ ਤੋਂ ਅਤੋਲ। ੪ ਕੋਈ ਹੀ ਅਜਰ ਨੂੰ ਜਰਦਾ ਹੈ। ੫ ਜਾਨਣਹਾਰ ਨੀ ਜਾਣਦਾ ਹੈ। ੬ ਕੌਤਕ। ੭ ਬਰਾਬਰ ੮ ਕੋਈ ਕਿਵੇਂ ਦੱਸ ਸਕਦਾ ਹੈ (ਕਿ ਕਿਵੇਂ ਹੋ ਜਾਂਦੀ ਹੈ)। ੯ ਅਚਰਜ ਚੋਜ ਕਰ ਕੇ। ੧੦ ਕਿਸ ਜੁਗਤੀ ਨਾਲ ਸਮਾਈ ਹੋਈ ਹੈ। ੧੧ ਉਹ ਦਾ ਨ ਦਿਸਣਾ ਅਚਰਜ ਹੈ। ੧੨ ਗੁਰਮੁਖਾਂ ਦੇ ਸੰਜਮ ਨਾਲ ਉਕਤ ਸਭ ਵਸਤਾਂ ਨਿਕਲ ਕੇ ਪ੍ਰਗਟ ਅਤੇ ਸਭਨਾਂ ਵਿਚ ਪ੍ਰਵਾਨ ਹੋ ਜਾਂਦੀਆਂ ਹਨ।

Digitized by Panjab Digital Library | www.panjabdigilib.org

## ਪਉੜੀ ੨੩

[ਸਿਰੁ ਦੀਜੈ ਕਾਣ ਨ ਕੀਜੈ]

ਦੀਪਕ ਜਲੈ ਪਤੰਗ ਵੰਸੁ ਫਿਰਿ ਦੇਖਿ ਨ ਹਟੈ।
ਜਲ ਵਿਚਹੁ ਫੜਿ ਕਢੀਐ ਮਛ ਨੇਹੁ ਨ ਘਟੈ।
[1]ਘੰਡਾ ਹੇੜੈ ਮਿਰਗ ਜਿਉ ਸੁਣਿ ਨਾਦੁ ਪਲਟੈ[2]।
ਭਵਰੈ ਵਾਸੁ ਵਿਣਾਸੁ ਹੈ ਫੜਿ ਕਵਲ ਸੰਘਟੈ[3]।
[4]ਗੁਰਮੁਖਿ ਸੁਖ ਫਲੁ ਪਿਰਮ ਰਸੁ ਬਹੁ ਬੰਧਨ ਕਟੈ।
ਧੰਨੁ ਧੰਨੁ ਗੁਰ ਸਿੱਖ ਵੰਸੁ ਗੁਰਮਤਿ ਨਿਧਿ ਖਟੈ ॥ ੨੩ ॥ ੨੭ ॥

* *
o
* *

੧ ਸ਼ਿਕਾਰੀ ਦੇ ਟੱਲ (ਦੇ ਸ਼ਬਦ ਨੂੰ ਸੁਣ ਕੇ)। ੨ ਲੇਟਦਾ ਹੈ। ੩ ਸੁੰਘਦਾ ਹੈ। ੪ ਗੁਰਮੁਖਾਂ ਦੇ ਪ੍ਰੇਮ ਰਸ ਦਾ ਸੁਖ ਫਲ। ੫ ਗੁਰੂ ਉਪਦੇਸ਼ ਦਵਾਰਾ (ਆਤਮ) ਨਿਧੀ ਖੱਟਦੇ ਹਨ।

Digitized by Panjab Digital Library | www.panjabdigilib.org

# ਵਾਰ ੨੯

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਸਿਖੀ ਔਖੀ, ਪਰ ਅਮੋਲਕ ਹੈ]

ਵਾਲਹੁ ਨਿਕੀ ਆਖੀਐ ਖੰਡੇ ਧਾਰਹੁ ਸੁਣੀਐ ਤਿਖੀ।
ਆਖਣਿ ਆਖਿ ਨ ਸਕੀਐ ਲੇਖ ਅਲੇਖ ਨ ਜਾਈ ਲਿਖੀ।
ਗੁਰਮੁਖਿ ਪੰਥੁ [1]ਵਖਾਣੀਐ [2]ਅਪੜਿ ਨ ਸਕੈ ਇਕਤੁ ਵਿਖੀ।
ਸਿਲ ਆਲੂਣੀ ਚਟਣੀ ਤੁਲਿ ਨ [3]ਲਖ ਅਮਿਅ ਰਸ ਇਖੀ।
ਗੁਰਮੁਖਿ ਸੁਖ ਫਲੁ ਪਾਇਆ [4]ਭਾਇ ਭਗਤਿ ਵਿਰਲੀ ਜੁ ਬਿਰਖੀ।
ਸਤਿਗੁਰ ਤੁਠੈ ਪਾਈਐ ਸਾਧ ਸੰਗਤਿ ਗੁਰਮਤਿ ਗੁਰ ਸਿਖੀ।
[5]ਚਾਰਿ ਪਦਾਰਥ ਭਿਖਕ ਭਿਖੀ ॥ ੧ ॥

## ਪਉੜੀ ੨

[ਸਿਖੀ ਨਿਸ਼ਕਾਮ ਹੈ]

ਚਾਰਿ ਪਦਾਰਥ ਆਖੀਅਨਿ ਸਤਿਗੁਰ ਦੇਇ ਨ ਗੁਰ ਸਿਖੁ ਮੰਗੈ।
ਅਠ ਸਿਧੀ ਨਿਧੀ ਨਵੈ ਰਿਧਿ ਨ ਗੁਰੁ ਸਿਖੁ [6]ਢਾਕੈ ਟੰਗੈ।
ਕਾਮਧੇਨੁ ਲਖ ਲਖਮੀ [7]ਪਹੁੰਚ ਨ ਹੰਘੈ ਢੰਗਿ ਸੁਢੰਗੈ।
ਲਖ ਪਾਰਸ ਲਖ ਪਾਰਜਾਤ ਹਥਿ ਨ ਛੁਹਦਾ ਫਲ ਨ ਅਭੰਗੈ[8]।
ਤੰਤ ਮੰਤ ਪਾਖੰਡ ਲਖ [9]ਬਾਜੀਗਰ ਬਾਜਾਰੀ ਨੰਗੈ।
ਪੀਰ ਮੁਰੀਦੀ ਗਾਖੜੀ[10] ਇਕਸ ਅੰਗਿ ਨ ਅੰਗਣਿ ਅੰਗੈ।
ਗੁਰ ਸਿਖੁ ਦੂਜੇ ਭਾਵਹੁ ਸੰਗੈ ॥ ੨ ॥

---

੧ ਆਖਿਆ ਜਾਦਾ ਹੈ। ੨ ਕੋਈ ਇਕ ਕਦਮ ਨਾਲ ਅੱਪੜ ਨਹੀਂ ਸਕਦਾ। ੩ ਗੰਨਿਆਂ ਦੇ ਲੱਖਾਂ ਅੰਮ੍ਰਿਤ ਰਸ। ੪ ਪਰੇਮ ਭਗਤੀ ਦੇ ਫਲ ਵਿਰਲੇ ਬਿਰਖਾਂ ਨੂੰ ਹੀ ਲਗਦੇ ਹਨ। ੫ ਚਾਰ ਪਦਾਰਥਾਂ ਦੀ ਭਿਖਿਆ ਭਿਖਾਰੀਆਂ ਨੂੰ ਦੇਂਦੇ ਹਨ। ੬ ਢਾਕੇ (ਪਿੱਠ) ਪਿਛੇ ਨਹੀਂ ਚੁਕੀ ਫਿਰਦੇ। ੭ (ਉਕਤ ਵਸਤਾਂ ਆਪਣੇ) ਸੁੰਦਰ ਢੰਗਾਂ ਨਾਲ ਭੀ (ਗੁਰ ਸਿੱਖ ਨੂੰ) ਨਹੀਂ ਪਹੁੰਚ ਸਕਦੀਆਂ। ੮ ਸੁੰਦਰ। ੯ (ਨੰਗ) ਬੇਸ਼ਰਮ ਬਾਜ਼ਾਰੀ ਤਮਾਸ਼ੇ ਕਰਨ ਵਾਲੇ। ੧੦ ਔਖੀ।

## ਪਉੜੀ ੩

[ਸਿਖੀ ਦੀ ਅਮੋਲਕਤਾ]

ਗੁਰ ਸਿਖੀ ਦਾ [1]ਸਿਖਣਾ ਨਾਦੁ ਨ ਵੇਦ ਨ ਆਖਿ ਵਖਾਣੈ।
ਗੁਰ ਸਿਖੀ ਦਾ ਲਿਖਣਾ ਲਖ ਨ ਚਿਤ੍ਰ ਗੁਪਤਿ ਲਿਖਿ ਜਾਣੈ।
ਗੁਰ ਸਿਖੀ ਦਾ ਸਿਮਰਣੋ ਸੇਖ ਅਸੰਖ ਨ ਰੇਖ[2] ਸਿਞਾਣੈ।
ਗੁਰ ਸਿਖੀ ਦਾ [3]ਵਰਤਮਾਨੁ ਵੀਹ ਇਕੀਹ ਉਲੰਘਿ ਪਛਾਣੈ।
ਗੁਰ ਸਿਖੀ ਦਾ ਬੁਝਣਾ ਗਿਆਨ ਧਿਆਨ ਅੰਦਰਿ ਕਿਵ ਆਣੈ।
ਗੁਰ ਪਰਸਾਦੀ ਸਾਧ ਸੰਗਿ [4]ਸਬਦ ਸੁਰਤਿ ਹੋਇ ਮਾਣੁ ਨਿਮਾਣੈ।
ਭਾਇ ਭਗਤਿ ਵਿਰਲਾ ਰੰਗੁ ਮਾਣੈ ॥ ੩ ॥

## ਪਉੜੀ ੪

[ਸਿਖੀ ਦੀ ਸਿਖਿਆ ਤੇ ਰਸ]

ਗੁਰ ਸਿਖੀ ਦਾ ਸਿਖਣਾ ਗੁਰਮੁਖਿ ਸਾਧ ਸੰਗਤਿ ਦੀ ਸੇਵਾ।
[5]ਦਸ ਅਵਤਾਰ ਨ ਸਿਖਿਆ ਗੀਤਾ ਗੋਸਟਿ ਅਲਖ ਅਭੇਵਾ।
ਵੇਦ ਨ ਜਾਣਨ ਭੇਦ ਕਿਹੁ ਲਿਖਿ ਪੜਿ ਸੁਣਿ ਸਣੁ ਦੇਵੀ ਦੇਵਾ।
ਸਿਧ ਨਾਥ ਨ ਸਮਾਧਿ ਵਿਚਿ [6]ਤੰਤ ਨ ਮੰਤ ਲੰਘਾਇਨਿ ਖੇਵਾ।
ਲਖ ਭਗਤਿ ਜਗਤ ਵਿਚਿ ਲਿਖ ਨ ਗਏ ਗੁਰੁ ਸਿਖੀ ਟੇਵਾ[7]।
ਸਿਲਾ ਅਲੂਣੀ ਚਟਣੀ ਸਾਦਿ ਨ ਪੁਜੈ ਲਖ ਲਖ ਮੇਵਾ।
[8]ਸਾਧ ਸੰਗਤਿ ਗੁਰ ਸਬਦ ਸਮੇਵਾ ॥ ੪ ॥

---

੧ ਸਿੱਖਿਆ ਨੂੰ ਨਾ (ਨਾਦ) ਰਾਗ (ਗਾ ਸਕਦਾ ਹੈ ਤੇ) ਨਾ ਵੇਦ ਵਿਆਖਿਆ ਕਰ ਸਕਦਾ ਹੈ। ੨ ਹੱਦਾਂ। ੩ ਵਰਤਾਰਾ, ਵੀਹ-ਇਕੀਹ (ਦੀਆਂ ਗਿਣਤੀਆਂ ਵਾਲੇ ਸੰਸਾਰ) ਨੂੰ ਪਾਰ ਕਰਕੇ ਹੀ ਪਛਾਣਿਆ ਜਾ ਸਕਦਾ ਹੈ। ੪ ਸ਼ਬਦ ਦੀ ਪ੍ਰੀਤ ਨਾਲ। ੫ ਦਸ ਅਵਤਾਰਾਂ ਭੀ ਗੁਰਸਿੱਖੀ ਨੂੰ ਨਹੀਂ ਸਿਖਿਆ (ਜੋ) ਗੀਤਾ ਦੀ ਚਰਚਾ ਤੋਂ ਭੀ ਅਲਖ ਤੇ ਅਭੇਵ ਹੈ। ੬ ਤੰਤਰਾ ਤੇ ਮੰਤਰਾਂ ਦੇ ਚਪੂ ਭੀ ਪਾਰ ਨਾ ਲੰਘਾ ਸਕੇ। ੭ ਜੋਤਿਸ਼। ੮ ਸਾਧ ਸੰਗਤ ਅੰਦਰ ਗੁਰੂ ਦੇ ਸ਼ਬਦ ਵਿਚ ਸਮਾਉਣਾ (ਹੀ ਗੁਰਸਿੱਖੀ ਹੈ)।

Digitized by Panjab Digital Library | www.panjabdigilib.org

## ਪਉੜੀ ੫

[ਸਿਖੀ ਦੀ ਪ੍ਰਾਪਤੀ ਦਾ ਪ੍ਰਕਾਰ]

ਗੁਰਸਿਖੀ ਦਾ ਸਿਖਣਾ ਸਬਦਿ ਸੁਰਤਿ[੧] ਸਤਿਸੰਗਤਿ ਸਿਖੈ।
ਗੁਰਸਿਖੀ ਦਾ ਲਿਖਣਾ ਗੁਰ ਬਾਣੀ ਸੁਣਿ ਸਮਝੈ ਲਿਖੈ।
[੨]ਗੁਰਸਿਖੀ ਦਾ ਸਿਮਰਣੋ ਸਤਿਗੁਰੁ ਮੰਤੁ ਕੋਲੂ ਰਸੁ ਇਖੈ।
[੩]ਗੁਰਸਿਖੀ ਦਾ ਵਰਤਮਾਨੁ ਚੰਦਨ ਵਾਸੁ ਨਿਵਾਸੁ ਬਿਰਿਖੈ।
[੪]ਗੁਰਸਿਖੀ ਦਾ ਬੁਝਣਾ ਬੁਝਿ ਅਬੁਝਿ ਹੋਵੈ ਲੈ ਭਿਖੈ।
ਸਾਧ ਸੰਗਤਿ ਗੁਰ ਸਬਦੁ ਸੁਣਿ ਨਾਮੁ ਦਾਨੁ ਇਸਨਾਨੁ ਸਰਿਖੈ[੫]।
[੬]ਵਰਤਮਾਨੁ ਲੰਘਿ ਭੂਰ ਭਵਿਖੈ ॥ ੫ ॥

## ਪਉੜੀ ੬

[ਸਿਖੀ ਪਰਾਪਤੀ ਦਾ ਪਰਕਾਰ]

ਗੁਰਸਿਖੀ ਦਾ ਬੋਲਣਾ ਹੁਇ ਮਿਠ ਬੋਲਾ [੭]ਲਿਖੈ ਨ ਲੇਖੈ।
ਗੁਰਸਿਖੀ ਦਾ ਚਲਣਾ ਚਲੈ ਭੈ ਵਿਚਿ [੮]ਲੀਤੇ ਭੇਖੈ।
ਗੁਰਸਿਖੀ ਦਾ ਰਾਹੁ ਏਹੁ [੯]ਗੁਰਮੁਖਿ ਚਾਲ ਚਲੈ ਸੋ ਦੇਖੈ।
ਘਾਲਿ ਖਾਇ ਸੇਵਾ ਕਰੈ [੧੦]ਗੁਰ ਉਪਦੇਸੁ ਅਵੇਸੁ ਵਿਸੇਖੈ।
ਆਪੁ ਗਣਾਇ ਨ ਅਪੜੈ ਆਪੁ ਗਵਾਏ ਰੂਪ ਨ ਰੇਖੈ।
ਮੁਰਦੇ ਵਾਂਗੁ ਮੁਰੀਦ ਹੋਇ [੧੧]ਗੁਰ ਗੋਰੀ ਵੜਿ ਅਲਖ ਅਲੇਖੈ।
ਅੰਤੁ ਨ ਅੰਤੁ ਨ ਸੇਖ ਸਰੇਖੈ[੧੨] ॥ ੬ ॥

---

੧ ਪ੍ਰੀਤ। ੨ ਵੇਲਣੇ ਵਿਚੋਂ ਨਿਕਲੇ ਕਮਾਦ ਦੇ ਰਸ (ਵਾਂਗ ਮਿੱਠੀ) ਸਤਿਗੁਰ ਦੀ ਮਤਿ ਨੂੰ ਲੈਣਾ ਹੀ ਗੁਰ ਸਿੱਖੀ ਦਾ ਸਿਮਰਨ ਹੈ। ੩ ਗੁਰ ਸਿੱਖੀ ਦਾ ਵਰਤਾਰਾ (ਜੰਗਲ ਦੇ) ਰੁਖਾਂ ਵਿਚ ਸੁਗੰਧ ਦੇ ਨਿਵਾਸ ਵਾਂਗ ਹੈ। ੪ ਗੁਰ ਸਿੱਖੀ ਦਾ ਜਾਨਣਾ ਇਹ ਹੀ ਹੈ ਕਿ ਗਿਆਨ ਦੀ ਭਿਖਿਆ ਲੈ ਕੇ ਭੀ ਅਬੁਝ (ਭੋਲਾ) ਬਣਿਆ ਰਹੇ। ੫ ਸ੍ਰੇਸ਼ਟ। ੬ ਤਿੰਨਾਂ ਕਾਲਾਂ (ਭੂਤ ਭਵਿਖ ਤੇ ਵਰਤਮਾਨ) ਤੋਂ ਪਾਰ ਲੰਘ ਗਏ ਹਨ। ੭ (ਆਪਣੇ ਇਸ ਕਰਮ ਨੂੰ) ਕਿਸੇ ਲੇਖੇ ਵਿਚ ਨਾ ਲਿਖੇ (ਅਹੰਕਾਰ ਨਾ ਕਰੇ)। ੮ (ਸਿੱਖੀ ਦਾ) ਭੇਖ ਲੈ ਕੇ। ੯ ਗੁਰਮੁਖਾਂ ਨੂੰ ਜੋ ਚਾਲ ਚਲਦਾ ਦੇਖੇ, ਚਲੇ। ੧੦ ਵਿਸ਼ੇਸ਼ ਕਰ ਕੇ ਗੁਰੂ ਦੇ ਉਪਦੇਸ਼ ਵਿਚ ਪ੍ਰਵੇਸ਼ ਕਰੇ। ੧੧ ਗੁਰੂ ਰੂਪ ਕਬਰ ਵਿਚ (ਮੁਰਦਾ ਰੂਪ ਮੁਰੀਦ ਹੋ ਕੇ) ਦਾਖ਼ਲ ਹੋਵੇ, ਅਲਖ ਅਤੇ ਲੇਖੇ ਤੋਂ ਰਹਿਤ ਹੋ ਜਾਏ। ੧੨ ਸਰੀਖੇ, ਜਿਹੇ।

Digitized by Panjab Digital Library | www.panjabdigilib.org

## ਪਉੜੀ ੭

[ਸਿਖੀ ਦੀ ਅਮੋਲਕਤਾ]

ਗੁਰ ਸਿਖੀ ਦਾ ਸਿਖਣਾ ਗੁਰੁ ਸਿਖ ਸਿਖਣ ਬਜਰੁ ਭਾਰਾ।
ਗੁਰੁ ਸਿਖੀ ਦਾ ਲਿਖਣਾ ਲੇਖੁ ਅਲੇਖੁ ਨ ਲਿਖਣ ਹਾਰਾ।
ਗੁਰੁ ਸਿਖੀ ਦਾ ਤੋਲਣਾ [੧]ਤੁਲਿ ਨ ਤੋਲਿ ਤੁਲੈ ਤੁਲ ਧਾਰਾ।
ਗੁਰ ਸਿਖੀ ਦਾ ਦੇਖਣਾ ਗੁਰਮੁਖਿ ਸਾਧ ਸੰਗਤਿ ਗੁਰਦੁਆਰਾ।
ਗੁਰ ਸਿਖੀ ਦਾ ਚਖਣਾ ਸਾਧ ਸੰਗਤਿ ਗੁਰੁ ਸਬਦੁ ਵੀਚਾਰਾ।
ਗੁਰੁ ਸਿਖੀ ਦਾ ਸਮਝਣਾ [੨]ਜੋਤੀ ਜੋਤਿ ਜਗਾਵਣ ਹਾਰਾ।
ਗੁਰਮੁਖਿ ਸੁਖ ਫਲੁ [੩]ਪਿਰਮੁ ਪਿਆਰਾ ॥ ੭ ॥

## ਪਉੜੀ ੮

[ਸਿਖੀ ਪਾ ਕੇ ਉਚੇ ਹੋਈਦਾ ਹੈ]

ਗੁਰ ਸਿਖੀ ਦਾ ਰੂਪ ਦੇਖਿ [੪]ਇਕਸ ਬਾਝੁ ਨ ਹੋਰਸੁ ਦੇਖੈ।
ਗੁਰ ਸਿਖੀ ਦਾ ਚਖਣਾ [੫]ਲਖ ਅੰਮ੍ਰਿਤ ਫਲ ਫਿਕੈ ਲੇਖੈ।
ਗੁਰ ਸਿਖੀ ਦਾ ਨਾਦੁ ਸੁਣਿ [੬]ਲਖ ਅਨਹਦ ਵਿਸਮਾਦ ਅਲੇਖੈ।
ਗੁਰ ਸਿਖੀ ਦਾ ਪਰਸਣਾ ਠੰਢਾ ਤਤਾ ਭੇਖ ਅਭੇਖੈ।
ਗੁਰ ਸਿਖੀ ਦਾ ਵਾਸੁ ਲੈ [੭]ਹੁਇ ਦੁਰਗੰਧ ਸੁਗੰਧ ਸਰੇਖੈ।
[੮]ਗੁਰ ਸਿਖੀ ਮਰ ਜੀਵਣਾ ਭਾਇ ਭਗਤਿ ਭੈ ਨਿਮਖ ਨਿਮੇਖੈ।
[੯]ਅਲੇਪ ਰਹੈ ਗੁਰ ਸਬਦ ਵਿਸੇਖੈ ॥ ੮ ॥

---

੧ ਨ ਤੱਕੜੀ ਨ ਵਟੇ ਤੇ ਨਾ ਹੀ ਕਿਸੇ ਤੋਲਣਹਾਰੇ ਤੋਂ ਤੁਲ ਹੀ ਸਕਦੀ ਹੈ। ੨ (ਜੋਤੀ) ਪਰਮਾਤਮਾ ਦੀ ਜੋਤਿ ਦੇ ਜਗਾਉਣ ਵਾਲਾ ਹੈ। ੩ ਪਿਆਰੇ ਦਾ ਪਰੇਮ। ੪ (ਉਹ) ਇਕ ਤੋਂ ਬਿਨਾਂ ਹੋਰ ਕਿਸੇ ਵਲ ਨਹੀਂ ਝਾਕਦੇ। ੫ ਉਨ੍ਹਾਂ ਦੀ (ਲੇਖੇ) ਵਿਚਾਰ ਵਿਚ ਲੱਖਾਂ ਅੰਮ੍ਰਿਤ ਫਲ ਭੀ ਫਿਕੇ ਹਨ। ੬ ਲੱਖਾਂ ਅਨਹਦ (ਰਾਗਾਂ) ਦੇ ਅਚਰਜ ਨੂੰ ਭੀ ਗਿਣਤੀ ਵਿਚ ਨਹੀਂ ਲਿਆਉਂਦੇ। ੭ ਉਹਨਾਂ ਨੂੰ ਦੁਰਗੰਧ ਤੇ ਸੁਗੰਧ ਸਮਾਨ (ਪ੍ਰਤੀਤ ਹੋਣ ਲਗ ਪੈਂਦੀ) ਹੈ। ੮ ਗੁਰ ਸਿਖੀ ਵਿਚ ਮਰ ਕੇ ਜੋ ਜੀਵਿਆ ਹੈ, ਉਹ ਪਰੇਮਾ ਭਗਤੀ ਤੇ ਭੈ ਨੂੰ ਆਪਣੇ ਰਿਦੇ ਵਿਚ ਨਿਮਖ ਨਿਮਖ ਰਖਦਾ ਹੈ। ੯ ਮਾਇਆ ਤੋਂ ਅਲੇਪ ਰਹਿ ਕੇ ਗੁਰ ਸ਼ਬਦ ਵਿਚ ਖਾਸ ਤੌਰ ਤੇ ਰਹਿੰਦਾ ਹੈ।

Digitized by Panjab Digital Library | www.panjabdigilib.org

## ਪਉੜੀ ੯

[ਸਿਖੀ ਦਾ ਕਰਤੱਬ]

ਗੁਰਮੁਖਿ ਸਚਾ ਪੰਥੁ ਹੈ ਸਿਖੁ [੧]ਸਹਜ ਘਰਿ ਜਾਇ ਖਲੋਵੈ।
ਗੁਰਮੁਖਿ ਸਚੁ ਰਹਰਾਸਿ ਹੈ ਪੈਰੀਂ ਪੈ ਪਾਖਾਕੁ ਜੁ ਹੋਵੈ।
ਗੁਰੁ ਸਿਖੀ ਦਾ ਨਾਵਣਾ ਗੁਰਮਤਿ ਲੈ ਦੁਰਮਤਿ ਮਲੁ ਧੋਵੈ।
ਗੁਰੁ ਸਿਖੀ ਦਾ ਪੂਜਣਾ ਗੁਰਸਿਖ ਪੂਜ [੨]ਪਿਰਮ ਰਸੁ ਭੋਵੈ।
ਗੁਰੁ ਸਿਖੀ ਦਾ ਮੰਨਣਾ ਗੁਰ ਬਚਨੀ ਗਲਿ ਹਾਰੁ ਪਰੋਵੈ।
ਗੁਰੁ ਸਿਖੀ ਦਾ ਜੀਵਣਾ ਜੀਵਦਿਆਂ ਮਰਿ ਹਉਮੈ ਖੋਵੈ।
[੩]ਸਾਧ ਸੰਗਤਿ ਗੁਰੁ ਸਬਦ ਵਿਲੋਵੈ ॥ ੯ ॥

## ਪਉੜੀ ੧੦

[ਸਿਖੀ ਦੀ ਕਾਰ]

ਗੁਰਮੁਖਿ ਸੁਖਫਲੁ ਖਾਵਣਾ ਦੁਖਸੁਖ ਸਮਕਰਿ [੪]ਅਉਚਰ ਚਰਣਾ।
ਗੁਰਸਿਖੀ ਦਾ ਗਾਵਣਾ [੫]ਅੰਮ੍ਰਿਤ ਬਾਣੀ ਨਿਝਰੁ ਝਰਣਾ।
[੬]ਗੁਰਸਿਖੀ ਧੀਰਜੁ ਧਰਮੁ ਪਿਰਮ ਪਿਆਲਾ ਅਜਰੁ ਜਰਣਾ।
ਗੁਰਸਿਖੀ ਦਾ ਸੰਜਮੋ [੭]ਡਰਿ ਨਿਡਰੁ ਨਿਡਰਿ ਮੁਚ ਡਰਣਾ।
ਗੁਰਸਿਖੀ ਮਿਲਿ ਸਾਧ ਸੰਗਿ [੮]ਸਬਦ ਸੁਰਤਿ ਜਗੁ ਦੁਤਰੁ ਤਰਣਾ।
ਗੁਰਸਿਖੀ ਦਾ ਕਰਮੁ ਏਹੁ ਗੁਰ ਫੁਰਮਾਏ ਗੁਰ ਸਿਖ ਕਰਣਾ।
ਗੁਰ ਕਿਰਪਾ ਗੁਰੁ ਸਿਖ ਗੁਰੁ ਸਰਣਾ ॥ ੧੦ ॥

---

੧ ਗਿਆਨ ਸਰੂਪ ਵਿਚ। ੨ ਪਰੇਮ ਰਸ ਵਿਚ ਭਿੱਜ ਜਾਂਦੇ ਹਨ। ੩ ਸਾਧ ਸੰਗਤ ਵਿਚ ਗੁਰ ਸ਼ਬਦ ਨੂੰ ਰਿੜਕੇ, ਭਾਵ ਵਿਚਾਰ ਕਰੇ। ੪ (ਔਚਰ = ਜੋ ਨਾ ਖਾਧਾ ਜਾ ਸਕੇ, ਅਰਥਾਤ ਵਿਸ਼ੇ ਵਿਕਾਰ) ਕਾਮਾਦਿ ਵਿਸ਼ਿਆਂ ਦਾ ਅਭਾਵ ਕਰ ਦੇਂਦਾ ਹੈ। ੫ ਅੰਮ੍ਰਿਤ ਬਾਣੀ ਦਾ ਝਰਨਾ ਇਕ ਰਸ ਝਰਦਾ ਰਹੇ। ੬ ਗੁਰ ਸਿੱਖੀ ਦਾ ਧੀਰਜ ਧਰਮ (ਇਹ ਹੈ) ਕਿ ਪਰੇਮ ਪਿਆਲਾ ਪੀ ਕੇ ਅਜਰ ਨੂੰ ਜਰਦੇ ਹਨ। ੭ (ਸੰਸਾਰਕ) ਡਰ ਤੋਂ ਨਿਡਰ ਹੋ ਜਾਣਾ ਤੇ ਨਿਡਰ (ਪਰਮੇਸ਼ਵਰ) ਤੋਂ ਬਹੁਤ ਡਰਨਾ। ੮ ਸ਼ਬਦ ਨਾਲ ਪਰੇਮ ਕਰ ਕੇ ਜਗ ਵਿਚ ਦੁਤਰ (ਸੰਸਾਰ) ਨੂੰ ਤਰ ਲਿਆ।

Digitized by Panjab Digital Library | www.panjabdigilib.org

## ਪਉੜੀ ੧੧

[ਗੁਰੂ ਦੀ ਸ਼ਕਤੀ ਤੇ ਗੁਣ]

[1]ਵਾਸਿ ਸੁਵਾਸੁ ਨਿਵਾਸੁ ਕਰਿ ਸਿੰਮਲਿ ਗੁਰਮੁਖਿ ਸੁਖਫਲ ਲਾਏ।
[2]ਸੋਇਨਾ ਹੋਇ ਮਨੂਰੁ ਮਿਲਿ ਕਾਗਹੁ ਪਰਮ ਹੰਸੁ ਕਰਵਾਏ।
[3]ਪਸੂ ਪਰੇਤਹੁ ਦੇਵ ਕਰਿ ਸਤਿਗੁਰ ਦੇਵ ਸੇਵ ਭੈ ਪਾਏ।
[4]ਸਭ ਨਿਧਾਨ ਰਖਿ ਸੰਖ ਵਿਚਿ ਹਰਿ ਜੀ ਲੈ ਲੈ ਹਥਿ ਵਜਾਏ।
ਪਤਿਤ ਉਧਾਰਣੁ ਆਖੀਐ ਭਗਤਿ ਵਛਲ ਹੋਇ ਆਪੁ ਛਲਾਏ।
ਗੁਣ ਕੀਤੇ ਗੁਣ ਕਰੇ ਜਗੁ ਅਵਗੁਣ ਕੀਤੇ ਗੁਣ ਗੁਰ ਭਾਏ।
ਪਰਉਪਕਾਰੀ ਜਗ ਵਿਚਿ ਆਏ ॥ ੧੧ ॥

## ਪਉੜੀ ੧੨

[ਸਿਖ ਪਰਉਪਕਾਰੀ]

ਫਲ ਦੇ ਵਟ ਵਗਾਇਆ ਤਛਣਹਾਰੇ[5] ਤਾਰਿ ਤਰੰਦਾ।
[6]ਤਛੇ ਪੁਤ ਨ ਡੋਬਈ ਪੁਤ ਵੈਰੁ ਜਲ ਜੀ ਨ ਧਰੰਦਾ।
[7]ਵਰਸੈ ਹੋਇ ਸਹੰਸ ਧਾਰ ਮਿਲਿ ਗਿਲ ਜਲੁ ਨੀਵਾਨਿ ਚਲੰਦਾ।
[8]ਡੋਬੈ ਡਬੈ ਅਗਰ ਨੋ ਆਪੁ ਛਡਿ ਪੁਤ ਪੈਜ ਰਖੰਦਾ।
[9]ਤਰਿ ਡੁਬੈ ਡੁਬਾ ਤਰੈ ਜਿਣਿ ਹਾਰੈ ਹਾਰੈ ਸੁ ਜਿਣੰਦਾ।
ਉਲਟਾ ਖੇਲੁ ਪਿਰੰਮ[10] ਦਾ ਪੈਰਾਂ ਉਪਰਿ ਸੀਸੁ ਨਿਵੰਦਾ।
ਆਪਹੁ ਕਿਸੈ ਨ ਜਾਣੈ ਮੰਦਾ ॥ ੧੨ ॥

---

੧ ਮੁਖੀ (ਸ੍ਰੇਸ਼ਟ) ਗੁਰੂ ਮਨਮੁਖ ਰੂਪ ਸਿੰਬਲਾਂ ਵਿਚ ਵਾਸ਼ਨਾਵਾਂ ਵਿਚੋਂ ਸ੍ਰੇਸ਼ਟ ਵਾਸ਼ਨਾਵਾਂ ਦਾ ਨਿਵਾਸ ਕਰਕੇ ਸੁਖ ਰੂਪ ਫਲ ਲਗਾ ਦੇਂਦੇ ਹਨ। ੨ ਮਨੂਰ ਜਿਹੇ ਲੋਹੇ ਨੂੰ ਭੀ ਮਿਲ ਕੇ ਸੋਨਾ ਬਣਾ ਦੇਂਦੇ ਹਨ। ੩ ਸਤਿਗੁਰੂ ਦੇਵ ਦੀ ਸੇਵਾ ਅਤੇ ਭੈ ਪਸ਼ੂਆਂ ਤੇ ਪਰੇਤਾਂ ਤੋਂ ਦੇਵਤੇ ਬਣਾ ਦੇਂਦੀ ਹੈ। ੪ (ਵਿਸ਼ਨੂੰ ਦੇ ਸੰਖ ਵਿਚ ਤਾਂ ਚਾਰ ਪਦਾਰਥ ਹੀ ਕਹੇ ਜਾਂਦੇ ਹਨ)(ਪਰ) ਗੁਰੂ ਜੀ ਦੇ ਸ਼ਬਦ ਰੂਪ ਸੰਖ ਵਿਚ ਸਭੇ ਖਜ਼ਾਨੇ ਹਨ, ਜਿਸ ਨੂੰ ਉਹ ਉਪਦੇਸ਼ ਦਵਾਰਾ ਵਜਾਉਂਦੇ ਰਹਿੰਦੇ ਹਨ। ੫ ਤਰਖਾਣ। ੬ ਜਲ ਆਪਣੇ ਪੁਤਰ (ਦਰਖ਼ਤ) ਦੇ ਵੱਢਣ ਵਾਲੇ ਦੇ (ਅਉਗਣ ਨੂੰ) ਜੀਅ ਵਿਚ ਨਾ ਰਖਦਾ ਹੋਇਆ ਉਸ ਨੂੰ ਡੋਬਦਾ ਨਹੀਂ। ੭ ਹਜ਼ਾਰਾਂ ਬੂੰਦਾਂ ਹੋ ਕੇ ਵਰ੍ਹਦਾ ਹੈ। ੮ ਅਗਰ ਦੇ ਡੱਬੇ ਨੂੰ ਡੋਬ ਦੇਂਦਾ ਹੈ, ਆਪਣਾ ਧਰਮ ਛੱਡ ਕੇ ਭੀ ਪੁਤਰ (ਅਗਰ) ਦੀ ਪੈਜ ਰਖ ਲੈਂਦਾ ਹੈ। ੯ ਹੋਰ ਲਕੜਾਂ ਤਰਨ ਨਾਲ (ਕੀਮਤ ਵਲੋਂ) ਡੁਬ ਜਾਂਦੀਆਂ ਹਨ ਤੇ ਅਗਰ ਡੁਬ ਜਾਣ ਕਰਕੇ ਤਰ ਜਾਂਦਾ ਹੈ (ਮੁਲ ਪੁਆ ਲੈਂਦਾ ਹੈ)। ੧੦ ਪਰਿਮ।

Digitized by Panjab Digital Library | www.panjabdigilib.org

## ਪਉੜੀ ੧੩

[ਸਿਖ ਨਿੰਮਰ ਤੇ ਪਰਉਪਕਾਰੀ ਹੈ]

ਧਰਤੀ ਪੈਰਾ ਹੇਠਿ ਹੈ ਧਰਤੀ ਹੇਠਿ ਵਸੰਦਾ ਪਾਣੀ।
ਪਾਣੀ ਚਲੈ ਨੀਵਾਣ ਨੋ [1]ਨਿਰਮਲੁ ਸੀਤਲੁ ਸੁਧੁ ਪਰਾਣੀ।
ਬਹੁ ਰੰਗੀ ਇਕ ਰੰਗੁ ਹੈ ਸਭਨਾ ਅੰਦਰਿ ਇਕੋ ਜਾਣੀ।
ਤਤਾ ਹੋਵੈ ਧੁਪ ਵਿਚਿ ਛਾਵੈ ਠੰਢਾ [2]ਵਿਰਤੀ ਹਾਣੀ।
ਤਪਦਾ ਪਰਉਪਕਾਰ ਨੋ ਠੰਢੇ ਪਰਉਪਕਾਰ ਵਿਹਾਣੀ।
ਅਗਨਿ ਬੁਝਾਏ ਤਪਤਿ ਵਿਚਿ ਠੰਢਾ ਹੋਵੈ ਬਿਲਮੁ ਨ ਆਣੀ।
ਗੁਰੁ ਸਿਖੀ ਦੀ ਏਹ ਨੀਸਾਣੀ॥ ੧੩ ॥

## ਪਉੜੀ ੧੪

[ਸਿਖ ਨਿੰਮਰੀ ਤੇ ਪਰਉਪਕਾਰੀ ਹੈ]

ਪਾਣੀ ਅੰਦਰਿ ਧਰਤਿ ਹੈ ਧਰਤੀ ਅੰਦਰਿ ਪਾਣੀ ਵਸੈ।
[3]ਧਰਤੀ ਰੰਗੁ ਨ ਰੰਗ ਸਭ ਧਰਤੀ ਸਾਉ ਨ ਸਭ ਰਸ ਰਸੈ।
ਧਰਤੀ ਗੰਧੁ ਨ ਗੰਧ ਬਹੁ ਧਰਤਿ ਨ ਰੂਪ [4]ਅਨੂਪ ਤਰਸੈ।
ਜੇਹਾ ਬੀਜੈ ਸੋ ਲੁਣੈ ਕਰਮਿ ਭੂਮਿ ਸਭ ਕੋਈ [5]ਦਸੈ।
ਚੰਦਨ ਲੇਪੁ ਨ ਲੇਪੁ ਹੈ ਕਰਿ ਮਲ ਮੂਤ ਕਸੂਤੁ ਨ ਧਸੈ[6]।
[7]ਵੁਠੇ ਮੀਹ ਜਮਾਇਦੇ ਡਵਿ ਲਗੈ ਅੰਗੂਰੁ ਵਿਗਸੈ।
ਦੁਖਿ ਨ ਰੋਵੈ ਸੁਖਿ ਨ ਹਸੈ॥ ੧੪ ॥

---

੧ ਪ੍ਰਾਣੀਆਂ ਨੂੰ ਨਿਰਮਲ, ਸ਼ੁਧ ਤ ਠੰਢਆਂ ਕਰਦਾ ਹੈ। ੨ ਹਾਣੀਆਂ ਅਨੁਸਾਰ ਵਰਤਦਾ ਹੈ। ੩ ਧਰਤੀ ਦਾ ਕੋਈ ਰੰਗ ਨਹੀਂ, ਪਰ ਸਭ ਰੰਗ (ਫੁਲਾਂ ਤੋਂ ਪਤਾ ਲਗਦਾ ਹੈ) ਧਰਤੀ ਵਿਚ ਹੀ ਹਨ, (ਇਸੇ ਤਰ੍ਹਾਂ) ਉਸ ਵਿਚ ਕੋਈ ਸਵਾਦ ਨਹੀਂ, ਪਰ ਸਾਰੇ ਸਵਾਦ (ਫਲ ਦਸਦੇ ਹਨ) ਉਸ ਵਿਚ ਮੌਜੂਦ ਹਨ। ੪ ਉਪਮਾ ਤੋਂ ਰਹਿਤ (ਰੰਗ, ਜਿਨ੍ਹਾਂ ਲਈ ਸਭ) ਤਰਸਦੇ ਹਨ। ੫ ਹਰ ਕੋਈ ਕਹਿੰਦੇ ਹਨ। ੬ (ਗੁਸੇ ਨਾਲ) ਗਰਕ ਨਹੀਂ ਜਾਂਦੀ। ੭ ਮੀਂਹ ਵਸੇ ਤਾਂ ਲੋਕ (ਫ਼ਸਲਾਂ) ਜਮਾਉਂਦੇ ਹਨ, ਤਰ ਦਾਵਾ ਅਗਨੀ ਲਗੇ ਤਾਂ ਭੀ ਅੰਗੂਰ ਫ਼ੁਟ ਕੇ ਟਹਿਕਦਾ ਹੈ।

Digitized by Panjab Digital Library | www.panjabdigilib.org

## ਪਉੜੀ ੧੫

[ਸਿਖ ਦੀ ਨਿੱਤ ਕਮਾਈ]

ਪਿਛਲ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ।
ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।
ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ[1] ਪਾਏ।
ਘਾਲਿ ਖਾਇ ਸੁਕ੍ਰਿਤੁ[2] ਕਰੈ ਵਡਾ ਹੋਇ ਨ ਆਪੁ ਗਣਾਏ।
ਸਾਧ ਸੰਗਤਿ ਮਿਲਿ ਗਾਵਦੇ ਰਾਤਿ ਦਿਹੈ ਨਿਤ ਚਲਿ ਚਲਿ ਜਾਏ।
[3]ਸਬਦ ਸੁਰਤਿ ਪਰਚਾ ਕਰੈ ਸਤਿਗੁਰੁ ਪਰਚੈ ਮਨ ਪਰਚਾਏ।
[4]ਆਸਾ ਵਿਚਿ ਨਿਰਾਸੁ ਵਲਾਏ ॥ ੧੫ ॥

## ਪਉੜੀ ੧੬

[ਸਿਖ ਦੀ ਨਿਤ ਕਮਾਈ]

[5]ਗੁਰ ਚੇਲਾ ਚੇਲਾ ਗੁਰੂ ਗੁਰੁ ਸਿਖ ਸੁਣਿ ਗੁਰ ਸਿਖੁ ਸਦਾਵੈ।
ਇਕ ਮਨਿ ਇਕੁ ਅਰਾਧਣਾ ਬਾਹਰਿ ਜਾਦਾ[6] ਵਰਜਿ ਰਹਾਵੈ।
ਹੁਕਮੀ ਬੰਦਾ ਹੋਇ ਕੈ ਖਸਮੈ ਦਾ ਭਾਣਾ ਤਿਸੁ ਭਾਵੈ।
ਮੁਰਦਾ ਹੋਇ ਮੁਰੀਦ ਸੋਇ ਕੋ ਵਿਰਲਾ ਗੁਰਿ ਗੋਰਿ ਸਮਾਵੈ।
ਪੈਰੀ ਪੈ ਪਾਖਾਕੁ ਹੋਇ ਪੈਰਾ ਉਪਰਿ ਸੀਸੁ ਧਰਾਵੈ।
[7]ਆਪੁ ਗਵਾਏ ਆਪੁ ਹੋਇ ਦੂਜਾ ਭਾਉ ਨ ਨਦਰੀ ਆਵੈ।
ਗੁਰੁ ਸਿਖੀ ਗੁਰੁ ਸਿਖ ਕਮਾਵੈ ॥ ੧੬ ॥

---

੧ ਗੁਰੂ ਦੀ ਸਿਖਿਆ। ੨ ਭਲੇ ਕੰਮ। ੩ ਸ਼ਬਦ ਦੀ ਸੁਰਤ ਵਿਚ ਪਰੇਮ ਕਰੇ। ੪ ਆਸਾਂ (ਪੂਰਨ ਵਾਲੀ ਸਾਧ ਸੰਗਤ) ਵਿਚ ਨਿਰਾਸ ਹੋ ਕੇ ਝੱਟ ਕਢੇ। ੫ ਗੁਰੂ ਦੀ ਸਿਖਿਆ ਸੁਣ ਕੇ ਜੋ ਗੁਰਸਿਖ ਸਦਾਉਂਦਾ ਹੈ, ਉਹ ਚੇਲਾ ਗੁਰੂ ਤੇ ਗੁਰੂ ਚੇਲਾ(ਇਕ ਰੂਪ)ਹੋ ਜਾਂਦਾ ਹੈ। ੬ ਰੋਕ ਰਖਦਾ ਹੈ। ੭ ਆਪਾ-ਭਾਵ ਗਵਾ ਕੇ ਸ਼ੁਧ ਆਤਮ ਰੂਪ ਹੋ ਗਏ ਹਨ, ਦਵੈਤ ਭਾਵ ਉਹਨਾਂ ਨੂੰ ਨਜ਼ਰ ਭੀ ਨਹੀਂ ਆਉਂਦਾ।

Digitized by Panjab Digital Library | www.panjabdigilib.org

## ਪਉੜੀ ੧੭

[ਵਿਰਲੇ ਸਿਖ]

ਤੇ ਵਿਰਲੈ ਸੈਂਸਾਰ ਵਿਚਿ ਦਰਸਨ ਜੋਤਿ ਪਤੰਗ ਮਿਲੰਦੇ।
ਤੇ ਵਿਰਲੇ ਸੈਂਸਾਰ ਵਿਚਿ [੧]ਸਬਦ ਸੁਰਤਿ ਹੋਇ ਮਿਰਗ ਮਰੰਦੇ।
ਤੇ ਵਿਰਲੇ ਸੈਂਸਾਰ ਵਿਚਿ ਚਰਣ ਕਵਲ ਹੁਇ ਭਵਰ ਵਸੰਦੇ।
ਤੇ ਵਿਰਲੇ ਸੈਂਸਾਰ ਵਿਚਿ [੨]ਪਿਰਮ ਸਨੇਹੀ ਮੀਨ ਤਰੰਦੇ।
ਤੇ ਵਿਰਲੇ ਸੈਂਸਾਰ ਵਿਚਿ ਗੁਰੁ ਸਿਖ ਗੁਰੁ ਸਿਖ ਸੇਵ ਕਰੰਦੇ।
ਭੈ ਵਿਚਿ ਜੰਮਨਿ ਭੈ ਰਹਨਿ ਭੈ ਵਿਚਿ ਮਰਿ ਗੁਰ ਸਿਖ ਜੀਵੰਦੇ।
ਗੁਰਮੁਖ ਸੁਖ ਫਲੁ ਪਿਰਮ ਚਖੰਦੇ ॥ ੧੭ ॥

## ਪਉੜੀ ੧੮

[ਸਿਖੀ ਸਭ ਤੋਂ ਸ਼ਿਰੋਮਣੀ ਹੈ]

ਲਖ ਜਪ ਤਪ ਲਖ ਸੰਜਮਾ ਹੋਮ ਜਗ ਲਖ ਵਰਤ ਕਰੰਦੇ।
ਲਖ ਤੀਰਥ ਲਖ ਊਲਖਾ[੩] [੪]ਲਖ ਪੁਰੀਆ ਲਖ ਪੁਰਬ ਲਗੰਦੇ।
ਦੇਵੀ ਦੇਵਲ[੫] ਦੇਹੁਰੇ ਲਾਖ ਪੁਜਾਰੀ ਪੂਜ ਕਰੰਦੇ।
ਜਲ ਥਲ ਮਹੀਅਲ ਭਰਮਦੇ[੬] [੭]ਕਰਮ ਧਰਮ ਲਖ ਫੇਰਿ ਫਿਰੰਦੇ।
ਲਖ ਪਰਬਤ ਵਣਖੰਡ[੮] ਲਖ ਲਖ ਉਦਾਸੀ ਹੋਇ ਭਵੰਦੇ।
ਅਗਨੀ ਅੰਗੁ ਜਲਾਇਦੇ ਲਖ ਹਿਮੰਚਲਿ ਜਾਇ ਗਲੰਦੇ।
ਗੁਰੁ ਸਿਖੀ ਸੁਖੁ ਤਿਲੁ ਨ ਲਹੰਦੇ ॥ ੧੮ ॥

---

੧ ਸ਼ਬਦ ਦੇ ਸੁਣਨ ਲਈ ਹਿਰਨ ਵਾਂਗ ਮਰਦੇ ਹਨ। ੨ ਪਰੇਮ ਦੇ ਜਲ (ਸਨੇਹ) ਵਿਚ। ੩ ਨਾਥ ਸੰਪ੍ਰਦਾਇ ਦੇ ਔਘੜ। ੪ ਲੱਖਾਂ ਕਾਂਸ਼ੀ ਮਥਰਾ ਆਦਿ ਪੁਰੀਆਂ ਪੁਰ ਲੱਖਾਂ ਪਰਵ (ਪੁਰਬ ਕੁੰਭ ਆਦਿ) ਲਗਦੇ ਹਨ। ੫ ਦੇਵ-ਮੰਦਰ। ੬ ਭੌਂਦੇ ਹਨ। ੭ ਲੱਖਾਂ ਹੀ ਕਰਮਾਂ ਦੇ ਫੇਰ ਵਿਚ ਚੱਕਰ ਲਗਾ ਰਹੇ ਹਨ। ੮. ਜੰਗਲ।

Digitized by Panjab Digital Library | www.panjabdigilib.org

## ਪਉੜੀ ੧੯

[ਪੂਰੇ ਗੁਰੂ (ਨਾਨਕ) ਬਿਨਾਂ ਗਤਿ ਨਹੀਂ]

[੧]ਚਾਰਿਵਰਣਕਰਿਵਰਤਿਆਵਰਨੁਚਿਹਨੁਕਿਹੁਨਦਰਿਨਆਇਆ
ਛਿਅਦਰਸਨੁ ਭੇਖਧਾਰੀਆ [੨]ਦਰਸਨ ਵਿਚਿਨਦਰਸਨੁਪਾਇਆ।
ਸੰਨਿਆਸੀਦਸ ਨਾਵਧਰਿ ਨਾਉਗਣਾਇ ਨ ਨਾਉਧਿਆਇਆ।
[੩]ਰਾਵਲ ਬਾਰਹ ਪੰਥ ਕਰਿ [੪]ਗੁਰਮੁਖ ਪੰਥੁ ਨ ਅਲਖੁ ਲਖਾਇਆ।
ਬਹੁ ਰੂਪੀ ਬਹੁ ਰੂਪੀਏ ਰੂਪ ਨ ਰੇਖ ਨ ਲੇਖੁ ਮਿਟਾਇਆ।
ਮਿਲਿ ਮਿਲਿ ਚਲਦੇ ਸੰਗ ਲਖ [੬]ਸਾਧੂ ਸੰਗਿਨ ਰੰਗ ਰੰਗਾਇਆ।
ਵਿਣ ਗੁਰ ਪੂਰੇ ਮੋਹੇ ਮਾਇਆ ॥ ੧੯ ॥

## ਪਉੜੀ ੨੦

[ਗੁਰਮਤ ਤੇ ਚਲਦੇ ਵਿਰਲੇ ਬੰਦੇ]

ਕਿਰਸਾਣੀ ਕਿਰਸਾਣ ਕਰਿ ਖੇਤ ਬੀਜਿ ਸੁਖ ਫਲੁ ਨ ਲਹੰਦੇ।
ਵਣਜੁ ਕਰਨਿ ਵਾਪਾਰੀਏ ਲੈ ਲਾਹਾ [੭]ਨਿਜ ਘਰਿ ਨ ਵਸੰਦੇ।
ਚਾਕਰ ਕਰਿ ਕਰਿ ਚਾਕਰੀ ਹਉਮੈ ਮਾਰਿ [੮]ਨ ਸੁਲਹ ਕਰੰਦੇ।
ਪੁੰਨ ਦਾਨ ਚੰਗਿਆਈਆ ਕਰਿ ਕਰਿ ਕਰਤਬ ਥਿਰੁ ਨ ਰਹੰਦੇ।
ਰਾਜੇ ਪਰਜੇ ਹੋਇ ਕੈ ਕਰਿ ਕਰਿ ਵਾਦੁ [੯] ਨ ਪਾਰਿ ਪਵੰਦੇ।
ਗੁਰਸਿਖ ਸੁਣਿ ਗੁਰੁਸਿਖ ਹੋਇ ਸਾਧਸੰਗਤਿ ਕਰਿ ਮੇਲ ਮਿਲੰਦੇ।
ਗੁਰਮਤਿ ਚਲਦੇ ਵਿਰਲੇ ਬੰਦੇ॥ ੨੦ ॥

---

੧ ਚੌਹਾਂ ਵਰਨਾਂ ਵਿਚ (ਵਾਹਿਗੁਰੂ) ਵਰਤ ਰਿਹਾ ਹੈ, ਪਰ ਉਸ ਦਾ ਵਰਨ ਚਿਹਨ ਕੁਝ ਭੀ ਨਜ਼ਰ ਨਹੀਂ ਆਉਂਦਾ। ੨ ਦਰਸ਼ਨ ਸ਼ਾਸਤ੍ਰਾਂ ਵਿਚ ਉਸ ਦਾ ਦਰਸ਼ਨ ਨਹੀਂ ਲੱਭਾ। ੩ ਜੋਗੀਆ ਨੇ। ੪ ਗੁਰਮੁਖਾਂ ਦਾ ਪੰਥ ਉਨ੍ਹਾਂ ਪਾਸੋਂ ਅਲਖ ਹੀ ਰਿਹਾ, ਨਾ ਲਖ ਸਕੇ। ੫ ਬਾਹਲੇ ਰੂਪਾਂ ਵਾਲੇ ਬਹੁ-ਰੂਪੀਏ ਦਾ ਕੋਈ ਰੂਪ ਰੇਖ ਨਹੀਂ ਤੇ ਨਾ ਹੀ ਉਸ ਦਾ (ਲਿਖਿਆ) ਲੇਖ ਕੋਈ ਮਿਟਾ ਸਕਿਆ ਹੈ। ੬ ਸਾਧ ਸੰਗਤ ਦੇ ਰੰਗ (ਪ੍ਰੇਮ) ਵਿਚ ਕੋਈ ਨ ਰੰਗਿਆ ਗਿਆ। ੭ ਸ੍ਵੈ-ਸਰੂਪ ਵਿਚ ਵਾਸਾ ਪ੍ਰਾਪਤ ਨ ਕਰ ਸਕੇ। ੮ (ਵਾਹਿਗੁਰੂ ਨਾਲ) ਮੇਲ ਨ ਕਰ ਸਕੇ। ੯ ਝਗੜੇ।

Digitized by Panjab Digital Library | www.panjabdigilib.org

## ਪਉੜੀ ੨੧

[ਬਿਨ-ਗੁਣ ਗੁਰੂ]

ਗੁੰਗਾ ਗਾਵਿ ਨ ਜਾਣਈ ਬੋਲਾ ਸੁਣੈ ਨ ਅੰਦਰਿ ਆਣੈ।
ਅੰਨ੍ਹੈ ਦਿਸਿ ਨ ਆਵਈ ਰਾਤਿ ਅਨ੍ਹੇਰੀ ਘਰੁ ਨ ਸਿਞਾਣੈ।
ਚਲਿ ਨ ਸਕੈ ਪਿੰਗੁਲਾ [1]ਲੂਲ੍ਹਾ ਗਲਿ ਮਿਲਿ ਹੇਤੁ ਨ ਜਾਣੈ।
[2]ਸੰਢਿ ਸਪੁਤੀ ਨ ਥੀਐ ਖੁਸਰੇ ਨਾਲਿ ਨ ਰਲੀਆ ਮਾਣੈ।
ਜਣਿ ਜਣਿ ਪੁਤਾ ਮਾਈਆਂ ਲਾਡਲ ਨਾਵ ਧਰੇਨਿ ਧਿਙਾਣੈ।
ਗੁਰਸਿਖੀ ਸਤਿਗੁਰੂ ਵਿਣੁ ਸੂਰਜੁ ਜੋਤਿ ਨ ਹੋਇ ਟਟਾਣੈ।
ਸਾਧ ਸੰਗਤਿ ਗੁਰ ਸਬਦੁ ਵਖਾਣੈ॥ ੨੧॥

## ਪਉੜੀ ੨੨

[ਸਿਖੀ ਸਰਬ ਸ਼ਿਰੋਮਣੀ ਹੈ]

ਲਖ ਧਿਆਨ ਸਮਾਧਿ ਲਾਇ ਗੁਰਮੁਖਿ ਰੂਪਿ ਨ ਅਪੜਿ ਸਕੈ।
ਲਖ ਗਿਆਨ ਵਖਾਣਿ ਕਰ [3]ਸਬਦ ਸੁਰਤਿ ਉਡਾਰੀ ਥਕੈ।
[4]ਬੁਧਿਬਲ ਬਚਨਬਿਬੇਕ ਲਖਢਹਿਢਹਿਪਵਨਿ ਪਿਰਮਦਰਿਧਕੈ।
ਜੋਗ ਭੋਗ ਬੈਰਾਗ ਲਖ ਸਹਿ ਨ ਸਕਹਿ ਗੁਣ ਵਾਸੁ ਮਹਕੈ।
ਲਖਅਚਰਜਅਚਰਜਹੋਇ [5]ਅਬਿਗਤਿਗਤਿਅਬਿਗਤਿਵਿਚਿਅਕੈ।
ਵਿਸਮਾਦੀ ਵਿਸਮਾਦੁ ਲਖ [6]ਅਕਥ ਕਥਾ ਵਿਚਿ ਸਹਮਿ ਸਹਕੈ।
ਗੁਰਸਿਖੀ ਦੈ ਅਖਿ ਫਰਕੈ॥ ੨੨॥

---

੧ ਲੂਲ੍ਹਾ ਗਲ਼ ਮਿਲ਼ਣ ਦੇ ਪਰੇਮ ਨੂੰ ਨਹੀਂ ਜਾਣ ਸਕਦਾ। ੨ ਬਾਂਝ ਇਸਤ੍ਰੀ। ੩ ਸ਼ਬਦ (ਬ੍ਰਹਮ) ਵਿਚ ਸੁਰਤ ਦੀ ਉਡਾਰੀ ਲਾ ਕੇ ਥੱਕ ਗਏ ਹਨ। ੪ ਲੱਖਾਂ ਬੁਧੀਬਲ ਤੇ ਵਿਚਾਰ ਕੇ ਵਚਨ ਕਰਨ ਵਾਲੇ ਪਰੇਮ ਸਰੂਪ ਦੇ ਦਰ ਤੋਂ ਧਕੇ ਖਾ ਕੇ ਡਿਗ ਡਿਗ ਪੈਂਦੇ ਹਨ। ੫ ਕਠਿਨਤਾ ਨਾਲ ਪ੍ਰਾਪਤ ਹੋਣ ਯੋਗ ਅਵਿਗਤ (ਸਰੂਪ ਪਰਮਾਤਮਾ) ਨੂੰ ਪ੍ਰਾਪਤ ਕਰਨ ਵਿਚ ਅੱਕ ਗਏ। ੬ ਅਕਥ ਕਥਾ ਦੇ ਸਹਿਮ ਵਿਚ ਸਹਿਕਦੇ ਹਨ।

Digitized by Panjab Digital Library | www.panjabdigilib.org

# ਵਾਰ ੨੯

੧ ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਮੰਗਲਾਚਰਣ]

ਆਦਿ ਪੁਰਖ ਆਦੇਸ ਹੈ ਸਤਿਗੁਰ ਸਚੁ ਨਾਉ ਸਦਵਾਇਆ।
ਚਾਰਿ ਵਰਨ ਗੁਰ ਸਿਖ ਕਰਿ ਗੁਰਮੁਖਿ[1] ਸਚਾਪੰਥੁ ਚਲਾਇਆ।
ਸਾਧਸੰਗਤਿ ਮਿਲਿਗਾਵਦੇ [2]ਸਤਿ ਗੁਰੁਸਬਦੁਅਨਾਹਦ ਵਾਇਆ।
[3]ਗੁਰ ਸਾਖੀ ਉਪਦੇਸੁ ਕਰਿ ਆਪਿ ਤਰੈ ਸੈਸਾਰੁ ਤਰਾਇਆ।
ਪਾਨ ਸੁਪਾਰੀ ਕਥੁ ਮਿਲਿ ਚੂਨੇ ਰੰਗੁ [4]ਸੁਰੰਗੁ ਚੜਾਇਆ।
[5]ਗਿਆਨੁਧਿਆਨੁਸਿਮਰਣਜੁਗਤਿਗੁਰਮਤਿਮਿਲਿਗੁਰਪੂਰਾਪਾਇਆ।
ਸਾਧ ਸੰਗਤਿ ਸਚਖੰਡੁ ਵਸਾਇਆ ॥ ੧ ॥

## ਪਉੜੀ ੨

[ਸਤਿਗੁਰੂ ਨੇ ਅਲਖ ਲਖਾ ਦਿਤਾ]

ਪਰਤਨਪਰਧਨਪਰਨਿੰਦਮੇਟਿਨਾਮੁਦਾਨੁਇਸਨਾਨੁਦਿੜਾਇਆ।
ਗੁਰਮਤਿ ਮਨੁ ਸਮਝਾਇਕੈ ਬਾਹਰਿ ਜਾਂਦਾ ਵਰਜਿ ਰਹਾਇਆ।
ਮਨਿਜਿਤੈਜਗੁਜਿਣਿਲਇਆ [6]ਅਸਟਧਾਤੁਇਕਧਾਤੁਕਰਾਇਆ।
ਪਾਰਸ ਹੋਏ ਪਾਰਸਹੁ ਗੁਰ ਉਪਦੇਸੁ ਅਵੇਸੁ[7] ਦਿਖਾਇਆ।
[8]ਜੋਗਭੋਗ ਜਿਣਿ ਜੁਗਤਿਕਰਿ ਭਾਇਭਗਤਿ ਭੈ ਆਪੁਗਵਾਇਆ।

---

੧ ਗੁਰਮੁਖਾਂ ਦਾ। ੨ ਸਤਿਗੁਰੂ ਜੀ ਨੇ ਅਨਹਦ ਸ਼ਬਦ ਵਜਾਇਆ। ੩ ਆਪਣੀ ਗਵਾਹੀ ਦੇ ਕੇ ਗੁਰੂ ਜੀ ਨੇ ਉਪਦੇਸ਼ ਕੀਤਾ। ੪ ਲਾਲ ਰੰਗ। ੫ ਪੂਰੇ ਗੁਰੂ ਦੇ ਪਾ ਲੈਣ ਪੁਰ ਤੇ ਗੁਰਮਤ ਦੇ ਪਾ ਲੈਣ ਕਰਕੇ ਗਿਆਨ ਧਿਆਨ ਤੇ ਸਿਮਰਨ ਦੀ ਜੁਗਤੀ ਪ੍ਰਾਪਤ ਕਰ ਲਈ ਹੈ। ੬ (ਚਾਰ ਵਰਨ ਤੇ ਚਾਰ ਆਸ਼ਰਮ ਰੂਪ) ਅੱਠ ਧਾਤਾਂ ਤੋਂ ਇਕ (ਗੁਰਸਿਖ ਰੂਪ) ਧਾਤ ਬਣਾ ਲਿਆ। ੭ ਹਿਰਦੇ ਵਿਖੇ (ਪ੍ਰਵੇਸ਼)। ੮ ਜੁਗਤੀ ਨਾਲ ਜੋਗ ਤੇ ਭੋਗ (ਦੀ ਇੱਛਾ ਨੂੰ) ਜਿੱਤ ਕੇ (ਨਿਰੰਕਾਰ ਦੀ) ਭੈ ਸਹਿਤ ਭਗਤੀ ਨਾਲ ਆਪਾ ਭਾਵ ਗਵਾ ਲਿਆ।

Digitized by Panjab Digital Library | www.panjabdigilib.org

[1]ਆਪੁਗਇਆਆਪਿਵਰਤਿਆਭਗਤਿਵਛਲਹੋਇ ਵਸਗਤਿ ਆਇਆ।
ਸਾਧ ਸੰਗਤਿ ਵਿਚਿ ਅਲਖੁ ਲਖਾਇਆ ॥ ੨ ॥

## ਪਉੜੀ ੩

[ਅਸਾਧ ਵਿਸ਼ਿਆਂ ਨੂੰ ਸਾਧ ਲਿਆ]

ਸਬਦ ਸੁਰਤਿਮਿਲਿਸਾਧਸੰਗਿਗੁਰਮੁਖਿਦੁਖਸੁਖ [2]ਸਮਕਰਿਸਾਧੇ।
[3]ਹਉਮੈ ਦੁਰਮਤਿ ਪਰਹਰੀ ਗੁਰਮਤਿ ਸਤਿਗੁਰ ਪੁਰਖੁ ਅਰਾਧੇ।
[4]ਸਿਵ ਸਕਤੀ ਨੋ ਲੰਘਿਕੈ ਗੁਰਮੁਖਿ ਸੁਖ ਫਲੁ ਸਹਜ ਸਮਾਧੇ।
ਗੁਰੁ ਪਰਮੇਸਰ ਏਕ ਜਾਣਿ [5]ਦੂਜਾ ਭਾਉ ਮਿਟਾਇ ਉਪਾਧੇ।
[6]ਜੰਮਣ ਮਰਣਹੁ ਬਾਹਰੇ ਅਜਰਾਵਰਿ ਮਿਲਿ ਅਗਮ ਅਗਾਧੇ।
[7]ਆਸ ਨ ਤ੍ਰਾਸ ਉਦਾਸ ਘਰਿ ਹਰਖ ਸੋਗ ਵਿਹੁ ਅੰਮ੍ਰਿਤ ਖਾਧੇ।
ਮਹਾ ਅਸਾਧ ਸਾਧ ਸੰਗ ਸਾਧੇ ॥ ੩ ॥

## ਪਉੜੀ ੪

[ਸਿਖ ਦੀ ਕਰਨੀ[

ਪਉਣੁ ਪਾਣੀ ਬੈਸੰਤਰੋ ਰਜ ਗੁਣੁ ਤਮ ਗੁਣੁ ਸਤ ਗੁਣੁ ਜਿਤਾ।
ਮਨਬਚਕਰਮ [8]ਸੰਚਲਪ ਕਰਿਇਕਮਨਿਹੋਇ [9]ਵਿਗੋਇਦੁਚਿਤਾ।
[10]ਲੋਕਵੇਦ ਗੁਰ ਗਿਆਨਲਿਵ ਅੰਦਰਿ ਇਕੁਬਾਹਰਿ ਬਹੁ ਭਿਤਾ।
ਮਾਤ ਲੋਕ ਪਾਤਾਲ ਜਿਣਿ [11]ਸੁਰਗ ਲੋਕ ਵਿਚਿ ਹੋਇ ਅਥਿਤਾ।
ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇ ਕਰਿ [12]ਪਤਿਤ ਪਵਿਤਾ।

---

੧ ਆਪਾ ਭਾਵ ਜਾਣ ਨਾਲ ਆਪਣਾ-ਆਪ ਸਭ ਪਾਸੇ ਵਰਤਮਾਨ ਦਿਸਿਆ। ੨ ਸਾਧਕ ਇਕ ਸਮਾਨ ਕਰ ਲਏ। ੩ ਹਉਮੈ (ਅਹੰਕਾਰ) ਦੀ ਖੋਟੀ ਬੁਧੀ ਨੂੰ ਤਿਆਗ ਕੇ। ੪ ਰਜੋ,ਤਮੋ ਆਦਿ ਗੁਣਾਂ ਤੋਂ ਲੰਘ ਕੇ ਗੁਰਮੁਖ ਸਹਿਜ ਅਵਸਥਾ ਵਿਚ ਸਮਾਧੀ ਲਾ ਕੇ ਸੁਖ ਫਲ (ਪ੍ਰਾਪਤ ਕਰਦੇ ਹਨ)। ੫ ਦੂਜੇ ਭਾਵ ਦੀ ਉਪਾਧੀ ਮਿਟਾ ਦਿਤੀ ਹੈ। ੬ ਅਗਮ ਅਗਾਧ ਨੂੰ ਮਿਲ ਕੇ ਜਨਮ ਮਰਨ ਤੇ (ਅਜਰਾਵਰ) ਬੁਢੇਪੇ ਤੋਂ ਰਹਿਤ ਹੋਏ ਹਨ। ੭ ਆਸ਼ਾ ਤੇ ਭੈ ਤੋਂ ਖਾਲੀ ਗ੍ਰਿਹਸਥ ਵਿਚ ਹੀ ਉਦਾਸ ਹਨ, ਖੁਸ਼ੀ ਗਮੀ ਦੇ ਜ਼ਹਿਰ ਤੇ ਅੰਮ੍ਰਿਤ ਨੂੰ ਸਾਧ ਲਿਆ। ੮ ਤਿਆਗ ਕੇ। ੯ ਦੁਬਿਧਾ ਗਵਾ ਦਿੱਤੀ ਹੈ। ੧੦ ਗੁਰ ਗਿਆਨ ਨਾਲ ਲਿਵ ਜੋੜਨ ਨਾਲ ਹੀ ਉਹ ਲੋਕ ਤੇ ਵੇਦ (ਪਰਲੋਕ) ਦੇ ਗਿਆਨ ਤੋਂ ਜਾਣੂ ਹੋ ਜਾਂਦੇ ਹਨ, (ਉਹ) ਅੰਦਰੋਂ ਇਕ ਤੇ ਬਾਹਰੋਂ ਬਹੁਤ ਪ੍ਰਕਾਰ ਦੇ ਨਜ਼ਰ ਆਉਂਦੇ ਹਨ। ੧੧ ਸੁਰਗ ਲੋਕ ਵਿਚ ਭੀ ਉਹ ਆਪਣੇ ਆਪ ਨੂੰ ਅਥਿਤਾ (ਪ੍ਰਾਹੁਣੇ) ਹੀ ਜਾਣਦੇ ਹਨ। ੧੨ ਪਾਪੀ ਤੋਂ ਪਵਿਤ੍ਰ ਹੋਏ ਹਨ।

Digitized by Panjab Digital Library | www.panjabdigilib.org

ਗੁਰਮੁਖਿ ਸੁਖਫਲੁ ਪਾਇਆ ਅਤੁਲੁ ਅਡੋਲ ਅਮੋਲ ਅਮ੍ਰਿਤਾ ।
[੨]ਸਾਧ ਸੰਗਤਿ ਮਿਲਿ ਪੀੜਿ ਨਪਿਤਾ ॥ ੪ ॥

## ਪਉੜੀ ੫

[ਸਾਧ ਸੰਗਤ ਵਿਚ ਸਫਲ ਵਣਜ ਕਰਦੇ ਹਨ]

ਚਾਰਿ ਪਦਾਰਥ ਹਥ ਜੋੜਿ ਹੁਕਮੀ ਬੰਦੇ ਰਹਨਿ ਖੜੋਤੇ ।
ਚਾਰੇ ਚਕ ਨਿਵਾਇਆ [੩]ਪੈਰੀ ਪੈ ਇਕ ਸੂਤਿ ਪਰੋਤੇ ।
ਵੇਦ ਨ ਪਾਇਨਿ ਭੇਦੁਕਿਹੁ ਪੜਿਪੜਿਪੰਡਿਤ ਸੁਣਿਸੁਣਿ ਸ੍ਰੋਤੇ ।
ਚਹੁ ਜੁਗਿ ਅੰਦਰ ਜਾਗਦੀ [੪]ਓਤਿ ਪੋਤਿ ਮਿਲਿ ਜਗਮਗ ਜੋਤੇ ।
ਚਾਰਿਵਰਨਇਕਵਰਨਹੋਇ [੫]ਗੁਰਸਿਖ ਵੜੀਅਨਿਗੁਰਮੁਖਿਗੋਤੇ ।
ਧਰਮਸਾਲ ਵਿਚਿ ਬੀਜਦੇ ਕਰਿ ਗੁਰਪੁਰਬ ਸੁ [੬]ਵਣਜ ਸਓਤੇ ।
ਸਾਧ ਸੰਗਤਿ ਮਿਲਿ ਦਾਦੇ ਪੋਤੇ ॥ ੫ ॥

## ਪਉੜੀ ੬

[ਸਾਧ ਸੰਗਤ ਵਿਚ ਗੁਰ ਭਾਈ ਸੋਭਦੇ ਹਨ]

ਕਾਮ ਕ੍ਰੋਧੁ ਅਹੰਕਾਰੁ ਸਾਧਿ ਲੋਭ ਮੋਹ ਦੀ ਜੋਹ[੭] ਮਿਟਾਈ ।
[੮]ਸਤੁ ਸੰਤੋਖ ਦਇਆ ਧਰਮੁ ਅਰਥੁ ਸਮਰਥੁ ਸੁਗਰਥੁ ਸਮਾਈ ।
ਪੰਜੇ ਤਤ ਉਲੰਘਿਆ ਪੰਜਿ ਸਬਦ ਵਜੀ ਵਧਾਈ ।
[੯]ਪੰਜੇ ਮੁਦ੍ਰਾ ਵਸਿ ਕਰਿ ਪੰਚਾਇਣੁ ਹੁਇ ਦੇਸ ਦੁਹਾਈ ।
ਪਰਮੇਸਰ ਹੈ ਪੰਜ ਮਿਲਿ ਲੇਖ ਅਲੇਖ ਨ ਕੀਮਤਿ ਪਾਈ ।
[੧੦]ਪੰਜ ਮਿਲੇ ਪਰਪੰਚ ਤਜਿ ਅਨਹਦ ਸਬਦ ਸਬਦ ਲਿਵਲਾਈ ।
ਸਾਧ ਸੰਗਤਿ ਸੋਹਨਿ ਗੁਰ ਭਾਈ ॥ ੬ ॥

---

੧ ਮਿਣਤੀ ਰਹਿਤ ।੨ ਸਾਧ ਸੰਗਤ ਵਿਚ ਮਿਲ ਕ (ਅਹੰਕਾਰ ਨੂੰ ਪੀੜਦੇ ਹਨ । ੩(ਜਿਸ ਨੇ ਜਗਤ ਨੂੰ) ਇਕ ਸੂਤ ਵਿਚ ਪਰੋ ਰਖਿਆ ਹੈ, ਉਸ ਦੀ ਪੈਰੀਂ ਪੈ ਕੇ । ੪ ਅੰਦਰ ਬਾਹਰ । ੫ ਗੁਰਸਿੱਖ ਇਕੋ ਗੋਤ ਦੇ ਹੋਣ ਕਰਕੇ ਸਾਹਮਣੇ ਹੀ ਵੜਿਆਏ ਜਾਂਦੇ ਹਨ । ੬ ਸਫਲ ਵਿਉਪਾਰ । ੭ ਤਾਂਘ । ੮ (ਉਨ੍ਹਾਂ ਵਿਚ) ਸਤਿ, ਸੰਤੋਖ, ਦਇਆ, ਧਰਮ ਤੇ ਅਰਥ ਦੀ ਸੁਗਰਥ (ਸ੍ਰੇਸ਼ਟ) ਸਮਰਥਾ ਸਮਾ ਰਹੀ ਹੈ । ੯ ਖੇਚਰੀ, ਭੂਚਰੀ, ਚਾਚਰੀ, ਉਨਮਨੀ ਤੇ ਭੁਯੰਗਮੀ ਪੰਜ ਯੋਗ ਮਤ ਦੀਆਂ ਮੁੰਦਰਾਂ ਵਸ ਕਰਕੇ ਚੰਗੇ ਪੰਚ ਹੋਏ ਹਨ (ਜਿਨ੍ਹਾਂ ਦੀ) ਦੇਸ਼ ਵਿਚ ਦੁਹਾਈ (ਸ਼ੁਹਰਤ ਹੈ ।੧੦ (ਕਿਹੜੇ) ਪੰਜ ਮਿਲੇ ? ਜਿਨ੍ਹਾਂ ਛਲ ਤਿਆਗ ਕੇ ਅਨਹਦ ਸ਼ਬਦ ਵਿਚ (ਗੁਰੂ ਕੇ) ਸ਼ਬਦ ਦਵਾਰਾ ਲਿਵ ਲਾਈ ਹੈ ।

Digitized by Panjab Digital Library | www.panjabdigilib.org

## ਪਉੜੀ ੭

[ ਗੁਰਮੁਖ, ਸਾਧ ਸੰਗ (ਛੇ ਗਿਣਤੀ) ]

[1]ਛਿਅਦਰਸਨਤਰਸਨਿਘਣੇਗੁਰਮੁਖਿਸਤਿਗੁਰਦਰਸਨੁਪਾਇਆ।
ਛਿਅ ਸਾਸਤ੍ਰ ਸਮਝਾਵਣੀ ਗੁਰਮੁਖਿ ਗੁਰਉਪਦੇਸੁ ਦਿੜਾਇਆ।
[2]ਛਿਅਨਾਦਵਿਸਮਾਦਵਿਚਿਗੁਰਮਤਿਸਤਿਗੁਰਸਬਦੁਸੁਣਾਇਆ।
ਛਿਅ ਰੁਤੀ ਕਰਿ ਵਰਤਮਾਨ ਸੂਰਜੁ ਇਕੁ ਚਲਤੁ ਵਰਤਾਇਆ।
[3]ਛਿਅਰਸਸਾਉਨਪਾਇਨੀ ਗੁਰਮੁਖਿਸੁਖੁਫਲੁਪਿਰਮ ਚਖਾਇਆ।
ਜਤੀ ਸਤੀ ਚਿਰੁ ਜੀਵਣੇ ਚਕ੍ਰਵਰਤਿ ਹੋਇ ਮੋਹੇ ਮਾਇਆ।
ਸਾਧ ਸੰਗਤਿ ਮਿਲਿ ਸਹਜਿ ਸਮਾਇਆ॥ ੭ ॥

## ਪਉੜੀ ੮

[ ਸਬਦ ਕਮਾਈ, ਸਾਧ ਸੰਗ (ਸਤ ਗਿਣਤੀ) ]

[4]ਸਤ ਸਮੁੰਦ ਸਮਾਇ ਲੈ ਭਵਜਲ ਅੰਦਰਿ ਰਹੇ ਨਿਰਾਲਾ[5]।
[6]ਸਤੇ ਦੀਪ ਅਨ੍ਹੇਰੁ ਹੈ ਗੁਰਮੁਖਿ ਦੀਪਕੁ ਸਬਦ ਉਜਾਲਾ।
[7]ਸਤੇ ਪੁਰੀਆ ਸੋਧੀਆ ਸਹਜ ਪੁਰੀ ਸਚੀ ਧਰਮਸਾਲਾ।
[8]ਸਤੇ ਰੋਹਣਿ ਸਤ ਵਾਰ ਸਾਧੇ ਫੜਿ ਫੜਿ ਮਥੇ ਵਾਲਾ।
[9]ਤ੍ਰੈ ਸਤੇ ਬ੍ਰਹਮੰਡਿ ਕਰਿ ਵੀਹ ਇਕੀਹ ਉਲੰਘਿ ਸੁਖਾਲਾ।
ਸਤੇ ਸੁਰ ਭਰਪੂਰੁ ਕਰਿ [10]ਸਤੀ ਧਾਰੀ ਪਾਰਿ ਪਿਆਲਾ।
ਸਾਧ ਸੰਗਤਿ ਗੁਰ ਸਬਦ ਸਮਾਲਾ॥ ੮ ॥

---

੧ ਛੇ (ਜੋਗੀ, ਜੰਗਮ ਆਦਿ) ਭੇਖ ਦਰਸ਼ਨ ਜਿਸ ਦੀ ਪ੍ਰਾਪਤੀ ਲਈ ਅਤਿ ਤਰਸਦ ਹਨ, ਗੁਰਮੁਖਾਂ ਨੇ ਸਤਿਗੁਰੂ ਦਵਾਰਾ ਉਹ ਦਰਸ਼ਨ ਪਾਇਆ ਹੈ। ੨ ਛੇਏ ਰਾਗ (ਜਿਸ ਨੂੰ ਸੁਣ ਕੇ) ਹੈਰਾਨ ਹੋ ਰਹੇ ਹਨ। ੩ ਛੇਏ ਰਸ ਜਿਸ ਦੇ ਸੁਆਦ ਨੂੰ ਨਹੀਂ ਪਾ ਸਕਦ, ਗੁਰਮੁਖਾਂ ਨੇ ਅਜਿਹਾ ਪਰੇਮ ਰੂਪ ਸੁਖ ਫਲ ਚਖਿਆ ਹੈ। ੪ ਪੰਜ ਗਿਆਨ ਇੰਦਰੇ, ਮਨ ਤੇ ਬੁਧੀ ਇਹਨਾਂ ਸੱਤਾਂ ਸਮੁੰਦਰਾਂ ਨੂੰ ਵਸ ਕਰਕੇ। ੫ ਨਿਰਲੇਪ। ੬ ਸੱਤ ਦੀਪ (ਜੰਬੂ, ਪਲਕਸ਼, ਸ਼ਾਲਮਲੀ, ਕੁਸ਼ ਕ੍ਰੌਂਚ, ਸ਼ਾਕ ਤੇ ਪੁਸ਼ਕਰ)। ੭ ਕਾਂਸ਼ੀ, ਕਾਂਚੀ ਅਵੰਤਿਕਾ (ਉੱਜੈਨ) ਦਵਾਰਾਵਤੀ, ਅਜੁਧਿਆ, ਮਥਰਾ, ਮਾਇਆ (ਹਰਿਦਵਾਰ), ਇਹ ਸੱਤ ਪੁਰੀਆਂ ਹਨ। ੮ ਰੋਹਣੀ ਆਦਿ ਨਛੱਤਰ ਅਤੇ ਸਤੇ ਵਾਰ, ਸਿਰ ਦੇ ਵਾਲਾਂ ਤੋਂ ਫੜ ਕੇ ਸਾਧ ਲਏ। ੯ ਬ੍ਰਹਿਮੰਡ ਦੀਆਂ ੨੧ ਪੁਰੀਆਂ ਨੂੰ (ਸਰ ਕਰਕੇ) ਵੀਹ ਤੇ ਇਕੀਹ ਦੀ ਗਿਣਤੀ ਤੋਂ ਪਾਰ ਹੋ ਕੇ ਸੁਖੀ ਹੋਏ ਹਨ। ੧੦ ਸੱਤਾਂ ਪਹਾੜਾਂ ਤੋਂ ਪਾਰ ਹੋਏ ਹਨ।

Digitized by Panjab Digital Library | www.panjabdigilib.org

## ਪਉੜੀ ੯

[ ਮਨਵਸ, ਸਾਧ ਸੰਗ (ਅਠ ਗਿਣਤੀ) ]

[1]ਅਠ ਖੰਡਿ ਪਾਖੰਡਮਤਿਗੁਰਮਤਿ ਇਕਮਨਿਇਕ ਧਿਆਇਆ ।
[2]ਅਸਟਧਾਤੁ ਪਾਰਸ ਮਿਲੀ ਗੁਰਮੁਖਿ ਕੰਚਨੁ ਜੋਤਿ ਜਗਾਇਆ ।
[3]ਰਿਧਿ ਸਿਧਿ ਸਿਧ ਸਾਧਿਕਾ ਆਦਿ ਪੁਰਖ ਆਦੇਸੁ ਕਰਾਇਆ ।
ਅਠੇ ਪਹਰ ਅਰਾਧੀਐ ਸਬਦ ਸੁਰਤਿ ਲਿਵਅਲਖੁ ਲਖਾਇਆ ।
[4]ਅਸਟ ਕੁਲੀ ਵਿਹੁ ਉਤਰੀ ਸਤਿਗੁਰ ਮਤਿ ਨ ਮੋਹੇ ਮਾਇਆ ।
ਮਨੁਅਸਾਧੁ ਨ ਸਾਧੀਐ ਗੁਰਮੁਖਿ [5]ਸੁਖਫਲੁ ਸਾਧਿ ਸਧਾਇਆ ।
ਸਾਧ ਸੰਗਤਿ ਮਿਲਿ ਮਨ ਵਸਿ ਆਇਆ ॥ ੯ ॥

## ਪਉੜੀ ੧੦

[ ਗੁਰਮਤਿ ਸਾਧ ਸੰਗ—(ਨੌਂ ਗਿਣਤੀ) ]

[6]ਨਉ ਪਰਕਾਰੀ ਭਗਤਿ ਕਰਿ ਸਾਧੈ ਨਵ ਦੁਆਰ [7]ਗੁਰਮਤੀ ।
[8]ਗੁਰਮੁਖਿ ਪਿਰਮੁ ਚਖਾਇਆ ਗਾਵੈ ਜੀਭ ਰਸਾਇਣਿ ਰਤੀ ।
ਨਵੀ ਖੰਡੀ ਜਾਣਾਇਆ [9]ਰਾਜੁ ਜੋਗੁ ਜਿਣਿ ਸਤੀ ਅਸਤੀ ।
[10]ਨਉਕਰਿ ਨਉਘਰ ਸਾਧਿਆ ਵਰਤਮਾਨ ਪਰਲਉ ਉਤਪਤੀ ।
ਨਵਨਿਧੀ ਪਿਛਲਗਣੀ [11]ਨਾਥ ਅਨਾਥ ਸਨਾਥ ਜੁਗਤੀ ।
[12]ਨਉ ਉਖਲ ਵਿਚਿ ਉਖਲੀ ਮਿਠੀ ਕਉੜੀ ਠੰਢੀ ਤਤੀ ।
ਸਾਧ ਸੰਗਤਿ ਗੁਰਮਤਿ ਸਣਖਤੀ[13] ॥ ੧੦ ॥

---

੧ (ਚਾਰ ਵਰਨ ਚਾਰ ਆਸ਼ਰਮ) ਅੱਠ ਖੰਡ । ੨ ਉਕਤ ਭਿੰਨ ਭਿੰਨ ਮਤ ਰੂਪ ਅਠੇ ਧਾਤਾਂ ਗੁਰਮੁਖ ਪਾਰਸ ਨੂੰ ਮਿਲ ਕੇ, ਸੋਨੇ ਦੀ ਜੋਤ ਵਾਂਗ ਜਗ ਪਈਆਂ ਹਨ । ੩ ਰਿੱਧੀਆਂ ਤੇ ਸਿੱਧੀਆਂ ਦੇ ਸਿੱਧ ਸਾਧਕਾਂ ਪਾਸੋਂ ਨਿਰੰਕਾਰ ਨੂੰ ਨਮਸਕਾਰ ਕਰਾਈ । ੪ ਅੱਠ ਕੁਲੀ ਸੱਪਾਂ ਦੀ (ਜਾਤੀ ਅਭਿਮਾਨ ਦੀ) ਜ਼ਹਿਰ ਉਤਰ ਗਈ ਹੈ । ੫ ਸੁਖੈਨ ਹੀ । ੬ ਨੌਧਾ ਭਗਤੀ । ੭ ਨੌਂ ਗੋਲਕਾਂ । ੮ ਗੁਰਮੁਖਾਂ ਨੇ ਪ੍ਰੇਮ ਰਸ ਚਖਿਆ, (ਉਹਨਾਂ ਦੀ) ਜੀਭ ਰਸਾਇਣ ਵਿਚ ਰੰਗੀ ਹੋਈ ਗਾਉਂਦੀ ਹੈ । ੯ ਰਾਜ ਤੇ ਜੋਗ ਦਵਾਰਾ ਸਤੀ ਤੇ ਅਸਤੀ (ਭਲੇ ਤੇ ਬੁਰੇ) ਕਰਮਾਂ ਨੂੰ ਜਿੱਤ ਲਿਆ ਹੈ । ੧੦ ਨੌਂ ਕਲਾ ਵਾਲੀਆਂ ਨੌ ਗੋਲਕਾਂ ਰੂਪ ਘਰ ਸਾਧ ਕੇ ਉਤਪੱਤੀ ਪਰਲੈ ਤੇ ਵਰਤਮਾਨ ਆਦਿ ਤਿੰਨੇ ਕਾਲ ਸਾਧ ਲਏ ਹਨ । ੧੧ ਨੌਂ ਗੋਲਕਾਂ ਵਿਚੋਂ (ਜੀਭ ਰੂਪ) ਗੋਲਕ । ੧੨ ਸ੍ਰੇਸ਼ਟ ।

Digitized by Panjab Digital Library | www.panjabdigilib.org

## ਪਉੜੀ ੧੧

[ਸਿਖ ਕੀਹ ਕਰੇ ?]

ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾ ਧੀਆਂ ਜਾਣੈ।
ਉਸੁ ਸੂਅਰੁ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ।
ਪੁਤ੍ਰ ਕਲਤ੍ਰ ਕੁਟੰਬੁ ਦੇਖਿ ਮੋਹੇ ਮੋਹਿ ਨ [1]ਧੋਹਿ ਧਿਙਾਣੈ।
ਉਸਤਤਿ ਨਿੰਦਾ ਕੰਨਿ ਸੁਣਿ ਆਪਹੁ ਬੁਰਾ ਨ ਆਖਿ ਵਖਾਣੈ।
ਵਡ ਪਰਤਾਪੁ ਨ ਆਪੁ ਗਣਿ ਕਰਿ ਅਹੰਮੇਉ[2] ਨ ਕਿਸੈ ਰਵਾਣੈ[3]।
ਗੁਰਮੁਖਿ ਸੁਖਫਲ ਪਾਇਆ ਰਾਜੁ ਜੋਗੁ ਰਸ ਰਲੀਆ[4] ਮਾਣੈ।
ਸਾਧ ਸੰਗਤਿ ਵਿਟਹੁ ਕੁਰਬਾਣੈ ॥ ੧੧ ॥

## ਪਉੜੀ ੧੨

[ਗੁਰਮੁਖ ਦੀ ਅਵਸਥਾ]

ਗੁਰਮੁਖਿ ਪਿਰਮ ਚਖਾਇਆ ਭੁਖ ਨ ਖਾਣੁ ਪੀਅਣੁ ਅੰਨੁ ਪਾਣੀ।
ਸਬਦ ਸੁਰਤਿ ਨੀਂਦ[5] ਉਘੜੀ [6]ਜਾਗਦਿਆਂ ਸੁਖ ਰੈਣਿ ਵਿਹਾਣੀ।
[7]ਸਾਹੇ ਬਧੇ ਸੋਹਦੇ ਮੈਲਾਪੜ[8] ਪਰਵਾਣੁ ਪਰਾਣੀ।
[9]ਚਲਣੁ ਜਾਣਿ ਸੁਜਾਣ ਹੋਇ ਜਗ ਮਿਹਮਾਨ ਆਏ ਮਿਹਮਾਣੀ।
ਸਚੁ ਵਣਜਿ ਖੇਪ[10] ਲੈ ਚਲੇ ਗੁਰਮੁਖਿ ਗਾਡੀ ਰਾਹੁ ਨੀਸਾਣੀ।
[11]ਹਲਤਿ ਪਲਤਿ ਮੁਖ ਉਜਲੇ ਗੁਰ ਸਿਖ ਗੁਰਸਿਖਾਂ ਮਨਿ ਭਾਣੀ।
ਸਾਧ ਸੰਗਤਿ ਵਿਚਿ ਅਕਥ ਕਹਾਣੀ ॥੧੨॥

---

੧ ਛਲ ਤੇ ਧੱਕਾ। ੨ ਅਹੰਕਾਰ। ੩ ਨਾਰਾਜ਼ ਨ ਕਰੇ। ੪ ਆਨੰਦ। ੫ ਅਵਿਦਿਆ ਦੀ ਨੀਂਦ। ੬ ਜਾਗ ਵਿਚ ਸੁਖ ਨਾਲ ਉਮਰ ਰੂਪੀ ਰਾਤ। ੭ ਗਾਨੇ। ੮ ਮੇਲਾ ਵੇਸ। ੯ ਗਿਆਨਵਾਨ ਹੋ ਕੇ ਦੁਨੀਆ ਚਲਣ ਵਾਲੀ ਜਾਣਦੇ ਹਨ, (ਜਿਵੇਂ) ਜਗ ਵਿਚ ਮਿਹਮਾਨੀ ਲਈ ਮੇਹਮਾਨ ਆਏ ਹੁੰਦੇ ਹਨ। ੧੦ ਭਾਰ। ੧੧ ਲੋਕ ਪਰਲੋਕ।

Digitized by Panjab Digital Library | www.panjabdigilib.org

## ਪਉੜੀ ੧੩

[ਸਾਧ ਸੰਗਤ ਵਿਚ ਮਿਲ ਕੇ ਭਾਣਾ ਮੰਨੋ]

ਹਉਮੈ ਗਰਬੁ ਨਿਵਾਰੀਐ ਗੁਰਮੁਖਿ ਰਿਦੈ ਗਰੀਬੀ ਆਵੈ ।
ਗਿਆਨ ਮਤੀ ਘਟਿ ਚਾਨਣਾ ਭਰਮ ਅਗਿਆਨੁ ਅੰਧੇਰੁ ਮਿਟਾਵੈ।
ਹੋਇ ਨਿਮਾਣਾ ਢਹਿ ਪਵੈ ਦਰਗਹ ਮਾਣੁ ਨਿਮਾਣਾ ਪਾਵੈ ।
ਖਸਮੈ ਸੋਈ ਭਾਵਦਾ ਖਸਮੈ ਦਾ ਜਿਸੁ ਭਾਣਾ ਭਾਵੈ ।
[1]ਭਾਣਾ ਮੰਨੈ ਮੰਨੀਐ ਅਪਣਾ ਭਾਣਾ ਆਪਿ ਮਨਾਵੈ ।
ਦੁਨੀਆ ਵਿਚਿ ਪਰਾਹੁਣਾ ਦਾਵਾ ਛਡਿ ਰਹੈ ਲਾ ਦਾਵੈ ।
ਸਾਧ ਸੰਗਤਿ ਮਿਲਿ ਹੁਕਮਿ ਕਮਾਵੈ ॥੧੩॥

## ਪਉੜੀ ੧੪

[ਸਾਧ ਸੰਗਤ ਵਿਚ ਇਕ ਦੀ ਆਰਾਧਣਾ]

ਗੁਰ ਪਰਮੇਸਰ ਇਕੁ ਜਾਣਿ ਗੁਰਮੁਖਿ ਦੂਜਾ ਭਾਉ ਮਿਟਾਇਆ ।
ਹਉਮੈ ਪਾਲਿ ਢਹਾਇਕੈ [2]ਤਾਲ ਨਦੀ ਦਾ ਨੀਰੁ ਮਿਲਾਇਆ ।
ਨਦੀ ਕਿਨਾਰੈ ਦੁਹ ਵਲੀ ਇਕਦੂ ਪਾਰਾਵਾਰੁ ਨ ਪਾਇਆ ।
ਰੁਖਹੁ ਫਲੁ ਤੈ ਫਲਹੁ ਰੁਖੁ [3]ਇਕ ਨਾਉ ਫਲੁ ਰੁਖੁ ਸਦਾਇਆ ।
ਛਿਅ ਰੁਤੀ ਇਕੁ ਸੁਝ ਹੈ ਸੁਝੈ ਸੁਝੁ [4] ਨ ਹੋਰੁ ਦਿਖਾਇਆ ।
ਰਾਤੀ ਤਾਰੇ ਚਮਕਦੇ ਦਿਹ ਚੜਿਐ [5]ਕਿਨਿ ਆਖੁ ਲੁਕਾਇਆ ।
ਸਾਧ ਸੰਗਤਿ ਇਕ ਮਨਿ ਇਕੁ ਧਿਆਇਆ ॥੧੪॥

## ਪਉੜੀ ੧੫

[ਗੁਰ ਸਿਖ ਜੋਗੀ]

ਗੁਰ ਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ ।
ਕੰਨੀ ਮੁੰਦਰਾ ਮੰਤ੍ਰ ਗੁਰ ਸੰਤਾਂ ਧੂੜਿ ਬਿਭੂਤ ਸੁ ਲਾਸੀ ।

---

੧ ਜੋ ਭਾਣਾ ਮੰਨੇ, ਉਹ ਸਾਰੇ ਮੰਨੀਦਾ ਹੈ। ੨ ਤਾਲਾਬ ਤੇ ਨਦੀ ਦਾ ਪਾਣੀ ਇਕ ਕਰ ਮੰਨਿਆ, ਭਾਵ ਜੀਵ ਤੇ ਬ੍ਰਹਮ ਨੂੰ ਅਭੇਦ ਜਾਤਾ। ੩ ਫਲ ਤੇ ਰੁਖ ਦਾ ਨਾਉਂ ਸਭ ਜਗ੍ਹਾ ਇਕੋ ਹੀ (ਕਹੀਦਾ ਹੈ)। ੪ ਸੂਰਜ। ੫ ਆਖ (ਕਹੁ!) ਕਿਸ ਨੇ ਲੁਕਾ ਦਿੱਤੇ ਹਨ।

Digitized by Panjab Digital Library | www.panjabdigilib.org

[1]ਖਿੰਥਾ ਖਿਮਾ ਹੰਢਾਵਣੀ ਪ੍ਰੇਮ ਪਤ੍ਰ ਭਾਉ[2] ਭੁਗਤਿ ਬਿਲਾਸੀ ।
ਸਬਦ ਸੁਰਤਿ ਸਿੰਙੀ ਵਜੈ ਡੰਡਾ ਗਿਆਨੁ ਧਿਆਨੁ ਗੁਰਦਾਸੀ ।
[3]ਸਾਧ ਸੰਗਤਿ ਗੁਰ ਗੁਫੈ ਬਹਿ ਸਹਜਿ ਸਮਾਧਿ ਅਗਾਧਿ ਨਿਵਾਸੀ ।
ਹਉਮੈ ਰੋਗ ਅਰੋਗ ਹੋਇ ਕਰਿ ਸੰਜੋਗੁ ਵਿਜੋਗ ਖਲਾਸੀ[4] ।
ਸਾਧ ਸੰਗਤਿ ਗੁਰਮਤਿ [5]ਸਾਬਾਸੀ ॥੧੫॥

## ਪਉੜੀ ੧੬

[ਸਾਧ ਸੰਗਤ ਵਿਚ ਆਸ਼ਕ ਹੋ ਕੇ ਵੇਖੋ]

ਲਖ ਬ੍ਰਹਮੇ ਲਖ ਵੇਦ ਪੜਿ ਨੇਤ ਨੇਤ ਕਰਿ ਕਰਿ ਸਭ ਥਕੇ ।
[6]ਮਹਾਦੇਵ ਅਵਧੂਤ ਲਖ ਜੋਗ ਧਿਆਨ ਉਣੀਦੈ ਅਕੇ ।
ਲਖ ਬਿਸਨ ਅਵਤਾਰ ਲੈ ਗਿਆਨ ਖੜਗੁ ਫੜਿ ਪਹੁਚਿ ਨ ਸਕੇ ।
ਲਖ ਲੋਮਸੁ ਚਿਰ ਜੀਵਣੇ ਆਦਿ ਅੰਤਿ ਵਿਚਿ [7]ਧੀਰਕ ਧਕੇ ।
ਤਿਨਿ ਲੋਅ ਜੁਗ ਚਾਰਿ ਕਰਿ ਲਖ ਬ੍ਰਹਮੰਡ ਖੰਡ [8]ਕਰ ਢਕੇ ।
ਲਖ ਪਰਲਉ ਉਤਪਤਿ ਲਖ ਹਰਹਟ ਮਾਲਾ ਅਖਿ ਫਰਕੇ ।
ਸਾਧ ਸੰਗਤਿ ਆਸਕੁ ਹੋਇ ਤਕੇ ॥੧੬॥

## ਪਉੜੀ ੧੭

[ਮਨਿ ਜੀਤੈ ਜਗੁ ਜੀਤੁ]

ਪਾਰਬ੍ਰਹਮੁ ਪੂਰਨ ਬ੍ਰਹਮੁ [9]ਆਦਿ ਪੁਰਖੁ ਹੈ ਸਤਿਗੁਰ ਸੋਈ ।
ਜੋਗ ਧਿਆਨੁ ਹੈਰਾਨੁ ਹੋਇ ਵੇਦ ਗਿਆਨ ਪਰਵਾਹ ਨ ਹੋਈ ।
ਦੇਵੀ ਦੇਵ ਸਰੇਵਦੇ ਜਲ ਥਲ ਮਹੀਅਲ ਭਵਦੀ ਲੋਈ[10] ।
ਹੋਮ ਜਗ ਜਪ ਤਪ ਘਣੇ ਕਰਿ ਕਰਿ ਕਰਮ ਧਰਮ ਦੁਖ ਰੋਈ ।

---

੧ ਕਫ਼ਨੀ । ੨ ਗਿਆਨ । ੩ ਸਤਿਗੁਰ ਦੀ ਸਾਧ ਸੰਗਤ ਰੂਪ ਗੁਫ਼ਾ ਵਿਚ ਬੈਠ ਕੇ ਡੂੰਘੀ ਸਹਿਜ ਸਮਾਧ ਵਿਚ ਨਿਵਾਸ ਕਰਦੇ ਹਨ । ੪ ਸੇਵਾਦਾਰ । ੫ ਸ਼ਾਬਾਸ਼ ਮਿਲਦੀ ਹੈ, ਅਰਥਾਤ ਵਾਹਿਗੁਰੂ ਪ੍ਰਸੰਨ ਹੁੰਦਾ ਹੈ । ੬ ਸਿਵ ਜਿਹੇ ਅਵਧੂਤ (ਜੋਗੀ) । ੭ ਧੀਰਜ ਵਿਚ ਧਕੇ ਹੀ ਖਾਧੇ । ੮ ਹੱਥ ਹਠਾਂ ਢਕੇ ਹੋਏ (ਵਸ ਕੀਤੇ) ਹਨ । ੯ ਗੁਰੂ ਨਾਨਕ ਦੇਵ ਜੀ । ੧੦ ਸ੍ਰਿਸ਼ਟੀ ।

Digitized by Panjab Digital Library | www.panjabdigilib.org

[੧]ਵਸਿ ਨ ਆਵੈ ਧਾਵਦਾ ਅਠੁ ਖੰਡਿ ਪਾਖੰਡ ਵਿਗੋਈ।
ਗੁਰਮੁਖਿ ਮਨੁ ਜਿਣਿ ਜਗੁ ਜਿਣੈ ਆਪੁ ਗਵਾਇ ਆਪੇ ਸਭ ਕੋਈ।
ਸਾਧ ਸੰਗਤਿ ਗੁਣ ਹਾਰੁ ਪਰੋਈ ॥ ੧੭ ॥

## ਪਉੜੀ ੧੮

[ਗੁਰੂ ਮਲਾਹ, ਸਾਧ ਸੰਗ]

ਅਲਖ ਨਿਰੰਜਨੁ ਆਖੀਐ ਰੂਪ ਨ ਰੇਖ ਅਲੇਖ ਅਪਾਰਾ।
ਅਬਿਗਤਿ ਗਤਿ ਅਬਿਗਤਿ ਘਣੀ [੨]ਸਿਮਰਣਿ ਸੇਖ ਨ ਆਵੈ ਵਾਰਾ।
ਅਕਥ ਕਥਾ ਕਿਉ ਜਾਣੀਐ ਕੋਇ ਨ ਆਖਿ ਸੁਣਾਵਣ ਹਾਰਾ।
ਅਚਰਜੁ ਨੋ ਆਚਰਜੁ ਹੋਇ ਵਿਸਮਾਦੈ ਵਿਸਮਾਦੁ ਸੁਮਾਰਾ।
ਚਾਰਿ ਵਰਨ ਗੁਰੁ ਸਿਖ ਹੋਇ ਘਰ ਬਾਰੀ ਬਹੁ ਵਣਜ ਵਪਾਰਾ।
ਸਾਧ ਸੰਗਤਿ ਆਰਾਧਿਆ [੩]ਭਗਤਿ ਵਛਲੁ ਗੁਰ ਰੂਪੁ ਮੁਰਾਰਾ।
ਭਵ ਸਾਗਰੁ ਗੁਰਿ ਸਾਗਰ ਤਾਰਾ ॥੧੮॥

## ਪਉੜੀ ੧੯

[ਗੁਰੂ ਨੂੰ ਸੋਝੀ ਪਾਈ]

[੪]ਨਿਰੰਕਾਰੁ ਏਕੰਕਾਰੁ ਹੋਇ ਓਅੰਕਾਰਿ ਅਕਾਰੁ ਅਪਾਰਾ।
ਰੋਮ ਰੋਮ ਵਿਚਿ ਰਖਿਓਨੁ ਕਰਿ ਬ੍ਰਹਮੰਡ ਕਰੋੜਿ ਪਸਾਰਾ।
ਕੇਤੜਿਆ ਜੁਗ ਵਰਤਿਆ ਅਗਮ[੫] ਅਗੋਚਰ[੬] ਧੁੰਧੂਕਾਰਾ।
ਕੇਤੜਿਆ ਜੁਗ ਵਰਤਿਆ ਕਰਿ ਕਰਿ ਕੇਤੜਿਆ ਅਵਤਾਰਾ।
ਭਗਤਿ ਵਛਲੁ ਹੋਇ ਆਇਆ ਕਲੀਕਾਲ ਪਰਗਟ ਪਾਹਾਰਾ[੭]।

---

੧ ਮਨ ਭਟਕਦਾ ਹੋਇਆ ਵਸ ਵਿਚ ਨਹੀਂ ਆਉਂਦਾ, ਸਮਾਜ ਦੇ ਅੱਠ ਅੰਗ (ਚਾਰ ਵਰਨ, ਚਾਰ ਆਸ਼ਰਮ) ਪਾਖੰਡ ਵਿਚ ਖਰਾਬ ਹੋ ਰਹੇ ਹਨ। ੨ ਸਿਮਰਨ ਕਰਦਿਆਂ ਸ਼ੇਸ਼ਨਾਗ ਪਾਰ ਨਹੀਂ ਪਾ ਸਕਦਾ। ੩ ਅਹੰਕਾਰ ਰੂਪੀ ਮੁਰ ਦੈਂਤ ਦੇ ਵੈਰੀ, 'ਗੁਰੂ ਰੂਪ ਭਗਤ ਵਛਲ' ਨੂੰ (ਜਾਣਿਆ ਹੈ)। ੪ ਨਿਰਾਕਾਰ ਨੇ ਏਕੇ ਦੀ ਸ਼ਕਲ ਧਾਰਨ ਕਰਕੇ ਅਪਾਰ ਓਅੰਕਾਰ ਦਾ ਰੂਪ (ਧਾਰਨ ਕੀਤਾ)। ੫ ਜਾਨਣ ਤੋਂ ਰਹਿਤ। ੬ ਪਹੁੰਚ ਤੋਂ ਪਰੇ। ੭ ਪਸਾਰਾ।

Digitized by Panjab Digital Library | www.panjabdigilib.org

ਸਾਧ ਸੰਗਤਿ ਵਸਗਤਿ ਹੋਆ [1]ਓਤਿ ਪੋਤਿ ਕਰਿ ਪਿਰਮ ਪਿਆਰਾ।
ਗੁਰਮੁਖਿ ਸੁਝੈ ਸਿਰਜਣਹਾਰਾ ॥੧੯॥

## ਪਉੜੀ ੨੦

[ਸਤਿਗੁਰ ਤੇ ਸਿਖ, ਸਾਧ ਸੰਗ]

[2]ਸਤਿਗੁਰ ਮੂਰਤਿ ਪਰਗਟੀ ਗੁਰਮੁਖਿ ਸੁਖ ਫਲੁ ਸਬਦ ਵਿਚਾਰਾ।
ਇਕਦੂ ਹੋਇ ਸਹਸ ਫਲੁ ਗੁਰੁ ਸਿਖ ਸਾਧ ਸੰਗਤਿ ਓਅੰਕਾਰਾ।
ਡਿਠਾ ਸੁਣਿਆ ਮੰਨਿਆ ਸਨਮੁਖਿ ਸੇ ਵਿਰਲੇ ਸੈਸਾਰਾ।
ਪਹਿਲੋ ਦੇ ਪਾਖਾਕ ਹੋਇ ਪਿਛਹੁ ਜਗੁ ਮੰਗੈ ਪਗ ਛਾਰਾ।
ਗੁਰਮੁਖਿ ਮਾਰਗੁ ਚਲਿਆ ਸਚੁ ਵਣਜੁ ਕਰਿ ਪਾਰਿ ਉਤਾਰਾ।
ਕੀਮਤਿ ਕੋਇ ਨ ਜਾਣਈ ਆਖਣਿ ਸੁਣਨਿ ਨ ਲਿਖਣਿਹਾਰਾ।
ਸਾਧ ਸੰਗਤਿ ਗੁਰ ਸਬਦੁ ਪਿਆਰਾ ॥੨੦॥

## ਪਉੜੀ ੨੧

[ਗੁਰ ਚੇਲੇ ਦਾ ਮੇਲ]

ਸਾਧਸੰਗਤਿ ਗੁਰੁਸਬਦਲਿਵਗੁਰਮੁਖਿਸੁਖਫਲੁਪਿਰਮਚਖਾਇਆ।
ਸਭ ਨਿਧਾਨ ਕੁਰਬਾਨ ਕਰਿ ਸਭੇ ਫਲ ਬਲਿਹਾਰ ਕਰਾਇਆ।
ਤ੍ਰਿਸਨਾ ਜਲਣਿ ਬੁਝਾਈਆਂ ਸਾਂਤਿ ਸਹਜ[3] ਸੰਤੋਖੁ ਦਿੜਾਇਆ।
ਸਭੇ ਆਸਾ ਪੂਰੀਆ ਆਸਾ ਵਿਚਿ ਨਿਰਾਸੁ[4] ਵਲਾਇਆ।
[5]ਮਨਸਾ ਮਨਹਿ ਸਮਾਇਲੈ ਮਨ ਕਾਮਨ ਨਿਹਕਾਮ ਨ ਧਾਇਆ।
ਕਰਮ ਕਾਲ ਜਮਜਾਲ ਕਟਿ ਕਰਮ ਕਰੇ ਨਿਹਕਰਮ ਰਹਾਇਆ।
ਗੁਰ ਉਪਦੇਸੁ ਅਵੇਸੁ ਕਰਿ ਪੈਰੀ ਪੈ ਜਗੁ ਪੈਰੀ ਪਾਇਆ।
ਗੁਰ ਚੇਲੇ ਪਰਚਾ ਪਰਚਾਇਆ ॥੨੧॥੨੯॥

---

੧ ਪਰੇਮੀ ਤੇ ਪਿਆਰਾ ਤਾਣੇ-ਪੇਟੇ ਵਾਂਗ ਇਕ-ਮਿਕ ਹੋ ਗਏ। ੨ ਸਤਿਗੁਰੂ (ਨਾਨਕ ਦੇਵ ਜੀ) ਦੀ ਮੂਰਤੀ ਪ੍ਰਗਟ ਹੋਣ ਪੁਰ ਗੁਰਮੁਖਾਂ ਨੇ ਸ਼ਬਦ ਰੂਪ ਸੁਖ ਫਲ ਦੀ ਵਿਚਾਰ ਕੀਤੀ। ੩ ਗਿਆਨ। ੪ ਨਿਰਾਸ। ੫ ਮਨ ਦੀਆਂ ਬਿਰਤੀਆਂ ਨੂੰ ਮਨ ਵਿਚ ਹੀ ਸਮਾ ਲਿਆ ਹੈ, ਮਨ ਦੀਆਂ ਕਾਮਨਾਂ ਦੇ ਵਸ ਹੋ ਕੇ ਭਟਕਦੇ ਨਹੀਂ ਨਿਸ਼ਕਾਮ ਹੋ ਗਏ ਹਨ।

Digitized by Panjab Digital Library | www.panjabdigilib.org

# ਵਾਰ ੩੦.

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਮੰਗਲਾਚਰਣ, ਸਚ ਤੇ ਕੂੜ]

ਸਤਿਗੁਰ ਸਚਾ ਪਾਤਿਸਾਹੁ ਗੁਰਮੁਖਿ ਸਚਾ ਪੰਥੁ ਸੁਹੇਲਾ।
ਮਨਮੁਖ ਕਰਮ ਕਮਾਂਵਦੇ ਦੁਰਮਤਿ ਦੂਜਾ ਭਾਉ ਦੁਹੇਲਾ[1]।
ਗੁਰਮੁਖਿ ਸੁਖ ਫਲੁ ਸਾਧਸੰਗ ਭਾਇ ਭਗਤਿ ਕਰਿ ਗੁਰਮੁਖਿ ਮੇਲਾ।
ਕੂੜੁ ਕੁਸਤੁ ਅਸਾਧ ਸੰਗੁ ਮਨਮੁਖ ਦੁਖ ਫਲੁ ਹੈ [2]ਵਿਹੁ ਵੇਲਾ।
ਗੁਰਮੁਖਿ ਆਪੁ ਗਵਾਵਣਾ ਪੈਰੀ ਪਉਣਾ ਨੇਹੁ ਨਵੇਲਾ[3]।
ਮਨਮੁਖ ਆਪੁ ਗਵਾਵਣਾ [4]ਗੁਰਮਤਿ ਗੁਰ ਤੇ ਉਕੜੁ ਚੇਲਾ।
[5]ਕੂੜੁ ਸਚੁ ਸੀਹ ਬਕਰ ਖੇਲਾ ॥੧॥

## ਪਉੜੀ ੨

[ਗੁਰਮੁਖ, ਮਨਮੁਖ, ਸਚ ਤੇ ਕੂੜ]

ਗੁਰਮੁਖਿ ਸੁਖ ਫਲੁ ਸਚੁ ਹੈ ਮਨਮੁਖ ਦੁਖ ਫਲੁ ਕੂੜੁ ਕੂੜਾਵਾ।
ਗੁਰਮੁਖਿ ਸਚੁ ਸੰਤੋਖੁ ਰੁਖੁ ਦੁਰਮਤਿ[6] ਦੂਜਾ ਭਾਉ ਪਛਾਵਾ[7]।
ਗੁਰਮੁਖਿ ਸਚੁ ਅਡੋਲੁ ਹੈ ਮਨਮੁਖ ਫੇਰਿ ਫਿਰੰਦੀ ਛਾਵਾਂ।
ਗੁਰਮੁਖਿ ਕੋਇਲ ਅੰਬ ਵਣ ਮਨਮੁਖ ਵਣਿ ਵਣਿ ਹੰਢਨਿ ਕਾਵਾਂ[8]।
ਸਾਧ ਸੰਗਤਿ ਸਚੁ ਬਾਗ ਹੈ [9]ਸਬਦ ਸੁਰਤਿ ਗੁਰਮਤੁ ਸਚਾਵਾਂ।
ਵਿਹੁ ਵਣੁ ਵਲਿ ਅਸਾਧ ਸੰਗਿ ਬਹੁਤੁ ਸਿਆਣਪ ਨਿਗੋਸਾਵਾਂ[10];
ਜਿਉ ਕਰਿ ਵੇਸੁਆ ਵੰਸੁ ਨਿਨਾਵਾਂ ॥੨॥

---

੧ ਦੁਖੀ। ੨ ਜ਼ਹਿਰ ਦੀ ਵੇਲ। ੩ ਨਵਾਂ। ੪ (ਉਹ) ਗੁਰੂ ਦੀ ਗੁਰਮਤ ਤੋਂ ਉੱਕ ਕੇ ਚੇਲਾ (ਚਲਦੇ ਹਨ)। ੫ ਸੱਚ ਤੇ ਝੂਠ ਦੀ ਸ਼ੇਰ ਤੇ ਬਕਰੇ ਵਾਲੀ ਖੇਡ ਹੈ (ਸੱਚ ਦੇ ਸਾਹਮਣੇ ਝੂਠ ਨਹੀਂ ਖਲੋ ਸਕਦਾ)। ੬ ਖੋਟੀ ਬੁਧੀ ਵਾਲਾ ਮਨਮੁਖ। ੭ ਪਰਛਾਵਾਂ ਰੂਪ ਹੈ। ੮ ਕਾਂ। ੯ [ਜਿਥੇ] ਸ਼ਬਦ ਦੀ ਪ੍ਰੀਤ ਅਤੇ ਗੁਰਮੰਤ੍ਰ ਦੀ ਸਚੀ ਛਾਉਂ ਹੈ। ੧੦ ਨਿਗੁਰਾ।

Digitized by Panjab Digital Library | www.panjabdigilib.org

## ਪਉੜੀ ੩

[ਗੁਰਮੁਖ,ਮਨਮੁਖ, ਸਚ ਤੇ ਕੂੜ]

[੧]ਗੁਰਮੁਖਿ ਹੋਇ ਵੀਆਹੀਐ ਦੁਹੀ ਵਲੀ ਮਿਲਿ ਮੰਗਲ ਚਾਰਾ।
ਦੁਹੁ ਮਿਲਿ ਜੰਮੈ ਜਾਣੀਐ ਪਿਤਾ ਜਾਤਿ ਪਰਵਾਰ ਸਧਾਰਾ[੨]।
[੩]ਜੰਮਦਿਆਂ ਰਣਝੁੰਝਣਾ ਵੰਸਿ ਵਧਾਈ ਰੁਣਝੁਣਕਾਰਾ।
ਨਾਨਕ ਦਾਦਕ ਸੋਹਿਲੇ ਵਿਰਤੀਸਰ[੪] ਬਹੁ ਦਾਨ ਦਤਾਰਾ।
[੫]ਬਹੁ ਮਿਤੀ ਹੋਇ ਵੇਸੁਆ ਨਾ ਪਿਉ ਨਾਉ ਨਿਨਾਉ ਪੁਕਾਰਾ।
ਗੁਰਮੁਖਿ ਵੰਸੀ ਪਰਮਹੰਸ ਮਨਮੁਖਿ ਠਗ ਬਗਵੰਸ ਹਤਿਆਰਾ।
ਸਚਿ ਸਚਿਆਰ ਕੂੜਹੁ ਕੂੜਿਆਰਾ ॥੩॥

## ਪਉੜੀ ੪

[ਗੁਰਮੁਖ, ਮਨਮੁਖ, ਸਚ ਤੇ ਕੂੜ]

ਮਾਨ ਸਰੋਵਰੁ ਸਾਧਸੰਗੁ ਮਾਣਕ ਮੋਤੀ ਰਤਨ ਅਮੋਲਾ।
ਗੁਰਮੁਖਿ ਵੰਸੀ ਪਰਮਹੰਸ ਸਬਦ ਸੁਰਤਿ ਗੁਰਮਤਿ ਅਡੋਲਾ।
[੬]ਖੀਰਹੁ ਨੀਰ ਨਿਕਾਲਦੇ ਗੁਰਮੁਖਿ ਗਿਆਨੁ ਧਿਆਨੁ ਨਿਰੋਲਾ[੭]।
ਗੁਰਮੁਖਿ ਸਚੁ ਸਲਾਹੀਐ [੮]ਤੋਲੁ ਨ ਤੋਲਣਹਾਰੁ ਅਤੋਲਾ।
ਮਨਮੁਖ ਬਗੁਲ ਸਮਾਧਿ ਹੈ ਘੁਟਿ ਘੁਟਿ ਜੀਆ ਖਾਇ ਅਬੋਲਾ[੯]।
[੧੦]ਹੋਇ ਲਖਾਉ ਟਿਕਾਇ ਜਾਇ ਛਪੜਿ ਊਹੁ ਪੜੈ ਮੁਹਚੋਲਾ।
ਸਚੁ ਸਾਊ ਕੂੜੁ [੧੧]ਗਹਿਲਾ ਗੋਲਾ ॥੪॥

---

੧ [ਗੁਰਮਤਿ ਲੈਣ ਯੋਗ] ਗੁਰਮੁਖ [ਯੁਵਾ] ਹੋਣ ਪੁਰ [ਕੰਨਿਆ ਦਾ] ਵਿਵਾਹ ਕੀਤਾ ਜਾਂਦਾ ਹੈ। ੨ ਬਿਰਧੀ [ਵਾਧਾ]। ੩ ਜੰਮਣ ਪਰ ਰੁਣ ਝੁਣਕਾਰ [ਰਾਗੀ] ਤੇ ਵਾਜੇ-ਗਾਜੇ ਵਜਾ ਕੇ ਵੰਸ ਦੀਆਂ ਵਧਾਈਆਂ [ਦੇਂਦੇ ਹਨ]। ੪ ਲਾਗੀ। ੫ ਬਹੁਤੇ ਮਿਤਰਾਂ ਵਾਲੀ। ੬ ਸੱਚ ਤੇ ਝੂਠ ਦਾ ਨਿਰਣਾ ਕਰਦੇ ਹਨ। ੭ ਨਿਰਾਲਾ [ਅੱਡਰਾ]। ੮ ਤੋਲਣ ਤੋਂ ਅਤੋਲ ਹੋ ਕੇ [ਜਗਤ ਨੂੰ] ਤੋਲਣਹਾਰ [ਬਣੇ ਹਨ]। ੯ ਮੋਨੀ। ੧੦ ਕਿਸੇ ਟਿਕੇ ਹੋਏ ਛੱਪੜ ਪੁਰ ਉਹ ਜਾਏ ਤਾਂ ਲਖਾਉ [ਸੂਝ] ਹੋਣ ਤੇ ਊਹੁ [ਹਾਹਾਕਾਰ] ਪੈ ਜਾਂਦੀ ਹੈ ਉਸ ਦੇ ਮੂੰਹ ਹਿਲਾਉਣ ਨਾਲ ਹੀ। ੧੧ ਗਾਫ਼ਲ ਗੁਲਾਮ।

Digitized by Panjab Digital Library | www.panjabdigilib.org

## ਪਉੜੀ ੫

[ਗੁਰਮੁਖ,ਮਨਮੁਖ, ਸਚ ਤੇ ਕੂੜ]

ਗੁਰਮੁਖ ਸਚੁ ਸੁਲਖਣਾ ਸਭਿ ਸੁਲਖਣ ਸਚੁ ਸੁਹਾਵਾ।
ਮਨਮੁਖ ਕੂੜੁ ਕੁਲਖਣਾ ਸਭ ਕੁਲਖਣ ਕੂੜੁ ਕੁਦਾਵਾ[੧]।
ਸਚੁ ਸੁਇਨਾ ਕੂੜੁ ਕਚੁ ਹੈ ਕਚ ਨ ਕੰਚਨ ਮੁਲਿ ਮੁਲਾਵਾ।
ਸਚੁ ਭਾਰਾ ਕੂੜੁ ਹਉਲੜਾ[੨] ਪਵੈ ਨ ਰਤਕ ਰਤਨ ਭੁਲਾਵਾ।
ਸਚ ਹੀਰਾ ਕੂੜੁ ਫਟਕੁ ਹੈ ਜੜੈ ਜੜਾਵ[੪] ਨ ਜੁੜੈ ਜੁੜਾਵਾ।
ਸਚੁ ਦਾਤਾ ਕੂੜ ਮੰਗਤਾ[੫] ਦਿਹੁਰਾਤੀ ਚੋਰ ਸਾਹ ਮਿਲਾਵਾ।
ਸਚੁ ਸਾਬਤੁ ਕੂੜਿ ਫਿਰਦਾ ਫਾਵਾ[੬] ॥੫॥

## ਪਉੜੀ ੬[ਸਚ ਤੇ ਕੂੜ]

ਗੁਰਮੁਖਿ ਸਚੁ ਸੁਰੰਗੁ ਹੈ[੭] ਮੁਲ ਮਜੀਠ ਨ ਟਲੈ ਟਲੰਦਾ।
ਮਨਮੁਖੁ ਕੂੜੁ ਕੁਰੰਗ ਹੈ ਫੁਲ ਕੁਸੁੰਭੇ ਥਿਰ ਨ ਰਹੰਦਾ।
ਥੋਮ, ਕਥੂਰੀ, ਵਾਸੁ ਲੈ ਨਕੁ ਮਰੋੜੈ, ਮਨਿ ਭਾਵੰਦਾ।
ਕੂੜੁ ਸਚੁ ਅਕ ਅੰਬ ਫਲ ਕਉੜਾ ਮਿਠਾ ਸਾਉ ਲਹੰਦਾ।
ਸਾਹ ਚੋਰ ਸਚ ਕੂੜੁ ਹੈ ਸਾਹੁ ਸਵੈ ਚੋਰੁ ਫਿਰੈ ਭਵੰਦਾ।
ਸਾਹ ਫੜੈ ਉਠਿ ਚੋਰ ਨੋ ਤਿਸ ਨੁਕਸਾਨੁ ਦੀਬਾਣ[੮] ਕਰੰਦਾ।
ਸਚੁ ਕੂੜੈ ਲੈ[੯] ਨਿਹਣਿ ਬਹੰਦਾ ॥੬॥

## ਪਉੜੀ ੭

[ਸਚ ਤੇ ਕੂੜ]

ਸਚੁ ਸੋਹੈ ਸਿਰ ਪਗ ਜਿਉ ਕੋੜਾ ਕੂੜੁ ਕੁਥਾਇ ਕਛੋਟਾ[੧੦]।
ਸਚੁ ਸਤਾਣਾ ਸਾਰਦੂਲੁ[੧੧] ਕੂੜੁ ਜਿਵੈ ਹੀਣਾ[੧੨] ਹਰਣੋਟਾ।

---

੧ ਖੋਟਾ ਦਾਉ। ੨ ਰੱਤੀ ਉੱਤੇ ਰਤਨ ਦਾ ਧੋਖਾ ਨਹੀਂ ਹੁੰਦਾ। ੩ ਬਿਲੌਰ। ੪ [ਇਹਨਾਂ ਦੋਹਾਂ ਦਾ] ਜੋੜ ਨਹੀਂ ਜੁੜਦਾ। ੫ ਦਿਨ ਤੇ ਰਾਤ ਅਤੇ ਚੋਰ ਤੇ ਸ਼ਾਹ ਵਾਂਗ ਇਨ੍ਹਾਂ ਦਾ ਮੇਲ ਹੈ। ੬ ਹਾਰਿਆ ਹੋਇਆ। ੭ ਮਜੀਠ [ਦੇ ਰੰਗ] ਵਾਂਗ ਉਸ ਦਾ ਮੁਲ [ਕਦਰ] ਉਤਾਰਿਆਂ ਉਤਰਦਾ ਨਹੀਂ, ਭਾਵ ਘਟਾਉਣ ਪੁਰ ਘਟਦਾ ਨਹੀਂ। ੮ ਕਚਹਿਰੀ। ੯ [ਅੰਤ ਨੂੰ] ਬੰਨ੍ਹ ਬਹਿੰਦਾ ਹੈ। ੧੦ ਲੰਗੋਟਾ। ੧੧ ਸ਼ੇਰ। ੧੨ ਨਿਰਬਲ।

Digitized by Panjab Digital Library | www.panjabdigilib.org

ਲਾਹਾ ਸਚੁ ਵਣੰਜੀਐ ਕੂੜੁ ਕਿ ਵਣਜਹੁ ਆਵੈ ਤੋਟਾ।
ਸਚੁ ਖਰਾ ਸਾਬਾਸਿ ਹੈ ਕੂੜੁ ਨ ਚਲੈ ਦਮੜਾ ਖੋਟਾ।
ਤਾਰੇ ਲਖ ਅਮਾਵਸੈ ਘੇਰਿ ਅਨੇਰਿ [੧]ਚਨਾਇਣੁ ਹੋਟਾ।
ਸੂਰਜ ਇਕ ਚੜ੍ਹੰਦਿਆ [੨]ਹੋਇ ਅਠਖੰਡ ਪਵੈ ਫਲਫੋਟਾ।
[੩]ਕੂੜੁ ਸਚੁ ਜਿਉ ਵਟੁ ਘੜੋਟਾ ॥ ੭ ॥

## ਪਉੜੀ ੮

[ਸਚ ਅਤੇ ਕੂੜ]

ਸੁਹਣੇ[੪] ਸਾਮਰਤਖ ਜਿਉ ਕੂੜੁ ਸਚੁ ਵਰਤੈ ਵਰਤਾਰਾ।
[੫]ਹਰਿ ਚੰਦਉਰੀ ਨਗਰ ਵਾਂਗੁ ਕੂੜੁ ਸਚੁ [੬]ਪਰਗਟੁ ਪਾਹਾਰਾ।
ਨਦੀ ਪਛਾਵਾਂ ਮਾਣਸਾ ਸਿਰ ਤਲਵਾਇਆ ਅੰਬਰਤਾਰਾ।
ਧੂਅਰੁ[੭] ਧੁੰਧੂਕਾਰ ਹੋਇ ਤੁਲਿ ਨ ਘਣਹਰਿ[੮] ਵਰਸਣ ਹਾਰਾ।
[੯]ਸਾਉ ਨ ਸਿਮਰਣਿ ਸੰਕਰੈ ਦੀਪਕ ਬਾਝੁ ਨ ਮਿਟੈ ਅੰਧਾਰਾ।
[੧੦]ਲੜੇ ਨ ਕਾਗਲਿ ਲਿਖਿਆ ਚਿਤੁ ਚਿਤੇਰੇ ਸੈ ਹਥੀਆਰਾ।
ਸਚੁ ਕੂੜੁ ਕਰਤੂਤਿ[੧੧] ਵੀਚਾਰਾ ॥ ੮ ॥

## ਪਉੜੀ ੯

[ਸਚ ਅਤੇ ਕੂੜ]

ਸਚੁ ਸਮਾਇਣੁ[੧੨] ਦੁਧ ਵਿਚਿ ਕੂੜ ਵਿਗਾੜ ਕਾਂਜੀ ਦੀ ਚੁਖੈ।
ਸਚੁ ਭੋਜਨੁ ਮੁਹਿ ਖਾਵਣਾ ਇਕੁ ਦਾਣਾ ਨਕੈ ਵਲਿ ਦੁਖੈ।
ਫਲਹੁ ਰੁਖ ਰੁਖਹੁ ਸੁ ਫਲੁ [੧੩]ਅੰਤਿਕਾਲਿ ਖਉ ਲਾਖਹੁ ਰੁਖੈ।
ਸਉਵਰਿਆ ਅਗਿ ਰੁਖ ਵਿਚਿ [੧੪]ਭਸਮ ਕਰੈ ਅਗਿ ਬਿੰਦਕੁ ਧੁਖੈ।

---

੧ ਰੋਸ਼ਨੀ ਢਕੀ ਰਹਿੰਦੀ ਹੈ। ੨ ਅੱਠ ਟੁਕੜੇ ਹੋ ਕੇ ਫੁਟ ਪੈਂਦਾ ਹੈ। ੩ ਸਚ ਤੇ ਝੂਠ ਦਾ ਇੱਟ ਘੜੇ ਦਾ ਵੈਰ ਹੈ। ੪ ਸੁਪਨੇ। ੫ ਗੰਧਰਵ ਨਗਰੀ। ੬ ਪ੍ਰਤੱਖ ਸੰਸਾਰ। ੭ ਧੂਆਂ। ੮ ਬੱਦਲ। ੯ ਸੁਆਦ। ੧੦ ਕਾਗਜ਼ ਪੁਰ ਲਿਖਿਆ (ਸਿਪਾਹੀ) ਲੜ ਨਹੀਂ ਸਕਦਾ, (ਭਾਵੇਂ) ਚਿਤੇਰਾ ਸੈਆਂ ਹਥਿਆਰਾਂ (ਸਮੇਤ) ਚਿਤਰ ਦੇਵੇ। ੧੧ ਕਰਤਵ। ੧੨ ਜਾਗ। ੧੩ ਲਾਖ ਲਗਣ ਨਾਲ ਅੰਤ ਨੂੰ ਰੁਖ ਨਾਸ ਹੋ ਜਾਂਦਾ ਹੈ। ੧੪ ਧੁਖਦੀ ਅੱਗ, ਜਰਾ ਕੁ ਜਿੰਨੀ ਭੀ (ਉਸਨੂੰ) ਸੁਆਹ ਕਰ ਦੇਂਦੀ ਹੈ।

Digitized by Panjab Digital Library | www.panjabdigilib.org

ਸਚੁ ਦਾਰੂ ਕੂੜੁ ਰੋਗੁ ਹੈ ਵਿਣੁ ਗੁਰ ਵੈਦ [1]ਵੇਦਨਿ ਮਨਮੁਖੈ।
ਸਚੁ ਸਥੋਈ[2] ਕੂੜ ਠਗੁ ਲਗੈ ਦੁਖੁ ਨ ਗੁਰਮੁਖਿ ਸੁਖੈ।
[3]ਕੂੜੁ ਪਚੈ ਸਚੈ ਦੀ ਭੁਖੈ ॥ ੯ ॥

## ਪਉੜੀ ੧੦

[ਸਚ ਅਤੇ ਕੂੜ]

ਕੂੜੁ ਕਪਟ ਹਥਿਆਰ ਜਿਉ ਸਚੁ ਰਖਵਾਲਾ [4]ਸਿਲਹ ਸੰਜੋਆ।
ਕੂੜੁ ਵੈਰੀ ਨਿਤ ਜੋਹਦਾ[5] ਸਚੁ ਸੁਮਿਤੁ[6] ਹਿਮਾਇਤਿ ਹੋਆ।
ਸੂਰ ਵੀਰੁ ਵਰੀਆਮੁ ਸਚੁ ਕੂੜੁ ਕੁੜਾਵਾ ਕਰਦਾ ਢੋਆ[7]।
ਨਿਹਚਲੁ ਸਚੁ ਸੁਥਾਇ ਹੈ ਲਰਜੈ[8] ਕੂੜੁ ਕੁਥਾਇ ਖੜੋਆ।
ਸਚਿ ਫੜਿ ਕੂੜੁ ਪਛਾੜਿਆ ਚਾਰਿ ਚਕ ਵੇਖਨ ਤ੍ਰੈ ਲੋਆ।
ਕੂੜੁ ਕਪਟੁ ਰੋਗੀ ਸਦਾ ਸਚੁ ਸਦਾ ਹੀ ਨਵਾ ਨਿਰੋਆ।
ਸਚੁ ਸਚਾ ਕੂੜੁ ਕੂੜੁ ਵਿਖੋਆ[9] ॥ ੧੦ ॥

## ਪਉੜੀ ੧੧

[ਸਚ ਕੂੜ ਦਾ ਨਿਰਣਯ]

ਸਚੁ ਸੂਰਜੁ ਪਰਗਾਸੁ ਹੈ ਕੂੜਹੁ ਘੁਘੂ[10] ਕੁਝੁ ਨ ਸੁਝੈ।
ਸਚ ਵਣਸਪਤਿ ਬੋਹੀਐ[11] ਕੂੜਹੁ ਵਾਸ [12]ਨ ਚੰਦਨ ਬੁਝ।
ਸਚਹੁ ਸਫਲ ਤਰੋਵਰਾ ਸਿੰਮਲੁ ਅਫਲ ਵਡਾਈ ਲੁਝੈ[13]।
ਸਾਵਣਿ ਵਣ ਹਰੀਆਵਲੇ ਸੁਕੈ ਅਕੁ ਜਵਾਹਾਂ ਰੁਝੈ[14]।
ਮਾਣਕ ਮੋਤੀ ਮਾਨਸਰਿ ਸੰਖਿ [15]ਨਿਸਖਣ ਹਸਤਨ ਦੁਝੈ।
ਸਚੁ ਗੰਗੋਦਕੁ ਨਿਰਮਲਾ ਕੂੜਿ ਰਲੈ ਮਦ ਪਰਗਟੁ ਗੁਝੈ।
ਸਚੁ ਸਚਾ [16]ਕੂੜੁ ਕੂੜਹੁ ਖੁਝੈ ॥ ੧੧ ॥

---

੧ ਮਨਮੁਖ ਨੂੰ ਪੀੜਾ ਬਣੀ ਰਹਿੰਦੀ ਹੈ। ੨ ਸਾਥੀ, ੩ ਕੂੜ ਸੜ ਜਾਂਦਾ ਹੈ ਤੇ ਸੱਚੇ ਦੀ ਭੁਖ (ਸਭ ਨੂੰ) ਬਣੀ ਰਹਿੰਦੀ ਹੈ। ੪ ਲੋਹੇ ਦੀ ਸੰਜੋਅ। ੫ ਤਾੜਦਾ। ੬ ਚੰਗਾ ਮਿਤਰ! ੭ ਮਿਲਾਪ। ੮ ਕੰਬਦਾ। ੯ ਵੇਖੀਦਾ ਹੈ। ੧੦ ਉੱਲੂ। ੧੧ ਸੁਗੰਧਿਤ ਹੁੰਦੀ ਹੈ। ੧੨ ਚੰਦਨ ਦੀ ਸੁਗੰਧ ਨੂੰ ਨਹੀਂ ਪਛਾਣਦਾ। ੧੩ ਸੜਦਾ। ੧੪ ਰੋਹ (ਗੁਸਾ) ਕਰਦਾ। ੧੫ ਖਾਲੀ ਰਹਿੰਦਾ ਤੇ ਦੋਹਾਂ ਹਥਾਂ ਵਿਚ ਨਪੀੜੀਦਾ ਹੈ। ੧੬ ਕੂੜ ਕੂੜੇਪਨ ਤੋਂ ਹੀ ਜਾਣਿਆ ਜਾਂਦਾ ਹੈ।

Digitized by Panjab Digital Library | www.panjabdigilib.org

## ਪਉੜੀ ੧੨

[ਸਚ ਕੂੜ ਦਾ ਅੰਤ]

ਸਚੁ ਕੂੜ ਦੁਇ ਝਾਗੜੂ ਝਗੜਾ ਕਰਦੇ ਚਉਤੈ[1] ਆਇਆ।
ਅਗੈ ਸਚਾ ਸਚਿ ਨਿਆਇ ਆਪ ਹਜੂਰਿ ਦੋਵੈ ਝਗੜਾਇਆ[2]।
ਸਚੁ ਸਚਾ ਕੂੜਿ ਕੂੜਿਆਰੁ [3]ਪੰਚਾ ਵਿਚਿਦੋ ਕਰਿ ਸਮਝਾਇਆ।
ਸਚਿ ਜਿਤਾ ਕੂੜਿ ਹਾਰਿਆ ਕੂੜੁ ਕੂੜਾ ਕਰਿ ਸਹਰਿ ਫਿਰਾਇਆ।
ਸਚਿਆਰੈ ਸਾਬਾਸਿ ਹੈ ਕੂੜਿਆਰੈ ਫਿਟੁ ਫਿਟੁ ਕਰਾਇਆ।
ਸਚ ਲਹਣਾ ਕੂੜਿ ਦੇਵਣਾ [4]ਖਤੁ ਸਤਾਗਲੁ ਲਿਖਿ ਦੇਵਾਇਆ।
ਆਪ ਠਗਾਇ ਨ ਠਗੀਐ ਠਗਣਹਾਰੈ ਆਪੁ ਠਗਾਇਆ।
ਵਿਰਲਾ ਸਚੁ ਵਿਹਾਝਣ ਆਇਆ ॥ ੧੨ ॥

## ਪਉੜੀ ੧੩ [ਸਚ ਕੂੜ ਦਾ ਅੰਤ]

ਕੂੜੁ ਸੁਤਾ ਸਚੁ ਜਾਗਦਾ ਸਚੁ ਸਾਹਿਬ ਦੇ ਮਨਿ ਭਾਇਆ।
ਸਚੁ ਸਚੈ ਕਰਿ ਪਾਹਰੂ ਸਚ ਭੰਡਾਰ[5] ਉਤੇ ਬਹਿਲਾਇਆ।
ਸਚੁ ਆਗੂ ਆਨ੍ਹੇਰ ਕੂੜ ਉਝੜਿ[6] ਦੂਜਾ ਭਾਉ ਚਲਾਇਆ।
ਸਚੁ ਸਚੇ ਕਰਿ ਫਉਜਦਾਰ[7] ਰਾਹੁ ਚਲਾਵਣੁ ਜੋਗੁ ਪਠਾਇਆ।
ਜਗ ਭਵਜਲ[8] ਮਿਲਿ ਸਾਧਸੰਗਿ ਗੁਰ ਬੋਹਿਥੈ ਚਾੜਿ ਤਰਾਇਆ[9]।
ਕਾਮੁ ਕ੍ਰੋਧੁ ਲੋਭੁ ਮੋਹੁ ਫੜਿ ਅਹੰਕਾਰੁ ਗਰਦਨਿ ਮਰਵਾਇਆ।
ਪਾਰਿ ਪਏ ਗੁਰੁ ਪੂਰਾ ਪਾਇਆ ॥ ੧੩ ॥

## ਪਉੜੀ ੧੪

[ਸਚ, ਸਚਾ ਸਿਖ, ਸਚਾ ਗੁਰੂ]

ਲੂਣੁ ਸਾਹਿਬ ਦਾ ਖਾਇਕੈ ਰਣ ਅੰਦਰਿ ਲੜਿ ਮਰੈ ਸੁ ਜਾਪੈ।
ਸਿਰ ਵਢੈ ਹਥੀਆਰ ਕਰਿ ਵਰੀਆਮਾ[10] ਵਰਿਆਮੁ ਸਿਞਾਪੈ।

---

੧ ਨਿਆਂ ਦੇ ਚਬੂਤਰੇ ਉਤੇ। ੨ ਬਹਿਸ ਕਰਾ ਕੇ ਸੁਣੀ(ਬਿਆਨ ਲਏ)।੩ ਵਕੀਲਾਂ ਨੇ ਵਿਚ ਪੈ ਕੇ। ੪ ਸਤ ਉਂਗਲਾਂ ਦਾ ਕਾਗਜ਼, ਇਕਰਾਰਨਾਮਾ। ੫ (ਨਾਮ ਦਾ) ਖਜ਼ਾਨਾ। ੬ ਉਜਾੜ। ੭ ਅਧਿਕਾਰੀ। ੮ ਸਮੁੰਦਰ। ੯ ਜਹਾਜ਼ ਪੁਰ। ੧੦ ਬਹਾਦਰਾਂ ਦਾ।

Digitized by Panjab Digital Library | www.panjabdigilib.org

ਤਿਸੁ ਪਿਛੈ ਜੋ ਇਸਤਰੀ [1]ਥਪਿ ਥੇਈ ਦੇ ਵਰੈ ਸਰਾਪੈ।
ਪੋਤੈ ਪੁਤ ਵਡੋਰੀਅਨਿ [2]ਪਰਵਾਰੈ ਸਾਧਾਰੁ ਪਰਾਪੈ।
ਵਖਤੈ ਉਪਰਿ ਲੜਿ ਮਰੈ ਅੰਮ੍ਰਿਤ ਵੇਲੈ ਸਬਦੁ ਅਲਾਪੈ।
ਸਾਧ ਸੰਗਤਿ ਵਿਚਿ ਜਾਇਕੈ [3]ਹਉਮੈ ਮਾਰਿ ਮਰੈ ਆਪੁ ਆਪੈ।
ਲੜਿ ਮਰਣਾ ਤੈ ਸਤੀ ਹੋਣੁ ਗੁਰਮੁਖਿ ਪੰਥੁ ਪੂਰਣ ਪਰਤਾਪੈ।
ਸਚਿ ਸਿਦਕ ਸਚ ਪੀਰੁ ਪਛਾਪੈ ॥ ੧੪ ॥

## ਪਉੜੀ ੧੫

[ਸਾਧ ਸੰਗਤ]

ਨਿਹਚਲ ਸਚਾ ਥੇਹੁ[4] ਹੈ ਸਾਧ ਸੰਗੁ ਪੰਜੇ ਪਰਧਾਨਾ।
ਸਤਿ ਸੰਤੋਖੁ ਦਇਆ ਧਰਮੁ ਅਰਥੁ [5]ਸਮਰਥੁ ਸਭੋ ਬੰਧਾਨਾ।
ਗੁਰ ਉਪਦੇਸੁ ਕਮਾਵਣਾ ਗੁਰਮੁਖਿ [6]ਨਾਮ ਦਾਨੁ ਇਸਨਾਨਾ।
ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇਣ ਭਗਤਿ ਗੁਰਗਿਆਨਾ।
ਦੁਹੀ ਸਰਾਈ ਸੁਰਖਰੂ ਸਚੁ ਸਬਦੁ ਵਜੈ ਨੀਸਾਨਾ[7]।
ਚਲਣੁ ਜਿੰਨ੍ਹੀ ਜਾਣਿਆ ਜਗ ਅੰਦਰਿ ਵਿਰਲੇ ਮਿਹਮਾਨਾ।
ਆਪ ਗਵਾਏ ਤਿਸ ਕੁਰਬਾਨਾ ॥ ੧੫ ॥

## ਪਉੜੀ ੧੬

[ਝੂਠਾ ਪਿੰਡ]

ਕੂੜ ਅਹੇਰੀ[8] ਪਿੰਡ ਹੈ ਪੰਜ ਦੂਤ ਵਸਨਿ ਬੁਰਿਆਰਾ।
ਕਾਮ ਕਰੋਧੁ ਵਿਰੋਧੁ[9] ਨਿਤ ਲੋਭ ਮੋਹੁ ਧ੍ਰੋਹੁ[10] ਅਹੰਕਾਰਾ।
ਖਿੰਜੋਤਾਣੁ[11] ਅਸਾਧੁ ਸੰਗੁ ਵਰਤੈ ਪਾਪੈ ਦਾ ਵਰਤਾਰਾ।
ਪਰ ਧਨ ਪਰਨਿੰਦਾ ਪਿਆਰੁ ਪਰਨਾਰੀ ਸਿਉ ਵਡੇ ਵਿਕਾਰਾ।

---

੧ ਵਰ ਤੇ ਸਰਾਪ ਦੇਣ ਵਾਲੀ ਥਈ (ਸਤੀ) ਥਾਪ ਦੇਂਦੇ ਹਨ। ੨ ਪਰਵਾਰ ਨੂੰ ਸ਼ੁਧ ਕਰ ਦੇਂਦੀ ਹੈ। ੩ ਅਹੰਕਾਰ ਤੇ ਆਪਣੇ ਪਾਪ ਨੂੰ ਮਾਰ ਲੈਂਦਾ ਹੈ। ੪ ਨਗਰ। ੫ ਸਾਰੇ ਨਿਯਮਾਂ ਵਿਚ ਸਮਰਥ ਹਨ। ੬ ਇਜ਼ਤ ਵਾਲੇ। ੭ ਨਗਾਰੇ। ੮ ਲੁਟੇਰਿਆਂ ਦਾ। ੯ ਝਗੜਾ। ੧੦ ਧੋਖਾ। ੧੧ ਖਿਚੋਤਾਣ।

Digitized by Panjab Digital Library | www.panjabdigilib.org

ਖਲੁਹਲੁ[੧] ਮੂਲਿ ਨ ਚੁਕਈ ਰਾਜ ਡੰਡੁ ਜਮ ਡੰਡੁ ਕਰਾਰਾ।
ਦੁਹੀ ਸਰਾਈ ਜਰਦਰੂ[੨] ਜੰਮਣ ਮਰਣ ਨਰਕਿ ਅਵਤਾਰਾ।
ਅਗੀ ਫਲ ਹੋਵਨਿ ਅੰਗਿਆਰਾ ॥ ੧੬ ॥

## ਪਉੜੀ ੧੭

[ਸਚ ਵਿਚ ਕੂੜ ਦੀ ਸਮਾਈ ਨਹੀਂ]

ਸਚੁ ਸਪੂਰਣ ਨਿਰਮਲਾ ਤਿਸੁ ਵਿਚਿ ਕੂੜੁ ਨ ਰਲਦਾ ਰਾਈ।
[੩]ਅਖੀ ਕਤੁ ਨ ਸੰਜਰੈ ਤਿਣੁ ਅਉਖਾ ਦੁਖਿ ਰੈਣਿ ਵਿਹਾਈ।
ਭੋਜਨ ਅੰਦਰਿ ਮਖਿ ਜਿਉ ਹੋਇ ਦੁਕਧਾ[੪] ਫੇਰਿ ਕਢਾਈ।
ਰੂਈ ਅੰਦਰਿ ਚਿਣਗ ਵਾਗ ਦਾਹਿ ਭਸਮੰਤੁ ਕਰੇ ਦੁਖਦਾਈ।
ਕਾਂਜੀ ਦੁਧੁ ਕੁਸੁਧੁ ਹੋਇ ਫਿਟੈ ਸਾਦਹੁ[੫] ਵੰਨਹੁ[੬] ਜਾਈ।
ਮਹੁਰਾ ਚੁਖਕੁ ਚਖਿਆ ਪਾਤਿਸਾਹਾ ਮਾਰੈ ਸਹਸਾਈ[੭]।
ਸਚਿ ਅੰਦਰਿ ਕਿਉ ਕੂੜੁ ਕਮਾਈ ॥ ੧੭ ॥

## ਪਉੜੀ ੧੮

[ਸਚ ਨੂੰ ਕੂੜ ਮਿਟਾ ਨਹੀਂ ਸਕਦਾ]

ਗੁਰਮੁਖਿ ਸਚੁ ਅਲਿਪਤੁ ਹੈ ਕੂੜਹੁ[੮] ਲੇਪੁ ਨ ਲਗੈ ਭਾਈ।
ਚੰਦਨ ਸਪੀ ਵੇੜਿਆ ਚੜੈ ਨ ਵਿਸੁ[੯] ਨ ਵਾਸੁ[੧੦] ਘਟਾਈ।
ਪਾਰਸੁ ਅੰਦਰਿ ਪਥਰਾ ਅਸਟਧਾਤੁ ਮਿਲਿ [੧੧]ਵਿਗੜਿ ਨ ਜਾਈ।
ਗੰਗ ਸੰਗਿ ਅਪਵਿਤ੍ਰ ਜਲੁ ਕਰਿ ਨ ਸਕੈ ਅਪਵਿਤ੍ਰ ਮਿਲਾਈ।
ਸਾਇਰ ਅਗਿ ਨ ਲਗਈ ਮੇਰੁ ਸੁਮੇਰੁ ਨ ਵਾਉ ਡੁਲਾਈ।
ਬਾਣੁ ਨ ਧੁਰਿ ਅਸਮਾਨਿ ਜਾਇ ਵਾਹੇਦੜੂ[੧੨] ਪਿਛੈ ਪਛੁਤਾਈ।
ਓੜਕਿ ਕੂੜੁ ਕੂੜੋ ਹੁਇ ਜਾਈ ॥ ੧੮ ॥

---

੧ ਖਲਬਲੀ, (ਘਬਰਾਹਟ)। ੩ ਸ਼ਰਮਿੰਦਗੀ। ੩ ਤ੍ਰਿਣ (ਤਿਣਕੇ) ਦਾ ਨਿਕਾ ਜਿਹਾ ਕਤਰਾ ਭੀ ਅਖਾਂ ਵਿਚ ਨਹੀਂ ਸਮਾ ਸਕਦਾ। ੪ ਉਪਟਛਲ। ੫ ਸੁਆਦੋਂ। ੬ ਰੰਗੋਂ। ੭ ਝਟ ਪਟ ਹੀ। ੮ ਝੂਠ ਤੋਂ। ੯ ਜ਼ਹਿਰ। ੧੦ ਸੁਗੰਧੀ। ੧੧ (ਸਗੋਂ ਆਪ ਭੀ) ਵਿਗੜ ਨਹੀਂ ਜਾਂਦਾ। ੧੨ ਤੀਰ ਚਲਾਉਣ ਵਾਲਾ।

Digitized by Panjab Digital Library | www.panjabdigilib.org

## ਪਉੜੀ ੧੯

[ਕੂੜ ਅੰਤ ਪ੍ਰਗਟ ਹੋ ਜਾਂਦਾ ਹੈ]

ਸਚੁ ਸਚਾਵਾ ਮਾਣੁ ਹੈ ਕੂੜ ਕੂੜਾਵੀ [1]ਮਣੀ ਮਣੂਰੀ।
ਕੂੜੈ ਕੂੜੀ ਪਾਇ[2] ਹੈ [3]ਸਚੁ ਸਚਾਵੀ ਗੁਰਮਤਿ ਪੂਰੀ।
ਕੂੜੈ ਕੂੜਾ ਜੋਰਿ ਹੈ ਸਚਿ ਸਤਾਣੀ ਗਰਬ ਗਰੂਰੀ।
ਕੂੜੁ ਨ ਦਰਗਹ ਮੰਨੀਐ ਸਚੁ ਸੁਹਾਵਾ ਸਦਾ ਹਜੂਰੀ।
ਸੁਕਰਾਨਾ ਹੈ ਸਚੁ ਘਰਿ ਕੂੜੁ ਕੁਫਰ ਘਰਿ ਨਾ ਸਾਬੂਰੀ।
ਹਸਤ ਚਾਲ ਹੈ ਸਚ ਦੀ ਕੂੜਿ ਕੁਢੰਗੀ ਚਾਲ ਭੇਡੂਰੀ[4]।
ਮੂਲੀ ਪਾਨ ਡਿਕਾਰ ਜਿਉ ਮੁਲਿ ਨ ਤੁਲਿ ਲਸਣੁ ਕਸਤੂਰੀ।
ਬੀਜੈ ਵਿਸੁ ਨ ਖਾਵੈ ਚੂਰੀ ॥ ੧੯ ॥

## ਪਉੜੀ ੨੦

[ਕੂੜ ਦਾ ਅੰਤ ਬੜਾ ਬੁਰਾ ਹੁੰਦਾ ਹੈ]

ਸਚੁ ਸੁਭਾਉ ਮਜੀਠ ਦਾ ਸਹੈ ਅਵਟਣ[5] ਰੰਗੁ ਚੜਾਏ।
ਸਣ ਜਿਉ ਕੂੜੁ ਸੁਭਾਉ ਹੈ ਖਲ ਕਢਾਇ ਵਟਾਇ ਬਨਾਏ।
ਚੰਨਣ ਪਰਉਪਕਾਰੁ ਕਰਿ ਅਫਲ ਸਫਲ ਵਿਚਿ ਵਾਸੁ ਵਸਾਏ।
ਵਡਾ ਵਿਕਾਰੀ ਵਾਂਸ ਹੈ ਹਉਮੈ ਜਲੈ ਗਵਾਢੂ ਜਲਾਏ।
ਜਾਣ ਅਮਿਓ[6] ਰਸੁ ਕਾਲਕੂਟੁ[7] ਖਾਧੈ ਮਰੈ ਮੁਏ ਜੀਵਾਏ।
ਦਰਗਹ ਸਚੁ ਕਬੂਲੁ ਹੈ ਕੂੜਹੁ ਦਰਗਹ ਮਿਲੈ ਸਜਾਏ।
ਜੋ ਬੀਜੈ ਸੋਈ ਫਲੁ ਖਾਏ ॥ ੨੦ ॥ ੩੦ ॥

-+*+-

---

੧ ਮਨੌਤ ਤੇ ਸ਼ੋਭਾ। ੨ ਇਜ਼ਤ। ੩ ਸਚੇ ਦੇ ਗਰਭ ਦੀ ਗੰਭੀਰਤਾ, ਬਲ ਵਾਲੀ ਹੈ। ੪ ਭੇਡਾਂ ਦੀ। ੫ ਅੱਗ ਦੇ ਉਬਾਲ। ੬ ਅੰਮ੍ਰਿਤ। ੭ ਜ਼ਹਿਰ।

Digitized by Panjab Digital Library | www.panjabdigilib.org

# ਵਾਰ ੩੧

ੴ ਸਤਿਗੁਰਪ੍ਰਸਾਦਿ ॥

## ਪਉੜੀ ੧

[ਗੁਣਾਂ ਅਵਗੁਣਾਂ ਦੀ ਗਤੀ]

ਸਾਇਰ[1] ਵਿਚਹੁ ਨਿਕਲੈ ਕਾਲਕੂਟੁ ਤੈ ਅੰਮ੍ਰਿਤ ਵਾਣੀ।
ਉਤ ਖਾਧੇ ਮਰਿ ਮੁਕੀਐ ਉਤ ਖਾਧੈ ਹੁਇ ਅਮਰੁ ਪਰਾਣੀ।
ਵਿਸੁ ਵਸੈ ਮੂੰਹਿ ਸਪ ਦੈ [2]ਗਰੜ ਦੁਗਾਰਿ ਅਮਿਅ ਰਸ ਜਾਣੀ।
ਕਾਉ ਨ ਭਾਵੈ ਬੋਲਿਆ ਕੋਇਲ ਬੋਲੀ ਸਭਨਾ ਭਾਣੀ।
ਬੁਰ ਬੋਲ ਨ ਸੁਖਾਵਈ ਮਿਠ ਬੋਲਾ [3]ਜਗਿ ਮਿਤੁ ਵਿਡਾਣੀ।
ਬੁਰਾ ਭਲਾ ਸੈਸਾਰ ਵਿਚਿ ਪਰਉਪਕਾਰ ਵਿਕਾਰ ਨਿਸਾਣੀ।
ਗੁਣ ਅਵਗੁਣ ਗਤਿ ਆਖਿ ਵਖਾਣੀ ॥ ੧ ॥

## ਪਉੜੀ ੨

[ਖੋਜੀ ਅਤੇ ਵਾਦੀ]

ਸੁਝਹੁ[4] ਸੁਝਨਿ ਤਿਨਿ ਲੋਅ ਅੰਨੇ ਘੁਘੂ ਸੁਝੁ ਨ ਸੁਝੈ।
ਚਕਵੀ ਸੂਰਜ ਹੇਤੁ ਹੈ ਕੰਤੁ ਮਿਲੈ ਵਿਰਤੰਤੁ[5] ਸੁ ਬੁਝੈ।
ਰਾਤਿ ਅਨੇਰਾ ਪੰਖੀਆਂ ਚਕਵੀ ਚਿਤੁ [6]ਅਨੇਰਿ ਨ ਰੁਝੈ।
ਬਿੰਬ ਅੰਦਰਿ ਪ੍ਰਤਿਬਿੰਬੁ ਦੇਖਿ ਭਰਤਾ ਜਾਣਿ ਸੁਜਾਣਿ [7]ਸਮੁਝੈ।
ਦੇਖਿ ਪੜਾਵਾ ਪਵੈ ਖੂਹਿ ਡੁਬਿ ਮਰੈ ਸੀਹੁ [8]ਲੋਇਨ ਲੁਝੈ।
ਖੋਜੀ ਖੋਜੈ ਖੋਜੁ ਲੈ ਵਾਦੀ ਵਾਦੁ ਕਰੇਦੜ [9]ਖੁਝੈ।
[10]ਗੋਰਸ ਗਾਈ ਹਸਤਨਿ ਦੁਝੈ ॥ ੨ ॥

---

੧ ਸਮੁੰਦਰ। ੨ ਗਰੜ ਦੀ ਉਗਲੀ ਹੋਈ ਮਣੀ। ੩ ਜਗਤ ਦਾ ਅਸਚਰਜ ਮਿਤਰ। ੪ ਸੂਰਜ ਤੋਂ। ੫ ਬਿਰਤਾਂਤ। ੬ ਅਨੇਰੇ ਵਿਚ ਨਹੀਂ ਰੁਕਦਾ [ਅਰਥਾਤ ਸੂਰਜ ਨੂੰ ਚਿਤਵਦਾ ਰਹਿੰਦਾ ਹੈ।] ੭ ਜਲ ਅੰਦਰ ਪਰਛਾਵਾਂ। ੮ ਰਾਜ਼ੀ ਹੁੰਦੀ ਹੈ। ੯ ਅਖਾਂ ਨਾਲ ਹੀ ਲੜਦਾ ਹੈ। ੧੦ ਗਾਂ ਦਾ ਦੁੱਧ ਹਥਣੀ ਤੋਂ ਚੋਂਦੇ ਹਨ।

Digitized by Panjab Digital Library | www.panjabdigilib.org

## ਪਉੜੀ ੩

[ਖੋਟੇ ਪੁਰਸ਼ ਸੁਖਦਾਈ ਸਮਿਆਂ ਪੁਰ ਵੀ ਦੁਖੀ ਰਹਿੰਦੇ ਹਨ]

ਸਾਵਣ ਵਣ ਹਰੀਆਵਲੇ ਵੁਠੇ[1] ਸੁਕੈ ਅਕੁ ਜਵਾਹਾ।
ਚੇਤਿ ਵਣਸਪਤਿ ਮਉਲੀਐ[2] ਅਪਤ ਕਰੀਰ ਨ ਕਰੈ ਉਸਾਹਾ[3]।
ਸੁਫਲ ਫਲੰਦੇ ਬਿਰਖ ਸਭ ਸਿੰਮਲੁ ਅਫਲੁ ਰਹੈ ਅਵਿਸਾਹਾ[4]।
ਚੰਨਣ ਵਾਸੁ ਵਣਾਸਪਤਿ ਵਾਂਸ ਨਿਵਾਸਿ ਨ [5]ਉਭੇ ਸਾਹਾ।
ਸੰਖੁ ਸਮੁੰਦਹੁ ਸਖਣਾ ਦੁਖਿਆਰਾ ਰੋਵੈ ਦੇ ਧਾਹਾ[6]।
ਬਗੁਲ ਸਮਾਧੀ ਰੰਗ ਵਿਚਿ ਝੀਗੇ ਚੁਣਿ ਚੁਣਿ ਖਾਇ [7]ਭਿਛਾਹਾ।
ਸਾਥ ਵਿਛੁਨੇ ਮਿਲਦਾ ਫਾਹਾ ॥ ੩ ॥

## ਪਉੜੀ ੪

[ਭਲਾ ਤੇ ਬੁਰਾ]

ਆਪਿ ਭਲਾ ਸਭੁ ਜਗੁ ਭਲਾ ਭਲਾ ਭਲਾ ਸਭਨਾ ਕਰਿ ਦੇਖੈ।
ਆਪਿ ਬੁਰਾ ਸਭੁ ਜਗੁ ਬੁਰਾ ਸਭ ਕੋ ਬੁਰਾ ਬੁਰੇ ਦੇ ਲੇਖੈ।
ਕਿਸਨੁ ਸਹਾਈ ਪਾਂਡਵਾ [8]ਭਾਇ ਭਗਤਿ ਕਰਤੂਤਿ ਵਿਸੇਖੈ।
ਵੈਰ ਭਾਉ ਚਿਤਿ ਕੈਰਵਾ [9]ਗਣਤੀ ਗਣਨਿ ਅੰਦਰਿ ਕਾਲੇਖੈ[10]।
ਭਲਾ ਬੁਰਾ ਪਰਵੰਨਿਆ[11] ਭਾਲਣ ਗਏ [12]ਨ ਦਿਸਟਿ ਸਰੇਖੈ।
ਬੁਰਾ ਨ ਕੋਈ ਜੁਧਿਸਟਰੈ ਦੁਰਜੋਧਨ ਕੋ ਭਲਾ ਨ ਦੇਖੈ।
ਕਰਵੈ ਹੋਇ ਸੁ ਟੋਟੀ ਰੇਖੈ[13] ॥ ੪ ॥

## ਪਉੜੀ ੫

[ਧਰਮਰਾਜ ਦੀ ਪ੍ਰਸਿਧ ਕਥਾ]

ਸੂਰਜੁ ਘਰਿ ਅਵਤਾਰੁ ਲੈ ਧਰਮ ਵੀਚਾਰਣਿ ਜਾਇ ਬਹਿਠਾ।
ਮੂਰਤਿ ਇਕਾ ਨਾਉ ਦੁਇ ਧਰਮਰਾਇ ਜਮ ਦੇਖਿ ਸੁਰਿਠਾ[14]।

---

੧ ਵਰ੍ਹਨ ਨਾਲ। ੨ ਖਿੜਦੀ ਹੈ। ੩ ਉਤਸ਼ਾਹ। ੪ ਬੇਇਤਬਾਰਾ। ੫ ਠੰਡੇ ਸਾਹ [ਭਾਵ ਸਾਂ ਸਾਂ ਕਰਦਾ ਹੈ]। ੬ ਧਾਹੀਂ। ੭ ਝਿਕੁਕ ਹੋ ਕੇ, ਭਾਲ ਕੇ। ੮ ਪ੍ਰੇਮ ਭਗਤੀ ਦਾ ਕਰਤੱਵ [ਉਹਨਾਂ ਵਿਚ] ਵਿਸ਼ੇਸ਼ ਸੀ। ੯ [ਵੈਰ ਦੀਆਂ ਹੀ] ਗਿਣਤੀਆਂ ਗਿਣਦੇ ਹਨ। ੧੦ ਕਾਲਖ। ੧੧ ਮੰਨੇ ਪ੍ਰਮੰਨੇ। ੧੨ ਇਕਸਾਰਖੀ (ਸਮ) ਦ੍ਰਿਸ਼ਟੀ ਨਹੀਂ ਸੀ। ੧੩ ਪਤਾ ਲਗਦਾ ਹੈ। ੧੪ ਸ੍ਰਿਸ਼ਟੀ।

Digitized by Panjab Digital Library | www.panjabdigilib.org

ਧਰਮੀ ਡਿਠਾ ਧਰਮਰਾਇ ਪਾਪੂ ਕਮਾਇ ਪਾਪੀ ਜਮ ਡਿਠਾ।
ਪਾਪੀ ਨੋ ਪਛੜਾਇਦਾ ਧਰਮੀ ਨਾਲਿ ਬੁਲੇਂਦਾ ਮਿਠਾ।
ਵੈਰੀ ਦੇਖਨਿ ਵੈਰ ਭਾਇ ਮਿਤ੍ਰ ਭਾਇ ਕਰਿ ਦੇਖਨਿ ਇਠਾ[1]।
ਨਰਕ ਸੁਰਗ ਵਿਚਿ ਪੁੰਨ ਪਾਪ ਵਰ ਸਰਾਪ ਜਾਣਨਿ ਅਭਰਿਠਾ[2]।
ਦਰਪਣਿ ਰੂਪ ਜਿਵੇਹੀ ਪਿਠਾ[3] ॥ ੫ ॥

## ਪਉੜੀ ੬

[ਸੁਧ ਆਰਸੀ]

ਜਿਉ ਕਰਿ ਨਿਰਮਲ ਆਰਸੀ ਸਭਾ ਸੁਧ ਸਭ ਕੋਈ ਦੇਖੈ।
ਗੋਰਾ ਗੋਰੇ ਦਿਸਦਾ ਕਾਲਾ ਕਾਲੇ ਵੰਨੁ ਵਿਸੇਖੈ।
ਹਸਿ ਹਸਿ ਦੇਖੈ ਹਸਤ ਮੁਖ ਰੋਂਦਾ ਰੋਵਣਹਾਰੁ ਸੁਲੇਖੈ।
ਲੇਪੁ ਨ ਲਾਗੈ ਆਰਸੀ ਛਿਅ ਦਰਸਨੁ ਦਿਸਨਿ ਬਹੁ ਭੇਖੈ।
[4]ਦੁਰਮਤਿ ਦੂਜਾ ਭਾਉ ਹੈ ਵੈਰੁ ਵਿਰੋਧੁ ਕਰੋਧ ਕੁਲੇਖੈ।
[5]ਗੁਰਮਤਿ ਨਿਰਮਲੁ ਨਿਰਮਲਾ ਸਮਦਰਸੀ ਸਮਦਰਸ ਸਰੇਖੈ।
ਭਲਾ ਬੁਰਾ ਹੁਇ ਰੂਪੁ ਨ ਰੇਖੈ ॥ ੬ ॥

## ਪਉੜੀ ੭

[ਗੁਰੂ ਪਾਹਰੂ]

ਇਕਤੁ ਸੂਰਜਿ ਆਥਵੈ ਰਾਤਿ ਅਨੇਰੀ ਚਮਕਨਿ ਤਾਰੇ।
ਸਾਹ ਸਵਨਿ ਘਰਿ ਆਪਣੈ ਚੋਰ ਫਿਰਨਿ ਘਰਿ ਮੁਸਣੈਹਾਰੇ।
ਜਾਗਨਿ ਵਿਰਲੇ ਪਾਹਰੂ [6]ਰੂਆਇਨਿ ਹੁਸੀਆਰ ਬਿਦਾਰੇ।
ਜਾਗਿ ਜਗਾਇਨਿ ਸੁਤਿਆ ਸਾਹ ਫੜੰਦੇ ਚੋਰ ਚੁਗਾਰੇ[7]।
ਜਾਗਦਿਆ ਘਰੁ ਰਖਿਆ ਸੁਤੇ ਘਰ ਮੁਸਨਿ ਵੇਚਾਰੇ।

---

੧ ਪਿਆਰਾ। ੨ ਹਕੀਕਤ,ਪੱਕਾ। ੩ ਅਕਸ। ੪ ਖੋਟੀ ਬੁਧੀ ਵਾਲਿਆ ਦੇ ਮਨ ਵਿਚ ਦੂਜਾ ਭਾਉ ਹੈ, ਉਹ ਦੂਜਿਆਂ ਦੇ ਵੈਰ ਵਿਰੋਧ ਤੇ ਕ੍ਰੋਧ ਦੇ ਕੁਲੇਖ ਹੀ(ਮਨ ਵਿਚ ਲਿਖਦੇ ਹਨ)। ੫ ਪਰ ਗੁਰਮਤ ਵਾਲੇ ਆਪ ਨਿਰਮਲ ਤੇ ਸਮਦਰਸੀ ਹੋਣ ਕਰ ਕੇ (ਸਭ ਨੂੰ) ਨਿਰਮਲ ਤੇ ਸਮਦਰਸੀ ਹੀ ਦੇਖਦੇ ਹਨ। ੬ ਹੁਸ਼ਿਆਰ ਬੇਦਾਰ (ਜਾਗਦੇ ਰਹੋ) ਪੁਕਾਰਦੇ ਹਨ। ੭ ਉਚੱਕੇ।

Digitized by Panjab Digital Library | www.panjabdigilib.org

ਸਾਹ ਆਏ ਘਰਿ ਆਪਣੈ [੧]ਚੋਰ ਜਾਰਿ ਲੈ ਗਰਦਨਿ ਮਾਰੇ।
ਭਲੇ ਬੁਰੇ ਵਰਤਨਿ ਸੈਸਾਰੁ ॥ ੭ ॥

## ਪਉੜੀ ੮

[ਸੰਗ ਸੁਭਾਉ]

ਮਉਲੇ ਅੰਬ ਬਸੰਤ ਰੁਤਿ ਅਉੜੀ ਅਕੁ ਸੁ ਫੁਲੀ ਭਰਿਆ।
ਅੰਬਿ ਨ ਲਗੈ ਖਖੜੀ ਅਕਿ ਨ ਲਗੈ ਅੰਬੁ ਅਫਰਿਆ[੨]।
ਕਾਲੀ ਕੋਇਲ ਅੰਬ ਵਣਿ ਅਕਿਤਿੜੁ [੩]ਚਿਤੁ ਮਿਤਾਲਾ ਹਰਿਆ।
ਮਨ ਪੰਖੇਰੂ [੪]ਬਿਰਖ ਭੇਦੁ ਸੰਗ ਸੁਭਾਉ ਸੋਈ ਫਲੁ ਧਰਿਆ।
ਗੁਰਮਤਿ ਡਰਦਾ ਸਾਧ ਸੰਗਿ ਦੁਰਮਤਿ ਸੰਗਿ ਅਸਾਧ ਨ ਡਰਿਆ।
ਭਗਤਿ ਵਛਲੁ ਭੀ ਆਖੀਐ ਪਤਿਤ ਉਧਾਰਣਿ ਪਤਿਤ ਉਧਰਿਆ।
ਜੋ ਤਿਸੁ ਭਾਣਾ ਸੋਈ ਤਰਿਆ ॥ ੮ ॥

## ਪਉੜੀ ੯

[ਪੂਤਨਾ]

ਜੇਕਰਿ ਉਧਰੀ ਪੂਤਨਾ ਵਿਹੁ ਪੀਆਲਣੁ ਕੰਮੁ ਨ ਚੰਗਾ।
ਗਨਿਕਾ ਉਧਰੀ ਆਖੀਐ ਪਰ ਘਰਿ ਜਾਇ ਨ ਲਈਐ ਪੰਗਾ।
ਬਾਲਮੀਕੁ ਨਿਸਤਾਰਿਆ [੫]ਮਾਰੈ ਵਾਟ ਨ ਹੋਇ ਨਿਸੰਗਾ।
ਫੰਧਿਕ[੬] ਉਧਰੇ ਆਖੀਅਨਿ ਫਾਹੀ ਪਾਇ ਨ ਫੜੀਐ ਟੰਗਾ[੭]।
ਜੇ ਕਾਸਾਈ ਉਧਰਿਆ ਜੀਆ ਘਾਇ ਨ ਖਾਈਐ ਭੰਗਾ[੮]।
ਪਾਰਿ ਉਤਾਰੇ ਬੋਹਿਥਾ ਸੁਇਨਾ ਲੋਹੁ ਨਾਹੀ ਇਕ ਰੰਗਾ।
ਇਤੁ ਭਰਵਾਸੈ ਰਹਣੁ ਕੁਢੰਗਾ ॥ ੯ ॥

---

੧ ਚੋਰ-ਯਾਰ। ੨ (ਉਹ ਫਲ ਵਾਲਾ ਹੁੰਦਾ ਹੋਇਆ ਭੀ) ਅਫਲ ਹੈ। ੩ ਹਰਿਆ ਤੇ ਚਿਤ-ਮਿਤਰਾ (ਡਬ ਖੜੱਬਾ) ਹੁੰਦਾ ਹੈ। ੪ (ਸੰਗਤ ਰੂਪ) ਬਿਰਛ ਦੇ ਭੇਦ ਕਰਕੇ। ੫ ਰਾਹ-ਮਾਰ (ਧਾੜਵੀ] ਨਾ ਬਣੀਏ। ੬ ਸ਼ਿਕਾਰੀ। ੭ ਜਾਨਵਰਾਂ ਜਾਂ ਪੰਛੀਆਂ ਦੀਆਂ। ੮ ਹਾਨੀ।

Digitized by Panjab Digital Library | www.panjabdigilib.org

## ਪਉੜੀ ੧੦

[ਪਾਪ ਦੀ ਰੀਸ ਬੁਰੀ ਹੈ]

ਪੈ[੧] ਖਾਜੂਰੀ ਜੀਵੀਐ ਚੜਿ ਖਾਜੂਰੀ ਝੜਉ[੨] ਨ ਕੋਈ।
ਉਝੜਿ[੩] ਪਇਆ ਨ ਮਾਰੀਐ ਉਝੜ ਰਾਹੁ ਨ ਚੰਗਾ ਹੋਈ।
[੪]ਜੇ ਸਪ ਖਾਧਾ ਉਬਰੇ ਸਪੁ ਨ ਫੜੀਐ ਅੰਤਿ ਵਿਗੋਈ[੫]।
ਵਹਣਿ ਵਹੰਦਾ ਨਿਕਲੈ ਵਿਣੁ ਤੁਲਹੇ[੬] ਡੁਬਿ ਮਰੈ ਭਲੋਈ।
ਪਤਿਤ ਉਧਾਰਣੁ ਆਖੀਐ [੭]ਵਿਰਤੀ ਹਾਣੁ ਜਾਣੁ ਜਾਣੋਈ।
ਭਾਉ ਭਗਤਿ ਗੁਰਮਤਿ ਹੈ ਦੁਰਮਤਿ ਦਰਗਹ ਲਹੈ ਨ ਢੋਈ।
ਅੰਤਿ ਕਮਾਣਾ ਹੋਇ ਸਥੋਈ[੮] ॥੧੦॥

## ਪਉੜੀ ੧੧

[ਗੁਰਮੁਖ ਮਨਮੁਖ ਦਾ ਫਰਕ ਗੁਣਾਂ ਕਰਕੇ]

ਥੋਮ ਕਥੂਰੀ ਵਾਸੁ ਜਿਉ ਕੰਚਨੁ ਲੋਹੁ ਨਹੀਂ ਇਕ ਵੰਨਾ[੯]।
ਫਟਕ[੧੦] ਨ ਹੀਰੇ ਤੁਲਿ ਹੈ ਸਮਸਰਿ[੧੧] ਨੜੀ ਨ ਵੁੜੀਐ[੧੨] ਗੰਨਾ।
ਤੁਲਿ ਨ ਰਤਨਾ ਰਤਕਾ ਮੁਲਿ ਨ ਕਚੁ ਵਿਕਾਵੈ ਪੰਨਾ।
[੧੩]ਦੁਰਮਤਿ ਘੁੰਮਣ ਵਾਣੀਐ ਗੁਰਮਤਿ ਸੁਕ੍ਰਿਤੁ ਬੋਹਿਥੁ ਬੰਨਾ।
ਨਿੰਦਾ ਹੋਵੈ ਬੁਰੇ ਦੀ ਜੈ ਜੈ ਕਾਰ ਭਲੇ ਧੰਨੁ ਧੰਨਾ।
ਗੁਰਮੁਖਿ ਪਰਗਟੁ ਜਾਣੀਐ [੧੪]ਮਨਮੁਖ ਸਚੁ ਰਹੈ ਪਰਛੰਨਾ।
ਕੰਮਿ ਨ ਆਵੈ ਭਾਂਡਾ ਭੰਨਾ ॥ ੧੧ ॥

## ਪਉੜੀ ੧੨

[ਕਰਨੀ ਕਰਕੇ ਜਸ ਤੇ ਅਪ-ਜਸ]

ਇਕ ਵੇਚਨਿ ਹਥੀਆਰ ਘੜਿ ਇਕ ਸਵਾਰਨਿ ਸਿਲਾ ਸੰਜੋਆ।

---

੧ ਡਿਗ ਕੇ। ੨ ਡਿਗੇ। ੩ ਉਜਾੜ। ੪ ਸਪ ਦਾ ਡੰਗਿਆ। ੫ ਖਰਾਬ ਹੀ ਹੈ। ੬ ਬੇੜੀ। ੭ ਇਸ ਪ੍ਰਸੰਗ ਨੂੰ ਜਾਨਣ ਵਾਲੇ ਜਾਣਦੇ ਹਨ। ੮ ਨਾਲ ਜਾਂਦਾ ਹੈ। ੯ ਰੰਗ। ੧੦ ਬਿਲੌਰੀ ਪੱਥਰ। ੧੧ ਬਰਾਬਰ। ੧੨ ਵਡਿਆਈ ਦਾ। ੧੩ ਦੁਰਮਤ ਦੇ ਘੁੰਮਣਘੇਰ ਵਿਚੋਂ ਗੁਰਮਤ ਦੀ ਸ੍ਰੇਸ਼ਟ ਕਰਨੀ ਜਹਾਜ਼ ਵਾਂਗ ਬੰਨਾ (ਆਸਰਾ) ਰੂਪ ਹੈ। ੧੪ ਇਹ ਸਚੁ (ਸਚਾਈ) ਹੈ ਕਿ ਮਨਮੁਖ ਲੁਕ ਲੁਕ ਕੇ ਰਹਿੰਦਾ ਹੈ।

Digitized by Panjab Digital Library | www.panjabdigilib.org

ਰਣਵਿਚਿ ਘਾਉ ਬਚਾਉ ਕਰਿ ਦੁਇਦਲ ਨਿਤਿਉਠਿ ਕਰਦੇਢੋਆ।
ਘਾਇਲੁ ਹੋਇ ਨੰਗਾਸਣਾ[1] ਬਖਤਰ[2] ਵਾਲਾ ਨਵਾਂ ਨਿਰੋਆ।
ਕਰਨਿ ਗੁਮਾਨੁ ਕਮਾਨਗਰ[3] ਖਾਨਜਰਾਦੀ[4] ਬਹੁਤੁ ਬਖੋਆ[5]।
ਜਗ ਵਿਚਿ ਸਾਧ ਅਸਾਧ ਸੰਗੁ ਸੰਗ ਸੁਭਾਇ ਜਾਇ ਫਲੁ ਢੋਆ।
ਕਰਮ ਸੁ ਧਰਮ ਅਧਰਮ ਕਰਿ ਸੁਖ ਦੁਖ ਅੰਦਰਿ ਆਇ ਪਰੋਆ[7]।
ਭਲੇ ਬੁਰੇ ਜਸੁ ਅਪਜਸੁ ਹੋਆ ॥ ੧੨ ॥

## ਪਉੜੀ ੧੩

[ਉਹ ਹੀ]

ਸਤੁ ਸੰਤੋਖੁ ਦਇਆ ਧਰਮੁ ਅਰਥ ਸੁਗਰਬੁ[8] ਸਾਧ ਸੰਗਿ ਆਵੈ।
ਕਾਮੁ ਕਰੋਧੁ ਅਸਾਧ ਸੰਗਿ ਲੋਭੁ ਮੋਹੁ ਅਹੰਕਾਰੁ ਮਚਾਵੈ[9]।
[10]ਦੁਕ੍ਰਿਤੁ ਸੁਕ੍ਰਿਤੁ ਕਰਮ ਕਰਿ ਬੁਰਾ ਭਲਾ ਹੁਇ ਨਾਉ ਧਰਾਵੈ।
ਗੋਰਸੁ[11] ਗਾਈ ਖਾਇ ਖੜੁ[12] ਇਕੁ ਇਕੁ ਜਣਦੀ ਵਗੁ ਵਧਾਵੈ।
ਦੁਧਿ ਪੀਤੈ ਵਿਹੁ ਦੇਇ ਸਪ ਜਣਿ ਜਣਿ ਬਹਲੇ ਬਚੇ ਖਾਵੈ।
ਸੰਗ ਸੁਭਾਉ ਅਸਾਧ ਸਾਧ ਪਾਪੁ ਪੁੰਨੁ ਦੁਖੁ ਸੁਖੁ ਫਲੁ ਪਾਵੈ।
ਪਰਉਪਕਾਰ ਵਿਕਾਰ ਕਮਾਵੈ ॥ ੧੩ ॥

## ਪਉੜੀ ੧੪

[ਭਲਾ ਬੁਰਾ]

ਚੰਨਣੁ ਬਿਰਖੁ ਸੁਬਾਸੁ ਦੇ ਚੰਨਣੁ ਕਰਦਾ ਬਿਰਖ ਸਬਾਏ[13]।
ਖਹਦੇ ਵਾਂਸਹੁ ਅਗਿ ਧੁਖਿ ਆਪਿ ਜਲੈ ਪਰਵਾਰੁ ਜਲਾਏ।
ਮੁਲਹ[14] ਜਿਵੈ ਪੰਖੇਰੂਆ ਫਾਸੈ ਆਪਿ ਕੁਟੰਬ ਫਹਾਏ।
ਅਸਟ ਧਾਤੁ ਹੁਇ ਪਰਬਤਹੁ ਪਾਰਸੁ ਕਰਿ ਕੰਚਨੁ ਦਿਖਲਾਏ।
ਗਣਿਕਾ ਵਾੜੇ ਜਾਇਕੈ ਹੋਵਨਿ ਰੋਗੀ ਪਾਪ ਕਮਾਏ।

---

੧ ਸੰਜੋਅ ਤੋਂ ਖਾਲੀ। ੨ ਸੰਜੋਅ। ੩ ਸ਼ਸਤ੍ਰਾਂ ਦੇ ਘਾੜੇ। ੪ ਕਮਾਨ ਦੀ ਇਕ ਕਿਸਮ ਹੈ। ੫ ਚੰਗੀ। ੬ ਮਿਲਦਾ ਹੈ। ੭ ਪਰੋਇਆ ਜਾਂਦਾ ਹੈ। ੮ ਸ੍ਰੇਸ਼ਟ ਪਦਾਰਥ। ੯ ਵਧਾਉਂਦਾ ਹੈ। ੧੦ ਮਾੜੇ ਤੇ ਚੰਗੇ। ੧੧ ਦੁਧ। ੧੨ ਘਾਹ। ੧੩ ਸਾਰੇ। ੧੪ ਬੋਲਣ ਵਾਲਾ ਬਟੇਰਾ।

Digitized by Panjab Digital Library | www.panjabdigilib.org

ਦੁਖੀਏ ਆਵਨਿ ਵੈਦ ਘਰ ਦਾਰੂ ਦੇ ਦੇ ਰੋਗੁ ਮਿਟਾਏ।
ਭਲਾ ਬੁਰਾ ਦੁਇ ਸੰਗ ਸੁਭਾਏ ॥ ੧੪ ॥

## ਪਉੜੀ ੧੫

[ਭਲਾ ਬੁਰਾ]

ਭਲਾ ਸੁਭਾਉ ਮਜੀਠ ਦਾ ਸਹੈ ਅਵਟਣੁ[1] ਰੰਗੁ ਚੜ੍ਹਾਏ।
ਗੰਨਾ ਕੋਲੂ ਪੀੜੀਐ ਟਟਰਿ[2] ਪਇਆ ਮਿਠਾਸੁ ਵਸਾਏ[3]।
ਤੁੰਮੇ ਅੰਮ੍ਰਿਤੁ ਸਿੰਜੀਐ ਕਉੜਤਣ ਦੀ ਬਾਨਿ[4] ਨ ਜਾਏ।
ਅਵਗੁਣ ਕੀਤੇ ਗੁਣ ਕਰੇ ਭਲਾ ਨ ਅਵਗੁਣ ਚਿਤਿ ਵਸਾਏ।
ਗੁਣ ਕੀਤੇ ਅਉਗੁਣੁ ਕਰੈ ਬੁਰਾ ਨ ਮੰਨ ਅੰਦਰਿ ਗੁਣ ਪਾਏ।
ਜੋ ਬੀਜੈ ਸੋਈ ਫਲੁ ਖਾਏ ॥ ੧੫ ॥

## ਪਉੜੀ ੧੬

[ਭਲੇ ਬੁਰੇ ਦੀ ਸੁਭਾਵਕ ਨੇਕੀ ਬਦੀ]

ਪਾਣੀ ਪਥਰ ਲੀਕ ਜਿਉ ਭਲਾ ਬੁਰਾ [5]ਪਰਕਿਰਤਿ ਸੁਭਾਏ।
ਵੈਰੁ ਨ ਟਿਕਦਾ ਭਲੇ ਚਿਤਿ ਹੇਤੁ[6] ਨ ਟਿਕੇ ਬੁਰੇ ਮਨਿ ਆਏ।
ਭਲਾ ਨ ਹੇਤੁ ਵਿਸਾਰਦਾ ਬੁਰਾ ਨ ਵੈਰੁ ਮਨਹੁ ਵਿਸਰਾਏ।
ਆਸ ਨ ਪੁਜੈ ਦੁਹਾ ਦੀ ਦੁਰਮਤਿ ਗੁਰਮਤਿ [7]ਅੰਤਿ ਲਖਾਏ।
ਭਲਿਅਹੁ ਬੁਰਾ ਨ ਹੋਵਈ [8]ਬੁਰਿਅਹੁ ਭਲਾ ਨ ਭਲਾ ਮਨਾਏ।
[9]ਵਿਰਤੀ ਹਾਣੁ ਵਖਾਣਿਆ ਸਈ ਸਿਆਣੀ ਸਿਖ ਸੁਣਾਏ।
ਪਰਉਪਕਾਰੁ ਵਿਕਾਰ ਕਮਾਏ ॥ ੧੬ ॥

## ਪਉੜੀ ੧੭

[ਭਲੇ ਬੁਰੇ ਦੀ ਕਹਾਣੀ]

ਵਿਰਤੀਹਾਣੁ[10] ਵਖਾਣਿਆ ਭਲੇ ਬੁਰੇ ਦੀ ਸੁਣੀ ਕਹਾਣੀ।
ਭਲਾ ਬੁਰਾ ਦੁਇ ਚਲੇ ਰਾਹਿ ਉਸਥੈ ਤੋਸਾ[11] ਉਸਥੈ ਪਾਣੀ।

---

੧ ਉਬਾਲ। ੨ ਕੜਾਹਾ। ੩ ਵਧਾਉਂਦਾ। ੪ ਵਾਦੀ। ੫ ਮਨ ਦਾ। ੬ ਪ੍ਰੇਮ। ੭ ਅੰਤਮ ਨਿਸ਼ਾਨਾ। ੮ ਬੁਰੇ ਪਾਸੋਂ ਕੋਈ ਭਲਾ ਆਦਮੀ ਭਲੇ ਦੀ ਆਸ ਨਾ ਰਖੇ। ੯ ਵਰਤੋਂ ਵਿਚ ਆ ਰਹੀ। ੧੦ ਵਰਤਮਾਨ। ੧੧ ਰੋਟੀ।

Digitized by Panjab Digital Library | www.panjabdigilib.org

ਤੋਸਾ ਅਗੈ ਰਖਿਆ ਭਲੇ ਭਲਾਈ ਅੰਦਰਿ ਆਣੀ।
ਬੁਰਾ ਬੁਰਾਈ ਕਰਿ ਗਇਆ ਹਥੀਂ ਕਢਿ ਨ ਦਿਤੋ ਪਾਣੀ।
ਭਲਾ ਭਲਾਈਅਹੁ ਸਿਝਿਆ ਬੁਰੇ ਬੁਰਾਈਅਹੁ ਵੈਣਿ ਵਿਹਾਣੀ।
ਸਚੁ ਸਾਹਿਬੁ ਨਿਆਉ ਸਚੁ ਜੀਆ ਦਾ [੧]ਜਾਣੋਈ ਜਾਣੀ।
ਕੁਦਰਤਿ ਕਾਦਰ ਨੋ ਕੁਰਬਾਣੀ ॥ ੧੭ ॥

## ਪਉੜੀ ੧੮

[ਰਾਮ ਅਤੇ ਰਾਵਣ]

ਭਲਾ ਬੁਰਾ ਸੈਸਾਰ ਵਿਚਿ ਜੋ ਆਇਆ ਤਿਸੁ ਸਰਪਰ ਮਰਣਾ।
ਰਾਵਣ ਤੈ ਰਾਮਚੰਦ ਵਾਂਗਿ ਮਹਾਂ ਬਲੀ [੨]ਲੜਿ ਕਾਰਣੁ ਕਰਣਾ।
[੩]ਜਰੁ ਜਰਵਾਣਾ ਵਸਿ ਕਰਿ ਅੰਤਿ ਅਧਰਮ ਰਾਵਣਿ ਮਨ ਧਰਣਾ।
ਰਾਮਚੰਦੁ ਨਿਰਮਲੁ ਪੁਰਖੁ ਧਰਮਹੁ ਸਾਇਰ[੪] ਪਥਰ ਤਰਣਾ।
ਬੁਰਿਆਈਅਹੁ ਰਾਵਣੁ ਗਇਆ ਕਾਲਕ ਟਿਕਾ ਪਰਤ੍ਰਿਅ ਹਰਣਾ
ਰਾਮਾਇਣੁ ਜੁਗਿ ਜੁਗਿ ਅਟਲੁ ਸੇ ਉਧਰੇ ਜੋ ਆਏ ਸਰਣਾ।
ਜਸ ਅਪਜਸ ਵਿਚਿ ਨਿਡਰ ਡਰਣਾ ॥ ੧੮ ॥

## ਪਉੜੀ ੧੯

[ਰਾਵਣ ਦੀ ਜਗਤ ਪ੍ਰਸਿਧ ਕਥਾ]

ਸੋਇਨ ਲੰਕਾ ਵਡਾ ਗੜੁ[੫] ਖਾਰ ਸਮੁੰਦ ਜਿਵੇਹੀ[੬] ਖਾਈ।
ਲਖ ਪੁਤੁ ਪੋਤੇ ਸਵਾ ਲਖੁ ਕੁੰਭਕਰਣੁ [੭]ਮਹਿਰਾਵਣੁ ਭਾਈ।
ਪਵਣੁ ਬੁਹਾਰੀ ਦੇਇ ਨਿਤਿ ਇੰਦ੍ਰ ਭਰੈ ਪਾਣੀ ਵਰਿਆਈ[੮]।

---

੧ ਜਾਣਦਾ ਸੀ ਤੇ ਜਾਣਦਾ ਹੈ। ੨ ਲੜਾਈਆਂ ਦੇ ਕਾਰਨ ਪੈਦਾ ਕਰਦੇ ਰਹੇ। ੩ ਬੁਢਾਪੇ ਤੇ ਜਮ ਨੂੰ ਵਸ ਵਿਚ ਕਰਕੇ। ੪ ਸਮੁੰਦਰ ਉਤੇ। ੫ ਕਿਲਾ। ੬ ਜਿਹੀ। ੭ ਰਾਵਣ ਦਾ ਮਸੇਰ ਭਾਈ। ੮ ਵਰਖਾ ਕਰਕੇ।

Digitized by Panjab Digital Library | www.panjabdigilib.org

ਬੈਸੰਤਰ[1] ਰਾਸੋਈਆ ਸੂਰਜੁ ਚੰਦੁ ਚਰਾਗ ਦੀਪਾਈ।
[2]ਬਹੁ ਖੂਹਣਿ ਚਤੁਰੰਗ ਦਲ ਦੇਸ ਨ ਵੇਸ ਨ ਕੀਮਤਿ ਪਾਈ।
ਮਹਾਦੇਵ ਦੀ ਸੇਵ ਕਰਿ ਦੇਵ ਦਾਨਵ ਰਹਦੇ ਸਰਣਾਈ।
ਅਪਜਸੁ ਲੈ ਦੁਰਮਤਿ ਬੁਰਿਆਈ ॥ ੧੯ ॥

## ਪਉੜੀ ੨੦

[ਰਾਮ ਚੰਦ ਦੀ ਲੋਕ ਪ੍ਰਸਿੱਧ ਕਥਾ]

ਰਾਮਚੰਦੁ ਕਾਰਨ ਕਰਣ ਕਾਰਣ[3] ਵਸਿ ਹੋਆ ਦੇਹਿਧਾਰੀ।
ਮੰਨਿ ਮਤੇਈ ਆਗਿਆ ਲੈ ਵਣਵਾਸੁ ਵਡਾਈ ਚਾਰੀ[4]।
ਪਰਸਰਾਮ ਦਾ ਬਲੁ ਹਰੈ ਦੀਨ ਦਇਆਲੁ ਗਰਬ ਪਰਹਾਰੀ।
ਸੀਤਾ ਲਖਮਣ ਸੇਵ ਕਰਿ ਜਤੀ ਸਤੀ ਸੇਵਾ ਹਿਤਕਾਰੀ[5]।
ਰਾਮਾਇਣੁ[6] ਵਰਤਾਇਆ ਰਾਮ ਰਾਜੁ ਕਰਿ ਸ੍ਰਿਸਟਿ ਉਧਾਰੀ।
ਮਰਣੁ ਮੁਣਸਾ ਸਚੁ ਹੈ ਸਾਧ ਸੰਗਤਿ ਮਿਲਿ ਪੈਜ ਸਵਾਰੀ।
ਭਲਿਆਈ ਸਤਿਗੁਰ ਮਤਿ ਸਾਰੀ[7] ॥ ੨੦ ॥ ੩੧ ॥

---

੧ ਅੱਗ। ੨ ਚਾਰ ਪ੍ਰਕਾਰ (ਹਾਥੀ, ਰਥ, ਘੋੜੇ ਤੇ ਪੈਦਲ) ਦੀ ਸੈਨਾ ਦੇ ਕਈ ਡਿਵੀਜ਼ਨ ੩ ਦੇਵਤਿਆਂ ਦੇ ਬੇਨਤੀ ਕਰਨ ਦੇ ਕਾਰਨ। ੪ ਪ੍ਰਾਪਤ ਕੀਤੀ। ੫ ਪ੍ਰੇਮੀ ਹੋਏ। ੬ ਰਾਮ ਜੁਗ (ਅਮਨ ਦਾ ਜ਼ਮਾਨਾ)। ੭ ਸਰੇਸ਼ਟ।

Digitized by Panjab Digital Library | www.panjabdigilib.org

# ਵਾਰ ੩੨

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਗੁਰਮੁਖ ਲੱਛਣ]

ਪਹਿਲਾ ਗੁਰਮੁਖਿ ਜਨਮੁ ਲੈ ਭੈ ਵਿਚਿ ਵਰਤੈ ਹੋਇ ਇਆਣਾ।
ਗੁਰ ਸਿਖ ਲੈ ਗੁਰ ਸਿਖੁ ਹੋਇ ਭਾਇ ਭਗਤਿ ਵਿਚਿ ਖਰਾ ਸਿਆਣਾ।
ਗੁਰ ਸਿਖ ਸੁਣਿ ਮੰਨੈ ਸਮਝ [1]ਮਾਣ ਮਹਤਿ ਵਿਚਿ ਰਹੈ ਨਿਮਾਣਾ।
ਗੁਰ ਸਿਖ ਗੁਰ ਸਿਖੁ ਪੂਜਦਾ ਪੈਰੀ ਪੈ ਰਹਿਰਾਸ[2] ਲੁਭਾਣਾ।
ਗੁਰ ਸਿਖ ਮਨਹੁ ਨ ਵਿਸਰੈ ਚਲਣੁ ਜਾਣਿ ਜੁਗਤਿ ਮਿਹਮਾਣਾ।
ਗੁਰ ਸਿਖ ਮਿਠਾ ਬੋਲਣਾ ਨਿਵਿ ਚਲਣਾ ਗੁਰਸਿਖੁ ਪਰਵਾਣਾ[3]।
ਘਾਲਿ ਖਾਇ ਗੁਰ ਸਿਖ ਮਿਲ ਖਾਣਾ ॥ ੧ ॥

## ਪਉੜੀ ੨

[ਗੁਰਮੁਖ -ਤਾਣ ਹੋਂਦੇ ਹੋਇ ਨਿਤਾਣਾ]

[4]ਦਿਸਟਿ ਦਰਸ ਲਿਵ ਸਾਵਧਾਨੁ ਸਬਦ ਸੁਰਤਿ ਚੇਤੰਨੁ ਸਿਆਣਾ।
ਨਾਮੁ ਦਾਨੁ ਇਨਸਾਨੁ ਦਿੜ੍ਹ [5]ਮਨ ਬਚ ਕਰਮ ਕਰੈ ਮੇਲਾਣਾ।
ਗੁਰ ਸਿਖ ਥੋੜਾ ਬੋਲਣਾ ਥੋੜਾ ਸਉਣਾ ਥੋੜਾ ਖਾਣਾ।
ਪਰਤਨ ਪਰਧਨ ਪਰਹਰੈ ਪਰਨਿੰਦਾ ਸੁਣਿ ਮਨਿ ਸਰਮਾਣਾ।
ਗੁਰਮੂਰਤਿ ਗੁਰ ਸਬਦੁ ਹੈ ਸਾਧ ਸੰਗਤਿ ਸਮਸਰਿ[6] ਪਰਵਾਣਾ।
ਇਕ ਮਨਿ ਇਕੁ ਅਰਾਧਣਾ ਦੁਤੀਆ ਨਾਸਤਿ ਭਾਵੈ ਭਾਣਾ।
ਗੁਰਮੁਖਿ ਹੋਦੈ ਤਾਣ ਨਿਤਾਣਾ ॥ ੨ ॥

---

੧ ਮਾਣ ਵਡਿਆਈ ਪ੍ਰਾਪਤ ਹੁੰਦਿਆਂ ਭੀ ਨਿਮਾਣਾ (ਹੋ ਕੇ ਰਹਿੰਦਾ ਹੈ) ! ਸਚਾ ਰਸਤਾ। ੩ ਪ੍ਰਮਾਣ (ਸਵੀਕਾਰ)। ੪ ਨਜ਼ਰ, ਦਰਸ਼ਨ ਦੀ ਪ੍ਰੀਤ ਵਿਚ ਸਾਵਧਾਨ (ਹੁੰਦੀ ਹੈ)। ੫ ਮਨ, ਵਚਨ ਤੇ ਸਰੀਰ ਕਰਕੇ (ਸਭ ਨਾਲ) ਮਿਲਾਪ ਰਖਦੇ ਹਨ। ੬ ਬਰਾਬਰ।

Digitized by Panjab Digital Library | www.panjabdigilib.org

## ਪਉੜੀ ੩

[ਮਨਮੁਖ ਮੂਰਖ, ਹੀਣਾ ਤੇ ਇਕੱਲਾ ਹੈ]

ਗੁਰਮੁਖਿ ਰੰਗੁ ਨ ਦਿਸਦੀ ਹੋਦੀ ਅਖੀ ਅੰਨ੍ਹਾ ਸੋਈ।
ਗੁਰਮੁਖਿ ਸਮਝਿ ਨ ਸਕਈ ਹੋਦੀ ਕੰਨੀ ਬੋਲਾ ਹੋਈ।
ਗੁਰਮੁਖਿ ਸਬਦੁ ਨ ਗਾਵਈ ਹੋਦੀ ਜੀਭੈ ਗੁੰਗਾ ਗੋਈ।
ਚਰਣ ਕਵਲ ਦੀ ਵਾਸੁ ਵਿਣੁ [1]ਨਕਟਾ ਹੋਦੇ ਨਕਿ ਅਲੋਈ।
ਗੁਰਮੁਖਿ ਕਾਰ ਵਿਹੂੰਣਿਆ ਹੋਦੀ ਕਰੀ[2] ਲੂੰਜਾ[3] ਦੁਖ ਰੋਈ।
ਗੁਰਮਤਿ ਚਿਤਿ ਨ ਵਸਈ ਸੋ ਮਤਿ ਹੀਣੁ ਨ ਲਹੰਦਾ ਢੋਈ।
ਮੂਰਖ ਨਾਲਿ ਨ ਕੋਇ ਸਥੋਈ[4] ॥ ੩ ॥

## ਪਉੜੀ ੪

[ਮੂਰਖ, ਘੁੱਗੂ ਦਾ ਦ੍ਰਿਸ਼ਟਾਂਤ]

ਘੁਘੂ ਸੁਝ ਨ ਸੁਝਈ ਵਸਦੀ ਛਡਿ ਰਹੈ ਓਜਾੜੀ।
ਇਲਿ ਪੜਾਈ ਨਾ ਪੜ੍ਹੈ ਚੂਹੇ ਖਾਇ ਉਡੇ ਦੇਹਾੜੀ।
ਵਾਸੁ ਨ ਆਵੈ ਵਾਂਸ ਨੋ ਹਉਮੈ ਅਗਿ ਨ ਚੰਦਨ ਵਾੜੀ।
ਸੰਖ ਸਮੁੰਦਹੁ ਸਖਣਾ ਗੁਰਮਤਿ ਹੀਣਾ ਦੇਹ ਵਿਗਾੜੀ।
ਸਿੰਮਲੁ ਬਿਰਖੁ ਨ ਸਫਲੁ ਹੋਇ ਆਪ ਗਣਾਏ ਵਡਾ ਅਨਾੜੀ।
[5]ਮੂਰਖੁ ਫਟੜਿ ਪਵੈ ਰਿਹਾੜੀ ॥ ੪ ॥

## ਪਉੜੀ ੫

[ਮੂਰਖ ਅੰਨ੍ਹੇ ਦੀ ਆਰਸੀ]

ਅੰਨ੍ਹੇ ਅਗੇ ਆਰਸੀ[6] ਨਾਈ ਧਰਿ ਨ ਵਧਾਈ ਪਾਵੈ।
ਬੋਲੇ ਅਗੇ ਗਾਵੀਐ ਸੂੰਮ ਨ ਡੂਮ ਕਵਾਇ[7] ਪੈਨ੍ਹਾਵੈ।
ਪੁਛੈ ਮਸਲਤਿ[8] ਗੁੰਗਿਅਹੁ ਵਿਗੜੈ ਕੰਮੁ ਜਵਾਬੁ ਨ ਆਵੈ।

---

੧ ਨੱਕ ਹੁੰਦਿਆਂ ਭੀ ਆਪਣੇ ਆਪ ਨੂੰ ਨਕਟਾ (ਅਲੋਈ) ਦੇਖਦੇ ਹਨ। ੨ ਹਥੀਂ। ੩ ਟੁੰਡਾ। ੪ ਸਾਥੀ। ੫ ਮੂਰਖ ਲੋਕ ਜ਼ਖਮੀ ਦਿਲ ਹੋਏ, ਝਗੜਿਆਂ ਵਿਚ ਪਏ ਰਹਿੰਦੇ ਹਨ। ੬ ਸ਼ੀਸ਼ਾ। ੭ ਖਿਲਅਤ (ਪੋਸ਼ਾਕ)। ੮ ਮਸ਼ਵਰਾ।

Digitized by Panjab Digital Library | www.panjabdigilib.org

ਫੁਲਵਾੜੀ ਵੜਿ ਗੁਣਗੁਣਾ[1] ਮਾਲੀ ਨੋ ਨ ਇਨਾਮੁ ਦਿਵਾਵੈ।
ਲੂਲੇ ਨਾਲਿ ਵਿਆਹੀਐ ਕਿਵ ਗਲਿ ਮਿਲਿ ਕਾਮਣਿ ਗਲਿ ਲਾਵੈ।
ਸਭਨਾ ਚਾਲ ਸੁਹਾਵਣੀ ਲੰਗੜਾ ਕਰੇ ਲਖਾਉ[2] ਲੰਗਾਵੈ।
ਲੁਕੈ ਨ ਮੂਰਖੁ ਆਪੁ ਲਖਾਵੈ ॥ ੫ ॥

## ਪਉੜੀ ੬

[ਮੂਰਖ ਦਾ ਸੌਰਨਾ]

ਪਥਰੁ ਮੂਲਿ ਨ ਭਿਜਈ ਸਉ ਵਰ੍ਹਿਆਂ ਜਲਿ ਅੰਦਰਿ ਵਸੈ।
ਪਥਰ ਖੇਤ ਨ ਜੰਮਈ ਚਾਰਿ ਮਹੀਨੇ ਇੰਦਰ ਵਰਸੈ।
ਪਥਰਿ ਚੰਨਣੁ ਰਗੜੀਐ ਚੰਨਣ ਵਾਂਗਿ ਨ ਪਥਰੁ ਘਸੈ।
ਸਿਲ ਵਟੇ ਨਿਤ ਪੀਸਦੇ ਰਸਕਸ ਜਾਣੈ ਵਾਸੁ ਨ ਰਸੈ[3]।
ਚਕੀ ਫਿਰੈ ਸਹੰਸਵਾਰ ਖਾਇ ਨ ਪੀਐ ਭੁਖ ਨ ਤਸੈ[4]।
ਪਥਰ ਘੜੈ ਵਰਤਣਾ ਹੇਠਿ ਉਤੇ ਹੋਇ ਘੜਾ ਵਿਣਸੈ।
ਮੂਰਖ ਸੁਰਤਿ[5] ਨ ਜਸ ਅਪਜਸੈ ॥ ੬ ॥

## ਪਉੜੀ ੭

[ਮੂਰਖ ਪੱਥਰ ਹੈ, ਸੰਗ ਵਿਚ ਰਹਿ ਵੀ ਕੇ ਕੁਸੰਗੀ ਰਹਿੰਦਾ ਹੈ]

ਪਾਰਸ ਪਥਰ ਸੰਗੁ ਹੈ ਪਾਰਸ ਪਰਸਿ ਨ ਕੰਚਨੁ ਹੋਵੈ।
ਹੀਰੇ ਮਾਣਕ ਪਥਰਹੁ ਪਥਰ ਕੋਇ ਨ ਹਾਰਿ ਪਰੋਵੈ।
ਵਟਿ ਜਵਾਹਰੁ ਤੋਲੀਐ[6] ਮੁਲਿ ਨ ਤੁਲਿ ਵਿਕਾਇ ਸਮੋਵੈ।
ਪਥਰ ਅੰਦਰਿ ਅਸਟਧਾਤੁ ਪਾਰਸੁ ਪਰਸਿ [7]ਸੁਵੰਨੁ ਅਲੋਵੈ।
ਪਥਰੁ ਫਟਕ ਝਲਕਣਾ[8] ਬਹੁ ਰੰਗੀ ਹੋਇ ਰੰਗੁ ਨ ਗੋਵੈ[9]।
ਪਥਰ ਵਾਸੁ ਨ ਸਾਉ ਹੈ ਮਨ ਕਠੋਰ ਹੋਇ ਆਪੁ ਵਿਗੋਵੈ।
ਕਰਿ ਮੂਰਖਾਈ ਮੂਰਖੁ ਰੋਵੈ ॥ ੭ ॥

---

੧ ਸੁੰਘਣ ਸ਼ਕਤੀ ਤੋਂ ਰਹਿਤ । ੨ ਦਿਖਾਵਾ । ੩ ਸਵਾਦ । ੪ ਪਿਆਸ । ੫ ਸੂਝ । ੬ ਮੁਲ ਵਿਚ ਬਰਾਬਰੀ ਦੀ ਸਮਾਈ ਹੋ ਕੇ ਨਹੀਂ ਵਿਕਦਾ। ੭ ਸੋਨਾ ਹੋਇਆ ਦੇਖੀਦਾ ਹੈ। ੮ ਚਮਤਕਾਰ। ੯ ਖਰਾਬ ਨਹੀਂ ਹੁੰਦਾ।

Digitized by Panjab Digital Library | www.panjabdigilib.org

## ਪਉੜੀ ੮

[ਮੂਰਖ ਦਾ ਸੰਗ ਨ ਕਰੋ]

ਜਿਉ ਮਣਿ ਕਾਲੇ ਸਪ ਸਿਰਿ ਸਾਰ ਨ ਜਾਣੈ ਵਿਸੂ ਭਰਿਆ।
ਜਾਣੁ ਕਥੂਰੀ ਮਿਰਗ ਤਨਿ ਝਾੜਾਂ ਸਿੰਙਦਾ ਫਿਰੇ ਅਫਰਿਆ[1]।
ਜਿਉ ਕਰਿ ਮੋਤੀ ਸਿਪ ਵਿਚਿ ਮਰਮ[2] ਨ ਜਾਣੈ ਅੰਦਰਿ ਧਰਿਆ।
ਜਿਉ ਗਾਈ ਥਣਿ ਚਿਚੁੜੀ ਦੁਧੁ ਨ ਪੀਐ ਲੋਹੂ ਜਰਿਆ।
ਬਗੁਲਾ ਤਰਣਿ ਨ ਸਿਖਿਓ ਤੀਰਥਿ ਨਾਇ ਨ ਪਥਰੁ ਤਰਿਆ।
ਨਾਲਿ ਸਿਆਣੇ ਭਲੀ ਭਿਖ ਮੂਰਖ ਰਾਜਹੁ ਕਾਜੁ ਨ ਸਰਿਆ।
[4]ਮੇਖੀ ਹੋਇ ਵਿਗਾੜੈ ਖਰਿਆ ॥ ੮ ॥

## ਪਉੜੀ ੯

[ਮੂਰਖ ਨਾਲ ਓਪਰੇ ਰਹੋ]

ਕਟਣੁ ਚਟਣੁ ਕੁਤਿਆ ਕੁਤੈ ਹਲਕ ਤੈ ਮਨੁ ਸੂਗਾਵੈ।
ਠੰਢਾ ਤਤਾ ਕੋਇਲਾ ਕਾਲਾ ਕਰਿਕੈ ਹਥ ਜਲਾਵੈ।
ਜਿਉ ਚਕਚੂੰਧਰ ਸਪ ਦੀ ਅੰਨ੍ਹਾ ਕੋੜੀ ਕਰਿ ਦਿਖਲਾਵੈ।
ਜਾਣੁ ਰਸਉਲੀ ਦੇਹ ਵਿਚਿ ਵਢੀ ਪੀੜ ਰਖੀ ਸ਼ਰਮਾਵੈ।
ਵੰਸਿ ਕਪੂਤੁ ਕੁਲਛਣਾ ਛਡਿਆ ਬਣੈ ਨ ਵਿਚਿ ਸਮਾਵੈ।
ਮੂਰਖ ਹੇਤੁ ਨ ਲਾਈਐ ਪਰਹਰਿ ਵੈਰੁ [5]ਅਲਿਪਤੁ ਵਲਾਵੈ।
ਦੁਹੀ ਪਵਾੜੀ[6] ਦੁਖਿ ਵਿਹਾਵੈ ॥ ੯ ॥

## ਪਉੜੀ ੧੦

[ਮੂਰਖ ਬੇਥਵਾ ਤੇ ਔਗੁਣ ਗ੍ਰਾਹੀ ਹੈ]

ਜਿਉ ਹਾਥੀ ਦਾ ਨਾਵਣਾ ਬਾਹਰਿ ਨਿਕਲਿ ਖੇਹ ਉਡਾਵੈ।
ਜਿਉ ਊਠੇ ਦਾ ਖਾਵਣਾ ਪਰਹਰਿ ਕਣਕ ਜਵਾਹਾ ਖਾਵੈ।
ਕਮਲੇ ਦਾ ਕਛੋਟੜਾ ਕਦੇ ਲਕ ਕਦੇ ਸੀਸਿ ਵਲਾਵੈ।

---

੧ ਅਮੋੜ। ੨ ਭੇਦ। ੩ ਜੜਿਆ (ਚੰਬੜਿਆ)। ੪ (ਕਿੱਲ ਵਾਲਾ) ਦਾਗੀ, ਅਰਥਾਤ ਖੋਟਾ ਖਰਿਆਂ ਨੂੰ ਭੀ ਵਿਗਾੜਦਾ ਹੈ। ੫ ਉਦਾਸ ਰਹਿ ਕੇ ਹੀ ਸਮਾਂ ਲੰਘਾਈਏ। ੬ ਝਗੜਿਆਂ।

Digitized by Panjab Digital Library | www.panjabdigilib.org

ਜਿਉ ਕਰਿ ਟੁੰਡੇ ਹਥੜਾ ਸੋ ਚੁਤੀ ਸੋ ਵਾਤਿ[1] ਵਤਾਵੈ।
ਸੰਨੀ ਜਾਣੁ ਲੁਹਾਰ ਦੀ ਖਿਣੁ ਜਲਿ ਵਿਚਿ ਖਿਨ ਅਗਨਿ ਸਮਾਵੈ।
ਮਖੀ ਬਾਣੁ ਕੁਬਾਣੁ[2] ਹੈ ਲੈ ਦੁਰਗੰਧੁ ਸੁਗੰਧ ਨ ਭਾਵੈ।
ਮੂਰਖ ਦਾ ਕਿਹੁ ਹਥਿ ਨ ਆਵੈ ॥ ੧੦ ॥

## ਪਉੜੀ ੧੧

[ਮੂਰਖ ਆਪੇ ਫਸਦੇ ਤੇ ਕੁਫੱਕੜੀ ਹਨ]

ਤੋਤਾ ਨਲੀ ਨ ਛਡਈ ਆਪਣ ਹਥੀ ਫਾਥਾ ਚੀਕੈ।
ਬਾਂਦਰੁ ਮੁਠਿ ਨ ਛਡਈ ਘਰਿ ਘਰਿ ਨਚੈ [3]ਝੀਕਣੁ ਝੀਕੈ।
ਗਦਹੁ ਅੜੀ ਨ ਛਡਈ [4]ਚੀਘੀ ਪਉਦੀ ਹੀਕਣਿ ਹੀਕੈ।
ਕੁਤੇ ਚਕੀ ਚਟਣੀ ਪੂਛ ਨ ਸਿਧੀ [5]ਧ੍ਰੀਕਣਿ ਧ੍ਰੀਕੈ।
ਕਰਨਿ ਕੁਫਕੜ[6] ਮੂਰਖਾ ਸਪ ਗਏ ਫੜਿ ਫਾਟਨਿ[7] ਲੀਕੈ।
ਪਗ ਲਹਾਇ ਗਣਾਇ ਸਰੀਕੈ ॥ ੧੧ ॥

## ਪਉੜੀ ੧੨

[ਮੂਰਖ ਸਚ ਦਾ ਯਾਰ ਨਹੀਂ]

ਅੰਨ੍ਹਾ ਆਖੇ ਲੜਿ ਮਰੈ ਖੁਸੀ ਹੋਵੈ ਸੁਣਿ ਨਾਉ ਸੁਜਾਖਾ।
ਭੋਲਾ ਆਖੇ ਭਲਾ ਮੰਨ [8]ਅਹਮਕੁ ਜਾਣਿ ਅਜਾਣਿ ਨ ਭਾਖਾ।
ਧੋਰੀ[9] ਆਖੇ ਹਸਿ ਦੇ ਬਲਦ ਵਖਾਣਿ ਕਰੈ ਮਨਿ ਮਾਖਾ[10]।
ਕਾਉ ਸਿਆਣਪ ਜਾਣਦਾ ਵਿਸਟਾ ਖਾਇ ਨ [11]ਭਾਖ ਸੁਭਾਖਾ।
ਨਾਉ ਸੁਰੀਤ ਕੁਰੀਤ ਦਾ ਮੁਸਕ ਬਿਲਾਈ [12]ਗਾਂਡੀ ਸਾਖਾ।
ਹੇਠਿ ਖੜਾ ਬੂ ਬੂ ਕਰੈ ਗਿਦੜ ਹਥਿ ਨ ਆਵੈ ਦਾਖਾ।
ਬੋਲ ਵਿਗਾੜੂ ਮੂਰਖੁ ਭੇਡਾਖਾ ॥ ੧੨ ॥

---

੧ ਮੂੰਹ। ੨ ਭੈੜੀ ਬਾਣ। ੩ ਝਿੜਕਣ ਪੁਰ ਝਈਆਂ ਲੈਂਦਾ ਹੈ। ੪ ਟੀਟਣੇ ਮਾਰਦੀ ਤੇ ਹੀਂਗਦੀ ਹੈ। ੫ (ਭਾਵੇਂ) ਧਰੀਕ ਧਰੀਕ (ਸਿੱਧੀ ਕਰੀਏ)। ੬ ਭੈੜੇ ਕੰਮ। ੭ ਮਾਰਦੇ ਹਨ। ੮ ਅਹਿਮਕ (ਮੂਰਖ) ਨਾਲ ਜਾਣਦਾ ਹੋਇਆ ਅਣਜਾਣ ਹੋ ਕੇ ਬੋਲਦਾ ਹੀ ਨਹੀਂ। ੯ ਧੀਰਜਵਾਨਾ ੧੦ ਕਰੋਧ। ੧੧ ਚੰਗੀ ਬੋਲੀ ਨਹੀਂ ਬੋਲਦਾ। ੧੨ (ਬਿੱਲੀ ਦੀ) ਗੁਦਾ ਵਿਚੋਂ ਨਿਕਲੀ ਗੰਢ।

Digitized by Panjab Digital Library | www.panjabdigilib.org

## ਪਉੜੀ ੧੩

[ਮੂਰਖ ਬਿਨ ਗੁਣ ਗਰਬ ਕਰਦਾ ਹੈ]

ਰੁਖਾਂ ਵਿਚਿ ਕੁਰੁਖੁ ਹੈ ਅਰੰਡੁ ਅਦਾਈ ਆਪੁ ਗਣਾਏ।
ਪਿਦਾ ਜਿਉ ਪੰਖੇਰੂਆਂ ਬਹਿ ਬਹਿ ਡਾਲੀ ਬਹੁਤੁ ਬਫਾਏ।
ਭੇਡ ਭਿਵਿੰਗਾ[1] ਮੁਹੁ ਕਰੈ [2]ਤਰਣਾਪੇ ਦਿਹਿ ਚਾਰਿ ਵਲਾਏ।
ਮੁਹੁ ਅਖੀ ਨਕੁ ਕਨ ਜਿਉ ਇੰਦ੍ਰੀਆਂ ਵਿਚਿ ਗਾਂਡਿ ਸਦਾਏ।
ਮੀਆ ਘਰਹੁ ਨਿਕਾਲੀਐ ਤਰਕਸੁ ਦਰਵਾਜੇ ਟੰਗਵਾਏ।
ਮੂਰਖ ਅੰਦਰਿ ਮਾਣਸਾ ਵਿਣੁ ਗੁਣ ਗਰਬੁ ਕਰੈ ਆਲਾਏ[3]।
ਮਜਲਸ ਬੈਠਾ ਆਪੁ ਲਖਾਏ ॥ ੧੩ ॥

## ਪਉੜੀ ੧੪

[ਮੂਰਖ ਕੌਣ ਹੈ ?]

ਮੂਰਖ ਤਿਸਨੋ ਆਖੀਐ ਬੋਲਿ ਨ ਸਮਝੈ ਬੋਲਿ ਨ ਜਾਣੈ।
ਹੋਰੋ ਕਿਹੁਕਰਿ ਪੁਛੀਐ ਹੋਰੋ ਕਿਉਕਰਿ ਆਖਿ ਵਖਾਣੈ।
ਸਿਖ ਦੇਇ ਸਮਝਾਈਐ ਅਰਥੁ ਅਨਰਥੁ ਮਨੈ ਵਿਚਿ ਆਣੈ।
ਵਡਾ ਅਸਮਝੁ ਨ ਸਮਝਈ ਸੁਰਤਿ ਵਿਹੂਣਾ ਹੋਇ ਹੈਰਾਣੈ।
ਗੁਰਮਤਿ ਚਿਤਿ ਨ ਆਵਈ [4]ਦੁਰਮਤਿ ਮਿਤ੍ਰ ਸਤ੍ਰ ਪਰਵਾਣੈ।
ਅਗਨੀ ਸਪਹੁ ਵਰਜੀਐ ਗੁਣ ਵਿਚਿ ਅਵਗੁਣ ਕਰੈ ਧਿਙਾਣੈ।
ਮੂਤੈ ਰੋਵੈ ਮਾਂ ਨ ਸਿਵਾਣੈ ॥ ੧੪ ॥

## ਪਉੜੀ ੧੫

[ਮੂਰਖ ਦੀ ਪਛਾਣ]

ਰਾਹੁ ਛਡਿ ਉਝੜਿ ਪਵੈ ਆਗੂ ਨੋ ਭੁਲਾ ਕਰਿ ਜਾਣੈ।
ਬੇੜੇ ਵਿਚਿ ਬਹਾਲੀਐ ਕੁਦਿ ਪਵੈ ਵਿਚਿ ਵਹਣ ਧਿਙਾਣੈ।
ਸੁਘੜਾ ਵਿਚਿ ਬਹਿਠਿਆਂ ਬੋਲਿ ਵਿਗਾੜਿ [5]ਉਘਾੜਿ ਵਖਾਣੈ।

---

੧ ਭੈਂ ਭੈਂ ਦੀ ਆਵਾਜ਼। ੨ ਜਵਾਨੀ ਦੋ ਚਾਰ ਦਿਨ ਕਢ ਲੈਂਦੀ ਹੈ। ੩ ਦਸਦਾ ਹੈ। ੪ ਖੋਟੀ ਬੁਧੀ ਕਰਕੇ ਦੋਸਤ ਨੂੰ ਦੁਸ਼ਮਨ ਮੰਨ ਬਹਿੰਦਾ ਹੈ। ੫ ਪ੍ਰਗਟ ਕਰਕੇ ਦਸ ਦੇਂਦਾ ਹੈ।

Digitized by Panjab Digital Library | www.panjabdigilib.org

ਸੁਘੜਾ ਮੂਰਖ ਜਾਣਦਾ ਆਪਿ ਸੁਘੜੁ ਹੋਇ ਵਿਰਤੀਹਾਣੈ[1]।
ਦਿਹ ਨੋ ਰਾਤਿ ਵਖਾਣਦਾ ਚਾਮ ਚੜਿਕ ਜਿਵੇ[2]ਟਾਨਾਣੈ।
ਗੁਰਮਤਿ ਮੂਰਖੁ ਚਿਤਿ ਨ ਆਣੈ ॥ ੧੫ ॥

## ਪਉੜੀ ੧੬

[ਮੂਰਖ ਦਾ ਅੰਤ]

ਵੈਦਿ ਚੰਗੀਰੀ ਉਠਣੀ ਲੈ ਸਿਲ ਵਟਾ ਕਚਰਾ ਭੰਨਾ।
ਸੇਵਕਿ ਸਿਖੀ ਵੈਦਗੀ ਮਾਰੀ ਬੁਢੀ ਰੋਵਨਿ ਰੰਨਾ।
ਪਕੜਿ ਚਲਾਇਆ ਰਾਵਲੈ[3] [4]ਪਉਦੀ ਉਘੜਿ ਗਏ ਸੁ ਕੰਨਾ।
ਪੁਛੈ ਆਖਿ ਵਖਾਣਿਉਨੁ ਉਘੜਿ ਗਇਆ ਪਾਜੁ ਪਰਛੰਨਾ[5]।
ਪਾਰਖੂਆ ਚੁਣਿ ਕਢਿਆ ਜਿਉ ਕਚਕੜਾ[6] ਨ ਰਲੈ ਰਤੰਨਾ।
ਮੂਰਖੁ ਅਕਲੀ ਬਾਹਰਾ ਵਾਂਸਹੁ ਮੂਲਿ ਨ ਹੋਵੀ ਗੰਨਾ।
ਮਾਣਸ ਦੇਹੀ ਪਸੂ ਉਪੰਨਾ ॥ ੧੬ ॥

## ਪਉੜੀ ੧੭

[ਮੂਰਖ ਰੀਸ ਦਾ ਫਲ ਭੋਗਦਾ ਹੈ]

ਮਹਾ ਦੇਵ ਦੀ ਸੇਵ ਕਰਿ ਵਰੁ ਪਾਇਆ ਸਾਹੈ ਦੇ ਪੁਤੈ।
ਦਰਬੁ ਸਰੂਪ ਸਰੇਵੜੈ[7] ਆਇ ਵੜੇ ਘਰਿ ਅੰਦਰਿ ਉਤੈ[8]।
ਜਿਉ ਹਥਿਆਰੀ ਮਾਰੀਅਨਿ ਤਿਉ ਤਿਉ ਦਰਬ ਹੋਇ ਧੜ ਧੁਤੈ[9]।
ਬੁਤੀ ਕਰਦੇ ਡਿਠਿਓਨੁ ਨਾਈ ਚੈਨੁ ਨ ਬੈਠੇ ਸੁਤੈ।
ਮਾਰੇ ਆਣਿ ਸਰੇਵੜੇ ਸੁਣਿ ਦੀਬਾਣਿ [10]ਮਸਾਣਿ ਅਛੁਤੈ।
ਮਥੈ ਵਾਲਿ ਪਛਾੜਿਆ ਵਾਲ ਛਡਾਇਨਿ ਕਿਸਦੈ ਬੁਤੈ।
ਮੂਰਖੁ ਬੀਜੈ ਬੀਉ ਕੁਰੁਤੈ ॥ ੧੭ ॥

---

੧ ਹਾਨੀ ਵਾਲੀ ਵਰਤੋਂ ਕਰਦਾ ਹੈ। ੨ ਟਟਹਿਣਾ । ੩ ਰਾਜਾ ਦੇ ਪਾਸ। ੪ ਮਾਰ ਪੈਣ ਪਰ ਕੰਨ ਖੁਲ੍ਹ ਗਏ। ੫ ਛਿਪਿਆ ਹੋਇਆ। ੬ ਕਚ ਦਾ ਟੁਕੜਾ। ੭ ਜੈਨੀ ਸਾਧੂ। ੮ ਉਸ ਦੇ। ੯ ਢੇਰਾਂ ਦੇ ਢੇਰ। ੧੦ ਬੇਗੁਨਾਹ ਮੋਏ। ੧੧ ਆਸਰੇ।

Digitized by Panjab Digital Library | www.panjabdigilib.org

## ਪਉੜੀ ੧੮

[ਪੰਡਤ ਵੀ ਮੂਰਖ ਹੋ ਸਕਦਾ ਹੈ]

ਗੋਸ਼ਟਿ[1] ਗਾਂਗੇ ਤੇਲੀਐ ਪੰਡਿਤ ਨਾਲਿ ਹੋਵੈ ਜਗੁ ਦੇਖੈ।
ਖੜੀ ਕਰੈ ਇਕ ਅੰਗੁਲੀ ਗਾਂਗਾ ਦੁਇ ਵੇਖਾਲੈ ਰੇਖੈ[2]।
ਫੇਰਿ ਉਚਾਇ ਪੰਜਾਂਗੁਲਾ ਗਾਂਗਾ ਮੁਠਿ ਹਲਾਇ ਅਲੇਖੈ।
ਪੈਰੀ ਪੈ ਉਠਿ ਚਲਿਆ ਪੰਡਿਤੁ ਹਾਰਿ ਭੁਲਾਵੈ ਭੇਖੈ।
ਨਿਰਗੁਣੁ ਸਰਗੁਣੁ ਅੰਗ ਦੁਇ ਪਰਮੇਸਰੁ ਪੰਜਿ ਮਿਲਨਿ ਸਰੇਖੈ[3]।
ਅਖੀ ਦੋਵੇ ਭੰਨਸਾਂ ਮੁਕੀ ਲਾਇ ਹਲਾਇ ਨਿਮੇਖੈ[4]।
ਮੂਰਖ ਪੰਡਿਤੁ ਸੁਰਤਿ ਵਿਸੇਖੈ॥ ੧੮॥

## ਪਉੜੀ ੧੯

[ਮੂਰਖ ਦੀ ਸੰਗਤ ਦਾ ਫਲ]

ਠੰਢੇ ਖੂਹਹੁ ਨਾਇਕੈ ਪਗ ਵਿਸਾਰਿ ਆਇਆ ਸਿਰਿ ਨੰਗੈ।
ਘਰ ਵਿਚਿ ਰੰਨਾ ਕਮਲੀਆ ਧੁਸੀ ਲੀਤੀ ਦੇਖਿ ਕੁਢੰਗੈ[5]।
ਰੰਨਾ ਦੇਖਿ ਪਿਟੰਦੀਆ ਢਾਹਾ ਮਾਰੈ ਹੋਇ ਨਿਸੰਗੈ।
ਲੋਕ ਸਿਆਪੇ ਆਇਆ ਰੰਨਾ ਪੁਰਸ ਜੁੜੇ ਲੈ ਪੰਗੈ[6]।
ਨਾਇਣ ਪੁਛਦੀ ਪਿਟਦੀਆਂ ਕਿਸ ਦੈ ਨਾਇ ਅਲ੍ਹਾਣੀ ਅੰਗੈ[7]।
ਸਹੁਰੇ ਪੁਛਹੁ ਜਾਇਕੈ ਕਉਣ ਮੁਆ ਨੂਹ ਉਤਰੁ ਮੰਗੈ।
ਕਾਂਵਾਂ ਰੌਲਾ ਮੂਰਖੁ ਸੰਗੈ॥ ੧੯॥

---

੧ ਚਰਚਾ । ੨ ਉਂਗਲੀ । ੩ ਸਰਗੁਣ । ੪ ਪਲ ਵਿਚ । ੫ ਭੈੜੇ ਹਾਲ । ੬ ਪੰਗਤਾਂ ਲਾ ਕੇ । ੭ ਕਹਾਂ, ਦਿਆਂ ।

Digitized by Panjab Digital Library | www.panjabdigilib.org

## ਪਉੜੀ ੨੦

[ਮੂਰਖ ਨਾਲ ਕਿੱਕੁਰ ਵਰਤੀਏ]

ਜੇ ਮੂਰਖੁ ਸਮਝਾਈਐ ਸਮਝੈ ਨਾਹੀ ਛਾਵ ਨ ਧੁਪਾ।
ਅਖੀ ਪਰਖਿ ਨ ਜਾਣਈ ਪਿਤਲ ਸੁਇਨਾ ਕੈਹਾਂ ਰੁਪਾ।
ਸਾਉ ਨ ਜਾਣੈ ਤੇਲ ਘਿਅ ਧਰਿਆ ਕੋਲਿ [1]ਘੜੋਲਾ ਕੁਪਾ।
ਸੁਰਤਿ ਵਿਹੂਣਾ ਰਾਤਿ ਦਿਹੁ ਚਾਨਣੁ ਤੁਲਿ ਅਨੇਰਾ ਘੁਪਾ[2]।
ਵਾਸੁ ਕਥੂਰੀ ਥੋਮ ਦੀ [3]ਮਿਹਰ ਕੁਲੀ ਅਧਉੜੀ ਤੁਪਾ।
ਵੈਰੀ ਮਿਤ੍ਰ ਨ ਸਮਝਈ ਰੰਗੁ ਸੁਰੰਗ ਕੁਰੰਗੁ ਅਛੁਪਾ[4]।
ਮੂਰਖ ਨਾਲਿ ਚੰਗੇਰੀ ਚੁਪਾ ॥ ੨੦ ॥ ੩੨ ॥

---

੧ ਘੜਾ। ੨ ਘੁਪ ਘੋਰ, ਬਹੁਤ ਅਨੇਰਾ। ੩ ਮਖਮਲ ਅਤੇ ਚੰਮ ਦਾ ਤੋਪਾ। ੪ ਸਫੇਦ ਰੰਗ।

Digitized by Panjab Digital Library | www.panjabdigilib.org

# ਵਾਰ ੩੩

੧ ੴ ਸਤਿਗੁਰਪ੍ਰਸਾਦਿ ॥

## ਪਉੜੀ ੧

[ਗੁਰਮੁਖ ਮਨਮੁਖ]

ਗੁਰਮੁਖਿ ਮਨਮੁਖਿ ਜਾਣੀਅਨਿ ਸਾਧ ਅਸਾਧ ਜਗਤ ਵਰਤਾਰਾ।
ਦੁਹ ਵਿਚਿ ਦੁਖੀ ਦੁਬਾਜਰੇ[1] ਖਰਬੜ[2] ਹੋਏ ਖੁਦੀ ਖੁਆਰਾ।
[3]ਦੁਹੀ ਸਰਾਈ ਜਰਦਰੂ [4]ਦਗੇ ਦੁਰਾਹੇ ਚੋਰ ਚੁਗਾਰਾ।
ਨਾ ਉਰਵਾਰੁ ਨ ਪਾਰੁ ਹੈ ਗੋਤੇ ਖਾਨਿ ਭਰਮੁ ਸਿਰਿ ਭਾਰਾ।
ਹਿੰਦੂ ਮੁਸਲਮਾਨ ਵਿਚਿ ਗੁਰਮੁਖਿ ਮਨਮੁਖਿ ਵਿਚ ਗੁਬਾਰਾ।
ਜੰਮਣੁ ਮਰਣੁ ਸਦਾ ਸਿਰਿ ਮਾਰਾ ॥ ੧ ॥

## ਪਉੜੀ ੨

[ਹਿੰਦੂ ਮੁਸਲਮਾਨ]

[5]ਦੁਹ ਮਿਲਿ ਜੰਮੇ ਦੁਇ ਜਣੇ ਦੁਹੁ ਜਣਿਆਂ ਦੁਇ ਰਾਹ ਚਲਾਏ।
ਹਿੰਦੂ ਆਖਨਿ ਰਾਮ ਰਾਮ ਮੁਸਲਮਾਣਾ ਨਾਉ ਖੁਦਾਏ।
ਹਿੰਦੂ ਪੂਰਬਿ ਸਉਹਿਆ[6] ਪਛਮ ਮੁਸਲਮਾਣ ਨਿਵਾਏ।
ਗੰਗ ਬਨਾਰਸਿ ਹਿੰਦੂਆ ਮਕਾ ਮੁਸਲਮਾਣੁ ਮਨਾਏ।
ਵੇਦ ਕਤੇਬਾ ਚਾਰਿ ਚਾਰਿ ਚਾਰ ਵਰਨ ਚਾਰਿ ਮਜ਼ਹਬ ਚਲਾਏ।
ਪੰਜ ਤਤ ਦੋਵੈ ਜਣੇ ਪਉਣ ਪਾਣੀ ਬੈਸੰਤਰੁ ਛਾਏ।
[7]ਇਕ ਥਾਉ ਦੁਇ ਨਾਉ ਧਰਾਏ ॥ ੨ ॥

---

੧ ਦੁਪਾਸੀਂਏ। ੨ ਆ ਕੇ ਗਏ। ੩ ਲੋਕ ਤੇ ਪਰਲੋਕ ਵਿਚ ਮੂੰਹ ਪੀਲਾ। ੪ ਚੋਰ ਤੇ ਦੁਚੱਕੇ ਦੋਰਾਹਿਆਂ ਨੂੰ ਦਗਾ ਦੇਂਦੇ ਹਨ। ੫ ਮਾਇਆ ਅਤੇ ਈਸ਼੍ਵਰ ਦੋਹਾਂ ਨੇ ਮਿਲ ਕੇ ਹਿੰਦੂ ਤੇ ਮੁਸਲਮਾਨ ਦੋ ਜਣੇ ਪੈਦਾ ਕੀਤੇ। ੬ ਸਾਹਮਣੇ। ੭ ਪੈਦਾਇਸ਼ ਦੀ ਥਾਂ ਇਕ ਹੁੰਦਿਆਂ ਭੀ।

Digitized by Panjab Digital Library | www.panjabdigilib.org

## ਪਉੜੀ ੩

[ਦੁਬਾਜਰਾ ਪੁਰ ਆਰਸੀ ਦਾ ਦ੍ਰਿਸ਼ਟਾਂਤ]

ਦੇਖਿ[੧] ਦੁਭਿਤੀ ਆਰਸੀ ਮਜਲਸ ਹਥੋ ਹਥੀ ਨਚੈ।
ਦੁਖੋ ਦੁਖੁ ਦੁਬਾਜਰੀ ਘਰਿ ਘਰਿ ਫਿਰੈ ਪਰਾਈ ਖਚੈ[੨]।
ਅਗੋ ਹੋਇ ਸੁਹਾਵਣੀ ਮੁਹਿ ਡਿਠੈ ਮਾਣਸ ਚਹਮਚੈ[੩]।
ਪਿਛਹੁ ਦੇਖਿ ਡਰਾਵਣੀ ਇਕੋ ਮੁਹੁ [੪]ਦੁਹੁ ਜਿਨਸਿ ਵਿਰਚੈ।
ਖੇਹਿ ਪਾਇ ਮੁਹੁ ਮਾਜੀਐ ਫਿਰਿ ਫਿਰਿ ਮੈਲ ਭਰੈ ਰੰਗਿ ਕਚੈ।
ਧਰਮਰਾਇ ਜਮੁ ਇਕੁ ਹੈ ਧਰਮੁ [੫]ਅਧਰਮੁ ਨ ਭਰਮ ਪਰਚੈ।
ਗੁਰਮੁਖਿ ਜਾਇ ਮਿਲੈ ਸਚੁ ਸਚੈ ॥ ੩ ॥

## ਪਉੜੀ ੪ [ਗੁਰ ਸਿਖ ਪਰਧਾਨ ਹੈ]

ਵੁਣੈ ਜੁਲਾਹਾ ਤੰਦੁ ਗੰਢਿ ਇਕੁ ਸੂਤੁ ਬਹੁ ਤਾਣਾ ਵਾਣਾ।
ਦਰਜੀ ਪਾੜਿ ਵਿਗਾੜਦਾ ਪਾਟਾ ਮੁਲ ਨ ਲਹੈ ਵਿਕਾਣਾ।
ਕਤਰਣਿ ਕਤਰੈ ਕਤਰਣੀ[੬] ਹੋਇ ਦੁਮੂਹੀ ਚੜਦੀ ਸਾਣਾ।
ਸੂਈ ਸੀਵੈ ਜੋੜਿਕੈ ਵਿਛੁੜਿਆਂ ਕਰਿ ਮੇਲਿ ਮਿਲਾਣਾ।
ਸਾਹਿਬੁ ਇਕੋ ਰਾਹਿ ਦੁਇ ਜਗ ਵਿਚਿ ਹਿੰਦੂ ਮੁਸਲਮਾਣਾ।
ਗੁਰ ਸਿਖੀ ਪਰਧਾਨੁ[੭] ਹੈ ਪੀਰ ਮੁਰੀਦੀ ਹੈ ਪਰਵਾਣਾ।
ਦੁਖੀ ਦੁਬਾਜਰਿਆ[੮] ਹੈਰਾਣਾ ॥ ੪ ॥

## ਪਉੜੀ ੫

[ਦੁਬਾਜਰੇ ਪੁਰ ਚਰਖੇ ਦਾ ਦ੍ਰਿਸ਼ਟਾਂਤ]

ਜਿਉ ਚਰਖਾ ਅਠਖੰਭੀਆ[੯] [੧੦]ਦੁਹ ਲਠੀ ਦੇ ਮੰਝਿ ਮੰਝੇਰੂ।
[੧੧]ਦੁਇ ਸਿਰ ਧਰਿ ਦੁਹੁ ਖੁੰਢ ਵਿਚਿ ਸਿਰ ਗਿਰਦਾਨ ਫਿਹੈ ਲਖਫੇਰੂ।

---

੧ ਦੋਪਾਸੀ। ੨ ਤੁਛ। ੩ ਖੁਸ਼ ਹੁੰਦਾ ਹੈ। ੪ ਦੋ ਸ਼ਕਲਾਂ ਧਾਰਨ ਕਰਦੀ ਹੈ। ੫ ਧਰਮ ਤੇ ਅਧਰਮ ਦੇ ਭਰਮ ਵਿਚ ਨਹੀਂ ਪਰਚਦੀ। ੬ (ਦੁਬਿਧਾ ਦੀ) ਕੈਂਚੀ। ੭ (ਸੂਈ ਵਾਂਗ) ਗੁਰਸਿਖੀ ਪਰਧਾਨ ਹੈ (ਜਿਸ ਵਿਚ) ਪੀਰਾਂ ਦੀ ਮੁਰੀਦੀ ਕਰਨੀ (ਸ਼ਰਧਾ ਰਖਣੀ) ਹੀ ਪਰਵਾਨ ਹੈ। ੮ ਮਨਮੁਖ। ੯ ਅਠ ਫਟੀਆਂ ਵਾਲਾ। ੧੦ ਦੋ ਮੁੰਨਿਆਂ ਦੇ ਵਿਚ ਢੋਲ ਹੈ। ੧੧ ਦੋਵੇਂ ਸਿਰੇ ਦੋਹਾਂ ਮੁੰਨਿਆਂ ਦੇ ਛੇਕਾਂ ਵਿਚ ਰਖ ਕੇ।

Digitized by Panjab Digital Library | www.panjabdigilib.org

ਬਾਇੜੁ ਪਾਇ ਪਲੇਟੀਐ ਮਾਲੁ ਵਟਾਇ ਪਾਇਆ ਘਟ ਘੇਰੂ[1]।
ਦੁਹੁ ਚਰਮਖ[2] ਵਿਚਿ ਤ੍ਰਕੁਲਾ ਕਤਨਿ ਕੁੜੀਆਂ ਚਿੜੀਆਂ ਹੇਰੂ[3]।
ਤ੍ਰਿਵਣਿ ਬਹਿ ਉਠ ਜਾਂਦੀਆਂ ਜਿਉ ਬਿਰਖਹੁ ਉਡਿ ਜਾਨਿ ਪੰਖੇਰੂ।
ਓੜਿ ਨਿਬਾਹੂ ਨਾ ਥੀਐ ਕਚਾ ਰੰਗੁ ਰੰਗਾਇਆ ਗੇਰੂ।
[4]ਘੁੰਮਿ ਘੁਮੰਦੀ ਛਾਉ ਘੁਵੇਰੂ ॥ ੫ ॥

## ਪਉੜੀ ੬

[ਦੁਬਾਜਰਾ ਤੇ ਵਿਭਚਾਰਣ ਇਸਤ੍ਰੀ]

ਸਾਹੁਰੁ ਪੀਹਰੁ ਪਲਰੈ[5] ਹੋਇ [6]ਨਲਜ ਨਲਜਾ ਧੋਵੈ।
ਰਾਵੈ ਜਾਰੁ[7] ਭਤਾਰੁ ਤਜਿ ਖਿੰਜੋਤਾਣਿ[8] ਖੁਸੀ ਕਿਉ ਹੋਵੈ।
ਸਮਝਾਈ ਨ ਸਮਝਈ ਮਰਣੇ ਪਰਣੇ ਲੋਕੁ ਵਿਗੋਵੈ[9]।
ਧਿਰਿ ਧਿਰਿ ਮਿਲਦੇ ਮੇਹਣੇ ਹੁਇ ਸਰਮਿੰਦੀ ਅੰਞੂ ਰੋਵੈ।
ਪਾਪ ਕਮਾਣੇ ਪਕੜੀਐ [10]ਹਾਣਿ ਕਾਣਿ ਦੀਬਾਣਿ ਖੜੋਵੈ।
ਮਰੈ ਨ ਜੀਵੈ ਦੁਖ ਸਹੈ ਰਹੈ ਨ ਘਰ ਵਿਚਿ ਪਰਘਰ ਜੋਵੈ[11]।
ਦੁਬਿਧਾ ਅਵਗੁਣ ਹਾਰੁ ਪਰੋਵੈ ॥ ੬ ॥

## ਪਉੜੀ ੭

[ਦਵੈਤ ਤੇ ਸਿਖ]

ਜਿਉ [12]ਬੇਸੀਵੈ ਥੇਹੁ ਕਰਿ ਪਛੋਤਾਵੈ ਸੁਖਿ ਨ ਵਸੈ।
ਚੜਿ ਚੜਿ ਲੜਦੇ ਭੂਮੀਏ[13] [14]ਧਾੜਾ ਪੇੜਾ ਖਸਣ ਖਸੈ।
ਦੁਹ ਨਾਰੀ ਦਾ ਦੂਲਹਾ ਦੁਹ ਮੁਨਸਾ ਦੀ ਨਾਰਿ ਵਿਣਸੈ।
ਹੁਇ ਉਜਾੜਾ ਖੇਤੀਐ ਦੁਹਿ ਹਾਕਮ ਦੁਇ ਹੁਕਮ ਖੁਣਸੈ[15]।
ਦੁਖ ਦੁਇ[16] ਚਿੰਤਾ ਰਾਤਿ ਦਿਹੁ ਘਰੁ ਛਿਜੈ ਵੈਰਾਇਣੁ ਹਸੈ।

---

੧ ਘੇਰਾ ਪਾਈਦਾ ਹੈ। ੨ ਚਮੜੀਆਂ। ੩ ਚਰਖਾ।੪ (ਘੁਮੇਰੂ) ਤ੍ਰਿੰਵਣ ਦੀ ਫਿਰਦੀ ਤੁਰਦੀ ਛਾਂ ਹੈ। ੫ ਤਿਆਗ ਕੇ ੬ ਸ਼ਰਮ ਨੂੰ ਧੋਂਦੀ ਹੈ। ੭ ਯਾਰ । ੮ ਦੁਚਿਤਾਈ। ੯ ਵਿਗਾੜਦੀ ਹੈ। ੧੦ ਕਚਹਿਰੀ ਗਿਆਂ ਅਣਖ ਦੀ ਹਾਨੀ ਹੁੰਦੀ ਹੈ। ੧੧ ਵੇਖਦਾ ਹੈ। ੧੨ ਦੂਜੇ ਦੀ ਹਦ ਅੰਦਰ ਪਿੰਡ ਪਾ ਕੇ।੧੩ ਜ਼ਿਮੇਂਦਾਰੀ।੧੪ ਲੁਟ ਮਾਰ ਤੇ ਖੋਹਾ-ਮੋਹੀ ਕਰਦੇ ਹਨ।੧੫ ਕ੍ਰੋਧ ਵਿਚ।੧੬ ਦਵੈਤ

Digitized by Panjab Digital Library | www.panjabdigilib.org

ਦੁਹੁ [1]ਖੁੰਢਾ ਵਿਚਿ ਰਖਿ ਸਿਰੁ ਵਸਦੀ ਵਸੈ ਨ ਨਸਦੀ ਨਸੈ।
ਦੂਜਾ ਭਾਉ ਭੁਇਅੰਗਮੁ ਡਸੈ ॥ ੭ ॥

## ਪਉੜੀ ੮

[ਮਨਮੁਖ ਤੇ ਸਰਪ]

ਦੁਖੀਆ[2] ਦੁਸਟੁ ਦੁਬਾਜਰਾ ਸਪੁ ਦੁਮੂਹਾ ਬੁਰਾ ਬੁਰਿਆਈ।
ਸਭਦੂੰ ਮੰਦੀ ਸਪ ਜੋਨਿ ਸਪਾ ਵਿਚਿ ਕੁਜਾਤਿ ਕੁਭਾਈ[3]।
ਕੋੜੀ ਹੋਆ ਗੋਪਿ ਗੁਰ ਨਿਗੁਰੇ ਤੰਤੁ ਨ ਮੰਤੁ ਸੁਖਾਈ।
ਕੋੜੀ ਹੋਵੈ ਲੜੈ ਜਿਸ ਵਿਗੜ ਰੂਪਿ ਹੋਇ ਮਰਿ [4]ਸਹਮਾਈ।
[5]ਗੁਰਮੁਖਿ ਮਨਮੁਖ ਬਾਹਰਾ ਲਾਤੇ ਲਾਵਾ ਲਾਇ[6] ਬੁਝਾਈ।
ਤਿਸੁ ਵਿਹੁ ਵਾਤਿ ਕੁਲਾਤਿ[7] ਮਨਿ ਅੰਦਰਿ ਗਣਤੀ ਤਾਤਿ[8] ਪਰਾਈ।
ਸਿਰ ਚਿਥੈ ਵਿਹੁ ਬਾਣਿ ਨ ਜਾਈ ॥ ੮ ॥

## ਪਉੜੀ ੯

[ਵੇਸਵਾ ਦਾ ਦ੍ਰਿਸ਼ਟਾਂਤ]

ਜਿਉ ਬਹੁ ਮਿਤੀ ਵੇਸੁਆ ਛਡੈ ਖਸਮੁ ਨਿਖਸਮੀ ਹੋਈ।
ਪੁਤੁ ਜਣੇ ਜੇ ਵੇਸੁਆ ਨਾਨਕਿ ਦਾਦਕਿ ਨਾਉ ਨ ਕੋਈ।
ਨਕਿ ਸਵਾਰਿ ਸੀਗਾਰਿਆ ਰਾਗ ਰੰਗ ਛਲਿ ਛਲੈ ਛਲੋਈ[9]।
[10]ਘੰਡਾਹੇੜੁ ਅਹੇੜੀਆ ਮਾਣਸ ਮਿਰਗ ਵਿਣਾਹੁ ਸ ਤੋਈ।
ਇਥੈ ਮਰੈ ਹਰਾਮ ਹੋਇ ਅਗੈ ਦਰਗਹ ਮਿਲੈ ਨ ਢੋਈ।
ਦੁਖੀਆ ਦੁਸਟੁ ਦੁਬਾਜਰਾ ਜਾਣ ਰੁਪਈਆ ਮੇਖੀ[11] ਸੋਈ।
ਵਿਗੜੈ ਆਪਿ ਵਿਗਾੜੈ ਲੋਈ ॥ ੯ ॥

---

੧ ਖੋੜਾਂ ਵਿਚ। ੨ ਦੁਖਦਾਈ। ੩ ਭੈੜੀ ਕਿਸਮ ਦਾ। ੪ ਸਹਿਮ ਨਾਲ ਹੀ। ੫ ਮਨਮੁਖ ਗੁਰੂ ਦੇ (ਮੁਖ) ਉਪਦੇਸ਼ ਤੋਂ ਰਹਿਤ। ੬ ਲੂਤੀਆਂ ਲਾਉਣ ਵਾਲਾ (ਚੁਗਲਖੋਰ)। ੭ ਕਲਪਣਾ। ੮ ਈਰਖਾ। ੯ ਛਲ ਰੂਪ। ੧੦ ਸ਼ਿਕਾਰੀਆਂ ਦੀ ਘੰਟਾ ਹੇੜ ਆਵਾਜ਼ ਵਾਂਗ (ਗਾ ਕੇ)। ੧੧ ਖੋਟਾ।

Digitized by Panjab Digital Library | www.panjabdigilib.org

## ਪਉੜੀ ੧੦

[ਦੁਬਾਜਰਾ]

ਵਣਿ ਵਣਿ ਕਾਉ ਨ ਸੋਹਈ ਖਰਾ ਸਿਆਣਾ ਹੋਇ ਵਿਗੁਤਾ।
ਚੁਤੜਿ ਮਿਟੀ ਜਿਸੁ ਲਗੇ ਜਾਣੈ ਖਸਮ ਕੁਮ੍ਹਾਰਾ ਕੁਤਾ।
ਬਾਬਾਣੀਆ ਕਹਾਣੀਆ ਘਰਿ ਘਰਿ ਬਹਿ ਬਹਿ ਕਰਨਿ ਕੁਪੁਤਾ।
ਆਗੂ ਹੋਇ ਮੁਹਾਇਦਾ ਸਾਥੁ ਛਡਿ ਚਉਰਾਹੇ ਸੁਤਾ।
ਜੰਮੀ ਸਾਖ[1] ਉਜਾੜਦਾ ਗਲਿਆ[2] ਸੇਤੀ ਮੀਹ ਕੁਰੁਤਾ।
ਦੁਖੀਆ ਦੁਸਟੁ ਦੁਬਾਜਰਾ ਖਟਰੁ[3] ਬਲਦੁ ਜਿਵੈ ਹਲਿਜੁਤਾ।
[4]ਡਮਿ ਡਮਿ ਸਾਨੁ ਉਜਾੜੀ ਮੁਤਾ ॥ ੧੦ ॥

## ਪਉੜੀ ੧੧

[ਦੁਬਾਜਰਾ ਦੁਖੀਆ ਹੈ]

ਦੁਖੀਆ ਦੁਸਟੁ ਦੁਬਾਜਰਾ ਤਾਮੇ ਰੰਗਹੁ ਕੈਹਾ ਹੋਵੈ।
ਬਾਹਰੁ ਦਿਸੈ ਉਜਲਾ ਅੰਦਰਿ ਮਸੁ ਨ ਧੋਪੈ ਗੋਵੈ।
ਸੰਨੀ ਜਾਣੁ ਲੁਹਾਰ ਦੀ ਹੋਇ ਦੁਮੂਹੀਂ ਕੁਸੰਗ ਵਿਗੋਵੈ।
ਖਿਣੁ ਤਤੀ ਆਰਣਿ[5] ਵੜੈ ਖਿਣੁ ਠੰਡੀ ਜਲੁ ਅੰਦਰਿ ਟੋਵੈ[6]।
ਤੁਮਾ ਦਿਸੇ ਸੋਹਣਾ ਚਿਤ੍ਰਮਿਤਾਲਾ ਵਿਸੁ ਵਿਲੋਵੈ[7]।
ਸਾਉ ਨ ਕਉੜਾ ਸਹਿ ਸਕੈ ਜੀਭੈ ਛਾਲੇ ਅੰਞੂ ਰੋਵੈ।
ਕਲੀ ਕਨੇਰ ਨ ਹਾਰਿ ਪਰੋਵੈ ॥ ੧੧ ॥

## ਪਉੜੀ ੧੨

[ਦੂਜਾ ਭਾਉ ਹਾਰ ਦਿਵਾਉਂਦਾ ਹੈ]

ਦੁਖੀਆ ਦੁਸਟ ਦੁਬਾਜਰਾ ਸੁਤਰ ਮੁਰਗੁ ਹੋਇ ਕੰਮਿ ਨ ਆਵੈ।
ਉਡਣਿ ਉਡੈ ਨ ਲਦੀਐ ਪੁਰਸੁਸ[8] ਹੋਈ ਆਪੁ ਲਖਾਵੈ।

---

੧ ਪੈਲੀ। ੨ ਗੜਿਆਂ। ੩ ਅੜੀਅਲ। ੪ ਅੱਗ ਨਾਲ ਡੰਮ੍ਹ ਕੇ ਸਾਹਨ ਨੂੰ ਉਜਾੜ ਵਿਚ ਛੱਡ ਦਿਤਾ ਜਾਂਦਾ ਹੈ। ੫ ਭੱਠੀ। ੬ ਟੋਏ ਵਿਚ। ੭ ਰਿੜਕਦਾ ਹੈ। ੮ ਵਡਾ ਪੰਛੀ ਜੋ ਨਾ ਉੱਡ ਸਕਦਾ ਹੈ ਅਤੇ ਨਾ ਭਾਰ ਹੀ ਚੁਕ ਸਕਦਾ ਹੈ। ੯ ਪੁਛਣਪੁਰ।

Digitized by Panjab Digital Library | www.panjabdigilib.org

ਹਸਤੀ ਦੰਦ ਵਖਾਣੀਅਨਿ ਹੋਰ ਦਿਖਾਲੈ ਹੋਰਤ ਖਾਵੈ।
ਬਕਰੀਆ ਨੋ ਚਾਰ ਥਣ ਦੁਇ ਗਲ ਵਿਚਿ ਦੁਇ ਲੇਵੈ[੧] ਲਾਵੈ।
ਇਕਨੀ ਦੁਧੁ ਸਮਾਵਦਾ ਇਕ ਠਗਾਊ ਠਗ ਠਗਾਵੈ।
ਮੋਰਾਂ ਅਖੀ ਚਾਰਿ ਚਾਰਿ ਉਇ ਦੇਖਨਿ ਓਨੀ ਦਿਸਿ ਨ ਆਵੈ।
ਦੂਜਾ ਭਾਉ ਕੁਦਾਉ[੨] ਹਰਾਵੈ ॥ ੧੨ ॥

## ਪਉੜੀ ੧੩

[ਦ੍ਵੈਤ ਤੋਂ ਸਾੜਾ]

ਦੰਮਲ ਵਜੈ ਦੁਹੁ ਧਿਰੀ[੩] ਖਾਇ ਤਮਾਚੇ ਬੰਧਨਿ ਜੜਿਆ।
ਵਜਨਿ ਰਾਗ ਰਬਾਬ ਵਿਚਿ ਕੰਨ[੪] ਮਰੋੜੀ ਫਿਰਿ ਫਿਰਿ ਫੜਿਆ।
ਖਾਨ ਮਜੀਰੇ ਟਕਰਾਂ ਸਿਰ ਤਨ ਭੰਨਿ ਮਰਦੇ ਕਰਿ ਧੜਿਆ[੫]।
ਖਾਲੀ ਵਜੈ ਵੰਝੁਲੀ ਦੇ ਸੂਲਾਕ[੬] ਨ ਅੰਦਰਿ ਵੜਿਆ।
[੭]ਸੁਇਨੇ ਕਲਸੁ ਸਵਾਰੀਐ ਭੰਨਾ ਘਟਾ ਨ ਜਾਈ ਘੜਿਆ।
[੮]ਦੂਜਾ ਭਾਉ ਸੜਾਣੈ ਸੜਿਆ ॥ ੧੩ ॥

## ਪਉੜੀ ੧੪

[ਦੁਬਾਜਰਾ ਸੁਧਰਦਾ ਨਹੀਂ]

ਦੁਖੀਆ ਦੁਸਟੁ ਦੁਬਾਜਰਾ ਬਗੁਲ ਸਮਾਧਿ ਰਹੈ ਇਕ ਟੰਗਾ।
ਜਰ ਪਾਪ ਨ ਉਤਰਨਿ ਘੁਟਿ ਘੁਟਿ ਜੀਆ ਖਾਇ ਵਿਚਿ ਗੰਗਾ।
ਤੀਰਥ ਨਾਵੈ ਤੂੰਬੜੀ ਤਰਿ ਤਰਿ ਤਨੁ ਧੋਵੈ ਕਰਿ ਨੰਗਾ।
ਮਨ ਵਿਚਿ ਵਸੈ ਕਾਲਕੂਟੁ ਭਰਮੁ ਨ ਉਤਰੈ ਕਰਮੁ ਕੁਢੰਗਾ।
ਵਰਮੀ[੯] ਮਾਰੀ ਨ ਮਰੈ ਬੈਠਾ ਜਾਇ ਪਤਾਲਿ ਭੁਇਅੰਗਾ।
ਹਸਤੀ ਨੀਰਿ ਨਵਾਲੀਐ ਨਿਕਲਿ ਖੇਹ ਉਡਾਏ ਅੰਗਾ।
ਦੂਜਾ ਭਾਉ ਸੁਆਉ ਨ ਚੰਗਾ ॥ ੧੪ ॥

---

੧ ਹਵਾਨੇ ਨਾਲ। ੨ ਖੋਟਾ ਦਾਉ। ੩ ਦੋ ਪਾਸੀਂ। ੪ ਕਿੱਲੀਆਂ। ੫ ਧੜ ਧੜ ਕਰ ਕੇ। ੬ ਸਲਾਈ। ੭ ਸੋਨੇ ਦਾ ਭਾਂਡਾਂ ਗੰਢਾਈਦਾ ਹੈ। ੮ ਖੋਟੇ ਢੰਗ ਵਾਲਾ ਹੈ, ਸੜਿਹਾਨ (ਗੰਦਗੀ) ਪੁਰ ਸਾੜਿਆ ਜਾਂਦਾ ਹੈ। ੯ ਖੁੜ।

Digitized by Panjab Digital Library | www.panjabdigilib.org

## ਪਉੜੀ ੧੫

[ਦੁਬਾਜਰੇ ਦਾ ਅੰਤ]

ਦੂਜਾ ਭਾਉ ਦੁਬਾਜਰਾ ਮਨ ਪਾਟੈ [੧]ਖਰਬਾੜੂ ਖੀਰਾ।
ਅਗਹੁ ਮਿਠਾ ਹੋਇ ਮਿਲੈ ਪਿਛਹੁ ਕਉੜਾ ਦੋਖੁ ਸਰੀਰਾ।
[੨]ਜਿਉ ਬਹੁ ਮਿਤਾ ਕਵਲ ਫੁਲੁ ਬਹੁਰੰਗੀ ਬੰਨ੍ਹਿ ਪਿੰਡੁ ਅਹੀਰਾ।
ਹਰਿਆ ਤਿਲੁ ਬੂਆੜ ਜਿਉ ਕਲਿ ਕਨੇਰ [੩]ਦੁਰੰਗ ਨ ਧੀਰਾ।
ਜੇ ਸਉ ਹਥਾ ਨੜੂ ਵਧੈ ਅੰਦਰੁ ਖਾਲੀ ਵਾਜੁ ਨਫੀਰਾ[੪]।
ਚੰਨਣ ਵਾਸ ਨ ਬੋਹੀਅਨਿ ਖਹਿਖਹਿ ਵਾਂਸ ਜਲਨਿ ਬੇਪੀਰਾ।
ਜਮ ਦਰ ਚੋਟਾ ਸਹਾ ਵਹੀਰਾ[੫] ॥ ੧੫ ॥

## ਪਉੜੀ ੧੬

[ਦੁਬਾਜਰੇ ਦੀ ਨਿਮ੍ਰਤਾ ਵੀ ਬੁਰੀ ਹੈ]

ਦੂਜਾ ਭਾਉ ਦੁਬਾਜਰਾ ਬਧਾ ਕਰੈ ਸਲਾਮੁ ਨ ਭਾਵੈ।
[੬]ਢੀਂਗ ਜੁਹਾਰੀ ਢੀਂਗਲੀ ਗਲਿ ਬਧੇ ਓਹੁ ਸੀਸੁ ਨਿਵਾਵੈ।
ਗਲਿ ਬਧੇ ਜਿਉ ਨਿਕਲੈ ਖੂਹਹੁ ਪਾਣੀ ਉਪਰਿ ਆਵੈ।
ਬਧਾ ਚਟੀ ਜੋ ਭਰੈ ਨਾ ਗੁਣ ਨਾ ਉਪਕਾਰੁ ਚੜਾਵੈ।
ਨਿਵੈ ਕਮਾਣ ਦੁਬਾਜਰੀ ਜਿਹ [੭]ਫੜਿਦੇ ਇਕ ਸੀਸ ਸਹਾਵੈ।
ਨਿਵੈ ਅਹੇੜੀ[੮] ਮਿਰਗੁ ਦੇਖਿ ਕਰੈ ਵਿਸਾਹ ਧ੍ਰੋਹੁ ਸਰੁ ਲਾਵੈ।
ਅਪਰਾਧੀ ਅਪਰਾਧ ਕਮਾਵੈ ॥ ੧੬ ॥

## ਪਉੜੀ ੧੭

[ਦੁਬਾਜਰਾ ਆਪੇ ਨਹੀਂ ਨਿਉਂਦਾ]

ਨਿਵੈ ਨ ਤੀਰ ਦੁਬਾਜਰਾ [੯]ਗਾਡੀ ਖੰਭ ਮੁਖੀ ਮੁਹਿ ਲਾਇ।

---

੧ ਫਿਟੇ ਦੁਧ ਵਾਂਗ। ੨ ਜਿਵੇਂ ਬਹੁਤੇ ਮਿੱਤਰਾਂ ਵਾਲਾ (ਭਉਰਾ) ਬਹੁਤ ਰੰਗਾਂ ਵਾਲੇ ਕਮਲ ਫੁਲਾਂ ਪੁਰ ਅਹੀਰਾਂ ਵਾਂਗ ਗੋਇਲ ਵਾਸਾ ਬਣਾਉਂਦਾ ਫਿਰਦਾ ਹੈ। ੩ ਦੋ ਰੰਗਾਂ ਦੇ ਹੁੰਦਿਆਂ ਭੀ ਉਨ੍ਹਾਂ ਵਿਚ ਟਿਕਾਉ ਨਹੀਂ। ੪ ਤੂਤੀਆਂ। ੫ ਬਹੁਤੀਆਂ ਹੀ। ੬ ਲਮਢੀਂਗ ਵਾਂਗ ਢੀਂਗਲੀ ਮਥੇ ਟੇਕਦੀ ਹੈ। ੭ ਝਟਪਟ ਕਿਸੇ ਇਕ ਦੇ ਸਿਰ ਵਿਚ ਜਾ ਵਜਦੀ ਹੈ। ੮ ਸ਼ਿਕਾਰੀ। ੯ (ਗਾਡੀ) ਪਿਛੇ ਖੰਭ ਅਤੇ (ਲੋਹੇ ਦੀ) ਮੁਖੀ ਮੂੰਹ ਨੂੰ ਲਗਾਈ ਜਾਂਦੀ ਹੈ।

Digitized by Panjab Digital Library | www.panjabdigilib.org

ਨਿਵੈ ਨ ਨੇਜਾ ਦੁਮੁਹਾ ਰਣ ਵਿਚਿ ਉਚਾ ਆਪੁ ਗਣਾਏ।
ਅਸਟ ਧਾਤੁ ਦਾ [1]ਜਬਰ ਜੰਗੁ ਨਿਵੈ ਨ ਫੁਟੈ ਕੋਟ[2] ਢਹਾਏ।
ਨਿਵੈ ਨ ਖੰਡਾ ਸਾਰ[3] ਦਾ ਹੋਇ ਦੁਧਾਰਾ ਖੂਨ ਕਰਾਏ।
ਨਿਵੈ ਨ [4]ਸੂਲੀ ਘੇਰਣੀ ਕਰਿ ਅਸਵਾਰ ਫਾਹੇ ਦਿਵਾਏ।
ਨਿਵਨਿ ਨ ਸੀਖਾਂ ਸਖਤ ਹੋਇ ਮਾਸੁ ਪਰੋਇ ਕਬਾਬੁ ਭੁਨਾਏ।
ਜਿਉ ਕਰਿ ਆਰਾ ਰੁਖੁ ਤਛਾਏ ॥ ੧੭ ॥

## ਪਉੜੀ ੧੮

[ਦੁਬਾਜਰਾ ਦੁਖਦਾਈ]

ਅਕੁ ਧਤੂਰਾ ਝਟੂਲਾ[5] ਨੀਵਾ ਹੋਇ ਨ ਦੁਬਿਧਾ ਖੋਈ।
ਫੁਲਿ ਫੁਲਿ ਫੁਲੇ ਦੁਬਾਜਰੇ ਬਿਖੁ ਫਲ ਫਲਿ ਫਲਿ ਮੰਦੀ ਸੋਈ[6]।
ਪੀਐ ਨ ਕੋਈ ਅਕ ਦੁਧੁ ਪੀਤੇ ਮਰੀਐ ਦੁਧੁ ਨ ਹੋਈ।
[7]ਖਖੜੀਆਂ ਵਿਚਿ ਬੁਢੀਆਂ ਫਟਿ ਫਟਿ ਛੁਟਿਛੁਟਿ ਉਡਨਿ ਓਈ।
ਚਿਤਮਿਤਾਲਾ ਅਕ ਤਿਡੁ ਮਿਲੈ ਦੁਬਾਜਰਿਆਂ ਕਿਉ ਢੋਈ।
ਖਾਇ ਧਤੂਰਾ ਬਰਲੀਐ ਕਖ ਚੁਣੰਦਾ ਵਤੈ ਲੋਈ[8]।
ਕਉੜੀ ਰਤਕ ਜੇਲ[9] ਪਰੋਈ ॥ ੧੮ ॥

## ਪਉੜੀ ੧੯

[ਚੀਲ੍ਹ ਦਾ ਦ੍ਰਿਸ਼ਟਾਂਤ ਦੁਸ਼ਟਤਾ ਦਾ]

ਵਧੈ ਚੀਲ ਓਜਾੜ ਵਿਚਿ ਉਚੈ ਉਪਰਿ ਉਚੀ ਹੋਈ।
ਗੰਢੀ ਜਲਨਿ ਮੁਸਾਹਰੇ[10] ਪਤ ਅਪਤ ਨ ਛੁਹਦਾ ਕੋਈ।
ਛਾਉ ਨ ਬਹਨਿ ਪੰਧਾਣੂਆ ਪਵੈ ਪਛਾਵਾ ਟਿਬੀ ਟੋਈ।

---

੧ ਜਮੂਰਾ ਹਥਿਆਰ। ੨ ਕਿਲਾ। ੩ ਲੋਹੇ। ੪ ਘੇਰ ਲੈਣ ਵਾਲੀ ਬਰਛੀ। ੫ ਲਗਰਾਂ ਵਾਲਾ। ੬ ਸ਼ੋਭਾ। ੭ (ਅੱਕਾਂ ਦੀਆਂ) ਖਖੜੀਆਂ ਵਿਚ ਰੂੰ ਦੇ ਫੰਭੇ ਜਿਹੇ ਹੁੰਦੇ ਹਨ। ੮ ਦੁਨੀਆਂ ਵਿਚ। ੯ ਹਾਰ। ੧੦ ਮਸ਼ਾਲਾਂ।

Digitized by Panjab Digital Library | www.panjabdigilib.org

[1]ਫਿੰਡ ਜਿਵੈ ਫਲੁ ਫਾਟੀਅਨਿ ਘੁੰਘਰਿਆਲੇ ਰੁਲਨਿ ਪਲੋਈ।
ਕਾਠੁ ਕੁਕਾਠੁ[2] ਨ ਸਹਿ ਸਕੈ ਪਾਣੀ ਪਵਨੁ ਨ ਧੁਪ ਨ ਲੋਈ।
ਲਗੀ ਮੂਲਿ [3]ਨ ਵਿਝਵੈ ਜਲਦੀ ਹਉਮੈ ਅਗਿ ਖੜੋਈ।
ਵਡਿਆਈ ਕਰਿ [4]ਦਈ ਵਿਗੋਈ ॥੧੯॥

## ਪਉੜੀ ੨੦

[ਦੁਸ਼ਟਤਾ ਤੇ ਭਲਿਆਈ ਪੁਰ ਦ੍ਰਿਸ਼ਟਾਂਤ—ਤਿਲ, ਸਣ ਤੇ ਕਪਾਹ]

[5]ਤਿਲੁ ਕਾਲਾ ਫੁਲੁ ਉਜਲਾ ਹਰਿਆ ਬੂਟਾ ਕਿਆ ਨੀਸਾਣੀ।
ਮੁਢਹੁ ਵਢਿ ਬਣਾਈਐ ਸਿਰ ਤਲਵਾਇਆ ਮਝਿ ਬਿਬਾਣੀ।
ਕਰਿ ਕਟ ਪਾਈ ਝੰਬੀਐ ਤੇਲੁ ਤਿਲੀਹੂੰ ਪੀੜੇ ਘਾਣੀ।
ਸਣ ਕਪਾਹ ਦੁਇ ਰਾਹ ਕਰਿ [6]ਪਰਉਪਕਾਰ ਵਿਕਾਰ ਵਿਡਾਣੀ।
ਵੇਲਿ ਕਤਾਇ ਵੁਣਾਈਐ ਪੜਦਾ ਕਜਣ ਕਪੜੁ ਪ੍ਰਾਣੀ।
ਖਲ ਕਢਾਇ ਵਟਾਇ ਸਣ ਰਸੇ ਬੰਨਿ ਨ ਮਨਿ ਸਰਮਾਣੀ।
ਦੁਸਟਾ ਦੁਸਟਾਈ ਮਿਹਮਾਣੀ[7] ॥ ੨੦ ॥

## ਪਉੜੀ ੨੧

[ਦੂਜਾ ਭਾਉ ਕਿੱਕਰ ਤੇ ਧਰੇਕ ਵਾਂਗੂ ਹੈ]

ਕਿਕਰ ਕੰਡੇ ਧਰੇਕ ਫਲ ਫਲੀਂ ਨ ਫਲਿਆ ਨਿਹਫਲ ਦੇਹੀ।
ਰੰਗ ਬਿਰੰਗੀ ਦੁਹਾ ਫਲੁ ਦਾਖ ਨ ਗੁਛਾ ਕਪਟ ਸਨੇਹੀ।
ਚਿਤਮਿਤਾਲਾ ਅਰਿੰਡ ਫਲੁ ਥੋਥੀ ਥੋਹਰਿ ਆਸ ਕਿਨੇਹੀ।
ਰਤਾ ਫਲੁ ਨ ਮੁਲੁ ਅਢੁ[8] ਨਿਹਫਲ ਸਿਮਲ ਛਾਵ ਜਿਵੇਹੀ।
ਜਿਉ ਨਲੀਏਰ ਕਠੋਰ ਫਲੁ ਮੁਹ ਭੰਨੇ ਦੇ ਗਰੀ ਤਿਵੇਹੀ।

---

੧ ਅੱਕ ਦੀ ਖਖੜੀ ਵਾਂਗ ਫਲ ਫਟਦੇ ਤੇ ਗੋਲ ਘੁੰਗਰਿਆਲੀਆਂ (ਬੁਢੀਆਂ) ਰੁਲਦੀਆਂ ਹਨ। ੨ ਭੈੜੀ ਲੱਕੜ। ੩ ਬੁਝਦੀ ਨਹੀਂ। ੪ ਦਈਵ ਨੇ ਨਾਸ਼ ਕੀਤੀ ਹੈ।੫ ਚਿਟੇ ਫੁਲ ਦੇ ਹਰੇ ਬੂਟੇ ਵਿਚ ਕਾਲੇ ਤਿਲ ਦੀ ਕੀ ਨਿਸ਼ਾਨੀ ਹੁੰਦੀ ਹੈ। ੬ (ਕਪਾਹ) ਉਪਕਾਰ ਤੇ (ਸਣ) ਵਿਕਾਰ ਦੇ ਕੰਮ ਕਰਦੀ ਹੈ। ੭ ਮਿਹਮਾਨਾਂ ਵਾਂਗ ਚਾਰ ਰੋਜ਼। ੮ ਕੌਡੀ।

Digitized by Panjab Digital Library | www.panjabdigilib.org

[1] ਸੂਤੁ ਕੁਪੂਤੁ ਸਪੂਤੁ ਦੂਤ ਕਾਲੇ ਧਉਲੇ ਤੂਤ ਇਵੇਹੀ।
ਦੂਜਾ ਭਾਉ ਕੁਦਾਉ ਧਰੇਹੀ ॥ ੨੧ ॥

## ਪਉੜੀ ੨੨

[ਦੁਬਾਜਰਾਪਨ ਦਾ ਇਲਾਜ]

ਜਿਉ ਮਨਿ ਕਾਲੇ ਸਪ ਸਿਰਿ [2] ਹਸਿਹਸਿ ਰਸਿਰਸਿ ਦੇਇ ਨ ਜਾਣੈ।
ਜਾਣੁ ਕਥੂਰੀ ਮਿਰਗ ਤਨਿ ਜੀਵਦਿਆਂ ਕਿਉ ਕੋਈ ਆਣੈ।
ਆਰਣ[3] ਲੋਹਾ ਤਾਈਐ ਘੜੀਐ ਜਿਉ ਵਗਦੇ ਵਾਦਾਣੈ[4]।
[5] ਸੂਰਣੁ ਮਾਰਣਿ ਸਾਧੀਐ ਖਾਹਿ ਸਲਾਹਿ ਪੁਰਖ ਪਰਵਾਣੈ।
ਪਾਨ ਸੁਪਾਰੀ ਕਥੁ ਮਿਲਿ ਚੂਨੇ ਰੰਗੁ ਸੁਰੰਗੁ ਸਿਞਾਣੈ।
ਅਉਖਧੁ ਹੋਵੈ ਕਾਲਕੂਟੁ[6] ਮਾਰਿ ਜੀਵਾਲਨਿ ਵੈਦ ਸੁਜਾਣੈ।
[7] ਮਨੁ ਪਾਰਾ ਗੁਰਮੁਖਿ ਵਸਿ ਆਣੈ ॥ ੨੨ ॥ ੩੩ ॥

★

---

੧ ਸੂਤ ਸੁਪੁਤਰ (ਆਗਿਆਕਾਰ) ਤੇ ਕੁਪੱਤਰ ਦੂਤ (ਵੈਰੀ) ਹੋ ਜਾਂਦੇ ਹਨ, ਕਾਲੇ ਤੇ ਚਿਟੇ ਤੂਤ ਵਾਂਗ (ਸਵਾਦ ਅਡੋ ਅੱਡ ਹੁੰਦਾ ਹੈ)। ੨ ਖੁਸ਼ ਹੋ ਕੇ ਸਵਾਦ ਨਾਲ ਹੀ ਉਹ ਦੇਂਦਾ ਨਹੀਂ। ੩ ਭੱਠੀ।੪ ਹਥੋੜੇ। ੫ ਜ਼ਿਮੀਂਕੰਦ ਨੂੰ ਮਸਾਲੇ ਪਾਕੇ ਸਵਾਰ ਲਈਏ ਤਾਂ ਹੀ ਖਾਣ ਵਾਲੇ ਪਰਵਾਨ ਕਰਦੇ ਤੇ ਸਲਾਹੁਦੇ ਹਨ। ੬ ਜ਼ਹਿਰ ! ੭ ਪਾਰੇ ਵਾਂਗ ਚੰਚਲ ਮਨ ਗੁਰਮੁਖ ਹੀ ਵਸ ਕਰਦੇ ਹਨ।

Digitized by Panjab Digital Library | www.panjabdigilib.org

# ਵਾਰ ੩੪

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

{ਸਤਿਗੁਰ ਦੀ ਮਹਿਮਾਂ ਤੇ ਸਨਮੁਖ ਤੋਂ ਬੇਮੁਖ ਦਾ ਅੰਤ}

ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।
ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।
ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮ੍ਹਾਲਾ।
ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।
ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।
ਸੇਵਕ ਦਰਗਹ ਸੁਰਖਰੂ[੧] ਵੇਮੁਖੁ ਮੁਹ ਕਾਲਾ ॥ ੧ ॥

## ਪਉੜੀ ੨

{ਗੁਰ ਗੋਪੂ ਚੇਲਾ}

ਜੋ ਗੁਰ ਗੋਪੈ[੨] ਆਪਣਾ ਕਿਉ ਸਿਝੈ[੩] ਚੇਲਾ।
ਸੰਗਲੁ ਘਤਿ ਚਲਾਈਐ ਜਮ ਪੰਥਿ ਇਕੇਲਾ।
ਲਹੈ ਸਜਾਈ ਨਰਕ ਵਿਚਿ ਉਹੁ ਖਰਾ ਦੁਹੇਲਾ[੪]।
ਲਖ ਚਉਰਾਸੀਹ ਭਉਦਿਆ ਫਿਰਿ ਹੋਇ ਨ ਮੇਲਾ।
ਜਨਮੁ ਪਦਾਰਥੁ ਹਾਰਿਆ ਜਿਉ ਜੂਏ ਖੇਲਾ।
ਹਥ ਮਰੋੜੈ ਸਿਰੁ ਧੁਣੈ ਉਹੁ ਲਹੈ ਨ ਵੇਲਾ ॥ ੨ ॥

## ਪਉੜੀ ੩

{ਗੁਰ ਗੋਪੂ ਬੇਮੁਖ ਹੈ}

ਆਪਿ ਨ ਵੰਞੈ ਸਾਹੁਰੇ ਸਿਖ ਲੋਕ ਸੁਣਾਵੈ।
[੫]ਕੰਤੁ ਨ ਪੁਛੈ ਵਾਤੜੀ ਸੁਹਾਗੁ ਗਣਾਵੈ।

---

੧ ਇਜ਼ਤ ਨਾਲ। ੨ ਛਿਪਾਏ। ੩ ਮੁਕਤ ਹੋਵੇ। ੪ ਦੁਖੀ। ੫ ਪਤੀ ਗਲ ਨਹੀਂ ਪੁਛਦਾ ਤੇ ਉਹ ਸੁਹਾਗ ਜਤਲਾਉਂਦੀ ਫਿਰਦੀ ਹੈ।

Digitized by Panjab Digital Library | www.panjabdigilib.org

ਚੂਹਾ ਖਡ ਨ ਮਾਵਈ ਲਕਿ ਛਜੁ ਵਲਾਵੈ।
ਮੰਤੁ ਨ ਹੋਇ ਅਠੂਹਿਆ ਹਥੁ ਸਪੀਂ ਪਾਵੈ।
ਸਰੁ ਸੰਨ੍ਹੈ ਆਗਾਸ ਨੋ ਫਿਰਿ ਮਥੈ ਆਵੈ।
ਦੁਹੀ ਸਰਾਈ ਜਰਦਰੂ[1] ਬੇਮੁਖ ਪਛੁਤਾਵੈ॥ ੩॥

## ਪਉੜੀ ੪

[ਬੇਮੁਖ ਰਸ ਨਹੀਂ ਲੈਂਦਾ]

ਰਤਨ ਮਣੀ ਗਲਿ ਬਾਂਦਰੈ ਕਿਹੁ ਕੀਮ[2] ਨ ਜਾਣੈ।
ਕੜਛੀ ਸਾਉ ਨ ਸੰਮ੍ਹਲੇ ਭੋਜਨ ਰਸੁ ਖਾਣੈ।
ਡਡੂ ਚਿਕੜਿ ਵਾਸੁ ਹੈ ਕਵਲੈ ਨ ਸਿਞਾਣੈ।
ਨਾਭਿ ਕਥੂਰੀ ਮਿਰਗ ਦੈ ਫਿਰਦਾ ਹੈਰਾਣੈ।
ਗੁਜਰੁ ਗੋਰਸੁ[3] ਵੇਚਿਕੈ ਖਲਿ ਸੂੜੀ ਆਣੈ।
ਬੇਮੁਖ ਮੂਲਹੁ ਘੁਥਿਆ ਦੁਖ ਸਹੈ ਜਮਾਣੈ[4]॥ ੪॥

## ਪਉੜੀ ੫

[ਬੇਮੁਖ ਹੁੰਦਿਆਂ ਸੁੰਦਿਆਂ ਦੁਖੀ]

ਸਾਵਣਿ ਵਣਿ ਹਰੀਆਵਲੇ ਸੁਕੈ ਜਾਵਾਹਾ।
ਸਭ ਕੋ ਸਰਸਾ ਵਰਸਦੇ[5] ਝੂਰੇ ਜੋਲਾਹਾ।
ਸਭਨਾ ਰਾਤਿ ਮਿਲਾਵੜਾ ਚਕਵੀ ਦੋਰਾਹਾ[6]।
ਸੰਖੁ ਸਮੁੰਦਹੁ ਸਖਣਾ ਰੋਵੈ ਦੇ ਧਾਹਾ।
ਰਾਹਹੁ ਉਝੜਿ ਜੋ ਪਵੈ [7]ਮੁਸੈ ਦੇ ਫਾਹਾ।
ਤਿਉ ਜਗ ਅੰਦਰਿ ਬੇਮੁਖਾਂ ਨਿਤ ਉਭੇ ਸਾਹਾ॥ ੫॥

## ਪਉੜੀ ੬

[ਬੇਮੁਖ ਗਿੱਦੜ ਦਾਖ ਹੈ, ਆਪਣਾ ਦੋਸ਼ ਦੂਜੇ ਨੂੰ]

ਗਿਦੜ ਦਾਖ ਨ ਅਪੜੈ ਆਖੈ ਥੂਹ ਕਉੜੀ।

---

੧ ਪੀਲਾ ਮੂੰਹ (ਸ਼ਰਮਿੰਦਾ)। ੨ ਕਦਰ। ੩ ਦੁਧ। ੪ ਜਮਾਂ ਦੇ। ੫ ਮੀਂਹ ਵਰ੍ਹਨ ਨਾਲ। ੬ ਵਿਛੋੜਾ। ੭ ਫਾਹੇ ਪਾ ਕੇ ਲੁਟਿਆ ਜਾਏਗਾ।

Digitized by Panjab Digital Library | www.panjabdigilib.org

ਨਚਣੁ[1] ਨਚਿ ਨ ਜਾਣਈ ਆਖੈ ਭੁਇ ਸਉੜੀ।
ਬੋਲੈ ਅਗੈ ਗਾਵੀਐ [2]ਭੈਰਉ ਸੋ ਗਉੜੀ।
ਹੰਸਾ ਨਾਲਿ ਟਟੀਹਰੀ ਕਿਉ ਪਹੁਚੈ ਦਉੜੀ।
ਸਾਵਣਿ ਵਣ ਹਰੀਆਵਲੇ ਅਕੁ ਜੰਮੈ ਅਉੜੀ[3]।
ਬੇਮੁਖ ਸੁਖੁ ਨ ਦੇਖਈ ਜਿਉ ਛੁਟੜਿ ਛਉੜੀ[4] ॥ ੬ ॥

## ਪਉੜੀ ੭

[ਬੇਮੁਖ ਦੀ ਸੰਗਤ ਦਾ ਫਲ]

ਭੇਡੇ ਪੂਛਲਿ ਲਗਿਆ ਕਿਉ ਪਾਰਿ ਲੰਘੀਐ।
ਭੂਤੈ ਕੇਰੀ ਦੋਸਤੀ ਨਿਤ [5]ਸਹਸਾ ਜੀਐ।
ਨਦੀ ਕਿਨਾਰੈ ਰੁਖੜਾ ਵੇਸਾਹੁ ਨ ਕੀਐ।
ਮਿਰਤਕ ਨਾਲਿ ਵੀਆਹੀਐ ਸੋਹਾਗੁ ਨ ਥੀਐ।
[6]ਵਿਸੁ ਹਲਾਹਲ ਬੀਜਿਕੈ[7] ਕਿਉ ਅਮਿਉ ਲੀਐ।
ਬੇਮੁਖ ਸੇਤੀ ਪਿਰਹੜੀ ਜਮ ਡੰਡ ਸਹੀਐ ॥ ੭ ॥

## ਪਉੜੀ ੮

[ਬੇਮੁਖ ਆਪ ਦੋਸ਼ੀ ਹੈ]

ਕੋਰੜੁ ਮੋਠੁ ਨ ਰਿਝਈ ਕਰਿ ਅਗਨੀ ਜੋਸੁ।
ਸਹਸ ਫਲਹੁ ਇਕੁ [8]ਵਿਗੜੈ [9]ਤਰਵਰ ਕੀ ਦੋਸੁ।
ਟਿਬੈ ਨੀਰੁ ਨ ਥਾਹਰੈ [10]ਘਣਿ ਵਰਸਿ ਗਇਓਸੁ।
ਵਿਣੁ ਸੰਜਮਿ ਰੋਗੀ ਮਰੈ ਚਿਤਿ ਵੈਦ ਨ ਰੋਸੁ।
[11]ਅਵਿਆਵਰ ਨ ਵਿਆਵਈ ਮਸਤਕਿ ਲਿਖਿਓਸੁ।
ਬੇਮੁਖ ਪੜੈ ਨ ਇਲਮ ਜਿਉ ਅਵਗੁਣ ਸਭਿ ਓਸੁ ॥ ੮ ॥

---

੧ ਨਚਣ ਵਾਲੀ। ੨ ਜਿਹਾ ਭੈਰੋਂ ਰਾਗ ਤੇ ਤੇਹਾ ਗਉੜੀ। ੩ ਔੜ ਲਗੀ ਸਮੇਂ। ੪ ਇਸਤ੍ਰੀ। ੫ ਜੀਵਨ ਦਾ ਭੀ ਸੰਸਾ ਹੀ ਹੈ। ੬ ਤੇਲੀਆ ਮਹੁਰਾ। ੭ ਕਿਵੇਂ ਅੰਮ੍ਰਿਤ ਲੈ ਸਕੀਏ। ੮ ਡਿਗ ਪਏ ਜਾਂ ਖਰਾਬ ਨਿਕਲ ਪਵੇ। ੯ ਦਰੱਖਤ। ੧੦ ਬੱਦਲ ਵਰ੍ਹ ਜਾਣ ਪੁਰ ਭੀ। ੧੧ ਸੰਢ ਪ੍ਰਸੂਤਾ ਨਹੀਂ ਹੁੰਦੀ।

Digitized by Panjab Digital Library | www.panjabdigilib.org

## ਪਉੜੀ ੯

[ਬੇਮੁਖ ਦੀ ਕਮਾਈ ਦੋਸ਼ੀ ਹੈ]

ਅੰਨੈ ਚੰਦੁ ਨ ਦਿਸਈ ਜਗਿ ਜੋਤਿ ਸਬਾਈ।
ਬੋਲਾ ਰਾਗੁ ਨ ਸਮਝਈ ਕਿਹੁ ਘਟਿ ਨ ਜਾਈ।
ਵਾਸੁ ਨ ਆਵੈ [1]ਗੁਣਗੁਣੈ ਪਰਮਲੁ[2] ਮਹਿਕਾਈ।
ਗੁੰਗੈ ਜੀਭ ਨ ਉਘੜੈ ਸਭਿ ਸਬਦਿ ਸੁਹਾਈ।
ਸਤਿਗੁਰੁ ਸਾਗਰੁ ਸੇਵਿਕੈ ਨਿਧਿ ਸਭਨਾ ਪਾਈ।
ਬੇਮੁਖ ਹਥਿ ਘਘੂਟਿਆ[3] ਤਿਸੁ ਦੋਸੁ ਕਮਾਈ ॥ ੯ ॥

## ਪਉੜੀ ੧੦

[ਬੇਮੁਖ ਦੇ ਮਸਤਕ ਦਾ ਰੂਪ]

ਰਤਨ ਉਪੰਨੇ [4]ਸਾਇਰਹੁ ਭੀ ਪਾਣੀ ਖਾਰਾ।
[5]ਸੁਝਹੁ ਸੁਝਨਿ ਤਿਨਿ ਲੋਅ ਅਉਲੰਗੁ[6] ਵਿਚਿਕਾਰਾ।
ਧਰਤੀ ਉਪਜੈ ਅੰਨੁ ਧਨੁ ਵਿਚਿ ਕਲਰੁ ਭਾਰਾ।
[7]ਈਸਰੁ ਤੁਸੈ ਹੋਰਨਾ ਘਰਿ ਖਪਰੁ ਛਾਰਾ।
ਜਿਉ ਹਣਵੰਤਿ ਕਛੋਟੜਾ ਕਿਆ ਕਰੈ ਵਿਚਾਰਾ।
ਬੇਮੁਖ ਮਸਤਕਿ ਲਿਖਿਆ ਕਉਣੁ ਮੇਟਣਹਾਰਾ ॥ ੧੦ ॥

## ਪਉੜੀ ੧੧

[ਬੇਮੁਖ ਝੂਠਾ ਹੈ]

[8]ਗਾਂਈ ਘਰਿ ਗੋਸਾਂਈਆ ਮਾਧਾਣੁ ਘੜਾਏ।
ਘੋੜੇ ਸੁਣਿ ਸਉਦਾਗਰਾ ਚਾਬਕ ਮੁਲਿ ਆਏ।
ਦੇਖਿ ਪਰਾਏ ਭਾਜਵਾੜ[9] ਘਰਿ ਗਾਹੁ ਘਤਾਏ।
ਸੁਇਨਾ ਹਟਿ ਸਰਾਫ ਦੇ ਸੁਨਿਆਰ ਸਦਾਏ।

---

੧ ਸੁੰਘਣ ਦੀ ਸ਼ਕਤੀ ਤੋਂ ਹੀਣਾ। ੨ ਚੰਦਨ। ੩ ਘੋਗੇ। ੪ ਸਮੁੰਦਰ ਵਿਚੋਂ। ੫ ਚੰਨ ਤੋਂ ਤਿੰਨੇ ਲੋਕ ਪ੍ਰਕਾਸ਼ਤ ਹੁੰਦੇ ਹਨ। ੬ ਕਲੰਕ। ੭ ਸ਼ਿਵਜੀ ਹੋਰਨਾਂ ਪੁਰ ਤਾਂ ਤਰੁਠਦਾ ਹੈ, ਪਰ ਉਸ ਦੇ ਆਪਣੇ ਘਰ ਇਕ ਖਪਰ ਤੇ ਦੂਜੀ ਰਾਖ ਹੀ ਹੈ। ੮ ਗਾਈਂ ਮਾਲਕਾਂ ਦੇ ਘਰ ਹਨ (ਤੇ ਸ਼ੇਖਚਿਲੀ) ਮਧਾਣੀਆਂ ਘੜਾਂਦਾ ਫ਼ਿਰਦਾ ਹੈ। ੯ ਖਲਵਾੜੇ।

Digitized by Panjab Digital Library | www.panjabdigilib.org

ਅੰਦਰਿ ਢੋਈ ਨ ਲਹੈ ਬਾਹਰਿ [੧]ਬਾਫਾਇ।
ਬੇਮੁਖ ਬਦਲ ਛਾਵ ਹੈ ਕੂੜੇ ਆਲਾਇ॥ ੧੧ ॥

## ਪਉੜੀ ੧੨

{ਬੇਮੁਖ ਖਾਲੀ ਹੋ ਗਿਆ}

ਮਖਣੁ ਲਇਆ ਵਿਰੋਲਿਕੈ[੨] ਛਾਹਿ ਛੁਟੜਿ[੩] ਹੋਈ।
ਪੀੜ ਲਈ ਰਸੁ ਗੰਨਿਅਹੁ ਛਿਲੁ ਛੁਹੈ ਨ ਕੋਈ।
ਰੰਗੁ ਮਜੀਠਹੁ ਨਿਕਲੈ ਅਢੁ ਲਹੈ ਨ ਸੋਈ।
ਵਾਸੁ ਲਈ ਫੁਲਵਾੜੀਅਹੁ ਫਿਰਿ ਮਿਲੈ ਨ ਢੋਈ[੪]।
ਕਾਇਆ ਹੰਸੁ ਵਿਛੁੰਨਿਆ ਤਿਸੁ ਕੋ ਨ ਸਥੋਈ[੫]।
ਬੇਮੁਖ ਸੁਕੇ ਰੁਖ ਜਿਉ ਵੇਖੈ ਸਭ ਲੋਈ॥ ੧੨ ॥

## ਪਉੜੀ ੧੩

{ਬੇਮੁਖ ਕਿਕੂੰ ਸਾਧੀਦਾ ਹੈ}

ਜਿਉ ਕਰਿ ਖੂਹਹੁ ਨਿਕਲੈ ਗਲਿ ਬਧੇ ਪਾਣੀ।
ਜਿਉ ਮਣਿ ਕਾਲੇ ਸਪ ਸਿਰਿ [੬]ਹਸਿ ਦੇਇ ਨ ਜਾਣੀ।
ਜਾਣ ਕਥੂਰੀ ਮਿਰਗ ਤਨਿ [੭]ਮਰਿ ਮੁਕੈ ਆਣੀ।
ਤੇਲ ਤਿਲਹੁ ਕਿਉ ਨਿਕਲੈ ਵਿਣੁ ਪੀੜੇ ਘਾਣੀ।
ਜਿਉ ਮੁਹੁ ਭੰਨੇ ਗਰੀ ਦੇ ਨਲੀਏਰੁ ਨਿਸਾਣੀ।
ਬੇਮੁਖ ਲੋਹਾ ਸਾਧੀਐ [੮]ਵਗਦੀ ਵਾਦਾਣੀ॥ ੧੩ ॥

## ਪਉੜੀ ੧੪

[ਬੇਮੁਖ ਦਾ ਸਭ ਕੁਛ ਪੁਠਾ ਹੈ]

[੯]ਮਹੁਰਾ ਮਿਠਾ ਆਖੀਐ [੧੦]ਰੁਠੀ ਨੋ ਤੁਠੀ।

---

੧ ਗੱਪਾਂ ਮਾਰਦਾ ਹੈ। ੨ ਰਿੜਕ ਕੇ। ੩ ਬੇਕਦਰੀ। ੪ ਆਸਰਾ। ੫ ਸਾਥੀ। ੬ ਖੁਸ਼ੀ ਨਾਲ ਨਹੀਂ ਦੇਂਦਾ। ੭ (ਉਸ ਦੇ) ਮਰ ਜਾਣ ਪੁਰ ਹੀ ਲਿਆਂਦੀ ਜਾ ਸਕਦੀ ਹੈ।੮ ਹਥੌੜਿਆਂ ਦੀਆਂ ਸਟਾਂ ਪੈਂਦਿਆਂ ਹੀ। ੯ ਮਹੁਰੇ ਨੂੰ ਮਿਠਾ ਤੇਲੀਆਂ ਕਹਿੰਦੇ ਹਨ।੧੦ (ਸੀਤਲਾ ਨਿਕਲੇ ਤਾਂ ਉਸ ਨੂੰ) ਰੁਠੀ ਨਹੀਂ ਕਹਿੰਦੇ, (ਸਗੋਂ ਕਹਿੰਦੇ ਹਨ) ਦੇਵੀ ਤਰੁਠੀ ਹੈ।

Digitized by Panjab Digital Library | www.panjabdigilib.org

[1]ਬੁਝਿਆ ਵਡਾ ਵਖਾਣੀਐ [2]ਸਾਵਾਰੀ ਕੁਠੀ।
[3]ਜਲਿਆ ਠੰਢਾ ਗਈ ਨੋ [4]ਆਈ ਤੇ ਉਠੀ।
ਅਹਮਕੁ ਭੋਲਾ ਆਖੀਐ ਸਭ ਗਲਿ ਅਪੁਠੀ।
ਉਜੜੁ ਤਟੀ ਬੇਮੁਖਾਂ ਤਿਸੁ ਆਖਨਿ ਵੁਠੀ।
ਚੋਰੈ ਸੰਦੀ ਮਾਉ ਜਿਉ ਲੁਕਿ ਰੋਵੈ ਗੁਠੀ॥ ੧੪॥

## ਪਉੜੀ ੧੫

[ਬੇਮੁਖ ਦੀ ਸੰਗਤ ਦਾ ਫਲ]

ਵੜੀਐ ਕਜਲ ਕੋਠੜੀ ਮੁਹੁ ਕਾਲਖ ਭਰੀਐ।
ਕਲਰਿ ਖੇਤੀ ਬੀਜੀਐ ਕਿਹੁ ਕਾਜੁ ਨ ਸਰੀਐ।
ਟੁਟੀ ਪੀਘੈ ਪੀਘੀਐ ਪੈ ਟੋਏ ਮਰੀਐ।
ਕੰਨਾ ਫੜਿ ਮਨਤਾਹੂਆ ਕਿਉ ਦੁਤਰੁ[6] ਤਰੀਐ।
ਅਗਿ ਲਾਇ ਮੰਦਰਿ ਸਵੈ [7]ਤਿਸੁ ਨਾਲਿ ਨ ਫਰੀਐ।
ਤਿਉ ਠਗ ਸੰਗਤਿ ਬੇਮੁਖਾ [8]ਜੀਅ ਜੋਖਹੁ ਡਰੀਐ॥ ੧੫॥

## ਪਉੜੀ ੧੬

{ਬੇਮੁਖ ਘੋਰ ਪਾਪੀ ਹਨ}

ਬਾਮ੍ਹਣ ਗਾਂਈ ਵੰਸ ਘਾਤ ਅਪਰਾਧ ਕਰਾਰੇ।
ਮਦੁ ਪੀ ਜੂਏ ਖੇਲਦੇ ਜੋਹਨਿ[9] ਪਰਨਾਰੇ।
ਮੁਹਨਿ ਪਰਾਈ ਲਛਮੀ ਠਗ ਚੋਰ ਚਗਾਰੇ[10]।
ਵਿਸਾਸ ਧ੍ਰੋਹੀ[11] ਅਕਿਰਤਘਣਿ[12] ਪਾਪੀ ਹਤਿਆਰੇ।

---

੧ ਦੀਵੇ ਬੁਝੇ ਨੂੰ ਵਡਾ ਹੋਇਆ ਕਹਿੰਦੇ ਹਨ। ੨ ਕੋਹੇ ਬਕਰੇ ਨੂੰ ਸਵਾਰਿਆ ਆਖਦੇ ਹਨ। ੩ ਮਰ-ਸੜ ਗਏ ਨੂੰ ਸਰੀਰ ਸ਼ਾਂਤ ਜਾਂ ਠੰਢਾ ਹੋਇਆ ਕਹਿੰਦੇ ਹਨ। ੪ ਅੱਖ ਬੀਮਾਰ ਹੋਵੇ ਤਾਂ ਗਈ ਨਹੀਂ ਕਹਿੰਦੇ, ਸਗੋਂ ਆਈ ਕਹਿੰਦੇ ਹਨ, ਤੇ ਜੇ ਕੋਈ ਵਿਧਵਾ ਕਿਸੇ ਦੇ ਘਰ ਬਹਿ ਜਾਏ ਤਾਂ ਉਸ ਨੂੰ ਉਠ ਗਈ ਆਖਦੇ ਹਨ। ੫ ਬੇਮੁਖਾਂ ਦੀ ਝੁਗੀ ਉਜੜੀ ਨੂੰ ਵਸ ਪਈ ਆਖਦੇ ਹਨ। ੬ ਸਮੁੰਦਰ ੭ ਉਸ ਦਾ ਸਾਥ ਨਹੀਂ ਫੜਨਾ ਚਾਹੀਦਾ। ੮ ਜੋ ਵਿਚ ਇਸ ਮੁਸੀਬਤ ਤੋਂ ਡਰਨਾ ਯੋਗ ਹੈ। ੯ ਵੇਖਦੇ ਹਨ। ੧੦ ਉਚੱਕੇ। ੧੧ ਵਿਸਾਹਘਾਤੀ। ੧੨ ਕੀਤਾ ਨ ਜਾਨਣ ਵਾਲੇ।

ਲਖ ਕਰੋੜੀ ਜੋੜੀਅਨਿ ਅਣਗਿਣਤ ਅਪਾਰੇ।
ਇਕਤੁ ਲੂਇ ਨ ਪੁਜਨੀ ਬੇਮੁਖ ਗੁਰਦੁਆਰੇ ॥ ੧੬ ॥

## ਪਉੜੀ ੧੭

[ਬੇਮੁਖਤਾ ਦੀ ਹਤਿਆ ਲਹਿੰਦੀ ਨਹੀਂ]

ਗੰਗ ਜਮੁਨ ਗੋਦਾਵਰੀ ਕੁਲਖੇਤ ਸਿਧਾਰੇ[1]।
ਮਥੁਰਾ ਮਾਇਆ ਅਜੁਧਿਆ ਕਾਂਸੀ ਕੇਦਾਰੇ।
ਗਇਆ ਪਿਰਾਗ ਸਰਸੁਤੀ ਗੋਮਤੀ ਦੁਆਰੇ।
ਜਪੁ ਤਪੁ ਸੰਜਮੁ ਹੋਮ ਜਗਿ ਸਭ ਦੇਵ ਜੁਹਾਰੇ[2]।
ਅਖੀ ਪਰਣੈ ਜੇ ਭਵੈ ਤਿਹੁ ਲੋਇ ਮਝਾਰੇ[3]।
ਮੂਲਿ ਨ ਉਤਰੈ ਹਤਿਆ ਬੇਮੁਖ ਗੁਰਦੁਆਰੇ ॥ ੧੭ ॥

## ਪਉੜੀ ੧੮

{ਸਤਿਗੁਰੂ ਬਾਝ ਸੁਖ ਨਹੀਂ}

[4]ਕੋਟੀ ਸਾਦੀ ਕੇਤੜੇ ਜੰਗਲ ਭੂਪਾਲਾ।
[5]ਥਲੀ ਵਰੋਲੇ ਕੇਤੜੇ ਪਰਬਤ ਬੇਤਾਲਾ।
[6]ਨਦੀਆ ਨਾਲੇ ਕੇਤੜੇ ਸਰਵਰ ਅਸਰਾਲਾ।
[7]ਅੰਬਰਿ ਤਾਰੇ ਕੇਤੜੇ ਬਿਸੀਅਰੁ ਪਾਤਾਲਾ।
ਭੰਭਲਭੂਸੇ ਭੁਲਿਆ ਭਵਜਲ ਭਰਨਾਲਾ।
ਇਕਸੁ ਸਤਿਗੁਰ ਬਾਹਰੇ ਸਭਿ ਆਲ ਜੰਜਾਲਾ ॥ ੧੮ ॥

---

੧ ਯਾਤ੍ਰਾ ਕਰੇ । ੨ ਨਮਸਕਾਰ ਕਰੇ । ੩ ਵਿਚ । ੪ ਕਰੋੜਾਂ (ਸੰਸਾਰ ਦੇ) ਸਵਾਦਾਂ ਵਿਚ (ਖਚਿਤ ਹਨ) ਤੇ ਕਈ ਜੰਗਲਾਂ ਦੇ ਰਾਜੇ ਬਣੇ ਹੋਏ ਹਨ (ਭਾਵ ਸੰਸਾਰ ਨੂੰ ਤਿਆਗ ਗਏ ਹਨ)। ੫ ਕਈ ਵਰੋਲਿਆਂ ਵਾਂਗ ਥਲਾਂ ਵਿਚਰਦੇ ਹਨ ਤੇ ਕਈ ਪਹਾੜਾਂ ਦੇ ਭੂਤਨੇ ਬਣੇ ਬੈਠੇ ਹਨ। ੬ ਕਈ ਨਦੀਆਂ, ਨਾਲਿਆਂ ਤੇ ਤੀਰਥਾਂ ਵਿਚ ਮਗਰਮੱਛ ਬਣੇ ਹੋਏ ਹਨ। ੭ ਕਈ ਤਾਂ ਆਕਾਸ਼ ਦੇ ਤਾਰਿਆਂ ਵਾਂਗ ਦੁਨੀਆਂ ਪਾਸੋਂ ਵਾਹ-ਵਾਹ ਲੈ ਰਹੇ ਹਨ, ਤੇ ਕਈ ਸੱਪਾਂ ਵਾਂਗ ਧਰਤੀ ਹੇਠ ਗੁਫਾ ਵਿਚ ਸਮਾਧੀਆਂ ਲਾਉਂਦੇ ਹਨ। ੮ ਸੰਸਾਰ ਸਮੁੰਦਰ ਤੇ (ਪ੍ਰਨਾਲਾਂ) ਪ੍ਰਵਾਹ ਵਿਚ ਭੁਲੇ ਹੋਏ ਭੰਬਲ ਭੂਸੇ ਖਾ ਰਹੇ ਹਨ।

Digitized by Panjab Digital Library | www.panjabdigilib.org

## ਪਉੜੀ ੧੯

{ਬੇਮੁਖ ਕੇਂਦਰ ਹੀਨ ਹਨ}

ਬਹੁਤੀ ਘਰੀ ਪਰਾਹੁਣਾ ਜਿਉ ਰਹਿੰਦਾ ਭੁਖਾ।
ਸਾਂਝਾ ਬਬੁ[੧] ਨ ਰੋਈਐ ਚਿਤਿ ਚਿੰਤ ਨ ਚੁਖਾ[੨]।
ਬਹੁਤੀ ਡੂਮੀ ਢਢ ਜਿਉ ਓਹੁ ਕਿਸੈ ਨ ਧੁਖਾ[੩]।
ਵਣਿ ਵਣਿ ਕਾਉ ਨ ਸੋਹਈ ਕਿਉ ਮਾਣੈ ਸੁਖਾ।
ਜਿਉ ਬਹੁ ਮਿਤੀ ਵੇਸੁਆ[੪] ਤਨਿ ਵੇਦਨਿ ਦੁਖਾ।
ਵਿਣੁ ਗੁਰ ਪੂਜਨਿ ਹੋਰਨਾ ਬਰਨੈ[੫] ਬੇਮੁਖਾ॥ ੧੯॥

## ਪਉੜੀ ੨੦

{ਅਣਹੋਂਦਾ ਅਹੰਕਾਰ ਕਰਨ ਵਾਲੇ ਭੂਤ ਹਨ}

[੬]ਵਾਇ ਸੁਣਾਏ ਛਾਨਣੀ ਤਿਸੁ ਉਠ ਉਠਾਲੇ।
ਤਾੜੀ ਮਾਰਿ ਡਰਾਇਦਾ [੭]ਮੈਗਲ ਮਤਵਾਲੇ।
[੮]ਬਾਸਕਿ ਨਾਗੈ ਸਾਮੁਣਾ ਜਿਉ ਦੀਵਾ ਬਾਲੇ।
ਸ਼ੀਹੁ [੯]ਮਰਸੈ ਸਹਾ ਜਿਉ ਅਖੀ ਵੇਖਾਲੇ।
[੧੦]ਸਾਇਰ ਲਹਿਰ ਨ ਪੁਜਨੀ ਪਾਣੀ ਪਰਨਾਲੇ।
ਅਣਹੋਦਾ [੧੧]ਆਪੁ ਗਣਾਇਦੇ ਬੇਮੁਖ ਬੇਤਾਲੇ॥ ੨੦॥

## ਪਉੜੀ ੨੧

{ਬੇਮੁਖਾਂ ਨਾਲ ਅੜਨਾ ਨਿਸਫਲ ਹੈ}

ਨਾਰਿ ਭਤਾਰਹੁ ਬਾਹਰੀ ਸੁਖਿ ਸੇਜ ਨ ਚੜੀਐ।
ਪੁਤੁ ਨ ਮੰਨੈ ਮਾਪਿਆਂ ਕਮਜਾਤੀ ਵੜੀਐ[੧੨]।

---

੧ ਬਾਪੂ। ੨ ਜ਼ਰਾ ਭੀ। ੩ ਚਿੰਤਾ। ੪ ਸਰੀਰ ਵਿਚ ਦੁਖ ਤੇ ਪੀੜ। ੫ ਕਹੇ ਜਾਂਦੇ ਹਨ। ੬ ਛਾਨਣੀ ਵਜਾ ਕੇ ਸੁਣਾਏ ਕਿ ਉਹ ਉੱਠ ਕੇ ਭੱਜ ਜਾਏ। ੭ ਹਾਥੀ। ੮ ਸਰਪ। ੯ ਮਰਨਾ ਹੀ ਹੈ। ੧੦ ਸਮੁੰਦਰ। ੧੧ ਅਹੰਕਾਰ ਕਰਦੇ ਹਨ। ੧੨ ਗਿਣਿਆ ਜਾਂਦਾ ਹੈ।

Digitized by Panjab Digital Library | www.panjabdigilib.org

ਵਣਜਾਰਾ ਸਾਹੁ ਫਿਰੈ ਵੇਸਾਹੁ ਨ [1]ਜੜੀਐ।
ਸਾਹਿਬੁ ਸਉਹੈ ਆਪਣੇ ਹਥੀਆਰੁ ਨ ਫੜੀਐ।
ਕੂੜੁ ਨ ਪਹੁੰਚੈ ਸਚ ਨੋ ਸਉ ਘਾੜਤ ਘੜੀਐ।
ਮੁੰਦ੍ਰਾਂ ਕੰਨਿ ਜਿਨਾੜੀਆਂ [2]ਤਿਨ੍ਹਾ ਨਾਲਿ ਨ ਅੜੀਐ॥੨੧॥੩੪॥

* ੦ *
੦
* ੦ *

੧ ਕੀਤਾ ਜਾਂਦਾ। ੨ ਜਿਨ੍ਹਾਂ ਦੇ। ੩ ਕੰਨ ਪਾਟੇ ਜੋਗੀ ਬੜੇ ਅੜੀ ਕਰਨ ਵਾਲੇ ਪ੍ਰਸਿੱਧ ਹਨ, ਇਹਨਾਂ ਨਾਲ ਅੜਨਾ ਚੰਗਾ ਨਹੀਂ।

Digitized by Panjab Digital Library | www.panjabdigilib.org

# ਵਾਰ ੩੫

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਨਿੰਦਕ]

ਕੁਤਾ ਰਾਜਿ ਬਹਾਲੀਐ ਫਿਰਿ ਚਕੀ ਚਟੈ।
ਸਪੈ ਦੁਧੁ ਪੀਆਲੀਐ ਵਿਹੁ ਮੁਖਹੁ ਸਟੈ।
ਪਥਰੁ ਪਾਣੀ ਰਖੀਐ [੧]ਮਨਿ ਹਠੁ ਨ ਘਟੈ।
ਚੋਆ ਚੰਦਨੁ ਪਰਿਹਰੈ ਖਰੁ[੨] ਖੇਹ ਪਲਟੈ[੩]।
ਤਿਉ ਨਿੰਦਕ [੪]ਪਰਨਿੰਦਹੁੰ ਹਠਿ ਮੂਲਿ ਨ ਹਟੈ।
ਆਪਣ ਹਥੀ ਆਪਣੀ ਜੜ ਆਪਿ ਉਪਟੈ ॥ ੧ ॥

## ਪਉੜੀ ੨

[ਨਿੰਦਕ]

ਕਾਂਉ ਕਪੂਰ ਨ ਚਖਈ ਦੁਰਗੰਧਿ ਸੁਖਾਵੈ।
ਹਾਥੀ ਨੀਰਿ ਨੁਵਾਲੀਐ ਸਿਰਿ ਛਾਰੁ[੫] ਉਡਾਵੈ।
ਤੁੰਮੇ ਅੰਮ੍ਰਿਤ ਸਿੰਜੀਐ ਕਉੜਤੁ ਨ ਜਾਵੈ।
ਸਿਮਲੁ ਰੁਖੁ ਸਰੇਵੀਐ[੬] ਫਲੁ ਹਥਿ ਨ ਆਵੈ।
ਨਿੰਦਕੁ ਨਾਮ ਵਿਹੂਣਿਆ ਸਤਿਸੰਗ ਨ ਭਾਵੈ।
ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ ॥ ੨ ॥

---

੧ ਮਨ ਦੀ ਕਠੋਰਤਾ ਨਹੀਂ ਘਟਦੀ। ੨ ਖੋਤਾ। ੩ ਲੇਟਦਾ ਹੈ। ੪ ਪਰਾਈ ਨਿੰਦਾ ਦੇ ਹੱਠ ਤੋਂ ਮੂਲੋਂ ਨਹੀਂ ਹਟਦਾ। ੫ ਮਿੱਟੀ। ੬ ਪਾਲੀਐ।

Digitized by Panjab Digital Library | www.panjabdigilib.org

## ਪਉੜੀ ੩

[ਨਿੰਦਕ]

ਲਸਣੁ ਲੁਕਾਇਆ ਨਾ ਲੁਕੈ [1]ਬਹਿ ਖਾਜੈ ਕੂਣੈ।
ਕਾਲਾ ਕੰਬਲੁ ਉਜਲਾ ਕਿਉਂ ਹੋਇ ਸਬੂਣੈ।
ਡੇਮੂ ਖਖਰ ਜੋ ਛੁਹੈ ਦਿਸੈ ਮੁਹਿ ਸੂਣੈ[2]।
ਕਿਤੈ ਕੰਮਿ ਨ ਆਵਈ ਲਾਵਣੁ[3] ਬਿਨੁ ਲੂਣੈ।
ਨਿੰਦਕਿ ਨਾਮ ਵਿਸਾਰਿਆ ਗੁਰਗਿਆਨੁਵਿਹੂਣੈ।
[4]ਹਲਤਿ ਪਲਤਿ ਸੁਖੁ ਨਾ ਲਹੈ ਦੁਖੀਆ ਸਿਰੁ ਝੂਣੈ॥੩॥

## ਪਉੜੀ ੪

{ਗੁਰ ਨਿੰਦਾ}

ਡਾਇਣੁ ਮਾਣਸ ਖਾਵਣੀ ਪੁਤੁ ਬੁਰਾ ਨ ਮੰਗੈ।
ਵਡਾ ਵਿਕਰਮੀ ਆਖੀਐ ਧੀ ਭੈਣਹੁ ਸੰਗੈ।
ਰਾਜੇ ਧੋਹੁ ਕਮਾਂਵਦੇ [5]ਰੈਬਾਰ ਸੁਰੰਗੈ।
ਬਜਰ[6] ਪਾਪ ਨ ਉਤਰਨਿ ਜਾਇ ਕੀਚਨਿਗੰਗੈ[7]।
ਥਰਹਰ ਕੰਬੈ ਨਰਕੁ ਜਮੁ ਸੁਣਿ ਨਿੰਦਕ ਢੰਗੈ[8]।
ਨਿੰਦਾ ਭਲੀ ਨ ਕਿਸੈ ਦੀ ਗੁਰ ਨਿੰਦ ਕੁਢੰਗੈ[9] ॥ ੪ ॥

## ਪਉੜੀ ੫

{ਗੁਰ ਨਿੰਦਾ ਦੇ ਦ੍ਰਿਸ਼ਟਾਂਤ}

ਨਿੰਦਾ ਕਰਿ ਹਰਣਾਖਸੈ ਵੇਖਹੁ ਫਲੁ ਵਟੇ[10]।
ਲੰਕ ਲੁਟਾਈ ਰਾਵਣੈ ਮਸਤਕਿ ਦਸ ਕਟੇ।
ਕੰਸ ਗਇਆ ਸਣ ਲਸਕਰੈ ਸਭ ਦੈਤ ਸੰਘਟੇ[11]।
ਵੰਸੁ ਗਵਾਇਆ ਕੈਰਵਾ ਖੂਹਣਿ ਲਖ ਫਟੇ।

---

੧ ਖੂੰਜੇ ਬਹਿ ਕੇ ਪਾਈਏ। ੨ ਸੁਜਿਆ ਹੋਇਆ। ੩ ਭਾਜੀ। ੪ ਲੋਕ–ਪਰਲੋਕ। ੫ ਵਕੀਲ ਜਾਂ ਰਾਜਦੂਤ ਨਿਰਭੈ ਆਨੰਦ ਵਿਚ ਰਹਿੰਦੇ ਹਨ। ੬ ਕਰੜੇ। ੭ ਤੀਰਥਾਂ ਪੁਰ। ੮ ਕਰਮਾਂ ਨੂੰ। ੯ ਖੋਟਾ ਕਰਮ। ੧੦ ਪ੍ਰਾਪਤ ਕੀਤੇ। ੧੧ ਨਾਸ਼ ਕਰਵਾਏ।

Digitized by Panjab Digital Library | www.panjabdigilib.org

[1]ਦੰਤ ਬਕਤ ਸਿਸਪਾਲ ਦੇ ਦੰਦ ਹੋਏ ਖਟੇ।
ਨਿੰਦਾ ਕੋਇ ਨ ਸਿਝਿਓ[2] [3]ਇਉ ਵੇਦ ਉਘਟੇ।
ਦੁਰਬਾਸੇ ਨੇ ਸਰਾਪ ਦੇ ਯਾਦਵ ਸਭ ਤਟੇ[4] ॥ ੫ ॥

## ਪਉੜੀ ੬

[ਗੁਰੂ ਨੂੰ ਦੋਸ਼ ਦੇਣ ਵਾਲਾ ਦੁਖੀ ਰਹਿੰਦਾ ਹੈ]

ਸਭਨਾ ਦੇ ਸਿਰ ਗੁੰਦੀਅਨਿ ਗੰਜੀ ਗੁਰੜਾਵੈ[5]।
ਕੰਨਿ ਤਨਉੜੇ[6] ਕਾਮਣੀ [7]ਬੂੜੀ ਬਰਿੜਾਵੈ।
ਨਥਾਂ ਨਕਿ ਨਵੇਲੀਆਂ[8] ਨਕਟੀ ਨ ਸੁਖਾਵੈ।
[9]ਜਲ ਅਖੀ ਹਰਣਾਖੀਆ ਕਾਣੀ ਕੁਰਲਾਵੈ।
ਸਭਨਾ ਚਾਲ ਸੁਹਾਵਣੀ ਲੰਗੜੀ ਲੰਗੜਾਵੈ।
ਗਣਤ ਗਣੈ ਗੁਰਦੇਵ ਦੀ ਤਿਸੁ ਦੁਖਿ ਵਿਹਾਵੈ ॥ ੬ ॥

## ਪਉੜੀ ੭

[ਗੁਰ ਨਿੰਦਕ ਦਾ ਜਨਮ ਅਕਾਰਥ ਹੈ]

ਅਪਤੁ ਕਰੀਰੁ [10]ਨ ਮਉਲੀਐ ਦੇ ਦੋਸੁ ਬਸੰਤੈ।
ਸੰਢਿ ਸਪੁਤੀ ਨ ਥੀਐ ਕਣਤਾਵੈ[11] ਕੰਤੈ।
ਕਲਰਿ ਖੇਤੁ ਨ ਜੰਮਈ ਘਣਹਰੁ[12] ਵਰਸੰਤੈ।
ਪੰਗਾ[13] ਪਿਛੈ ਚੰਗਿਆ ਅਵਗੁਣ ਗੁਣਵੰਤੈ।
ਸਾਇਰੁ ਵਿਚਿ ਘੰਘੂਟਿਆ[14] ਬਹੁ ਰਤਨ ਅਨੰਤੈ।
ਜਨਮ ਗਵਾਇ ਅਕਾਰਥਾ [15]ਗੁਰੁ ਗਣਤ ਗਣੰਤੈ ॥ ੭ ॥

---

੧ ਦੰਤ ਵਕਤਰ ਤੇ ਸ਼ਸ਼ਪਾਲ ਦੋਹਾਂ ਦੇ। ੨ ਸਫਲ ਹੋਇਆ। ੩ ਧਰਮ ਪੁਸਤਕ ਪਰਗਟ ਕਰਦੇ ਹਨ। ੪ ਉਜਾੜ ਦਿਤੇ। ੫ ਗੁੜ ਗੁੜ ਕਰਦੀ ਹੈ। ੬ ਬੁੰਦੇ। ੭ ਬੁਢੀ ਬੁੜ ਬੁੜਾਉਂਦੀ ਹੈ। ੮ ਸੱਜ-ਵਿਆਹੀਆਂ। ੯ ਹਰਨਾਂ ਵਾਂਗ ਸੁੰਦਰ ਅੱਖਾਂ ਵਾਲੀਆਂ ਦੀ ਅੱਖੀਂ ਕੱਜਲ (ਪਿਆ ਵੇਖ ਕੇ) ੧੦ ਹਰਾ-ਭਰਾ ਨਹੀਂ ਹੁੰਦਾ। ੧੧ ਦੋਸ਼ ਦੇਂਦੀ ਹੈ। ੧੨ ਬੱਦਲ। ੧੩ ਦੂਰਿਆਈਆਂ। ੧੪ ਘੋਗਿਆਂ। ੧੫ ਗੁਰੂ ਦੀਆਂ ਗਿਣਤੀਆਂ ਗਿਣਨ ਨਾਲ ਅਰਥਾਤ ਨਿੰਦਾ ਕਰਨ ਨਾਲ।

Digitized by Panjab Digital Library | www.panjabdigilib.org

## ਪਉੜੀ ੮

[ਅਕਿਰਤਘਣ]

ਨਾ ਤਿਸੁ ਭਾਰੇ ਪਰਬਤਾ ਅਸਮਾਨ ਖਹੰਦੇ।
ਨਾ ਤਿਸੁ ਭਾਰੇ [1]ਕੋਟ ਗੜ੍ਹ ਘਰਬਾਰ ਦਿਸੰਦੇ।
ਨਾ ਤਿਸੁ ਭਾਰੇ [2]ਸਾਇਰਾਂ ਨਦ ਵਾਹ ਵਹੰਦੇ।
ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।
ਨਾ ਤਿਸੁ ਭਾਰੇ ਜੀਅਜੰਤ ਅਣਗਣਤ ਫਿਰੰਦੇ।
ਭਾਰੇ ਭੁਈ [3]ਅਕਿਰਤਘਣ ਮੰਦੀ ਹੂ ਮੰਦੇ ॥ ੮ ॥

## ਪਉੜੀ ੯

[ਅਕਿਰਤਘਣ ਦ੍ਰਿਸ਼ਟਾਂਤ]

ਮਦ[4] ਵਿਚਿ ਰਿਧਾ ਪਾਇਕੈ ਕੁਤੇ ਦਾ ਮਾਸੁ।
ਧਰਿਆ ਮਾਣਸ[5] ਖੋਪਰੀ ਤਿਸੁ ਮੰਦੀ ਵਾਸੁ।
ਰਤੂ ਭਰਿਆ ਕਪੜਾ ਕਰਿ ਕਜਣੁ ਤਾਸੁ।
ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ।
ਆਖਿ ਸੁਣਾਏ ਪੁਛਿਆ [6]ਲਾਹੇ ਵਿਸਵਾਸੁ।
ਨਦਰੀ ਪਵੈ ਅਕਿਰਤਘਣੁ ਮਤੁ ਹੋਇ ਵਿਣਾਸੁ ॥ ੯ ॥

## ਪਉੜੀ ੧੦

[ਲੂਣ ਹਰਾਮੀ]

ਚੋਰੁ ਗਇਆ ਘਰਿ ਸਾਹ ਦੈ ਘਰ ਅੰਦਰਿ ਵੜਿਆ।
[7]ਕੁਛਾ ਕੂਣੇ ਭਾਲਦਾ ਚਉਬਾਰੇ ਚੜਿਆ।
ਸੁਇਨਾ ਰੁਪਾ ਪੰਡ ਬੰਨਿ [8]ਅਗਲਾਈ ਅੜਿਆ।
ਲੋਭ ਲਹਰਿ ਹਲਕਾਇਆ ਲੂਣ ਹਾਂਡਾ ਫੜਿਆ।

---

੧ ਕਿਲੇ ਤੇ ਗੜ੍ਹੀਆਂ। ੨ ਸਮੁੰਦਰਾਂ। ੩ ਕੀਤਾ ਨ ਜਾਨਣ ਵਾਲੇ। ੪ ਸ਼ਰਾਬ। ੫ ਮਨੁਖ ਦੀ। ੬ ਭਰਮ ਦੂਰ ਕਰ ਦਿੱਤਾ। ੭ ਚਾਰੇ ਗੁਠਾਂ, ਖੂੰਜੇ। ੮ ਬਹੁਤ ਮਾਇਆ ਦੇ ਲੈਣ ਦੇ ਲੋਭ ਵਿਚ ਫਸਿਆ।

Digitized by Panjab Digital Library | www.panjabdigilib.org

ਚੁਖਕੁ[1] ਲੈਕੇ ਚਖਿਆ ਤਿਸੁ ਕਖੁ ਨ ਖੜਿਆ ।
ਲੂਣ ਹਰਾਮੀ ਗੁਨਹਗਾਰੁ[2] ਧੜੁ ਧੰਮੜ ਧੜਿਆ ॥੧੦॥

## ਪਉੜੀ ੧੧

[ਲੂਣ ਖਾਣਿਆਂ ਦੀ ਗਿਣਤੀ]

ਖਾਧੇ ਲੂਣ ਗੁਲਾਮ ਹੋਇ ਪੀਹਿ ਪਾਣੀ ਢੋਵੈ ।
ਲੂਣ ਖਾਇ ਕਰਿ ਚਾਕਰੀ ਰਣਿ ਟੁਕ ਟੁਕ ਹੋਵੈ ।
ਲੂਣ ਖਾਇ ਧੀ ਪੁਤੁ ਹੋਇ [3]ਸਭ ਲਜਾ ਧੋਵੈ ।
ਲੂਣੁ ਵਣੋਟਾ[4] ਖਾਇਕੈ ਹਥ ਜੋੜਿ ਖੜੋਵੈ ।
ਵਾਟ ਵਟਾਊ[5] ਲੂਣੁ ਖਾਇ [6]ਗੁਣੁ ਕੰਠਿ ਪਰੋਵੈ ।
ਲੂਣ ਹਰਾਮੀ ਗੁਨਹਗਾਰ ਮਰਿ ਜਨਮੁ ਵਿਗੋਵੈ ॥੧੧॥

## ਪਉੜੀ ੧੨

{ਧਰਮਸਾਲ ਦੀ ਝਾਕ}

ਜਿਉ ਮਿਰਜਾਦਾ ਹਿੰਦੂਆ ਗਊ ਮਾਸੁ ਅਖਾਜੁ[7] ।
ਮੁਸਲਮਾਣਾ ਸੂਅਰਹੁ ਸਉਗੰਦ ਵਿਆਜੁ ।
ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ[8] ।
ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ ।
ਜਿਉ ਮਿਠੈ ਮਖੀ ਮਰੈ[9] ਤਿਸੁ ਹੋਇ ਅਕਾਜੁ[10] ।
ਤਿਉ ਧਰਮਸਾਲ ਦੀ ਝਾਕ ਹੈ [11]ਵਿਹੁ ਖੰਡੂਪਾਜੁ ॥੧੨॥

## ਪਉੜੀ ੧੩

{ਝਾਕ—ਪੂਜਾ ਦਾ ਧਾਨ}

ਖਰਾ ਦੁਹੇਲਾ ਜਗ ਵਿਚਿ ਜਿਸ ਅੰਦਰਿ ਝਾਕੁ[12] ।

---

੧ ਰਤਾ ਕੁ । ੨ ਢੋਲ ਵਾਂਗ ਕੁਟਿਆ ਗਿਆ । ੩ ਮਾਪਿਆਂ ਦੀ ਪਤ ਧੋ ਦੇਂਦਾ ਹੈ । ੪ ਗੁਮਾਸ਼ਤਾ । ੫ ਰਾਹ ਦਾ ਮੁਸਾਫਿਰ । ੬ ਗੁਣਾਂ ਦਾ ਗਲ ਵਿਚ ਹਾਰ ਪਰੋ ਲਿਜਾਂਦਾ ਹੈ । ੭ ਅਭੱਖ । ੮ ਸ਼ਰਾਬ । ੯ ਮੋਹਿਤ ਹੁੰਦੀ ਹੈ । ੧੦ ਪਰ ਉਸ ਲਈ ਇਹ ਕੰਮ ਅਕਾਜ ਹੀ ਹੁੰਦਾ ਹੈ । ੧੧ ਖੰਡ ਨਾਲ ਗਲੇਫੀ ਹੋਈ ਬਿਖ ਵਾਂਗ ।੧੨ ਹਿਰਸ ।

Digitized by Panjab Digital Library | www.panjabdigilib.org

ਸੋਇਨੇ ਨੋ ਹਥੁ ਪਾਇਦਾ ਹੁਇ ਵੰਞੈ ਖਾਕੁ ।
ਇਠ ਮਿਤ ਪੁਤ ਭਾਇਰਾ[੧] [੨]ਵਿਹਰਨਿ ਸਭ ਸਾਕ।
ਸੋਗੁ ਵਿਜੋਗੁ ਸਰਾਪੁ ਹੈ ਦੁਰਮਤਿ[੩] ਨਾਪਾਕੁ[੪] ।
ਵਤੈ ਮੁਤੜਿ[੫] ਰੰਨ ਜਿਉ ਦਰਿ[੬] ਮਿਲੈ ਤਲਾਕੁ।
ਦੁਖੁ ਭੁਖੁ ਦਾਲਿਦ ਘਣਾ[੭] ਦੋਜਕ ਅਉਤਾਕੁ ॥ ੧੩ ॥

## ਪਉੜੀ ੧੪

{ਪੂਜਾ ਦਾ ਧਾਨ}

ਵਿਗੜੈ ਚਾਟਾ ਦੁਧ ਦਾ ਕਾਂਜੀ ਦੀ ਚੁਖੈ[੮] ।
[੯]ਸਹਸ ਮਣਾ ਰੂਈ ਜਲੈ ਚਿਣਗਾਰੀ ਧੁਖੈ।
ਬੂਰੁ ਵਿਣਾਹੇ[੧੦] ਪਾਣੀਐ [੧੧]ਖਉ ਲਾਖਹੁ ਰੁਖੈ ।
ਜਿਉ [੧੨]ਉਦਮਾਦੀ ਅਤੀਸਾਰੁ ਖਈ ਰੋਗੁ ਮਨੁਖੈ।
ਜਿਉ ਜਾਲਿ ਪੰਖੇਰੂ ਫਾਸਦੇ ਚੁਗਣ ਦੀ ਭੁਖੈ ।
ਤਿਉ ਅਜਰੁ[੧੩] ਝਾਕ ਭੰਡਾਰ ਦੀ ਵਿਆਪੇ ਵੇਮੁਖੈ॥੧੪॥

## ਪਉੜੀ ੧੫

[ਪੂਜਾ ਦਾ ਧਾਨ ਕਿਕੂੰ ਪਚੇ ?]

ਅਉਚਰੁ[੧੪] ਝਾਕ ਭੰਡਾਰ ਦੀ ਚੁਖੁ ਲਗੈ ਚਖੀ ।
ਹੋਇ ਦੁਕੁਧਾ[੧੫] ਨਿਕਲੈ ਭੋਜਨੁ ਮਿਲਿ ਮਖੀ ।
ਰਾਤਿ ਸੁਖਾਲਾ ਕਿਉ ਸਵੈ ਤਿਣੁ[੧੬] ਅੰਦਰਿ ਅਖੀ।
ਕਖਾ ਦਬੀ ਅਗਿ ਜਿਉ ਓਹੁ ਰਹੈ ਨ ਰਖੀ ।
[੧੭]ਝਾਕ ਝਕਾਈਐ ਝਾਕਵਾਲੁ ਕਰਿ ਭਖ ਅਭਖੀ।
ਗੁਰ ਪਰਸਾਦੀ ਉਬਰੇ ਗੁਰ ਸਿਖਾ ਲਖੀ ॥ ੧੫ ।।

---

੧ ਭਾਈ। ੨ ਦੁਸ਼ਮਨ ਹੋ ਜਾਂਦੇ ਹਨ। ੩ ਖੋਟੀ ਬੁਧੀ। ੪ ਅਪਵਿਤਰ। ੫ ਛੁੱਟੜ ।। ੬ (ਪਰਮੇਸ਼ਰ ਦੇ) ਦਰ ਤੋਂ। ੭ ਦੋਜ਼ਖ ਵਿਚ ਘਰ ਮਿਲਦਾ ਹੈ। ੮ ਕਣੀ ਕੁ। ੯ ਹਜ਼ਾਰ। ੧੦ ਨਾਸ਼ ਕਰਦਾ ਹੈ। ੧੧ ਲਾਖ ਤੋਂ ਰੁਖ ਦਾ ਨਾਸ਼। ੧੨ ਸੁਦਾਈ। ੧੩ ਨ ਜਰੀ ਜਾਣ ਯੋਗ। ੧੪ ਭੰਡਾਰਿਆਂ ਦੀ ਝਾਕ ਖਾਣ ਯੋਗ ਨਹੀਂ (ਪਰ ਜਿਸ ਨੂੰ) ਚੱਖਣ ਦੀ ਚੁਖ (ਚਾਹ) ਹੋਵੇ ੧੫ ਉਲਟੀ। ੧੬ ਕੱਖ। ੧੭ ਝਾਕ ਵਾਲਾ ਝਾਕ ਨੂੰ ਹੀ ਤਾੜਦਾ ਤੇ ਅਭਖ ਨੂੰ ਭੱਖ ਸਮਝਦਾ ਹੈ।

Digitized by Panjab Digital Library | www.panjabdigilib.org

## ਪਉੜੀ ੧੬

[ਧਰਮਸਾਲ ਦੀ ਝਾਕ ਰਖਣ ਵਾਲਿਆਂ ਦਾ ਲੱਛਣ]

ਜਿਉ ਘੁਣ ਖਾਧੀ ਲਕੜੀ ਵਿਣੁ ਤਾਣਿ[1] ਨਿਤਾਣੀ।
ਜਾਣੁ ਡਰਾਵਾ ਖੇਤ ਵਿਚਿ ਨਿਰਜੀਉ ਪਰਾਣੀ।
[2]ਜਿਉ ਧੂਅਰੁ ਝੜੁਵਾਲ ਦੀ ਕਿਉ ਵਰਸੈ ਪਾਣੀ।
ਜਿਉ ਥਣ ਗਲ ਵਿਚਿ ਬਕਰੀ ਦੁਹਿ ਦੁਧੁ ਨ ਆਣੀ।
ਝਾਕੇ ਅੰਦਰਿ ਝਾਕਵਾਲੁ ਤਿਸ ਕਿਆ ਨੀਸਾਣੀ।
[3]ਜਿਉ ਚਮੁਚਟੈ ਗਾਇ ਮਹਿ ਉਹ ਭਰਮਿ ਭੁਲਾਣੀ ॥੧੬॥

## ਪਉੜੀ ੧੭

[ਸਾਧ ਅਸਾਧ ਪਰੀਖਿਆ]

ਗੁਛਾ ਹੋਇ ਧ੍ਰਿਕਾਨੂਆ ਕਿਉ ਵੁੜੀਐ[4] ਦਾਖੈ।
ਅਕੈ ਕੇਰੀ ਖਖੜੀ ਕੋਈ ਅੰਬੁ ਨ ਆਖੈ।
ਗਹਣੇ ਜਿਉ ਜਰਪੋਸ[5] ਦੇ ਨਹੀ ਸੋਇਨ ਸਾਖੈ[6]।
ਫਟਕ[7] ਨ ਪੁਜਨਿ ਹੀਰਿਆ[8] ਓਇ ਭਰੇ ਬਿਆਖੈ।
ਧਉਲੇ ਦਿਸਨਿ ਛਾਹਿ ਦੁਧੁ ਸਾਦਹੁ ਗੁਣ[9] ਗਾਖੈ।
ਤਿਉ ਸਾਧ ਅਸਾਧ ਪਰਖੀਅਨਿ ਕਰਤੂਤਿ ਸੁ[10] ਭਾਖੈ॥੧੭॥

## ਪਉੜੀ ੧੮

[ਚਾਰ ਵਰਣ ਵਿਚ ਸਾਧ]

ਸਾਵੇ ਪੀਲੇ ਪਾਨ ਹਹਿ ਓਇ ਵੇਲਹੁ ਤੁਟੈ।
ਚਿਤਮਿਤਾਲੇ ਫੋਫਲੇ[11] ਫਲ ਬਿਰਖਹੁੰ ਛੁਟੈ।
ਕਥ [12]ਹੁਰੇਹੀ ਭੂਸਲੀ ਦੇ ਚਾਵਲ ਚੁਟੈ[13]।

---

੧ ਤਾਕਤ। ੨ ਧੂਏਂ ਦੇ ਬੱਦਲ ਤੋਂ। ੩ ਗਊ ਮਹਿੰ ਜਿਵੇਂ ਤੂੜੀ ਭਰੇ ਚੰਮ ਨੂੰ ਵੱਛਾ-ਕੱਟਾ ਜਾਣ ਚੱਟਦੀ ਹੈ। ੪ ਆਖੀਏ। ੫ ਮੁਲੰਮੇ। ੬ ਵਰਗੇ। ੭ ਬਿਲੌਰ। ੮ ਉਹ ਬੇਅੰਤ ਮੁਲ ਦੇ ਭਰੇ ਹਨ। ੯ ਵਿਚਾਰ ਹੁੰਦੀ ਹੈ। ੧੦ ਜਾਣੇ ਜਾਂਦੇ ਹਨ। ੧੧ ਸੁਪਾਰੀਆਂ। ੧੨ ਹਰੇ ਤੇ ਭੂਰੇ ਰੰਗ ਦੀ। ੧੩ ਚੁਟਕੀ।

Digitized by Panjab Digital Library | www.panjabdigilib.org

ਚੂਨਾ ਦਿਸੈ ਉਜਲਾ [1]ਦਹਿ ਪਥਰੁ ਕੁਟੈ।
ਆਪੁ ਗਵਾਇ ਸਮਾਇ ਮਿਲਿ ਰੰਗੁ[2] ਚੀਚ ਵਹੁਟੈ।
ਤਿਉਚਹੁਵਰਨਾਵਿਚਿਸਾਧਹਹਿਗੁਰਮੁਖਿਮੁਹਜੁਟੈ॥੧੮॥

## ਪਉੜੀ ੧੯

{ਸਾਂਗੀ ਸਾਧ}

ਚਾਕਰ ਸਭ ਸਦਾਇੰਦੇ ਸਾਹਿਬ ਦਰਬਾਰੇ।
ਨਿਵਿ ਨਿਵਿ ਕਰਨਿ ਜੁਹਾਰੀਆ ਸਭ ਸੈ ਹਥੀਆਰੇ।
ਮਜਲਸ ਬਹਿ ਬਾਫਾਇੰਦੇ[3] ਬੋਲ ਬੋਲਨਿ ਭਾਰੇ।
ਗਲੀਏ ਤੁਰੇ ਨਚਾਇੰਦੇ ਗਜਗਾਹ[4] ਸਵਾਰੇ।
ਰਣ ਵਿਚਿ ਪਾਇਆਂ ਜਾਣੀਅਨਿ ਜੋਧ ਭਜਣ ਹਾਰੇ।
ਤਿਉ ਸਾਂਗਿ ਸਿਞਾਪਨਿ ਸਨਮੁਖਾ ਬੇਮੁਖ ਹਤਿਆਰੇ॥੧੯॥

## ਪਉੜੀ ੨੦

[ਗੁਰੂ ਸਾਂਗ]

ਜੇ ਮਾਂ ਹੋਵੈ ਜਾਰਨੀ[5] ਕਿਉ ਪੁਤੁ ਪਤਾਰੇ[6]।
ਗਾਈ ਮਾਣਕੁ ਨਿਗਲਿਆ ਪੇਟੁ ਪਾੜਿ ਨ ਮਾਰੇ।
ਜੇ ਪਿਰੁ ਬਹੁ ਘਰੁ ਹੰਢਣਾ ਸਤੁ ਰਖੇ ਨਾਰੇ।
ਅਮਰੁ[7] ਚਲਾਵੈ ਚੰਮ ਦੇ ਚਾਕਰ ਵੇਚਾਰੇ[8]।
ਜੇ ਮਦੁ ਪੀਤਾ ਬਾਮਣੀ [9]ਲੋਇ ਲੁਝਨਿ ਸਾਰੇ।
ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ॥੨੦॥

## ਪਉੜੀ ੨੧

[ਸਾਂਗ ਵਿਚ ਸਾਬਤ ਵਿਰਲੇ]

ਧਰਤੀ ਉਪਰਿ ਕੋਟਗੜ ਭੁਇਚਾਲ ਕੰਮੰਦੇ।

---

੧ ਸੜ ਕੇ ਪੱਥਰ ਪੁਰ ਕੁਟੀਦੀ ਹੈ। ੨ ਚੀਚ ਵਹੁਟੀ ਵਾਂਗ ਲਾਲ ਰੰਗ। ੩ ਦਮਗਜੇ ਮਾਰਦੇ ਹਨ। ੪ ਹਾਥੀ। ੫ ਵਿਭਚਾਰਨੀ। ੬ ਨਿੰਦਾ ਕਰੇ। ੭ ਹੁਕਮ। ੮ ਲਾਚਾਰ। ੯ ਸਭ ਦੀਆਂ ਅੱਖਾਂ ਸ਼ਰਮਾਉਂਦੀਆਂ ਹਨ। ੧੦ ਕੰਬਦੇ ਹਨ।

Digitized by Panjab Digital Library | www.panjabdigilib.org

ਝਖੜਿ ਆਏ ਤਰੁਵਰਾ ਸਰਬਤ ਹਲੰਦੇ।
[1]ਡਵਿ ਲਗੈ ਉਜਾੜਿ ਵਿਚਿ ਸਭ ਘਾਹ ਜਲੰਦੇ।
ਹੜ ਆਏ ਕਿਨਿ ਥੰਮੀਅਨਿ ਦਰੀਆਉ ਵਹੰਦੇ।
[2]ਅੰਬਰਿ ਪਾਟੇ ਥਿਗਲੀ ਕੂੜਿਆਰ ਕਰੰਦੇ।
ਸਾਂਗੈ ਅੰਦਰਿ ਸਾਬਤੇ ਸੇ ਵਿਰਲੇ ਬੰਦੇ॥ ੨੧ ॥

## ਪਉੜੀ ੨੨

{ਜੇ ਗੁਰੂ ਸਾਂਗ ਵਰਤਾਏ ਤਾਂ ਸਿਖ ਵਿਚਾਰਾ ਕੀ ਕਰ ਸਕਦਾ ਹੈ ?}

ਜੇ ਮਾਉ ਪੁਤੈ ਵਿਸੁ ਦੇ ਤਿਸਤੇ ਕਿਸੁ ਪਿਆਰਾ।
ਜੇ ਘਰੁ ਭੰਨੈ ਪਾਹਰੂ ਕਉਣੁ ਰਖਣਹਾਰਾ।
ਬੇੜੀ ਡੋਬੈ ਪਾਤਣੀ[3] ਕਿਉ ਪਾਰਿ ਉਤਾਰਾ।
ਆਗੂ ਲੈ ਉਝੜਿ[4] ਪਵੈ ਕਿਸੁ ਕਰੈ ਪੁਕਾਰਾ।
ਜੇਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ[5]।
ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ॥੨੨॥

## ਪਉੜੀ ੨੩

{ਸਾਂਗ ਵਿਚ ਸਾਬਤ ਉਹ ਰਹਿੰਦਾ ਹੈ ਜਿਸਤੇ ਗੁਰੂ ਕਿਰਪਾ ਹੋਵੇ}

[6]ਜਲ ਵਿਚਿ ਕਾਗਦ ਲੂਣ ਜਿਉ ਘਿਅ ਚੋਪੜਿ ਪਾਏ।
ਦੀਵੇ ਵਟੀ ਤੇਲੁ ਦੇ ਸਭ ਰਾਤਿ ਜਲਾਏ।
[7]ਵਾਇ ਮੰਡਲ ਜਿਉ ਡੋਰ ਫੜਿ ਗੁਡੀ ਓਡਾਏ।
[8]ਮੁਹ ਵਿਚਿ ਗਰੜ ਦੁਗਾਰੁ ਪਾਇ ਜਿਉ ਸਪੁ ਲੜਾਏ।
ਰਾਜਾ ਫਿਰੈ ਫਕੀਰੁ ਹੋਇ ਸੁਣਿ ਦੁਖਿ ਮਿਟਾਏ।
ਸਾਂਗੈ ਅੰਦਰਿ ਸਾਬਤਾ ਜਿਸੁ ਗੁਰੂ ਸਹਾਏ॥ ੨੩ ॥ ੩੫ ॥

---

੧ ਅੱਗ। ੨ ਪਾਟੇ ਅਸਮਾਨ ਵਿਚ ਟਾਕੀਆਂ, ਅਜਿਹੇ ਕਾਰਨਾਮੇ ਝੂਠੇ ਆਦਮੀ ਹੀ ਕਰ ਸਕਦੇ ਹਨ। ੩ ਮਲਾਹ। ੪ ਉਜਾੜ। ੫ ਖਬਰ। ੬ ਲੂਣ ਤੇ ਕਾਗਜ਼ ਘਿਉ ਨਾਲ ਚੋਪੜ ਕੇ ਪਾਣੀ ਪਾਈਏ (ਤਾਂ ਨਹੀਂ ਗਲਦਾ)। ੭ ਹਵਾ ਦੇ ਮੰਡਲ ਆਕਾਸ਼ ਵਿਚ। ੮ ਸੱਪਾ ਦੀ ਮਣੀ ਮੂੰਹ ਵਿਚ ਪਾਈਏ ਤਾਂ ਜਿਵੇਂ ਸੱਪ ਨਹੀਂ ਲੜਦਾ।

Digitized by Panjab Digital Library | www.panjabdigilib.org

# ਵਾਰ ੩੬

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਮੀਣਾ-ਮੂੰਹ-ਕਾਲਾ]

ਤੀਰਥ ਮਝਿ ਨਿਵਾਸੁ ਹੈ ਬਗੁਲਾ ਅਪਤੀਣਾ[1]।
[2]ਲਵੈ ਬਬੀਹਾ ਵਰਸਦੈ ਜਲ ਜਾਇ ਨ ਪੀਣਾ।
ਵਾਸ ਸੁਗੰਧਿ ਨ ਹੋਵਈ[3] ਪਰਮਲ ਸੰਗਿ ਲੀਣਾ।
[4]ਘੁਘੂ ਸੁਝੁ ਨ ਸੁਝਈ ਕਰਮਾ ਦਾ ਹੀਣਾ।
ਨਾਭਿ ਕਥੂਰੀ ਮਿਰਗ ਦੇ ਵਤੈ ਓਡੀਣਾ[5]।
ਸਤਿਗੁਰ ਸਚਾ ਪਾਤਿਸਾਹੁ ਮੁਹੁ ਕਾਲੈ ਮੀਣਾ[6]।

## ਪਉੜੀ ੨

[ਮੀਣੇ ਦਾ ਝੂਠਾ ਪਾਜ ਉਘੜ ਜਾਵੇਗਾ]

ਨੀਲਾਰੀ ਦੇ ਮਟ ਵਿਚਿ ਪੈ ਗਿਦੜੁ ਰਤਾ।
ਜੰਗਲ ਅੰਦਰਿ ਜਾਇਕੈ ਪਾਖੰਡੁ ਕਮਤਾ।
ਦਰਿ ਸੇਵੈ ਮਿਰਗਾਵਲੀ[7] ਹੋਇ ਬਹੈ ਅਵਤਾ[8]।
ਕਰੈ ਹਕੂਮਤਿ ਅਗਲੀ[9] ਕੂੜੈ ਮਦਿ ਮਤਾ।
ਬੋਲਣਿ ਪਾਜ ਉਘਾੜਿਆ ਜਿਉ [10]ਮੂਲੀ ਪਤਾ।
ਤਿਉ ਦਰਗਹਿ ਮੀਣਾ ਮਾਰੀਐ ਕਰਿ ਕੂੜੁ ਕੁਪਤਾ ॥ ੨ ॥

---

੧ ਬੇਪ੍ਰਤੀਤਾ। ੨ ਟੀਂ ਟੀਂ ਕਰਦਾ ਹੈ। ੩ ਚੰਦਨ ਦੇ ਨਾਲ ਲੀਨ ਹੋਇਆ ਰਹੇ। ੪ ਉੱਲੂ ਨੂੰ ਸੂਰਜ ਨਹੀਂ ਸੁਝਦਾ। ੫ ਉਦਾਸੀਨ। ੬ ਇਕ ਜਰਾਇਮ ਪੇਸ਼ਾ ਕੌਮ ਦਾ ਨਾਂ, ਜੋ ਕਪਟ ਤੇ ਛਲ ਨਾਲ ਮੁਸਾਫਿਰਾ ਨੂੰ ਲੁਟ ਲੈਂਦੀ ਸੀ। ਇਸ ਦਾ ਅਰਥ ਮੀਸਣਾ ਭੀ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਪ੍ਰਿਥੀ ਚੰਦ ਨੂੰ ਕਪਟੀ ਹੋਣ ਕਰਕੇ 'ਮੀਣਾ' ਕਿਹਾ ਸੀ। ੭ ਹਰਨਾਂ ਦੀ ਡਾਰ। ੮ ਆਕੜ ਕੇ। ੯ ਬਹੁਤ ਹੀ। ੧੦ ਮੂਲੀ ਦੇ ਡਕਾਰ ਆਉਣ।

Digitized by Panjab Digital Library | www.panjabdigilib.org

## ਪਉੜੀ ੩

[ਮੀਣਾ-ਸਚੀ ਸੰਗਤ ਨਹੀਂ ਬਣਾ ਸਕਦਾ]

ਚੋਰੁ ਕਰੈ ਨਿਤ ਚੋਰੀਆ ਓੜਕਿ[1] ਦੁਖ ਭਾਰੀ।
ਨਕੁ ਕੰਨੁ ਫੜਿ ਵਢੀਐ ਰਾਵੈ[2] ਪਰਨਾਰੀ।
[3]ਅਉਘਟਰੁਧੇਮਿਰਗਜਿਉ[4]ਵਿਤੁਹਾਰਿਜੂਆਰੀ।
ਲੰਙੀਕੁਹਲਿ[5] ਨ ਆਵਈ [6]ਪਰ ਵੇਲਿ ਪਿਆਰੀ।
ਵਗ ਨ ਹੋਵਨਿ ਕੁਤੀਆ ਮੀਣੇ ਮੁਰਦਾਰੀ[7]।
ਪਾਪਹੁ ਮੂਲਿ ਨ ਤਰੀਐ [8]ਹੋਇ ਅੰਤਿ ਖੁਆਰੀ ॥ ੩ ।

## ਪਉੜੀ ੪

[ਮੀਣਾ ਅੰਤ ਨੂੰ ਜਮਪੁਰ ਜਾਏਗਾ]

ਚਾਨਣਿ ਚੰਦ ਨ ਪੁਜਈ ਚਮਕੈ ਟਾਨਾਣਾ।
ਸਾਇਰ ਬੂੰਦ ਬਰਾਬਰੀ ਕਿਉ ਆਖਿ ਵਖਾਣਾ।
ਕੀੜੀ ਇਭ[9] ਨ ਅਪੜੈ ਕੂੜਾ ਤਿਸੁ ਮਾਣਾ।
ਨਾਨੇਹਾਲੁ ਵਖਾਣਦਾ ਮਾ ਪਾਸਿ ਇਆਣਾ।
ਜਿਨਿ ਤੂੰਸਾਜਿ ਨਿਵਾਜਿਆ ਦੇ [10]ਪਿੰਡੁ ਪਰਾਣਾ।
ਮੁਢਹੁ ਘੁਥਹੁ ਮੀਣਿਆ ਤੁਧੁ ਜਮਪੁਰਿ ਜਾਣਾ ॥ ੪ ॥

## ਪਉੜੀ ੫

[ਮੀਣੇ ਦੀ ਸੰਗਤ ਖੋਟੀ ਤੇ ਦੁਖਦਾਈ ਹੈ]

ਕੈਹਾ ਦਿਸੈ ਉਜਲਾ [11]ਮਸੁ ਅੰਦਰਿ ਚਿਤੈ।
ਹਰਿਆ ਤਿਲੁ ਬੂਆੜ ਜਿਉ ਫਲੁ ਕੰਮ ਨ ਕਿਤੈ।
ਜੇਹੀ ਕਲੀ ਕਨੇਰ ਦੀ [12]ਮਨ ਤਨ ਦੁਹੁ ਭਿਤੈ।
ਪੇਂਝੂ ਦਿਸਨਿ ਰੰਗੁਲੇ ਮਰੀਐ ਅਗਲਿਤੈ[13]।

---

੧ ਅੰਤ ਨੂੰ। ੨ ਭੋਗਦਾ ਹੈ। ੩ ਔਖੀ ਘੜੀ ਵਿਚ ਫਸੇ। ੪ ਧਨ ਹਾਰ ਚੁਕੇ ਜੂਏਬਾਜ਼। ੫ ਸੋਹਣੀ ਚਾਲ। ੬ ਪਰਾਈ ਇਸਤਰੀ ਪਿਆਰੀ ਲਗਦੀ ਹੈ। ੭ ਮੁਰਦੇ ਖਾਣ ਵਾਲੇ। ੮ ਉੱਧਾਰ ਨਹੀਂ ਹੁੰਦਾ। ੯ ਹਾਥੀ। ੧੦ ਸਰੀਰ ਤੇ ਪ੍ਰਾਣ। ੧੧ ਅੰਦਰ ਕਾਲਖ ਚਿੱਤਰੀ ਹੋਈ ਹੈ। ੧੨ ਮਨ ਤੇ ਤਨ ਦੋ ਤਰ੍ਹਾਂ ਦੀ ਹੈ। ੧੩ ਬਹੁਤੇ ਖਾਣ ਨਾਲ।

Digitized by Panjab Digital Library | www.panjabdigilib.org

ਖਰੀ ਸੁਆਲਿਓ[1] ਵੇਸੁਆ ਜੀਅ ਬਝਾ ਇਤੈ।
ਖੋਟੀ ਸੰਗਤਿ ਮੀਣਿਆ ਦੁਖ ਦੇਂਦੀ ਮਿਤੈ॥ ੫॥

## ਪਉੜੀ ੬

[ਮੀਣੇ ਦਾ ਪੰਥ ਨਰਕ ਨੂੰ ਲਿਜਾਂਦਾ ਹੈ]

ਬਧਿਕੁ ਨਾਦੁ ਸੁਣਾਇਕੈ ਜਿਉ ਮਿਰਗੁ ਵਿਸਾਹੈ[2]।
ਝੀਵਰੁ ਕੁੰਡੀ ਮਾਸੁ ਲਾਇ ਜਿਉ ਮਛੀ ਫਾਹੈ।
ਕਵਲੁ ਦਿਖਾਲੈ ਮੁਹ ਖਿੜਾਇ ਭਵਰੈ ਵੇਸਾਹੈ[3]।
ਦੀਪਕ ਜੋਤਿ ਪਤੰਗ ਨੋ [4]ਦੁਰਜਨ ਜਿਉ ਦਾਹੈ।
ਕਾਲਬੂਤ[5] ਹੋਇ ਹਸਤਨੀ [6]ਮੈਗਲੁ ਓਮਾਹੈ।
ਤਿਉ ਨਕਟ ਪੰਥੁ ਹੈ ਮੀਣਿਆ ਮਿਲਿ ਨਰਕਿ ਨਿਬਾਹੈ॥੬॥

## ਪਉੜੀ ੭

{ਮੀਣੇ ਦੀ ਸੰਗਤ ਨਿਰਾਸ ਕਰਦੀ ਹੈ}

[7]ਹਰਿ ਚੰਦੁਉਰੀ ਦੇਖਿਕੈ ਕਰਦੇ ਭਰਵਾਸਾ।
ਥਲ ਵਿਚ ਤਪਨ ਭਠੀਆ ਕਿਉ ਲਹੈ ਪਿਆਸਾ।
ਸੁਹਣੇ[8] ਰਾਜੁ ਕਮਾਈਐ ਕਰਿ ਭੋਗ ਬਿਲਾਸਾ।
ਛਾਇਆ ਬਿਰਖੁ ਨ ਰਹੈ ਥਿਰੁ ਪੁਜੇ ਕਿਉ ਆਸਾ।
ਬਾਜੀਗਰ ਦੀ ਖੇਡ ਜਿਉ ਸਭੁ ਕੂੜੁ ਤਮਾਸਾ।
ਰਲੈ ਜੁ ਸੰਗਤਿ ਮੀਣਿਆ ਉਠਿ ਚਲੈ ਨਿਰਾਸਾ॥ ੭॥

## ਪਉੜੀ ੮

{ਮੀਣੇ ਗੁਰੂ ਫਿਟਕੇ ਹਨ}

ਕੋਇਲ ਕਾਂਉ ਰਲਾਈਅਨਿ ਕਿਉ ਹੋਵਨਿ ਇਕੈ।
ਤਿਉ ਨਿੰਦਕ ਜਗ ਜਾਣੀਅਨਿ ਬੋਲਿ ਬੋਲਣਿ ਫਿਕੈ।

---

੧ ਸੁੰਦਰ। ੨ ਪਕੜਦਾ ਹੈ। ੩ ਭਰੋਸਾ ਬਨ੍ਹਾਉਂਦਾ ਹੈ। ੪ ਵੈਰੀ ਵਾਂਗ ਸਾੜ ਸੁਟ ਦੀ ਹੈ। ੫ ਕਾਗਜ਼ ਦੀ ਬਣੀ ਹੋਈ। ੬ ਹਾਥੀ ਦਾ ਦਿਲ ਖੁਸ਼ ਕਰਦੀ ਹੈ। ੭ ਹਰੀ ਚੰਦ ਦੀ ਨਗਰੀ (ਭਰਮ ਦੀ ਨਗਰੀ)। ੮ ਸੁਪਨੇ ਵਿਚ।

Digitized by Panjab Digital Library | www.panjabdigilib.org

ਬਗੁਲੇ ਹੰਸੁ ਬਰਾਬਰੀ [1]ਕਿਉ ਮਿਕਨਿ ਮਿਕੈ।
ਤਿਉ ਬੇਮੁਖ ਚੁਣਿ ਕਢੀਅਨਿ ਮੁਹਿ ਕਾਲੇ ਟਿਕੈ।
ਕਿਆ ਨੀਸਾਣੀ ਮੀਣਿਆ [2]ਖੋਟੁ ਸਾਲੀ ਸਿਕੈ।
ਸਿਰਿ ਸਿਰਿ ਪਾਹਣੀ[3] ਮਾਰੀਅਨਿ ਓਇ ਪੀਰ ਫਿਟਿਕੈ ॥ ੮ ॥

## ਪਉੜੀ ੯

{ਗੁਰੂ ਹੀਨ ਹੋ ਕੇ ਗੁਰੂ ਸਦਾਉਣਾ}

ਰਾਤੀ ਨੀਗਰ ਖੇਲਦੇ ਸਭ ਹੋਇ ਇਕਠੇ।
ਰਾਜਾ ਪਰਜਾ ਹੋਵਦੇ ਕਰਿ ਸਾਂਗ ਉਪਠੇ[4]।
ਇਕਿ ਲਸਕਰ ਲੈ ਧਾਵਦੇ ਇਕਿ ਫਿਰਦੇ ਨਠੇ।
ਠੀਕਰੀਆ ਹਾਲੇ[5] ਭਰਨਿ ਉਇ ਖਰੇ ਅਸਠੇ[6]।
ਖਿਨ ਵਿਚਿ ਖੇਡ ਉਜਾੜਿਦੇ ਘਰੁ ਘਰੁ ਨੂੰ ਤ੍ਰਠੇ[7]।
ਵਿਣੁ ਗੁਣੁ ਗੁਰੂ ਸਦਾਇਦੇ ਓਇ ਖੋਟੇ ਮਠੇ[8] ॥ ੯ ॥

## ਪਉੜੀ ੧੦

[ਗੁਰੂ ਹੀਣਿਆਂ ਦੇ ਚੇਲੇ ਨਿਰਾਸ ਹੋ ਜਾਂਦੇ ਹਨ]

ਉਚਾ ਲੰਮਾ ਝੰਟੁਲਾ[9] ਵਿਚਿ ਬਾਗ ਦਿਸੰਦਾ।
ਮੋਟਾ ਮੁਢੁ ਪਤਾਲ ਜੜਿ ਬਹੁ ਗਰਬ ਕਰੰਦਾ।
ਪਤ ਸੁਪਤਰ[10] ਸੋਹਣੇ ਵਿਸਥਾਰੁ ਬਣੰਦਾ।
ਫੁਲ ਰਤੇ ਫਲ ਬਕਬਕੇ ਹੋਇ [11]ਅਫਲ ਫਲੰਦਾ।
ਸਾਵਾ ਤੋਤਾ ਚੁਹਚੁਹਾ[12] ਤਿਸੁ ਦੇਖਿ ਭੁਲੰਦਾ।
ਪਿਛੋ ਦੇ ਪਛੁਤਾਇਦਾ ਓਹੁ ਫਲੁ ਨ ਲਹੰਦਾ ॥ ੧੦ ॥

---

੧ (ਉਨ੍ਹਾਂ ਦੇ) ਮਾਪ ਨਾਲ ਕਿਵੇਂ ਮਾਪਿਆ ਜਾ ਸਕਦਾ ਹੈ। ੨ ਖੋਟੀ ਟਕਸਾਲ ਦੇ ਰੁਪਈਏ ਵਾਂਗ। ੩ ਜੁਤੀ। ੪ ਪੁਠੇ ਪੁਠੇ। ੫ ਮਹਿਸੂਲ। ੬ ਸਿਆਣੇ। ੭ ਨੱਸ ਕੇ। ੮ ਆਲਸੀ ਢੱਗੇ। ੯ ਸੰਘਣਾ। ੧੦ ਸਾਵੇ। ੧੧ ਫਲਦਾ ਹੋਇਆ ਭੀ ਨਿਹਫਲ ਹੀ ਹੈ। ੧੨ ਚਹਿ ਚਹਿ ਕਰਦਾ।

Digitized by Panjab Digital Library | www.panjabdigilib.org

## ਪਉੜੀ ੧੧

[ਗੁਰੂ ਹੀਨ ਹੀਜੜੇ ਹਨ]

ਪਹਿਨੇ ਪੰਜੇ ਕਪੜੇ ਪੁਰਸਾਵਾਂ ਵੇਸੁ।
ਮੁਛਾ ਦਾੜੀ ਸੋਹਣੀ ਬਹੁ [੧]ਦੁਰਬਲ ਵੇਸੁ।
ਸੈ ਹਥਿਆਰੀ ਸੂਰਮਾ [੨]ਪੰਚੀ ਪਰਵੇਸੁ।
[੩]ਮਾਹਰੁ ਦੜ ਦੀਬਾਨ ਵਿਚਿ ਜਾਣੈ ਸਭੁ ਦੇਸੁ।
[੪]ਪੂਰਣ ਗੁਣ ਪੁਰਖਤੁ ਵਿਣੁ ਕਾਮਣਿ ਕਿ ਕਰੇਸੁ।
ਵਿਣੁ ਗੁਣ ਗੁਰੂ ਸਦਾਇਦੇ ਕਉਣ ਕਰੇ ਅਦੇਸੁ ॥੧੧॥

## ਪਉੜੀ ੧੨

{ਸ਼ਹੁ ਸੇਵਾ ਕਰਨ ਨਾਲ ਮਿਲਦਾ ਹੈ}

ਗਲੀ ਜੇ ਸਹੁ ਪਾਈਐ ਤੋਤਾ ਕਿਉ ਫਾਸੈ।
ਮਿਲੈ ਨ ਬਹੁਤੁ ਸਿਆਣਪੈ ਕਾਉ ਗੁਹੁ ਗਿਰਾਸੈ।
ਜੋਰਾਵਰੀ ਨ ਜਿਪਈ [੫]ਸ਼ੀਹ ਸਹਾ ਵਿਣਾਸੈ।
ਗੀਤ ਕਵਿਤੁ ਨ ਭਿਜਈ [੬]ਭਟ ਭੇਖ ਉਦਾਸੈ।
ਜੋਬਨ ਰੂਪੁ ਨ ਮੋਹੀਐ [੭]ਰੰਗੁ ਕੁਸੁੰਭ ਦੁਰਾਸੈ।
ਵਿਣੁ ਸੇਵਾ ਦੋਹਾਗਣੀ ਪਿਰੁ ਮਿਲੈ ਨ ਹਾਸੈ ॥ ੧੨ ॥

## ਪਉੜੀ ੧੩

{ਮੁਕਤੀ ਦੇ ਸਾਰੇ ਸਾਧਨ ਨਿਸਫਲ ਹਨ}

ਸਿਰ ਤਲਵਾਇਆਂ ਪਾਈਐ ਚਮਗਿੱਦੜ ਜੂਹੇ[੮]।
[੯]ਮੜੀ ਮਸਾਣੀ ਜੇ ਮਿਲੈ ਵਿਚਿ ਖੁਡਾ ਚੂਹੇ।
ਮਿਲੈ ਨ ਵਡੀ ਆਰਜਾ [੧੦]ਬਿਸੀਅਰੁ ਵਿਹੁ ਲੂਹੇ।

---

੧ ਛੀਟਕਾ ਜਿਹਾ ਸਰੀਰ। ੨ ਪੈਂਚਾਂ ਵਿਚ ਗਿਣਿਆ ਜਾਣ ਲਗ ਪਵੇ। ੩ ਦੜੇ-ਦੀਵਾਨਾਂ, ਭਾਵ ਕਚਹਿਰੀਆਂ ਵਿਚ ਚੌਧਰੀ। ੪ ਮਰਦਊ ਤੋਂ ਬਿਨਾਂ ਉਸ ਨੂੰ ਮਰਦ ਨ ਗਿਣੋ, ਉਹ ਵਹੁਟੀ ਦੇ ਕੰਮ ਦਾ ਨਹੀਂ। ੫ ਸਹੇ ਨੇ ਦੌੜੇ ਖੂਹ ਉਤੇ ਸ਼ੇਰ ਨੂੰ ਲਿਜਾ ਕੇ, ਉਸ ਨੂੰ ਮਾਰ ਲਿਆ। ੬ ਭੱਟ ਉਦਾਸੀ ਭੇਖ ਕਿਉਂ ਲੈਣ ? ੭ ਕਸੁੰਭੇ ਦਾ ਰੰਗ ਨਾਸ਼ ਹੀ ਹੁੰਦਾ ਹੈ। ੮ ਜੰਗਲਾਂ ਵਿਚ। ੯ ਜੇ ਮਸਾਣਾਂ ਵਿਚ ਵਸਿਆਂ ਮੁਕਤੀ ਮਿਲ ਜਾਂਦੀ ਹੋਵੇ ਤਾਂ ਚੂਹਿਆ ਨੂੰ ਖੁਡਾਂ ਵਿਚ ਹੀ ਮਿਲ ਜਾਵੇ। ੧੦ ਸੱਪ ਜ਼ਹਿਰ ਵਿਚ ਹੀ ਸੜਿਆ ਰਹਿੰਦਾ ਹੈ।

Digitized by Panjab Digital Library | www.panjabdigilib.org

ਹੋਇ ਕੁਚੀਲੁ ਵਰਤੀਐ ਖਰ ਸੂਰ [1]ਭਸੂਹੇ।
ਕੰਦ ਮੂਲ ਚਿਤੁ ਲਾਈਐ [2]ਅਈਅੜ ਵਣੁ ਧੂਹੇ।
ਵਿਣੁ ਗੁਰ ਮੁਕਤਿ ਨ ਹੋਵਈ ਜਿਉ ਘਰੁ ਵਿਣੁ ਬੂਹੇ ॥੧੩॥

## ਪਉੜੀ ੧੪

{ਤਪਾਂ, ਹਠਾਂ ਤੇ ਭੇਖਾਂ ਨਾਲ ਮੁਕਤਿ ਨਹੀਂ}

ਮਿਲੈ ਜਿ ਤੀਰਥਿ ਨਾਤਿਆ ਡਡਾਂ ਜਲ ਵਾਸੀ।
ਵਾਲ ਵਧਾਇਆ ਪਾਈਐ [3]ਬੜ ਜਟਾਂ ਪਲਾਸੀ।
ਨੰਗੇ ਰਹਿਆ ਜੇ ਮਿਲੈ ਵਣਿ ਮਿਰਗ ਉਦਾਸੀ।
ਭਸਮ ਲਾਇ ਜੇ ਪਾਈਐ ਖਰੁ ਖੇਹ ਨਿਵਾਸੀ।
ਜੇ ਪਾਈਐ ਚੁਪ ਕੀਤਿਆ ਪਸੂਆਂ ਜੜ ਹਾਸੀ[4]।
ਵਿਣੁ ਗੁਰ ਮੁਕਤਿ ਨ ਹੋਵਈ ਗੁਰ ਮਿਲੈ ਖਲਾਸੀ ॥੧੪॥

## ਪਉੜੀ ੧੫

{ਮੁਕਤੀ ਦੇ ਆਪਣੇ ਸਾਧਨ ਨਿਸਫਲ ਹਨ}

ਜੜੀ ਬੂਟੀ ਜੇ ਜੀਵੀਐ ਕਿਉ ਮਰੈ ਧਨੰਤਰੁ।
ਤੰਤੁ ਮੰਤੁ ਬਾਜੀਗਰਾਂ ਓਇ ਭਵਹਿ ਦਿਸੰਤਰੁ।
[5]ਰੁਖੀਂ ਬਿਰਖੀਂ ਪਾਈਐ ਕਾਸਟ ਬੈਸੰਤਰੁ।
ਮਿਲੈ ਨ ਵੀਰਾਰਾਧੁ[6] ਕਰਿ ਠਗ ਚੋਰ ਨ ਅੰਤਰੁ।
ਮਿਲੈ ਨ ਰਾਤੀ ਜਾਗਿਆ [7]ਅਪਰਾਧ ਭਵੰਤਰੁ।
ਵਿਣੁ ਗੁਰ ਮੁਕਤਿ ਨ ਹੋਵਈ ਗੁਰਮੁਖਿ ਅਮਰੰਤਰੁ[8] ॥੧੫॥

---

੧ ਸੁਆਹ ਵਿਚ। ੨ ਅੱਜੜ ਜੰਗਲ ਹੀ ਧੂਹ ਖਾਂਦਾ ਹੈ। ੩ ਬੋਹੜ ਦੀਆਂ ਜਟਾਂ ਪਲਮ ਰਹੀਆਂ ਹਨ। ੪ ਹਨ ਹੀ। ੫ ਪਿੱਪਲ ਆਦਿ ਰੁਖਾਂ ਦੀ ਪੂਜਾ ਤੋਂ ਪ੍ਰਾਪਤ ਹੁੰਦਾ ਹੋਵੇ ਤਾਂ ਉਹਨਾਂ ਦੀਆਂ ਲਕੜਾਂ ਨੂੰ ਅੱਗ ਕਿਉਂ ਲਗੇ। ੬ ਭੂਤਨੇ ਆਦਿ ਪੂਜਣ ਨਾਲ। ੭ ਚੋਰ ਆਦਿ ਅਪਰਾਧੀ ਭੌਂਦੇ ਹੀ ਰਹਿੰਦੇ ਹਨ। ੮ ਅਮਰ ਹਨ ਤੇ ਹੋਰਨਾਂ ਨੂੰ ਅਮਰ ਕਰਦੇ ਹਨ।

Digitized by Panjab Digital Library | www.panjabdigilib.org

## ਪਉੜੀ ੧੬

{ਗੁਰੂ ਬਿਨ ਮੁਕਤੀ ਅਸੰਭਵ}

ਘੰਟੁ ਘੜਾਇਆ ਚੂਹਿਆਂ ਗਲਿ ਬਿਲੀ ਪਾਈਐ।
ਮਤਾ ਮਤਾਇਆ ਮਖੀਆਂ ਘਿਅ ਅੰਦਰਿ ਨਾਈਐ।
ਸੂਤਕੁ ਲਹੈ ਨ ਕੀੜਿਆਂ ਕਿਉ [1]ਝਬੁ ਲੰਘਾਈਐ।
ਸਾਵਣਿ ਰਹਿਣ ਭੰਬੀਰੀਆਂ ਜੇ [2]ਪਾਰਿ ਵਸਾਈਐ।
ਕੂੰਜੜੀਆਂ[3] ਵੈਸਾਖ ਵਿਚਿ ਜਿਉ ਜੂਹ ਪਰਾਈਐ।
ਵਿਣੁ ਗੁਰ ਮੁਕਤਿ ਨ ਹੋਵਈ ਫਿਰਿ ਆਈਐ ਜਾਈਐ ॥ ੧੬ ॥

## ਪਉੜੀ ੧੭

{ਕੂੜ ਦਾ ਪਾਜ ਕੂੜ ਹੈ}

ਜੇ [4]ਖੁਥੀ ਬਿੰਡਾ ਬਹੈ ਕਿਉ ਹੋਇ ਬਜਾਜੁ।
ਕੁਤੇ ਦੇ ਗਲਿ ਵਾਸਣੀ ਨ ਸਰਾਫੀ ਸਾਜੁ।
ਰਤਨਮਣੀ ਗਲਿ ਬਾਂਦਰੈ ਜਉਹਰੀ ਨਹਿ ਕਾਜੁ।
ਗਦਹੁ ਚੰਦਨ ਲਦੀਐ ਨਹਿੰ ਗਾਂਧੀ ਗਾਜੁ[5]।
ਜੇ ਮਖੀ ਮੁਹਿ ਮਕੜੀ ਕਿਉ ਹੋਵੈ ਬਾਜੁ ॥
ਸਚੁ ਸਚਾਵਾਂ ਕਾਂਢੀਐ ਕੂੜਿ ਕੂੜਾ ਪਾਜੁ ॥ ੧੭ ॥

## ਪਉੜੀ ੧੮

{ਜੋ ਅਣਹੋਂਦਾ ਆਪ ਗਣਾਵੇ ਸੋ ਮੂਰਖ ਹੈ}

ਅੰਙਨਿ ਪੁਤੁ ਗਵਾਵਣੀ ਕੂੜਾਵਾ ਮਾਣਾ।
ਪਾਲੀ ਚਉਣਾ ਚਾਰਦਾ ਘਰ [6]ਵਿਤੁ ਨ ਜਾਣਾ।

---

੧ ਸਮਾਂ। ੨ ਜਤਨ ਕਰੀਏ ਭੀ। ੩ ਕੂੰਜਾਂ। ੪ ਕੱਪੜੇ ਦੇ ਥਾਨਾਂ ਦੀ ਢੇਰੀ ਪੁਰ। ੫ ਕਿਹਾ ਜਾਂਦਾ। ੬ ਘਰ ਦੀ ਦੌਲਤ ਨਹੀਂ ਜਾਣ ਸਕਦਾ।

Digitized by Panjab Digital Library | www.panjabdigilib.org

[1]ਬਦਰਾ ਸਿਰਿ ਵੇਗਾਰੀਐ ਨਿਰਧਨੁ ਹੈਰਾਣਾ।
ਜਿਉ ਕਰਿ ਰਾਖਾ ਖੇਤ ਵਿਚਿ ਨਾਹੀ ਕਿਰਸਾਣਾ।
ਪਰ ਘਰੁ ਜਾਣੈ ਆਪਣਾ ਮੂਰਖੁ ਮਿਹਮਾਣਾ।
ਅਣਹੋਦਾ ਆਪੁ ਗਣਾਇਦਾ ਓਹੁ ਵਡਾ ਅਜਾਣਾ ॥੧੮॥

## ਪਉੜੀ ੧੯

{ਅਣਹੋਂਦਾ ਆਪ ਗਣਾਊ ਗਵਾਰ ਹੈ}

[2]ਕੀੜੀ ਵਾਕ ਨ ਥੰਮੀਐ ਹਸਤੀ ਦਾ ਭਾਰੁ।
ਹਥ ਮਰੋੜੇ ਮਖੁ ਕਿਉ ਹੋਵੈ ਸੀਹ ਮਾਰੁ।
ਮਛਰੁ ਡੰਗੁ ਨ ਪੁਜਈ ਬਿਸੀਅਰੁ[3] ਬੁਰਿਆਰੁ।
ਚਿਤ੍ਰੇ ਲਖ ਮਕਉੜਿਆ ਕਿਉ ਹੋਇ ਸਿਕਾਰੁ।
[4]ਜੇ ਜੂਹ ਸਉੜੀ ਸੰਜਰੀ ਰਾਜਾ ਨ ਭਤਾਰੁ।
ਅਣਹੋਦਾ ਆਪੁ ਗਣਾਇਦਾ ਉਹੁ ਵਡਾ ਗਵਾਰੁ ॥੧੯॥

## ਪਉੜੀ ੨੦

{ਗੁਰੂ ਦੀ ਖਰਖ 'ਸਚ' ਹੈ}

ਪੁਤੁ ਜਣੈ ਵੜਿ ਕੋਠੜੀ ਬਾਹਰਿ ਜਗੁ ਜਾਣੈ।
ਧਨੁ ਧਰਤੀ ਵਿਚਿ ਦਬੀਐ ਮਸਤਕੁ ਪਰਵਾਣੈ।
ਵਾਟ ਵਟਾਊ ਆਖਦੇ ਵੁਠੈ ਇੰਦ੍ਰਾਣੈ।
ਸਭੁ ਕੋ ਸੀਸੁ ਨਿਵਾਇਦਾ ਚੜਿਐ ਚੰਦ੍ਰਾਣੈ।
ਗੋਰਖ ਦੇ ਗਲਿ ਗੋਦੜੀ ਜਗੁਨਾਥੁ ਵਖਾਣੈ।
ਗੁਰ ਪਰਚੈ ਗੁਰੁ ਆਖੀਐ ਸਚਿ ਸਚੁ ਸਿਞਾਣੈ ॥ ੨੦॥

---

੧ ਰੁਪਇਆਂ ਦੀ ਥੈਲੀ। ੨ ਪਾਸੋਂ। ੩ ਵੱਡਾ। ੪ ਜੇ ਕਿਸੇ ਦੀ ਸਉੜੀ (ਰਜਾਈ) ਵਿਚ ਜੂਆਂ ਬਹੁਤ ਸੰਜਰ (ਭਰ ਜਾਣ) ਤਾਂ ਉਸ ਦਾ ਮਾਲਕ ਰਾਜਾ ਨਹੀਂ ਹੋ ਸਕਦਾ।

Digitized by Panjab Digital Library | www.panjabdigilib.org

## ਪਉੜੀ ੨੧

{ਮੇਰੇ ਵਿਚ ਸਾਰੇ ਅਉਗੁਣ ਹਨ} [redacted]

ਹਉ ਅਪਰਾਧੀ ਗੁਨਹਗਾਰ ਹਉ ਬੇਮੁਖ ਮੰਦਾ।
ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ।
ਨਿੰਦਕੁ ਦੁਸਟੁ ਸਰਾਮਖੋਰੁ ਠਗੁ ਦੇਸ ਠਗੰਦਾ।
ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।
ਬਿਸਾਸਘਾਤੀ ਅਕਿਰਤਘਣ ਮੈ ਕੋ ਨ ਰਖੰਦਾ।
ਸਿਮਰਿਮੁਰੀਦਾਢਾਢੀਆਸਤਿਗੁਰਬਖਸੰਦਾ॥੨੧॥੩੬॥

Digitized by Panjab Digital Library | www.panjabdigilib.org

# ਵਾਰ ੩੭

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

[ਮੰਗਲਾਚਰਣ, ਕਾਦਰ ਦੇ ਚੋਜ]

ਇਕੁ ਕਵਾਉ[1] ਪਸਾਉ ਕਰਿ ਓਅੰਕਾਰ ਅਕਾਰੁ ਬਨਾਇਆ।
[2]ਅੰਬਰਿ ਧਰਤਿ ਵਿਛੋੜਿਕੈ ਵਿਣੁ ਥੰਮਾ ਆਕਾਸਿ ਰਹਾਇਆ।
ਜਲ ਵਿਚਿ ਧਰਤੀ ਰਖੀਅਨਿ ਧਰਤੀ ਅੰਦਰਿ ਨੀਰੁ ਧਰਾਇਆ।
ਕਾਠੈ ਅੰਦਰਿ ਅਗੁ ਧਰਿ ਅਗੀ ਹੋਂਦੀ ਸੁਫਲੁ ਫਲਾਇਆ।
ਪਉਣ ਪਾਣੀ ਬੈਸੰਤਰੋ ਤਿੰਨੇ ਵੈਰੀ ਮੇਲੁ ਮਿਲਾਇਆ।
ਰਾਜਸ ਸਾਤਕ ਤਾਮਸੋ ਬ੍ਰਹਮਾ ਬਿਸਨੁ ਮਹੇਸੁ ਉਪਾਇਆ।
[3]ਚੋਜ ਵਿਡਾਣੁ ਚਲਿਤੁ ਵਰਤਾਇਆ ॥ ੧ ॥

## ਪਉੜੀ ੨

{ਈਸ਼ਵਰੀ ਸ਼ਕਤੀ}

[4]ਸਿਵ ਸਕਤੀ ਦਾ ਰੂਪ ਕਰਿ ਸੂਰਜ ਚੰਦ ਚਰਾਗ ਬਲਾਇਆ।
ਰਾਤੀ ਤਾਰੇ ਚਮਕਦੇ ਘਰਿ ਘਰਿ ਦੀਪਕ ਜੋਤਿ ਜਗਾਇਆ।
[5]ਸੂਰਜੁ ਏਕੰਕਾਰੁ ਦਿਹੁ ਤਾਰੇ ਦੀਪਕ ਰੂਪ ਲੁਕਾਇਆ।
ਲਖ ਦਰੀਆਉ ਕਵਾਉ[6] ਵਿਚਿ ਤੋਲ ਅਤੋਲੁ ਨ ਤੋਲਿ ਤੁਲਾਇਆ।
ਓਅੰਕਾਰ ਅਕਾਰੁ ਜਿਸਿ ਪਰਵਦਗਾਰੁ ਅਪਾਰੁ ਅਲਾਇਆ।

---

੧ ਵਾਕ ਤੋਂ। ੨ ਧਰਤੀ ਨੂੰ ਆਕਾਸ਼ ਤੋਂ ਅੱਡ ਕਰ ਕੇ ਉਸ ਨੂੰ ਬਿਨਾਂ ਥੰਮ੍ਹਾਂ ਤੋਂ ਹੀ ਅਕਾਸ਼ ਵਿਚ ਰਖਿਆ। ੩ ਅਚਰਜ ਕੌਤਕ। ੪ ਸ਼ਿਵ (ਚੇਤਨ ਸੱਤਾ) ਤੇ ਸ਼ਕਤੀ (ਪ੍ਰਕਿਰਤੀ) ਤੋਂ ਸਭ ਰੂਪ ਬਣਾ ਕੇ ਸੂਰਜ ਤੇ ਚੰਦਰਮਾ ਰੂਪੀ ਦੀਪਕ ਜਗਾ ਦਿਤੇ। ੫ ਦਿਨ ਨੂੰ ਇਕ ਸੂਰਜ ਦੇ ਆਕਾਰ ਧਾਰਨ ਕਰ ਲੈਣ ਨਾਲ ਤਾਰੇ ਅਤੇ ਦੀਪਕ (ਉਸ ਦੇ ਅੰਦਰ ਹੀ) ਲੁਕ ਜਾਂਦੇ ਹਨ। ੬ ਇਕ ਉਸ ਦੇ (ਬ੍ਰਹਮਾਂਡ ਰੂਪੀ) ਸਰੀਰ ਵਿਚ।

Digitized by Panjab Digital Library | www.panjabdigilib.org

ਅਬਗਤਿ ਗਤਿ ਅਗੰਮ ਹੈ ਅਕਥ ਕਥਾ ਨ ਅਲਖ ਲਖਾਇਆ।
ਸੁਣਿ ਸੁਣਿ ਆਖਣਿ ਆਖਿ ਸੁਣਾਇਆ ॥ ੨ ॥

## ਪਉੜੀ ੩

{ਰਚਨਾ ਦੀ ਵਿਚਿੱਤ੍ਰਤਾ}

ਖਾਣੀ ਬਾਣੀ ਚਾਰ ਜੁਗ ਜਲ ਥਲ ਤਰੁਵਰੁ ਪਰਬਤ ਸਾਜੇ।
ਤਿੰਨ ਲੋਅ ਚੋਦਹ ਭਵਣ ਕਰਿ ਇਕੀਹ[1] ਬ੍ਰਹਮੰਡ ਨਿਵਾਜੇ।
ਚਾਰੇ ਕੁੰਡਾ ਦੀਪ ਸਤ ਨਉ ਖੰਡ ਦਹਦਿਸਿ ਵਜਨਿ ਵਾਜੇ।
ਇਕਸ ਇਕਸ ਖਾਣਿ ਵਿਚਿ ਇਕੀਹ ਇਕੀਹ ਲਖ ਉਪਾਜੇ[2]।
ਇਕਤ ਇਕਤ ਜੂਨਿ ਵਿਚਿ ਜੀਅਜੰਤੁ ਅਣਗਣ ਬਿਰਾਜੇ।
ਰੂਪ ਅਨੂਪ ਸਰੂਪ ਕਰਿ ਰੰਗ ਬਿਰੰਗ ਤਰੰਗ ਅਗਾਜੇ[3]।
[4]ਪਉਣੁ ਪਾਣੀ ਘਰਿ ਨਉ ਦਰਵਾਜੇ ॥ ੩ ॥

## ਪਉੜੀ ੪

{ਰਚਨਾ ਦੀ ਵਿਚਿੱਤ੍ਰਤਾ}

ਕਾਲਾ ਧਉਲਾ ਰਤੜਾ ਨੀਲਾ ਪੀਲਾ ਹਰਿਆ ਸਾਜੇ।
ਰਸੁ ਕਸੁ ਕਰਿ ਵਿਸਮਾਦ ਸਾਦੁ ਜੀਭਹੁ ਜਾਪ ਨ ਖਾਜ ਅਖਾਜੇ।
ਮਿਠਾ ਕਉੜਾ ਖਟੁ ਤੁਰਸੁ ਫਿਕਾ ਸਾਉ ਸਲੂਣਾ ਛਾਜੇ[5]।
ਗੰਧ ਸੁਗੰਧਿ ਅਵੇਸ[6] ਕਰਿ ਚੋਆ ਚੰਦਨ ਕੇਸਰੁ ਕਾਜੇ[7]।
ਮੇਦੁ[8] ਕਥੂਰੀ ਪਾਨ ਫੁਲੁ ਅੰਬਰੁ ਚੂਰ ਕਪੂਰ ਅੰਦਾਜੇ[9]।
ਰਾਗ ਨਾਦ ਸੰਬਾਦ ਬਹੁ ਚਉਦਹ ਵਿਦਿਆ ਅਨਹਦ ਗਾਜੇ[10]।
ਲਖ ਦਰੀਆਉ ਕਰੋੜ ਜਹਾਜੇ ॥ ੪ ॥

---

੧ ਇਕ ਈਸ਼੍ਵਰ ਨੇ। ੨ ਉਤਪੰਨ ਕੀਤੇ। ੩ ਪ੍ਰਗਟਾਏ। ੪ ਪਉਣ ਤੇ ਪਾਣੀ (ਆਦਿ ਤੱਤਾਂ ਤੋਂ) ਘਰ (ਸਰੀਰ) ਦੇ ਨੌ ਦਰਵਾਜ਼ੇ (ਗੋਲਕਾਂ) ਬਣਾਏ। ੫ ਸਜ ਰਹੇ ਹਨ। ੬ ਮਿਲਾਪ ਕਰਕੇ। ੭ ਕੀਤੇ। ੮ ਮੁਸ਼ਕ ਬਿਲਾਈ। ੯ ਵਜ਼ਨ ਕਾਇਮ ਕੀਤੇ। ੧੦ ਵਜਦੇ ਹਨ।

Digitized by Panjab Digital Library | www.panjabdigilib.org

## ਪਉੜੀ ੫

{ਰਚਨਾਂ ਵਿਚ ਮਨੁਖ ਦੇਹ ਦਾ ਹੀ ਪਾਰ ਉਤਾਰਾ ਹੈ}

ਸਤ ਸਮੁੰਦ ਅਥਾਹ ਕਰਿ ਰਤਨ ਪਦਾਰਥ ਭਰੇ ਭੰਡਾਰਾ।
ਮਹੀਅਲ ਖੇਤੀ ਅਉਖਧੀ ਛਾਦਨ[1] ਭੋਜਨ ਬਹੁ ਬਿਸਥਾਰਾ।
ਤਰੁਵਰ ਛਾਇਆ ਫੁਲ ਫਲ ਸਾਖਾ ਪਤ ਮੂਲ[2] ਬਹੁ ਭਾਰਾ।
ਪਰਬਤ ਅੰਦਰਿ ਅਸਟਧਾਤੁ ਲਾਲੁ ਜਵਾਹਰੁ ਪਾਰਸੁ ਪਾਰਾ।
ਚਉਰਾਸੀ ਲਖ ਜੋਨਿ ਵਿਚਿ ਮਿਲਿ ਮਿਲਿ ਵਿਛੁੜੇ ਵਡ ਪਰਵਾਰਾ।
ਜੰਮਣੁ ਜੀਵਣੁ ਮਰਣ ਵਿਚਿ ਭਵਜਲ ਪੂਰ ਭਰਾਇ ਹਜਾਰਾ।
ਮਾਣਸ ਦੇਹੀ ਪਾਰਿ ਉਤਾਰਾ ॥ ੫ ॥

## ਪਉੜੀ ੬

{ਮਾਣਸ ਜਨਮ ਤੇ ਭੁਲ}

ਮਾਣਸ ਜਨਮ ਦੁਲੰਭੁ ਹੈ [3]ਛਿਣ ਭੰਗਰੁ ਛਲ ਦੇਹੀ ਭਾਰਾ।
[4]ਪਾਣੀ ਦਾ ਕਰਿ ਪੂਤਰਾ ਉਡੈ ਨ ਪਉਣੁ ਖੁਲੇ ਨਉ ਦੁਆਰਾ।
ਅਗਨਿ ਕੁੰਡ ਵਿਚਿ ਰਖਿਅਨਿ ਨਰਕ ਘੋਰ ਮਹਿੰ ਉਦਰੁ ਮਝਾਰਾ।
ਕਰੈ ਉਰਧ ਤਪੁ ਗਰਭ ਵਿਚਿ ਚਸਾ ਨ ਵਿਸਰੈ ਸਿਰਜਣਹਾਰਾ।
ਦਸੀ ਮਹੀਨੀ ਜੰਮਿਆਂ ਸਿਮਰਣ ਕਰੀ ਕਰੇ ਨਿਸਤਾਰਾ।
ਜੰਮਦੇ ਮਾਇਆ ਮੋਹਿਆ ਨਦਰਿ ਨ ਆਵੈ ਰਖਣਹਾਰਾ।
ਸਾਹੋ ਵਿਛੁੜਿਆ ਵਣਜਾਰਾ ॥ ੬ ॥

## ਪਉੜੀ ੭

[ਮਾਨਸ ਜਨਮ—ਮਾਇਆ ਜਾਲ]

[5]ਰੋਵੈ ਰਤਨੁ ਗਵਾਇਕੈ ਮਾਇਆ ਮੋਹੁ ਅਨੇਰੁ ਗੁਬਾਰਾ।
ਓਹੁ ਰੋਵੈ ਦੁਖੁ ਆਪਣਾ ਹਸਿ ਹਸਿ ਗਾਵੈ ਸਭ ਪਰਵਾਰਾ।

---

੧ ਕਪੜੇ। ੨ ਜੜਾਂ। ੩ ਛਿਨ ਵਿਚ ਨਾਸ਼ ਹੋਣ ਵਾਲੀ ਛਲ ਰੂਪ, ਮਿਟੀ ਦੀ ਦੇਹੀ ਹੈ। ੪ ਮਾਂ ਦੀ ਰਕਤ ਤੇ ਪਿਤਾ ਦੇ ਬੀਰਜ ਰੂਪ ਪਾਣੀ ਦਾ। ੫ (ਬਾਲਕ) ਪਰਮੇਸ਼ਰ ਰੂਪ ਰਤਨ ਗਵਾ ਕੇ।

Digitized by Panjab Digital Library | www.panjabdigilib.org

ਸਭਨਾ ਮਨਿ ਵਾਧਾਈਆ [1]ਰੁਣ ਝੁੰਝਨੜਾ ਰੁਣ ਝੁਣਕਾਰਾ।
ਨਾਨਕੁ ਦਾਦਕੁ ਸੋਹਲੇ ਦੇਨਿ ਅਸੀਸਾਂ ਬਾਲ ਪਿਆਰਾ।
[2]ਚੁਖਹੁੰ ਬਿੰਦਕ ਬਿੰਦੁ ਕਰਿ ਬਿੰਦਹੁੰ ਕੀਤਾ ਪਰਬਤ ਭਾਰਾ।
ਸਤਿ ਸੰਤੋਖ ਦਇਆ ਧਰਮੁ [3]ਅਰਥੁ ਸੁਗਰਥ ਵਿਸਾਰ ਵਿਸਾਰਾ।
ਕਾਮ ਕਰੋਧੁ ਵਿਰੋਧੁ ਵਿਚਿ ਲੋਭੁ ਮੋਹੁ ਧਰੋਹ ਅਹੰਕਾਰਾ।
ਮਹਾਂ ਜਾਲ ਫਾਬਾ ਵੇਚਾਰਾ ॥ ੭ ॥

## ਪਉੜੀ ੮

{ਬਾਲਕ ਬੁਧਿ ਅਚੇਤ}

ਹੋਇ ਸੁਚੇਤ ਅਚੇਤ ਇਵ[4] ਅਖੀ ਹੋਂਦੀ ਅੰਨਾ ਹੋਆ।
ਵੈਰੀ ਮਿਤੁ ਨ ਜਾਣਦਾ ਡਾਇਣੁ ਮਾਉ ਸੁਭਾਉ [5]ਸਮੋਆ।
ਬੋਲਾ ਕੰਨੀ ਹੋਂਦਈ ਜਸੁ ਅਪਜਸੁ ਮੋਹੁ ਧੋਹੁ ਨ ਸੋਆ[6]।
ਗੁੰਗਾ ਜੀਭੈ ਹੁੰਦੀਐ ਦੁਧੁ ਵਿਚਿ ਵਿਸੁ ਘੋਲਿ ਮੁਹਿ ਚੋਆ।
ਵਿਹੁ ਅੰਮ੍ਰਿਤ ਸਮਸਰ ਪੀਐ ਮਰਨ ਜੀਵਨ ਆਸ ਤ੍ਰਾਸ ਨ ਢੋਆ[7]।
ਸਰਪੁ ਅਗਨਿ ਵਲਿ ਹਥੁ ਪਾਇ ਕਰੈ ਮਨੋਰਥ ਪਕੜ ਖਲੋਆ।
ਸਮਝੈ ਨਾਹੀ ਟਿਬਾ ਟੋਆ ॥ ੮ ॥

## ਪਉੜੀ ੯

{ਬਾਲਕ ਵਿਚਾਰ ਹੀਨਤਾ}

ਲੂਲਾ ਪੈਰੀ ਹੋਦਈ ਟੰਗਾਂ ਮਾਰਿ ਨ ਉਠਿ ਖਲੋਆ।
ਹਥੋ ਹਥੁ ਨਚਾਈਐ [8]ਆਸਾ ਬੰਧੀ ਹਾਰੁ ਪਰੋਆ।
ਉਦਮ ਉਕਤਿ[9] ਨ ਆਵਈ [10]ਦੇਹਿ ਬਿਦੇਹਿ ਨ ਨਵਾਂ ਨਿਰੋਆ।

---

੧ ਢੋਲ ਢਮਕਿਆਂ ਦੀ ਰੁਣ-ਝੁਣ ਦੀ ਆਵਾਜ਼। ੨ ਜ਼ਰਾ ਕੁ ਜਿੰਨੀ ਬਿੰਦ ਤੋਂ ਬੁਲਬੁਲਾ ਬਣਿਆ। ੩ ਸਰਿਸ਼ਟ ਅਰਥ। ੪ ਵਾਂਗ। ੫ ਬਰਾਬਰ। ੬ ਸੋਝੀ। ੭ ਤਰੀਕਾ। ੮ ਆਸਾ ਦੀਆਂ ਬਧੀਆਂ ਹੋਈਆਂ (ਉਸ ਨੂੰ ਗਲ ਨਾਲ) ਹਾਰ ਵਾਂਗ ਪਰੋਈ ਰਖਦੀਆਂ ਹਨ। ੯ ਜੁਗਤੀ। ੧੦ ਦੇਹ ਵਲੋਂ ਲਾ ਪਰਵਾਹ ਹੋ ਕੇ ਰੋਗੀ ਰਹਿੰਦਾ ਹੈ।

Digitized by Panjab Digital Library | www.panjabdigilib.org

ਹਗਣ ਮੂਤਣ ਛਡਣਾ ਰੋਗੁ ਸੋਗੁ ਵਿਚਿ ਦੁਖੀਆ ਰੋਆ।
ਘੁਟੀ ਪੀਐ ਨ ਖੁਸੀ ਹੋਇ ਸਪਹੁੰ ਰਖਿਅੜਾ ਅਣਖੋਆ।
ਗੁਣੁ ਅਵਗੁਣ ਨ ਵਿਚਾਰਦਾ ਨ ਉਪਕਾਰੁ ਵਿਕਾਰੁ ਅਲੋਆ[2]।
ਸਮਸਰ ਤਿਸੁ ਹਥੀਆਰ ਸੰਜੋਆ ॥ ੯ ॥

## ਪਉੜੀ ੧੦

{ਮਾਤਾ ਦੇ ਉਪਕਾਰ}

ਮਾਤ ਪਿਤਾ ਮਿਲਿ ਨਿੰਮਿਆ[3] ਆਸਾਵੰਤੀ ਉਦਰੁ ਮਝਾਰੇ।
ਰਸ ਕਸ ਖਾਇ ਨ ਲਜ[4] ਹੋਇ ਛਹੁ ਛੁਹ ਧਰਣਿ[5] ਧਰੈਪਗ ਧਾਰੇ।
ਪੇਟ ਵਿਚਿ ਦਸ ਮਾਹ ਰਖਿ ਪੀੜਾ ਖਾਇ ਜਣੈ ਪੁਤੁ ਪਿਆਰੇ।
ਜਣ ਕੈ ਪਾਲੈ ਕਸਟ ਕਰਿ ਖਾਨ ਪਾਨ ਵਿਚਿ ਸੰਜਮ ਸਾਰੇ।
ਗੁੜ੍ਹਤੀ ਦੇਇ ਪਿਆਲਿ ਦੁਧੁ ਘੁਟੀ ਵਟੀ ਦੇਇ ਨਿਹਾਰੇ।
ਛਾਦਨੁ ਭੋਜਨੁ ਪੋਖਿਆ ਝੰਡਨ[6] ਮੰਗਨ[7] ਪੜ੍ਹਨ ਚਿਤਾਰੇ।
ਪਾਂਧੇ ਪਾਸਿ ਬਹਾਲਿਆ [8]ਖਟਿ ਲੁਟਾਇ ਹੋਇ ਸੁਚਿਆਰੇ।
ਅਰਿਣਤ[9] ਹੋਏ ਭਾਰੁ ਉਤਾਰੇ ॥ ੧੦ ॥

## ਪਉੜੀ ੧੧

[ਮਾਤਾ ਦਾ ਉਪਕਾਰ ਤੇ ਪੁਤਰ ਦਾ ਅਪਕਾਰ]

ਮਾਤਾ ਪਿਤਾ ਅਨੰਦ ਵਿਚਿ ਪੁਤੈ ਦੀ ਕੁੜਮਾਈ ਹੋਈ।
ਰਹਸੀ[10] ਅੰਗ ਨ ਮਾਵਈ ਗਾਵੈ ਸੋਹਿਲੜੇ ਸੁਖ ਹੋਈ।
ਵਿਗਸੀ ਪੁਤ੍ਰ ਵਿਆਹਿਐ ਘੋੜੀ ਲਾਵਾਂ ਗਾਵ ਭਲੋਈ[11]।
ਸੁਖਾਂ ਸੁਖੈ ਮਾਵੜੀ ਪੁਤੁ ਨੂੰਹ ਦਾ ਮੇਲ ਅਲੋਈ[12]।
ਨੁਹੁ ਨਿਤ ਕੰਤ ਕੁਮੰਤ[13] ਦੇਇ ਵਿਹਰੇ[14] ਹੋਵਨਿ ਸਸੁ ਵਿਗੋਈ[15]।

---

੧ ਅਣਖੀਲਾ ਹੋ ਕੇ ਜਿੱਦ ਕਰਦਾ ਹੈ। ੨ ਦੇਖਦਾ ਹੈ। ੩ ਗਰਭ ਹੋਇਆ। ੪ ਸ਼ਰਮ ਵਿਚ। ੫ ਧਰਤੀ। ੬ ਝੰਡ ਲੁਹਾਉਣਾ। ੭ ਮੰਗਣੀ ਕਰਨੀ। ੮ ਖੱਟੀ ਲੁਟਾ ਕੇ। ੯ ਸੁਰਖ਼ਰੂ। ੧੦ ਖ਼ੁਸ਼ ਹੋਈ ਹੋਈ। ੧੧ ਚੰਗੀ ਤਰ੍ਹਾਂ ।੧੨ ਦੇਖ ਕੇ। ੧੩ ਭੈੜੀਆਂ ਸਲਾਹਾਂ। ੧੪ ਅੱਡ। ੧੫ ਦੁਖੀ ਹੁੰਦੀ ਹੈ।

Digitized by Panjab Digital Library | www.panjabdigilib.org

ਲਖ ਉਪਕਾਰੁ ਵਿਸਾਰਿਕੈ ਪੁਤ ਕੁਪੁਤੁ [1]ਚਕੀ ਉਠਿ ਝੋਈ।
ਹੋਵੈ ਸਰਵਣ ਵਿਰਲਾ ਕੋਈ ॥ ੧੧ ॥

## ਪਉੜੀ ੧੨

{ਮਾਪਿਆਂ ਦਾ ਉਪਕਾਰ ਵਿਸਾਰਨਾ ਪਾਪ ਹੈ}

[2]ਕਾਮਣਿ ਕਾਮਣਿਆਰੀਐ ਕੀਤੋ ਕਾਮਣ ਕੰਤ ਪਿਆਰੇ।
ਜੰਮੇ ਸਾਈਂ[3] ਵਿਸਾਰਿਆ ਵੀਵਾਹਿਆਂ ਮਾਂ ਪਿਓ ਵਿਸਾਰੇ।
ਸੁਖਾਂ ਸੁਖਿ ਵਿਵਾਹਿਆ ਸਉਣੁ ਸੰਜੋਗੁ ਵਿਚਾਰਿ ਵਿਚਾਰੇ।
ਪੁਤ ਨੂਹੈਂ ਦਾ ਮੇਲੁ ਵੇਖਿ ਅੰਗ ਨਾ ਮਾਵਨਿ ਮਾਂ ਪਿਉ ਵਾਰੇ।
ਨੂੰਹੁ ਨਿਤ ਮੰਤ ਕੁਮੰਤ ਦੇਇ ਮਾਂ ਪਿਓ ਛਡਿ ਵਡੇ ਹਤਿਆਰੇ।
ਵਖ ਹੋਵੈ ਪੁਤੁ ਰੰਨਿ ਲੈ ਮਾਂ ਪਿਉ ਦੇ ਉਪਕਾਰੁ ਵਿਸਾਰੇ।
[4]ਲੋਕਾਚਾਰਿ ਹੁਇ ਵਡੇ ਕੁਚਾਰੇ ॥ ੧੨ ॥

## ਪਉੜੀ ੧੩

[ਮਾਪਿਆਂ ਦੇ ਅਪਕਾਰੀ ਦੇ ਜਪ ਤਪ ਨਿਸਫਲ ਹਨ]

ਮਾਂ ਪਿਉ ਪਰਹਰਿ[5] ਸੁਣੈ ਵੇਦੁ ਨ ਜਾਣੈ ਕਥਾ ਕਹਾਣੀ।
ਮਾਂ ਪਿਉ ਪਰਹਰਿ ਕਰੈ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ[6]।
ਮਾਂ ਪਿਉ ਪਰਹਰਿ ਕਰੈ ਪੂਜੁ [7]ਦੇਵੀ ਦੇਵ ਨ ਸੇਵ ਕਮਾਣੀ।
ਮਾਂ ਪਿਉ ਪਰਹਰਿ ਨਾਵਣਾ ਅਠਸਠਿ ਤੀਰਥ [8]ਘੁੰਮਣ ਵਾਣੀ।
ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ।
ਮਾਂ ਪਿਉ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮ ਭੁਲਾਣੀ।
ਗੁਰੁ ਪਰਮੇਸਰੁ ਸਾਰੁ ਨ ਜਾਣੀ ॥ ੧੩ ॥

---

੧ (ਲੜਾਈ ਦੀ) ਚਕੀ ਉੱਠ ਝੋਂਦਾ ਹੈ। ੨ ਟੂਣੇਹਾਰੀ ਇਸਤ੍ਰੀ ਨੇ ਪਿਆਰੇ ਕੰਤ ਨੂੰ ਟੂਣਾ ਕਰ ਦਿਤਾ। ੩ ਰੱਬ। ੪ ਲੋਕਾਂ ਦਾ ਚਲਨ ਬਹੁਤ ਖੋਟੀ ਚਾਲ ਵਾਲਾ ਹੋ ਗਿਆ ਹੈ। ੫ ਤਿਆਗ ਕੇ। ੬ ਜੰਗਲ ਵਿਚ। ੭ ਦੇਵੀ ਦੇਵਤੇ ਸੇਵਾ ਨੂੰ ਨਹੀਂ ਮੰਨਦੇ। ੮ ਜਨਮ ਮਰਨ ਦੇ ਘੁੰਮਣ ਘੇਰ ਵਿਚ ਪਿਆ ਰਹੇਂਗਾ।

Digitized by Panjab Digital Library | www.panjabdigilib.org

## ਪਉੜੀ ੧੪

[ਉਪਕਾਰੀ ਕਰਤਾਰ ਨੂੰ ਸੰਭਾਲ]

ਕਾਦਰੁ ਮਨਹੁੰ ਵਿਸਾਰਿਆ ਕੁਦਰਤਿ ਅੰਦਰਿ ਕਾਦਰੁ ਦਿਸੈ।
ਜੀਉ ਪਿੰਡ ਦੇ ਸਾਜਿਆ ਸਾਸ ਮਾਸ ਦੇ [1]ਜਿਸੈ ਕਿਸੈ।
ਅਖੀ ਮੁਹੁੰ ਨਕੁ ਕੰਨੁ ਦੁਇ ਹਥੁ ਪੈਰੁ ਸਭਿ ਦਾਤ ਸੁ ਤਿਸੈ।
ਅਖੀਂ ਦੇਖੈ ਰੂਪ ਰੰਗੁ ਸਬਦਿ ਸੁਰਤਿ ਮੁਹਿ ਕੰਨ ਸਰਿਸੈ[2]।
ਨਕ ਵਾਸ ਹਥੀਂ ਕਿਰਤ ਪੈਰੀ ਚਲਣ ਪਲ ਪਲ ਖਿਸੈ[3]।
ਵਾਲ ਦੰਦ ਮੂੰਹ ਰੋਮ ਰੋਮ ਸਾਸ ਗਿਰਾਸਿ ਸਮਾਲਿ ਸਲਿਸੈ[4]।
[5]ਸਾਦੀ ਲਬੈ ਸਾਹਿਬੋ ਤਿਸ ਤੂੰ ਸੰਮਲ ਸੌਵੇਂ ਹਿਸੈ।
[6]ਲੂਣ ਪਾਇ ਕਰਿ ਆਟੈ ਮਿਸੈ॥ ੧੪ ॥

## ਪਉੜੀ ੧੫

{ਜੇਹੀ ਜਾਗਦਿਆਂ ਸੁਰਤ, ਤੇਹੀ ਸਵਪਨ ਵਿਚ}

ਦੇਹੀ ਵਿਚਿ ਨ ਜਾਪਈ ਨੀਂਦੁ ਭੁਖੁ ਤੇਹ ਕਿਥੈ ਵਸੈ।
ਹਸਣੁ ਰੋਵਣੁ ਗਾਵਣਾ ਛਿਕ ਡਿਕਾਰੁ ਖੰਘੂਰਣੁ ਦਸੈ।
ਆਲਕ ਤੇ ਅਗਵਾੜੀਆ[7] ਹਿਡਕੀ [8]ਖੁਰਕਣੁ ਪਰਸ ਪਰਸੈ।
ਉਭੇ ਸਾਹ ਉਬਾਸੀਆਂ ਚੁਟਕਾਰੀ ਤਾੜੀ ਸੁਣਿ ਕਿਸੈ[9]।
ਆਸਾ ਮਨਸਾ ਹਰਖੁ ਸੋਗੁ ਜੋਗੁ ਭੋਗੁ ਦੁਖੁ ਸੁਣਿ ਨ ਵਿਗਸੈ।
ਜਾਗਦਿਆਂ ਲਖ ਚਿਤਵਣੀ ਸੁਤਾ ਸੁਹਣੇ[10] ਅੰਦਰਿ ਧਸੈ।
ਸੁਤਾ ਹੀ ਬਰੜਾਂਵਦਾ ਕਿਰਤ ਵਿਰਤ ਵਿਚ ਜਸ ਅਪਜਸੈ।
ਤਿਸਨਾ ਅੰਦਰਿ ਘਣਾ ਤਰਸੈ॥ ੧੫ ॥

---

੧ ਹਰ ਇਕ ਨੂੰ। ੨ ਵਿਸ਼ੇਸ਼ ਕਰਕੇ। ੩ ਖਿਸਕਦਾ ਹੈ, ਹਰਕਤ ਕਰਦਾ ਹੈ। ੪ ਪ੍ਰੀਤ ਨਾਲ। ੫ ਲੋਭ ਤੇ ਸੁਆਦ ਨਾਲ ਦੁਨੀਆਦਾਰ ਮਾਲਕਾਂ ਨੂੰ ਯਾਦ ਰਖਦਾ ਹੈ, ਤੂੰ ਵਾਹਿਗੁਰੂ ਨੂੰ ਉਸ ਤੋਂ ਸੌਵਾਂ ਹਿੱਸਾ ਹੀ ਯਾਦ ਕਰ। ੬ ਜ਼ਿੰਦਗੀ ਦੇ ਆਟੇ ਵਿਚ ਲੂਣ ਜਿੰਨਾ ਸਿਮਰਨ ਪਾ ਕੇ ਹੀ ਜ਼ਿੰਦਗੀ ਨੂੰ ਮਿਸਾ(ਸਵਾਦੀ)ਬਣਾ ਲੈ। ੭ ਆਕੜਾਂ।੮ ਇਕ ਦੂਜੇ ਨੂੰ ਖੁਰਕਣਾ। ੯ ਕਹਾਣੀਆਂ। ੧੦ ਸੁਪਨੇ।

Digitized by Panjab Digital Library | www.panjabdigilib.org

## ਪਉੜੀ ੧੬

[ਦੁਰਮਤੀ, ਉਪਕਾਰ ਕੀਤਿਆ ਵੀ ਨਹੀਂ ਸੌਰਦਾ]

ਗੁਰਮਤਿ ਦੁਰਮਤਿ ਵਰਤਣਾ ਸਾਧੁ ਅਸਾਧੁ ਸੰਗਤਿ ਵਿਚਿ ਵਸੈ।
ਤਿੰਨ ਵੇਸ ਜਮਵਾਰ[1] ਵਿਚਿ ਹੋਇ ਸੰਜੋਗ ਵਿਜੋਗ ਮੁਣਸੈ।
ਸਹਸ ਕੁਬਾਣ ਨ ਵਿਸਰੈ ਸਿਰਜਣਹਾਰੁ ਵਿਸਾਰਿ ਵਿਗਸੈ।
ਪਰਨਾਰੀ ਪਰਦਰਬੁ ਹਿਤੁ ਪਰਨਿੰਦਾ ਪਰਪੰਚ ਰਹਸੈ।
ਨਾਮ ਦਾਨ ਇਸਨਾਨੁ ਤਜਿ ਕੀਰਤਨ ਕਥਾ ਨ ਸਾਧੁ ਪਰਸੈ।
ਕੁਤਾ ਚਉਕ ਚੜ੍ਹਾਈਐ ਚਕੀ ਚਟਣਿ ਕਾਰਣ ਨਸੈ।
ਅਵਗੁਣਿਆਰਾ ਗੁਣ ਨ ਸਰਸੈ[2] ॥ ੧੬ ॥

## ਪਉੜੀ ੧੭

[ਅਨੇਕਤਾ ਵਿਚ ਇਕ ਵਿਆਪਕ ਨੂੰ ਚੇਤੋ]

ਜਿਉ ਬਹੁ ਵਰਨ ਵਣਾਸਪਤਿ ਮੂਲ ਪਤ੍ਰ ਫਲੁ ਫੁਲੁ ਘਨੇਰੇ।
ਇਕ ਵਰਣ ਬੈਸੰਤਰੈ ਸਭਸੈ ਅੰਦਰਿ ਕਰਦਾ ਡੇਰੇ
ਰੂਪ ਅਨੂਪ ਅਨੇਕ ਹੋਇ ਰੰਗੁ ਸੁਰੰਗੁ ਸੁ ਵਾਂਸ ਚੰਗੇਰੇ।
ਵਾਂਸਹੁ ਉਠਿ ਉਪਠਿ[3] ਕਰਿ ਜਾਲਿ ਕਰੰਦਾ ਭਸਮੈ ਢੇਰੇ।
ਰੰਗ ਬਿਰੰਗੀ ਗਊ ਵੰਸ [4]ਅੰਗੁ ਅੰਗੁ ਧਰਿ ਨਾਉ ਲਵੇਰੇ।
ਸੱਦੀ ਆਵੈ ਨਾਉ ਸੁਣਿ ਪਾਲੀ ਚਾਰੈ ਮੇਰੇ ਤੇਰੇ।
ਸਭਨਾ ਦਾ ਇਕੁ ਰੰਗੁ ਦੁਧੁ ਘਿਉ ਪਟ ਭਾਂਡੈ ਦੋਖ ਨ ਹੇਰੇ।
ਚਿਤੈ ਅੰਦਰਿ ਚੇਤੁ ਚਿਤੇਰੇ[5] ॥ ੧੭ ॥

## ਪਉੜੀ ੧੮

[ਅਨੇਕਤਾ ਵਿਚ 'ਇਕ' ਕਰਤੇ ਨੂੰ, ਕੀਤਾ ਨਹੀਂ ਚੇਤਦਾ]

ਧਰਤੀ ਪਾਣੀ ਵਾਸੁ ਹੈ ਫੁਲੀ ਵਾਸੁ ਨਿਵਾਸ ਚੰਗੇਰੀ।
ਤਿਲ ਫੁਲਾਂ ਦੇ ਸੰਗਿ ਮਿਲਿ ਪਤਿਤ ਪੁਨੀਤ ਫੁਲੇਲ ਘਵੇਰੀ[6]।

---

੧ ਜਨਮ ਵਿਚ। ੨ ਪ੍ਰਸੰਨ। ੩ ਪੁਠਿਆਂ ਕਰਕੇ। ੪ (ਉਨ੍ਹਾਂ ਦੇ) ਅੰਗਾਂ ਨੂੰ ਅੰਗ ਕੇ (ਨਿਸ਼ਾਨ ਲਗਾ ਕੇ)। ੫ ਚਿਤ੍ਰਕਾਰ। ੬ ਸੁਗੰਧ।

Digitized by Panjab Digital Library | www.panjabdigilib.org

[1]ਅਖੀ ਦੇਖਿ ਅਨੇਰ ਕਰਿ ਮਨ ਅੰਧੇ ਤਨ ਅੰਧ ਅੰਧੇਰੀ।
ਛਿਅ ਰੁਤ ਬਾਰਹ ਮਾਹ ਵਿਚਿ ਸੂਰਜ ਇਕ ਨਾ ਘੁਘੂ ਹੇਰੀ।
ਸਿਮਰਣ ਕੂੰਜ ਧਿਆਨ ਕਛ ਪਥਰ ਕੀੜੇ ਰਿਜਕ ਸਵੇਰੀ।
ਕਰਤੇ ਨੋ ਕੀਤਾ[2] ਨ ਚਿਤੇਰੀ ॥ ੧੮ ॥

## ਪਉੜੀ ੧੯

[ਮਨਮੁਖ ਅੰਨੇ ਹਨ]

ਘੁਘੂ ਚਾਮਚਿੜਕ ਨੋ ਦੇਹੁ ਨ ਸੁਝੈ ਚਾਨਣ ਹੋਂਦੇ।
ਰਾਤਿ ਅਨ੍ਹੇਰੀ ਦੇਖਦੇ [3]ਬੋਲੁ ਕਬੋਲੁ ਅਬੋਲੁ ਖਲੋਂਦੇ।
ਮਨਮੁਖ ਅੰਨ੍ਹੇ ਰਾਤਿ ਦਿਹੁੰ ਸੁਰਤਿ ਵਿਹੂਣੇ [4]ਚਕੀ ਝੋਂਦੇ।
ਅਉਗੁਣ ਚੁਣਿ ਚੁਣਿ ਛਡਿ ਗੁਣ ਪਰਹਰਿ ਹੀਰੇ ਫਟਕ ਪਰੋਂਦੇ।
ਨਾਉ ਸੁਜਾਖੇ ਅੰਨ੍ਹਿਆਂ ਮਾਇਆ ਮਦ ਮਤਵਾਲੇ ਰੋਂਦੇ।
ਕਾਮ ਕਰੋਧ ਵਿਰੋਧ ਵਿਚਿ [5]ਚਾਰੇ ਪਲੇ ਭਰਿ ਭਰਿ ਧੋਂਦੇ।
ਪਥਰ ਪਾਪ ਨ ਛੁਟਹਿ ਢੋਂਦੇ ॥੧੯॥

## ਪਉੜੀ ੨੦

{ਮਨਮੁਖ ਗੁਣ ਕੀਤਿਆਂ, ਅਵਗੁਣ ਕਰਦਾ ਹੈ}

ਥਲਾਂ ਅੰਦਰ ਅਕ ਉਗਵਨਿ ਵੁਠੇ ਮੀਂਹ [6]ਪਵੈ ਮੁਹਿ ਮੋਆ।
ਪਤ ਟੁਟੈਂ ਦੁਧ ਵਹਿ ਚਲੈ ਪੀਤੈ ਕਾਲਕੂਟ ਓਹੁ ਹੋਆ।
ਅਕਹੁੰ ਫਲ ਹੁਇ ਖਖੜੀ ਨਿਹਫਲ ਸੋ ਫਲ ਅਕਤਿਡ ਭੋਆ[7]।
ਵਿਹੁ ਨਸੈ ਅਕ ਦੁਧ ਤੇ [8]ਸਪ ਖਾਧਾ ਖਾਇ ਅਕ ਨਰੋਆ।
ਸੋ ਅਕ ਚਰਿਕੈ ਬਕਰੀ ਦੇਇ ਦੁਧੁ ਅੰਮ੍ਰਿਤ ਮੋਹਿ ਚੋਆ।
ਸਪੈ ਦੁਧੁ ਪੀਆਲੀਐ ਵਿਸੁ ਉਗਾਲੈ ਪਾਸ ਖੜੋਆ।
ਗੁਣ ਕੀਤੇ ਅਵਗੁਣ ਕਰਿ ਢੋਆ ॥ ੨੦ ॥

---

੧ ਅੱਖੀਂ ਦੇਖਦਾ ਅਨੇਰਾ ਆ ਰਿਹਾ ਹੈ। ੨ ਜੀਵ। ੩ ਬੋਲਣ ਤਾਂ ਭੈੜੇ ਬੋਲ, ਨਹੀਂ ਤਾਂ ਚੁਪ ਹੀ ਖਲੋਤੇ ਰਹਿੰਦੇ ਹਨ। ੪ ਕਲਹ ਦੀ ਚੱਕੀ ਝੋਈ ਰਖਦੇ ਹਨ। ੫ ਮਨ, ਚਿਤ, ਬੁਧੀ ਤੇ ਅਹੰਕਾਰ ਦੇ ਚਾਰੇ ਪਲੇ। ੬ ਮੂੰਹ ਭਾਰ ਡਿਗ ਪੈਂਦਾ ਹੈ। ੭ ਭਾਉਂਦਾ ਹੈ। ੮ ਸਪ ਦਾ ਡੰਗਿਆ।

Digitized by Panjab Digital Library | www.panjabdigilib.org

## ਪਉੜੀ ੨੧

{ਨਿਗੁਰਾ ਮਨਮੁਖ ਵਸ ਨਹੀਂ ਆ ਸਕਦਾ}

ਕੁਹੈ ਕਸਾਈ ਬਕਰੀ ਲਾਇ ਲੂਣ ਸੀਖ ਮਾਸ ਪਰੋਆ।
ਹਸਿ ਹਸਿ ਬੋਲੈ ਕੁਹੀਦੀ ਖਾਧੇ ਅਕੁ ਹਾਲ ਇਹ ਹੋਆ।
ਮਾਸ ਖਾਨ ਗਲ ਛੁਰੀ ਦੇ ਹਾਲ ਤਿਨਾੜਾ ਕਉਣੁ ਅਲੋਆ[1]।
[2]ਜੀਭੈ ਹੰਦਾ ਫੇੜਿਐ ਖਉ ਦੰਦਾਂ ਮੁਹ ਭੰਨਿ ਵਿਗੋਆ।
ਪਰਤਨ ਪਰਧਨ ਨਿੰਦ ਕਰਿ ਹੋਆ ਦੁਜੀਭਾ ਬਿਸੀਅਰੁ ਭੋਆ[3]।
ਵਸਿ ਆਵੈ ਗੁਰਮੰਤ ਸੁਣਿ ਨਿਗੁਰਾ ਮਨਮੁਖ ਸੁਣੈ ਨ ਸੋਆ[4]।
ਵੇਖਿ ਨ ਚਲੈ ਅਗੇ ਟੋਆ ॥ ੨੧ ॥

## ਪਉੜੀ ੨੨

{ਦੂਜਾ ਭਾਉ ਖੋਟਾ ਦਾਉ ਹੈ}

ਆਪ ਨ ਵੰਞੈ ਸਾਹੁਰੈ ਲੋਕਾ ਮਤੀ ਦੇ ਸਮਝਾਏ।
ਚਾਨਣ ਘਰ ਵਿਚਿ ਦੀਵਿਅਹੁੰ ਹੇਠ ਅੰਨੇਰੁ ਨ ਸਕੈ ਮਿਟਾਏ।
ਹਥੁ ਦੀਵਾ ਫੜਿ ਆਖੁੜੈ[5] ਹੁਇ ਚਕਚਉਧੀ[6] ਪੈਰ ਥਿੜਾਏ।
ਹਥ ਕੰਙਣੁ ਲੈ ਆਰਸੀ[7] ਅਉਖਾ ਹੋਵੈ ਦੇਖਿ ਦਿਖਾਏ।
ਦੀਵਾ ਇਕਤੁ ਹਥੁ ਲੈ ਆਰਸੀ ਦੂਜੈ ਹਥਿ ਫੜਾਏ।
ਹੁੰਦੇ ਦੀਵੇ ਆਰਸੀ ਆਖੁਰ[8] ਟੋਏ ਪਾਉਂਦਾ ਜਾਏ।
ਦੂਜਾ ਭਾਉ ਕੁਦਾਉ ਹਰਾਏ ॥ ੨੨ ॥

## ਪਉੜੀ ੨੩

{ਮਨਮੁਖ ਅਕ੍ਰਿਤਘਣ ਹੈ}

ਅਮਿਅ ਸਰੋਵਰੁ ਮਰੰ ਡੁਬਿ ਤਰੈ ਨ ਮਨਤਾਰੂ ਸੁ ਅਵਾਈ[9]।
ਪਾਰਸ ਪਰਸਿ ਨ ਪਥਰਹੁੰ ਕੰਚਨ ਹੋਇ ਨ ਅਘੜੁ ਘੜਾਈ।
ਬਿਸੀਅਰੁ ਵਿਸੁ ਨ ਪਰਹਰੇ ਅਠ ਪਹਿਰਿ ਚੰਨਣ ਲਪਟਾਈ।

---

੧ ਦੇਖਣ ਵਿਚ ਆਵੇਗਾ। ੨ ਜੀਭ ਦਾ ਕਮਾਇਆ ਹੋਇਆ। ੩ ਹੁੰਦਾ ਹੈ। ੪ ਸੋਭਾ। ੫ ਠੁਡੇ ਖਾਂਦਾ ਹੈ। ੬ ਹੈਰਾਨੀ ਵਿਚ। ੭ ਸ਼ੀਸ਼ਾ। ੮ ਅੰਤ ਨੂੰ। ੯ ਅਮੋੜ।

Digitized by Panjab Digital Library | www.panjabdigilib.org

ਸਿਖ ਸਮੁੰਦਹੁ ਸਖਣਾ ਰੋਵੈ ਧਾਹਾਂ ਮਾਰਿ ਸੁਣਾਈ।
ਘੁਘੂ ਸੁਝ ਨ ਸੁਝਈ ਸੂਰਜ ਜੋਤਿ ਨ ਲੁਕੈ ਲੁਕਾਈ।
ਮਨਮੁਖ ਵਡਾ ਅਕਿਰਤਘਨ ਦੂਜੈ ਭਾਇ ਸੁਆਇ[1] ਲੁਭਾਈ।
ਸਿਰਜਨਹਾਰ ਨ ਚਿਤਿ ਵਸਾਈ ॥ ੨੩ ॥

## ਪਉੜੀ ੨੪

{ਨਿਗੁਰਾ ਪ੍ਰਾਣੀ ਸਭ ਤੋਂ ਬੁਰਾ}

ਮਾਂ ਗਭਣ ਜੀਅ ਜਾਣਦੀ ਪੁਤੁ ਸਪੁਤੁ ਹੋਵੈ ਸੁਖਦਾਈ।
ਕੁਪੁਤਹੁ ਧੀ ਚੰਗੇਰੜੀ ਪਰ ਘਰ ਜਾਇ ਵਸਾਇ ਨ ਆਈ।
[2]ਕੁਧੀਅਹੁ ਸਪ ਸਕਾਰਥਾ ਜਾਉ ਜਣੇਂਦੀ ਜਣਿ ਜਣਿ ਖਾਈ।
ਮਾਂ ਡਾਇਣ ਧੰਨ ਧੰਨ ਹੈ ਕਪਟੀ ਪੁਤੈ ਖਾਇ ਅਘਾਈ।
[3]ਬਾਮਣ ਗਾਈ ਖਾਇ ਸਪ ਫਲ ਗੁਰਮੰਤ੍ਰ ਪਵਾਇ ਪਿੜਾਈ।
ਨਿਗੁਰੇ ਤੁਲਿ ਨ ਹੋਰੁ ਕੋ ਸਿਰਜਣਹਾਰੈ ਸਿਰਠਿ[4] ਉਪਾਈ।
ਮਾਤਾ ਪਿਤਾ ਨ ਗੁਰੁ ਸਰਣਾਈ ॥ ੨੪ ॥

## ਪਉੜੀ ੨੫

{ਨਿਗੁਰਾ ਸਭ ਤੋਂ ਬੁਰਾ ਹੈ}

ਨਿਗੁਰੇ ਲਖ ਨ ਤੁਲ ਤਿਸ ਨਿਗੁਰੇ ਸਤਿਗੁਰ ਸਰਣ ਨ ਆਏ।
[5]ਜੋ ਗੁਰ ਗੋਪੈ ਆਪਣਾ ਤਿਸੁ ਡਿਠੇ ਨਿਗੁਰੇ ਸ਼ਰਮਾਏ।
ਸੀਹ ਸਉਹਾਂ[6] ਜਾਣਾ ਭਲਾ ਨਾ ਤਿਸੁ ਬੇਮੁਖ ਸਉਹਾਂ ਜਾਏ।
ਸਤਿਗੁਰੁ ਤੇ ਜੋ ਮੁਹੁ ਫਿਰੈ ਤਿਸ ਮੁਹ ਲਗਣ ਵਡੀ ਬਲਾਏ[7]।
ਜੋ ਤਿਸੁ ਮਾਰੈ ਧਰਮ ਹੈ ਮਾਰਿ ਨ ਹੰਘੈ[8] ਆਪ ਹਟਾਏ।

---

੧ ਸੁਆਦ। ੨ ਭੈੜੇ ਆਚਰਣ ਵਾਲੀ ਧੀ ਨਾਲੋਂ ਸੱਪਣੀ ਚੰਗੀ। ੩ ਬ੍ਰਾਹਮਣ ਤੇ ਗਊਆਂ ਨੂੰ ਡੰਗ ਲੈਣ ਵਾਲਾ ਸੱਪ ਭੀ ਗੁਰੂ ਦਾ ਮੰਤਰ ਸੁਣ ਕੇ ਪਟਾਰੀ ਵਿਚ ਜਾ ਪੈਂਦਾ ਹੈ। ੪ ਸ੍ਰਿਸ਼ਟੀ। ੫ ਜੋ ਆਪਣਾ ਗੁਰੂ ਲੁਕਾਏ। ੬ ਸਾਹਮਣੇ। ੭ ਮੁਸੀਬਤ। ੮ ਸਕੇ।

Digitized by Panjab Digital Library | www.panjabdigilib.org

[1]ਸੁਆਮਿ ਧੋਹੀ ਅਕਿਰਤਘਣ ਬਾਮਣ ਗਊ ਵਿਸਾਹ ਮਰਾਏ।
ਬੇਮੁਖ ਲੂੰਅ ਨ ਤੁਲ ਤੁਲਾਏ ॥ ੨੫ ॥

## ਪਉੜੀ ੨੬

( ਜੁਆਰੀਏ ਦਾ ਜਨਮ ਹਾਰਨਾ )

ਮਾਨਸ ਦੇਹਿ ਦੁਲੰਭੁ ਹੈ [2]ਜੁਗਹ ਜੁਗੰਤਰਿ ਆਵੈ ਵਾਰੀ।
ਉਤਮ ਜਨਮ ਦੁਲੰਭੁ ਹੈ [3]ਇਕ ਵਾਕੀ ਕੋੜਮਾ ਵੀਚਾਰੀ।
ਦੇਹਿ ਅਰੋਗ ਦੁਲੰਭੁ ਹੈ ਭਾਗਠੁ[4] ਮਾਤ ਪਿਤਾ ਹਿਤਕਾਰੀ।
ਸਾਧੂ ਸੰਗਿ ਦੁਲੰਭੁ ਹੈ ਗੁਰਮੁਖਿ ਸੁਖਫਲ ਭਗਤਿ ਪਿਆਰੀ।
ਫਾਬਾ ਮਾਇਆ ਮਹਾਂ ਜਾਲ ਪੰਜ ਦੂਤ ਜਮ ਕਾਲ ਸੁ ਭਾਰੀ।
ਜਿਉ ਕਰਿ ਸਹਾ ਵਹੀਰ[5] ਵਿਚਿ [6]ਪਰ ਹਥ ਪਾਸਾ ਪਉਛਕਿ ਸਾਰੀ।
ਦੂਜੈ ਭਾਇ ਕੁਦਾਇਅੜ ਜਮ ਜੰਦਾਰੁ ਸਾਰ[7] ਸਿਰ ਮਾਰੀ।
ਆਵੈ ਜਾਇ ਭਵਾਈਐ ਭਵਜਲੁ ਅੰਦਰਿ ਹੋਇ ਖੁਆਰੀ।
ਹਾਰੈ ਜਨਮ ਅਮੋਲ ਜੁਆਰੀ ॥ ੨੬ ॥

## ਪਉੜੀ ੨੭

( ਚਉਪੜ ਦੀ ਖੇਲ ਵਾਂਗੂੰ ਗੁਰਮੁਖ ਪੁਗਦੇ ਹਨ )

ਇਹੁ ਜਗੁ ਚਉਪੜ ਖੇਲੁ ਹੈ [8]ਆਵਾ ਗਉਣ ਭਉਜਲ ਸੈਂਸਾਰੇ।
[9]ਗੁਰਮੁਖਿ ਜੋੜਾ ਸਾਧਸੰਗਿ ਪੂਰਾ ਸਤਿਗੁਰ ਪਾਰਿ ਉਤਾਰੇ।
ਲਗ ਜਾਇ ਸੋ ਪੁਗ ਜਾਇ ਗੁਰਪਰਸਾਦੀ [10]ਪੰਜ ਨਿਵਾਰੇ।
ਗੁਰਮੁਖਿ [11]ਸਹਜਿ ਸੁਭਾਉ ਹੈ ਆਪਹੁੰ ਬੁਰਾ ਨ ਕਿਸੈ ਵਿਚਾਰੇ।

---

੧ ਮਾਲਕ ਨਾਲ ਧਰੋਹ ਕਮਾਉਣ ਵਾਲਾ। ੨ ਕਈ ਜੁਗਾਂ ਤੋਂ ਬਾਅਦ। ੩ ਵਿਚਾਰਵਾਨਾਂ ਤੇ ਸਚ ਬੋਲਣ ਵਾਲਿਆਂ ਦਾ ਖਾਨਦਾਨ। ੪ ਧਨੀ। ੫ ਭੀੜ। ੬ ਪਰਾਏ ਹਥ ਵਿਚ ਪਾਸਾ ਹੋਣ ਪੁਰ ਖੇਡ ਪੁਠੀ ਪੈਂਦੀ ਹੈ। ੭ ਲੋਹੇ ਦਾ ਗੁਰਜ। ੮ ਪਾਸੇ ਦੀ [ਮਨੁਖ ਰੂਪੀ ਨਰਦਾਂ ਦਾ] ਭਵਜਲ ਸੰਸਾਰ ਵਿਚ ਜੰਮਣ ਮਰਨ ਹੋ ਰਿਹਾ ਹੈ। ੯ ਜੋ ਗੁਰਮੁਖ ਸਾਧ ਸੰਗਤ ਵਿਚ ਜੋੜਾ ਹੋਏ ਹਨ। ੧੦ ਪੰਜ ਵਿਕਾਰਾਂ ਨੂੰ ਨਿਵਿਰਤ ਕਰ ਦੇਂਦੇ ਹਨ। ੧੧ ਸਾਂਤ।

Digitized by Panjab Digital Library | www.panjabdigilib.org

ਸਬਦ ਸੁਰਤਿ ਲਿਵ ਸਾਵਧਾਨ ਗੁਰਮੁਖਿ ਪੰਥ ਚਲੈ ਪਗ ਧਾਰੇ ।
[੧]ਲੋਕ ਵੇਦ ਗੁਰੁ ਗਿਆਨ ਮਤਿ ਭਾਇ ਭਗਤਿ ਗੁਰੁਸਿਖ ਪਿਆਰੇ ।
ਨਿਜ ਘਰਿ ਜਾਇ ਵਸੈ ਗੁਰੁਦੁਆਰੇ ॥ ੨੭ ॥

## ਪਉੜੀ ੨੮

( ਅੰਨਾ ਆਗੂ ਜੇ ਥੀਐ )

ਵਾਂਸ ਸੁਗੰਧਿ ਨ ਹੋਵਈ [੨]ਚਰਣੋਦਕ ਬਾਵਨ ਬੋਹਾਏ ।
ਕਚਹੁੰ ਕੰਚਨ ਨਾ ਥੀਐ ਕਚਹੁ ਕੰਚਨ ਪਾਰਸ[੩] ਲਾਏ ।
ਨਿਹਫਲ ਸਿੰਮਲ ਜਾਣੀਐ [੪]ਅਫਲ ਸਫਲ ਕਰਿ ਸਭ ਫਲ ਪਾਏ ।
[੫]ਕਾਉਂ ਨ ਹੋਵਨਿ ਉਜਲੇ ਕਾਲੀ ਹੂੰ ਧਉਲੇ ਸਿਰਿ ਆਏ ।
ਕਾਗਵਸ ਹੁਇ ਪਰਮ ਹੰਸ ਨਿਰਮੋਲਕੁ ਮੋਤੀ ਚੁਣਿ ਖਾਏ ।
ਪਸੂ ਪ੍ਰੇਤਹੁੰ ਦੇਵ ਕਰਿ ਸਾਧ ਸੰਗਤਿ ਗੁਰੁ ਸਬਦ ਕਮਾਏ ।
ਤਿਸ ਗੁਰੁ ਸਾਰ ਨ ਜਾਤੀਆ ਦੁਰਮਤਿ ਦੂਜੇ ਭਾਇ ਲੁਭਾਏ ।
ਅੰਨਾ ਆਗੂ ਸਾਥ ਮੁਹਾਏ ॥ ੨੮ ॥

## ਪਉੜੀ ੨੯

[ਨਿੰਮ੍ਰਤਾ ਦਾ ਉੱਤਮ ਉਪਦੇਸ਼]

ਮੈ ਜੇਹਾ ਨ ਅਕਿਰਤਘਣੁ ਹੈ ਭਿ ਨ ਹੋਆ ਹੋਵਣਿ ਹਾਰਾ ।
ਮੈ ਜੇਹਾ ਨ ਹਰਾਮਖੋਰੁ ਹੋਰੁ ਨ ਕੋਈ ਅਵਗੁਣਿਆਰਾ ।
ਮੈ ਜੇਹਾ ਨਿੰਦਕੁ ਨ ਕੋਇ ਗੁਰੁ ਨਿੰਦਾ ਸਿਰਿ ਬਜਰੁ ਭਾਰਾ ।
ਮੈ ਜੇਹਾ ਬੇਮੁਖੁ ਨ ਕੋਇ ਸਤਿਗੁਰੁ ਤੇ ਬੇਮੁਖ ਹਤਿਆਰਾ ।

---

੧ ਲੋਕਾਚਾਰ, ਧਰਮ ਪੁਸਤਕਾਂ ਅਤੇ ਗੁਰੂ ਦੇ ਗਿਆਨ ਦੀ ਮਤਿ ਅਨੁਸਾਰ ਪ੍ਰੇਮ ਭਗਤੀ ਵਿਚ ਗੁਰ ਸਿਖ ਪਿਆਰ ਕਰਦੇ ਹਨ । ੨ ਗੁਰੂ ਰੂਪ ਬਾਵਨ ਚੰਦਨ ਦੇ ਚਰਨਾਮ੍ਰਿਤ ਨਾਲ [ਮਨਮੁਖ ਬਾਂਸ ਭੀ] ਸੁਗੰਧਤ ਹੋ ਜਾਂਦੇ ਹਨ । ੩ ਗੁਰੂ ਰੂਪ ਪਾਰਸ । ੪ ਅਫਲੋਂ ਸਫਲ ਹੋ ਕੇ ਸਾਰੇ ਫਲ਼ ਪਾ ਲੈਂਦਾ ਹੈ । ੫ ਮਨਮੁਖ ਕਾਂ ਬੁਢੇ ਹੋਣ ਪੁਰ ਭੀ ਗੁਰਮੁਖ ਨਹੀਂ ਹੁੰਦੇ ।

Digitized by Panjab Digital Library | www.panjabdigilib.org

ਮੈ ਜੇਹਾ ਕੋ ਦੁਸਟ ਨਾਹਿ ਨਿਰਵੈਰੇ ਸਿਉ ਵੈਰ ਵਿਕਾਰਾ।
ਮੈ ਜੇਹਾ ਨ ਵਿਸਾਸ ਧ੍ਰੋਹਿ ਬਗਲ ਸਮਾਧੀ [1]ਮੀਨ ਅਹਾਰਾ।
ਬਜਰ ਲੇਪ ਨ ਉਤਰੈ [2]ਪਿੰਡ ਅਪਰਚੇ ਅਉਚਰਿ ਚਾਰਾ।
ਮੈ ਜੇਹਾ ਨ ਦੁਬਾਜਰਾ ਤਜਿ ਗੁਰਮਤਿ ਦੁਰਮਤਿ ਹਿਤਕਾਰਾ।
ਨਾਉ ਮੁਰੀਦ ਨ ਸਬਦ ਵੀਚਾਰਾ॥ ੨੯ ॥

## ਪਉੜੀ ੩੦

( ਨਿੰਮ੍ਰਤਾ ਦਾ ਉੱਤਮ ਉਪਦੇਸ਼ )

ਬੇਮੁਖ ਹੋਵਨਿ ਬੇਮੁਖਾਂ [3]ਮੈ ਜੇਹੇ ਬੇਮੁਖ ਮੁਖ ਡਿਠੇ।
ਬਜਰ ਪਾਪਾਂ ਬਜਰ ਪਾਪ [4]ਮੈ ਜੇਹੇ ਕਰਿ ਵੈਰੀ ਇਠੇ।
ਕਰਿ ਕਰਿ ਸਿਠਾਂ [5]ਬੇਮੁਖਾਂ ਆਪਹੁੰ ਬੁਰੇ ਜਾਣਕੈ ਸਿਠੇ[6]।
ਲਿਖ ਨ ਸਕਨਿ ਚਿਤ੍ਰ ਗੁਪਤ [7]ਸਤ ਸਮੁੰਦ ਸਮਾਵਨ ਚਿਠੇ।
ਚਿਠੀ ਹੂੰ ਤੁਮਾਰ[8] ਲਿਖਿ ਲਖ ਲਖ ਇਕਦੂੰ ਇਕ ਦੁਧਿਠੇ[9]।
ਕਰਿ ਕਰਿਸਾਂਗ [10]ਹੁਰੇਹਿਆਂ ਹੁਇ ਮਸਕਰਾ ਸਭਾ ਸਭਿ ਠਿਠੇ[11]।
ਮੈਥਹੁੰ ਬੁਰਾ ਨ ਕੋਇ ਸਰਿਠੇ[12] ॥ ੩੦ ॥

## ਪਉੜੀ ੩੧

[ਗੁਰੂ-ਦਰਗਾਹ ਦਾ ਕੁਤਾ]

ਲੈਲੀ ਦੀ ਦਰਗਾਹ ਦਾ ਕੁਤਾ ਮਜਨੂੰ ਦੇਖਿ ਲੁਭਾਣਾ।
ਕੁਤੇ ਦੀ ਪੈਰੀ ਪਵੈ ਹੜਿ ਹੜਿ ਹਸੈ ਲੋਕ ਵਿਡਾਣਾ।

---

੧ ਮਛੀਆਂ ਖਾਣ ਵਾਲਾ। ੨ [ਮਨੁਖ] ਸਰੀਰ ਵਿਚ ਵਾਹਿਗੁਰੂ ਦੇ ਪਰਚੇ ਬਿਨਾਂ ਨਿਖਿੱਧ ਪਦਾਰਥਾਂ ਦੇ ਖਾਣ ਵਾਲਾ। ੩ ਮੇਰੇ ਜੇਹੇ ਬੇਮੁਖ ਦਾ ਮੂੰਹ ਦੇਖਣ ਨਾਲ। ੪ ਮੇਰੇ ਜੇਹੇ ਵੈਰੀ ਨੇ ਉਹ ਭੀ ਪਿਆਰੇ ਕਰ ਦੇਖੇ ਹਨ। ੫ ਸਿਠਣੀਆਂ [ਤਾਅਣੇ ਮੇਹਣੇ]। ੬ ਨਿੰਦੇ। ੭ ਮੇਰਾ ਚਿੱਠਾ ਲਿਖਦਿਆਂ ਸੱਤੇ ਸਮੁੰਦਰ ਮੁਕ ਜਾਂਦੇ ਹਨ। ੮ ਲੰਮੀ ਕਹਾਣੀ। ੯ ਦੂਣੇ ਕਾਗਜ਼। ੧੦ ਹੋਰਨਾਂ ਦੇ ੧੧ ਸ਼ਰਮਿੰਦੇ ਕੀਤੇ ਹਨ। ੧੨ ਸ੍ਰਿਸ਼ਟੀ ਵਿਚ।

Digitized by Panjab Digital Library | www.panjabdigilib.org

ਮੀਰਾਸੀ ਮੀਰਾਸੀਆਂ ਨਾਮ ਧਰੀਕੁ ਮੁਰੀਦ ਬਿਬਾਣਾ[੧]।
ਕੁਤਾ ਡੂਮ ਵਖਾਣੀਐ ਕੁਤਾ ਵਿਚਿ ਕੁਤਿਆਂ ਨਿਮਾਣਾ।
ਗੁਰ ਸਿਖ ਆਸਕ ਸਬਦ ਦੇ ਕੁਤੇ ਦਾ ਪੜਕੁਤਾ[੨] ਭਾਣਾ।
ਕਟਨਿ ਚਟਨਿ ਕੁਤਿਆਂ ਮੋਹੁ ਨ ਧੋਹੁ [੩]ਧ੍ਰਿਗਸਤ ਕਮਾਣਾ।
ਅਵਗੁਣਿਆਰੇ ਗੁਣ ਕਰਨ ਗੁਰਮੁਖਿ ਸਾਧਸੰਗਤਿ ਕੁਰਬਾਣਾ।
ਪਤਿਤ ਉਧਾਰਣ ਬਿਰਦ ਵਖਾਣਾ ॥ ੩੧ ॥ ੩੨ ॥

❋

---

੧ ਬਾਬੇ ਦਾ। ੨ ਨਖਿੱਧ ਕੁਤਾ। ੩ ਉਨ੍ਹਾਂ ਦੀ ਕਮਾਈ ਧ੍ਰਿਗ ਕਹੀ ਜਾਂਦੀ ਹੈ।

Digitized by Panjab Digital Library | www.panjabdigilib.org

# ਵਾਰ ੩੮

ੴ ਸਤਿਗੁਰ ਪ੍ਰਸਾਦਿ ॥

## ਪਉੜੀ ੧

{ਵਿਕਾਰ ਗੁਰ ਸਿਖ ਨੂੰ ਨਹੀਂ ਪੋਂਹਦੇ}

ਕਾਮ ਲਖ ਕਰਿ ਕਾਮਨਾ[1] ਬਹੁ ਰੂਪੀ ਸੋਹੈ ।
ਲਖ ਕਰੋਪ ਕਰੋਧ ਕਰਿ ਦੁਸਮਨ ਹੁਇ ਜੋਹੈ ।
ਲਖ ਲੋਭ ਲਖ ਲਖਮੀ ਹੁਇ ਧੋਹਣ[2] ਧੋਹੈ ।
ਮਾਇਆ ਮੋਹ ਕਰੋੜ ਮਿਲਿ ਹੁਇ ਬਹੁ ਗੁਣ ਸੋਹੈ ।
ਅਸੁਰ ਸੰਘਾਰਿ ਹੰਕਾਰ ਲਖ ਹਉਮੈ ਕਰਿ ਛੋਹੈ[3] ।
ਸਾਧ ਸੰਗਤਿ ਗੁਰੁ ਸਿਖ ਸੁਣਿ ਗੁਰੁ ਸਿਖ ਨ ਪੋਹੈ ॥ ੧ ॥

## ਪਉੜੀ ੨

{ਗੁਰ ਸਿਖ ਨੂੰ ਕਾਮ ਨਹੀਂ ਪੋਂਹਦਾ}

[4]ਲਖ ਕਾਮਣਿ ਲਖ ਕਾਮ ਰੂਪ ਲਖ ਕਾਮਣਿਆਰੀ ।
ਸੰਗਲਦੀਪਹੁੰ ਪਦਮਣੀ ਬਹੁ ਰੂਪਿ ਸੀਗਾਰੀ ।
ਮੋਹਣੀਆ ਇੰਦ੍ਰਾਪੁਰੀ ਅਪਛਰਾ ਸੁਚਾਰੀ[5] ।
ਹੂਰਾਂ ਪਰੀਆਂ ਲਖ ਲਖ ਬਾਹਿਸਤ ਸਵਾਰੀ ।
ਲਖ ਕਉਲਾਂ[6] ਨਵ ਜੋਬਨੀ ਲਖ [7]ਕਾਮ ਕਰਾਰੀ ।
ਗੁਰਮੁਖਿ ਪੋਹਿ ਨ ਸਕਨੀ ਸਾਧ ਸੰਗਤਿ ਭਾਰੀ ॥ ੨ ॥

---

੧ ਦਲੀਲਾਂ । ੨ ਠਗੀ ਕਰਨ ਵਾਲਾ ਹੋ ਕੇ ਠੱਗੇ । ੩ ਗੁਸੇ ਨਾਲ । ੪ ਲੱਖਾਂ, ਕਾਮਰੂਪ ਦੇਸ਼ ਦੀਆਂ ਟੂਣੇ-ਹਾਰੀਆਂ ਇਸਤ੍ਰੀਆਂ । ੫ ਚੰਗੇ ਆਚਾਰ ਵਾਲੀਆਂ । ੬ ਲਛਮੀਆਂ । ੭ ਕਾਮ ਕਲਾਂ ਵਾਲੀਆਂ ।

Digitized by Panjab Digital Library | www.panjabdigilib.org

## ਪਉੜੀ ੩

{ਗੁਰਸਿਖ-ਹੰਕਾਰ ਦੀ ਮਾਰੋਂ ਪਰੇ ਹਨ}

ਲਖ ਦੁਰਯੋਧਨ ਕੰਸ ਲਖ ਲਖ ਦੈਤ ਲੜੰਦੇ।
ਲਖ ਰਾਵਣ ਕੁੰਭਕਰਣ ਲਖ ਲਖ ਰਾਕਸ ਮੰਦੇ।
ਪਰਸਰਾਮ ਲਖ ਸਹਸਬਾਹੁ ਕਰਿ ਖੁਦੀ ਖਹੰਦੇ।
ਹਰਨਕਸਪ ਹਰਣਾਕਸਾ ਨਰਸਿੰਘ ਬੁਕੰਦੇ।
ਲਖ ਕਰੋਧ ਵਿਰੋਧ ਲਖ ਲਖ ਵੈਰ ਕਰੰਦੇ।
ਗੁਰੁ ਸਿਖ ਪੋਹਿ ਨ ਸਕਈ ਸਾਧ ਸੰਗਿ ਮਿਲੰਦੇ ॥ ੩ ॥

## ਪਉੜੀ ੪

[ਗੁਰਸਿਖ ਲੋਭ ਦੇ ਵਸ ਨਹੀਂ ਹੁੰਦਾ]

ਸੋਇਨਾ ਰੁਪਾ ਲਖ ਮਣਾ ਲਖ ਭਰੇ ਭੰਡਾਰਾ।
ਮੋਤੀ ਮਾਣਿਕ ਹੀਰਿਆਂ ਬਹੁ ਮੋਲ ਅਪਾਰਾ।
ਦੇਸ ਵੇਸ ਲਖ ਰਾਜ ਭਾਗ ਪਰਗਣੇ[2] ਹਜਾਰਾ।
ਰਿਧੀ ਸਿਧੀ ਜੋਗ ਭੋਗ ਅਭਰਣ[3] ਸੀਗਾਰਾ।
ਕਾਮਧੇਨੁ ਲਖ ਪਾਰਿਜਾਤ ਚਿੰਤਾਮਣਿ ਪਾਰਾ[4]।
ਚਾਰ ਪਦਾਰਥ ਸਗਲ ਫਲ ਲਖ ਲੋਭ ਉਭਾਰਾ।
ਗੁਰ ਸਿਖ ਪੋਹ ਨ ਹੰਘਨੀ [5]ਸਾਧ ਸੰਗਿ ਉਧਾਰਾ ॥ ੪ ॥

## ਪਉੜੀ ੫

[ਗੁਰਸਿਖ ਮੋਹ ਰਹਿਤ ਹੈ]

ਪਿਉ ਪੁਤ ਮਾਵੜ[6] ਧੀਵੜੀ ਹੁਇ ਭੈਣ ਭਿਰਾਵਾ।
ਨਾਰਿ ਭਤਾਰੁ ਪਿਆਰ ਲਖ ਮਨ ਮੇਲ ਮਿਲਾਵਾ।
ਸੁੰਦਰ ਮੰਦਰ[7] ਚਿਤ੍ਰਸਾਲ[8] ਬਾਗ ਫੁਲ ਸੁਹਾਵਾ।
ਰਾਗ ਰੰਗ ਰਸ ਰੂਪ ਲਖ ਬਹੁ ਭੋਗ ਭੁਲਾਵਾ।

---

੧ ਗਜਣ ਵਾਲੇ। ੨ ਇਲਾਕੇ। ੩ ਗਹਿਣੇ। ੪ ਟੁਕੜੇ। ੫ ਸਾਧ ਸੰਗ ਨੇ ਜਿਨ੍ਹਾਂ ਦਾ ਉਧਾਰ ਕੀਤਾ ਹੈ। ੬ ਮਾਤਾ। ੭ ਮਕਾਨ। ੮ ਬਾਰਾਂ-ਦਰੀਆਂ।

Digitized by Panjab Digital Library | www.panjabdigilib.org

ਲਖ ਮਾਇਆ ਲਖ ਮੋਹਿ ਮਿਲਿ ਹੁਇ [੧]ਮੁਦਈ ਦਾਵਾ।
ਗੁਰੁ ਸਿਖ ਪੋਹਿ ਨ ਹੰਘਨੀ ਸਾਧ ਸੰਗ ਸੁਹਾਵਾ॥ ੫ ॥

### ਪਉੜੀ ੬

[ਗੁਰਸਿਖ ਖੁਦੀ ਤੋਂ ਖਾਲੀ ਹੈ]

ਵਰਨਾਵਰਨ ਨ ਭਾਵਨੀ ਕਰਿ ਖੁਦੀ ਖਹੰਦੇ।
ਜੰਗਲ ਅੰਦਰਿ ਸੀਂਹ ਦੁਇ ਬਲਵੰਤ ਬੁਕੰਦੇ[੨]।
ਹਾਥੀ ਹਥਿਆਈ ਕਰਨ ਮਤਵਾਲੇ ਹੁਇ ਅੜੀ ਅੜੰਦੇ।
ਰਾਜ ਭੂਪ ਰਾਜੇ ਵਡੇ ਮਲ[੩] ਦੇਸ ਲੜੰਦੇ।
ਮੁਲਕ ਅੰਦਰ ਪਾਤਸਾਹ ਦੁਇ ਜਾਇ ਜੰਗ ਜੁੜੰਦੇ।
ਹਉਮੈ ਕਰਿ ਹੰਕਾਰ ਲਖ ਮਲ ਮਲ ਘੁਲੰਦੇ।
ਗੁਰੁ ਸਿਖ ਪੋਹਿ ਨ ਸਕਈ ਸਾਧੁ ਸੰਗਿ ਵਸੰਦੇ॥ ੬ ॥

### ਪਉੜੀ ੭

[ਗੁਰਸਿਖ ਨਿਰਹੰਕਾਰ ਜਤੀ ਹੈ]

ਗੋਰਖ ਜਤੀ ਸਦਾਇੰਦਾ ਤਿਸੁ ਗੁਰ ਘਰਬਾਰੀ[੪]।
ਸੁਕਰ ਕਾਣਾ ਹੋਇਆ ਦੁਰਮੰਤ੍ਰ[੫] ਵੀਚਾਰੀ।
ਲਖਮਣ ਸਾਧੀ ਭੁਖ ਤੇਹ ਹਉਮੈ ਹੰਕਾਰੀ।
ਹਨੂਮਾਨ ਬਲਵੰਤ ਹੋਇ ਚੰਚਲ ਮਤਿ ਖਾਰੀ।
ਭੈਰਉ ਭੂਤ ਕੁਸੂਤ ਸੰਗਿ ਦੁਰਮਤਿ ਉਰਧਾਰੀ।
ਗੁਰਸਿਖ ਜਤੀ ਸਲਾਹੀਅਨ ਜਿਨਿ ਹਉਮੈ ਮਾਰੀ॥ ੭ ॥

### ਪਉੜੀ ੮

[ਗੁਰਸਿਖ ਸਤੀ ਹੈ]

ਹਰੀ ਚੰਦ ਸਤਿ ਰਖਿਆ ਜਾ ਨਿਖਾਸ[੬] ਵਿਕਾਣਾ।
ਬਲ ਛਲਿਆ ਸਤ ਪਾਲਦਾ ਪਾਤਾਲ ਸਿਧਾਣਾ।

---

੧ ਦਾਅਵੇਦਾਰਾਂ ਦੇ ਦਾਅਵੇ। ੨ ਬੁਕਦੇ ਹਨ। ੩ ਪਹਿਲਵਾਨ। ੪ ਕਾਮ ਵਸ ਹੋ ਕੇ ਮੋਏ ਰਾਜੇ ਦੇ ਸਰੀਰ ਵਿਚ ਪ੍ਰਵੇਸ਼ ਕਰ ਕੇ ਭੋਗ ਭੋਗੇ। ੫ ਖੋਟਾ ਮੰਤਰ। ੬ ਮੰਡੀ।

Digitized by Panjab Digital Library | www.panjabdigilib.org

ਕਰਨ ਸੁ ਕੰਚਨ ਦਾਨ ਕਰਿ ਅੰਤੁ ਪਛੋਤਾਣਾ।
ਸਤਿਵਾਦੀ ਹੁਇ [1]ਧਰਮ ਪੁਤੁ ਕੂੜ ਜਮਪੁਰਿ ਜਾਣਾ।
ਜਤੀ ਸਤੀ ਸੰਤੋਖੀਆ ਹਉਮੈ ਗਰਬਾਣਾ।
ਗੁਰ ਸਿਖ ਰੋਮ ਨ ਪੁਜਨੀ ਬਹੁ ਮਾਣ ਨਿਮਾਣਾ ॥ ੮ ॥

## ਪਉੜੀ ੯

[ਗੁਰਸਿਖ ਹਿੰਦੂਆਂ ਮੁਸਲਮਾਨਾਂ ਤੋਂ ਉਚਾ ਹੈ]

ਮੁਸਲਮਾਣਾਂ ਹਿੰਦੂਆਂ ਦੁਇ ਰਾਹ ਚਲਾਏ।
ਮਜਹਬ ਵਰਨ ਗਣਾਇੰਦੇ ਗੁਰੁ ਪੀਰੁ ਸਦਾਏ।
ਸਿਖ ਮੁਰੀਦ ਪਖੰਡ ਕਰਿ ਉਪਦੇਸ ਦ੍ਰਿੜਾਏ।
ਰਾਮ ਰਹੀਮ ਧਿਆਇੰਦੇ ਹਉਮੈ ਗਰਬਾਏ।
ਮਕਾ ਗੰਗ ਬਨਾਰਸੀ ਪੂਜ ਜਾਰਤ[2] ਆਏ।
ਰੋਜੇ ਵਰਤ ਨਮਾਜ ਕਰਿ ਡੰਡਉਤ ਕਰਾਏ।
ਗੁਰੁ ਸਿਖ ਰੋਮ ਨ ਪੁਜਨੀ ਜੋ ਆਪ ਗਵਾਏ ॥ ੯ ॥

## ਪਉੜੀ ੧੦

[ਗੁਰਸਿਖ ਸਭ ਮਤ ਮਤਾਂਤਰਾਂ ਤੋਂ ਉਚਾ ਹੈ]

ਛਿਅ ਦਰਸਨ ਵਰਤਾਇਆ ਚਉਦਹ ਖਨਵਾਦੇ[3]।
ਘਰੈ ਘੁੰਮਿ[4] ਘਰਬਾਰੀਆ ਅਸਵਾਰ ਪਿਆਦੇ।
ਸੰਨਿਆਸੀ ਦਸ ਨਾਮ ਧਰਿ [5]ਕਰਿ ਵਾਦ ਕਵਾਦੇ।
ਰਾਵਲ ਬਾਰਹ ਪੰਥ ਕਰਿ ਫਿਰਦੇ ਉਦਮਾਦੇ[6]।
ਜੈਨੀ ਜੂਠ ਨ ਉਤਰੈ ਜੂਠੇ ਪਰਸਾਦੇ।
ਗੁਰੁ ਸਿਖ ਰੋਮ ਨ ਪੁਜਨੀ ਧੁਰਿ ਆਦਿ ਜੁਗਾਦੇ ॥ ੧੦ ॥

---

੧ ਯੁਧਿਸ਼ਟਰ। ੨ ਜ਼ਿਆਰਤ [ਯਾਤਰਾ]। ੩ ਚੌਦਾਂ ਵਿਦਿਆ ਵਿਚ ਝਗੜਦੇ ਹਨ। ੪ ਘੁੰਮਣਘੇਰੀ। ੫ ਵਾਦ-ਵਿਵਾਦ ਕਰਦੇ। ੬ ਸੌਦਾਈ ਹੋਏ।

Digitized by Panjab Digital Library | www.panjabdigilib.org

## ਪਉੜੀ ੧੧

[ਗੁਰ ਸਿਖ ਅੰਨਜ ਦੇਸ਼ੀ ਤੇ ਅੰਨਯ ਧਰਮੀਆਂ ਤੋਂ ਉੱਚਾ ਹੈ]

ਬਹੁ ਸੁੰਨੀ ਸ਼ੀਅ ਰਾਫਜ਼ੀ ਮਜ਼ਹਬ ਮਨ ਭਾਣੇ।
[1]ਮੁਲਹਿਦ ਹੋਇ ਮੁਨਾਫ਼ਕਾ ਸਭ ਭਰਮ ਭੁਲਾਣੇ।
ਈਸਾਈ ਮੂਸਾਈਆਂ ਹਉਮੈ ਹੈਰਾਣੇ।
ਹੋਇ ਫਿਰੰਗੀ ਅਰਮਨੀ[2] ਰੂਮੀ ਗਰਬਾਣੇ।
ਕਾਲੀ ਪੋਸ ਕਲੰਦਰਾ ਦਰਵੇਸ ਦੁਗਾਣੇ[3]।
ਗੁਰੁ ਸਿਖ ਰੋਮ ਨ ਪੁਜਨੀ ਗੁਰ ਹਟਿ ਵਿਕਾਣੇ ॥ ੧੧ ॥

## ਪਉੜੀ ੧੨

[ਗੁਰ ਸਿਖ ਕਰਮ ਧਰਮ ਤੋਂ ਉੱਚਾ ਸੁਖਫਲ ਵਿਚ ਹੈ]

ਜਪ ਤਪ ਸੰਜਮ ਸਾਧਨਾ ਹਠ ਨਿਗ੍ਰਹ[4] ਕਰਣੇ।
ਵਰਤ ਨੇਮ ਤੀਰਥ ਘਣੇ [5]ਅਧਿਆਤਮ ਧਰਣੇ।
ਦੇਵੀ ਦੇਵਾ ਦੇਹੁਰੇ ਪੂਜਾ ਪਰਵਰਣੇ[6]।
ਹੋਮ ਜਗ ਬਹੁ ਦਾਨ ਕਰਿ ਮੁਖ ਵੇਦ ਉਚਰਣੇ।
ਕਰਮ ਧਰਮ ਭੈ ਭਰਮ ਵਿਚਿ ਬਹੁ ਜੰਮਣ ਮਰਣੇ।
ਗੁਰਮੁਖਿ ਸੁਖ ਫਲ ਸਾਧ ਸੰਗਿ ਮਿਲਿ ਦੁਤਰੁ ਤਰਣੇ॥੧੨॥

## ਪਉੜੀ ੧੩

{ਗੁਰਸਿਖ ਪ੍ਰਤਾਪੀਆਂ, ਚਿਰ-ਜੀਵਿਆਂ ਤੋਂ ਉੱਚਾ, ਸੁਖ ਫਲ ਵਿਚ ਹੈ}

ਉਦੇ ਅਸਤਿ ਵਿਚਿ ਰਾਜ ਕਰਿ ਚਕ੍ਰਵਰਤਿ ਘਨੇਰੇ।
ਅਰਬ ਖਰਬ ਲੈ ਦਰਬ ਨਿਧਿ ਰਸ ਭੋਗਿ ਚੰਗੇਰੇ।
ਨਰਪਤਿ ਸੁਰਪਤਿ ਛਤ੍ਰਪਤਿ ਹਉਮੈ ਵਿਚਿ ਘੇਰੇ।
ਸਿਵ ਲੋਕਹੁੰ ਚੜ੍ਹਿ ਬ੍ਰਹਮ ਲੋਕ ਬੈਕੁੰਠ ਵਸੇਰੇ।

---

੧ ਰੱਬ ਨੂੰ ਨਾ ਮੰਨਣ ਵਾਲੇ। ੨ ਆਰਮੀਨੀਆਂ ਦੇ ਰਹਿਣ ਵਾਲੇ। ੩ ਦੋ ਕੌਡਾਂ ਦੇ ਮੁਲ ਦੇ। ੪ ਮਨ ਨੂੰ ਰੋਕਣ ਦੇ ਉਪਾਉ। ੫ ਆਤਮਾ ਲਈ। ੬ ਪ੍ਰਵਿਰਤ ਹੋਣਾ।

Digitized by Panjab Digital Library | www.panjabdigilib.org

ਚਿਰ ਜੀਵਣ [੧]ਬਹੁ ਹੰਢਣਾ ਹੋਹਿ ਵਡੇ ਵਡੇਰੇ।
ਗੁਰਮੁਖਿ ਸੁਖ ਫਲ ਅਗਮ ਹੈ ਹੁਇ ਭਲੇ ਭਲੇਰੇ ॥ ੧੩ ॥

### ਪਉੜੀ ੧੪

[ਗੁਰਸਿਖ ਇੰਦ੍ਰਯ ਸੁਖਾਂ ਤੋਂ ਉਚੇ ਸੁਖ ਫਲ ਵਿਚ ਹੈ]

ਰੂਪ ਅਨੂਪ[੨] ਸਰੂਪ ਲਖ ਹੁਇ ਰੰਗ ਬਿਰੰਗੀ।
ਰਾਗ ਨਾਦ ਸੰਬਾਦ ਲਖ ਸੰਗਤਿ ਅਭੰਗੀ[੩]।
ਗੰਧ ਸੁਗੰਧਿ ਮਿਲਾਪ ਲਖ ਅਰਗਜੇ[੪] ਅਦੰਗੀ[੫]।
ਛਤੀਹ ਭੋਜਨ ਪਾਕਸਾਲ[੬] ਰਸ ਭੋਗ ਸੁਢੰਗੀ[੭]।
ਪਾਟ ਪਟੰਬਰ ਗਹਿਣਿਆਂ ਸੋਹਹਿੰ ਸਰਬੰਗੀ।
ਗੁਰਮੁਖਿ ਸੁਖ ਫਲ ਅਗਮ ਹੈ ਗੁਰੁ ਸਿਖਸਹਲੰਗੀ[੮]॥੧੪॥

### ਪਉੜੀ ੧੫

{ਗੁਰਸਿਖ ਮਨ ਬੁਧੀ ਦੇ ਸੁਖਾਂ ਤੋਂ ਉਚੇ ਸੁਖ ਵਿਚ ਹੈ}

ਲਖ ਲਖ [੯]ਮਤਿ ਬੁਧਿ ਸੁਧਿ ਉਕਤਿ ਲਖ ਲਖ ਚਤੁਰਾਈ।
ਲਖ ਬਲ ਬਚਨ ਬਿਬੇਕ ਲਖ [੧੦]ਪਰਕਿਰਤਿ ਕਮਾਈ।
ਲਖ ਸਿਆਣਪ ਸੁਰਤਿ ਲਖ [੧੧]ਲਖ ਸੁਰਤਿ ਘੜਾਈ।
ਗਿਆਨ ਧਿਆਨ ਸਿਮਰਣ ਸਹੰਸ ਲਖ ਪਤਿ ਵਡਿਆਈ।
ਹਉਮੈ ਅੰਦਰਿ ਵਰਤਣਾ ਦਰਿ ਥਾਇ ਨ ਪਾਈ।
ਗੁਰਮੁਖਿ ਸੁਖ ਫਲ ਅਗਮ ਹੈ ਸਤਿਗੁਰ ਸਰਣਾਈ ॥ ੧੫ ॥

### ਪਉੜੀ ੧੬

{ਗੁਰਸਿਖ ਸਤੋਗੁਣੀ ਸੁਖਾਂ ਤੋਂ ਉਚਾ, ਪਿਰਮ ਰਸ ਵਿਚ ਹੈ}

ਸਤਿ ਸੰਤੋਖ ਦਇਆ ਧਰਮ ਲਖ ਅਰਥ ਮਿਲਾਹੀ।

---

੧ ਵਡੀ ਉਮਰ ਵਾਲੇ। ੨ ਉਪਮਾ ਰਹਿਤ। ੩ ਇਕ ਰਸ। ੪ ਬਹੁਤੀਆਂ ਸੁਗੰਧੀਆਂ ਦਾ ਮਿਲ ਕੇ ਕਢਿਆ ਤਤ। ੫ ਸੁੱਧ। ੬ ਰਸੋਈ। ੭ ਸੁਚੱਜੇ। ੮ ਸਾਥ ਕਰਕੇ। ੯ ਵਿਹਾਰਕ ਅਕਲਾਂ ਤੇ ਪਰਮਾਰਥਕ ਬੁਧੀਆਂ। ੧੦ ਸਰੀਰ ਦੀ ਕਮਾਈ। ੧੧ ਲਖਾਂ ਘਾੜਤਾਂ ਦੀ ਗਿਆਤ।

Digitized by Panjab Digital Library | www.panjabdigilib.org

ਧਰਤਿ ਅਗਾਸ ਪਾਣੀ ਪਵਣ ਲਖ [੧]ਤੇਜ ਤਪਾਹੀ।
ਖਿਮਾਂ ਧੀਰਜ ਲਖ ਲਖ ਮਿਲਿ ਸੋਭਾ ਸਰਮਾਹੀ[੨]।
ਸਾਂਤਿ ਸਹਜ ਸੁਖ ਸੁਕ੍ਰਿਤਾ[੩] ਭਾਉ ਭਗਤਿ ਕਰਾਹੀ।
ਸਗਲ ਪਦਾਰਥ ਸਗਲ ਫਲ ਆਨੰਦ ਵਧਾਹੀ।
ਗੁਰਮੁਖ ਸੁਖਫਲ ਪਿਰਮ ਰਸ ਇਕ ਤਿਲੁ ਨ ਪੁਜਾਹੀ ॥੧੬॥

## ਪਉੜੀ ੧੭

[ਗੁਰਸਿਖ ਆਤਮ ਸੁਖਾਂ ਤੋਂ ਉਚਾ, ਪਿਰਮ ਰਸ ਵਿਚ ਹੈ]

ਲਖ ਲਖ ਜੋਗ ਧਿਆਨ ਮਿਲਿ ਧਰਿ ਧਿਆਨ ਬਹੰਦੇ।
ਲਖ ਲਖ [੪]ਸੁੰਨ ਸਮਾਧਿ ਸਾਧਿ ਨਿਜ ਆਸਣ ਸੰਦੇ।
ਲਖ ਸੇਖ ਸਿਮਰਣ ਕਰਹਿੰ ਗੁਣ ਗਿਆਨ ਗਣੰਦੇ।
ਮਹਿਮਾਂ ਲਖ ਮਹਾਤਮਾਂ ਨਮਸਕਾਰ ਜੈਕਾਰ ਕਰੰਦੇ।
ਉਸਤਤਿ ਉਪਮਾਂ ਲਖ ਲਖ ਲਖ ਭਗਤ ਜਪੰਦੇ।
ਗੁਰਮੁਖਿ ਸੁਖਫਲ ਪਿਰਮ ਰਸ ਇਕ ਪਲ ਨ ਲਹੰਦੇ ॥ ੧੭ ॥

## ਪਉੜੀ ੧੮

[ਗੁਰਸਿਖ ਪਿਰਮ ਰਸ ਵਿਸਮਾਦ ਤੋਂ ਉਚਾ ਹੈ। 'ਵਾਹ ਵਾਹ']

[੫]ਅਚਰਜ ਨੋ ਆਚਰਜੁ ਹੈ ਅਚਰਜੁ ਹੋਵੰਦਾ।
ਵਿਸਮਾਦੇ ਵਿਸਮਾਦੁ ਹੈ ਵਿਸਮਾਦੁ ਰਹੰਦਾ।
ਹੈਰਾਨੈ ਹੈਰਾਨੁ ਹੈ ਹੈਰਾਨੁ ਕਰੰਦਾ।
ਅਬਿਗਤਹੁੰ ਅਬਿਗਤੀ ਹੈ ਨਹਿੰ ਅਲਖੁ ਲਖੰਦਾ।
ਅਕਥਹੁੰ ਅਕਥ ਅਲੇਖ ਹੈ ਨਿਤ ਨੇਤਿ ਸੁਣੰਦਾ।
ਗੁਰਮੁਖ ਸੁਖਫਲ ਪਿਰਮ ਰਸ ਵਾਹੁ ਵਾਹੁ ਚਵੰਦਾ ॥੧੮॥

---

੧ ਤਪੇ ਹੋਏ ਤੇਜ (ਅਗਨੀ)। ੨ ਵੈਰਾਗ ਧਾਰਨ ਕਰਨ। ੩ ਪੁੰਨ ਕਰਮ। ੪ ਅਫੁਰ ਸਮਾਧੀ। ੫ ਅਚਰਜ ਤੋਂ ਅਚਰਜ ਭੀ ਅਚਰਜ ਹੋ ਜਾਂਦਾ ਹੈ।

Digitized by Panjab Digital Library | www.panjabdigilib.org

## ਪਉੜੀ ੧੯

{ਪਿਰਮ ਰਸ ਪ੍ਰਾਪਤੀ ਦਾ ਵਸੀਲਾ-ਗੁਰੂ, ਸਤਿਸੰਗ, ਨਾਮ, ਹਉਮੈ ਤਿਆਗ}

ਇਕ ਕਵਾਉ ਪਸਾਉ ਕਰਿ ਬ੍ਰਹਮੰਡ ਪਸਾਰੇ।
ਕਰਿ ਬ੍ਰਹਮੰਡ ਕਰੋੜ ਲਖ ਰੋਮ ਰੋਮ ਸੰਜਾਰੇ[1]।
ਪਾਰਬ੍ਰਹਮ ਪੂਰਨ ਬ੍ਰਹਮ ਗੁਰੁ ਰੂਪ ਮੁਰਾਰੇ।
ਗੁਰੁ ਚੇਲਾ ਚੇਲਾ ਗੁਰੂ ਗੁਰ ਸਬਦ ਵੀਚਾਰੇ।
ਸਾਧ ਸੰਗਤਿ ਸਚਖੰਡ ਹੈ ਵਾਚਾ[2] ਨਿਰੰਕਾਰੇ।
ਗੁਰਮੁਖਿ ਸੁਖਫਲ ਪਿਰਮ ਰਸ ਦੇਹਿ ਹਉਮੈ ਮਾਰੇ ।।੧੯।।

## ਪਉੜੀ ੨੦

{ਖਟ ਗੁਰ ਉਸਤਤਿ}

ਸਤਿਗੁਰੁ ਨਾਨਕ ਦੇਉ ਹੈ ਪਰਮੇਸਰੁ ਸੋਈ।
ਗੁਰੁ ਅੰਗਦ ਗੁਰੁ ਅੰਗ ਤੇ ਜੋਤੀ ਜੋਤਿ ਸਮੋਈ।
ਅਮਰਾਪਦ ਗੁਰੁ ਅੰਗਦਹੁੰ ਹੁਇ ਜਾਣ ਜਣੋਈ।
ਗੁਰੁ ਅਮਰਹੁੰ ਗੁਰੁ ਰਾਮਦਾਸ ਅੰਮ੍ਰਿਤ ਰਸੁ ਭੋਈ[3]।
ਰਾਮਦਾਸਹੁੰ ਅਰਜਨ ਗੁਰੂ ਗੁਰੁ ਸਬਦ ਸਥੋਈ[4]।
ਹਰਿਗੋਵਿੰਦ ਗੁਰੁ ਅਰਜਨਹੁੰ ਗੁਰੁ ਗੋਵਿੰਦ ਹੋਈ।
ਗੁਰਮੁਖ ਸੁਖਫਲ ਪਿਰਮਰਸ ਸਤਿਸੰਗ ਅਲੋਈ[5]।
ਗੁਰੁ ਗੋਵਿੰਦਹੁੰ ਬਾਹਿਰਾ ਦੂਜਾ ਨਹੀ ਕੋਈ ॥ ੨੦ ॥ ੩੮॥

---

੧ ਮਿਲਾ ਰਖੇ ਹਨ। ੨ ਬਾਣੀ। ੩ ਮਿਲ ਗਏ। ੪ ਸਾਥੀ ਹੋਏ। ੫ ਦੇਖਿਆ।

Digitized by Panjab Digital Library | www.panjabdigilib.org

# ਵਾਰ ੩੯

ੴ ਸਤਿਗੁਰਪ੍ਰਸਾਦਿ ॥

## ਪਉੜੀ ੧

{ਮੰਗਲਾ ਚਰਣ}

[੧]ਏਕੰਕਾਰੁ ਇਕਾਂਗ ਲਿਖਿ ਊੜਾ ਓਅੰਕਾਰੁ ਲਖਾਇਆ।
ਸਤਿਨਾਮ [੨]ਕਰਤਾ ਪੁਰਖੁ ਨਿਰਭਉ ਹੁਇ ਨਿਰਵੈਰੁ ਸਦਾਇਆ।
ਅਕਾਲ ਮੂਰਤਿ ਪਰਤਖਿ ਸੋਇ ਨਾਉ ਅਜੂਨੀ ਸੈਭੰ[੩] ਭਾਇਆ।
ਗੁਰਪਰਸਾਦਿ ਸੁ ਆਦਿ ਸਚੁ ਜੁਗਹ ਜੁਗੰਤਰੁ ਹੋਂਦਾਆਇਆ।
ਹੈਭੀ ਹੋਸੀ ਸਚੁ ਨਾਉ ਸਚੁ ਦਰਸਣ[੪] ਸਤਿਗੁਰੂ ਦਿਖਾਇਆ।
ਸਬਦੁ ਸੁਰਤਿ ਲਿਵਲੀਣੁ ਹੁਇ ਗੁਰੁ ਚੇਲਾ ਪਰਚਾ ਪਰਚਾਇਆ।
ਗੁਰੁ ਚੇਲਾ ਰਹਿਰਾਸਿ ਕਰਿ [੫]ਵੀਹਇਕੀਹ ਚੜ੍ਹਾਉ ਚੜ੍ਹਾਇਆ।
ਗੁਰਮੁਖਿ ਸੁਖ ਫਲੁ ਅਲਖ ਲਖਾਇਆ ॥ ੧ ॥

## ਪਉੜੀ ੨

{ਪੰਜ ਗੁਰੂ}

ਨਿਰੰਕਾਰੁ[੬] ਅਕਾਰ ਕਰਿ ਏਕੰਕਾਰੁ ਅਪਾਰ ਸਦਾਇਆ।
ਓਅੰਕਾਰੁ ਅਕਾਰ ਕਰਿ [੭]ਇਕੁ ਕਵਾਉ ਪਸਾਉ ਕਰਾਇਆ।
ਪੰਜ ਤਤ ਪਰਵਾਣ ਕਰਿ [੮]ਪੰਜ ਮਿਤ੍ਰ ਪੰਜ ਸਤ੍ਰ ਮਿਲਾਇਆ।
ਪੰਜੇ ਤਿੰਨ ਅਸਾਧ ਸਾਧਿ ਸਾਧੁ ਸਦਾਇ ਸਾਧੁ ਬਿਰਦਾਇਆ।

---

੧ ਇਕ ਦਾ ਸਰੂਪ, ਏਕੇ ਦਾ ਅੰਗ। ੨ ਸ੍ਰਿਸ਼ਟੀ ਦਾ ਰਚਨਹਾਰ ਤੇ ਵਿਆਪਕ। ੩ ਸੁਤੇ ਪ੍ਰਕਾਸ਼ ਰੂਪ। ੪ ਮਤ। ੫ ਵੀਹਾਂ ਅੰਦਰ ਵਰਤ ਰਹੇ ਸੰਸਾਰ ਤੋਂ ਇਕ (ਈਸ਼) ਪਰਮਾਤਮਾ ਵਲ। ੬ ਨਿਰਗੁਣ ਸਰੂਪ। ੭ ਇਕ ਵਾਕ ਤੋਂ ਪਸਾਰਾ ਕੀਤਾ। ੮ ਪੰਜ (ਸਤਿ, ਸੰਤੋਖ ਆਦਿ) ਮਿਤ੍ਰ ਤੇ ਪੰਜ (ਕਾਮ, ਕ੍ਰੋਧ, ਆਦਿ) ਦੁਸ਼ਮਨਾਂ ਨੂੰ ਇਕੱਠਾ ਕਰ ਦਿਤਾ। ੯ ਪੰਜ ਵਿਕਾਰ ਤੇ ਤਿੰਨ ਗੁਣ।

Digitized by Panjab Digital Library | www.panjabdigilib.org

[1]ਪੰਜੇ ਏਕੰਕਾਰ ਲਿਖਿ ਅਗੋਂ ਪਿਛੀਂ ਸਹਸ ਫਲਾਇਆ।
[2]ਪੰਜੇ ਅਖਰ ਪਰਧਾਨ ਕਰਿ ਪਰਮੇਸਰੁ ਹੁਇ ਨਾਉ ਧਰਾਇਆ।
ਸਤਿਗੁਰੁ ਨਾਨਕ ਦੇਉ ਹੈ ਗੁਰੁ ਅੰਗਦ ਅੰਗਹੁੰ ਉਪਜਾਇਆ।
ਅੰਗਦ ਤੇ ਗੁਰੁ ਅਮਰਪਦ ਅੰਮ੍ਰਿਤ ਰਾਮ ਨਾਮੁ ਗੁਰ ਭਾਇਆ।
ਰਾਮਦਾਸ ਗੁਰੁ ਅਰਜਣ ਛਾਇਆ ॥ ੨ ॥

## ਪਉੜੀ ੩

[ਗੁਰੂ ਹਰਿਗੋਬਿੰਦ ਸਾਹਿਬ ਜੀ]

[3]ਦਸਤਗੀਰ ਹੁਇ ਪੰਜ ਪੀਰ ਹਰਿ ਗੁਰੁ ਹਰਿ ਗੋਬਿੰਦ ਅਤੋਲਾ।
ਦੀਨ ਦੁਨੀ ਦਾ ਪਾਤਸਾਹ ਪਾਤਸਾਹਾਂ ਪਾਤਿਸਾਹ ਅਡੋਲਾ।
[4]ਪੰਜ ਪਿਆਲੇ ਅਜਰੁ ਜਰਿ ਹੁਇ ਮਸਤਾਨ ਸੁਜਾਣ ਵਿਚੋਲਾ।
[5]ਤੁਰੀਆ ਚੜ੍ਹਿ ਜਿਣਿ ਪਰਮਤਤੁ ਛਿਅ ਵਰਤਾਰੇ ਕੋਲੋ ਕੋਲਾ[7]।
ਛਿਅ ਦਰਸਨ [6]ਛਿਅ ਪੀੜ੍ਹੀਆਂ ਇਕਸੁ ਦਰਸਨੁ ਅੰਦਰਿ ਗੋਲਾ।
ਜਤੀ ਸਤੀ ਸੰਤੋਖੀਆ ਸਿਧ ਨਾਥ ਅਵਤਾਰ ਵਿਰੋਲਾ[8]।
ਗਿਆਰਹ ਰੁਦ੍ਰ[9] [10]ਸਮੁੰਦ੍ਰ ਵਿਚਿ ਮਰਿ ਜੀਵੇ ਤਿਸੁ ਰਤਨ ਅਮੋਲਾ।
[11]ਬਾਰਹ ਸੋਲਾ ਮੇਲ ਕਰਿ ਵੀਹ ਇਕੀਹ ਚੜ੍ਹਾਉ ਹਿੰਡੋਲਾ[12]।
ਅੰਤਰਜਾਮੀ [13]ਬਾਲਾ ਭੋਲਾ ॥ ੩ ॥

## ਪਉੜੀ ੪

[ਗੁਰੂ ਚਰਣੋਦਕ ਮਹਿਮਾ]

[14]ਗੁਰਗੋਵਿੰਦ ਖੁਦਾਇ ਪੀਰ ਗੁਰੁ ਚੇਲਾ ਚੇਲਾ ਗੁਰੁ ਹੋਆ।

---

੧ ਪੰਜ ਸਤਿਗੁਰੂਆਂ ਨੇ (ਏਕੰਕਾਰ ਰੂਪ) ਬਾਣੀ ਲਿਖ ਕੇ। ੨ (ਗੁਰੂ) ਨਾਨਕ ਦੇਵ ਜੀ ਦੇ ਪੰਜ ਅੱਖਰ। ੩ ਪੰਜ ਪਹਿਲੇ ਸਤਿਗੁਰੂ ਹਥ ਫੜਨ ਵਾਲੇ ਹੋਏ। ੪ ਸਤ, ਸੰਤੋਖ, ਵਿਚਾਰ ਆਦਿ ਦੇ ਅਜਰ ਪੰਜ ਪਿਆਲੇ ਜਰ ਕੇ ਮਸਤਾਨੇ ਤੇ ਚਤੁਰ ਵਕੀਲ ਹੋਏ ਹਨ। ੫ ਤੁਰੀਆ ਪਦ ਪੁਰ ਚੜ੍ਹ ਕੇ ਪਰਮ ਤੱਤ ਪ੍ਰਾਪਤ ਕੀਤਾ, ਛੇ ਦਰਸ਼ਨ ਕੋਲੋ ਕੋਲੀ (ਖੜੇ ਰਹੇ)। ੬ ਸੰਪ੍ਰਦਾਵਾਂ। ੭ ਦਾਸ। ੮ ਰਿੜਕ ਕੇ। ੯ ਸ਼ਿਵ ਜੀ। ੧੦ ਹਿਰਦੇ ਰੂਪ ਸਮੁੰਦਰ ਵਿਚ। ੧੧ ਸੂਰਜ ਦੀਆਂ ਬਾਰਾਂ ਰਾਸਾਂ ਤੇ ਚੰਨ ਦੀਆਂ ਸੋਲਾਂ ਕਲਾਂ ਮਿਲ਼ਾ ਕੇ। ੧੨ ਝੂਲਨਾ। ੧੩ ਭੋਲੇ ਬਾਲਕ। ੧੪ ਗੁਰੂ ਹਰਿਗੋਬਿੰਦ ਸਾਹਿਬ ਜੀ।

Digitized by Panjab Digital Library | www.panjabdigilib.org

ਨਿਰੰਕਾਰ ਆਕਾਰ ਕਰਿ ਏਕੰਕਾਰੁ ਅਕਾਰੁ ਪਛੋਆ[1] ।
ਓਅੰਕਾਰ ਅਕਾਰੁ ਲਖ ਲਖ ਦਰੀਯਾਉ ਕਰੇਂਦੇ ਢੋਆ[2] ।
ਲਖ ਦਰੀਆਉ ਸਮੁੰਦ੍ਰ ਵਿਚਿ ਸਤ ਸਮੁੰਦ੍ਰ ਗੜਾੜ[3] ਸਮੋਆ ।
ਲਖ ਗੜਾੜ ਕੜਾਹ[4] ਵਿਚਿ ਤ੍ਰਿਸਨਾ ਦਝਹਿੰ[5] ਸੀਖ ਪਰੋਆ ।
ਬਾਵਨ ਚੰਦਨ ਬੂੰਦ ਇਕੁ ਠੰਢੇ ਤਤੇ ਹੋਇ ਖਲੋਆ ।
ਬਾਵਨ ਚੰਦਨ ਲਖ ਲਖ ਚਰਣ ਕਵਲ ਚਰਣੋਦਕੁ ਹੋਆ ।
ਪਾਰਬ੍ਰਹਮੁ ਪੂਰਨ ਬ੍ਰਹਮੁ ਆਦਿ ਪੁਰਖੁ ਆਦੇਸੁ ਅਲੋਆ[6] ।
ਹਰਿਗੋਵਿੰਦ ਛਤ੍ਰ ਚੰਦੋਆ[7] ॥ ੪ ॥

## ਪਉੜੀ ੫

[ਉਪਕਾਰੀ ਮਹਾਂ ਪੁਰਖ]

[8]ਸੂਰਜ ਦੇ ਘਰਿ ਚੰਦ੍ਰਮਾ ਵੈਰੁ ਵਿਰੋਧੁ ਉਠਾਵੈ ਕੇਤੇ ।
ਸੂਰਜ ਆਵੈ ਚੰਦ੍ਰ ਘਰਿ ਵੈਰੁ ਵਿਸਾਰਿ ਸਮਾਲੈ ਹੇਤੇ ।
[9]ਜੋਤੀ ਜੋਤਿ ਸਮਾਇਕੈ ਪੂਰਨ ਪਰਮ ਜੋਤਿ ਚਿਤਿ ਚੇਤੇ ।
[10]ਲੋਕ ਭੇਦ ਗੁਣੁ ਗਿਆਨੁ ਮਿਲਿ ਪਿਰਮ ਪਿਆਲਾ ਮਜਲਸ ਭੇਤੇ ।
[11]ਛਿਅ ਰੁਤੀ ਛਿਅ ਦਰਸਨਾ ਇਕੁ ਸੂਰਜੁ ਗੁਰ ਗਿਆਨੁ ਸਮੇਤੇ ।
ਮਜਹਬ ਵਰਨ ਸਪਰਸ ਕਰਿ ਅਸਟਧਾਤ ਇਕੁ ਧਾਤੁ ਸੁਖੇਤੇ ।

---

੧ ਪਿਛੋਂ । ੨ ਭੇਟ । ੩ ਮਹਾਂ ਸਮੁੰਦਰ । ੪ ਬੜਵਾਨਲ ਰੂਪ । ੫ ਕਬਾਬ ਵਾਂਗ ਸੀਖਾਂ ਪੁਰ ਪਰੋਏ ਗਏ । ੬ ਨਿਰਣੇ ਕੀਤਾ । ੭ ਸਾਇਬਾਨ । ੮ (ਜੋਤਿਸ਼ ਸ਼ਾਸਤ੍ਰ ਅਨੁਸਾਰ) ਸੂਰਜ ਦੇ ਘਰ ਚੰਦਰਮਾਂ ਆਵੇ ਤਾਂ ਦੁਨੀਆਂ ਵਿਚ ਉਪੱਦਰਵ ਹੁੰਦੇ ਹਨ, ਪਰ ਚੰਦਰਮਾਂ ਦੇ ਘਰ ਸੂਰਜ ਆਵੇ ਤਾਂ ਸ਼ਾਂਤੀ ਹੁੰਦੀ ਹੈ । ਇਸੇ ਤਰਾਂ ਮਾਇਆ ਜਾਂ ਸ਼ਕਤੀ ਦੇ ਘਰ ਸੰਤ ਜਾਣ ਤਾਂ ਖ਼ਰਾਬੀ ਹੁੰਦੀ ਹੈ, ਪਰ ਜੇ ਸ਼ਕਤੀ ਸੰਤਾਂ ਦੇ ਘਰ ਆਵੇ ਤਾਂ ਉਹ ਉਪਕਾਰ ਲਈ ਵਰਤਦੇ ਹਨ । ੯ ਗੁਰੂ ਦੀ ਜੋਤੀ ਵਿਚ ਆਪਣੇ ਅਲਪ ਗਿਆਨ ਦੀ ਜੋਤਿ ਮਿਲਾ ਕੇ । ੧੦ ਸੰਸਾਰਕ ਰੀਤਾਂ (ਨਿਜੀ) ਗਿਆਨ ਤੇ (ਸ਼ਾਸਤ੍ਰ) ਗਿਆਨ ਦਾ ਭੇਤ ਪਾ ਕੇ ਮਜਲਸ (ਸਾਧ ਸੰਗਤ) ਵਿਚ ਮਿਲ ਕੇ ਪ੍ਰੇਮ ਰਸ ਦਾ ਪਿਆਲਾ ਪੀਂਦੇ ਹਨ । ੧੧ ਛੇ ਰੁਤਾਂ ਇਕ ਸੂਰਜ ਦਾ ਹੀ ਨਤੀਜਾ ਹਨ, ਇਸੇ ਤਰ੍ਹਾਂ ਛੇ ਦਰਸ਼ਨਾਂ ਦਾ ਗਿਆਨ ਇਕ ਗੁਰੂ ਗਿਆਨ ਦੇ ਪ੍ਰਕਾਸ਼ ਸਮਾਨ ਸਮਝਦੇ ਹਨ ।

Digitized by Panjab Digital Library | www.panjabdigilib.org

[1]ਨਉ ਘਰ ਥਾਪੇ ਨਵੈ ਅੰਗ ਦਸਮਾਂ ਸੁੰਨ ਲੰਘਾਇ ਅਗੇਤੇ।
[2]ਨੀਲ ਅਨੀਲ ਅਨਾਹਦੋ ਨਿਝਰੁ ਧਾਰਿ ਅਪਾਰ ਸਨੇਤੇ।
[3]ਵੀਹ ਇਕੀਹ ਅਲੇਖ ਲੇਖ ਸੰਖ ਅਸੰਖ ਨ ਸਤਿਜੁਗ ਤ੍ਰੇਤੇ।
ਚਾਰ ਵਰਨ ਤੰਬੋਲ ਰਸ ਦੇਵ ਕਰੇਂਦਾ ਪਸੂ ਪਰੇਤੇ।
ਫਕਰ ਦੇਸ ਕਿਉਂ ਮਿਲੈ ਦਮੇਤੇ[4] ॥ ੫ ॥

## ਪਉੜੀ ੬

[ਸਚ ਦੀ ਓਰੈ ਸਭ ਕੋ]

ਚਾਰਿ ਚਾਰਿ ਮਜਹਬ ਵਰਨ ਛਿਅ ਦਰਸਨ ਵਰਤੈ ਵਰਤਾਰਾ।
ਸਿਵ ਸਕਤੀ ਵਿਚਿ ਵਣਜ ਕਰਿ [5]ਚਉਦਹ ਹਟ ਸਾਹ ਵਣਜਾਰਾ।
ਸਚ ਵਣਜ ਗੁਰੁ ਹਟੀਐ ਸਾਧ ਸੰਗਤਿ ਕੀਰਤਿ ਕਰਤਾਰਾ।
ਗਿਆਨਧਿਆਨਸਿਮਰਨਸਦਾਭਾਉਭਗਤਿਭਉਸਬਦਬਿਚਾਰਾ।
ਨਾਮ ਦਾਨ ਇਸਨਾਨ ਦ੍ਰਿੜ ਗੁਰਮੁਖਿ ਪੰਥ ਰਤਨ ਵਾਪਾਰਾ।
ਪਰਉਪਕਾਰੀ ਸਤਿਗੁਰੂ [6]ਸਚਖੰਡ ਵਾਸਾ ਨਿਰੰਕਾਰਾ।
ਚਉਦਹ ਵਿਦਿਆ ਸੋਧਿਕੈ[7] ਗੁਰਮੁਖਿ [8]ਸੁਖ ਫਲ ਸਚ ਪਿਆਰਾ।
ਸਚਹੁੰ ਓਰੈ ਸਭ ਕਿਛੁ ਉਪਰਿ [9]ਗੁਰਮੁਖਿ ਸਚ ਆਚਾਰਾ।
ਚੰਦਨ ਵਾਸ ਵਣਾਸਪਤਿ ਗੁਰੁ ਉਪਦੇਸੁ ਤਰੈ ਸੈਸਾਰਾ।
ਅਪਿਉ[10] ਪੀਅ ਗੁਰਮਤਿ ਹੁਸੀਆਰਾ ॥ ੬ ॥

---

੧ ਨੌਂ ਅੰਗਾਂ ਨੂੰ ਨੌਂ ਗੋਲਕਾਂ ਥਾਪਿਆ ਹੈ, ਪਰ ਇਕ ਸੁੰਨ ਨੂੰ ਸਮਝ ਲੈਣ ਨਾਲ ਦਸਵਾਂ ਦਵਾਰ ਖੁਲ੍ਹ ਕੇ ਅਗੇ (ਅਫੁਰ ਸਮਾਧੀ ਵਿਚ) ਲੰਘਾ ਦੇਂਦਾ ਹੈ। ੨ ਗਿਣਤੀ ਤੋਂ ਅਗਣਿਤ ਹੋ ਕੇ ਅਨਹਦ ਨਾਦ ਦੀ ਇਕ ਰਸ ਧਾਰ ਅਪਾਰ ਤੇ ਸ੍ਰੇਸ਼ਟ ਕਰ ਦੇਂਦੀ ਹੈ। ੩ ਵੀਹ ਸੰਸਾਰ ਤੋਂ ਇਕੀਹ, ਲੇਖੇ ਤੋਂ ਅਲੇਖ ਗਿਣਤੀ ਤੋਂ ਅਗਣਿਤ ਹੋ ਜਾਂਦੇ ਹਨ ਕਿ ਸਤਿਜੁਗ ਤੇ ਤ੍ਰੇਤਾ ਵਿੱਚ (ਅਜਿਹਾ ਕੋਈ) ਨਹੀਂ ਸੀ। ੪ ਦੰਮਾਂ (ਰੁਪਇਆਂ) ਨਾਲ। ੫ ਚੌਦਾਂ ਲੋਕਾਂ ਦੇ ਹੱਟ। ੬ ਨਿਰੰਕਾਰ ਦੇ ਸਚਖੰਡ ਵਿਚ ਵਾਸ ਕਰਦੇ ਹਨ। ੭ ਖੋਜ ਕੇ। ੮ ਸਚ ਨੂੰ ਪਿਆਰ ਕਰਨਾ ਹੀ ਸੁਖ ਫਲ ਜਾਣਿਆ ਹੈ। ੯ ਗੁਰਮੁਖਾਂ ਦਾ ਸਚਾ ਆਚਰਣ। ੧੦ ਅੰਮ੍ਰਿਤ।

Digitized by Panjab Digital Library | www.panjabdigilib.org

## ਪਉੜੀ ੭

[ਗੁਰਮੁਖ ਵਿਚ ਗੁਰੂ ਵਰਤਦਾ ਹੈ]

ਅਮਲੀ ਸੋਫੀ ਚਾਕਰਾਂ ਆਪੁ ਆਪਣੇ ਲਾਗੇ ਬੰਨੇ।
ਮਹਰਮ ਹੋਇ ਵਜੀਰ ਸੋ [1]ਮੰਤ੍ਰ ਪਿਆਲਾ ਮੂਲ ਨ ਮੰਨੈ[2]।
[3]ਨਾ ਮਹਿਰਮ ਹੁਸਿਆਰ ਮਸਤ ਮਰਦਾਨੀ ਮਜਲਸ ਕਰਿ ਭੰਨੇ।
[4]ਤਕਰੀਰਿ ਤਹਰੀਰ ਵਿਚਿ ਪੀਰ ਪਰਸਤ ਮੁਰੀਦ ਉਪੰਨੇ।
[5]ਗੁਰਮਤਿ ਅਲਖ ਨ ਲਖੀਐ ਅਮਲੀ ਸੂਫੀ ਲਗੈ ਨ ਕੰਨੇ।
ਅਮਲੀ ਜਾਣਨਿ ਅਮਲੀਆਂ ਸੋਫੀ ਜਾਣਨਿ ਸੋਫੀ ਵੰਨੇ[6]।
ਹੇਤੁ ਵਜੀਰੇ ਪਾਤਿਸਾਹ ਦੁਇ ਖੋੜੀ[7] ਇਕੁ ਜੀਉ ਸਿਧੰਨੇ[8]।
ਜਿਉ ਸਮਸੇਰ ਮਿਆਨ ਵਿਚਿ ਇਕਤੁ ਥੇਕੁ ਰਹਨ ਦੁਇ ਖੰਨੇ[9]।
ਵੀਹ ਇਕੀਹ ਜਿਵੈ ਰਸ ਗੰਨੇ ॥ ੭ ॥

## ਪਉੜੀ ੮

[ਰਸੀਏ ਗੁਰਸਿਖ ਤੇ ਫੋਕਟ ਗਿਆਨੀ]

ਚਾਕਰ ਅਮਲੀ ਸੋਫੀਆਂ ਪਾਤਿਸਾਹ ਦੀ [10]ਚਉਕੀ ਆਏ।
ਹਾਜਰ ਹਾਜਰਾਂ ਲਿਖੀਅਨਿ ਗੈਰ ਹਾਜਰਾਂ-ਗੈਰ-ਹਾਜਰ ਲਾਏ।
ਲਾਇਕ ਦੇ ਵੀਚਾਰਿਕੈ ਵਿਰਲੇ ਮਜਲਸ ਵਿਚਿ ਸਦਾਏ।
[11]ਪਾਤਿਸਾਹ ਹੁਸਿਆਰ ਮਸਤ ਖੁਸ਼ ਫਹਿਮੀ ਦੋਵੇ ਪਰਚਾਏ।
ਦੇਨਿ ਪਿਆਲੇ ਅਮਲੀਆਂ ਸੋਫੀ[12] ਸਭ ਪਿਆਵਣ ਲਾਏ।

---

੧ਮਸ਼ਵਰੇ ਦਾ ਪਿਆਲਾ ਪੇਸ਼ ਕਰਨ ਦੀ ਮਨਾਹੀ ਨਹੀ ਹੈ। ੨ ਮਨ੍ਹਾ। ੩ ਨਾ-ਮਹਿਰਮ ਹੁਸ਼ਿਆਰ ਹੁੰਦਾ ਹੋਇਆ ਮਸਤ ਬਣ ਕੇ ਦਿਖਾਉਂਦਾ ਹੈ, ਪਰ ਉਹ ਮਜਲਸ ਵਿਚੋਂ ਭਜਾ ਦਿਤਾ ਜਾਂਦਾ ਹੈ। ੪ ਭਾਵੇਂ ਉਹ ਬੋਲ ਕੇ ਤੇ ਭਾਵੇਂ ਲਿਖ ਕੇ ਆਪਣੇ ਆਪ ਨੂੰ ਵਡਾ ਪੀਰ ਪ੍ਰਸਤ ਮੁਰੀਦ ਉਪੰਨੇ (ਪ੍ਰਗਟ) ਪਿਆ ਕਰੇ। ੫ ਪਰ ਜੇ ਅਲਖ ਗੁਰਮਤ ਉਸ ਨੇ ਨਹੀਂ ਜਾਣੀ ਤਾਂ ਅਮਲੀ ਉਸ ਸੂਫੀ ਦੇ ਕੰਨੇ (ਨੇੜੇ) ਨਹੀਂ ਲਗਦੇ। ੬ ਰੰਗ ਨੂੰ। ੭ ਦੇਹ। ੮ ਸਿਧ ਕੀਤਾ। ੯ ਖਾਨੇ। ੧੦ ਪਹਿਰੇ ਵਿਚ ਲਿਆਂਦੇ ਗਏ। ੧੧ ਬਾਦਸ਼ਾਹ (ਸਤਿਗੁਰੂ) ਹੁਸ਼ਿਆਰ ਹੈ. ਮਸਤ ਭੀ ਤੇ ਸਮਝਦਾਰ (ਪੰਡਤ, ਮੁਲਾਂ ਆਦਿ) ਦੋਹਾਂ ਨੂੰ ਪਰਚਾ ਲਿਆ। ੧੨ ਪੰਡਤ, ਮੁਲਾਂ ਆਦਿ।

Digitized by Panjab Digital Library | www.panjabdigilib.org

ਮਤਵਾਲੇ ਅਮਲੀ ਹੁਏ ਪੀ ਪੀ [੧]ਚੜ੍ਹੇ ਸਹਿਜ ਘਰਿ ਜਾਏ।
ਸੂਫੀ ਮਾਰਨਿ ਟਕਰਾਂ ਪੂਜ ਨਿਵਾਜੇ ਸੀਸ ਨਿਵਾਏ।
ਵੇਦ ਕਿਤਾਬ ਅਜਾਬ[੨] ਵਿਚਿ ਕਰਿ ਕਰਿ ਖੁਦੀ[੩] ਬਹਸ ਬਹਸਾਏ।
ਗੁਰਮੁਖਿ ਸੁਖ ਫਲ ਵਿਰਲਾ ਪਾਏ ॥ ੮ ॥

## ਪਉੜੀ ੯

{ਰਸੀਏ, ਫੋਕਟ ਗਿਆਨੀਆਂ ਨੂੰ ਰਸ ਦੇਂਦੇ ਹਨ, ਪਰ ਉਹਨਾਂ ਦੀ ਨਾਂਹ}

ਬਹੈ ਝਰੋਖੇ ਪਾਤਿਸਾਹ ਖਿੜਕੀ ਖੋਲਿ ਦੀਵਾਨ ਲਗਾਵੈ।
[੪]ਅੰਦਰਿ ਚਉਕੀ ਮਹਲ ਦੀ ਬਾਹਰਿ ਮਰਦਾਨਾ ਮਿਲਿ ਆਵੈ।
ਪੀਐ ਪਿਆਲਾ ਪਾਤਿਸਾਹੁ ਅੰਦਰਿ ਖਾਸਾਂ[੫] ਮਹਲਿ ਪਿਲਾਵੈ।
[੬]ਦੇਵਨ ਅਮਲੀ ਸੂਫੀਆਂ ਅਵਲ ਦੋਮ ਦੇਖਿ ਦਿਖਲਾਵੈ।
ਕਰੇ ਮਨਾਹ ਸ਼ਰਾਬ[੭] ਦੀ ਪੀਐ ਆਪੁ ਨ ਹੋਰੁ ਸੁਖਾਵੈ।
ਉਲਸ[੮] ਪਿਆਲਾ ਮਿਹਰ ਕਰਿ ਵਿਰਲੇ ਦੇਇ ਨ ਪਛੋਤਾਵੈ।
ਕਿਹੁ ਨ ਵਸਾਵੈ[੯] ਕਿਹੈ ਦਾ [੧੦]ਗੁਨਹ ਕਰਾਇ ਹੁਕਮੁ ਬਖਸਾਵੈ।
ਹੋਰੁ ਨ ਜਾਣੈ ਪਿਰਮ ਰਸ ਜਾਣੈ ਆਪ ਕੈ ਜਿਸੈ ਜਣਾਵੈ।
ਵਿਰਲੇ ਗੁਰਮੁਖਿ ਅਲਖ ਲਖਾਵੈ ॥ ੯ ॥

## ਪਉੜੀ ੧੦

{ਬੇਅਮਲੀਆਂ (ਫੋਕਟ ਗਿਆਨੀਆਂ) ਦਾ ਹਾਲ}

ਵੇਦ ਕਤੇਬ ਵਖਾਣਦੇ ਸੂਫੀ[੧੧] ਹਿੰਦੂ ਮੁਸਲਮਾਣਾ।
ਮੁਸਲਮਾਣ ਖੁਦਾਇ ਦੇ ਹਿੰਦੂ ਹਰਿ ਪਰਮੇਸੁਰੁ ਭਾਣਾ।
ਕਲਮਾਂ ਸੁੰਨਤ ਸਿਦਕ ਧਰਿ ਪਾਇ ਜਨੇਊ ਤਿਲਕੁ ਸੁਖਾਣਾ।

---

੧ ਵਾਹਿਗੁਰੂ ਦੇ ਘਰ ਨਿਜ ਸਰੂਪ ਵਿਚ। ੨ ਕਸ਼ਟ ਵਿਚ। ੩ ਅਹੰਕਾਰ। ੪ ਅੰਤਰੰਗ ਸਭਾ ਅੰਦਰ ਹੁੰਦੀ ਹੈ। ੫ ਚੋਣਵੇਂ। ੬ ਅਮਲੀ ਰਸੀਏ ਕਰਮ ਕਾਂਡੀਆਂ ਨੂੰ ਪਹਿਲਾ ਦੂਜਾ ਦਰਜਾ ਦੇਖ ਦਿਖਾ ਕੇ ਇਹ ਰਸ ਦੇਂਦੇ ਹਨ। ੭ ਮਸਤੀ। ੮ ਸੀਤ ਪ੍ਰਸ਼ਾਦ। ੯ ਵਸ ਕਿਸੇ ਦਾ ਕੁਝ ਨਹੀਂ। ੧੦ ਆਪੇ ਗੁਨਾਹ ਕਰਾਉਂਦਾ ਤੇ ਹੁਕਮ ਦਵਾਰਾ ਬਖਸ਼ ਭੀ ਦੇਂਦਾ ਹੈ। ੧੧ ਫੋਕਟ ਗਿਆਨੀ।

Digitized by Panjab Digital Library | www.panjabdigilib.org

ਮਕਾ ਮੁਸਲਮਾਨ ਦਾ ਗੰਗ ਬਨਾਰਸ ਦਾ ਹਿੰਦੁਵਾਣਾ।
ਰੋਜ਼ੇ ਰਖਿ ਨਿਮਾਜ਼ ਕਰਿ ਪੂਜਾ ਵਰਤ ਅੰਦਰਿ ਹੈਰਾਣਾ।
ਚਾਰਿ ਚਾਰਿ ਮਜਹਬ ਵਰਨ[੧] ਛਿਅ ਘਰਿ ਗੁਰੁ ਉਪਦੇਸੁ ਵਖਾਣਾ।
ਮੁਸਲਮਾਨ ਮੁਰੀਦ ਪੀਰ ਗੁਰੁ ਸਿਖੀ ਹਿੰਦੂ ਲੋਭਾਣਾ।
ਹਿੰਦੂ ਦਸ ਅਵਤਾਰ ਕਰਿ ਮੁਸਲਮਾਣ ਇਕੋ ਰਹਿਮਾਣਾ।
[੨]ਖਿੰਜੋਤਾਣ ਕਰੇਨਿ ਧਿਙਾਣਾ ॥ ੧੦ ॥

## ਪਉੜੀ ੧੧

[ਖਾਸ ਅਮਲੀ (ਰਸੀਆਂ) ਦਾ ਹਾਲ]

ਅਮਲੀ ਖਾਸੇ ਮਜਲਸੀ ਪਿਰਮ ਪਿਆਲਾ ਅਲਖੁ ਲਖਾਇਆ।
[੩]ਮਾਲਾ ਤਸਬੀ ਤੋੜਿਕੈ ਜਿਉ ਸਉ ਤਿਵੈ ਅਠੋਤਰੁ ਲਾਇਆ।
[੪]ਮੇਰੁ ਇਮਾਮ ਰਲਾਇਕੈ ਰਾਮੁ ਰਹੀਮੁ ਨ ਨਾਉ ਗਣਾਇਆ।
ਦੁਇ ਮਿਲਿ ਇਕੁ ਵਜੂਦੁ ਹੁਇ ਚਉਪੜ ਸਾਰੀ ਜੋੜਿ ਜੁੜਾਇਆ।
ਸਿਵਸ਼ਕਤੀ ਨੋ ਲੰਘਿਕੈ ਪਿਰਮ ਪਿਆਲੇ ਨਿਜਘਰਿ ਆਇਆ।
ਰਾਜਸੁ ਤਾਮਸੁ ਸਾਂਤਕੋ ਤੀਨੋ ਲੰਘਿ ਚਉਥਾ ਪਦੁ ਪਾਇਆ।
ਗੁਰਗੋਵਿੰਦ ਖੁਦਾਇ ਪੀਰੁ ਗੁਰਸਿਖ ਪੀਰੁ ਮੁਰੀਦੁ ਲਖਾਇਆ।
ਸਚੁ ਸਬਦ ਪਰਗਾਸ ਕਰਿ ਸਬਦ ਸੁਰਤਿ ਸਚੁ ਸਚੁ ਮਿਲਾਇਆ।
ਸਚਾ ਪਾਤਿਸਾਹੁ ਸਚੁ ਭਾਇਆ ॥ ੧੧ ॥

## ਪਉੜੀ ੧੨

{ਸਤਿਗੁਰੂ ਨਿਵਾਸ, ਸਤਿਸੰਗ ਵਿਚ}

ਪਾਰਬ੍ਰਹਮੁ ਪੂਰਨ ਬ੍ਰਹਮੁ[੫] ਸਤਿਗੁਰੁ ਸਾਧ ਸੰਗਤਿ ਵਿਚਿ ਵਸੈ।

---

੧ ਛੇ ਸ਼ਾਸਤਰਾਂ ਤੇ ਉਹਨਾਂ ਦੇ ਅਚਾਰਯਾਂ ਦੇ ਉਪਦੇਸ਼ਾਂ ਦੀ ਵਿਆਖਿਆ ਕਰਦੇ ਹਨ। ੨ ਧਕੇ ਸ਼ਾਹੀ ਨਾਲ ਖਿਚੋਤਾਣ ਕਰਦੇ ਹਨ। ੩ ਮਾਲਾ ਤੇ ਤਸਬੀ ਤੋੜ ਕੇ ਜਿਵੇਂ (ਸੌ ਮੁਸਲਮਾਨ ਦੀ ਤਸਬੀ ਦੇ ਮਣਕੇ) ਓਵੇਂ ਹੀ ਇਕ ਸੌ ਅਠ (ਹਿੰਦੂਆਂ ਦੀ ਮਾਲਾ ਦੇ) ਲਗਾਏ ਹਨ (ਅਰਥਾਤ ਨਾਮ ਜਪਣ ਵਿਚ ਗਿਣਤੀਆਂ ਨਹੀਂ ਰਖਦੇ)। ੪ ਮਾਲਾ ਦੇ ਸਿਰੇ ਦਾ ਮਣਕਾ ਮੇਰੂ ਤੇ ਮੁਸਲਮਾਨਾਂ ਦੇ ਸਿਰੇ ਦਾ ਮਣਕਾ ਇਮਾਮ ਦੋਵੇਂ ਰਲਾ ਕੇ। ੫ ਸਗੁਣ ਰੂਪ ਹੋ ਕੇ।

Digitized by Panjab Digital Library | www.panjabdigilib.org

ਸਬਦ ਸੁਰਤਿ ਆਰਾਧੀਐ ਭਾਇ ਭਗਤਿ ਭੈ [1]ਸਹਜ ਵਿਗਸੈ।
ਨਾ ਓਹੁ ਮਰੈ ਨ ਸੋਗੁ ਹੋਇ ਦੇਂਦਾ ਰਹੈ ਨ ਭੋਗੁ [2]ਵਿਣਸੈ।
[3]ਗੁਰੂ ਸਮਾਣਾ ਆਖੀਐ ਸਾਧ ਸੰਗਤਿ ਅਬਿਨਾਸੀ ਹਸੈ।
ਛੇਵੀਂ ਪੀਹੜੀ ਗੁਰੂ ਦੀ [4]ਗੁਰ ਸਿਖਾ ਪੀੜੀ ਕੋ ਦਸੈ।
ਸਚੁ ਨਾਉਂ ਸਚੁ ਦਰਸਨੋ ਸਚਖੰਡ ਸਤਿਸੰਗ ਸਰਸੈ[5]।
ਪਿਰਮ ਪਿਆਲਾ ਸਾਧਸੰਗਿ ਭਗਤਿ ਵਛਲੁ ਪਾਰਸੁ ਪਰਸੈ।
ਨਿਰੰਕਾਰ ਅਕਾਰ ਕਰਿ ਹੋਇ ਅਕਾਲ ਅਜੋਨੀ ਜਸੈ।
ਸਚਾ ਸਚੁ ਕਸਉਟੀ ਕਸੈ ॥ ੧੨ ॥

## ਪਉੜੀ ੧੩

{ਸਤਿਸੰਗ, ਸਚਖੰਡ ਹੈ}

ਓਅੰਕਾਰ [6]ਅਕਾਰ ਕਰਿ ਤ੍ਰੈ ਗੁਣ ਪੰਜ ਤਤ ਉਪਜਾਇਆ।
ਬ੍ਰਹਮਾ ਬਿਸਨੁ ਮਹੇਸ ਸਾਜਿ ਦਸ ਅਵਤਾਰ ਚਲਿਤ ਵਰਤਾਇਆ।
ਛਿਅ ਰੁਤਿ ਬਾਰਹ ਮਾਹ ਕਰਿ ਸਤ ਵਾਰ ਸੈਂਸਾਰ ਉਪਾਇਆ।
ਜਨਮ ਮਰਨ ਦੇ ਲੇਖ ਲਿਖਿ ਸਾਸਤ੍ਰ ਵੇਦ ਪੁਰਾਣ ਸੁਣਾਇਆ।
ਸਾਧ ਸੰਗਤਿ ਦਾ ਆਦਿ ਅੰਤ ਥਿਤ ਨ ਵਾਰੁ ਨ ਮਾਹੁ ਲਿਖਾਇਆ।
ਸਾਧ ਸੰਗਤਿ ਸਚੁ ਖੰਡ ਹੈ ਨਿਰੰਕਾਰ ਗੁਰੁ ਸਬਦ ਵਸਾਇਆ।
ਬਿਰਖਹੁ ਫਲ ਫਲ ਤੇ ਬਿਰਖ [7]ਅਕਲ ਕਲਾ ਕਰਿ ਅਲਖੁ ਲਖਾਇਆ।
[8]ਆਦਿ ਪੁਰਖੁ ਆਦੇਸੁ ਕਰਿ ਆਦਿ ਪੁਰਖੁ ਆਦੇਸੁ ਕਰਾਇਆ।
ਪੁਰਖੁ ਪੁਰਾਤਨੁ ਸਤਿਗੁਰੂ ਓਤ ਪੋਤਿ ਇਕੁ ਸੂਤ੍ਰ ਬਣਾਇਆ।
ਵਿਸਮਾਦੈ ਵਿਸਮਾਦੁ ਮਿਲਾਇਆ ॥ ੧੩ ॥

---

੧ ਸਹਿਜੇ ਹੀ ਪ੍ਰਕਾਸ਼ਦਾ ਹੈ। ੨ ਦਾਤਾਂ। ੩ ਲੋਕ ਕਹਿੰਦੇ ਹਨ–ਗੁਰੂ ਮਰ ਗਿਆ ਹੈ। ੪ ਗੁਰ ਸਿਖਾਂ ਨੂੰ (ਗੁਰੂ ਆਪ)। ੫ ਸੋਭਦੇ ਹਨ। ੬ ਸੰਸਾਰ ਰਚ ਕੇ। ੭ ਅਕਲ (ਵਾਹਿਗੁਰੂ) ਨੇ ਸ਼ਕਤੀ ਦਵਾਰਾ ਅਲਖ ਨੂੰ ਲਖਾ ਦਿਤਾ। ੮ ਗੁਰੂ ਜੀ ਨੇ ਆਪ ਆਦਿ ਪੁਰਖ ਵਾਹਿਗੁਰੂ ਨੂੰ ਨਮਸਕਾਰ ਕੀਤੀ ਤੇ ਹੋਰਨਾਂ ਪਾਸੋਂ ਵਾਹਿਗੁਰੂ ਨੂੰ ਨਮਸਕਾਰ ਕਰਵਾਈ।

Digitized by Panjab Digital Library | www.panjabdigilib.org

## ਪਉੜੀ ੧੪

{ਬ੍ਰਹਮਾ ਕਰਤੱਵ}

ਬ੍ਰਹਮੇ ਦਿਤੇ ਵੇਦ ਚਾਰ ਚਾਰਿ ਵਰਨ ਆਸਰਮ ਉਪਜਾਏ।
ਛਿਅ ਦਰਸਨ ਛਿਅ ਸਾਸਤਾ ਛਿਅ ਉਪਦੇਸ [1]ਭੇਸ ਵਰਤਾਏ।
ਚਾਰੇ ਕੁੰਡਾ ਦੀਪ ਸਤ ਨਉ ਖੰਡ ਦਹਦਿਸਿ[2] ਵੰਡ ਵੰਡਾਏ।
ਜਲ ਥਲ ਵਣ ਖੰਡ ਪਰਬਤਾਂ ਤੀਰਥ ਦੇਵ ਸਥਾਨ ਬਣਾਏ।
ਜਪ ਤਪ ਸੰਜਮ ਹੋਮ ਜਗ ਕਰਮ ਧਰਮ ਕਰਿ ਦਾਨ ਕਰਾਏ।
ਨਿਰੰਕਾਰ ਨ ਪਛਾਣਿਆ ਸਾਧ ਸੰਗਤਿ [3]ਦਸੈ ਨ ਦਸਾਏ।
ਸੁਣਿ ਸੁਣਿ ਆਖਣੁ[4] ਆਖਿ ਸੁਣਾਏ॥ ੧੪ ॥

## ਪਉੜੀ ੧੫

[ਵਿਸ਼ਨੂੰ ਕਰਤੱਵ]

ਦਸ ਅਵਤਾਰੀ ਬਿਸਨੁ ਹੋਇ ਵੈਰ ਵਿਰੋਧ ਜੋਧ ਲੜਵਾਏ।
ਦੇਵ ਦਾਨਵ ਕਰਿ ਦੁਇ ਧੜੇ ਦੈਤ ਹਰਾਏ ਦੇਵ ਜਿਤਾਏ।
ਮਛ ਕਛ ਵੈਰਾਹ ਰੂਪ ਨਰ ਸਿੰਘ ਬਾਵਨ ਬੋਧ ਉਪਾਏ।
ਪਰਸਰਾਮ ਰਾਮ ਕ੍ਰਿਸਨੁ ਹੋਇ [5]ਕਿਲਕ ਕਲੰਕੀ ਨਾਉ ਗਣਾਏ।
ਚੰਚਲ ਚਲਿਤ ਪਖੰਡ ਬਹੁ ਵਲ ਛਲ ਕਰਿ ਪਰਪੰਚ ਵਧਾਏ।
ਪਾਰਬ੍ਰਹਮੁ ਪੂਰਨ ਬ੍ਰਹਮ ਨਿਰਭਉ ਨਿਰੰਕਾਰ ਨ ਦਿਖਾਏ।
ਖਤ੍ਰੀ ਮਾਰਿ ਸੰਘਾਰ ਕਰਿ ਰਾਮਾਯਣ ਮਹਾਭਾਰਥ ਭਾਏ।
ਕਾਮ ਕਰੋਧ ਨ ਮਾਰਿਓ ਲੋਭ ਮੋਹ ਅਹੰਕਾਰ ਨ ਜਾਏ।
ਸਾਧ ਸੰਗਤਿ ਵਿਣੁ ਜਨਮ ਗਵਾਏ ॥ ੧੫ ॥

## ਪਉੜੀ ੧੬

[ਸ਼ਿਵ ਕਰਤੱਵ]

ਇਕਦੂੰ ਗਿਆਰਹ ਰੁਦ੍ਰ[6] ਹੋਇ [7]ਘਰਬਾਰੀ ਅਉਧੂਤੁ ਸਦਾਇਆ।

---

੧ (ਵਖੋ ਵਖ ਮਤਾਂ ਨੇ) ਭੇਖ। ੨ ਦਸ ਦਿਸ਼ਾਂ। ੩ ਦਸਣ ਵਾਲੇ ਪਾਸੋਂ ਕੋਈ ਪੁਛਦਾ ਨਹੀਂ। ੪ ਅਖਾਣ। ੫ ਕਿਲਕ ਦੇਸ਼ ਵਿਖੇ (ਹੋਣ ਵਾਲਾ ਅਵਤਾਰ) ਕਲਕੀ। ੬ ਸ਼ਿਵਜੀ। ੭ ਗ੍ਰਿਹਸਥੀ ਹੁੰਦਾ ਹੋਇਆ ਭੀ ਅਵਧੂਤ ਸਦਾਇਆ।

Digitized by Panjab Digital Library | www.panjabdigilib.org

ਜਤੀ ਸਤੀ ਸੰਤੋਖੀਆ ਸਿਧ ਨਾਥ ਕਰਿ ਪਰਚਾ ਲਾਇਆ।
ਸੰਨਿਆਸੀ ਦਸ ਨਾਵ ਧਰਿ ਜੋਗੀ ਬਾਰਹ ਪੰਥ ਚਲਾਇਆ।
ਰਿਧਿ ਸਿਧਿ ਨਿਧਿ ਰਸਾਇਣਾਂ ਤੰਤ ਮੰਤ ਚੇਟਕ[1] ਵਰਤਾਇਆ।
ਮੇਲਾ ਕਰਿ ਸਿਵਰਾਤ ਦਾ ਕਰਾਮਾਤ ਵਿਚਿ ਵਾਦ[2] ਵਧਾਇਆ।
ਪੋਸਤ ਭੰਗ ਸਰਾਬ ਦਾ ਚਲੈ ਪਿਆਲਾ ਭੁਗਤ[3] ਭੁੰਚਾਇਆ।
ਵਜਨਿ ਬੁਰਗੂ[4] ਸਿੰਙੀਆਂ ਸੰਖ ਨਾਦ ਰਹਰਾਸਿ[5] ਕਰਾਇਆ।
ਆਦਿਪੁਰਖ ਆਦੇਸਕਰਿ[6] ਅਲਖ ਜਗਾਇਨਅਲਖ ਲਖਾਇਆ।
ਸਾਧ ਸੰਗਤਿ ਵਿਣੁ ਭਰਮ ਭੁਲਾਇਆ ॥ ੧੬ ॥

## ਪਉੜੀ ੧੭

[ਸਚੀ ਰਹੁਰੀਤ ਮੁਕਤਿ ਮਾਰਗ]

ਨਿਰੰਕਾਰ ਆਕਾਰ ਕਰਿ ਸਤਿਗੁਰੁ ਗੁਰਾਂ ਗੁਰੂ ਅਬਿਨਾਸੀ।
ਪੀਰਾਂ ਪੀਰ ਵਖਾਣੀਐ ਨਾਥਾਂ ਨਾਥ ਸਾਧ ਸੰਗਿ ਵਾਸੀ।
ਗੁਰਮੁਖਿ ਪੰਥ ਚਲਾਇਆ ਗੁਰਸਿਖੁ ਮਾਇਆ ਵਿਚਿ ਉਦਾਸੀ।
ਸਨਮੁਖਿ ਮਿਲਿ ਪੰਚ ਆਖੀਅਨਿ[7] ਬਿਰਦ ਪੰਚ ਪਰਮੇਸੁਰੁ ਪਾਸੀ।
[8]ਗੁਰਮੁਖਿ ਮਿਲਿ ਪਰਵਾਣ ਪੰਚ ਸਾਧ ਸੰਗਤਿ ਸਚਖੰਡ ਬਿਲਾਸੀ।
ਗੁਰਦਰਸਨ[9] ਗੁਰਸਬਦਹੈ [10]ਨਿਜਘਰਿ ਭਾਇ ਭਗਤਿ ਰਹਿਰਾਸੀ।
ਮਿਠਾ ਬੋਲਣੁ ਨਿਵ ਚਲਣੁ ਖਟਿ ਖਵਾਲਣੁ ਆਸ ਨਿਰਾਸੀ।
ਸਦਾ ਸਹਿਜ ਬੈਰਾਗੁ ਹੈ ਕਲੀ ਕਾਲ ਅੰਦਰਿ ਪਰਗਾਸੀ।
ਸਾਧ ਸੰਗਤਿ ਮਿਲਿ ਬੰਦ ਖਲਾਸੀ ॥ ੧੭ ॥

## ਪਉੜੀ ੧੮

[ਗੁਰਮੁਖ ਪੀਹੜੀ]

ਨਾਰੀ ਪੁਰਖੁ ਪਿਆਰੁ ਹੈ ਪੁਰਖ ਪਿਆਰ ਕਰੇਂਦੇ ਨਾਰੀ।

---

੧ ਚੇਟਕ (ਪ੍ਰੇਮ)। ੨ ਝਗੜਾ। ੩ ਪਦਾਰਥ। ੪ ਫੂਕ ਮਾਰ ਕੇ ਵਜਾਉਣ ਵਾਲਾ ਵਾਜਾ। ੫ ਰਹੁ ਰੀਤੀ। ੬ ਅਲਖ ਦੇ ਨਾਅਰੇ ਮਾਰੇ, ਪਰ ਅਲਖ ਨ ਲਖਿਆ। ੭ ਸੰਤਾਂ ਦਾ ਬਿਰਦ (ਧਾਰਨ ਕਰਨ ਵਾਲੇ)। ੮ ਮੁਖੀ ਸਤਿਗੁਰੂ ਨੂੰ ਮਿਲਣ ਕਰਕੇ ਪ੍ਰਵਾਨ ਪੰਚ ਹੋਏ ਹਨ। ੯ ਮਤ। ੧੦ ਸ੍ਵੈ ਸਰੂਪ ਵਿਚ ਟਿਕ ਕੇ ਪ੍ਰੇਮਾ ਭਗਤੀ ਦਾ ਸਚਾ ਰਸਤਾ (ਪਕੜਿਆ ਹੈ)।

Digitized by Panjab Digital Library | www.panjabdigilib.org

ਨਾਰਿ ਭਤਾਰੁ ਸੰਜੋਗ ਮਿਲਿ ਪੁਤ ਸਪੁਤੁ ਕੁਪੁਤੁ ਸੈਂਸਾਰੀ।
[1]ਪੁਰਖਾਂ ਪੁਰਖਾਂ ਜੋ ਰਚਨਿ ਤੇ ਵਿਰਲੇ ਨਿਰਮਲ ਨਿਰੰਕਾਰੀ।
[2]ਪੁਰਖਹੁ ਪੁਰਖਾ ਉਪਜਦਾ ਗੁਰੁ ਤੇ ਚੇਲਾ ਸਬਦ ਵਿਚਾਰੀ।
ਪਾਰਸ ਹੋਆ ਪਾਰਸਹੁ ਗੁਰੁ ਚੇਲਾ ਚੇਲਾ ਗੁਣਕਾਰੀ।
[3]ਗੁਰਮੁਖਿ ਵੰਸੀ ਪਰਸਿ ਗੁਰ ਸਿਖ ਸਾਧ ਸੇ ਪਰਉਪਕਾਰੀ।
ਗੁਰਭਾਈ ਗੁਰਭਾਈਆਂ ਸਾਕ ਸਚਾ [4]ਗੁਰਵਾਕ ਜੁਹਾਰੀ।
ਪਰਤਨੁ ਪਰਧਨੁ ਪਰਹਰੇ ਪਰਨਿੰਦਾ ਹਉਮੈ ਪਰਹਾਰੀ[5]।
ਸਾਧ ਸੰਗਤਿ ਵਿਟਹੁ ਬਲਿਹਾਰੀ ॥ ੧੮ ॥

## ਪਉੜੀ ੧੯

[ਗੁਰ ਸਿਖੀ ਦਾ ਸਾਕ, ਸਚਾ ਸਾਕ ਹੈ]

ਪਿਉ ਦਾਦਾ ਪੜਦਾਦਿਓਂ ਪੁਤ੍ਰ ਪੋਤਾ ਪੜਪੋਤਾ ਨਤਾ[6]।
ਮਾਂ ਦਾਦੀ ਪੜਦਾਦੀਓਂ ਫੁਫੀ ਭੈਣ ਧੀਅ ਸਣਖਤਾ[7]।
ਨਾਨਾ ਨਾਨੀ ਆਖੀਐ ਪੜਨਾਨਾ ਪੜਨਾਨੀ ਪਤਾ[8]।
ਤਾਇਆ ਚਾਚਾ ਜਾਣੀਐ ਤਾਈ ਚਾਚੀ ਮਾਇਆ[9] ਮਤਾ।
ਮਾਮੇ ਤੈ ਮਾਮਾਣੀਆਂ ਮਾਸੀ ਮਾਸੜ ਦੇ ਰੰਗ ਰਤਾ।
ਮਾਸੜ ਫੁਫੜ ਸਾਕ ਸਭ ਸਹੁਰਾ ਸਸ ਸਾਲੀ ਸਾਲਤਾ।
[10]ਤਾਏਰ ਪਿਤੀਏਰ ਮੇਲ ਮਿਲਿ [11]ਮਉਲੇਰ ਫੁਫੇਰ ਅਵਤਾ।
ਸਾਂਢੂ ਕੁੜਮ ਕੁਟੰਬ ਸਭ ਨਦੀ ਨਾਵ ਸੰਜੋਗ ਨਿਸਤਾ[12]।
ਸਚਾ ਸਾਕੁ ਨ ਵਿਛੜੈ ਸਾਧ ਸੰਗਤਿ ਗੁਰ ਭਾਈ ਭਤਾ।
ਭੋਗ ਭੁਗਤਿ ਵਿਚਿ ਜੋਗ ਜੁਗਤਾ ॥ ੧੯ ॥

---

੧ ਪੂਰਨ ਪੁਰਖਾਂ (ਸਤਿਗੁਰਾਂ ਨਾਲ) ਜੋ ਪੁਰਖ ਰਚੇ ਹਨ। ੨ ਗੁਰੂ ਤੋਂ ਚੇਲਾ ਸ਼ਬਦ ਦੀ ਵਿਚਾਰ ਕਰੇ ਤਾਂ ਪੁਰਖ ਤੋਂ ਪੁਰਖ ਉਤਪੰਨ ਹੁੰਦਾ ਹੈ। ੩ ਗੁਰੂ ਨੂੰ ਪ੍ਰਸੰਨ ਕਰਨ ਨਾਲ ਗੁਰਮੁਖਾਂ ਦੀ ਪੀਹੜੀ ਚਲੀ ਹੈ। ੪ ਗੁਰੂ ਵਚਨ ਅਨੁਸਾਰ ਪਰਸਪਰ ਨਮਸਕਾਰ ਕਰਦੇ ਹਨ। ੫ ਤਿਆਗ ਦੇਂਦੇ ਹਨ। ੬ ਪੜਪੋਤਰੇ ਦਾ ਪੁਤਰ ਨੱਤਾ ਕਿਹਾ ਜਾਂਦਾ ਹੈ। ੭ ਸ੍ਰੇਸ਼ਟ। ੮ ਪਤਾ ਮਿਲਦਾ ਹੈ। ੯ ਮਾਇਆ ਵਿਚ। ੧੦ ਤਾਏ ਦੇ ਪੁਤਰ ਤੇ ਚਾਚੇ ਦੇ ਪੁਤਰ। ੧੧ ਮਾਮੇ ਦੇ ਪੁਤਰ; ਫੁਫੀ ਦੇ ਪੁਤਰ ਦਾ ਅਵੇੜਾ ਸਾਕ। ੧੨ ਝੂਠ।

Digitized by Panjab Digital Library | www.panjabdigilib.org

## ਪਉੜੀ ੨੦

( ਸਤਿਗੁਰੂ ਪਿਆਰ )

ਪੀਉ ਦੇ ਨਾਂਹ ਪਿਆਰ ਤੁਲਿ ਨਾ ਫੁਫੀ ਨਾ ਪਿਤੀਏ[1] ਤਾਏ।
ਮਾਊ ਹੇਤੁ ਨ ਪੁਜਨੀ ਹੇਤੁ ਨ ਮਾਮੇ ਮਾਸੀ ਜਾਏ।
ਅੰਬਾਂ ਸਧਰ ਨਾ ਲਹੈ ਆਣ ਅੰਬਾਕੜੀਆਂ ਜੇ ਖਾਏ।
ਮੂਲੀ ਪਾਨ ਪਟੰਤਰਾ[2] ਵਾਸੁ ਡਕਾਰ ਪਰਗਟੀ ਆਏ।
ਸੂਰਜ ਚੰਦ ਨ ਪੁਜਨੀ ਦੀਵੇ ਲਖ ਤਾਰੇ ਚਮਕਾਏ।
ਰੰਗ ਮਜੀਠ ਕੁਸੁੰਭ ਦਾ ਸਦਾ ਸਥੋਈ[3] [4]ਵੇਸ ਵਟਾਏ।
ਸਤਿਗੁਰੁ ਤੁਲਿ ਨ ਮਿਹਰਵਾਨ ਮਾਤਾ ਪਿਤਾ ਨ ਦੇਵ ਸਬਾਏ।
ਡਿਠੇ ਸਭੇ ਠੋਕਿ ਵਜਾਏ ॥ ੨੦ ॥

## ਪਉੜੀ ੨੧

[ਉਹ ਹੀ]

ਮਾਪੇ ਹੇਤੁ ਨ ਪੁਜਨੀ ਸਤਿਗੁਰ ਹੇਤੁ [5]ਸੁਚੇਤ ਸਹਾਈ।
[6]ਸਾਹ ਵਿਸਾਹ ਨ ਪੁਜਨੀ ਸਤਿਗੁਰ ਸਾਹ ਅਥਾਹ ਸਮਾਈ।
ਸਾਹਿਬ ਤੁਲਿ ਨ ਸਾਹਿਬੀ ਸਤਿਗੁਰ ਸਾਹਿਬ ਸਚਾ ਸਾਈਂ।
ਦਾਤੇ ਦਾਤਿ ਨ ਪੁਜਨੀ ਸਤਿਗੁਰ ਦਾਤਾ [7]ਸਚ ਦ੍ਰਿੜ੍ਹਾਈ।
ਵੈਦ ਨ ਪੁਜਨਿ ਵੈਦਗੀ ਸਤਿਗੁਰ ਹਉਮੈ ਰੋਗ ਮਿਟਾਈ।
ਦੇਵੀ ਦੇਵ ਨ ਸੇਵ ਤੁਲ ਸਤਿਗੁਰ ਸੇਵ ਸਦਾ ਸੁਖਦਾਈ।
[8]ਸਾਇਰ ਰਤਨ ਨ ਪੁਜਨੀ ਸਾਧ ਸੰਗਤਿ ਗੁਰਿ ਸਬਦੁ ਸੁਭਾਈ[9]।
ਅਕਥ ਕਥਾ ਵਡੀ ਵਡਿਆਈ॥ ੨੧ ॥ ੩੯ ॥

❋

---

੧ ਚਚੇਰੇ ਭਰਾ। ੨ ਭੇਦ। ੩ ਸਾਥੀ। ੪ ਰੂਪ ਵਟਾ ਲੈਂਦਾ ਹੈ। ੫ (ਸੰਸਾਰ ਵਿਚ ਭੀ) ਸੁਚੇਤ ਹੈ ਤੇ (ਪਰਲੋਕ ਵਿਚ ਭੀ) ਸਹਾਇਕ ਹੈ। ੬ ਸ਼ਾਹੂਕਾਰਾਂ ਦਾ ਭਰੋਸਾ। ੭ ਸਚ ਦਾ ਉਪਦੇਸ਼ ਦ੍ਰਿੜ ਕਰਾਉਂਦੇ ਹਨ। ੮ ਸਮੁੰਦਰਾਂ ਦੇ ਰਤਨ। ੯ ਸ਼ੋਭਾ ਦੇ ਰਹੇ ਹਨ।

Digitized by Panjab Digital Library | www.panjabdigilib.org

# ਵਾਰ ੪੦

ੴ ਸਤਿਗੁਰਪ੍ਰਸਾਦਿ ॥

## ਪਉੜੀ ੧

[ਮੰਗਲਾਚਰਣ, ਸਤਿਗੁਰੂ]

ਸਉਦਾ ਇਕਤੁ ਹਟਿ ਪੀਰਾਂ ਪੀਰੁ ਗੁਰਾਂ ਗੁਰੁ ਪੂਰਾ।
ਪਤਿਤ ਉਧਾਰਣੁ ਦੁਖ ਹਰਣੁ ਅਸਰਣੁ ਸਰਣਿ ਵਚਨ ਦਾ ਸੂਰਾ।
ਅਉਗੁਣ ਲੈ ਗੁਣ ਵਿਕਣੈ[1] ਸੁਖ ਸਾਗਰੁ [2]ਵਿਸਰਾਇ ਵਿਸੂਰਾ।
ਕੋਟ ਵਿਕਾਰ ਹਜਾਰ ਲਖ ਪਰਉਪਕਾਰੀ ਸਦਾ ਹਜੂਰਾ।
[3]ਸਤਿਨਾਮੁ ਕਰਤਾ ਪੁਰਖੁ ਸਤਿ ਸਰੂਪੁ ਨ ਕਦਹੀ ਊਰਾ।
ਸਾਧ ਸੰਗਤਿ ਸਚਖੰਡ ਵਸਿ ਅਨਹਦ ਸਬਦ ਵਜਾਏ ਤੂਰਾ।
ਦੂਜਾ ਭਾਉ ਕਰੇ ਚਕਚੂਰਾ ॥ ੧ ॥

## ਪਉੜੀ ੨

[ਸਾਧ ਸੰਗਤ]

ਪਾਰਸ ਪਰਉਪਕਾਰ ਕਰਿ ਜਾਤ ਨ ਅਸਟ ਧਾਤੁ ਵੀਚਾਰੇ।
ਬਾਵਨ ਚੰਦਨ ਬੇਹਿੰਦਾ [4]ਅਫਲ ਸਫਲ ਨ ਜੁਗਤਿ ਉਰਧਾਰੇ।
ਸਭ ਤੇ ਇੰਦਰ ਵਰਸਦਾ ਥਾਉ ਕੁਥਾਉ[5] ਨ ਅੰਮ੍ਰਿਤ ਧਾਰੇ।
ਸੂਰਜ ਜੋਤਿ ਉਦੋਤ ਕਰਿ ਓਤਪੋਤ[6] ਹੋ ਕਿਰਣ ਪਸਾਰੇ।
ਧਰਤੀ ਅੰਦਰਿ ਸਹਨ ਸੀਲ [7]ਪਰਮਲ ਹਰੈ ਅਵਗੁਣ ਨ ਚਿਤਾਰੇ।

---

੧ ਵੇਚਦੇ ਹਨ। ੨ ਝੋਰੇ ਭੁਲਾ ਦੇਂਦੇ ਹਨ। ੩ ਸਤਿਨਾਮ ਤੇ ਕਰਤਾ ਪੁਰਖ ਦਾ ਜਾਪ ਦੇਂਦੇ ਹਨ। ੪ ਫਲਦਾਰ ਅਫਲ ਦੀ ਜੁਗਤੀ ਦਿਲ ਵਿਚ ਨਹੀਂ ਰਖਦਾ। ੫ ਅੰਮ੍ਰਿਤ ਵਸਾਉਣ ਲਗਾ ਥਾਂ ਕੁਥਾਂ ਨਹੀਂ ਦੇਖਦਾ। ੬ ਜ਼ਿਮੀਂ ਆਸਮਾਨ। ੭ ਪਰਾਈ ਮੈਲ ਨੂੰ ਧੋ ਦੇਂਦਾ ਹੈ।

Digitized by Panjab Digital Library | www.panjabdigilib.org

ਲਾਲ ਜਵਾਹਰ ਮਣਿ ਲੋਹਾ ਸੁਇਨਾ ਪਾਰਸ [੧]ਜਾਤਿ ਬਿਚਾਰੇ।
ਸਾਧ ਸੰਗਤਿ ਕਾ ਅੰਤੁ ਨ ਪਾਰੇ ॥ ੨ ॥

## ਪਉੜੀ ੩

[ਸਤਿਗੁਰ ਸੇਵਾ, ਸਭ ਫਲ ਦਾਤੀ]

ਪਾਰਸ ਧਾਤ ਕੰਚਨ ਕਰੈ ਹੋਇ ਮਨੂਰ[੨] ਨ ਕੰਚਨ ਝੂਰੇ।
ਬਾਵਨ ਬੁਹੈ ਬਨਾਸਪਤਿ [੩]ਬਾਂਸ ਨਿਗੰਧ ਨ ਬੁਹੈ ਹਜੂਰੈ[੪]।
ਖੇਤੀ ਜੰਮੈ ਸਹਸ ਗੁਣ ਕਲਰ ਖੇਤਿ ਨ ਬੀਜ ਉਗੂਰੈ[੫]।
ਉਲੂ ਸੁਝ ਨ ਸੁਝਈ ਸਤਿਗੁਰੁ ਸੁਝ ਸੁਝਾਇ ਹਜੂਰੇ।
ਧਰਤੀ ਬੀਜੈ ਸੋ ਲੂਣੈ ਸਤਿਗੁਰੁ ਸੇਵਾ ਸਭ ਫਲ ਚੂਰੈ[੬]।
ਬੋਹਿਥ ਪਵੈ ਸੁ ਨਿਕਲੈ[੭] ਸਤਿਗੁਰੁ [੮]ਸਾਧੁ ਅਸਾਧੁ ਨ ਦੂਰੈ।
ਪਸੂ ਪਰੇਤਹੁ ਦੇਵ ਵਿਚੂਰੈ[੯] ॥ ੩ ॥

## ਪਉੜੀ ੪

[ਸਤਿਗੁਰੂ ਸ੍ਰੇਸ਼ਟਤਾ]

ਕੰਚਨ ਹੋਵੈ ਪਾਰਸਹੁ ਕੰਚਨ ਕਰੈ ਨ ਕੰਚਨ ਹੋਰੀ।
ਚੰਦਨ ਬਾਵਨ ਚੰਦਨਹੁੰ ਓਦੂੰ ਹੋਰੁ ਨ ਪਵੈ ਕਰੋਰੀ[੧੦]।
[੧੧]ਵੁਠੈ ਜੰਮੇ ਬੀਜਿਆ ਸਤਿਗੁਰੁ ਮਤਿ ਚਿਤਵੈ ਫਲ ਭੋਰੀ[੧੨]।
ਰਾਤਿ ਪਵੈ ਦਿਹ ਆਥਵੈ[੧੩] ਸਤਿਗੁਰੁ ਗੁਰੁ ਪੂਰਣ [੧੪]ਧੁਰ ਧੋਰੀ।
ਬੋਹਿਥ ਪਰਬਤ ਨਾ ਚੜ੍ਹੈ ਸਤਿਗੁਰੁ [੧੫]ਹਠ ਨਿਗ੍ਰਹ ਨ ਲਹੋਰੀ।
ਧਰਤੀ ਨੋ ਭੁੰਚਾਲ ਡਰ ਗੁਰਮਤਿ ਨਿਹਚਲ [੧੬]ਚਲੈ ਨ ਚੋਰੀ।
ਸਤਿਗੁਰ ਰਤਨ ਪਦਾਰਥ ਬੋਰੀ[੧੭] ॥ ੪ ॥

---

੧ (ਉਕਤ ਸਭ ਵਸਤੂਆਂ) ਜਾਤੀ ਦਾ ਮਾਣ ਰਖਦੀਆਂ ਹਨ। ੨ ਲੋਹੇ ਦੀ ਮੈਲ। ੩ ਗੰਧ-ਹੀਣ ਬਾਂਸ। ੪ ਕੋਲ ਰਹਿ ਕੇ। ੫ ਉਗਦਾ ਹੈ। ੬ ਪ੍ਰਾਪਤ। ੭ ਪਾਰ ਹੋ ਜਾਂਦਾ ਹੈ। ੮ ਭਲੇ ਬੁਰੇ ਕਿਸੇ ਨੂੰ ਭੀ ਦੂਰ ਨਹੀਂ ਹਟਾਉਂਦਾ। ੯ ਵਿਚਾਰਵਾਨ। ੧੦ ਕਰੋੜਾਂ ਬਿਰਛਾਂ ਵਿਚ (ਸੁਗੰਧ ਨਹੀਂ ਪੈਂਦੀ)। ੧੧ ਵਰ੍ਹਨਪੁਰ। ੧੨ ਜਲਦੀ ਹੀ। ੧੩ ਅਸਤ ਹੁੰਦਾ ਹੈ। ੧੪ ਸਥਿਰਤਾ ਧਾਰਨ ਕਰ ਰਖੀ ਹੈ, ਭਾਵ ਅਟਲ ਹਨ। ੧੫ ਪਰਬਤ ਵਰਗੇ ਹਠ ਨਿਗ੍ਰਹਿ ਕਰਨ ਵਾਲੇ। ੧੬ ਵਿਕਾਰਾਂ ਵਲ ਨਹੀਂ ਚਲਦੇ। ੧੭ ਥੈਲੀ।

Digitized by Panjab Digital Library | www.panjabdigilib.org

## ਪਉੜੀ ੫

[ਸਾਧ ਸੰਗਤ ਤੋਂ ਬਲਿਹਾਰ]

ਸੂਰਜ ਚੜਿਐ ਜਾਨਿ ਲੁਕ ਉਲੂ [1]ਅੰਧ ਕੰਧ ਜਗ ਮਾਹੀ।
ਬੁਕੇ ਸਿੰਘ ਉਦਿਆਨ[2] ਮਹਿ ਜੰਬੁਕ[3] ਮਿਰਗ ਨ ਖੋਜੇ ਪਾਹੀ।
ਚੜਿਆ ਚੰਦ ਅਕਾਸ ਤੇ ਵਿਚਿ ਕੁਨਾਲੀ ਲੁਕੈ ਨਾਹੀ।
ਪੰਖੀ ਜੇਤੇ ਬਨ ਬਿਖੇ ਡਿਠੇ ਬਾਜ ਨ ਠਉਰਿ ਰਹਾਹੀ।
ਚੋਰ ਯਾਰ ਹਰਾਮਖੋਰ ਦਿਹੁ ਚੜਿਆ ਕੋ ਦਿਸੈ ਨਾਹੀ।
ਸਾਧ ਸੰਗਤਿ ਵਿਟਹੁੰ ਬਲਿ ਜਾਹੀ ॥ ੫ ॥

## ਪਉੜੀ ੬

[ਸਾਧ ਸੰਗ ਧੰਨ ਹੈ]

ਰਾਤਿ ਹਨ੍ਹੇਰੀ ਚਮਕਦੇ ਲਖ ਕਰੋੜੀ ਅੰਬਰਿ[4] ਤਾਰੇ।
ਚੜਿਐ ਚੰਦ ਮਲੀਣ ਹੋਇ ਕੋ ਲੁਕੈ ਕੋ [5]ਬੁਕੈ ਬਬਾਰੇ।
ਸੂਰਜ ਜੋਤਿ ਉਦੋਤ[6] ਕਰਿ ਤਾਰੇ ਚੰਦ ਨ ਰੈਣ ਅੰਧਾਰੇ[7]।
ਦੇਵੀ ਦੇਵ ਨ ਸ਼ੇਵਕਾਂ ਤੰਤ ਨ ਮੰਤ ਨ ਫੁਰਨ ਵਿਚਾਰੇ।
ਵੇਦ ਕਤੇਬਾਂ ਅਸਟਧਾਤ[8] ਪੂਰੈ ਸਤਿਗੁਰੁ ਸਬਦ ਸਵਾਰੇ।
ਗੁਰਮੁਖਿ ਪੰਥ ਸੁਹਾਵੜਾ ਧੰਨ ਗੁਰੂ ਧੰਨ ਗੁਰੂ ਪਿਆਰੇ।
ਸਾਧ ਸੰਗਤਿ ਪਰਗਟੁ ਸੰਸਾਰੇ ॥ ੬ ॥

## ਪਉੜੀ ੭

[ਸਤਿਗੁਰੂ ਦੇ ਗਾਹਕ]

ਚਾਰਿ ਵਰਨ ਚਾਰਿ ਮਜ਼ਹਬ ਛਿਅ ਦਰਸਨ ਵਰਤਨ ਵਰਤਾਰੇ।
ਦੱਸ ਅਵਤਾਰ ਹਜਾਰ ਨਾਵ [9]ਥਾਨ ਮੁਕਾਮ ਸਭੇ ਵਣਜਾਰੇ।
ਇਕਤੁ ਹਟਹੁੰ ਵਣਜ ਲੈ ਦੇਸ ਦਿਸੰਤਰਿ ਕਰਨ ਪਸਾਰੇ।

---

੧ ਕੰਧ ਵਾਂਗ ਅੰਨ੍ਹਾ। ੨ ਜੰਗਲ। ੩ ਗਿੱਦੜ। ੪ ਆਕਾਸ਼। ੫ ਝੂੜ ਬੁੜ ਕਰਦਾ ਹੈ, ਅਰਥਾਤ ਮਾੜਾ ਮਾੜਾ ਟਹਿਕਦਾ ਹੈ। ੬ ਉਜਾਲਾ। ੭ ਅਨ੍ਹੇਰੀ। ੮ ਚਾਰ ਵਰਨ ਤੇ ਚਾਰ ਆਸ਼ਰਮ। ੯ ਸਥਾਨ ਤੇ ਡੇਰਿਆਂ ਵਾਲੇ ਸਭ ਗੁਰੂ ਦੇ ਵਣਜਾਰੇ ਹਨ।

Digitized by Panjab Digital Library | www.panjabdigilib.org

ਸਤਿਗੁਰੁ ਪੂਰਾ ਸਾਹੁ ਹੈ ਬੇਪਰਵਾਹੁ ਅਥਾਹ ਭੰਡਾਰੇ।
ਲੈ ਲੈ ਮੁਕਰ ਪਾਨਿ ਸਭ ਸਤਿਗੁਰੁ ਦੇਇ ਨ ਦੇਂਦਾ ਹਾਰੇ।
ਇਕੁ ਕਵਾਉ ਪਸਾਉ ਕਰਿ ਓਅੰਕਾਰ ਅਕਾਰ ਸਵਾਰੇ।
ਪਾਰਬ੍ਰਹਮ ਸਤਿਗੁਰ ਬਲਿਹਾਰੇ ॥ ੭ ॥

## ਪਉੜੀ ੮

[ਬਿਨਾ ਗੁਰ ਗਤਿ ਨਹੀਂ]

ਪੀਰ ਪੈਕੰਬਰ ਔਲੀਏ ਗੌਸ ਕੁਤਬ ਉਲਮਾਉ[੧] ਘਨੇਰੇ।
ਸੇਖ ਮਸਾਇਕ[੨] ਸਾਦਕਾ[੩] ਸੁਹਦੇ[੪] ਔਰੁ ਸਹੀਦ ਬਹੁਤੇਰੇ।
ਕਾਜੀ ਮੁਲਾਂ ਮਉਲਵੀ ਮੁਫਤੀ[੫] ਦਾਨਸਵੰਦ ਬੰਦੇਰੇ[੬]।
ਰਿਖੀ ਮੁਨੀ ਦਿਗੰਬਰਾ[੭] ਕਾਲਖ ਕਰਾਮਾਤ ਅਗਲੇਰੇ[੮]।
ਸਾਧਕ ਸਿਧ ਅਗਣਤ ਹੈਨਿ ਆਪ ਜਣਾਇਨਿ ਵਡੇ ਵਡੇਰੇ।
ਬਿਨੁ ਗੁਰ ਕੋਇ ਨ ਸਿਝਈ ਹਉਮੈ ਵਧਦੀ ਜਾਇ ਵਧੇਰੇ।
ਸਾਧ ਸੰਗਤਿ ਬਿਨੁ ਹਉਮੈ ਹੇਰੇ[੯] ॥ ੮ ॥

## ਪਉੜੀ ੯

[ਸਭੇ ਦਾਤਾਂ ਓਂਕਾਰ ਦੀ ਬਖਸ਼ਸ਼ ਹਨ]

ਕਿਸੈ ਰਿਧਿ ਸਿਧਿ ਕਿਸੈ ਦੇਇ ਕਿਸੈ ਨਿਧਿ ਕਰਾਮਾਤ ਸੁ ਕਿਸੈ।
ਕਿਸੈ ਰਸਾਇਣ ਕਿਸੈ ਮਣਿ ਕਿਸਿ ਪਾਰਸ ਕਿਸੈ ਅੰਮ੍ਰਿਤ ਰਿਸੈ[੧੦]।
ਤੰਤੁ ਮੰਤੁ ਪਾਖੰਡ ਕਿਸੈ ਵੀਰਾਰਾਧ[੧੧] [੧੨]ਦਿਸੰਤਰੁ ਦਿਸੈ।
ਕਿਸੈ ਕਾਮਧੇਨੁ ਪਾਰਿਜਾਤ ਕਿਸੈ ਲਖਮੀ ਦੇਵੈ ਜਿਸੈ.
[੧੩]ਨਾਟਕ ਚੇਟਕ ਆਸਣਾ [੧੪]ਨਿਵਲੀ ਕਰਮ ਭਰਮ ਭਉ ਮਿਸੈ[੧੫]।

---

੧ ਆਲਮ, ਵਿਦਵਾਨ ਦਾ ਬਹੁਵਚਨ। ੨ ਸ਼ੇਖ ਦਾ ਬਹੁਵਚਨ ੩ ਸੰਤੋਖੀ। ੪ ਗਰੀਬ। ੫ ਮਜ਼ਹਬੀ ਫੈਸਲੇ ਦੇਣ ਵਾਲੇ। ੬ ਦਾਸ। ੭ ਨਾਂਗੇ। ੮ ਬਹੁਤੇ। ੯ ਤਾੜਦੀ ਹੈ। ੧੦ ਝਰਦਾ ਹੈ। ੧੧ ਭੈਰੋਂ ਆਦਿ ਦੀ ਪੂਜਾ। ੧੨ ਕੋਈ ਦੇਸ਼ ਦੇਸ਼ਾਂਤਰਾਂ ਵਿਚ ਭਟਕਦਾ। ੧੩ ਕਰਾਮਾਤਾਂ ਦੇ ਖੇਲ। ੧੪ ਯੋਗ ਦੇ ਨੇਤੀ, ਧੋਤੀ ਆਦਿ ਕਰਮ। ੧੫ ਬਹਾਨੇ ਕਰਦਾ ਹੈ।

Digitized by Panjab Digital Library | www.panjabdigilib.org

ਜੋਗੀ ਭੋਗੀ ਜੋਗੁ ਭੋਗੁ ਸਦਾ ਸੰਜੋਗੁ ਵਿਜੋਗੁ ਸਲਿਸੈ[੧]।
[੨]ਓਅੰਕਾਰ ਅਕਾਰ ਸੁ ਤਿਸੈ ॥ ੯ ॥

## ਪਉੜੀ ੧੦

[ਮਾਨਸ ਜਨਮ ਦੀ ਉੱਤਮਤਾ]

ਖਾਣੀ ਬਾਣੀ ਜੁਗ ਚਾਰਿ ਲਖ ਚਉਰਾਸੀਹ ਜੂਨਿ ਉਪਾਈ।
ਉਤਮ ਜੂਨਿ ਵਖਾਣੀਐ ਮਾਨਸ ਜੂਨਿ ਦੁਲੰਭ ਦਿਖਾਈ।
ਸਭ ਜੂਨੀ ਕਰਿ ਵਸ ਤਿਸੁ ਮਾਣਸ ਨੋ ਦਿਤੀ ਵਡਿਆਈ।
ਬਹੁਤੇ ਮਾਣਸ ਜਗਤ ਵਿਚਿ ਪਰਾਧੀਨ ਕਿਛੁ ਸਮਝ ਨ ਪਾਈ।
ਤਿਨ ਮੈ ਸੋ ਆਧੀਨ ਜੋ ਮੰਦੀ ਕੰਮੀ ਜਨਮੁ ਗਵਾਈ।
ਸਾਧ ਸੰਗਤਿ ਦੇ ਵੁਠਿਆਂ[੩] ਲਖ ਚਉਰਾਸੀਹ ਫੇਰਿ ਮਿਟਾਈ।
ਗੁਰੁ ਸਬਦੀ ਵਡੀ ਵਡਿਆਈ ॥ ੧੦ ॥

## ਪਉੜੀ ੧੧

{ਗਾਡੀ ਰਾਹ (ਨਿੱਤ ਕ੍ਰਿਯਾ)}

ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨਾਵੰਦਾ।
ਗੁਰੁ ਕੈ ਬਚਨ ਉਚਾਰਿਕੈ ਧ੍ਰਮਸਾਲਾ ਦੀ ਸੁਰਤਿ ਕਰੰਦਾ।
ਸਾਧ ਸੰਗਤਿ ਵਿਚਿ ਜਾਇਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ।
ਸੰਕਾ[੩] ਮਨਹੁ ਮਿਟਾਇਕੇ ਗੁਰੁ ਸਿਖਾਂ ਦੀ ਸੇਵ ਕਰੰਦਾ।
ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ।
ਗੁਰ ਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪ ਖਵੰਦਾ।
ਕਲੀਕਾਲ ਪਰਗਾਸ ਕਰਿ ਗੁਰੁ ਚੇਲਾ ਚੇਲਾ ਗੁਰੁ ਸੰਦਾ।
ਗੁਰਮੁਖ ਗਾਡੀ ਰਾਹੁ ਚਲੰਦਾ ॥੧੧॥

---

੧ ਵਿਸ਼ੇਸ਼ ਕਰਕੇ ਮਿਲੇ ਹੋਏ ਹਨ। ੨ ਇਹ ਸਭ ਉਸ ਓਅੰਕਾਰ ਦਾ ਹੀ ਆਕਾਰ ਹਨ।
੩ ਵਰਸ਼ਾ ਕੀਤਿਆਂ। ੪ ਸੰਗ, ਸੰਕੋਚ, ਸ਼ੱਕ।

Digitized by Panjab Digital Library | www.panjabdigilib.org

## ਪਉੜੀ ੧੨

{ਗੁਰ ਆਗਿਆ ਵਿਚ ਲੀਨ}

ਓਅੰਕਾਰ ਅਕਾਰ ਜਿਸੁ ਸਤਿਗੁਰੁ ਪੁਰਖੁ ਸਿਰੰਦਾ[1] ਸੋਈ।
ਇਕ ਕਵਾਉ ਪਸਾਉ ਜਿਸ [2]ਸਬਦ ਸੁਰਤਿ ਸਤਿਸੰਗ ਵਿਲੋਈ।
ਬ੍ਰਹਮਾ ਬਿਸਨੁ ਮਹੇਸੁ ਮਿਲਿ ਦਸ ਅਵਤਾਰ ਵੀਚਾਰ ਨ ਹੋਈ।
ਭੇਦ ਨ ਬੇਦ ਕਤੇਬ ਨੋ ਹਿੰਦੂ ਮੁਸਲਮਾਣ ਨ ਜਣੋਈ।
ਉਤਮ ਜਨਮ ਸਕਾਰਥਾ[3] ਚਰਣ ਸਰਣ ਸਤਿਗੁਰੁ ਵਿਰਲੋਈ।
ਗੁਰੁ ਸਿਖ ਸੁਣਿ ਗੁਰੁ ਸਿਖ ਹੁਇ ਮੁਰਦਾ ਹੋਇ ਮੁਰੀਦ ਸੁ ਕੋਈ।
ਸਤਿਗੁਰੁ ਗੋਰਿਸਤਾਨ[4] ਸਮੋਈ ॥੧੨॥

## ਪਉੜੀ ੧੩

{ਗੁਰ ਸਿਖਾਂ ਤੋਂ ਬਿਨਾਂ ਸਭ ਭੰਭਲ ਭੂਸੇ ਖਾ ਰਹੇ ਹਨ}

ਜਪ ਤਪ ਹਠ ਨਿਗ੍ਰਹ ਘਣੇ ਚਉਦਹ ਵਿਦਿਆ ਵੇਦ ਵਖਾਣੇ।
ਸੇਖ ਨਾਗ ਸਨਕਾਦਿਕਾ ਲੋਮਸ ਅੰਤ ਅਨੰਤ ਨ ਜਾਣੇ।
ਜਤੀ ਸਤੀ ਸੰਤੋਖੀਆ ਸਿਧ ਨਾਥ [5]ਹੁਇ ਨਾਥ ਭੁਲਾਣੇ।
ਪੀਰ ਪੈਕੰਬਰ ਅਉਲੀਏ [6]ਬੁਜ਼ਰਕ ਵਾਰ ਹਜ਼ਾਰ ਹਰਾਣੇ।
ਜੋਗ ਭੋਗ ਲਖ ਰੋਗ ਸੋਗ ਲਖ ਸੰਜੋਗ ਵਿਜੋਗ ਵਿਡਾਣੇ[7]।
ਦਸ ਨਾਉ ਸਨਿਆਸੀਆਂ ਭੰਭਲ ਭੂਸੇ ਖਾਇ ਭੁਲਾਣੇ।
ਗੁਰੁ ਸਿਖ ਜੋਗੀ ਜਾਗਦੇ[8] ਹੋਰ ਸਭੇ ਬਨਵਾਸ ਲੁਕਾਣੇ।
ਸਾਧ ਸੰਗਤਿ ਮਿਲਿ ਨਾਮ ਵਖਾਣੇ ॥੧੩॥

## ਪਉੜੀ ੧੪

{ਸਤਿਗੁਰੂ ਦੀ ਸਿੱਖਿਆ}

ਚੰਦ ਸੂਰਜ ਲਖ ਚਾਨਣੇ ਤਿਲ ਨ ਪੁਜਨਿ ਸਤਿਗੁਰ ਮਤੀ[9]।

---

੧ (ਸ੍ਰਿਸ਼ਟੀ ਦਾ) ਸਿਰਜਨਹਾਰ। ੨ ਸਤਿਸੰਗ ਵਿਚ ਸ਼ਬਦ ਸੁਰਤ ਨੂੰ ਰਿੜਕਿਆ ੩ ਸਫਲ। ੪ ਕਬਰ। ੫ ਆਪਣੇ ਆਪ ਨੂੰ (ਨਾਥ) ਮਾਲਕ ਸਮਝ ਕੇ ਭੁੱਲੇ ਹੋਏ ਹਨ। ੬ ਬਜ਼ੁਰਗਵਾਰ (ਮਹੰਤ)। ੭ ਹੱਕੇ-ਬੱਕੇ। ੮ ਸਾਵਧਾਨ ਹਨ। ੯ ਸਿਖਿਆ।

Digitized by Panjab Digital Library | www.panjabdigilib.org

ਲਖ ਪਾਤਾਲ ਅਕਾਸ ਲਖ ਉਚੀ ਨੀਵੀ ਕਿਰਣ ਨ ਰਤੀ।
[੧]ਲਖ ਪਾਣੀ ਲਖ ਪਉਣ ਮਿਲਿ ਰੰਗ ਬਿਰੰਗ ਤਰੰਗਨ ਵਤੀ।
ਆਦਿ ਨ ਅੰਤ ਨ ਮਧ ਪਲ ਲਖ ਪਰਲਉ ਲਖ ਲਖ ਉਤਪਤੀ।
ਧੀਰਜ ਧਰਮ ਨ ਪੁਜਨੀ ਲਖ ਲਖ ਪਰਬਤ ਲਖ ਧਰਤੀ।
ਲਖ ਗਿਆਨ ਧਿਆਨ ਲਖ ਤੁਲਿ ਨ ਤੁਲੀਐ ਤਿਲ ਗੁਰਮਤੀ।
[੨]ਸਿਮਰਣ ਕਿਰਣ ਘਣੀਂ ਘੋਲ ਘਤੀ ॥੧੪॥

## ਪਉੜੀ ੧੫
{ਵਿਰਲੇ ਬੰਦੇ}

[੩]ਲਖ ਦਰੀਆਉ ਕਵਾਉ ਵਿਚ ਲਖ ਲਖ ਲਹਿਰ ਤਰੰਗ ਉਠੰਦੇ।
ਇਕਸ ਲਹਰ ਤਰੰਗ ਵਿਚਿ ਲਖ ਲਖ ਦਰੀਆਉ[੪] ਵਹੰਦੇ।
ਇਕਸ ਇਕਸ ਦਰੀਆਉ ਵਿਚਿ ਲਖ ਅਵਤਾਰ ਅਕਾਰ[੫] ਫਿਰੰਦੇ।
[੬]ਮਛ ਕਛ ਮਰਿਜੀਵੜੇ ਅਗਮ ਅਥਾਹ ਨ ਥਾਹ ਲਹੰਦੇ।
ਪਰਵਦਗਾਰ ਅਪਾਰ ਹੈ ਪਾਰਾਵਾਰ ਨ ਲਹਿਰ ਤਰੰਦੇ।
ਅਜਰਾਵਰ[੭] ਸਤਿਗੁਰੁ ਪੁਰਖੁ ਗੁਰਮਤਿ ਗੁਰੁ ਸਿਖ ਅਜਰ ਜਰੰਦੇ।
ਕਰਨ ਬੰਦਗੀ ਵਿਰਲੇ ਬੰਦੇ ॥੧੫॥

## ਪਉੜੀ ੧੬
{ਆਦਿ ਪੁਰਖ}

ਇਕ ਕਵਾਉ ਅਮਾਉ[੯] ਜਿਸ ਕੇਵਡ ਵਡੇ ਦੀ ਵਡਿਆਈ।
ਓਅੰਕਾਰ ਅਕਾਰ ਜਿਸੁ ਤਿਸੁ ਦਾ ਅੰਤੁ ਨ ਕੋਊ ਪਾਈ।

---

੧ ਲਖਾਂ ਪਾਣੀ ਤੇ ਲਖਾਂ ਪਉਣਾਂ ਮਿਲਕੇ ਜੋ ਰੰਗ-ਬਿਰੰਗ ਤਰੰਗ ਉਤਪੰਨ ਕਰਦੇ ਹਨ, ਉਹ ਭੀ ਉਨ੍ਹਾਂ ਦੀ ਬਰਾਬਰੀ ਨਹੀਂ ਕਰਦੇ। ੨ ਸਿਮਰਨ ਤੋਂ ਲੱਖਾਂ ਕਿਰਨਾਂ ਦਾ ਪ੍ਰਕਾਸ਼ ਕੁਰਬਾਨ ਕਰ ਦਿਤਾ ਹੈ। ੩ (ਅਕਾਲ ਪੁਰਖ ਦੇ) ਸ਼ਰੀਰ ਵਿਚ ਲਖਾਂ (ਸ਼ਕਤੀ) ਦੇ ਦਰਿਆ ਵਹਿ ਰਹੇ ਹਨ, ਜਿਸ ਵਿਚੋਂ ਲੱਖਾਂ (ਬ੍ਰਹਮੰਡ ਰੂਪੀ) ਲਹਿਰਾਂ ਤੇ ਤਰੰਗ ਉਠਦੇ ਹਨ। ੪ ਅਗੋਂ ਬ੍ਰਹਮੰਡ ਵਿਚ ਹੋਰ ਸ਼ਕਤੀ ਦੇ ਦਰੀਆ ਵਹਿੰਦੇ ਹਨ। ੫ ਸਰੀਰ ਧਾਰ ਕੇ। ੬ ਮੱਛ-ਕਛ ਅਵਤਾਰ ਰੂਪ ਟੋਭੇ। ੭ ਅਜਰ ਤੇ ਸ਼੍ਰੇਸ਼ਟ। ੮ ਗੁਰ ਸਿਖ ਅਜਰ ਗੁਰਮਤ ਨੂੰ ਜਰਦੇ ਹਨ। ੯ ਮਿਣਤੀ ਤੋਂ ਰਹਿਤ।

Digitized by Panjab Digital Library | www.panjabdigilib.org

ਅਧਾ ਸਾਹੁ ਅਥਾਹੁ ਜਿਸੁ ਵਡੀ ਆਰਜਾ[੧] ਗਣਤ ਨ ਆਈ।
ਕੁਦਰਤਿ ਕੀਮ ਨ ਜਾਣੀਐ ਕਾਦਰੁ ਅਲਖੁ ਨ ਲਖਿਆ ਜਾਈ।
ਦਾਤ ਨ ਕੀਮ ਨ ਰਾਤਿ ਦਿਹੁ ਬੇਸੁਮਾਰ ਦਾਤਾਰ ਖੁਦਾਈ।
ਅਬਿਗਤ ਗਤਿ ਅਨਾਥ ਨਾਥ ਅਕਥ ਕਥਾ ਨੇਤਿ ਨੇਤਿ ਅਲਾਈ।
ਆਦਿ ਪੁਰਖੁ ਆਦੇਸੁ ਕਰਾਈ ॥੧੬॥

## ਪਉੜੀ ੧੭

{ਫੋਕਟ ਕਰਮਾ ਦੀ ਨਿਖੇਧੀ}

ਸਿਰ ਕਲਵਤ ਲੈ ਲਖਵਾਰ ਹੋਮੇ ਕਟਿ ਕਟਿ ਤਿਲ ਤਿਲ ਦੇਹੀ।
ਗਲੈ ਹਿਮਾਚਲ ਲਖ ਵਾਰਿ ਕਰੈ ਉਰਧ ਤਪ [੨]ਜੁਗਤਿ ਸਨੇਹੀ।
ਜਲ ਤਪ ਸਾਧੇ ਅਗਨਿ ਤਪ ਅਰਧ ਤਾਪ ਕਰਿ ਹੋਇ ਵਿਦੇਹੀ[੩]।
ਵਰਤ ਨੇਮ ਸੰਜਮ ਘਣੇ ਦੇਵੀ ਦੇਵ ਅਸਥਾਨ ਭਵੇਹੀ।
ਪੁੰਨ ਦਾਨ ਚੰਗਿਆਈਆਂ ਸਿਧਾਸਣ ਸਿੰਘਾਸਣ ਬੇਹੀ[੪]।
[੫]ਨਿਵਲੀ ਕਰਮ ਭੁਇਅੰਗਮਾ ਪੂਰਕ ਕੁੰਭਕ ਰੇਚ ਕਰੇਹੀ।
ਗੁਰਮੁਖਿ ਸੁਖਫਲ ਸਰ ਨ ਸਭੇਹੀ ॥੧੭॥

## ਪਉੜੀ ੧੮

{ਸੁਖ ਫਲ ਦੀ ਵਿਸ਼ੇਸ਼ਤਾ}

ਸਹਸ ਸਿਆਣੇ [੬]ਸਾਪੁਰਸ ਸਹਸ ਸਿਆਣਪ ਲਇਆ ਨ ਜਾਈ।
ਸਹਸ ਸੁਘੜ ਸੁਘੜਾਈਆਂ ਤੁਲੁ ਨ ਸਹਸ ਚਤੁਰ ਚਤੁਰਾਈ।
ਲਖ ਹਕੀਮ ਲਖ ਹਿਕਮਤੀ ਦੁਨੀਆਂਦਾਰ ਵਡੇ ਦੁਨਿਆਈ।
ਲਖ ਸਾਹ ਪਤਿਸਾਹ ਲਖ ਲਖ ਵਜ਼ੀਰ ਨ ਮਸਲਤ ਕਾਈ।
ਜਤੀ ਸਤੀ ਸੰਤੋਖੀਆ ਸਿਧ ਨਾਥ ਮਿਲਿ ਹਾਥ ਨ ਪਾਈ।

---

੧ ਉਮਰ। ੨ ਜੁਗਤੀ ਨਾਲ ਪ੍ਰੇਮ ਕਰਦਾ ਹੋਇਆ। ੩ ਦੇਹ ਦੇ ਅਹਿਸਾਸ ਤੋਂ ਰਹਿਤ ਹੋ ਕੇ। ੪ ਬਹੇ। ੫ ਨਾਤੀ ਧੋਤੀ ਆਦਿ ਕਰਨ ਤੇ ਭੁਯੰਗ ਨਾੜੀ ਦਵਾਰਾ ਪ੍ਰਾਣਾਯਾਮ ਕਰੇ। ੬ ਉਹਨਾਂ (ਸਿਆਣੇ) ਪੁਰਸ਼ਾਂ ਦੀਆਂ।

Digitized by Panjab Digital Library | www.panjabdigilib.org

ਚਾਰ ਵਰਨ ਚਾਰ ਮਜਹਬਾ ਛਿਅ ਦਰਸਨ ਨਹਿ ਅਲਖ ਲਖਾਈ।
ਗੁਰਮੁਖਿ ਸੁਖਫਲ ਵਡੀ ਵਡਿਆਈ ॥੧੮॥

## ਪਉੜੀ ੧੯

[ਪੀਰ ਮੁਰੀਦੀ]

ਪੀਰ ਮੁਰੀਦੀ ਗਾਖੜੀ[1] ਪੀਰਾਂ ਪੀਰੁ ਗੁਰਾਂ ਗੁਰੁ ਜਾਣੈ।
ਸਤਿਗੁਰੁ ਦਾ ਉਪਦੇਸੁ ਲੈ ਵੀਹ ਇਕੀਹ ਉਲੰਘਿ ਸਿਵਾਣੈ।
ਮੁਰਦਾ ਹੋਇ ਮੁਰੀਦ ਸੋ ਗੁਰੁ ਸਿਖ ਜਾਇ ਸਮਾਇ ਬਬਾਣੈ[2]।
ਪੈਰੀਂ ਪੈ ਪਾਖ਼ਾਕ[3] ਹੋਇ ਤਿਸੁ [4]ਪਾਖਾਕ ਪਾਕੁ ਪਤੀਆਣੈ।
ਗੁਰਮੁਖਿ ਪੰਥ ਅਗੰਮੁ ਹੈ [5]ਮਰਿ ਮਰਿ ਜੀਵੈ ਜਾਇ ਪਛਾਣੈ।
ਗੁਰੁ ਉਪਦੇਸ ਅਵੇਸੁ ਕਰਿ ਕੀੜੀ ਭ੍ਰਿੰਗੀ ਵਾਂਗ ਵਖਾਣੈ।
ਅਕਥ ਕਥਾ ਕਉਣ ਆਖਿ ਵਖਾਣੈ ॥ ੧੯ ॥

## ਪਉੜੀ ੨੦

[ਸੁਖ ਫਲ]

ਚਾਰ ਵਰਨ ਮਿਲਿ ਸਾਧ ਸੰਗ [6]ਚਾਰ ਚਵੱਕਾ ਸੋਲਹਿ ਜਾਣੈ।
[7]ਪੰਜ ਸਬਦ ਗੁਰ ਸਬਦ ਲਿਵ ਪੰਜੂ ਪੰਜੇ ਪੰਜੀਹ ਲਾਣੈ।
[8]ਛਿਅ ਦਰਸਣ ਇਕ ਦਰਸਣੋ ਛਿਅ ਛਕੇ ਛਤੀਹ ਸਮਾਣੈ।

---

੧ ਕਠਿਨ। ੨ ਬਾਬੇ ਦੀ ਜੋਤਿ ਵਿਚ। ੩ ਚਰਨ ਧੂੜ। ੪ (ਉਸ) ਚਰਨ ਧੂੜੀ ਪੁਰ ਪਵਿਤ੍ਰ ਲੋਕ ਪਤੀਜੇ। ੫ (ਅਹੰਕਾਰ ਵਲੋਂ) ਮਰ ਕੇ (ਆਤਮਾ ਵਿਚ) ਜੀਵੇ। ੬ ਚਾਰ ਚੋਕੇ ਸੋਲਾਂ ਕਲਾ ਪੂਰਨ ਹੋ ਜਾਂਦੇ ਹਨ। ੭ ਪੰਜ ਸ਼ਬਦ ਦੀ ਥਾਂ ਗੁਰੂ ਦੇ ਸ਼ਬਦ ਵਿਚ ਲਿਵ ਲਾਉਣ ਕਰਕੇ ਪੰਝੀ, (ਪ੍ਰਕਿਰਤੀਆਂ ਵਾਲੇ ਸਰੀਰ) ਨੂੰ ਜਿਤ ਲੈਂਦੇ ਹਨ। ੮ ਛੇ ਦਰਸ਼ਨਾਂ ਦੀ ਥਾਂ ਇਕ ਗੁਰਮਤਿਦਰਸ਼ਨ ਵਿਚ ਲਗਣ ਕਰਕੇ ਛੱਤੀ ਆਸਣ ਜਿਤ ਲਏ ਹਨ।

Digitized by Panjab Digital Library | www.panjabdigilib.org

[1]ਸਤ ਦੀਪ ਇਕ ਦੀਪਕੋ ਸਤ ਸਤੇ ਉਣਵੰਜਹਿ ਭਾਣੈ।
[2]ਅਸਟ ਧਾਤ ਇਕੁ ਧਾਤ ਕਰਿ ਅਠੂ ਅਠੇ ਚਉਹਠ ਮਾਣੈ।
[3]ਨਉ ਨਾਥ ਇਕ ਨਾਥ ਹੈ ਨਉ ਨਾਏ ਏਕਾਸੀਹ ਦਾਣੈ।
[4]ਦਸ ਦੁਆਰ ਨਿਰਧਾਰ ਕਰਿ ਦਾਹੋ ਦਾਹੇ ਸਉ ਪਰਵਾਣੈ।
ਗੁਰਮੁਖਿ ਸੁਖਫਲ ਚੋਜ ਵਿਡਾਣੈ ॥ ੨੦ ॥

## ਪਉੜੀ ੨੧

[ਸਤਿਗੁਰ ਮਹਿਮਾ]

ਸੌ ਵਿਚ ਵਰਤੇ ਸਿਖ ਸੰਤ ਇਕੋਤਰ ਸੌ ਸਤਿਗੁਰ ਅਬਿਨਾਸੀ।
[5]ਸਦਾ ਸਦੀਵ ਦੀਬਾਣ ਜਿਸ ਅਸਥਿਰ ਸਦਾ ਨ ਆਵੈ ਜਾਸੀ।
ਇਕ ਮਨ ਜਿਨ੍ਹੇਂ ਧਿਆਇਆ ਕਾਟੀ ਗਲਹੁ ਤਿਸੈ ਜਮ ਫਾਸੀ।
ਇਕੋ ਇਕ ਵਰਤਦਾ ਸਬਦ ਸੁਰਤਿ ਸਤਿਗੁਰੂ ਜਣਾਸੀ।
ਬਿਨੁ ਦਰਸਨੁ ਗੁਰੁ ਮੂਰਤੋ ਭ੍ਰਮਤਿ ਫਿਰੇ ਲਖ ਜੂਨ ਚਉਰਾਸੀ।
ਬਿਨੁ ਦੀਖਿਆ ਗੁਰਦੇਵ ਦੀ ਮਰਿ ਜਨਮੇ ਵਿਚਿ ਨਰਕ ਪਵਾਸੀ।
ਨਿਰਗੁਣ ਸਰਗੁਣ ਸਤਿਗੁਰੂ ਵਿਰਲਾ ਕੋ ਗੁਰ ਸਬਦ ਸਮਾਸੀ।
ਬਿਨੁ ਗੁਰੁ ਓਟ ਨ ਹੋਰੁ ਕੋ ਸਚੀ ਓਟ ਨ ਕਦੇ ਬਿਨਾਸੀ।
ਗੁਰਾਂ ਗੁਰੂ ਸਤਿਗੁਰੁ ਪੁਰਖੁ ਆਦਿ ਅੰਤ ਥਿਰੁ ਗੁਰੂ ਰਹਾਸੀ।
ਕੋ ਵਿਰਲਾ ਗੁਰਮੁਖਿ ਸਹਜ ਸਮਾਸੀ ॥ ੨੧ ॥

---

੧ ਸਤ ਦੀਪਾਂ ਵਿਖੇ ਇਕੋ ਦੀਪਕ ਦਾ ਪ੍ਰਕਾਸ਼ ਵੇਖਣ ਨਾਲ ਉਣਜਾ ਪਉਣਾਂ ਵਸ ਹੋ ਗਈਆਂ। ੨ ਚਾਰ ਵਰਨ ਤੇ ਚਾਰ ਆਸ਼ਰਮ ਰੂਪ ਅੱਠਾਂ ਧਾਤਾਂ ਨੂੰ ਗੁਰੂ ਪਾਰਸ ਨਾਲ ਛੋਹ ਇਕ ਕੀਤਾ, ਉਹੋ ਚੌਹਠ ਵਿਦਿਆਂ (ਦੇ ਅਨੰਦ ਨੂੰ ਮਾਣਦਾ ਹੈ)। ੩ ਨੌ ਨਾਥਾਂ ਦੇ ਇਕ ਨਾਥ ਨੂੰ ਮੰਨਣ ਕਰ ਕੇ ਇਕਾਸੀ ਖੰਡਾਂ ਦਾ ਜਾਨਣ ਵਾਲਾ ਹੁੰਦਾ ਹੈ। ੪ ਦਸ ਇੰਦ੍ਰੀਆਂ ਨੂੰ ਵਸ ਕਰਕੇ ਪੂਰਨ ਸੌ ਵਿਸਵੇ ਜੋਗੀ ਬਣੇ ਹਨ। ੫ ਅਟਲ ਦੀਵਾਨ ਹੈ ਜਿਸ ਦਾ।

Digitized by Panjab Digital Library | www.panjabdigilib.org

# ਪਉੜੀ ੨੨

[ਮੂਲ ਵਰਣਨ]

ਧਿਆਨ ਮੂਲ ਮੂਰਤਿ ਗੁਰੂ ਪੂਜ ਮੂਲ ਗੁਰੁ ਚਰਣ ਪੁਜਾਏ।
ਮੰਤ੍ਰ ਮੂਲ ਗੁਰੁਵਾਕ ਹੈ ਸਚੁ ਸਬਦੁ ਸਤਿਗੁਰੂ ਸੁਣਾਏ।
ਚਰਣੋਦਕ ਪਵਿਤ੍ਰ ਹੈ ਚਰਣ ਕਮਲ ਗੁਰੁ ਸਿਖ ਧੁਆਏ।
ਚਰਣਾਮ੍ਰਿਤ ਕਸਮਲ[1] ਕਟੇ ਗੁਰੁ ਧੂਰੀ ਬੁਰੇ ਲੇਖ ਮਿਟਾਏ।
ਸਤਿਨਾਮੁ ਕਰਤਾ ਪੁਰਖੁ ਵਾਹਿਗੁਰੂ ਵਿਚਿ ਰਿਦੈ ਸਮਾਏ।
[2]ਬਾਰਹ ਤਿਲਕ ਮਿਟਾਇ ਕਰਿ ਗੁਰਮੁਖਤਿਲਕ ਨੀਸਾਣ[3] ਚੜ੍ਹਾਏ।
[4]ਰਹੁਰਾਸੀ ਰਹੁਰਾਸਿ ਏਹੁ ਇਕੋ ਜਪੀਐ ਹੋਰੁ ਤਜਾਏ।
ਬਿਨੁ ਗੁਰ ਦਰਸਨ ਦੇਖਣਾ ਭ੍ਰਮਤਾ ਫਿਰੇ ਠਉਰ ਨਹੀ ਪਾਏ।
ਬਿਨੁ ਗੁਰੁ ਪੂਰੈ ਆਇ ਜਾਇ ॥ ੨੨ ॥ ੪੦ ॥

---

੧ ਪਾਪ। ੨ ਵੈਰਾਗੀਆਂ ਦੇ ਬਾਰਾਂ ਤਿਲਕ। ੩ ਝੰਡਾ। ੪ ਮਰਯਾਦਾਵਾਂ ਵਿਚੋਂ ਪੂਰਨ ਮਰਯਾਦਾ।

Digitized by Panjab Digital Library | www.panjabdigilib.org

# ਵਾਰ ੪੧

ੴ ਸਤਿਗੁਰ ਪ੍ਰਸਾਦਿ ॥

[ਰਾਮਕਲੀ ਵਾਰ ਪਾਤਿਸ਼ਾਹੀ ਦਸਵੇਂ ਕੀ]

ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ[੧]।
ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।
ਗੁਰੁ ਦਾਸ* ਮਨਾਈ ਕਾਲਕਾ[੨] ਖੰਡੇ ਕੀ ਵੇਲਾ।
ਪੀਵਹੁ ਪਾਹੁਲ ਖੰਡੇਧਾਰ† ਹੁਇ ਜਨਮ ਸੁਹੇਲਾ।
ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥ ੧ ॥
ਸਚਾ ਅਮਰ[੩] ਗੋਬਿੰਦ ਦਾ ਸੁਣ ਗੁਰੂ ਪਿਆਰੇ।
ਸਤਿ ਸੰਗਤਿ ਮੇਲਾਪ ਕਰਿ ਪੰਚ ਦੂਤ ਸੰਘਾਰੇ।
ਵਿਚਿ ਸੰਗਤਿ ਢੋਈ[੪] ਨਾ ਲਹਿਨਿ ਜੋ ਖਸਮੁ ਵਿਸਾਰੇ।
ਗੁਰਮੁਖਿ ਮਥੇ ਉੱਜਲੇ ਸਚੇ ਦਰਬਾਰੇ।
ਹਰਿ ਗੁਰੁ ਗੋਬਿੰਦ ਧਿਆਈਐ ਸਦ ਅੰਮ੍ਰਿਤ ਵੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥ ੨ ॥
ਹਉਮੈ ਅੰਦਰਿ ਵਰਤਦੀ ਇਹ ਸ੍ਰਿਸਟਿ ਸਬਾਈ।
ਇਕਿ ਆਪੇ ਗੁਰਮੁਖਿ ਕੀਤਿਓਨੁ ਜਿਨਿ ਹੁਕਮ ਮਨਾਈ।
ਇਕਿ ਆਪੇ ਭਰਮ ਭੁਲਾਇਓਓ ਦੂਜੈ ਚਿਤੁ ਲਾਈ।
ਇਕਨਾ ਨੋ ਨਾਮੁ ਬਖਸਿਓਨੁ ਹੁਇ ਆਪਿ ਸਹਾਈ।

---

੧ ਇਕਠ । ੨ ਵਾਹਿਗੁਰੂ । ੩ ਹੁਕਮ । ੪ ਆਸਰਾ । * ਸਿਮਰ । † ਖੰਡਧਾਰ

Digitized by Panjab Digital Library | www.panjabdigilib.org

ਗੁਰਮੁਖਿ ਜਨਮੁ ਸਕਾਰਥਾ ਮਨਮੁਖੀ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥ ੩ ॥
ਗੁਰ ਬਾਣੀ ਤਿਨਿ ਭਾਈਆ[1] ਜਿਨਿ ਮਸਤਕਿ ਭਾਗ।
ਮਨਮੁਖਿ ਛੁਟੜਿ ਕਾਮਣੀ ਗੁਰਮੁਖਿ ਸੋਹਾਗ।
ਗੁਰਮੁਖੁ ਉਜਲ ਹੰਸੁ ਹੈ ਮਨਮੁਖ ਹੈ ਕਾਗ।
ਮਨਮੁਖ ਊਂਧੇ[2] ਕਵਲ ਹੈ ਗੁਰਮੁਖੁ ਸੁ ਜਾਗ।
ਮਨਮੁਖ ਜੋਨਿ ਭਵਾਈਅਨਿ ਗੁਰਮੁਖਿ ਹਰਿ ਮੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥ ੪ ॥

ਸਚਾ ਸਾਹਿਬੁ ਅਮਰ ਸਚੁ ਸਚੀ ਗੁਰੁ ਬਾਣੀ।
ਸਚੇ ਸੇਤੀ ਰਤਿਆ ਸੁਖ ਦਰਗਹ ਮਾਣੀ।
ਜਿਨਿ ਸਤਿਗੁਰੁ ਸਚਾ ਸੇਵਿਆ ਤਿਨਿ ਸੁਖ ਵਿਹਾਣੀ।
ਮਨਮੁਖਿ ਦਰਗਹਿ ਮਾਰੀਅਨਿ ਤਿਲ ਪੀੜੇ ਘਾਣੀ।
ਗੁਰਮੁਖਿ ਜਨਮ ਸਦਾ ਸੁਖੀ ਮਨਮੁਖੀ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥ ੫ ॥

ਗੁਰਮੁਖ ਨਾਮ ਅਮੋਲ ਹੈ ਵਡਭਾਗੀ ਸੁਣੀਐ।
ਸਤਿਸੰਗਤਿ ਵਿਚਿ ਪਾਈਐ ਨਿਤ ਹਰਿ ਗੁਣ ਗੁਣੀਐ।
ਧਰਮ ਖੇਤ ਕਲਿਜੁਗ ਸਰੀਰ ਬੋਈਐ ਸੋ ਲੁਣੀਐ[3]।
ਸਚਾ ਸਾਹਿਬ ਸਚ ਨਿਆਉਂ ਪਾਣੀ ਜਿਉਂ ਪੁਣੀਐ।
ਵਿਚਿ ਸੰਗਤਿ ਸਚ ਵਰਤਦਾ ਨਿਤ ਨੇਹੁ ਨਵੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥ ੬ ॥

ਓਅੰਕਾਰ ਅਕਾਰ ਆਪ ਹੈ ਹੋਸੀ ਆਪੈ।
ਉਹੀ ਉਪਾਵਨਹਾਰ ਹੈ ਗੁਰ ਸਬਦੀ ਜਾਪੈ।

---

੧ ਚੰਗੀ ਲਗੀ ਹੈ। ੨ ਉਲਟ। ੩ ਕਟੀਏ।

Digitized by Panjab Digital Library | www.panjabdigilib.org

ਖਿਨ ਮਹਿੰ ਢਾਹਿ ਉਸਾਰਦਾ ਤਿਸੁ ਭਉ ਨ ਬਿਆਪੈ।
ਕਲੀਕਾਲ ਗੁਰੁ ਸੇਵੀਐ ਤਾ ਦੁਖ ਨ ਸੰਤਾਪੈ।
ਸਭ ਜਗ ਤੇਰਾ ਖੇਲ ਹੈ ਤੂੰ ਗੁਣੀ ਗਹੇਲਾ[1]।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੭॥
ਆਦਿ ਪੁਰਖ ਅਨਭੈ ਅਨੰਤ ਗੁਰੁ ਅੰਤ ਨ ਪਾਈਐ।
ਅਪਰ ਅਪਾਰ ਅਗੰਮ ਆਦਿ ਜਿਸ ਲਖੀ ਨ ਜਾਈਐ।
ਅਮਰ[2] ਅਜਾਚੀ[3] ਸਤਿਨਾਮੁ ਸਦ ਸਦਾ ਧਿਆਈਐ।
ਸਚਾ ਸਾਹਿਬ ਸੇਵੀਐ ਮਨ ਚਿੰਦਿਆ ਪਾਈਐ।
ਅਨਿਕ ਰੂਪ ਧਰ ਪ੍ਰਗਟਿਆ ਹੈ ਏਕ ਅਕੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥੮॥
ਅਬਿਨਾਸੀ ਅਨੰਤ ਹੈ ਘਟਿ ਘਟਿ ਦਿਸਟਾਇਆ।
ਅਘਨਾਸੀ ਆਤਮ ਅਭੁਲ ਨਹੀ ਭੁਲੈ ਭੁਲਾਇਆ।
ਹਰਿਅਲਖ ਅਕਾਲ ਅਡੋਲ ਹੈ ਗੁਰੁ ਸਬਦ ਲਖਾਇਆ।
ਸਰਬ ਬਿਆਪੀ ਹੈ ਅਲੇਪ ਜਿਸੁ ਲਗੈ ਨ ਮਾਇਆ।
ਗੁਰਮੁਖਿ ਨਾਮ ਧਿਆਈਐ ਜਿਤੁ ਲੰਘੈ ਵਹੇਲਾ[4]।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥੯॥
ਨਿਰੰਕਾਰੁ ਨਰਹਰਿ[5] ਨਿਧਾਨ ਨਿਰਵੈਰੁ ਧਿਆਈਐ।
ਨਾਰਾਇਣ ਨਿਰਬਾਣ[6] ਨਾਥ ਮਨ ਅਨਦਿਨ ਗਾਈਐ।
ਨਰਕ ਨਿਵਾਰਣ ਦੁਖ ਦਲਣ ਜਪਿ ਨਰਕ ਨ ਜਾਈਐ।
ਦੇਣਹਾਰ ਦਇਆਲ ਨਾਥ ਜੋ ਦੇਇ ਸੁ ਪਾਈਐ।
ਦੁਖ ਭੰਜਨ ਸੁਖ ਹਰਿ ਧਿਆਨ ਮਾਇਆ ਰਚਿ ਖੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥੧੦॥

---

੧ ਗੁਣਾਂ ਦਾ ਸਮੁੰਦਰ। ੨ ਮਰਨ ਤੋਂ ਰਹਿਤ। ੩ ਮੰਗਣ ਤੋਂ ਰਹਿਤ। ੪ ਜਲਦੀ। ੫ ਨਰਾਂ ਦਾ ਸਵਾਮੀ। ੬ ਬੰਧਣ ਤੋਂ ਰਹਿਤ।

Digitized by Panjab Digital Library | www.panjabdigilib.org

ਪਾਰਬ੍ਰਹਮ ਪੂਰਨ ਬ੍ਰਹਮ ਪਰਮੇਸੁਰ ਦਾਤਾ।
ਪਤਿਤ ਪਾਵਨ ਪਰਮਾਤਮਾ ਸਰਬ ਅੰਤਰਿ ਜਾਤਾ।
ਹਰਿ ਦਾਨਾ ਬੀਨਾ ਬੇਸੁਮਾਰ ਬੇਅੰਤ ਬਿਧਾਤਾ।
ਬਨਵਾਰੀ ਬਖਸਿੰਦ ਆਪਿ ਆਪੇ ਪਿਤ ਮਾਤਾ।
ਇਹ ਮਾਨਸ ਜਨਮ ਅਮੋਲ ਹੈ ਮਿਲਨੇ ਕੀ ਵੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ੧੧।
ਭੈ ਭੰਜਨ ਭਗਵਾਨ ਭਜੋ ਭੈ ਨਾਸਨ ਭੋਗੀ।
ਭਗਤ ਵਛਲ ਭੈ ਭੰਜਨੋ ਜਪ ਸਦਾ ਅਰੋਗੀ।
ਮਨ ਮੋਹਨ ਮੂਰਤਿ ਮੁਕੰਦ[੧] ਪ੍ਰਭੁ ਜੋਗ ਸੰਜੋਗੀ।
ਰਸੀਆ ਰਖਵਾਲਾ ਰਚਨਹਾਰ ਜੋ ਕਰੇ ਸੁ ਹੋਗੀ।
ਮਧੁਸੂਦਨ[੨] ਮਾਧੋ[੩] ਮੁਰਾਰਿ[੪] ਬਹੁ ਰੰਗੀ ਖੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ੧੨॥
ਲੋਚਾ ਪੂਰਨ ਲਿਖਨਹਾਰੁ ਲੇਖਕ ਲੇਖਾਰੀ।
ਹਰਿ ਲਾਲਨ[੫] ਲਾਲ ਗੁਲਾਲ[੬] ਸਚ ਸਚਾ ਵਾਪਾਰੀ।
ਰਾਵਨਹਾਰ ਰਹੀਮ[੭] ਰਾਮ ਆਪੇ ਨਰ ਨਾਰੀ।
ਰਿਖੀਕੇਸ[੮] ਰਘੁਨਾਥ[੯] ਜਪਿ ਜਾਈਐ ਬਲਿਹਾਰੀ।
ਪਰਮਹੰਸ[੧੦] ਭੈ ਤ੍ਰਾਸ ਨਾਸ ਜਪਿ ਰਿਦੈ ਸੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ੧੩॥
ਪ੍ਰਾਨ ਮੀਤ ਪਰਮਾਤਮਾ ਪੁਰਖੋਤਮ[੧੧] ਪੂਰਾ।
ਪੋਖਨਹਾਰਾ[੧੨] ਪਾਤਿਸਾਹ ਹੈ ਪ੍ਰਤਿਪਾਲਨ ਊਰਾ।
ਪਤਿਤ ਉਧਾਰਨ ਪ੍ਰਾਨਪਤਿ ਸਦ ਸਦਾ ਹਜੂਰਾ।

---

੧ ਮੁਕਤੀ ਦਾਤਾ। ੨ ਕਰਮ ਨਾਸ਼ਕ। ੩ ਪ੍ਰਕਾਸ਼ ਦਾ ਸੁਆਮੀ (ਵਾਹਿਗੁਰੂ)। ੪ ਅਹੰਕਾਰ ਦਵੈਤ ਦਾ ਸ਼ਤਰੂ। ੫ ਪਿਆਰਿਆਂ। ੬ ਰੰਗਰਸਰੱਤਾ। ੭ ਰਹਿਮ ਕਰਨ ਵਾਲਾ। ੮ ਇੰਦ੍ਰੀਆਂ ਦਾ ਪਤੀ। ੯ ਰਾਮ ਚੰਦ੍ਰ। ੧੦ ਪਰਮੇਸ਼ਵਰ। ੧੧ ਉੱਤਮ ਪੁਰਸ਼। ੧੨ ਪਾਲਣਹਾਰਾ।

Digitized by Panjab Digital Library | www.panjabdigilib.org

ਵਹ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ।
ਅਨਦ ਬਿਨੋਦੀ ਜੀਅ ਜਪਿ ਸਚੁ ਸਚੀ ਵੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥ ੧੪ ॥

ਗੁਰੁ ਗੋਬਿੰਦ ਸਿੰਘ ਪ੍ਰਗਟਿਓ ਦਸਵਾਂ ਅਵਤਾਰਾ।
ਜਿਨ ਅਲਖ ਅਪਾਰ ਨਿਰੰਜਨਾ ਜਪਿਓ ਕਰਤਾਰਾ।
ਨਿਜ ਪੰਥ ਚਲਾਇਓ ਖਾਲਸਾ ਧਰਿ [੨]ਤੇਜ ਕਰਾਰਾ।
ਸਿਰ ਕੇਸ [੩]ਧਾਰਿ ਕਰ ਖੜਗ ਕੋ ਸਭ ਦੁਸਟ ਪਛਾਰਾ।
ਸੀਲ ਜਤ ਕੀ ਕਛ ਪਹਿਰਿ ਪਕੜਿਓ ਹਥਿਆਰਾ।
ਸਚ ਫਤੇ ਬੁਲਾਈ ਗੁਰੂ ਕੀ ਜੀਤਿਓ ਰਣ ਭਾਰਾ।
ਸਭ ਦੈਤ ਅਰਿਨਿ ਕੋ ਘੇਰ ਕਰਿ ਕੀਜੈ ਪਰਿਹਾਰਾ।
ਜਬ ਸਹਿਜੇ ਪ੍ਰਗਟਿਓ ਜਗਤ ਮੈ ਗੁਰੁ ਜਾਪ ਅਪਾਰਾ।
ਯੌਂ ਉਪਜੇ ਸਿੰਘ ਭੁਜੰਗੀਏ[੪] [੫]ਨੀਲੰਬਰ ਧਾਰਾ।
ਤੁਰਕ ਦੁਸਟ ਸਭ ਛੈ[੬] ਕੀਏ ਹਰਿਨਾਮ ਉਚਾਰਾ।
ਤਿਨ ਆਗੈ ਕੋਇ ਨ ਠਹਿਰਿਓ ਭਾਰੋ ਸਿਰਦਾਰਾ।
ਜਹ ਰਾਜੇ ਸਾਹ ਅਮੀਰੜੇ ਹੋਏ ਸਭ ਛਾਰਾ[੭]।
ਫਿਰ ਸੁਣ ਕਰਿ ਐਸੀ ਧਮਕ[੮] ਕੋ ਕਾਂਪੈ ਗਿਰਿ[੯] ਭਾਰਾ।
ਤਬ ਸਭ ਧਰਤੀ [੧੦]ਹਲਚਲ ਭਈ ਛਾਡੇ ਘਰ ਬਾਰਾ।
ਇਉਂ ਐਸੇ ਦੁੰਦ[੧੧] ਕਲੇਸ ਮੈ ਖਪਿਓ ਸੰਸਾਰਾ।
ਤਹਿ ਬਿਨੁ ਸਤਿਗੁਰ ਕੋ ਹੈ ਨਹੀ ਭੈ ਕਾਟਨਹਾਰਾ।
ਗਹਿ ਐਸੇ ਖੜਗ ਦਿਖਾਇਅਨ ਕੋ ਸਕੈ ਨਾ ਝੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥ ੧੫ ॥

---

੧ ਭਗਵਾਨ। ੨ ਭਾਰੀ ਪ੍ਰਤਾਪ। ੩ ਹੱਥ ਵਿਚ ਪਕੜ ਕੇ। ੪ ਸੂਰਮੇ। ੫ ਨੀਲੇ ਵਸਤਰ ਧਾਰ ਕੇ। ੬ ਨਾਸ਼। ੭ ਰਾਖ, ਸੁਆਹ। ੮ ਆਵਾਜ਼ ਨੂੰ। ੯ ਪਹਾੜ। ੧੦ ਡੋਲ ਗਈ। ੧੧ ਹਲਚਲ।

Digitized by Panjab Digital Library | www.panjabdigilib.org

[੧]ਗੁਰੁਬਰ ਅਕਾਲ ਕੇ ਹੁਕਮ ਸੋਂ ਉਪਜਿਓ ਬਿਗਿਆਨਾ[੨]।
ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ।
ਇਉਂ ਉਠੇ ਸਿੰਘ ਭਭਕਾਰਕੈ ਸਭ ਜਗ ਡਰਪਾਨਾ।
ਮੜੀ ਦੇਵਲ[੩] ਗੋਰ ਮਸੀਤ ਢਹਿ ਕੀਏ ਮੈਦਾਨਾ।
ਬੇਦ ਪੁਰਾਨ ਖਟ ਸਾਸਤ੍ਰ ਫੁਨ ਮਿਟੀ ਕੁਰਾਨਾ।
ਬਾਂਗ ਸਲਾਤ[੪] ਮਿਟਾਇ ਕਰਿ ਮਾਰੇ ਸੁਲਤਾਨਾ।
ਮੀਰ ਪੀਰ ਸਭ ਛਪਿ ਗਏ ਮਜ਼੍ਹਬੋ ਉਲਟਾਨਾ।
ਮਲਵਾਨੇ ਕਾਜ਼ੀ ਫਿਰਿ ਥਕੇ ਕੁਛ ਮਰਮ ਨ ਜਾਨਾ।
ਲਖ ਪੰਡਿਤ ਬ੍ਰਹਮਨ ਜੋਤਕੀ [੫]ਬਿਖਰਸ ਉਰਝਾਨਾ।
ਫ਼ੁਨ ਪਾਥਰ ਦੇਵਲ ਪੂਜਿਕੈ ਅਤਿਹੀ ਭਖਲਾਨਾ[੬]।
ਇਉਂ ਦੋਨੋ ਫਿਰਕੇ ਕਪਟ ਮੈ ਰਚ ਰਹੇ ਨਿਦਾਨਾ[੭]।
ਇਹ ਤੀਸਰ ਮਜ਼ਹਬ ਖਾਲਸਾ ਉਪਜਿਓ ਪਰਧਾਨਾ।
ਜਿਨਿ ਗੁਰ ਗੋਬਿੰਦ ਕੇ ਹੁਕਮ ਸੋਂ ਗਹਿ ਖੜਗ ਦਿਖਾਨਾ।
ਤਿਹ ਸਭ ਦੁਸਟਨ ਕਉ ਛੇਦਿਕੈ ਆਕਲ ਜਪਾਨਾ।
ਫਿਰ ਐਸਾ ਹੁਕਮ ਅਕਾਲ ਕਾ ਜਗ ਮੈ ਪ੍ਰਗਟਾਨਾ।
ਤਬ ਸੁੰਨਤ ਕੋਇ ਨ ਕਰਿ ਸਕੈ ਕਾਂਪਿਓ ਤੁਰਕਾਨਾ।
ਇਉਂ ਉਮੱਤ ਸਭ ਮੁਹੰਮਦੀ ਖਪਿ ਗਈ ਨਿਦਾਨਾ[੮]।
ਤਬ ਫਤੇ ਡੰਕ ਜਗ ਮੈ ਘੁਰੇ[੯] ਦੁਖ ਦੁੰਦ ਮਿਟਾਨਾ।
ਇਉਂ ਤੀਸਰ ਪੰਥ ਰਚਾਇਅਨ [੧੦]ਵਡ ਸੂਰ ਗਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥ ੧੬ ॥

ਜਗੇ ਸਿੰਘ ਬਲਵੰਤ ਬੀਰ ਸਭ ਦੁਸਟ ਖਪਾਏ।

---

੧ ਸ੍ਰੇਸ਼ਟ ਸਤਿਗੁਰੂ ਅਤੇ ਅਕਾਲ ਪੁਰਖ। ੨ ਆਤਮ ਗਿਆਨ। ੩ ਦੇਵ ਮੰਦਰ। ੪ ਦਰੂਦ ਆਦਿ ਸ਼ਰਈ ਕਰਮ। ੫ ਵਿਸ਼ਿਆਂ ਦੇ ਰਸਾਂ ਵਿਚ ਫਸ ਗਏ। ੬ ਖਪ ਗਏ। ੭ ਮੂਰਖ ਹੋ ਕੇ। ੮ ਅੰਤ ਨੂੰ। ੯ ਵਜੇ। ੧੦ ਬਹੁਤ ਤਕੜਾ ਸੂਰਮਾ।

Digitized by Panjab Digital Library | www.panjabdigilib.org

ਦੀਨ ਮੁਹੰਮਦ ਉਠ ਗਇਓ ਹਿੰਦਕ[1] ਠਹਿਰਾਏ।
ਤਹਿ ਕਲਮਾ ਕੋਇ ਨ ਪੜ੍ਹਿ ਸਕੈ ਨਹੀਂ ਜ਼ਿਕਰੁ ਅਲਾਏ।
ਨਿਵਾਜ਼ ਦਰੂਦ ਨ ਫਾਤਿਹਾ ਨਹ ਲੰਡ ਕਟਾਏ।
ਜਹ ਰਾਹ ਸ਼ਰੀਅਤ ਮੇਟ ਕਰਿ ਮੁਸਲਮ ਭਰਮਾਏ।
ਗੁਰੁ ਫ਼ਤੇ ਬੁਲਾਈ ਸਭਨ ਕਉ ਸਚ ਖੇਲ ਰਚਾਏ।
ਨਿਜ ਦੋਹੀ ਫਿਰੀ ਗੋਬਿੰਦ ਕੀ ਅਕਾਲ ਜਪਾਏ।
ਸਭ ਜਗ ਤਿਨਹੂੰ ਘੇਰ ਕਰਿ ਤੁਰਕਾ ਚੁਣਿ ਖਾਏ[2]।
ਫਿਰ ਸੁਖ ਉਪਜਾਏ ਜਗਤ ਮੈ ਸਭ ਦੁਖ ਬਿਸਰਾਏ।
ਨਿਜ ਦੋਹੀ ਫਿਰੀ ਗੋਬਿੰਦ ਕੀ ਅਕਾਲ ਜਪਾਏ।
ਤਿਹ ਨਿਰਭਉ ਰਾਜ ਕਮਾਇਅਨੁ ਸਚ ਅਦਲ ਚਲਾਏ।
ਇਉਂ ਕਲਿਜੁਗ ਮੈ ਅਵਤਾਰ ਧਾਰਿ ਸਤਿਜੁਗ ਵਰਤਾਏ।
ਸਭ ਤੁਰਕ ਮਲੇਛ ਖਪਾਇ ਕਰਿ ਸਚ ਬਣਤ ਬਨਾਏ।
ਤਬ ਸਕਲ ਜਗਤ ਕਉ ਸੁਖ ਦੀਓ ਦੁਖ ਮਾਰਿ ਹਟਾਏ।
ਇਉਂ ਹੁਕਮ ਭਇਓ ਕਰਤਾਰ ਕਾ ਸਭ ਦੁੰਦ ਮਿਟਾਏ।
ਤਬ ਸਹਜੇ ਧਰਮ ਪ੍ਰਗਾਸਿਆ ਹਰਿ ਹਰਿ ਜਸ ਗਾਏ।
ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥ ੧੭ ॥
ਨਿਜ ਫ਼ਤੇ ਬੁਲਾਈ ਸਤਿਗੁਰੂ ਕੀਨੋ ਉਜੀਆਰਾ।
ਝੂਠ ਕਪਟ ਸਭ ਛੈ[3] ਭਇਓ ਸਚ ਸਚ ਵਰਤਾਰਾ।
ਫਿਰ ਜੱਗ ਹੋਮ ਠਹਿਰਾਇਕੈ ਨਿਜ ਧਰਮ ਸਵਾਰਾ।
ਤੁਰਕ ਦੁੰਦ ਸਭ ਉਠ ਗਇਓ ਰਚਿਓ ਜੈਕਾਰਾ।
ਜਹ ਉਪਜੇ ਸਿੰਘ ਮਹਾਂਬਲੀ ਖਾਲਸ ਨਿਰਧਾਰਾ।

---

੧ ਹਿੰਦੂ ਧਰਮ ਵਾਲੇ। ੨ ਨਾਸ਼ ਕੀਤੇ। ੩ ਨਾਸ਼ ਹੋ ਗਿਆ।

Digitized by Panjab Digital Library | www.panjabdigilib.org

ਸਭ ਜਗ ਤਿਨਹੂੰ ਬਸ ਕੀਓ ਜਪ ਅਲਖ ਅਪਾਰਾ।
ਗੁਰ ਧਰਮ ਸਿਮਰ ਜਗ ਚਮਕਿਓ ਮਿਟਿਓ ਅੰਧਿਆਰਾ।
ਤਬ ਕੁਸਲ ਖੇਮ ਆਨੰਦ ਸਿਉਂ ਬਸਿਓ ਸੰਸਾਰਾ।
ਹਰਿ ਵਾਹਿਗੁਰੂ ਮੰਤਰ ਅਗੰਮ ਜਗ ਤਾਰਨਹਾਰਾ।
ਜੋ ਸਿਮਰਹਿ ਨਰ ਪ੍ਰੇਮ ਸੋਂ ਪਹੁੰਚੈ ਦਰਬਾਰਾ।
ਸਭ ਪਕੜੋ ਚਰਨ ਗੋਬਿੰਦ ਕੋ ਛਾਡੋ ਜੰਜਾਰਾ।
ਨਾਤਰੁ ਦਰਗਹ ਕੁਟੀਅਨ ਮਨਮੁਖਿ ਕੂੜਿਆਰਾ।
ਤਹ ਛੁਟੈ ਸੋਈ ਜੁ ਹਰਿ ਭਜੈ ਸਭ ਤਜੈ ਬਿਕਾਰਾ।
ਇਸ ਮਨ ਚੰਚਲ ਕਉ ਘੇਰ ਕਰਿ ਸਿਮਰੈ ਕਰਤਾਰਾ।
ਤਬ ਪਹੁਚੈ ਹਰਿ ਹੁਕਮ ਸਿਉਂ ਨਿਜ ਦਸਵੇਂ ਦੁਆਰਾ।
[1]ਫਿਰ ਇਉਂ ਸਹਿਜੇ ਭੇਟੈ ਗਗਨ ਮੈ ਆਤਮ ਨਿਰਧਾਰਾ।
ਤਬ ਵੈ ਨਿਰਖੈਗੇ[2] ਸੁਰਗ ਮਨ ਆਨੰਦ ਸੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥੧੯॥

ਵਹਿ ਉਪਜਿਓ ਚੇਲਾ ਮਰਦ ਕਾ ਮਰਦਾਨ ਸਦਾਏ।
ਜਿਨਿ ਸਭ ਪ੍ਰਿਥਵੀ ਕਉ ਜੀਤ ਕਰਿ ਨੀਸਾਨ ਝੁਲਾਏ।
ਤਬ ਸਿੰਘਨ ਕਉ ਬਖਸ ਕਰਿ ਬਹੁ ਸੁਖ ਦਿਖਲਾਏ।
ਫਿਰ ਸਭ ਪ੍ਰਿਥਵੀ ਕੇ ਊਪਰੇ ਹਾਕਮ ਠਹਿਰਾਏ।
ਤਿਨਹੂੰ ਜਗਤ ਸੰਭਾਲ ਕਰਿ ਆਨੰਦ ਰਚਾਏ।
ਤਹ ਸਿਮਰਿ ਸਿਮਰਿ ਅਕਾਲ ਕਉ ਹਰਿ ਹਰਿ ਗੁਨ ਗਾਏ।
ਵਾਹ ਗੁਰੁ ਗੋਬਿੰਦ ਗ਼ਾਜ਼ੀ ਸਬਲ ਜਿਨਿ ਸਿੰਘ ਜਗਾਏ।
ਤਬ ਭਇਓ ਜਗਤ ਸਭ ਖਾਲਸਾ ਮਨਮੁਖ ਭਰਮਾਏ।
ਇਉਂ ਉਠ ਭਬਕੇ ਬਲਬੀਰ ਸਿੰਘ ਸਸਤਰ ਝਮਕਾਏ।

---

੧ ਸਹਿਜੇ ਹੀ ਇਸ ਪ੍ਰਕਾਰ (ਹਿਰਦੇ) ਆਕਾਸ਼ ਵਿਚ ਨਿਰਾਧਾਰ ਆਤਮਾਂ (ਵਾਹਿਗੁਰੂ) ਦਾ ਮਿਲਾਪ ਹੋ ਗਿਆ। ੨ ਵੇਖਣਗੇ।

Digitized by Panjab Digital Library | www.panjabdigilib.org

ਤਬ ਸਭ ਤੁਰਕਨ ਕੋ ਛੇਦ ਕਰਿ ਆਕਾਲ ਜਪਾਏ ।
ਸਭ ਛਤ੍ਰਪਤੀ ਚੁਨਿ ਚੁਨਿ ਹਤੇ ਕਹੂੰ ਟਿਕਨਿ ਨ ਪਾਏ ।
ਤਬ ਜਗ ਮੈਂ ਧਰਮ ਪਰਗਾਸਿਓ ਸਚੁ ਹੁਕਮ ਚਲਾਏ ।
[1]ਯਹ ਬਾਰਹ ਸਦੀ ਨਬੇੜ ਕਰਿ ਗੁਰ ਫ਼ਤੇ ਬੁਲਾਏ ।
ਤਬ ਸਭ ਦੁਸਟਾ ਸਹਿਜੇ ਖਪੇ ਛਲ ਕਪਟ ਉਡਾਏ ।
ਇਉਂ ਹਰਿ ਅਕਾਲ ਕੇ ਹੁਕਮ ਸੋਂ ਰਣ ਜੁਧ ਮਚਾਏ ।
ਤਬ ਕੂਦੇ ਸਿੰਘ ਭੁਜੰਗੀਏ [2]ਦਲ ਕਟਕ ਉਡਾਏ ।
ਇਉਂ ਫ਼ਤੇ ਭਈ ਜਗ ਜੀਤ ਕਰਿ ਸਚ ਤਖ਼ਤ ਰਚਾਏ ।
ਬਹੁ ਦੀਓ ਦਿਲਾਸਾ ਜਗਤ ਕੋ ਹਰਿ ਭਗਤਿ ਦਿੜਾਏ ।
ਤਬ ਸਭ ਪ੍ਰਿਥਵੀ ਸੁਖੀਆ ਭਈ ਦੁਖ ਦਰਦ ਗਵਾਏ ।
ਫਿਰ ਸੁਖ ਨਿਹਚਲ ਬਖਸਿਓ ਜਗਤ ਭੈ ਤ੍ਰਾਸ ਚੁਕਾਏ ।
ਗੁਰਦਾਸ ਖੜਾ ਦਰ ਪਕੜਿ ਕੈ ਇਉਂ ਉਚਰਿ ਸੁਣਾਏ ।
ਹੇ ਸਤਿਗੁਰ ਜੰਜਾਲ ਤੇ ਮੁਹਿ ਲੇਹੁ ਛਡਾਏ ।
ਜਬ ਹਉਂ ਦਾਸਨ ਕੋ ਦਾਸਰਾ ਗੁਰ ਟਹਿਲ ਕਮਾਏ ।
ਤਬ ਛੂਟੇ ਬੰਧਨ ਸਕਲ ਫੁਨ ਫਿਰਿ ਨ ਜਾਏ ।
ਹਰਿਦਾਸਾਂ ਚਿੰਦਿਆ ਸਦਾ ਸਦਾ ਗੁਰ ਸੰਗਤਿ ਮੇਲਾ ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥ ੧੯ ॥
ਸੰਤ ਭਗਤ ਗੁਰ ਸਿਖ ਹਹਿ ਜਗ ਤਾਰਨ ਆਏ ।
ਪਰਉਪਕਾਰੀ ਜਗਤ ਮੈ ਗੁਰੁ ਮੰਤ੍ਰ ਜਪਾਏ ।
ਜਪ ਤਪ ਸੰਜਮ ਸਾਧ ਕਰਿ ਗੁਰ ਭਗਤਿ ਕਮਾਏ ।
ਤਹਿ ਸੇਵਕ ਸੋ ਪਰਵਾਨ ਹੈ ਹਰਿ ਨਾਮ ਦ੍ਰਿੜਾਏ ।
ਕਾਮ ਕਰੋਧ ਫੁਨ ਲੋਭ ਮੋਹ ਅਹੰਕਾਰ ਚੁਕਾਏ ।
ਜੋਗ ਜੁਗਤਿ ਘਟਿ[3] ਸਾਧ ਕਰਿ ਪਉਣਾ[4] ਠਹਿਰਾਏ ।

---

੧ਬਾਰਾਂ ਸਦੀਆਂ ਤੋਂ ਜੰਮੀ ਹਕੂਮਤ ।੨ ਫੌਜਾਂ ਦੇ ਦਲ ।੩ ਹਿਰਦੇ ਵਿਚ । ੪ ਪਵਨ ਵਾਂਗ ਚੰਚਲ ਮਨ ।

Digitized by Panjab Digital Library | www.panjabdigilib.org

ਤਬ ਖਟ ਚਕਰਾ ਸਹਿਜੇ ਖਿੜੇ ਗਗਨਾ[1] ਘਰਿ ਛਾਏ।
ਨਿਜ ਸੁੰਨ ਸਮਾਧਿ ਲਗਾਇਕੈ ਆਨੰਦ ਲਿਵ ਲਾਏ।
ਤਬ ਦਰਗਹ ਮੁਖ ਉਜਲੇ ਪਤਿ ਸਿਉਂ ਘਰਿ ਜਾਏ।
ਕਲੀਕਾਲ ਮਰਦਾਨ ਮਰਦ ਨਾਨਕ ਗੁਨ ਗਾਏ।
ਯਹ ਵਾਰ ਭਗਉਤੀ ਜੋ ਪੜੈ ਅਮਰਾਪਦ ਪਾਏ।
ਤਹ ਦੂਖ ਸੰਤਾਪ ਨ ਕਛੁ ਲਗੈ ਆਨੰਦ ਵਰਤਾਏ।
ਫਿਰ ਜੋ ਚਿਤਵੈ ਸੋਈ ਲਹੈ ਘਟਿ ਅਲਖ ਲਖਾਏ।
ਤਬ ਨਿਸਦਿਨ ਇਹ ਵਾਕ ਕਉ ਮੁਖ ਪਾਠ ਸੁਨਾਏ।
ਸੋ ਲਹੈ ਪਦਾਰਥ ਮੁਕਤਿ ਪਦ ਚੜਿ ਗਗਨ ਸਮਾਏ।
ਤਬ ਕਛੂ ਨ ਪੂਛੇ ਜਮਧਰਮ ਸਭ ਪਾਪ ਮਿਟਾਏ।
ਤਬ ਲਗੈ ਨ ਉਸ ਜਮ ਡੰਡ ਦੁਖ ਨਹੀਂ ਹੋਇ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥ ੨੦ ॥
ਹਰਿ ਸਤਿਗੁਰ ਨਾਨਕ ਖੇਲ ਰਚਾਇਆ।
ਅੰਗਦ ਕਉ ਪ੍ਰਭ ਅਲਖ ਲਖਾਇਆ।
ਪ੍ਰਿਥਮ ਮਹਲ ਹਰ ਨਾਮੁ ਧਿਆਇਓ।
ਦੁਤੀਏ ਅੰਗਦ ਹਰਿ ਗੁਨ ਗਾਇਓ।
ਤੀਸਰ ਮਹਲ ਅਮਰ ਪਰਧਾਨਾ।
ਜਿਨ ਘਟ ਮਹਿ ਨਿਰਖੇ[2] ਹਰਿ ਭਗਵਾਨਾ।
ਜਲ ਭਰਿਓ ਸਤਿਗੁਰੁ ਕੇ ਦੁਆਰੇ।
ਤਬ ਇਹ ਪਾਇਓ ਮਹਲ[3] ਅਪਾਰੇ।
ਗੁਰੁ ਰਾਮਦਾਸ ਚਉਥੇ ਪਰਗਾਸਾ।
ਜਿਨਿ ਰਟੇ ਨਿਰੰਜਨ ਪ੍ਰਭੁ ਅਬਿਨਾਸਾ।
ਗੁਰੂ ਅਰਜਨ ਪੰਚਮ ਠਹਿਰਾਇਓ।

---

੧ ਅਕਾਸ਼। ੨ ਵੇਖਿਆ ੩ ਰੁਤਬਾ, ਦਰਜਾ।

ਜਿਨ ਸ਼ਬਦ ਸੁਧਾਰ ਗਰੰਥ ਬਣਾਇਓ।
ਗ੍ਰੰਥ ਬਣਾਇ ਉਚਾਰ ਸੁਨਾਇਆ।
ਤਬ ਸਰਬ ਜਗਤ ਮੈ ਪਾਠ ਰਚਾਇਆ।
ਕਰਿ ਪਾਠ ਗ੍ਰੰਥ ਜਗਤ ਸਭ ਤਰਿਓ।
ਜਿਹ [1]ਨਿਸ ਬਾਸੁਰ ਹਰਿ ਨਾਮ ਉਚਰਿਓ।
ਗੁਰ ਹਰਿ ਗੋਬਿੰਦ ਖਸਟਮ ਅਵਤਾਰੇ।
ਜਿਨਿ ਧਕੜ ਤੇਗ ਬਹੁ ਦੁਸਟ ਪਛਾਰੇ।
ਇਉ ਸਭ ਮੁਗਲਨ ਕਾ ਮਨ ਬਉਰਾਨਾ।
ਤਬ ਹਰਿ ਭਗਤਨ ਸੋ ਦੂੰਦ ਰਚਾਨਾ।
ਇਉਂ ਕਰਿ ਹੈ ਗੁਰਦਾਸ ਪੁਕਾਰਾ।
ਹੇ ਸਤਿਗੁਰੁ ਮੁਹਿ ਲੇਹੁ ਉਬਾਰਾ॥ ੨੧ ॥
ਸਪਤਮ ਮਹਿਲ ਅਗਮ ਹਰਿਰਾਇਆ।
ਜਿਨ ਸੁਨ ਧਿਆਨ ਕਰਿ ਜੋਗ ਕਮਾਇਆ।
ਚੜ੍ਹ ਗਗਨ ਗੁਫਾ ਮਹਿ ਰਹਿਓ ਸਮਾਈ।
ਜਹਿ ਬੈਠ ਅਡੋਲ ਸਮਾਧਿ ਲਗਾਈ।
ਸਭ ਕਲਾ ਖੈਂਚ ਕਰਿ ਗੁਪਤ ਰਹਾਯੰ।
ਤਹਿ ਅਪਨ ਰੂਪ ਕੋ ਨਹਿੰ ਦਿਖਲਾਯੰ।
ਇਉਂ ਇਸ ਪਰਕਾਰ ਗੁਬਾਰ ਮਚਾਇਓ।
ਤਹ ਦੇਵ ਅੰਸ ਕੋ ਬਹੁ ਚਮਕਾਇਓ।
ਹਰਿਕਿਸ਼ਨ ਭਯੋ ਅਸਟਮ ਬਲਬੀਰਾ।
ਜਿਨ ਪਹੁੰਚ ਦਹੇਲੀ[2] ਤਜਿਓ ਸਰੀਰਾ।
ਬਾਲ ਰੂਪ ਧਰਿਓ ਸਵਾਂਗ ਰਚਾਇ।
ਤਬ ਸਹਿਜੇ ਤਨ ਕੋ ਛੋਡਿ ਸਿਧਾਇ।

---

੧ ਰਾਤ ਦਿਨ। ੨ ਦਿੱਲੀ।

Digitized by Panjab Digital Library | www.panjabdigilib.org

ਇਉ ਮੁਗਲਨ ਸੀਸ ਪਰੀ ਬਹੁ ਛਾਰਾ।
[1]ਵੈ ਖੁਦ ਪਤਿ ਸੋ ਪਹੁੰਚੇ ਦਰਬਾਰਾ।
ਔਰੰਗੇ ਇਹ ਬਾਦ ਰਚਾਇਓ।
ਤਿਨ ਅਪਨਾ ਕੁਲ ਸਭ ਨਾਸ ਕਰਾਇਓ।
ਇਉਂ ਠਹਕਿ ਠਹਕਿ ਮੁਗਲਾ ਸਿਰ ਝਾਰੀ।
ਫੁਨ ਹੋਏ ਪਾਪੀ ਵਹੁ ਨਰਕ ਸਿਧਾਰੀ।
ਇਉਂ ਕਰਿ ਹੈ ਗੁਰਦਾਸ ਪੁਕਾਰਾ।
ਹੇ ਸਤਿਗੁਰ ਮੁਹਿ ਲੇਹੁ ਉਬਾਰਾ॥ ੨੨ ॥
ਗੁਰੂ ਨਾਨਕ ਸਭ ਕੇ ਸਿਰ ਤਾਜਾ।
ਜਿਸ ਕਉ ਸਿਵਰਿ ਸਰੇ ਸਭ ਕਾਜਾ।
ਗੁਰ ਤੇਗ ਬਹਾਦਰ ਸੁਆਂਗ ਰਚਾਇਯੰ।
ਜਿਹ ਅਪਨ ਸੀਸ ਦੇ ਜਗ ਠਹਰਾਯੰ।
ਇਸ ਬਿਧਿ ਮੁਗਲਨ ਕੋ ਭਰਮਾਇਓ।
ਤਬ ਸਤਿਗੁਰੁ ਅਪਨਾ ਬਲ ਨ ਜਨਾਇਓ।
ਪ੍ਰਭੁ ਹੁਕਮ ਬੁਝਿ ਪਹੁੰਚੇ ਦਰਬਾਰਾ।
ਤਬ ਸਤਿਗੁਰੁ ਕੀਨੀ ਮਿਹਰ ਅਪਾਰਾ।
ਇਹ ਮੁਗਲਨ ਕੋ ਦੋਖ ਲਗਾਨਾ।
ਹੋਇ ਖਰਾਬ ਖਪਿ ਗਏ ਨਿਦਾਨਾ।
ਇਉ ਨਉ ਮਹਿਲੋਂ ਕੀ ਜੁਗਤਿ ਸੁਨਾਈ।
ਜਿਹ ਕਰਿ ਸਿਮਰਨ ਹਰਿ ਭਗਤਿ ਰਚਾਈ।
ਹਰਿ ਭਗਤਿ ਰਚਾਇ ਮੁਗਲ ਪਰਹਾਰੇ।
ਤਬ ਸਭ ਜਗ ਮੈ ਪ੍ਰਗਟਿਓ ਜੈਕਾਰੇ।
ਇਉਂ ਕਰਿ ਹੈ ਗੁਰਦਾਸ ਪੁਕਾਰਾ।

੧ ਆਪ ਇੱਜ਼ਤ ਨਾਲ ਵਾਹਿਗੁਰੂ ਮਾਲਕ ਪਾਸ ਪਹੁੰਚੇ।

Digitized by Panjab Digital Library | www.panjabdigilib.org

ਹੇ ਸਤਿਗੁਰੁ ਮੁਹਿ ਲੇਹੁ ਉਬਾਰਾ ॥ ੨੩ ॥
ਓਹ ਗੁਰੁ ਗੋਬਿੰਦ ਸਿੰਘ ਦਸਵਾਂ ਅਵਤਾਰਾ।
ਜਿਨ ਖਾਲਸਾ ਪੰਥ ਅਚਿੰਤ ਸੁਧਾਰਾ।
ਤੁਰਕ ਦੁਸਟ ਸਭ ਮਾਰਿ ਬਿਦਾਰੇ।
ਸਭ ਪ੍ਰਥਵੀ ਕੀਨੀ ਗੁਲਜ਼ਾਰੇ।
ਯੌ ਪ੍ਰਗਟੇ ਸਿੰਘ ਮਹਾਂ ਬਲਬੀਰਾ।
ਤਿਨ ਆਗੇ ਕੋਈ ਧਰੇ ਨ ਧੀਰਾ।
ਫਤੇ ਭਈ ਦੁਖ ਦੁੰਦ ਮਿਟਾਏ।
ਤਹ ਹਰਿ ਅਕਾਲ ਕਾ ਜਾਪ ਜਪਾਏ।
ਪ੍ਰਿਥਮ ਮਹਲ ਸਿਮਰਿਓ ਕਰਤਾਰਾ।
ਤਬ ਸਭ ਧਰਤੀ ਕੋ ਲੀਓ ਉਬਾਰਾ।
ਹਰਿ ਭਗਤਿ ਦਿੜ੍ਹਾਇ ਨਰੂ ਸਭ ਤਾਰੇ।
ਜਬ ਆਗਿਆ ਕੀਨੀ ਅਲਖ ਅਪਾਰੇ।
ਇਉ ਸੰਤ ਭਗਤ ਕਾ ਮੇਲ ਮਿਲਾਯੰ।
ਜਹ ਨਿਸ ਬਾਸੁਰ ਹਰਿ ਕੇ ਗੁਨ ਗਾਯੰ।
ਯੌ ਕਰਿ ਹੈ ਗੁਰਦਾਸ ਪੁਕਾਰਾ।
ਹੇ ਸਤਿਗੁਰੁ ਮੁਹਿ ਲੇਹੁ ਉਬਾਰਾ ॥ ੨੪ ॥
ਤੂੰ ਹੈ ਅਲਖ ਅਪਾਰ ਨਿਰੰਜਨ ਦੇਵਾ।
ਜਿਹ ਬ੍ਰਹਮ ਬਿਸ਼ਨੁ ਸ਼ਿਵ ਲਖੈ ਨ ਭੇਵਾ੧।
ਤੁਮ ਨਾਥ ਨਿਰੰਜਨ ਗਹਰ ਗੰਭੀਰੇ।
ਤੁਮ ਚਰਨਨ ਸੋਂ ਬਾਂਧੇ ਧੀਰੇ।
ਅਬ ਗਹਿ ਪਕਰਿਓ ਤੁਮਰਾ ਦਰਬਾਰਾ।
ਜਿਉਂ ਜਾਨਹੁ ਤਿਉਂ ਲੇਹੁ ਉਬਾਰਾ।

---

੧ ਭੇਦ।

Digitized by Panjab Digital Library | www.panjabdigilib.org

ਹਮ ਕਾਮੀ ਕ੍ਰੋਧੀ ਅਤਿ ਕੂੜਿਆਰੇ।
ਤੁਮ ਹੀ ਠਾਕੁਰ ਬਖਸਨ ਹਾਰੇ।
ਨਹੀਂ ਤੁਮ ਬਿਣ ਕੋਈ ਹੋਰੁ ਹਮਾਰਾ।
ਜੋ ਕਰਿ ਹੈ ਹਮਰਾ ਨਿਸਤਾਰਾ।
ਤੁਮ ਅਗਮ ਅਡੋਲ ਅਤੋਲ ਮੁਰਾਰੇ।
ਸਭ ਜਗ ਕੀ ਕਰਿ ਹੋ ਪ੍ਰਤਿਪਾਰੇ।
ਜਲ ਥਲ ਮਹੀਅਲ ਹੁਕਮ ਤੁਮਾਰਾ।
ਤੁਮ ਕਉ ਸਿਮਰਿ ਤਰੇ ਸੰਸਾਰਾ।
ਇਉਂ ਕਰਿ ਹੈ ਗੁਰਦਾਸ ਪੁਕਾਰਾ।
ਹੇ ਸਤਿਗੁਰੁ ਮੁਹਿ ਲੇਹੁ ਉਬਾਰਾ ॥ ੨੫ ॥
ਤੁਮ ਅਛਲ ਅਛੇਦ ਅਭੇਦ ਕਹਾਯੰ।
ਜਿਹ ਬੈਠਿ ਤਖਤ ਪਰ ਹੁਕਮ ਚਲਾਯੰ।
ਤੁਝ ਬਿਨੁ ਦੂਸਰਿ ਅਵਰ ਨ ਕੋਈ।
ਤੁਮ ਏਕ ਹੀ ਏਕ ਨਿਰੰਜਨ ਸੋਈ।
ਓਅੰਕਾਰ ਧਰਿ ਖੇਲ ਰਚਾਯੰ।
ਤੁਮ ਆਪ ਅਗੋਚਰ ਗੁਪਤ ਰਹਾਯੰ।
ਪ੍ਰਭ ਤੁਮਰਾ ਖੇਲ ਅਗਮ ਨਿਰਧਾਰੇ।
ਤੁਮ ਸਭ ਘਟ ਭੀਤਰ ਸਭ ਤੇ ਨਯਾਰੇ।
ਤੁਮ ਐਸੋ ਅਚਰਜ ਖੇਲ ਬਨਾਇਓ।
ਇਹ ਸਭ ਜਗ ਝੂਠੇ ਧੰਧੇ ਖਪਾਇਓ।
ਬਿਨੁ ਸਿਮਰਨ ਤੇ ਛੁਟੈ ਨ ਕੋਈ।
ਤੁਮ ਕੋ ਭਜੈ ਸੁ ਮੁਕਤਾ ਹੋਈ।
ਗੁਰਦਾਸ ਗਰੀਬ ਤੁਮਨ ਕਾ ਚੇਲਾ।
ਜਪਿ ਜਪਿ ਤੁਮ ਕਉ ਭਇਓ ਸੁਹੇਲਾ।

Digitized by Panjab Digital Library | www.panjabdigilib.org

ਇਹ ਭੂਲ ਚੂਕ ਸਭ ਬਖਸ਼ ਕਰੀਜੈ।
ਗੁਰਦਾਸ ਗੁਲਾਮ ਅਪਨਾ ਕਰਿ ਲੀਜੈ।
ਇਉਂ ਕਰਿ ਹੈ ਗੁਰਦਾਸ ਪੁਕਾਰਾ।
ਹੇ ਸਤਿਗੁਰੁ ਮੁਹਿ ਲੇਹੁ ਉਬਾਰਾ॥ ੨੬ ॥
ਇਹ ਕਵਨ ਕੀਟ ਗੁਰਦਾਸ ਬਿਚਾਰਾ।
ਜੋ ਅਗਮ ਨਿਗਮ ਕੀ ਲਖੈ ਸੁਮਾਰਾ।
ਜਬ ਕਰਿ ਕਿਰਪਾ ਗੁਰ ਬੂਝ ਬੁਝਾਈ।
ਤਬ ਇਹ ਕਥਾ ਉਚਾਰਿ ਸੁਨਾਈ।
ਬਿਨਾ ਹੁਕਮ ਇਕ ਝੁਲੈ ਨ ਪਾਤਾ।
ਫੁਨ ਹੋਹੈ ਸੋਇ ਜੇ ਕਰੈ ਬਿਧਾਤਾ।
ਹੁਕਮੈ ਅੰਦਰਿ ਸਗਲ ਅਕਾਰੇ।
ਬੂਝੈ ਹੁਕਮ ਸੁ ਉਤਰੈ ਪਾਰੇ।
ਹੁਕਮੈ ਅੰਦਰਿ ਬ੍ਰਹਮ ਮਹੇਸਾ।
ਹੁਕਮ ਅੰਦਰਿ ਸੁਰ ਨਰ ਸੇਸਾ।
ਹੁਕਮੈ ਅੰਦਰਿ ਬਿਸਨੁ ਬਨਾਏ।
ਜਿਨ ਹੁਕਮ ਬੁਝਿ ਦੀਵਾਨ ਲਗਾਏ।
ਹੁਕਮੈ ਅੰਦਰਿ ਧਰਮ ਰਚਾਇਐ।
ਹੁਕਮੈ ਅੰਦਰਿ ਇੰਦਰ ਉਪਾਯੈ।
ਹੁਕਮੈ ਅੰਦਰਿ ਸਸਿ ਅਰੁ ਸੂਰੇ।
ਸਭ ਹਰਿ ਚਰਣ ਕੀ ਬਾਂਛਹਿ ਧੂਰੇ।
ਹੁਕਮੈ ਅੰਦਰਿ ਧਰਨਿ ਅਕਾਸਾ।
ਹੁਕਮੈ ਅੰਦਰਿ ਸਾਸਿ ਗਿਰਾਸਾ।
ਜਿਹ ਬਿਨਾ ਹੁਕਮ ਕੋਈ ਮਰੈ ਨ ਜੀਵੈ।
ਬੂਝੇ ਹੁਕਮ ਸੋ ਨਿਹਚਲ ਥੀਵੈ।

Digitized by Panjab Digital Library | www.panjabdigilib.org

ਇਉਂ ਕਰਿ ਹੈ ਗੁਰਦਾਸ ਪੁਕਾਰਾ।
ਹੇ ਸਤਿਗੁਰੁ ਮੁਹਿ ਲੇਹੁ ਉਬਾਰਾ॥ ੨੭ ॥
ਇਹ ਵਾਰ ਭਗਉਤੀ ਮਹਾਂ ਪੁਨੀਤੇ।
ਜਿਸ ਉਚਰਤਿ ਉਪਜਤਿ ਪਰਤੀਤੇ।
ਜੋ ਇਸ ਵਾਰ ਸੋਂ ਪ੍ਰੇਮ ਲਗਾਵੈ।
ਸੋਈ ਮਨ ਬਾਂਛਤ ਫਲ ਪਾਵੈ।
ਮਿਟਹਿੰ ਸਗਲ ਦੁਖ ਦਰਦ ਕਲੇਸਾ।
ਫੁਨ ਪ੍ਰਗਟੈ ਬਹੁ ਸੁਖ ਪਰਵੇਸਾ।
ਜੋ ਨਿਸ ਬਾਸੁਰ ਰਟਹਿ ਇਹ ਵਾਰੇ।
ਸੋ ਪਹੁੰਚੈ ਧੁਰ ਹਰਿ ਦਰਬਾਰੇ।
ਇਹ ਵਾਰ ਭਗਉਤੀ ਸਮਾਪਤਿ ਕੀਨੀ।
ਤਬ ਘਟ ਬਿਦਿਆ ਕੀ ਸਭ ਬਿਧਿ ਚੀਨੀ।
ਇਉ ਸਤਿਗੁਰੁ ਸਾਹਿਬ ਭਏ ਦੈਆਲਾ।
ਤਬ ਛੂਟ ਗਏ ਸਭ ਹੀ ਜੰਜਾਲਾ।
ਕਰਿ ਕਿਰਪਾ ਪ੍ਰਭ ਹਰਿ ਗਿਰਧਾਰੇ।
ਤਹ ਪਕੜੀ ਬਾਂਹ ਭਉਜਲ ਤੇ ਤਾਰੇ।
ਇਉਂ ਕਰਿ ਹੈ ਗੁਰਦਾਸ ਪੁਕਾਰਾ।
ਹੇ ਸਤਿਗੁਰੁ ਮੁਹਿ ਲੇਹੁ ਉਬਾਰਾ॥ ੨੮ ॥

ਇਤੀ

Digitized by Panjab Digital Library | www.panjabdigilib.org

# ਸ਼ਬਦਾਰਥ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

(ਅਰਥਾਂ ਸਹਿਤ ੪ ਸੈਂਚੀਆਂ ਵਿਚ)

ਸਮੂਹ ਸੰਗਤਾਂ ਇਹ ਜਾਣ ਕੇ ਪ੍ਰਸੰਨ ਹੋਣਗੀਆਂ ਕਿ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚੌਥੀ ਐਡੀਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਪ੍ਰੈਸ ਵਿਚ ਛਪਵਾ ਕੇ ਮੁਕੰਮਲ ਕਰ ਲਈ ਹੈ।

ਭੇਟਾ ਚਾਰੇ ਸੈਂਚੀਆਂ ੩੦) ਅਰਥਾਤ ੭॥) ਫ਼ੀ ਸੈਂਚੀ ਹੈ।

# ਗੁਰਮਤ ਮਾਰਤੰਡ

ਇਹ ਮਹਾਨ ਗ੍ਰੰਥ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ਦਾ ਲਿਖਿਆ ਹੋਇਆ ਹੈ। ਇਸ ਵਿਚ ਗੁਰਮਤਿ ਸਿੱਧਾਂਤ ਨੂੰ ਯਥਾਰਥ ਰੂਪ ਵਿਚ ਉਘਾੜਿਆ ਗਿਆ ਹੈ। ਇਹ ਅਮੋਲਕ ਸੁਗਾਤ ਹਰ ਗੁਰਮਤਿ ਖੋਜੀ, ਪ੍ਰਚਾਰਕ, ਰਾਗੀ, ਢਾਢੀ ਗੁਰ ਸਿੱਖ ਪਾਸ ਅਤੇ ਹਰੇਕ ਗੁਰਦੁਆਰੇ ਵਿਚ ਹੋਣੀ ਜ਼ਰੂਰੀ ਹੈ।

ਇਹ ਗ੍ਰੰਥ ਦੋ ਭਾਗਾਂ ਵਿਚ ੯੦੦ (ਨੌਂ ਸੌ) ਤੋਂ ਉਪਰ ਪੰਨੇ ਦਾ ਹੈ।

ਭੇਟਾ ਫ਼ੀ ਭਾਗ ੫) ਹੈ।

ਜ਼ਰੂਰ ਮੰਗਵਾ ਕੇ ਪੜ੍ਹੋ ਤੇ ਆਪਣੇ ਪਰਵਾਰ ਨੂੰ ਗੁਰਮਤਿ ਸਿਧਾਂਤ ਤੋਂ ਜਾਣੂ ਕਰਾਓ।

ਮਿਲਣ ਦਾ ਪਤਾ—

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1427

Digitized by Panjab Digital Library | www.panjabdigilib.org

# ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਛਪਿਆ
# ਗੁਰਮਤਿ ਲਿਟ੍ਰੇਚਰ ਤੇ ਗੁਰਬਾਣੀ ਦੇ ਗੁਟਕੇ

| | |
|---|---|
| ੧. ਸੰਥਾ ਸੈਂਚੀਆਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਦੋ ਜਿਲਦਾਂ ਵਿਚ) | ੧੩–੦੦ |
| ੨. ਜਪੁਜੀ ਸਾਹਿਬ | ੦–੧੦ |
| ੩. ਜਪੁਜੀ ਸਾਹਿਬ ਤੇ ਸ਼ਬਦ ਹਜ਼ਾਰੇ | ੦–੧੨ |
| ੪. ਰਹਰਾਸਿ ਸਾਹਿਬ | ੦–੧੦ |
| ੫. ਜਾਪੁ ਸਾਹਿਬ | ੦–੧੨ |
| ੬. ਸਿੱਖ ਰਹਿਤ ਮਰਯਾਦਾ | ੦–੧੫ |
| ੭. ਬਾਣੀ ਸ੍ਰੀ ਗੁਰੂ ਤੇਗ ਬਹਾਦਰ ਜੀ | ੦–੧੯ |
| ੮. ਆਸਾ ਦੀ ਵਾਰ ਕੀਰਤਨੀ ਜਿਲਦ ਗੱਤਾ | ੦–੩੧ |
| ੯. ਆਸਾ ਦੀ ਵਾਰ ਕੀਰਤਨੀ ਜਿਲਦ ਕਪੜਾ | ੦–੪੪ |
| ੧੦. ਨਿਤਨੇਮ (ਜਿਲਦ ਗਤਾ) | ੦–੩੭ |
| ੧੧. ਨਿਤਨੇਮ (ਜਿਲਦ ਕਪੜਾ) | ੦–੬੨ |
| ੧੨. ਸੁਖਮਨੀ ਸਾਹਿਬ (ਜਿਲਦ ਗੱਤਾ) | ੦–੩੧ |
| ੧੩. ਸੁਖਨੀ ਸਾਹਿਬ (ਜਿਲਦ ਕਪੜਾ) | ੦–੬੦ |
| ੧੪. ਸੁਖਮਨੀ ਸਾਹਿਬ (ਲਾਈਨਵਾਰ) ਜਿ: ਕ: | ੦–੬੨ |
| ੧੫. ਸੁੰਦਰ ਗੁਟਕਾ (ਕਾਲੀ ਵੇਲ) ਜਿ: ਕ: | ੧–੦੦ |
| ੧੬. ਸੁੰਦਰ ਗੁਟਕਾ (ਲਾਲ ਵੇਲ) ਜਿ: ਕ: | ੧–੪੪ |
| ੧੭. ਸੁੰਦਰ ਗੁਟਕਾ (ਜਿਲਦ ਸ਼ਨੀਲ) | ੨–੦੦ |
| ੧੮. ਪੰਜ ਗ੍ਰੰਥੀ ਮੋਟਾ ਟਾਈਪ (ਜਿਲਦ ਗਤਾ) | ੧–੩੧ |
| ੧੯. ਪੰਜ ਗ੍ਰੰਥੀ ਮੋਟਾ ਟਾਈਪ (ਜਿਲਦ ਕਪੜਾ) | ੧–੬੨ |
| ੨੦. ਦਸ ਗ੍ਰੰਥੀ (ਜਿਲਦ ਗਤਾ) | ੧–੧੨ |
| ੨੧. ਦਸ ਗ੍ਰੰਥੀ (ਜਿਲਦ ਕਪੜਾ) | ੧–੫੦ |
| ੨੨. ਸ਼ਬਦਾਰਥ (ਚਾਰੇ ਸੈਂਚੀਆਂ) ੭੫੦ ਫੀ ਸੈਂਚੀ ਜਿਲਦ ਕਪੜਾ ਅਤੇ ਪੂਰਾ ਸੈੱਟ | ੩੦–੦੦ |
| ੨੩. ਭਗਤ ਬਾਣੀ (ਜਿ: ਗਤਾ) ਮੋਟਾ ਟਾਈਪ | ੨–੫੦ |
| ੨੪. ਭਗਤ ਬਾਣੀ (ਜਿਲਦ ਕਪੜਾ) ,, | ੨–੭੫ |
| ੨੫. ਬਾਈ ਵਾਰਾਂ (ਜਿਲਦ ਗਤਾ). | ੧–੩੭ |
| ੨੬. ਬਾਈ ਵਾਰਾਂ (ਜਿਲਦ ਕਪੜਾ) | ੧–੬੨ |
| ੨੭. ਸਿੱਖ ਵਿਚਾਰ ਧਾਰਾ (ਜਿਲਦ ਕਪੜਾ) | ੩–੦੦ |
| ੨੮. ਗੁਰਬਾਣੀ ਸੰਗੀਤ | ੫–੦੦ |
| ੨੯. ਗੁਰਮਤ ਮਾਰਤੰਡ ਦੋ ਭਾਗ | ਫੀ ਭਾਗ ੫–੦੦ |

Digitized by Panjab Digital Library | www.panjabdigilib.org